੧ਓ

ਸਤਿਜੁਗ ਦਾ

ਕਤ੍ਰੂ ਅੰਕ ੩

ਸਤਿਜੁਗ ਦਾ

ਸੰਕਾਰ ਸੂਚੈਣੀ

੨੦੨੫ 1968

Love all the human beings. (God)

Dont hert any body—

ਦੁਖ ਨ ਦੇਈ ਕਿਸੇ ਜੀ ਪਤ ਸੇਤੀ ਘਰ ਜਾਵੇਂ" .

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal.singh.chana

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸਤਿਜੁਗ

ਦਾ

ਸ਼ਾ
ਕਾ
ਹਾ
ਰੀ
ਅੰਕ

ਕਬੀਰ ਜੋਰੀ ਕੀਏ ਜੁਲਮੁ ਹੈ
ਕਹਤਾ ਨਾਉ ਹਲਾਲੁ ॥
ਦਫਤਰ ਲੇਖਾ ਮਾਂਗੀਐ
ਤਬ ਹੋਇਗੋ ਕਉਨੁ ਹਵਾਲੁ ॥ ੧੮੭

ਕਬੀਰ ਖੂਬੁ ਖਾਨਾ ਖੀਚਰੀ
ਜਾਮਹਿ ਅੰਮ੍ਰਿਤ ਲੋਨੁ ॥
ਹੇਰਾ ਰੋਟੀ ਕਾਰਨੇ
ਗਲਾ ਕਟਾਵੈ ਕਉਨੁ ॥ ੧੮੮

—ਸ੍ਰੀ ਕਬੀਰ ਜੀ

Sri Satguru Jagjit Singh Ji Elibrary NamdhariElibrary@gmail.com

ਭੁਲ ਦੀ ਸੋਧ

ਪਾਠਕਾਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਇਸ ਅੰਕ ਵਿਚ ਜਿਨਾਂ ਜਿਨਾਂ ਵਿਦਵਾਨਾਂ ਦੇ ਭਾਸ਼ਨ ਛਪੇ ਹਨ ਉਹਨਾਂ ਵਿਚੋਂ ਇਕ ਸਜਨ ਦਾ ਨਾਮ ਵੀ. ਪੀ. ਗਿਰੀ ਛਪ ਗਿਆ ਹੈ, ਜਦ ਕਿ ਸਹੀ ਨਾਮ ਵੀ. ਵੀ. ਗਿਰ ਹੈ। ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦਾ ਨਾਮ ਅਤੇ ਵੰਬਈ ਤੇ ਮਦਰਾਸ ਦੇ ਸਮਾਗਮ ਦਾ ਨਾਮ ਸੂਚੀ ਵਿਚ ਨਹੀਂ ਆ ਸਕਿਆ ਸੋ ਪਾਠਕ ਜਨ ਗਲਤੀ ਸੋਧ ਕੇ ਪੜ ਲੈਣ ॥

Sri Satguru Jagjit Singh Ji eLibrary NamdhariElibrary@gmail.com

ਸ਼ਾਕਾਹਾਰ ਸਬੰਧੀ

ਇਹਨਾਂ ਵਿਦਵਾਨਾਂ ਦੇ

ਭਾਸ਼ਣ ਪੜ੍ਹੋ

ਸੰਤ ਸਵਰਨ ਸਿੰਘ ਜੀ ਸਨੇਹੀ 1
ਸ੍ਰੀ ਮਤੀ ਰੁਕਮਣੀ ਦੇਵੀ ਅਰਣ ਡੇਲ 2
ਇਕ ਬ੍ਰਤਾਨਵੀ ਤੀਵੀਂ 3
ਸ੍ਰੀ ਜੈਯੰਤੀ ਲਾਲ ਮਾਨਕਰ ਜੀ 4
ਮੇਅਰ ਸਾਹਿਬ ਦਿਲੀ ਕਾਰਪੋਰੇਸ਼ਨ 5
ਸ੍ਰੀ ਦਲਾਈ ਲਾਮਾ (ਬੋਧੀਆਚਾਰਯ) 6
ਸ੍ਰੀ ਮੁਰਾਰ ਜੀ ਡਿਸਾਈ (ਉਪ ਪ੍ਰਧਾਨ ਮੰਤ੍ਰੀ 7
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 8
ਸ੍ਰੀ ਡਾਕਟਰ ਸਕਾਟ (ਅਮਰੀਕਾ) 9
ਸ੍ਰੀ ਮੁਨੀ ਸੁਸ਼ੀਲ ਕੁਮਾਰ ਜੀ (ਜੈਨ ਮਹਾਤਮਾਂ) 10
ਸ੍ਰੀ ਸੁਆਮੀ ਸ਼ੰਕਰਾਚਾਰਯ ਜੀ 11
ਸ੍ਰੀ ਗੁਰਚਰਨ ਦਾਸ ਜੀ 12
ਸ੍ਰੀ ਕ੍ਰਿਸ਼ਨਾ ਮੈਨਨ ਜੀ 13
ਡਾ: ਬਰਨਟ (ਅਸਟ੍ਰੇਲੀਆ) 14
ਡਾ: ਜੇ. ਐਮ. (ਅਮਰੀਕਾ) 15
ਸ੍ਰੀ ਰੌਬਿਨਸਨ (ਇਸਰਾਈਲ)
ਸ੍ਰੀ ਵੀ. ਪੀ. ਗਿਰੀ (ਉਪ ਰਾਸ਼ਟਰ ਪਤੀ) 16
ਸ੍ਰੀ ਆਲੈਕਸ ਹੇਰੀ (ਇਸਰਾਈਲ) 17
ਸ੍ਰੀ ਡਾ: ਰਾਧਾ ਕਾਰਨਾਦ (ਡਾਇਰੈਕਟ੍ਰ ਸਿਹਤ ਵਿਭਾਗ) 18
19

Sri Satguru Jagjit Singh Ji Elibrary NamdhariElibrary@gmail.com

ਕਿਵੇਂ-ਤੇ ਕੀ !

ਵਰਤਮਾਨ ਵਿਗਆਨਕ ਕਾਲ ਵਿਚ ਜਦ ਕਿ ਪਾਪ ਪੁੰਨ ਸੁਵਰਗ-ਨਰਕ ਤੇ ਧਰਮ-ਅਧਰਮ ਵਾਲੀਆਂ ਸਾਰੀਆਂ ਥਿਊਰੀਆਂ ਨੂੰ ਵਾਧੂ ਸਮਝਿਆ ਜਾ ਰਿਹਾ ਹੈ।

ਅਜ ਇਹ ਗਲ ਵੀ ਬੜੀ ਗੌਰਵਤਾ ਨਾਲ ਆਖੀ ਜਾ ਸਕਦੀ ਹੈ, ਕਿ ਭਾਰਤ ਵਰਸ਼ ਦੀ ਪਰੰਪਰਾ ਤੋਂ ਚਲੀ ਆ ਰਹੀ ਅਹਿੰਸਕ ਥਿਊਰੀ ਨੂੰ (ਜਿਸਦਾ ਮਨੁਖ ਦੀ ਖੁਰਾਕ ਤੇ ਵਿਸ਼ਵ ਅਮਨ ਨਾਲ ਗੂੜ੍ਹਾ ਸਬੰਧ ਹੈ) ਤੀਹਾਂ ਤੇ ਵਧ ਗੈਰ ਭਾਰਤੀ, ਦੇਸ਼ਾਂ ਦੇ ਅਨੇਕਾ ਵਿਗਆਨੀ ਮਾਹਿਰਾਂ, ਡਾਕਟਰਾਂ, ਫਿਲ-ਸਫਰਾਂ, ਇਸ ਲੋੜੀਂਦੀ (ਸ਼ਾਕਾ ਹਾਰੀ) ਥੀਊਰੀ ਨੂੰ ਕੇਵਲ ਅਪਨਾਇਆ ਹੀ ਨਹੀਂ ਸਗੋਂ ਸਾਰੇ ਵਿਸ਼ਵ ਵਿਚ ਇਹ ਭਾਵਨਾ ਪ੍ਰਚਾਰਨ ਵਾਸਤੇ ਖਾਸ ਪ੍ਰੋਗਰਾਮ ਬਣਾ ਰਖਿਆ ਹੈ।

ਇਹ ਲੋਕ ਅੰਤਰ ਰਾਸ਼ਟ੍ਰੀਏ ਸ਼ਾਕਾ ਹਾਰੀ ਦੀ ਸੁਸਾਇਟੀ ਦੇ ਨਾਮ ਹੇਠਾਂ ਬੜੇ ਉਤਸ਼ਾਹ ਨਾਲ ਇਸ ਸ਼ੁਭ ਕੰਮ ਨੂੰ ਪ੍ਰਸਾਰਤ ਕਰ ਰਹੇ ਹਨ। ਤੇ ਹਰ ਸਾਲ ਵਖ ਵਖ ਦੇਸ਼ਾਂ ਵਿਚ ਸਥਾਨਕ ਲੋਕਾਂ ਨੂੰ ਪ੍ਰਭਾਵਤ ਕਰਨ ਵਾਸਤੇ ਸ਼ਾਕਾਹਾਰੀ ਸੰਮੇਲਨ ਕਰਦੇ ਹਨ।

ਸੰਨ ੧੯੫੭ ਵਿਚ ਇਨਾਂ ਨੇ ਦਿਲੀ (ਭਾਰਤ) ਵਿਚ ਅਪਣਾ ਇਹ ਸਮਾਗਮ ਕੀਤਾ ਸੀ। ਉਸ ਵਕਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਇਹਨਾਂ ਲੋਕਾਂ ਦੇ ਇਸ ਕਾਰਯ-ਕਰਮ ਉਤੇ ਪ੍ਰਸੰਨ ਹੋਕੇ ਬੜੇ ਪਿਆਰ ਤੇ ਪ੍ਰੇਮ ਸਾਹਿਤ ਇਹਨਾਂ ਪ੍ਰਦੇਸ਼ੀ ਸ਼ਾਕਾਹਾਰੀਆਂ ਨੂੰ ਅਪਨੇ ਪਵਿਤਰ ਹਥਾਂ ਨਾਲ ਲੰਗਰ ਛਕਾਇਆ ਤੇ ਹੋਰ ਲੋੜੀਂਦਾ ਸਹਿਯੋਗ ਦਿਤਾ ਸੀ। ਜਿਸ ਤੋਂ ਉਹ ਗੈਰ ਭਾਰਤੀ ਲੋਕ ਸਤਿਗੁਰੂ ਜੀ ਦੀ ਪ੍ਰਸੰਨਤਾ ਤੋਂ ਬੜਾ ਚੰਗਾ ਪ੍ਰਭਾਵ ਲੈ ਕੇ ਗਏ ਸਨ।

ਏਸੇ ਤਰਾਂ ੧੯ ਨਵੰਬਰ ੧੯੬੭ ਵਿਚ ਇਸ ਅੰਤਰ ਰਾਸ਼ਟਰੀਯ ਸੰਗਠਨ ਦਾ ਸਮਾਗਮ ਮੁੜ ਦਿਲੀ ਵਿਚ ਹੋਇਆ। ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਪੂਜਯ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਦਿਲੀ ਨਿਵਾਸੀ ਨਾਮਧਾਰੀ ਸਾਧ ਸੰਗਤ ਸਮੇਤ ਤਕਰੀਬਨ ਸਾਰੀਆਂ ਬੈਠਕਾਂ ਵਿਚ ਦਰਸ਼ਨ ਦਿਤੇ ਅਤੇ ਇਕ ਦਿਨ ਉਹਨਾਂ ਦਾ ਪ੍ਰੀਤੀ ਭੋਜਨ ਵੀ ਕੀਤਾ ਤੇ ਹਰ ਤਰਾਂ ਦਾ ਸਹਿਯੋਗ ਦਿਤਾ। ਨਾਮਧਾਰੀ ਸੰਗਤ ਤੋਂ ਇਲਾਵਾ ਇਸ ਸੰਗਠਨ ਦੀਆਂ ਬੈਠਕਾਂ ਸਮੇ ਭਾਰਤ ਸਰਕਾਰ ਦੇ ਉਚ ਅਧਿਕਾਰੀ, ਜੈਨ ਮਹਾਤਮਾ, ਸਾਧੂ ਸਮਾਜਾਂ ਦੇ ਮਹਾਂ ਪੁਰਸ਼ ਤੇ ਹੋਰ ਕਾਫੀ ਵਿਦਵਾਨ ਤੇ ਦਰਸ਼ਕ ਪਧਾਰਦੇ ਰਹੇ।

ਉਸ ਕਾਨਫਰੰਸ ਵੇਲੇ ਸ਼ਾਕਾਹਾਰ ਦੇ ਸਬੰਧ ਵਿਚ ਜੋ ਖੋਜ ਪੂਰਤ ਵਿਚਾਰ ਪ੍ਰਦੇਸ਼ਕ ਤੇ ਭਾਰਤੀ ਵਿਦਵਾਨਾ ਨੇ ਸਮੇ ਅਨੁਸਾਰ ਸਟੇਜ ਉਤੇ ਆਣਕੇ ਪਰਗਟ ਕੀਤੇ। ਨਾਮਧਾਰੀ ਪੰਥ ਦੇ ਹੋਣਹਾਰ ਅਤੇ ਉਤਸ਼ਾਹੀ ਨੌਜਵਾਨ ਸ੍ਰੀ ਸਵਰਨ ਸਿੰਘ ਜੀ 'ਸਨੇਹੀ' ਉਹਨਾਂ ਨੂੰ ਬੜੀ ਦਿਲਚਸਪੀ ਨਾਲ ਕਲਮ ਬੰਦ ਕਰਦੇ ਰਹੇ ਉਹਨਾਂ ਦੀ ਇਸ ਕਿਰਤ ਨੂੰ ਫਲੀ ਭੂਤ ਕਰਨ ਤੇ ਨਾਮਧਾਰੀ ਵਿਦਿਅਕ ਜਥੇ ਦੇ ਹੋਰ ਖੋਜੀ ਸਜਣਾਂ ਨੂੰ ਉਤਸ਼ਾਹ ਦੇਣ ਵਾਸਤੇ ਮਹਾਰਾਜ ਬੀਰ ਸਿੰਘ ਜੀ ਨੇ ਉਸ ਅੰਕਿਤ ਕੀਤੀ ਰਿਪੋਰਟ ਨੂੰ ਸਤਿਜੁਗ ਦੇ ਇਕ ਵਿਸ਼ੇਸ਼ ਅੰਕ ਰਾਹੀਂ ਪਰਕਾਸ਼ਤ ਕਰਨ ਦਾ ਇਹ ਪਰ ਉਪਕਾਰ ਕੀਤਾ ਹੈ। ਅਰ ਇਸੇ ਤਰਾਂ ਅੰਕ ਵਿਚ ਪਰਕਾਸ਼ਤ ਤਸਵੀਰਾਂ ਦਾ ਬਹੁਤ ਯਤਨ ਸ੍ਰ: ਹਰਬੰਸ ਸਿੰਘ ਜੀ ਪਰਵਾਨਾ ਨੇ ਕਰਕੇ ਇਸਨੂੰ ਸ਼ਾਨਦਾਰ ਬਣਾਇਆ ਹੈ। ਆਸ ਹੈ ਪਾਠਕ ਇਸ ਅੰਕ ਦਵਾਰਾ ਪ੍ਰਾਪਤ ਹੋਏ ਆਪਣੇ ਤੇ ਪ੍ਰਦੇਸ਼ਕ ਵਿਦਵਾਨਾਂ, ਫਿਲਾਸਫਰਾਂ ਦੇ ਸ਼ਾਕਾਹਾਰ ਦੀ ਖੋਜ ਵਾਲੇ ਵਿਚਾਰਾਂ ਨੂੰ ਪ੍ਰੇਮ ਪੂਰਵਕ ਪੜ੍ਹਕੇ ਲਾਭ ਪ੍ਰਾਪਤ ਕਰਨਗੇ।

—ਸਨਖਤ੍ਰਵੀ

'ਸਤਿਜੁਗ' ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਪੜ੍ਹੋ ਤੇ ਵੀਚਾਰੋ

ਸਵਰਨ ਸਿੰਘ 'ਸਨੇਹੀ'

੧. ਐਟਮ ਬੰਬ ਦੇ ਇਸ ਜ਼ਮਾਨੇ ਵਿਚ ਸ਼ੁਧ ਅਹਿੰਸਾ ਹੀ ਇਕ ਅਜੇਹੀ ਤਾਕਤ ਹੈ ਜੋ ਹਿੰਸਾ ਦੀਆਂ ਸਾਰੀਆਂ ਚਾਲਾਂ ਨੂੰ ਨੀਵੀਆਂ ਦਿਖਾ ਸਕਦੀ ਹੈ।

—ਮਹਾਤਮਾ ਗਾਂਧੀ

੨. ਹਿੰਦੂ, ਗਊ ਤੇ ਉਸ ਦੀ ਸੰਤਾਨ ਵਲ ਆਪਣਾ ਫਰਜ਼ ਪੂਰਾ ਕਰਕੇ ਉਸ ਨੂੰ ਬਚਾ ਸਕਦੇ ਹਨ। ਜੇ ਉਹ ਅਜਿਹਾ ਕਰਨ ਤਾਂ ਸਾਡੇ ਜਾਨਵਰ ਹਿੰਦੁਸਤਾਨ ਦਾ ਗੌਰਵ ਬਣ ਸਕਦੇ ਹਨ।

—ਮਹਾਤਮਾ ਗਾਂਧੀ

੩. ਅਸਲ ਵਿਚ ਅਹਿੰਸਾ ਆਪਣੇ ਸਚੇ ਅਰਥਾਂ ਵਿਚ ਇਕ ਤਤਕਾਲੀਨ ਸਮਸਿਆ ਦਾ ਸਮਾਧਾਨ ਕਰਨ ਦੀ ਨੀਤੀ ਨਹੀਂ। ਇਹ ਤਾਂ ਇਕ ਜੀਵਨ ਪ੍ਰਸਤੀ ਹੈ। ਕਿਉਂਕਿ ਅਹਿੰਸਾ ਦਾ ਸਰਵੋਚ ਆਦਰਸ਼ ਹੈ-ਇਕ ਮਜ਼ਬੂਤ ਨੈਤਿਕ ਜੀਵਨ। ਜੇ ਅਹਿੰਸਾ ਨੂੰ ਕੋਈ ਨੀਤੀ ਦੇ ਰੂਪ ਵਿਚ ਹੀ ਅਪਣਾਉਂਦਾ ਹੈ ਤਾਂ ਉਹ ਵੀ ਇਕ ਅਗਾਂਹ ਦਾ ਕਦਮ ਹੀ ਹੈ। ਜੋ ਵਿਅਕਤੀ ਅਹਿੰਸਾ ਨੂੰ ਇਕ ਨੀਤੀ ਮੰਨਣ ਤਕ ਪਹੁੰਚਦਾ ਹੈ ਬਹੁਤ ਸੰਭਵ ਹੈ ਕਿ ਪਿਛੋਂ ਜਾਕੇ ਉਹ ਅਹਿੰਸਾ ਨੂੰ ਜੀਵਨ ਪਧਤੀ ਦੇ ਰੂਪ ਵਿਚ ਹੀ ਸਵੀਕਾਰ ਕਰ ਲਵੇ।

—ਸਵਰਗੀ ਡਾ: ਮਾਰਟਨ ਲੂਥਰ ਕਿੰਗ

੪. ਪਾਪ ਪੁੰਨ ਦੋ ਬੀਜਹੈਂ, ਬੀਜੇ ਸਕਲ ਜਹਾਨ।
ਸਮਾ ਪਾਇ ਫਲ ਦੇਤ ਹੈਂ, ਤੁਲਸੀ ਨਿਸਚਾ ਜਾਨ।
ਦਇਆ ਧਰਮ ਕਾ ਮੂਲ ਹੈ, ਪਾਪ ਮੂਲ ਅਭਿਮਾਨ।
ਤੁਲਸੀ ਦਇਆ ਨਾ ਛੋਡੀਏ, ਜਬ ਲਗ ਘਟ ਮੈਂ, ਪ੍ਰਾਨ।

-ਤੁਲਸੀ ਦਾਸ ਜੀ

੫. ਜੋ ਪੁਰਸ਼ ਦੂਜੇ ਦੇ ਮਾਸ ਤੋਂ ਆਪਣਾ ਮਾਸ ਵਧਾਉਣ ਦੀ ਇੱਛਾ ਕਰਦਾ ਹੈ ਉਸ ਤੋਂ ਵਧਕੇ ਦੂਸਰਾ ਕੋਈ ਪਾਪੀ ਨਹੀਂ।

-ਮਨੂੰ ਸਿਮ੍ਰਤੀ

੬. ਹੇ ਅਗਨੀ! ਤੂੰ ਮਾਸ ਖਾਣ ਵਾਲਿਆ ਨੂੰ ਆਪਣੇ ਜਵਾਲਾ ਮਈ ਮੂੰਹ ਵਿਚ ਰਖ ਲੈ।

-ਰਿਗ ਵੇਦ

੭. ਮੇਰਾ ਪੇਟ ਕਬਰਸਤਾਨ ਨਹੀਂ ਜਿਥੇ ਮੈਂ ਮੁਰਦੇ ਪਾਉਂਦਾ ਜਾਵਾਂ।

-ਜਾਰਜ ਬਰਨਾਰਡ ਸ਼ਾਅ

੮. ਮਾਸ ਖਾਣ ਨਾਲ ਮਨੁਖ ਦੀ ਪਸ਼ੂ ਬਿਰਤੀ ਵਧਦੀ ਹੈ। ਕਾਮ ਉਤੇਜਿਤ ਹੁੰਦਾ ਹੈ। ਵਿਭਚਾਰ ਤੇ ਸ਼ਰਾਬ ਪੀਣ ਦੀ ਇਛਾ ਹੁੰਦੀ ਹੈ। ਮਾਸ ਖਾ ਕੇ ਸਦਾਚਾਰੀ ਬਣਨਾ ਅਸੰਭਵ ਹੈ।

-ਮਹਾਤਮਾ ਟਾਲਸਟਾਏ

੯. ਇਸ ਧਰਤੀ ਤੇ ਕੋਈ ਵੀ ਪਸ਼ੂ ਪੰਛੀ ਅਜਿਹਾ ਨਹੀਂ ਜੋ ਤੁਹਾਡੇ ਸਮਾਨ ਆਪਣੇ ਪ੍ਰਾਣਾਂ ਨੂੰ ਪਿਆਰ ਨਾ ਕਰਦਾ ਹੋਵੇ। -ਕੁਰਾਨ

Sri Satguru Jagjit Singh Ji Elibrary NamdhariElibrary@gmail.com

੧੦. ਮਾਸ ਖਾਣਾ ਸ਼ਰਾਬ ਪੀਣਾ, ਜਿਸ ਵਿਚ ਅਜੇਹੇ ਔਗੁਣ ਹੋਣ ਉਹ ਮਨੁਖ ਦੇ ਰੂਪ ਵਿਚ ਪਸ਼ੂ ਹੈ ਤੇ ਪ੍ਰਿਥਵੀ ਤੇ ਬੋਝ ਹੈ। ਜਿਸ ਧਰਮ ਵਿਚ ਦਇਆ ਨਹੀਂ ਉਸ ਨੂੰ ਛਡ ਦੇਣਾ ਚਾਹੀਦਾ ਹੈ।

ਚਾਣਕਯ

੧੧. ਸਾਨੂੰ ਓਸੇ ਭੋਜਨ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਸਾਨੂੰ ਸਭ ਤੋਂ ਪਵਿਤਰ ਮਨ ਦੇਵੇ। ਹਾਥੀ ਆਦਿ ਵਡੇ ਜਾਨਵਰ ਸ਼ਾਂਤ ਮਿਲਣਗੇ, ਸ਼ੇਰ ਅਤੇ ਚੀਤੇ ਵਲ ਜਾਉਗੇ ਉਹ ਓਨੇ ਹੀ ਅਸਾਂਤ ਮਿਲਣਗੇ। ਇਹ ਅੰਤਰ ਆਹਾਰ ਦੇ ਵਖਰੇਵੇਂ ਕਾਰਨ ਹੀ ਹੈ।

ਸੁਆਮੀ ਵਿਵੇਕਾ ਨੰਦ ਜੀ

੧੨. ਨਾ ਤਾਂ ਪਸ਼ੂਆਂ ਨੂੰ ਖਾਣਾ ਤੇ ਨਾ ਓਹਨਾਂ ਦਾ ਸ਼ਿਕਾਰ ਕਰਨਾ ਹੀ ਸਾਡਾ ਨੇਕ ਧਰਮ ਹੈ।

(ਫਿਰਦੌਸੀ)

੧੩. ਸਹੀ ਹੋਵੇ ਜਾਂ ਗਲਤ, ਪਰ ਮੇਰਾ ਧਾਰਮਕ ਵਿਸ਼ਵਾਸ ਇਹੀ ਹੈ ਕਿ ਮਨੁਖ ਮਾਸ ਅੰਡੇ ਜਾਂ ਹੋਰ ਪਰਕਾਰ ਦਾ ਮਾਸ ਨਾ ਖਾਵੇ ਇਥੋਂ ਤਕ ਕਿ ਮਨੁਖ ਨੂੰ ਜਿਊਂਦੇ ਰਹਿਣ ਲਈ ਵੀ ਇਕ ਹਦ ਤੋਂ ਵਧ ਗੈਰ ਜਿਮੇਵਾਰੀ ਦੇ ਸਾਧਨ ਨਹੀਂ ਵਰਤਣੇ ਚਾਹੀਦੇ।

(ਮਹਾਤਮਾ ਗਾਂਧੀ)

੧੪. ਚਰਾਗਾਹ ਵਿਚ ਪਈ ਮੁਰਦਾ ਗਊ ਜਾਂ ਭੇਡ ਨੂੰ 'ਮੁਰਦਾ' ਕਿਹਾ ਜਾਂਦਾ ਹੈ। ਉਸੇ ਤਰਾਂ ਦੀ ਲੋਥ ਕਪੜੇ ਵਿਚ ਢਕੀ ਹੋਈ ਤੇ ਬੁਚੜ ਦੀ ਦੁਕਾਨ ਵਿਚ ਲਟਕਾਈ ਹੋਈ ਭੋਜਨ ਵਜੋਂ ਵਰਤੀ ਜਾਂਦੀ ਹੈ। ਖੁਰਦਬੀਨ ਨਾਲ ਧਿਆਨ ਨਾਲ ਵੇਖਿਆਂ ਪਤਾ ਲਗੇਗਾ ਕਿ ਚਰਾਗਾਹ ਤੇ ਬੁਚੜ ਦੀ ਦੁਕਾਨ ਵਿਚ ਪਈਆਂ ਲਾਸ਼ਾਂ ਵਿਚ ਬਿਲਕੁਲ ਘਟ ਜਾਂ ਬਿਲਕੁਲ ਹੀ ਕੋਈ ਅੰਤਰ ਨਹੀਂ। ਦੋਹਾਂ ਵਿਚ ਹੀ ਅੰਤੜੀ ਵਾਲੇ ਜਿਰਮ ਵਧ ਰਹੇ ਹਨ ਤੇ ਦੋਵੇਂ ਹੀ ਬੁਸ ਰਹੀਆਂ ਹਨ।

—ਜਾਹਨ ਹਾਰਵੇ

੧੫. ਅਕ ਧਤੂਰਾ ਖਾਂਦਿਆਂ ਕੁਹਿ ਕੁਹਿ ਖਲ ਉਖਲ ਵਿਣਸੀ।
ਮਾਸ ਖਾਨ ਗਲ ਵਢ ਕੇ ਹਾਲ ਤਿਨਾੜਾ ਕਉਣ ਹੋਵਸੀ।

—ਭਾਈ ਗੁਰਦਾਸ ਜੀ

੧੬. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ।
੧੭. ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।
੧੮. ਗੁਰਪੀਰ ਹਾਮਾ ਤਾਂ ਭਰੇ ਜਾ ਮੁਰਦਾਰ ਨ ਖਾਇ।

—ਸ੍ਰੀ ਗਰੰਥ ਸਾਹਿਬ

੧੯. ਸ਼ਾਕਾਹਾਰ ਦੀ ਸਮਸਿਆ ਨੂੰ ਮੈ ਇਸ ਜੁਗ ਦੀ ਸਭ ਤੋਂ ਮਹਤਵ ਪੂਰਨ ਸਮਸਿਆ ਸਮਝਦਾ ਹਾਂ। ਮੈ ਇਹ ਵਿਸ਼ਵਾਸ ਇਸ ਲਈ ਕਰਦਾ ਹਾਂ ਕਿ ਇਸ ਦੇ ਅਰੰਭ ਨਾਲ ਹੀ ਸਚੀ ਸਭਿਅਤਾ ਦਾ ਵਿਕਾਸ ਹੋਵੇਗਾ।

—ਡਾ: ਅੰਨਾਂ ਕਿੰਗ ਫ਼ੋਰਡ

੨੦. ਸਮਾਂ ਆਇਗਾ ਜਦੋਂ ਮਨੁਖ ਪਸ਼ੂਆਂ ਦੇ ਕਾਤਲਾਂ ਨੂੰ ਵੀ ਇਹ ਉਸੇ ਨਿਗਾ ਨਾਲ ਹੀ ਵੇਖੇਗਾ ਜਿਸ ਨਾਲ ਹੁਣ ਮਨੁਖੀ ਕਾਤਲਾਂ ਨੂੰ ਵੇਖਦਾ ਹੈ।—ਡਾ: ਲਿਉਨਾਰਡੋ ਵਿਨਸੀ

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸਤਿਜੁਗ ਸਚੁ ਕਹੈ ਸਭ ਕੋਈ ; ਘਰਿ ਘਰਿ ਭਗਤ ਗੁਰਮੁਖ ਹੋਈ ॥

ਦੇਸ ਸਾਲਾਨਾ ੧੨]
ਪ੍ਰਦੇਸ ਹਵਾਈ ੬੦]
ਪ੍ਰਦੇਸ ਸਮੁੰਦਰੀ ੪੦]

ਸਤਜੁਗ

ਜਿ: ੪੩
ਨੰ: ੨੦–੨੧

ਦਾ

ਸ਼ਾਕਾਹਾਰੀ ਅੰਕ

੧੪ ਹਾੜ ੨੦੨੫ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੩ ੨੭ ਜੂਨ ੧੯੬੮

ਪਵਿਤ੍ਰ-ਮਨੁਖਤਾ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰ ਇਸਨਾਨੁ ।
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ।
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ।
ਕਾਮ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ।
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ।
ਅਠ ਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨ ।
ਜਿਸਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨ ।
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ।
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ।

ਸ੍ਰੀ ਗੁਰੂ ਅਰਜਨ ਦੇਵ ਜੀ

Sri Satguru Jagjit Singh Ji Elibrary NamdhariElibrary@gmail.com

੧੯ ਵਾਂ

ਅੰਤਰ-ਰਾਸ਼ਟਰੀ

ਸ਼ਾਕਾਹਾਰੀ-ਇਕੱਠ

* ਸ੍ਰੀ ਸਵਰਨ ਸਿੰਘ ਜੀ "ਸਨੇਹੀ"

ਪਰੈਸ ਕਾਨਫਰੰਸ

ਅੰਤ੍ਰ-ਰਾਸਟਰੀ ਸ਼ਾਕਾਹਾਰੀ ਸੰਮੇਲਨ ਸ਼ੁਰੂ ਹੋਣ ਤੋਂ ਪਹਿਲਾਂ ਵਿਠਲ ਭਾਈ ਪਟੇਲ ਹਾਊਸ, ਰਫੀ ਮਾਰਗ ਨਵੀਂ ਦਿਲੀ ਵਿਚ ਇਕ ਸ਼ਾਕਾਹਾਰੀ ਪ੍ਰੈਸ ਕਾਨਫਰੰਸ ਕੀਤੀ ਗਈ ਜਿਸ ਵਿਚ ਅੰਤ੍ਰਰਾਸ਼ਟਰੀ ਸ਼ਾਕਾਹਾਰੀ ਸੰਗਠਨ ਦੀ ਉਪ ਪ੍ਰਧਾਨ ਸ੍ਰੀ ਮਤੀ ਰੁਕਮਣੀ ਦੇਵੀ ਅਰੁਣਡੇਲ ਨੇ ਇਕਤਰਤ ਡੇਲੀਗੇਟਾਂ ਤੇ ਪ੍ਰੈਸ ਪ੍ਰਤੀ ਨਿਧਾਂ ਨੂੰ ਸੰਬੋਧਨ ਕਰ ਦਿਆਂ ਆਖਿਆ ? ੧੯੦੮ ਵਿਚ ਸਥਾਪਤ ਹੋਈ ਅੰਤ੍ਰਰਾਸ਼ਟਰੀ ਸ਼ਾਕਾਹਾਰੀ ਸੰਗਠਨ ਦਾ ਮੁਖ ਮੰਤਵ ਹੈ ਵਿਸ਼ਵ ਦੀਆਂ ਵਖੋ ਵਖ ਕੌਮਾਂ ਵਿਚ ਸ਼ਾਕਾਹਾਰ ਤੇ ਆਧਾਰਤ ਜੀਵਨ ਦੀਆਂ ਕੀਮਤਾਂ ਬਾਰੇ ਚੇਤੰਨ ਕਰਨ ਤੇ ਵਖ ਵਖ ਦੇਸ਼ਾਂ ਵਿਚ ਕੌਮੀ ਸੰਗਠਨ ਜਾਂ ਸਭਾਵਾਂ ਕਾਇਮ ਕਰਨੀਆਂ।

੩੦ ਤੋਂ ਬਹੁਤੇ ਦੇਸ਼ਾਂ ਦੀਆਂ ਕੌਮੀ ਸ਼ਾਕਾਹਾਰੀ ਸਭਾਵਾਂ ਦਾ ਸਹਿਯੋਗ ਅੰਤ੍ਰਰਾਸ਼ਟਰੀ ਸ਼ਾਕਾਹਾਰੀ ਸੰਗਠਨ ਨੂੰ ਪ੍ਰਾਪਤ ਹੈ। ਇਸ ਸੰਗਠਨ ਨੂੰ ਸ਼ਾਕਾਹਾਰੀ ਭੋਜਨ ਬਾਰੇ ਭੋਜਨ ਤੇ ਖੇਤੀ ਬਾੜੀ ਸੰਗਠਨ ਵਲੋਂ ਵੀ ਮਾਨਤਾ ਪ੍ਰਾਪਤ ਹੈ।............... ਭਾਰਤ ਇਚ ੧੫ ਵੀ ਸ਼ਾਕਾਹਾਰੀ ਮਿਲਣੀ ਪਿਛੋਂ ਭਾਰਤ ਵਿਚ ਸ਼ਾਕਾਹਾਰੀ ਦੇ ਪ੍ਰਚਾਰ ਲਈ ਇੰਡੀਅਨ ਵੈਜੀਟੇਰੀਅਨ ਕਾਂਗਰਸ (ਭਾਰਤੀ ਸ਼ਾਕਾਹਾਰੀ ਸੰਗਠਨ) ਸਥਾਪਤ ਕੀਤੀ ਗਈ ਸੀ। ਭਾਵੇਂ ਸਦਾਚਾਰਕ ਪਖੋਂ ਵਿਸ਼ਵ ਪਧਰ ਤੇ ਸ਼ਾਕਾਹਾਰ ਅਪਣਾਇਆ ਜਾ ਚੁਕਾ ਹੈ ਪਰ ਭਾਰਤ ਵਿਚ ਇਹ ਇਕ ਧਾਰਮਕ ਅੰਗ ਰਿਹਾ ਹੈ। ਵਿਗਿਆਨ ਦੀ ਮਾਨਤਾ ਨਾਲ ਇਹ ਜਰੂਰੀ ਹੋ ਗਿਆ ਹੈ ਕਿ ਸ਼ਾਕਾਹਾਰ ਦਾ ਵਿਗਿਆਨਕ ਪਖੋਂ ਪਰਚਾਰ ਕੀਤਾ ਜਾਵੇ। ....ਮੈਨੂੰ ਪ੍ਰਸੰਨਤਾ ਅਨੁਭਵ ਹੋ ਰਹੀ ਹੈ ਕਿ ਜੋ ਡੇਲੀਗੇਟ ਬਦੇਸ਼ਾਂ ਤੋਂ ਇਸ ਇਕਠ ਵਿਚ ਭਾਗ ਲੈਣ ਲਈ ਆਏ ਹਨ ਉਹਨਾਂ ਵਿਚ ਪ੍ਰਸਿਧ ਡਾਕ-

Sri Satguru Jagjit Singh Ji Elibrary NamdhariElibrary@gmail.com

ਟਰ, ਕੁਦਰਤੀ ਸਿਹਤ ਵਿਗਿਆਨੀ, ਭੋਜਨ ਵਿਗਿਆਨੀ, ਫਿਲਾਸਫਰ ਤੇ ਸਾਹਿਤਕਾਰ ਹਨ ਜਿਨਾਂ ਨੇ ਸ਼ਾਕਾਹਾਰ ਅਪਣਾ ਕੇ ਜੀਵਨ ਸਬੰਧੀ ਨਵੀਂ ਵਿਗਿਆਨਕ ਜਾਣਕਾਰੀ ਖੋਜੀ ਹੈ।

ਇਸ ਕਾਂਗਰਸ ਦਾ ਇਹ ਵੀ ਵਿਚਾਰ ਹੈ ਕਿ ਸਰੀਰ ਨੂੰ ਜਿਨਾਂ ਤਤਾਂ ਦੀ ਮੁਖ ਲੋੜ ਹੁੰਦੀ ਹੈ ਸ਼ਾਕਾਹਾਰੀ ਉਤਪਾਦਨਾਂ ਵਿਚ ਹੁੰਦੇ ਹਨ ਤੇ ਉਹ ਮਾਨਸਕ ਤੇ ਸਰੀਰਕ ਤੌਰ ਤੇ ਤੰਦਰੁਸਤ ਰਹਿਣ ਲਈ ਮਨੁਖ ਮਾਤਰ ਦੀ ਮਦਦ ਕਰਦੇ ਹਨ।

ਜੇ ਆਰਥਕ ਪਖ ਲਿਆ ਜਾਵੇ ਤਦ ਅਸੀਂ ਇਸ ਗੱਲ ਦੇ ਹਾਮੀ ਹਾਂ ਕਿ ਵਿਸ਼ਵ ਦੀ ਭੋਜਨ ਸਮਸਿਆ ਨੂੰ ਸੁਲਝਾਉਣ ਲਈ ਸ਼ਾਕਾਹਾਰੀ ਭੋਜਨ ਅਪਣਾਉਣਾ ਜਰੂਰੀ ਹੈ। ਇਹ ਸਿਧਾਂਤ ਪਛਮੀ ਆਰਥਕ ਚਾਰੀਆਂ ਨੇ ਖੋਜਿਆ ਹੈ ਤੇ ਕਈ ਭਾਰਤੀਆਂ ਨੇ ਮੰਨਿਆ ਹੈ ਕਿ ਮਾਸਾਹਾਰ ਦੀ ਪੈਦਾਇਸ਼ ਲਈ ਸ਼ਾਕਾਹਾਰੀ ਭੋਜਨ ਵਸਤੂਆਂ ਦੀ ਉਪਜ ਲਈ ਲੋੜੀਂਦੀ ਥਾਂ ਤੋਂ ਤਿਗੁਣੀ ਜਗ੍ਹਾ ਦੀ ਲੋੜ ਪੈਂਦੀ ਹੈ।

ਇਸ ਕਾਨਫਰੰਸ ਵਿਚ ਸ਼ਾਕਾਹਾਰ ਦੇ ਵਖੋ ਵਖ ਰੂਪਾਂ ਤੇ ਵਿਚਾਰ ਤੇ ਬਹਿਸ ਲਈ ਵਖ ਵਖ ਸਮਾਗਮ ਹੋਣਗੇ। ਦਿਲੀ ਵਿਚ ਸ੍ਰੀ ਵੀ. ਵੀ. ਗਿਰੀ ਜੀ ਵੀ ਪਧਾਰਨਗੇ। ਭੋਜਨ ਤੇ ਰਸੋਈ ਪ੍ਰਦਰਸ਼ਨ ਵੀ ਹੋਇਗਾ।

ਭਾਵੇਂ ਲਗ ਪਗ ੨੨ ਦੇਸ਼ਾਂ ਤੋਂ ੧੫੦ ਤੋਂ ਵਧੇਰੇ ਡੈਲੀਗੇਟਾਂ ਦੇ ਆਉਣ ਦੀ ਆਸ ਸੀ ਪਰ ਹਵਾਈ ਕੰਪਨੀਆਂ ਦੀ ਹੜਤਾਲ ਹੋਣ ਕਾਰਣ ਤੇ ਚੀਚਕ ਦੇ ਟੀਕੇ ਦੀਆਂ ਪਾਬੰਦੀਆਂ ਹੋਣ ਕਾਰਨ ਬਹੁਤੇ ਲੋਕ ਨਹੀਂ ਆ ਸਕੇ।

ਸ੍ਰੀ ਮਤੀ ਅਰੁਣਡੇਲ ਦੇ ਇਸ ਭਾਸ਼ਣ ਤੋਂ ਪਿਛੋਂ ਉਹਨਾਂ ਤੇ ਕੁਛ ਪ੍ਰਸ਼ਨ ਕੀਤੇ ਗਏ ਜਿਨਾਂ ਦੇ ਉਤਰ ਸੰਮਿਲਤ ਰੂਪ ਵਿਚ ਦਿਤੇ ਗਏ—

ਪ੍ਰਸ਼ਨ (੧) ਅਜ ਸ਼ਾਕਾਹਾਰੀਆਂ ਦੀ ਗਿਣਤੀ ਵਿਸ਼ਵ ਭਰ ਵਿਚ ਕਿੰਨੀ ਹੋਇਗੀ ?

ਉਤਰ—ਅਜੇ ਬਦੇਸ਼ਾਂ ਵਿਚੋਂ ਕਈ ਦੇਸ਼ ਅਜਿਹੇ ਹਨ ਜਿਥੇ ਇਹ ਲਹਿਰ ਸ਼ੁਰੂ ਹੋ ਰਹੀ ਹੈ ਤੇ ਕਈਆਂ ਵਿਚ ਪੁਰਾਣੀ ਹੋ ਚੁਕੀ ਹੈ। ਭਾਰਤ ਦੇ ਕਈ ਲੋਕ ਮਾਸਾਹਾਰ ਨੂੰ ਡਾਕਟਰਾਂ ਦੇ ਕਹਿਣ ਅਨੁਸਾਰ ਵੀ ਅਪਣਾ ਰਹਿ ਹਨ ਇਸ ਲਈ ਅਜੇ ਕੋਈ ਪੂਰੀ ਤੇ ਪਕੀ ਗਲ ਇਸ ਸਬੰਧ ਵਿਚ ਨਹੀਂ ਆਖੀ ਜਾ ਸਕਦੀ।

ਪ੍ਰਸ਼ਨ (੨)—ਸ਼ਾਕਾਹਾਰ ਦੀ ਪ੍ਰੀਭਾਸ਼ਾ ਕੀ ਹੈ ?

ਉਤਰ—ਅੰਤ੍ਰ-ਰਾਸ਼ਟਰੀ ਸ਼ਾਕਾਹਾਰੀ ਸੰਗਠਨ ਅਨੁਸਾਰ 'ਜੋ ਲੋਕ ਮਾਸ, ਮਛੀ, ਚੂਚਾ ਤੇ ਹਰ ਹੋਰ ਚੀਜ਼ ਜੋ ਕਿਸੇ ਵੀ ਤਰ੍ਹਾਂ ਜ਼ੁਲਮ ਨਾਲ ਪ੍ਰਾਪਤ ਹੋਈ ਹੈ—ਤੋਂ ਪ੍ਰਹੇਜ਼ ਕਰਦੇ ਹਨ—ਉਹ ਸਾਕਾਹਾਰੀ ਹਨ।

ਪ੍ਰਸ਼ਨ (੩) ਕੀ ਆਂਡਾ ਸ਼ਾਕਾਹਾਰ ਵਿਚ ਸ਼ਾਮਲ ਹੈ ?

ਉਤਰ (ਸ੍ਰੀ ਮਤੀ ਰੁਕਮਣੀ ਦੇਵੀ) ਬਦੇਸ਼ਾਂ ਵਿਚ ਕਈ ਸ਼ਾਕਾਹਾਰੀ ਹਨ ਜੋ ਆਂਡੇ ਖਾਂਦੇ ਹਨ ਪਰ ਕਈ ਦੁਧ ਵੀ ਨਹੀਂ ਵਰਤਦੇ ਤੇ ਨਾ ਹੀ ਦੁਧ ਤੋਂ ਬਣੀ ਕੋਈ ਚੀਜ਼ ! ਜੋ ਸ਼ਾਕਾਹਾਰੀ ਹਨ—ਉਨ੍ਹਾਂ ਲਈ ਪਹਿਲਾਂ ਮਾਂਸਾਹਾਰ ਛਡਣਾ ਯੋਗ ਹੈ ਫਿਰ ਆਂਡੇ ਆਦਿ। ਭਾਰਤ ਵਿਚ ਅਸੀਂ ਬਹੁਤੇ ਲੋਕ, ਜਿਨ੍ਹਾਂ ਵਿਚ ਮੈਂ ਸ਼ਾਮਲ ਹਾਂ, ਅੰਡੇ ਨੂੰ ਮਾਂਸਾਹਾਰ ਵਿਚ ਹੀ ਗਿਣਦੇ ਹਾਂ। ਸਾਡਾ ਕਈਆਂ ਦਾ ਇਹ ਵਿਚਾਰ ਵੀ ਹੈ ਕਿ ਦੁਧ ਦੀ ਵਰਤੋਂ ਵੀ ਜ਼ੁਲਮ ਤੇ ਪਸ਼ੂ ਬਧ ਲਈ ਪ੍ਰੇਰਦੀ ਹੈ।"

ਇਕ ਬਰਤਾਨਵੀ ਤ੍ਰੀਵੀਂ

ਮੈਂ ਆਂਡੇ ਇਸ ਕਰਕੇ ਨਹੀਂ ਖਾਂਦੀ ਕਿ ਕਿਉਂਕਿ ਇਹ ਬਾਕੀ ਦੇ ਹੋਰਨਾਂ ਜੀਵਾਂ ਵਾਂਗ ਹੀ ਪੈਦਾ ਹੁੰਦੇ ਹਨ ਤੇ ਇਨ੍ਹਾਂ ਵਿਚ ਜਾਨ ਵੀ ਪੈਂਦੀ ਹੈ। ਰੋਗਯੁਕਤ ਚੀਜਾਂ ਦੀ ਵਰਤੋਂ ਸਿਹਤਵੰਦ ਸ਼ਾਕਾਹਾਰੀ ਹੋਣ ਲਈ ਤਿਆਗਣੀ ਜ਼ਰੂਰੀ ਹੈ।

'ਸਤਿਜੁਗ' ਸ੍ਰੀ ਜੀਵਨ ਨਗਾਰ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਜੈਅੰਤੀ ਲਾਲ ਮਾਨਕਰ

ਆਂਡੇ ਕਦੇ ਵੀ ਸ਼ਾਕਾਹਾਰ ਵਿਚ ਨਹੀਂ ਗਿਣੇ ਜਾ ਸਕਦੇ। ਇਹ ਧਰਤੀ ਤੋਂ ਨਹੀ ਉਗਦੇ ਨਾ ਹੀ ਰੁਖਾਂ ਨੂੰ ਲਗਦੇ ਹਨ। ਬਦੇਸ਼ੀਆਂ ਲਈ ਅਜੇ ਇਨ੍ਹਾਂ ਦੀ ਵਰਤੋਂ ਯੋਗ ਰਹੀ ਜਾ ਸਕਦੀ ਹੈ।

ਮੇਹਰ ਦਿੱਲੀ ਦਾ ਸੁਆਗਤੀ ਭਾਸ਼ਣ

ਪ੍ਰੈਸ ਕਾਨਫਰੰਸ ਤੋਂ ਪਿਛੋਂ, ੧੮ ਨਵੰਬਰ ੧੯੬੭ ਨੂੰ, ਸ਼ਾਮ ਦੇ ਲਗਭਗ ਛੇ ਵਜੇ ਮਾਵਲਾਂ-ਕਰ ਭਵਨ, ਵਿਠਲ ਭਾਈ ਪਟੇਲ ਹਾਊਸ ਵਿਚ ਕਾਨਫਰੰਸ ਦਾ ਪ੍ਰੋਗਰਾਮ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਮੇਅਰ.ਦਿਲੀ ਨੇ, ਜੋ ਦਿਲੀ ਦੀ ਇਲਾ-ਕਾਈ ਸੁਆਗਤੀ ਕਮੇਟੀ ਦੇ ਪ੍ਰਧਾਨ ਸਨ, ਸਾਰੇ ਸ਼ਾਕਾਹਾਰੀ ਡੈਲੀਗੇਟਾਂ ਤੇ ਸਰੋਤਿਆਂ ਦਾ ਸੁਵਾ-ਗਤ ਕਰਦਿਆਂ ਆਖਿਆ। ਸਾਡੇ ਨਿਮੰਤਰਣ ਤੇ ਪਰਮ ਪਾਵਨ ਸ੍ਰੀ ਦਲਾਈ ਲਾਮਾ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਵਿਚ ਉਪਸਥਿਤ ਹਨ-ਜੋ ਮਾਨ ਵਾਲੀ ਗੱਲ ਹੈ। ਮੋਰਾਰ ਜੀ ਡੇਸਾਈ ਦੇ ਕਰ ਕਮਲਾਂ ਦੁਵਾਰਾ ਇਸ ਸਮੇਲਨ ਦਾ ਉਦਘਾ-ਟਨ ਹੋਣਾਂ ਉਨ੍ਹਾਂ ਦੀ ਉਦਾਰਤਾ ਦਾ ਸਬੂਤ ਹੈ। ਸਵੇਜ਼ ਨਹਿਰ ਬੰਦ ਹੋਣ ਕਾਰਨ ਅੰਤ੍ਰ – ਰਾਸ਼-ਟਰੀ, ਸ਼ਾਕਾਹਾਰੀ ਸੰਗਠਨ ਦੇ ਪ੍ਰਧਾਨ ਸ੍ਰੀ ਕੋਹ-ਲਰ ਇਥੇ ਨਹੀਂ ਪੁਜ ਸਕੇ–ਜਿਸ ਦਾ ਸਾਨੂੰ ਸਭ ਨੂੰ ਦੁਖ ਹੈ। ਪੰਦਰਵਾਂ ਵਿਸ਼ਵ ਸ਼ਾਕਾਹਾਰੀ ਸਮੇ-ਲਨ ਭਾਰਤ ਵਿਚ ਸ੍ਰੀ ਮਤੀ ਰੁਕਮਣੀ ਦੇਵੀ ਅਰੁਣ-ਡੇਲ ਦੇ ਜਤਨਾ ਨਾਲ ਹੋਇਆ ਸੀ। ਅਸੀਂ ਉਨ੍ਹਾਂ ਦੇ ਧਨਵਾਦੀ ਹਾਂ ਕਿ ਉਨ੍ਹਾਂ ਨੇ ਫਿਰ ੧੯ ਵਾਂ ਵਿਸ਼ਵ ਸਮੇਲਨ ਭਾਰਤ ਵਿਚ ਕਰਨ ਦਾ ਸੱਦਾ ਦਿਤਾ। ਅਗੇ ਚਲ ਕੇ ਆਪ ਨੇ ਕਿਹਾ "ਪਸ਼ੂਆਂ ਤੋਂ ਮਿਲਣ ਵਾਲੀ ਪ੍ਰੋਟੀਨ ਬਾਰੇ ਭਾਰਤ ਤੇ ਬਦੇਸ਼ਾਂ ਵਿਚ ਬਹੁਤ ਮਤਭੇਦ ਹਨ। ਅੰਤ੍ਰ–ਰਾਸ਼ਟਰੀ ਸੰਗ-ਠਨ ਦੀ ਵਿਗਿਆਨਕ ਕਮੇਟੀ ਨੇ ਸ਼ਾਕਾਹਾਰੀ ਸਾਧਨਾਂ ਨਾਲ ਪ੍ਰਾਪਤ ਹੋਣ ਵਾਲੀ ਪ੍ਰੋਟੀਨ ਬਾਰੇ ਬਹੁਤ ਖੋਜ ਕੀਤੀ ਹੈ। ਉਨ੍ਹਾਂ ਦਾ ਨਤੀਜਾ ਇਹ ਹੈ ਕਿ ਸ਼ਾਕਾਹਾਰ ਵਿਚ ਵੀ ਪ੍ਰੋਟੀਨ ਦੀ ਘਾਟ ਨਹੀਂ। ਭਾਰਤ ਵਿਚ ਦਾਲਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ ਪ੍ਰੋਟੀਨ ਇੰਨੀ ਹੈ ਕਿ ਪ੍ਰੋਟੀਨ ਪਸ਼ੂਆਂ ਤੋਂ ਪ੍ਰਾਪਤ ਕਰਨ ਦੀ ਕੋਈ ਲੋੜ ਹੀ ਨਹੀਂ। ਉਂਜ ਵੀ ਮਾਂਸਾਹਾਰ ਨਾਲੋਂ ਸ਼ਾਕਾਹਾਰ ਸਸਤਾ ਪੈਂਦਾ ਹੈ।"

ਸ੍ਰੀ ਹੰਸ ਰਾਜ ਜੀ ਦੇ ਭਾਸ਼ਣ ਪਿਛੋਂ ਸ੍ਰੀ ਦਲਾਈ ਲਾਮਾ ਨੇ ਆਪਣੇ ਸੰਖੇਪ ਭਾਸ਼ਣ ਵਿਚ ਕਿਹਾ "ਵਿਚਾਰ ਵਟਾਂਦਰਾ ਕਰਨਾਂ ਜ਼ਰੂਰੀ ਹੈ। ਕਿਸੇ ਵੀ ਜੀਵ ਨੂੰ ਦੁਖ ਨਾ ਦਿਓ। ਕਿਉਂਕਿ ਜ਼ਿੰਦਗੀ ਬੇ ਜ਼ਬਾਨਾਂ ਨੂੰ ਵੀ ਉਨੀ ਹੀ ਪਿਆਰੀ ਹੈ ਜਿੰਨੀ ਮਨੁਖ ਮਾਤਰ ਨੂੰ। ਨਿਕੇ ਜੀਵ ਵੀ ਦੁਖ ਮਹਿਸੂਸ ਕਰਦੇ ਹਨ।" ਆਪਣੇ ਭਾਸ਼ਣ ਦੇ ਅੰਤ ਤੇ ਉਨ੍ਹਾਂ ਕਿਹਾ," ਮੈਨੂੰ ਕੋਈ ਕਾਰਨ ਨਹੀਂ ਦਿਸਦਾ ਜਿਸ ਕਰ ਕੇ ਆਦਮੀ ਬਿਨਾਂ ਮਾਂਸ ਤੋਂ ਨਹੀਂ ਰਹਿ ਸਕਦਾ। ਮਨੁਖ ਸਾਰੀਆਂ ਜੂਨਾਂ ਦਾ ਸਰਦਾਰ ਹੈ। ਜਾਨਵਰਾਂ ਨੂੰ ਕਤਲ ਕਰਨ ਦੀ ਥਾਂ ਪਿਆਰਨਾ ਚਾਹੀਦਾ ਹੈ।"

ਸ੍ਰੀ ਲਾਮਾ ਜੀ ਤੋਂ ਪਿਛੋਂ ਸ੍ਰੀ ਮਤੀ ਰੁਕਮਣੀ ਦੇਵੀ ਅਰੁਣਡੇਲ ਨੇ ਆਪਣਾ ਸੁਆਗਤੀ ਭਾਸ਼ਣ ਸ਼ੁਰੂ ਕਰਦਿਆਂ ਤੇ ਸ੍ਰੀ ਲਾਮਾ ਜੀ ਤੇ ਸ੍ਰੀ ਮੋਰਾਰ ਜੀ ਡੇਸਾਈ ਦਾ ਧਨਵਾਦ ਕਰਦਿਆਂ ਆਖਿਆ 'ਮੈਂ ਜਾਣਦੀ ਹਾਂ ਕਿ ਜੋ ਡੈਲੀਗੇਟ ਦੇਸ ਦੇਸਾਂਤਰਾਂ ਤੋਂ ਇਥੇ ਆਏ ਹਨ ਓਹ ਆਸ ਕਰਦੇ ਹੋਣਗੇ ਕਿ ਅਹਿੰਸਾ ਵਾਲੀ ਭਾਵਨਾਵਾਂ ਦੇ ਪਰਚਾਰ ਵਾਸਤੇ ਭਾਰਤ ਅਗਵਾਈ ਕਰੇਗਾ'। ਪਰ ਮੰਦੇ ਭਾਗੀਂ ਬੁਧ, ਮਹਾਂਵੀਰ, ਗੁਰੂ ਨਾਨਕ, ਸ੍ਰੀ ਕ੍ਰਿਸ਼ਨ ਤੇ ਹੋਰ ਮਹਾਨ ਪੁਰਸ਼ਾਂ ਦੀ ਇਹ ਧਰਤੀ ਪਦਾਰਥਵਾਦ ਦੇ ਪਰਭਾਵ ਨਾਲ ਹੁਣ ਬਹੁਤ ਬਦਲ ਚੁਕੀ ਹੈ ਅਤੇ ਬਦਲ ਰਹੀ ਹੈ।

'ਸਤਿਜੁਗ' ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਦੱਸ ਵਰੇ ਪਹਿਲਾਂ ਦੀ ਇਕ ਯਾਦ—ਬਦਸ਼ੀ ਸ਼ਾਕਾਹਾਰੀਆਂ ਨੂੰ ਭੋਜਨ ਛਕਾਉਣ ਪਿਛੋਂ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜ
ਸ਼ਾਕਾਹਾਰੀਆਂ ਬਾਰੇ ਨਾਮਧਾਰੀ ਦਰਿਸ਼ਟੀਕੋਣ ਪੇਸ਼ ਕਰ ਰਹੇ ਹਨ ।

ੇ
ੇ
ਕ
ਤੇ
ਧੀ
ਲਈ

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਠਾਕੁਰ ਦਲੀਪ ਸਿੰਘ ਜੀ ਬਦੇ
ਸ਼ਾਕਾਹਾਰੀਆਂ ਨੂੰ ਭੋਜਨ ਛਕਾ
ਰਹੇ ਹਨ।

ੴ੫੭ ਵਾਲੀ ਸ਼ਾਕਾਹਾਰੀ ਕਾਨਫ
ਸਮੇਂ ਬਦੇਸ਼ੀ ਮਹਿਮਾਨਾਂ ਨੂੰ ਸ਼੍ਰੀ ਸਤਿ
ਪਰਤਾਪ ਸਿੰਘ ਜੀ ਵਲੋਂ ਪ੍ਰੀਤੀ ਭੋ
ਦਿਤਾ ਗਿਆ।

Sri Satguru Jagjit Singh Ji Elibrary NamdhariElibrary@gmail.com

ਆਪਣੀ ਤਕਰੀਰ ਜਾਰੀ ਰਖਦਿਆਂ ਸ੍ਰੀ ਮਤੀ ਰੁਕਮਣੀ ਦੇਵੀ ਨੇ ਕਿਹਾ —ਪਛਮੀ ਜੀਵਨ ਢੰਗ ਭਾਵੇਂ ਚੰਗਾ ਹੋਵੇ ਜਾਂ ਮੰਦਾ ਬੜੀ ਤੇਜ਼ੀ ਨਾਲ ਭਾਰਤ ਵਿਚ ਅਪਣਾਇਆ ਜਾ ਰਿਹਾ ਹੈ। ਤੁਸੀਂ ਬਦੇਸੀਆਂ ਨੇ ਇਹ ਸਿਧ ਕਰ ਦਿਤਾ ਹੈ ਕਿ ਭਾਰਤ ਦੀ ਅਸਲ ਆਤਮਾ ਦਾ ਪਰਕਾਸ਼ ਪਛਮ ਵਿਚ ਹੋ ਰਿਹਾ ਹੈ।

ਭਾਰਤ ਵਿਚ ਅਜੇ ਵੀ ਲਖਾਂ ਕਰੋੜਾਂ ਸ਼ਾਕਾ-ਹਾਰ ਦੇ ਪਰਚਾਰ ਲਈ ਕੰਮ ਕਰਨ ਦੇ ਇਛਕ ਹਨ, ਪਰ ਅਫਸੋਸ ਹੈ ਕਿ ਕਈ ਗਰੁਪਾਂ ਵਿਚ ਪਛਮ ਦਾ ਪਰਭਾਵ ਵਰਤਮਾਨ ਦੁਵਾਈਆਂ ਅਤੇ ਵਿਗਿਆਨ ਦੇ ਰੂਪ ਵਿਚ ਸਾਡੇ ਸ਼ਹਿਰੀਆਂ ਦੀਆਂ ਭੋਜਨ ਸਬੰਧੀ ਆਦਤਾਂ ਨੂੰ ਬਦਲਣ ਲਈ ਜਿਮੇਵਾਰ ਹੈ। ਜੇ ਇਸ ਵਲ ਧਿਆਨ ਨ ਦਿਤਾ ਗਿਆ ਤਦ ਇਹ ਦੇਸ ਛੇਤੀ ਹੀ ਇਕ ਮਾਸਾਹਾਰੀ ਕੌਮ ਵਿਚ ਬਦਲ ਜਾਇਗਾ।

ਮੈਨੂੰ ਪੂਰਨ ਆਸ ਹੈ ਕਿ ਭਾਰਤ ਵਿਚ ਇਸ ਕਾਂਗਰਸ ਦੇ ਹੋਨ ਨਾਲ ਨੌਜਵਾਨ ਪੀੜੀ ਨੂੰ ਕੁਛ ਗਿਆਨ ਤੇ ਜਾਣਕਾਰੀ ਪ੍ਰਾਪਤ ਹੋਇਗੀ। ਉਹਨਾਂ ਨੂੰ ਪਤਾ ਲਗੇਗਾ ਕਿ ਕੌਮ ਦੀ ਕੁਛ ਜਿਮੇ-ਵਾਰੀ ਉਹਨਾਂ ਤੇ ਹੈ। ਇਕ ਪਾਸੇ ਉਹ ਲੋਕ ਹਨ ਜੋ ਹਜਾਰਾਂ ਸਾਲਾਂ ਦੀ ਰਵਾਇਤ ਨੂੰ ਤਬਾਹ ਕਰ ਰਹੇ ਹਨ ਜਿਸ ਰਵਾਇਤ ਦਾ ਉਹਨਾਂ ਨੂੰ ਮਾਣ ਅਨੁ-ਭਵ ਹੋਣਾ ਚਾਹੀਦਾ ਹੈ ਉਹ ਯੁਵਕ ਧਰਮ ਤੋਂ ਡਰ ਅਨੁਭਵ ਕਰਦੇ ਹਨ ਤੇ ਇਸ ਤੋਂ ਬੇਮੁਖ ਹੋਣ ਲਈ ਪਹਿਲਾ ਕਦਮ ਉਹਨਾਂ ਦਾ ਹੁੰਦਾ ਹੈ ਸ਼ਾਕਾ-ਹਾਰ ਦਾ ਤਿਆਗ ਸਾਨੂੰ ਚਾਹੀਦਾ ਹੈ ਕਿ ਸਿਰਫ ਨੌਜਵਾਨ ਪੀੜੀ ਨੂੰ ਹੀ ਸਿਖਿਆ ਨਾ ਦਈਏ ਸਗੋਂ ਬਹੁਤੇ ਮਾਪੇ ਵੀ ਅਜਿਹੇ ਹਨ ਜੋ ਆਪਣੇ ਬਚਿਆਂ ਨੂੰ ਬਾਹਰ ਭੋਜਣ ਸਮੇ ਮਾਸਾਹਾਰ ਕਰ ਲੈਣ ਦਾ ਸੰਕੇਤ ਦਿੰਦੇ ਹਨ।

ਇਥੇ ਇਨੇ ਬਦੇਸਾਂ ਦੇ ਡੈਲੀਗੇਟਾਂ ਦੀ ਹਾਜਰੀ ਇਹ ਸਿਧ ਕਰਨ ਲਈ ਕਾਫੀ ਹੈ ਕਿ ਯੂਰਪ ਵਿਚ ਵੀ ਕਿਸੇ ਅੜਚਣ ਤੋਂ ਬਿਨਾਂ ਸ਼ਾਕਾਹਾਰੀ ਬਣਿਆਂ ਜਾ ਸਕਦਾ ਹੈ।

ਇਹ ਇਕ ਸਚਾਈ ਹੈਕਿ ਵਧ ਰਹੀ ਅਬਾਦੀ ਨੂੰ ਭੋਜਨ ਦੇਣ ਦੀ ਸਮਸਿਆ ਦਾ ਸੁਲਝਾਉ ਸਿਰਫ ਸ਼ਾਕਾਹਾਰ ਤੇ ਜ਼ੋਰ ਦੇਣ ਨਾਲ ਹੀ ਹੋ ਸਕਦਾ ਹੈ। ਮੈਂ ਇਸ ਸਬੰਧੀ ਇਹ ਵੀ ਕਹਿਣਾ ਚਾਹਾਂਗੀ ਜੋ ਵਿਸ਼ੇਸ਼ਤਗਯ ਸਾਡੀ ਸਰਕਾਰ ਤੇ ਲੋਕਾਂ ਨੂੰ ਭੋਜਨ ਬਾਰੇ ਸਲਾਹ ਦਿੰਦੇ ਹਨ ਆਮ ਕਰਕੇ ਇਸ ਦੇਸ ਵਿਚੋਂ ਪ੍ਰਾਪਤ ਹੋਣ ਵਾਲੀਆਂ ਦਾਲਾਂ ਗਰੀ ਮੇਵਾ ਤੇ ਸਬਜੀਆਂ ਤੋਂ ਅਣਜਾਣ ਹਨ ਜਿਨਾ ਨਾਲ ਸਾਡੇ ਸਾਦਾ ਅਤੇ ਗਰੀਬ ਲੋਕ ਆਪਣਾ ਗੁਜ਼ਾਰਾ ਕਰਦੇ ਆ ਰਹੇ ਹਨ। ਮੈਂ ਜਿਥੇ ਬਦੇਸੀਆਂ ਨੂੰ ਇਹਨਾਂ ਤੋਂ ਜਾਣੂ ਹੋਣ ਬਈ ਬੇਨਤੀ ਕਰਾਂਗੀ ਉਥੇ ਭਾਰਤ ਸਰਕਾਰ ਨੂੰ ਵੀ ਬੇਨਤੀ ਕਰਾਂਗੀ ਕਿ ਉਹ ਅਜਿਹੀ ਯੋਜਨਾ ਅਪਣਾਵੇ ਜਿਸ ਨਾਲ ਸਾਨੂੰ ਸਿਰਫ ਸ਼ਾਕਾਹਾਰੀ ਨਹੀਂ ਸਗੋਂ ਚੰਗੀ ਕਿਸਮ ਦੇ ਸ਼ਾਕਾਹਾਰੀ ਬਣਾਉਣ ਵਿਚ ਸਹਾਈ ਹੋਵੇ।

ਉਦਘਾਟਨ

੧੯ ਵੀਂ ਵਿਸ਼ਵ ਸ਼ਕਾਹਾਰੀ ਮਿਲਣੀ ਦਾ ਉਦਘਾਟਨ ਪਰੈਸ ਕਾਨਫਰੰਸ ਤੋਂ ਛੇਤੀ ਹੀ ਪਿਛੋਂ (੧੮.ਨਵੰਬਰ ੧੯੬੭) ਲਗਪਗ ੭ ਵਜੇ ਸ਼ਾਮ ਨੂੰ ਮਾਵਲਾਂਕਰ ਭਵਨ,ਵਿਠਲ ਭਾਈ ਪਟੇਲ ਹਾਊਸ ਰਫੀ ਮਾਰਗ ਵਿਚ ਸ੍ਰੀ ਮੋਰਾਰਜੀ ਡੇਸਾਈ,ਉਪ-ਪ੍ਰਧਾਨ ਮੰਤਰੀ. ਭਾਰਤ ਸਰਕਾਰ ਨੇ ਕੀਤਾ। ਸ੍ਰੀ ਡੇਸਾਈ ਆਪ ਇਕ ਕਟੜ ਸ਼ਾਕਾਹਾਰੀ ਹਨ। ਇਸ ਲਈ ਸ਼ਾਕਾਹਾਰ ਸਬੰਧੀ ਉਨ੍ਹਾਂ ਦੀ ਜਾਂਣਕਾਰੀ ਬਹੁਤ ਵਧ ਹੈ। ਅਪਣੀ ਤਕਰੀਰ ਵਿਚ ਆਪ ਨੇ ਕਿਹਾ, ਇਹ ਪਹਿਲੀ ਸ਼ਾਕਾਹਾਰੀ ਕਾਂਗਰਸ ਨਹੀਂ ਤੇ ਨਾਂ ਹੀ ਸ਼ਾਕਾਹਾਰੀ ਲਹਿਰ ਅਧੁਨਿਕ ਹੈ। ਮਨੁਖ ਦਾ ਮੰਤਵ ਕੁਛ ਵਖਰੀ ਤਰਾਂ ਦਾ ਹੈ। ਮਨੁਖ ਤੇ ਪਸ਼ੂਆਂ ਵਿਚ ਅੰਤਰ ਇਹੋ ਹੈ ਕਿ ਇਸ ਕੋਲ ਬੁਧੀ ਹੈ ਤੇ ਇਹ ਗਲਤ ਠੀਕ ਦੀ ਵਿਚਾਰ ਕਰਨ ਲਈ

Sri Satguru Jagjit Singh Ji Elibrary NamdhariElibrary@gmail.com

ਸਮਰਥਾ ਹੈ-ਖੁਸ਼ੀ ਅਸਲ ਵਿਚ ਦੂਜਿਆਂ ਨੂੰ ਦੁਖ ਦੇਣ ਵਿਚ ਨਹੀਂ ਹੁੰਦੀ ਸਗੋਂ ਇਕ ਦੂਜੇ ਦੀ ਖੁਸ਼ੀ ਹੀ ਸਭ ਦੀ ਖੁਸ਼ੀ ਦਾ ਕਾਰਨ ਬਣਦੀ ਹੈ। ਭਾਵੇਂ ਕੋਈ ਰੱਬ ਵਿਚ ਵਿਸ਼ਵਾਸ ਕਰੇ ਜਾ ਨਾਂ, ਆਪ ਨੇ ਅਗੇ ਚੱਲ ਕੇ ਕਿਹਾ ਹੈ, ਇਸ ਦਾ ਇਸ ਗੱਲ ਨਾਲ ਕੋਈ ਵਿਸ਼ੇਸ਼ ਸਬੰਧ ਨਹੀਂ। ਜੋ ਰੱਬ ਵਿਚ ਵਿਸ਼ਵਾਸ ਰਖਦਾ ਹੈ ਉਹ ਮੰਨਦਾ ਹੈ ਕਿ ਰੱਬ ਸਭ ਨੂੰ ਰਚਣਹਾਰਾ ਹੈ। ਈਸਾ ਮਸੀਹ ਨੇ ਕਿਹਾ ਸੀ ਕਿ ਦੂਜਿਆਂ ਨਾਲ ਉਹੋ ਜਿਹਾ ਵਰਤਾਉ ਕਰੋ ਜੋ ਤੁਸੀਂ ਦੂਜਿਆਂ ਕੋਲੋਂ ਚਹੁੰਦੇ ਹੋ।' ਸਾਡੇ ਭਾਰਤੀ ਸੰਤਾਂ ਮਹੰਤਾਂ ਨੇ ਵੀ ਸਾਨੂੰ ਇਹੋ ਸੰਸਕ੍ਰਿਤੀ ਦਿਤੀ ਜਿਸ ਤੇ ਸਾਨੂੰ ਮਾਣ ਹੈ ਉਨ੍ਹਾਂ ਨੇ ਸਾਨੂੰ ਆਪਣੇ ਵਰਗੇ ਹਰ ਜੀਵ ਨਾਲ ਉਜੇਹਾ ਵਰਤਾਓ ਕਰਨਾ ਦਸਿਆ। ਜੇ ਮੈਂ ਕਿਸੇ ਵਲੋਂ ਦਿਤਾ ਗਿਆ ਦੁਖ ਨਹੀਂ ਚਹੁੰਦਾ ਤਦ ਮੈਂ ਕਿਸੇ ਨੂੰ ਦੁਖ ਦੇਣ ਦਾ ਅਧਿਕਾਰੀ ਕਿਵੇਂ ਹਾਂ? ਇਹੋ ਸਿਧਾਂਤ ਹੈ ਅਹਿੰਸਾ ਦਾ ਜਿਸ ਨੂੰ ਮਹਾਂਵੀਰ ਤੇ ਬੁਧ ਆਦ ਨੇ ਪਰਚਾਰਿਆ ਜੋ ਸਭ ਨੂੰ ਪਰਵਾਨ ਵੀ ਹੋਇਆ।

ਅਹਿੰਸਾ ਨੂੰ ਹੋਰ ਅਗਾਂਹ ਵਿਚਾਰਦਿਆ ਆਪ ਨੇ ਕਿਹਾ ਹਿੰਸਾ ਵਿਚ ਗੁਸੇ, ਜ਼ੁਲਮਾਂ ਦੇ ਤੇ ਦੂਜਿਆਂ ਨੂੰ ਗੁਸੇ ਜਾਂ ਸਾੜੇ ਵਿਚ ਦੁਖ ਦੇਣ ਦੇ ਤੱਤ ਹੁੰਦੇ ਹਨ ਜੇ ਕੋਈ ਦਰਦੀ ਬਣਦਾ ਹੈ ਤਾਂ ਅਹਿੰਸਕ ਹੋਣਾਂ ਜ਼ਰੂਰੀ ਹੈ ਨਹੀਂ ਤਾਂ ਸਚ ਤਕ ਪੁਜਣਾਂ ਸੌਖਾ ਨਹੀਂ। ਅਸੀਂ ਦੂਜਿਆਂ ਨੂੰ ਤੰਗ ਕਰਕੇ ਆਪ ਪ੍ਰਸੰਨ ਨਹੀਂ ਰਹਿ ਸਕਦੇ। ਬਸ ਇਸੇ ਨੂੰ ਹੀ ਸ਼ਾਕਾਹਾਰ ਕਿਹਾ ਜਾਂਦਾ ਹੈ। ਜੋ ਦੂਜਿਆਂ ਦੀ ਜਿੰਦ ਲੈਂਦੇ ਹਨ ਉਹ ਮਨੁਖ ਦਰਦੀ ਨਹੀਂ ਹੋ ਸਕਦੇ। ਇਸੇ ਗੱਲ ਦਾ ਮਨੁਖ ਤੇ ਦੂਜਿਆਂ ਪਸ਼ੂਆਂ ਵਿਚ ਫਰਕ ਹੈ। ਇਹ ਗੱਲ ਵਖਰੀ ਹੈ ਕਿ ਕਈ ਜ਼ਾਲਮ ਵੀ ਸ਼ਾਕਾਹਾਰੀ ਹਨ ਤੇ ਬਹੁਤੇ ਮਾਸਾਹਾਰੀ ਵੀ ਦਇਆਵਾਨ ਹੁੰਦੇ ਹਨ।" ਭਾਰਤ ਵਿਚਲੇ ਸ਼ਾਕਾਹਾਰੀਆਂ ਸਬੰਧੀ ਬੋਲਦਿਆਂ ਸ੍ਰੀ ਡੇਸਾਈ ਨੇ ਨੇ ਕਿਹਾ, "ਹੁਣ ਇਥੇ ਸ਼ਾਕਾਹਾਰੀਆ ਦੀ ਬਹੁ ਗਿਣਤੀ ਨਹੀਂ ਰਹੀ। ਕਿਤੇ ਬਹੁਤੇ ਹਨ ਕਿਤੇ ਥੋੜੇ, ਪਰ ਸਾਡੇ ਵਿਚ ਆਤਮਕ ਸਿਧ ਸਿਰਫ ਸ਼ਾਕਾਹਾਰ ਹੀ ਪੈਦਾ ਕਰਦਾ ਹੈ।" ਖਾਣ ਵਰਤਾਂ ਬਾਰੇ ਆਪਣੇ ਵਿਚਾਰ ਦਸਦਿਆਂ ਆਪਨੇ ਆਖਿਆ, "ਜੋ ਪਸ਼ੂ ਵਢਣੇ ਚਾਹੁੰਦੇ ਹਨ ਉਹ ਜ਼ਰਾ ਵਿਚਾਰ ਕਰਨ ਕਿ ਪਸ਼ੂਆਂ ਨੂੰ ਮਾਰਨ ਤੇ ਖਾਣ ਵਾਲਾ ਜਾਲਮ ਕਿਵੇਂ ਨਾ ਹੋਇਆ? ਨਾਲੇ ਖਾਣ ਲਈ ਪਸ਼ੂ ਪਾਲਣੇ ਹੋਣ ਤਾਂ ਉਨ੍ਹਾਂ ਲਈ ਹੀ ਥਾਂ ਬਹੁਤ ਚਾਹੀਦਾ ਹੈ। ਮਨੁਖ ਨੂੰ ਮਨੁਖ ਹੋਣਾ ਚਾਹੀਦਾ ਹੈ ਜੇ ਮੈਂ ਕਿਸੇ ਨਾਲ ਵੀ ਦੁਸ਼ਮਨੀ ਰਖਦਾ ਹਾਂ ਤੇ ਜ਼ਾਲਮ ਹਾਂ ਤਦ ਦਇਆ ਤਾਂ ਮੇਰੇ ਵਿਚ ਨਾ ਰਹੀ ਨਾ? ਮਨੁਖ ਦੇ ਖਾਣ ਲਈ ਹੋਰ ਬਥੇਰੀਆਂ ਚੀਜ਼ਾਂ ਹਨ।"

ਅਹਿੰਸਾ ਸਬੰਧੀ ਮੋਰਾਰ ਜੀ ਨੇ ਭਾਰਤ ਵਿਚ 'ਬਧ' ਦੀ ਅਵਸਥਾ ਸਬੰਧੀ ਆਪਣੇ ਇਸ ਭਾਸ਼ਣ ਵਿਚ ਕਿਹਾ ਕਿ, "ਕਾਂਗਰਸ ਸਰਕਾਰ ਵੀ ਸ਼ਾਕਾਹਾਰ ਬਾਰੇ ਸੋਚਦੀ ਹੈ। ਪਰ ਕਾਨੂੰਨ ਬਣਦੇ ਹਨ ਲੋਕਾਂ ਦੀ ਬਹੁਗਿਣਤੀ ਨਾਲ ਬਹੁਗਿਣਤੀ ਹੁਣ ਮਾਸਾਹਾਰੀਆਂ ਦੀ ਹੈ। ਸਾਡੇ ਦੇਸ ਵਿਚ ਬਧ ਕਿਵੇਂ ਬੰਦ ਹੋਵੇ ਜਦ ਅਸਾਡੀ, ਸ਼ਾਕਾਹਾਰੀਆਂ ਦੀ ਬਹੁ ਗਿਣਤੀ ਨਹੀਂ ਜਾਂ ਫਿਰ ਡਿਕਟੇਟਰ ਕਾਨੂੰਨ ਬਣਾ ਸਕਦਾ ਹੈ ਪਰ ਉਹ ਸ਼ਾਕਾਹਾਰੀ ਨਹੀਂ ਹੁੰਦਾ (ਆਮ ਕਰਕੇ)। ਅਸੀਂ ਸ਼ਾਕਾਹਾਰੀ ਹਾਂ ਤਦ ਡਿਕਟੇਟਰ ਨਹੀਂ।" ਮਹਾਤਮਾ ਬੁਧ ਦੇ ਅਹਾਰ ਬਾਰੇ ਵੀ ਸ੍ਰੀ ਡੇਸਾਈ ਨੇ ਨਿਰਨਾ ਦਿਤਾ, ਕਿ ਉਹਨਾ ਨੇ ਮਾਂਸ ਨਹੀਂ ਖਾਧਾ ਸਗੋਂ ਉਹ ਹੀ ਕੁਛ ਖਾਧਾ ਸੀ ਜੋ ਉਹ ਰੋਜ਼ ਹੀ ਖਾਂਦੇ ਸਨ।

ਆਪਣੇ ਭਾਸ਼ਣ ਦੇ ਅੰਤ ਤੇ ਸ੍ਰੀ ਉਪ-ਪ੍ਰਧਾਨ ਮੰਤਰੀ ਜੀ ਨੇ ਆਖਿਆ, "ਅਜ ਵਿਚਾਰ ਚਲ ਰਿਹਾ ਹੈ ਕਿ ਸ਼ਹਿਦ, ਜਾ ਦੁਧ ਆਦਿ ਨੂੰ ਸ਼ਾਕਾਹਾਰ ਵਿਚ ਗਿਣਿਆ ਜਾ ਸਕਦਾ ਹੈ ਜਾਂ ਨਹੀਂ ਮੈਂ ਇਸ ਭਾਂਵਨਾ ਦਾ ਵੀ ਸਤਿਕਾਰ ਕਰਦਾ ਹਾਂ ਪਰ ਜੋ ਚੀਜ਼ ਕਿਸੇ ਨੂੰ ਦੁਖ ਦੇਣ ਤੋਂ ਬਿਨਾ ਪ੍ਰਾਪਤ ਹੋ ਸਕੇ ਉਹ ਚੰਗੀ ਹੈ। ਪਰ ਕਿਸੇ ਦੀ

Sri Satguru Jagjit Singh Ji Elibrary NamdhariElibrary@gmail.com

ਅਖਤ ਅਲੋਚਨਾ ਕਰਨ ਸਮੇਂ ਵੀ ਅਸੀਂ ਸ਼ਾਕਾਹਾਰ ਦੀ ਸਚਾਈ ਤੋਂ ਦੂਰ ਚਲੇ ਜਾਂਦੇ ਹਾਂ ਪਰਚਾਰ ਚਾਹੀਦਾ ਹੈ ਸਦਭਾਵਨਾ ਵਾਲਾ।

ਸ੍ਰੀ ਸਤਿਗੁਰੂ ਜੀ

ਸ੍ਰੀ ਡੇਸਾਈ ਤੋਂ ਪਿਛੋਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਸੰਖੇਪ ਭਾਸ਼ਣ ਵਿਚ ਫਰਮਾਇਆ ਕਿ ਇੰਗਲੈਂਡ ਦੇ ਆਪਣੇ ਦੌਰੇ ਸਮੇਂ ਉਹ ਅੰਤਰ ਰਾਸ਼ਟਰੀ ਸ਼ਾਕਾਹਾਰੀ ਸੰਗਠਨ ਦੇ ਜਰਨਲ ਸਕਤਰ ਸ੍ਰੀ ਰਡ ਨੂੰ ਮਿਲੇ ਤਦ ਪੁਛਣ ਤੇ ਰਡ ਨੇ ਦਸਿਆ ਕਿ ਜਦੋਂ ਉਹ ੧੬ ਸਾਲ ਦੇ ਸਨ ਤਾਂ ਉਨ੍ਹਾਂ, ਦੇ ਆਪਿਆਂ ਤੇ ਚੜ੍ਹਦੇ ਦਾ ਅਸਰ ਹੋਇਆ ਜਿਸ ਅਧੀਨ ਉਨ੍ਹਾਂ ਨੇ ਮਾਸ ਖਾਣਾ ਛਡ ਦਿਤਾ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆਂ ਕਿ ਇੰਗਲੈਂਡ ਤੋਂ ਤੁਰ ਕੇ ਚੜ੍ਹਦੇ ਵਲ ਨੂੰ ਆਈਏ ਤਾਂ ਭਾਰਤ ਹੀ ਸ਼ਾਕਾਹਾਰੀ ਦੇਸ ਆਉਂਦਾ ਹੈ। ਇਹੋ ਜਿਹੀਆਂ ਕਾਨਫਰੰਸਾਂ ਨੂੰ ਆਪ ਨੇ ਸਭ ਕੌਮਾਂ ਨਾਲ ਸਮੇਲ ਦਾ ਮੌਕਾ ਦਸਿਆ। ਆਪ ਅਨੁਸਾਰ ੧੦੦ ਵਰ੍ਹਾ ਪਹਿਲਾਂ ਜਪਾਨੀ ਵੀ ਸ਼ਾਕਹਾਰੀ ਸਨ—ਇਸ ਪਖੋਂ ਪਹਿਲਾਂ ਕਦੇ ਦੋ ਕੌਮਾਂ (ਭਾਰਤੀ—ਜਪਾਨੀ) ਇਕੱਠੀਆਂ ਹੁੰਦੀਆਂ ਸਨ ਤੇ ਹੁਣ ਫਿਰ ਦੋਬਾਰਾ ਇਕੱਠੇ ਹੋਣ ਦੀ ਆਸ ਹੈ।

ਸ੍ਰੀ ਸਤਿਗੁਰੂ ਜੀ ਪਿਛੋਂ ਸ੍ਰੀ ਮਤੀ ਅਰਨਡੇਲ (ਜੋ ਅੰਤਰਰਾਸ਼ਟਰੀ ਸ਼ਾਕਾਹਾਰੀ ਸੰਗਠਨ ਦੀ ਉਪ ਪ੍ਰਧਾਨ ਹਨ) ਨੇ ਇਸ ਮਹਾਨ ਇਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵਡੇ ਦੀ ਗਲ ਅਪਣਾਕੇ ਅਸੀਂ ਵੀ ਵਡੇ ਬਣਦੇ ਹਾਂ। ਸ਼ਾਕਾਹਾਰ ਦੀ ਲੋੜ ਦਸਦਿਆਂ ਉਨ੍ਹਾ ਕਿਹਾ, "ਯੁਵਕ ਅਜ ਮਾਸਾਹਾਰ ਵਲ ਨੂੰ ਝੁਕ ਰਹੇ ਹਨ। ਕਿਉਂਕਿ ਅਸੀਂ ਇਸ ਸਬੰਧ ਵਿਚ ਉਨ੍ਹਾਂ ਦੀ ਪ੍ਰਸ਼ਨਾਲਵੀ ਦਾ ਉਤਰ ਨਹੀਂ ਦੇ ਸਕਦੇ। ਇਥੇ ਬਦੇਸ਼ੀਆਂ ਦੀ ਵਡੀ ਹਾਜ਼ਰੀ ਸਿਧ ਕਰਦੀ ਹੈ ਕਿ ਸ਼ਾਕਾਹਾਰੀ ਬਣਿਆ ਜਾ ਸਕਦਾ ਹੈ। ਯੁਵਕ ਪੀੜ੍ਹੀ ਨੂੰ ਇਸ ਸਕੀਮ ਵਿਚ ਮਜਬੂਰ ਕਰਨ ਨਾਲੋਂ ਪ੍ਰੇਰਨਾ ਦਿਉ।" ਆਪ ਨੇ ਅਗੇ ਚਲ ਕੇ ਕਿਹਾ ਕਿ ਅਸੀਂ ਭਾਰਤੀ ਬਦੇਸ਼ੀਆਂ ਕੋਲੋਂ ਸਿਖਦੇ ਹਾਂ ਤਦ ਬਦੇਸ਼ੀਆਂ ਨੂੰ ਵੀ ਇਥੋਂ ਕੁਛ ਸਿਖਣਾਂ ਚਾਹੀਦਾ ਹੈ। ਬਦੇਸ਼ੀ ਪੁਛਦੇ ਹਨ ਕਿ ਭਾਰਤੀ ਪ੍ਰੋਟੀਨ ਕਿਥੋਂ ਪ੍ਰਾਪਤ ਕਰਦੇ ਹਨ।

ਬਾਹਰ ਮਾਸ ਭੇਜਣ ਲਈ ਹੀ ਪਸ਼ੂ ਬਧ ਕਰਨ ਤੇ ਅਫਸੋਸ ਪ੍ਰਗਟ ਕਰਦਿਆਂ ਸ੍ਰੀ ਮਤੀ ਰੁਕਮਣੀ ਦੇਵੀ ਨੇ ਆਸ ਪ੍ਰਗਟ ਕੀਤੀ ਸ਼ਾਇਦ ਭਾਰਤ ਸਰਕਾਰ ਵੀ ਸ੍ਰੀ ਡੇਸਾਈ ਰਾਹੀਂ ਸ਼ਾਕਾਹਾਰ ਅਪਨਾਉਣ ਵਿਚ ਭਾਰਤੀਆਂ ਦੀ ਮਦਦ ਕਰੇਗੀ।'

ਸ੍ਰੀ ਮਤੀ ਅਰੁਨਡੇਲ ਦੇ ਭਾਸ਼ਨ ਪਿਛੋਂ ਵਖ ਵਖ ਬਦੇਸ਼ੀ ਡੈਲੀਗੇਟਾਂ ਜਾਂ ਉਹਨਾਂ ਦੇ ਆਗੂਆਂ ਦਾ ਜਾਣਪਛ ਣ ਕਰਾਈ ਗਈ। ਭਾਵੇਂ ਸ੍ਰੀ ਮੁਰਾਰ ਜੀ ਡੇਸਾਈ ਦੇ ਸਹਿਯੋਗ ਨਾਲ ਭਾਰਤ ਸਰਕਾਰ ਤੋਂ ਇਹ ਆਗਿਆ ਪ੍ਰਾਪਤ ਕਰ ਲਈ ਗਈ ਸੀ ਕਿ ਬਦੇਸ਼ੀ ਸ਼ਾਕਾਹਾਰੀ ਚੀਚਕ ਦਾ ਟੀਕਾ ਲਵਾਉਣ ਤੋਂ ਬਿਨਾਂ ਹੀ ਭਾਰਤ ਆ ਸਕਦੇ ਹਨ ਪਰ ਬਰਤਾਨੀਆਂ ਵਿਚ ਕੁਛ ਸਮੇਂ ਤੋਂ ਫਿਰ ਇਹ ਪਾਬੰਦੀ ਲਗ ਜਾਣ ਕਾਰਨ ਬਹੁਤ ਵਡੀ ਗਿਣਤੀ ਇਸ ਕਾਨਫਰੰਸ ਵਿਚ ਨਹੀਂ ਪੁਜ ਸਕੀ। ਇਹਨਾ ਵਿਚ ਹੀ ਅੰ: ਰਾ: ਸੰਗਠਨ ਦੇ ਜਨਰਲ ਸਕਤਰ ਸ੍ਰੀ ਜੀ. ਐਲ. ਰਡ ਵੀ ਸਨ।

ਅਮਰੀਕਾ ਦੇ ਡਾ: ਸਕਾਟ ਨੇ ਆਪਣੀ ਜਾਣ ਪਛਾਣ ਇਕੋ ਵਾਕ ਰਾਹੀਂ ਕਰਵਾਉਂਦਿਆਂ ਕਿਹਾ ਕਿ ਭਾਵੇਂ ਮੈਂ ੫੦ ਸਾਲ ਤੋਂ ਸ਼ਾਕਾਹਾਰੀ ਹਾਂ ਪਰ ਮੈਨੂੰ ਉਸ ਅਮਰੀਕਾ ਦਾ ਸ਼ਹਿਰੀ ਹੋਣਦੀ ਸ਼ਰਮ ਹੈ ਜਿਸ ਨੇ ਵੀਅਤਨਾਮ ਵਿਚ 'ਸਭ ਨੂੰ ਮਾਰੋ-ਸਭ ਕੁਛ ਤਬਾਹ ਕਰੋ' ਦੀ ਨੀਤੀ ਅਪਣਾਈ ਹੈ।

ਇਸਰਾਈਲੀ ਡੇਲੀਗੇਟ ਨੇ ਦਸਿਆ ਕਿ ਅੰਜੀਲ ਵਿਚਲੇ ਅਹਿੰਸਾ ਦੇ ਸਿਧਾਂਤ ਦਾ ਭਾਰਤੀ ਸਿਧਾਂਤ ਨਾਲ ਬਹੁਤ ਚੰਗਾ ਮੇਲ ਹੈ। ਉਹਨੇ ਹਥ ਵਿਚ ਹਥ ਪਾਕੇ ਸ਼ਾਕਾਹਾਰ ਲਈ ਕੰਮ ਕਰਨ ਦਾ ਸੁਝਾਉ ਪੇਸ਼ ਕੀਤਾ।

Sri Satguru Jagjit Singh Ji Elibrary NamdhariElibrary@gmail.com

ਧਾਰਮਕ ਇਕਠ

ਅਗਲੇ ਦਿਨ ੧੯ ਨਵੰਬਰ ੧੯੬੭ ਨੂੰ ਗਾਂਧੀ ਗਰਾਊਂਡ ਚਾਂਦਨੀ ਚੌਂਕ ਵਿਚ ਮੁਨੀ ਸੁਸ਼ੀਲ ਕੁਮਾਰ ਜੀ ਦੀ ਪ੍ਰਧਾਨਗੀ ਥਲੇ ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਸਤਿਗੁਰੂ ਜੀ ਨੇ ਕਰਨੀ ਸੀ ਪਰ ਮੁਨੀਜੀਦੇ ਦਫਤਰ ਵਲੋਂ ਛਪਾਏ ਗਏ ਇਸਤਿਹਾਰਾਂ ਵਿਚ ਉਦਘਾਟਨ ਕਰਤਾ ਸ਼ੰਕਰਾਚਾਰੀਆ ਨਿਰੰਜਨ ਦੇਵ ਜੀ ਨੂੰ ਦਸਿਆ ਗਿਆ ਸੀ। ਜਦ ਕਿ ਕਾਰਡਾਂ ਤੇ ਸ੍ਰੀ ਸਤਿਗੁਰੂ ਜੀ ਦਾ ਨਾਂ ਛਪਿਆ ਹੋਇਆ ਸੀ ਇਸ ਦੋਹਰੀ ਰਾਜ-ਨੀਤੀ ਵਿਚ ਪੈਣ ਨਾਲੋਂ ਚੰਗਾ ਇਹੋ ਸਮਝਿਆ ਗਿਆ ਕਿ ਉਦਘਾਟਨ ਸੁਆਮੀ ਸ਼ੰਕਰਾਚਾਰੀਆ ਜੀ ਹੀ ਕਰਨ।

ਇਸ ਸਮਾਗਮ ਵਿਚ ਕਾਫੀ ਨਾਮਧਾਰੀ ਹਾਜ਼ਰ ਸਨ। ਭਾਵੇਂ ਹੋਰ ਵੀ ਵਧ ਗਿਣਤੀ ਵਿਚ ਹਾਜਰੀ ਹੋ ਸਕਦੀ ਸੀ ਪਰ ਕਾਨਫਰੰਸ ਦੇ ਪ੍ਰਬੰਧਕਾਂ ਵਲੋਂ ਇਸ ਮੰਤਵ ਲਈ ਉਦਮ ਬਹੁਤ ਪਛੜ ਕੇ ਸ਼ੁਰੂ ਕੀਤੇ ਗਏ ਜਿਸ ਕਾਰਨ ਕਈ ਇਛਕ ਵੀ ਇਸ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ। ਸਤਿਗੁਰੂ ਜੀ ਨੇ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਫੁਰਮਾਇਆ ਕਿ ਇਉਂ ਮਾਲੂਮ ਹੁੰਦਾ ਹੈ ਜਿਵੇਂ ਅਸੀਂ ਭਾਰਤੀ ਲੋਕ ਠੀਕ ਅਰਥਾਂ ਵਿਚ ਭਾਰਤੀ ਨਹੀਂ ਰਹੇ। ਸਾਡਾ ਪਹਿਰਾਵਾ ਖਾਣ ਪੀਣ ਤੇ ਇਥੋਂ ਤਕ ਕਿ ਵਿਦਿਆ ਪ੍ਰਣਾਲੀ ਵੀ ਸਹੀ ਤੇ ਭਾਰਤੀ ਨਹੀਂ। ਆਪ ਨੇ ਭਾਰਤੀਅਤਾ ਅਪਣਾਉਣ ਤੇ ਜ਼ੋਰ ਦਿਤਾ। ਕਿਸੇ ਨ ਇਸਰਈਲ ਤੇ ਅਰਬ ਦੀ ਜੰਗ ਬਾਰੇ ਬੋਲਿਆ ਸੀ ਉਸ ਸਬੰਧੀ ਆਪਣੇ ਸੁਝਾਉ ਦਿੰਦਿਆਂ ਹਜ਼ੂਰ ਨੇ ਫਰਮਾਇਆ ਕਿ ਇਸਰਾਈਲ ਵਾਲਿਆ ਦੇ ਆਪਣੇ ਕਹਿਣ ਅਨੁਸਾਰ ਇਸ ਜੰਗ ਵਿਚ ਧਰਮ ਤੇ ਅਰਦਾਸ ਸ਼ਕਤ ਨਾਲ ਉਹਨਾਂ ਨੇ ਬਲ ਪ੍ਰਾਪਤ ਕੀਤਾ ਹੈ। ਹੁਣ ਉਹ ਆਪਣੀ ਇਸ ਖਿਚੋਤਾਣ ਨੂੰ ਵੀ ਅਰਦਾਸ ਤੇ ਧਰਮ ਦੇ ਆਸਰੇ ਹੀ ਖਤਮ ਕਰ ਲੈਣ ਤਾਂ ਕਿ ਅਮਨ ਹੋ ਸਕੇ। ਜੀਵ ਜੰਤੂਆਂ ਬਾਰੇ ਬੋਲਦਿਆਂ ਆਪ ਨੇ ਕਿਹਾ ਕਿ ਰੁਕਮਣੀ ਦੇਵੀ ਜੀ ਨੇ ਇਕ ਵਾਰ ਪਾਰ-ਲੀਮੈਂਟ ਵਿਚ ਜੀਵ ਭਲਾਈ ਲਈ ਕੋਈ ਬਿਲ ਪੇਸ਼ ਕੀਤਾ ਸੀ ਤਦ ਇਹਨਾ ਦੀ ਵਿਰੋਧਤਾ ਹੋਈ ਸੀ। ਵਿਰੋਧਤਾ ਦੇ ਉਤਰ ਵਿਚ ਰੁਕਮਣੀ ਦੇਵੀ ਜੀ ਨੇ ਕਿਹਾ ਸੀ ਕਿ ਸਾਰੇ ਪਰਾਤਾਂ ਦੇ ਲੋਕ ਦੇ ਪ੍ਰਤੀਨਿਧ ਪਾਰਲੀਮੈਂਟ ਵਿਚ ਹੁੰਦੇ ਹਨ। ਕੀ ਮੈਂ ਉਨਾਂ ਜੀਵਾਂ ਦੀ ਪ੍ਰਤੀਨਿਧ ਹੋਣ ਦੇ ਨਾਤੇ ਨਹੀਂ ਬੋਲ ਸਕਦੀ ਜਿਨਾਂ ਦੇ ਮੂੰਹ ਵਿਚ ਜ਼ਬਾਨ ਵੀ ਨਹੀਂ ? ਆਪ ਨੇ ਸੁਝਾਉ ਦਿਤਾ ਕਿ ਇਹਨਾ ਬੇਜਬਾਨਿਆਂ ਦਾ ਵੀ ਪ੍ਰਤੀਨਿਧ ਜਰੂਰ ਹੋਣਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਜੀ ਤੋਂ ਪਹਿਲਾਂ ਸੁਆਮੀ ਗੁਰਚਰਨ ਦਾਸ ਜੀ ਨੇ ਦਸਿਆ ਕਿ ਹੋਰ ਸਾਰੇ ਜੀਵਾਂ ਦੀ ਆਦਮੀ ਤੋਂ ਬਹੁਤੀ ਗਿਣਤੀ ਹੈ। ਇਸ ਲਈ ਉਹਨਾਂ ਦਾ ਵੀ ਜਗ ਵਿਚ ਜਿਊਣ ਦਾ ਉਨਾਂ ਹੀ ਹਕ ਬਣਦਾ ਹੈ। ਮਾਸ ਬਾਰੇ ਬੋਲਦਿਆਂ ਆਪ ਨੇ ਕਿਹਾ ਕਿ ਬਹੁਤੇ ਥਾਵਾਂ ਤੇ ਮਾਸ ਦਾ ਅਰਥ ਮਾਂ-ਅੰਸ (ਮਾਂ ਦੀ ਅੰਸ ਕੀਤਾ ਗਿਆ ਹੈ। ਕੀ ਇਹ ਖਾਣ ਯੋਗ ਹੈ ? ਕੁਤੇ ਦਾ ਮਾਸ ਸਭ ਤੋਂ ਭੈੜਾ ਗਿਣਿਆ ਗਿਆ ਹੈ ਪਰ ਮਨੁਖ ਦਾ ਮਾਸ ੧੦੦ ਕੁਤੇ ਦੇ ਬਰਾਬਰ ਲਿਖਿਆ ਹੈ। ਵੇਦਾਂ ਅਨੁ-ਸਾਰ ਇਸ ਜਮੀਨ ਤੇ ਪਹਿਲਾਂ ਕਬਜਾ ਮਨੁਖ ਦਾ ਨਹੀਂ ਸਗੋਂ ਜਾਊ ਦਾ ਸੀ। ਨਾਮਧਾਰੀ ਸੰਗਤ ਵਲ ਇਸ਼ਾਰਾ ਕਰਦਿਆਂ ਉਹਨਾਂ ਕਿਹਾ-ਸਤਿਗੁਰੂ ਜੀ ਦੀ ਪੰਜਾਬੀ ਫੋਜ ਬੈਠੀ ਹੈ। ਜੋ ਅਸ਼ੁਧ ਤੇ ਅਪਵਿਤਰ ਚੀਜ ਨਾਲ ਛੂੰਹਦੇ ਵੀ ਨਹੀਂ ਸ਼ਾਕਾਹਾਰੀ ਸੰਗਠਨ ਦੇ ਅਸਲੀ ਸੈਨਕ ਇਹੋ ਹੀ ਹਨ।

ਸ੍ਰੀ ਕ੍ਰਿਸ਼ਨਾ ਮੈਨਨ ਜੀ, ਜੋ ਆਪ ਵੀ ਸ਼ਾਕਾ-ਹਾਰੀ ਹਨ, ਇਸ ਇਕਠ ਨੂੰ ਸੁਝਾਉ ਦਿੰਦਿਆ ਕਿਹਾ ਕਿ ਮਾਂਵਾਂ ਅਪਣੇ ਬਚਿਆਂ ਨੂੰ ਮਾਸਾਹਾਰੀ ਭੋਜਨ ਖਾਣ ਲਈ ਮਜਬੂਰ ਨਾ ਕਰਨ। ਸ਼ਾਕਾਹਾਰ ਨੂੰ ਜਬਰਦਸਤੀ ਕਿਸੇ ਤ ਠੋਸਣ ਦੀ ਥਾਂ ਉਹਨਾਂ ਕਿਹਾ ਜੇ ਅਸੀਂ ਬਹੁਤੀਆਂ ਸਬਜੀਆਂ ਬੀਜਾਂਗੇ ਤਾਂ ਲੋਕ

Sri Satguru Jagjit Singh Ji Elibrary NamdhariElibrary@gmail.com

ਆਪ ਹੀ ਉਹਨਾ ਨੂੰ ਖ ਣ ਲਗ ਪੈਣਗੇ। ਉਹਨਾ ਇਸ ਗਲ ਤੇ ਦੁਖ ਪ੍ਰਗਟ ਕੀਤਾ ਕਿ ਬਹੁਤੇ ਲੋਕ ਸਾਕਾਹਾਰ ਨੂੰ ਪਸੰਦ ਨਹੀਂ ਕਰਦੇ ਪਰ ਸਾਕਾਹਾਰੀ ਪਸ਼ੂ ਪੰਛੀਆਂ ਦਾ ਮਾਸ ਖਾਣਾ ਯੋਗ ਗਿਣ ਲੈਂਦੇ ਹਨ।

ਇਸ ਪਿਛੋਂ ਅਸਟਰੇਲੀਆ ਦੇ ਡਾਕਟਰ ਬਰਟਨ ਨੇ ਬੋਲਦਿਆਂ ਕਿਹਾ ਜਦੋਂ ਸਫਰ ਕਰ ਦਿਆਂ ਸ਼ਾਕਾਹਾਰ ਦੀਆਂ ਗਲਾਂ ਕੀਤੀਆਂ ਤੇ ਸੁਣੀਆਂ ਤਾਂ ਬੜੀ ਪ੍ਰਸੰਨਤਾ ਹੋਈ। ਸਫਰ ਵਿਚ ਕੁਛ ਵੀ ਨਾ ਖਾਂਣ ਤੇ ਸਾਥੀਆਂ ਨੇ ਮੈਨੂੰ ਪੁਛਿਆ ਤੁਸਾਂ ਈਸਾਈ ਬ੍ਰਾਹਮਣ ਤਾਂ ਨਹੀ ?।

ਅੰਜੀਲ ਦੀਆਂ ਕਿਸਤਾਂ ਬਾਰੇ ਬੋਲਦਿਆਂ ਉਹਨਾਂ ਦਸਿਆ ਕਿ ਅੰਜੀਲ ਵਿਚ ਸਰੀਰ ਨੂੰ ਰਬ ਦਾ ਮੰਦਰ ਕਿਹਾ ਗਿਆ ਹੈ। ਮਾਸਾਹਾਰ ਨਾਲ ਸਰੀਰ ਨੂੰ ਅਸ਼ੁਧ ਕੀਤਾ ਜਾਂਦਾ ਹੈ। ਮੈਂ ਸਿਰਫ ਏਸੇ ਕਾਰਨ ਹੀ ਸ਼ਾਕਾਹ ਰੀ ਨਹੀਂ ਸਗੋਂ ਜਾਂਨਵਰਾਂ ਦੀ ਕਤਲ ਹੋਣ ਵੇਲੇ ਭੈੜੀ ਦਸ਼ਾ ਦੇਖਕੇ ਵੀ ਉਸ ਭੋਜਨ ਤੋਂ ਪਰਹੇਜ ਕਰਨਾ ਯੋਗ ਹੈ। ਅਸੀਂ ਅਮਨ ਦੀਆਂ ਟਾਹਰਾਂ ਕਿਵੇਂ ਲਾ ਸਕਦੇ ਹਾਂ-ਜੇ ਅਸੀਂ ਮਾਸਾਹਾਰੀ ਹਾਂ ਸ਼ਾਕਾਹਾਰ-ਪ੍ਰਮਾਤਮਾ ਦਾ ਬਖਸ਼ਿਆ ਸਰਵੋਤਮ ਭੋਜਨ ਹੈ।

ਅਮਰੀਕਾ ਤੋਂ ਆਏ ਡਾਕਟਰ ਜੇ. ਐਮ. ਦਿਨ ਸ਼ਾਅ ਨੇ ਅਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਬੁਧੀਮਾਨ ਲੋਕ ਪੈਦਾ ਕਰਨ ਵਿਚ ਭਾਰਤ ਸਭ ਤੋਂ ਅਗੇ ਹੈ। ਪਿਛਲੇ ਲੰਮੇ ਸਮੇਂ ਵਿਚ ਗਾਂਧੀ ਮਹਾਂ ਪੁਰਖ ਹੋਇਆ। ਪਰ ਉਹ ਜੰਮਦਾ ਹੀ ਮਹਾਤਮਾ ਨਹੀਂ ਸੀ ਬਣ ਗਿਆ। ਸਵੈ ਕੁਰਬਾਨੀ ਨਾਲ ਉਹਨੇ ਇਹ ਪਦਵੀ ਪ੍ਰਾਪਤ ਕੀਤੀ ਉਹਨੇ ਸ਼ਾਕਾਹਾਰ ਨੂੰ ਅਪਣਾਇਆ ਪਰ ਪ੍ਰਯੋਗ ਕਰਕੇ। ਗਾਂਧੀ ਵਾਂਗ ਕੁਰਬਾਨੀ ਕਰਕੇ ਹਰ ਕੋਈ ਮਹਾਤਮਾ ਬਣ ਸਕਦਾ ਹੈ ਇਹ ਮੇਰਾ ਵਿਸ਼ਵਾਸਹੈ । ਅਹਿੰਸਾ ਤੇ ਸ਼ਾਕਾਹਾਰਦਾਉਹਦਾ ਸੰਦੇਸ ਸਭਨੂੰ ਅਪਣਾਉਣਾ ਚਹੀਦਾ ਹੈ।

ਇਸਰਾਈਲੀ ਵਕੀਲ ਰੌਬਿਨਸਨ ਨੇ ਕਿਹਾ ਪਛਮੀ ਦੇਸ਼ਾਂ ਵਿਚ ਯਹੂਦੀ ਸਭ ਤੋਂ ਪੁਰਾਣਾ ਧਰਮ ਹੈ। ਯਹੂਦੀ ਧਰਮ ਦੀ ਬੁਨਿਆਦ ਅਹਿੰਸਾ ਤੇ ਹੈ। ਦੋ ਹਜਾਰ ਵਰ੍ਹੇ ਪਹਿਲਾਂ ਇਕ ਮਹਾਤਮਾ ਨੇ ਯਹੂਦੀ ਧਰਮ ਨੂੰ ਵਰਣਨ ਕੀਤਾ ਸੀ। ਇਕੋ ਵਾਕ ਵਿਚ ਉਸ ਦਾ ਤਤ ਇਹ ਸੀ ਕਿ ਅਪਣੇ ਗੁਆਂਢੀ ਨੂੰ ਅਪਣੇ ਵਰਗਾ ਸਮਝੋ। ਪਹਿਲਾਂ ਯਹੂਦੀ ਧਰਮ ਨੇ ਹੀ ਭੋਜਨ ਲਈ ਜਾਨਵਰ ਦੀ ਹਤਿਆ ਕਰਨੀ ਮਨਾਂ ਕੀਤੀ ਸੀ। ਯਹੂਦੀ ਬਾਈਬਲ ਵਿਚ ਵੀ ਇਹੋ ਦਸਿਆ ਗਿਆ ਹੈ। ਉਥੇ ਇਹ ਨਹੀਂ ਦਸਿਆ ਗਿਆ ਕਿ ਮਾਸ ਖਾਧਾ ਜਾਵੇ ਸਗੋਂ ਇਹ ਲਿਖਿਆ ਹੋਇਆ ਹੈ ਕਿ ਧਰਤੀ ਉਤੇ ਫਲਾਂ ਦੇ ਰੁਖ ਦਿਤੇ ਹਨ ਜਿਨਾਂ ਨਾਲ ਜੀਵਨ ਨਿਰਬਾਹ ਹੋ ਸਕਦਾ ਹੈ।

ਇਕ ਹੋਰ ਇਸਰਾਈਲੀ ਡੈਲੀਗੇਟ ਨੇ ਕਿਹਾ ਕਿ ਧਰਮਚਾਰੀਆਂ ਨੇ ਨੇਮਬਣਾਏ ਕਿ ਪਸ਼ੂ ਬਧ ਨਾ ਕੀਤਾ ਜਾਵੇ। ਸਾਰਾ ਜੀਵਨ ਭਰ ਉਹਨਾਂ ਨੇ ਕਸ਼ਟਾਂ ਦਾ ਸਾਹਮਣਾ ਕੀਤਾ। ਅਸੀਂ ਸ਼ਾਂਤੀ ਚਾਹੁੰਦੇ ਹਾਂ। ਸਾਡੇ ਰੋਜਾਨਾ ਨਿਤਨੇਮ ਵਿਚ ਅਮਨ ਪ੍ਰਤੀ ਇਛਿਆ ਪ੍ਰਗਟਾਈ ਜਾਂਦੀ ਹੈ। ਜਦੋਂ ਅਸੀਂ ਇਕ ਦੂਜੇ ਨੂੰ ਮਿਲਦੇ ਹਾਂ ਤਾਂ ਅਸੀਂ 'ਸੈਲੋਮ' ਕਹਿੰਦੇ ਹਾਂ ਜਿਸ ਦਾ ਅਰਥ ਹੈ। ਅਮਨ ਸ਼ਾਂਤੀ।

ਆਪਣੇ ਸੰਖੇਪ ਭਾਸ਼ਣ ਵਿਚ ਸ੍ਰੀ ਮਤੀ ਰੁਕਮਣੀ ਦੇਵੀ ਨੇ ਦਸਿਆ ਕਿ ਮਾਸਾਹਾਰ ਕਿਸੇ ਵੀ ਧਰਮ ਵਿਚ ਯੋਗ ਨਹੀਂ ਦਸਿਆ ਗਿਆ। ਇਸਲਾਮ ਵਿਚ ਇਹ ਮੰਨਿਆਂ ਜਾਂਦਾ ਹੈ ਕਿ ਸਰੀਰ ਨੂੰ ਕਬਰਸਤਾਨ ਨਹੀਂ ਬਣਾਉਣਾ ਚਾਹੀਦਾ। ਇਕ ਪ੍ਰਸ਼ਨ ਦੇ ਉਤਰ ਵਿਚ ਉਹਨਾ ਕਿਹਾ ਕਿ ਜੇ ਡਾਕਟਰ ਕਿਸੇ ਰੋਗੀ ਨੂੰ ਮਾਸ ਖਾਣ ਦੀ ਸਲਾਹ ਦੇਵੇ ਤਾਂ ਮਾਸਾਹਾਰੀ ਨਹੀਂ ਬਣ ਜਾਣਾ ਚਾਹੀਦਾ ਸਗੋਂ ਡਾਕਟਰ ਹੀ ਬਦਲ ਲੈਣਾ ਚਾਹੀਦਾ ਹੈ।

ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਵੀ ਇਸ ਸਮਾਗਮ ਵਿਚ ਪਧਾਰੇ ਜਿਨਾਂ ਨੇ ਵਰਤਮਾਨ ਮੁਖ ਸਮਸਿਆਵਾਂ ਦੇ ਸੁਲ਼ਝਾਓ ਲਈ

Sri Satguru Jagjit Singh Ji Elibrary NamdhariElibrary@gmail.com

ਸ਼ਾਕਾਹਾਰ ਦੀ ਤੁਰਤ ਲੋੜ ਅਨੁਭਵ ਕੀਤੀ।

ਇਸੇ ਦਿਨ ਹੀ ਸ਼ਾਮ ਦੇ ਤਿੰਨ ਕੁ ਵਜੇ ਸ਼ਾਕਹਾਰੀ ਪਾਕ ਭੋਜਨ ਪਰਦਰਸ਼ਨੀ ਦਾ ਉਦਘਾਟਨ ਸ੍ਰੀ ਗੁਰਪਦ ਸੁਆਮੀ ਭੋਜਨ ਤੇ ਖੇਤੀ ਬਾਰੇ ਰਾਜ ਮੰਤਰੀ ਨੇ ਨੈਸ਼ਨਲ ਸਪੋਰਟਸ ਕਲਬ ਆਫ ਇੰਡੀਆ ਦੇ ਮੈਦਾਨ ਵਿਚ ਕੀਤਾ। ਇਥੇ ਵਖ ਢੰਗਾਂ ਨਾਲ ਤਿਆਰ ਕਰਕੇ ਭੋਜਨ ਪੇਸ਼ ਕੀਤੇ ਗਏ। ਕਈ ਬਿਦੇਸੀਆਂ ਨੇ ਵੀ ਇਸ ਵਿਚ ਭਾਗ ਲਿਆ।

੨੦-੧੨-੧੯੬੭

ਅਜ ਸਵੇਰੇ ੯-॥ ਤੋਂ ੧੧-॥ ਤਕ ਸ਼ਾਕਾ-ਹਾਰ ਤੇ ਸਿਹਤ ਆਰਥਿਕਤਾ ਆਦਿ ਬਾਰੇ ਬਹਿਸ ਹੋਈ। ਪਿਛੋਂ ਦੂਜਿਵਾਂ ਭਰਿਆ ਸਮਾਗਮ ਸ਼ੁਰੂ ਹੋਇਆ। ਸਮਾਗਮ ਦੀ ਪਰਧਾਨਗੀ ਅਮਰੀਕੀ ਬ੍ਰਿਧ ਡਾਕਟਰ ਸਕਾਟ ਨੇ ਕੀਤੀ।

ਇਸ ਸਮਾਗਮ ਵਿਚ ਨਵੀਂ ਦਿਲੀ ਦੀ ਭਾਰਤੀ ਖੇਤੀ ਬਾੜੀ ਅਨੁਸੰਧਾਨਸ਼ਾਲਾ ਦੇ ਡਾਕਟਰ ਸ. ਸਵਾਮੀ ਨਾਥਨ ਨੇ ਇਕ ਲੇਖ ਪੜ੍ਹਿਆ ਜਿਸ ਵਿਚ ਉਹਨਾਂ ਦਸਿਆ ਸੀ ਕਿ ਪ੍ਰੋਟੀਨ ਦੀ ਬਹੁਤੀ ਲੋੜ ਹੈ। ਪ੍ਰੋਟੀਨ ਦੁਧ ਵਿਚ ਬਹੁਤੀ ਹੁੰਦੀ ਹੈ। ਐਮੀਨੋ ਐਸਿਡ ਜਵਾਰ ਵਿਚੋਂ ਬਹੁਤਾ ਪਰਾਪਤ ਕੀਤਾ ਗਿਆ ਹੈ। ਓਹਨਾਂ ਇਹ ਵੀ ਦਸਿਆ ਕਿ ੧੯੬੪ ਵਿਚ ਡਾ: ਈ. ਵੀ. ਮਰਟਸ਼ ਐਲ. ਐਮ. ਏਟਸਨ ਤੇ ਓ. ਈ. ਨੈਲਸਨ (ਅਮਰੀਕਾ ਦੀ ਯੂਨੀਵਰਸਿਟੀ) ਨੇ ਇਹ ਲੱਭਿਆ ਸੀ ਕਿ ਮਕੀ ਦੀ ਇਕ ਕਿਸਮ ਜਿਸ ਦੇ ਬੀਜ ਜਰਾ ਧੁੰਧਲੇ ਜਿਹੇ ਹੁੰਦੇ ਹਨ ਵਿਚ ਆਮ ਮਕੀ ਨਾਲੋਂ ਦੁਗਣਾ ਲਾਈਸਨ ਹੁੰਦਾ ਹੈ। ਜਦ ਚੂਹਿਆਂ ਨੂੰ ਉਹ ਭੋਜਨ ਦਿਤਾ ਗਿਆ ਜਿਸ ਵਿਚ ੯੦ ਪਰਸੈਂਟ ਇਹ ਮਕਈ ਦੀ ਮਿਲਾਵਟ ਸੀ ਤਾਂ ੨੮ ਦਿਨਾਂ ਵਿਚ ਉਹਨਾਂ ਦੇ ਵਜਨ ਵਿਚ ਔਸਤਨ ਵਾਧਾ ੯੭ ਗਰਾਮ ਸੀ ਜਦ ਕਿ ਪਹਿਲੇ ਭੋਜਨ ਨਾਲ ਇਹ ਵਜਨ ੨੭ ਗਰਾਮ ਹੀ ਹੁੰਦਾ ਸੀ।

ਪ੍ਰੋਟੀਨ ਬਾਰੇ ਅਗੇ ਚਲਕੇ ਇਸ ਲੇਖ ਵਿਚ ਕਿਹਾ ਗਿਆ ਸੀ ਕਿ ਕਣਕ ਵਿਚ ਸਤ ਤੋਂ ਅਠ ਪਰਸੈਂਟ ਪ੍ਰੋਟੀਨ ਮਿਲਦੀ ਹੈ।

ਪਰ ਇਸ ਲੇਖ ਵਿਚ ਓਹਨਾਂ ਨੇ ਪ੍ਰੋਟੀਨ ਪਰਾਪਤੀ ਲਈ ਫਸਲਾਂ ਨੂੰ ਖਾਦਾਂ ਪੌਣ ਤੇ ਬਹੁਤਾ ਜ਼ੋਰ ਦਿਤਾ ਗਿਆ ਸੀ।

ਆਪਣਾ ਲੇਖ ਪੜ ਚੁਕਣ ਤੋਂ ਬਾਦ ਇਸ ਬਾਰੇ ਬੋਲਦਿਆਂ ਡਾ: ਸਵਾਮੀ ਨਾਥਨ ਨੇ ਕਿਹਾ — ਮਾਤਰਾ ਪਰਾਪਤੀ ਦੀ ਭਾਰਤ ਵਿਚ ਸਮਸਿਆ ਹੈ। ਇਸ ਨੂੰ ਦੂਰ ਕਰਨ ਲਈ ੧੯੪੭ ਵਿਚ ਸਿੰਦਰੀ ਵਿਚ ਪਹਿਲਾ ਖਾਦ ਕਾਰਖਾਨਾ ਲਾਇਆ ਗਿਆ। ਓਹਨਾਂ ਨੇ ਪ੍ਰੋਟੀਨ ਤੇ ਐਮੀਨੋ ਐਸਿਡ ਵਾਲੇ ਭੋਜਨ ਦੀ ਵਰਤੋਂ ਤੇ ਜ਼ੋਰ ਦਿਤਾ ਤੇ ਦਸਿਆ ਕਿ ਬੀਜਾਂ ਦੀ ਸੁਧਾਈ ਹੋਣ ਚਾਹ ਦੀ ਹੈ। ਪੌਦਿਆਂ ਨੂੰ ਵੀ ਉਤਮ ਬਣਾਉਣਾ ਚਾਹੀਦਾ ਹੈ। ਉਹਨਾਂ ਅਨੁਸਾਰ ਚੌਲਾਂ ਦੀ ਇਕ ਅਜਿਹੀ ਕਿਸਮ ਵੀ ਹੈ ਕਿ ਜਿਸ ਵਿਚ ੪੦ ਪਰਸੈਂਟ ਪ੍ਰੋਟੀਨ ਹੁੰਦੀ ਹੈ।

ਡਾਕਟਰ ਸਾਹਿਬ ਦੇ ਭਾਸ਼ਨ ਦੇ ਅੰਤ ਤੇ ਇਹਨਾਂ ਸਤਰਾਂ ਦੇ ਲੇਖਕ ਨੇ ਉਹਨਾਂ ਉਤੇ ਪ੍ਰਸ਼ਨ ਕੀਤਾ ਕਿ ਜਦ ਭਾਰਤ ਵਿਚ ਖਾਦਾਂ ਦੀ ਵਰਤੋਂ ਬਿਲਕੁਲ ਨਹੀਂ ਸੀ ਸਗੋਂ ਲੋਕ ਗੋਹੇ ਕੂੜੇ ਤੋਂ ਜਾਂ ਹਰੇ ਪਤਿਆਂ ਤੋਂ ਖਾਦਾ ਦਾ ਕੰਮ ਲੈਂਦੇ ਸਨ। ਤਦ ਭਾਰਤੀਆਂ ਦੀ ਸਿਹਤ ਅਤ ਦਰਜੇ ਦੀ ਚੰਗੀ ਸੀ ਅੰਨ ਦੀ ਥੁੜ ਕਦੇ ਪਈ ਨਹੀਂ ਸੀ। ਤੇ ਨਾ ਹੀ ਜਮੀਨ ਖਰਾਬ ਹੋਈ ਸੀ ਪਰ ਇਹਨਾਂ ਖਾਦਾਂ ਦੀ ਵਰਤੋਂ ਅਮਰੀਕੀ ਤੇ ਬਰਤਾਨਵੀ ਖੋਜੀਆਂ ਅਨੁ-ਸਾਰ ਜਮੀਨ ਨੂੰ ਤੇ ਮਨੁਖੀ ਸਿਹਤ ਨੂੰ ਲੋਹੜੇ ਦੀ ਹਾਨੀ ਪੁਚਾਉਂਦੀ ਹੈ। ਕਈ ਖਾਦਾਂ ਧਾਰਮਕ ਤੌਰ ਤੇ ਵੀ ਵਰਤੋਂ ਦੇ ਵਿਰੁਧ ਹਨ। ਇਸ ਦਾ ਉਤਰ ਤੁਹਾਡੇ ਕੋਲ ਹੀ ਹੈ? ਉਤਰ ਵਿਚ ਡਾਕਟਰ ਸਾਹਿਬ ਨੇ ਸਾਫ ਨਾਂਹ ਕਰਦਿਆਂ ਕਿਹਾ ਕਿ ਕੋਈ ਅਮਰੀ-ਕਨ ਜਾਂ ਬਰਤਾਨਵੀ ਡਾਕਟਰ ਉਹਨਾਂ ਨੇ ਨਹੀਂ

Sri Satguru Jagjit Singh Ji Elibrary NamdhariElibrary@gmail.com

ਦੁਨਿਆਂ ਜੋ ਇਹਨਾਂ ਵਿਚਾਰਾਂ ਦਾ ਹਾਮੀ ਹੋਵੇ। ਨਾ ਹੀ ਖਾਦਾਂ ਹਾਨੀ ਪੁਚਾਉਂਦੀਆਂ ਹਨ......, ਇਸ ਤੋਂ ਪਹਿਲਾਂ ਕਿ ਓਹਨਾਂ ਦੇ ਉਤਰ ਦਾ ਉਤਰ ਫੇਰ ਦਿਤਾ ਜਾਂਦਾ ਇਕ ਬਰਤਾਨਵੀ ਯੁਵਕ ਨੇ ਕਿਹਾਂ— ਗੋਹੇ ਤੋਂ ਬਣੀ ਖਾਦ ਵਧਹੇ ਚੰਗੀ ਹੈ ਕਿਉਂਕਿ ਰਸਾਇਣਕ ਖਾਦਾਂ ਧਰਤੀ ਨੂੰ ਬਹੁਤ ਨੁਕਸਾਨ ਦਿੰਦੀਆਂ ਹਨ।

ਅਮਰੀਕਾ ਤੋਂ ਆਏ ਡਾ: ਜੇ. ਐਮ. ਦਿਨਸਾਅ ਨੇ ਕਿਹਾ ਕਿ ਖਾਦਾਂ ਅੰਤ ਨੂੰ ਭੋਜਨ ਸਮਸਿਆ ਦਾ ਕਾਰਨ ਹਨ। ਤੁਸੀਂ ਭਾਰਤੀ ਮਾਤਰਾ ਲਈ ਕਿਸੇ ਚੀਜ ਦੇ ਗੁਣ ਕਿਓਂ ਕੁਰਬਾਨ ਕਰਦੇ ਹੋ? ਇਹ ਖਾਦਾਂ ਲਾਭਦਾਇਕ ਬੈਕਟੀਰੀਆ ਦਾ ਨਾਸ਼ ਕਰਦੀਆਂ ਹਨ।

ਇਸਰਾਈਲੀ ਡੈਲੀਗੇਟ ਆਲੈਕਸ ਹੋਰੀ ਨੇ ਕਿਹਾ ਕਿ ਅਸੀਂ ਗੋਬਰ ਦੀ ਖਾਦ ਤੋਂ ਚੰਗਾ ਨਤੀਜਾ ਕਢਿਆ ਹੈ। ਰਸਾਣਿਕ ਖਾਦ ਨਾਲ ਮਾਤਰਾ ਤਾਂ ਬਹੁਤ ਹੋ ਸਕਦੀ ਹੈ ਪਰ ਫਸਲਾਂ ਦੇ ਗੁਣ ਕਾਇਮ ਨਹੀਂ ਰਹਿ ਸਕਦੇ। ਇਕ ਬਰਤਾਨਵੀ ਸੰਸਥਾ ਦੇ ਪਰਤੀਨਿਧ ਨੇ ਕਿਹਾ ਕਿ ਓਹਨਾਂ ਦੇ ਪਰਯੋਗ ਅਨੁਸਾਰ ੨੫ ਸਾਲਾਂ ਤੋਂ ਹਰੀਆਂ ਖਾਦਾਂ ਦੀ ਵਰਤੋਂ ਕਿਸੇ ਤਰਾਂ ਵੀ ਹਾਨੀ ਕਾਰਕ ਨਹੀਂ ਇਹ ਤਜਰਬੇ ੨੬੦ ਏਕੜ ਦੇ ਫਾਰਮ ਵਿਚ ਕੀਤੇ ਗਏ ਹਨ।

ਇਸ ਸਮਾਗਮ ਦੇ ਪ੍ਰਧਾਨ ਡਾ: ਸਕਾਟ ਨੇ ਇਸ ਸਮਸਿਆ ਸਬੰਧੀ ਆਪਣੇ ਵਿਚਾਰ ਪਰਗਟ ਕਰਦਿਆ ਕਿਹਾ ਕਿ ੩੫ ਸਾਲ ਤੋਂ ਉਹ ਆਪਣੇ ਫਾਰਮ ਘਾਹ ਆਦਿ ਤੋਂ ਬਣਾਈਆਂ ਹਰੀਆਂ ਖਾਦਾਂ ਦੇ ਆਸਰੇ ਹੀ ਖੇਤੀ ਬਾੜੀ ਕਰ ਰਹੇ ਹਨ ਨਾਲੇ ਘਾਹ ਆਦਿ ਮੁਫਤ ਹੀ ਮਿਲ ਜਾਂਦਾ ਹੈ। ਓਹਨਾਂ ਕਿਹਾ ਜੇ ਤੁਹਾਡਾ ਸਾਡਾ ਮਨੋਰਥ ਸਿਰਫ ਧਨ ਪੈਦਾ ਕਰਨਾ ਹੀ ਹੈ ਤਾਂ ਬੇਸ਼ਕ ਖਾਦਾਂ ਪਾਈ ਜਾਓ ਪਰ ਜੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਕਾਇਮ ਨਾ ਰਖਿਆ ਗਿਆ ਤਾਂ ਇਹ ਛੇਤੀ ਹੀ ਕਮਜੋਰ ਹੋ ਜਾਇਗੀ ਅਸੀਂ ਵੀ ਛੇਤੀ ਖਤਮ ਹੋ ਜਾਵਾਂਗੇ।

ਡਾ: ਸਵਾਮੀਨਾਥਨ ਨਾਲ ਪ੍ਰਸ਼ਨ ਉਤਰ ਹੋ ਚੁਕਣ ਬਾਦ ਡਾ: ਰਾਂਧਾ ਕਾਰਨਾਦ (ਡਾਇਰੈਕਟ— ਰੇਟ ਸਿਹਤ ਵਿਭਾਗ) ਨੇ ਸ਼ਾਕਾਹਾਰੀ ਭੋਜਨ ਸ਼ਿਹਤ ਤੇ ਆਹਾਰ, ਨਾਮ ਦਾ ਇਕ ਲੇਖ ਪੜਿਆ। ਇਸ ਲੇਖ ਵਿਖ ਦਸਿਆ ਗਿਆ ਸੀ ਕਿ ਭਾਰਤੀ ਲੋਕਾਂ ਤੇ ਅਹਿੰਸਾ ਦੇ ਮੁਢਲੇ ਪ੍ਰਭਾਵਾਂ ਦੇ ਕਾਰਨ ਹੀ ਉਹ ਬਹੁਤੇ ਸ਼ਾਕਾਹਾਰੀ ਹਨ। ਸ਼ਾਕਾਹਾਰੀ ਭੋਜਨ ਖਾਣ ਦੇ ਬਾਵਜੂਦ ਵੀ ਉਹਨਾਂ ਲੋਕਾਂ ਦੀਆਂ ਸਿਹਤਾਂ ਬਹੁਤ ਚੰਗੀਆਂ ਸਨ ਤੇ ਬਹੁਤੇ ਲੋਕ ਸੌ ਸਾਲੇ ਹੁੰਦੇ ਸਨ ਅਗੇ ਚਲਕੇ ਸੰਤੁਲਤ ਭੋਜਨ ਸਬੰਧੀ ਦਸਦਿਆਂ ਇਸ ਲੇਖ ਵਿਚ ਕਿਹਾਂ ਗਿਆ ਸੀ ਕਿ ਭੋਜਨ ਦੇ ਮਾਹਿਰਾਂ ਦਾ ਵਿਚਾਰ ਹੈ ਕਿ ਚੰਗੇ ਸੰਤੁਲਤ ਭੋਜਨ ਵਿਚ ਅਨਾਜ, ਦਾਲਾਂ, ਦੁਧ ਤੇ ਦੁਧ ਤੋਂ ਬਣੇ ਹੋਰ ਪਦਾਰਥ, ਹਰੀਆਂ ਸਬਜੀਆਂ, ਜੜ੍ਹਦਾਰ ਸਬ— ਜੀਆਂ, ਫਲ, ਖੰਡ, ਬਨਾਸਪਤੀ ਤੇਲ ਤੇ ਗਰੀਦਾਰ ਮੇਵੇ ਆਦਿ ਸਿਹਤ ਲਈ ਲਾਭਦਾਇਕ ਹੁੰਦੇ ਹਨ। ਭਾਰਤ ਵਿਚ ਬਹੁਤੀਆਂ ਸਬਜੀਆਂ ਹੁੰਦੀਆਂ ਹਨ ਜੋ ਬਦੇਸ਼ਾਂ ਵਿਚ ਨਹੀਂ ਵੀ ਹੁੰਦੀਆਂ!

ਹਰੀਆਂ ਸਬਜੀਆਂ ਸਬੰਧੀ ਇਸ ਪਰਚੇ ਵਿਚ ਕਿਹਾ ਗਿਆ ਸੀ ਕਿ ਭੋਜਨ ਸਬੰਧੀ ਨਵੀਂ ਜਾਣਕਾਰੀ ਦੇ ਸਿਟੇ ਵਜੋਂ ਇਹ ਗਲ ਸਿਧ ਕੀਤੀ ਹੈ ਕਿ ਭੋਜਨ ਭਾਵੇਂ ਪੂਰਾ ਨਾ ਵੀ ਹੋਵੇ ਤਾਂ ਵੀ ਇਕਲੀ ਚੀਜ ਜਿਵੇਂ ਹਰੀਆ ਪਤੇ ਦਾਰ ਸਬਜੀਆਂ ਹੀ ਭੋਜਨ ਦੀ ਤਾਕਤ ਵਧਾ ਸਕਦੀਆਂ ਹਨ। ਕਿਉਂਕਿ ਇਸ ਵਿਚ ਪੁਸ਼ਟ ਆਹਾਰ ਦੇ ਤਤ ਜਿਵੇਂ ਕੈਰੋ- ਟੀਨ ਵਿਟਾਮਨ ਸੀ. ਤੇ ਖਣਿਜ ਪਦਾਰਥ, ਲੋਹਾ ਕੈਲਸ਼ੀਅਮ ਆਦਿ ਬਹੁਤ ਹੁੰਦੇ ਹਨ। ਅਸਲ ਵਿਚ ਹਰੀਆਂ ਪਤੇਦਾਰ ਸਬਜੀਆਂ ਨੂੰ ਸਧਾਰਨ ਮਨੁਖ ਮਾਤਰ ਲਈ ਬਹੁਮੰਤਵੀ ਸੁਰਖਿਅਕ ਭੋਜਨ ਦਾ ਨਾਂ ਦਿਤਾ ਜਾ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

ਭੋਜਨ ਪਕਾਉਣ ਸਬੰਧੀ ਇਸ ਲੇਖ ਵਿਚ ਹੁਣ ਚਾਨਣ ਪਾਇਆ ਗਿਆ ਸੀ ਕਿਉਂਕਿ ਭੋਜਨ ਦੀ ਤਾਕਤ ਦਾ ਨਿਰਭਰ ਉਸਨੂੰ ਪਕਾਏ ਜਾਣ ਦੇ ਢੰਗ ਤੇ ਵੀ ਹੈ। ਸਬਜ਼ੀਆਂ ਤੋਂ ਬਹੁਤੀ ਤਾਕਤ ਪ੍ਰਾਪਤ ਕਰਨ ਲਈ ਓਹਨਾਂ ਵਿਚ ਘਟ ਤੋਂ ਘਟ ਪਾਣੀ ਪਾ ਕੇ ਭਾਂਡੇ ਉਪਰ ਢਕਣ ਦੇ ਕੇ ਬਣਾਉਣੀਆਂ ਚਾਹੀਦੀਆਂ ਹਨ ਤਾ ਕੇ ਪਾਣੀ ਡੋਲ੍ਹਣਾ ਨਾ ਪਵੇ। ਇਸ ਪਾਣੀ ਵਿਚ ਵਿਟਾਮਨ ਹੁੰਦੇ ਹਨ। ਬੇਕਿੰਗ ਪਾਊਡਰ ਦੀ ਵਰਤੋਂ ਵੀ ਤਿਆਗ ਦੇਣੀ ਚਾਹੀਦੀ ਹੈ ਕਿਉਂਕਿ ਇਹ ਵਿਟਾਮਨ ਬੀ. ਤੇ ਸੀ. ਨੂੰ ਨਸ਼ਟ ਕਰ ਦਿੰਦੀ ਹੈ। ਜੜਦਾਰ ਸਬਜ਼ੀਆਂ ਜਿਵੇਂ ਆਲੂ ਆਦਿ ਸਮੇਤ ਛਿਲਕੇ ਬਣਾਉਣੇ ਚਾਹੀਏ ਹਨ ਤਾਂਕਿ ਵਿਟਾਮਨ ਸੀ. ਦਾ ਘਾਟਾ ਨਾ ਪਵੇ। ਫਲਾਂ ਦੀਆਂ ਛਿਲਾਂ ਤੇ ਬਾਹਲਲੇ ਪਤਿਆਂ ਵਿਚ ਵਿਟਾ-ਮਨ ਤੇ ਖਣਿਜ ਪਦਾਰਥ ਹੁੰਦੇ ਹਨ। ਇਹ ਵੀ ਐਵੇਂ ਨਹੀਂ ਗਵਾਉਣੇ ਚਾਹੀਦੇ। ਲਗ ਪਗ ੬੦ ਪਤੇਦਾਰ ਸਬਜੀਆਂ ਅਤੇ ਇਕ ਦਰਜਨ ਜੜਦਾਰ ਸਬਜੀਆਂ ਭਾਰਤ ਵਿਚ ਵਖ ਵਖ ਮੌਸਮ ਵਿਚ ਮਿਲਦੀਆਂ ਹਨ। ਇਸ ਤੋਂ ਅਗੇ ਵਾਰੀਆਉਂਦੀਹੈ ਸੰਤਰੇ ਰੰਗੀ ਛਿਲ ਵਾਲੀਆਂ ਸਬਜ਼ੀਆਂ ਦੀ ਜਿਨਾਂ ਵਿਚ ਕਦੂ ਗਾਜਰ ਟਮਾਟਰ ਆਦਿ ਆਉਂਦੇ ਹਨ ਇਹਨਾਂ ਵਿਚ ਕੈਰੋਟੀਨ ਬਹੁਤ ਹੁੰਦੀ ਹੈ। ਜੜ੍ਹਦਾਰ ਸਬਜ਼ੀਆਂ ਆਲੂ ਗਾਜਰ ਗੰਢੇ ਮੂਲੀ ਤੇ ਹਰਾ ਕੇਲਾ ਤਾਂ ਸਿਰਫ ਇਸੇ ਕਰਕੇ ਲਾਭਦਾਇਕ ਨਹੀਂ ਕਿ ਇਹ ਪੋਸ਼ਟਿਕ ਆਹਾਰ ਹਨ ਸਗੋਂ ਇਸ ਲਈ ਵੀ ਕਿ ਉਹ ਅਨਾਜ ਦੀ ਬਚਤ ਵੀ ਕਰਦੀਆਂ ਹਨ। ਤੇ ਮਿਲਦੀਆਂ ਵੀ ਕਾਫੀ ਹਨ।

ਸਲਾਦ ਸ਼ਾਕਾਹਾਰੀਆਂ ਲਈ ਬਹੁਤ ਮਹੱਤਵ ਪੂਰਨ ਚੀਜ਼ ਹੈ ਕਿਉਂ ਕਿ ਇਸ ਵਿਚ ਵਿਟਾਮਿਨ ਸੀ ਬਹੁਤਾ ਹੁੰਦਾ ਹੈ। ਟਮਾਟਰ, ਖੀਰਾ, ਗਾਜਰ, ਮੂਲੀ ਆਦਿ ਸਲਾਦ ਨਾਲ ਤਾਂ ਸਲਾਦ ਦੀ ਗਲ ਹੀ ਕੀ।

ਪ੍ਰੋਟੀਨ ਪ੍ਰਾਪਤੀ ਦੀ ਗਲ ਹਰ ਪਾਸੇ ਭਾਰੂ ਹੈ। ਡਾਂ: ਰਾਧਾ ਜੀ ਨੂੰ ਅਪਣੇ ਇਸ ਲੇਖ ਵਿਚ ਕਿਹਾ ਸੀ, "ਇਹ ਗਲ ਨਿਰਮੂਲ ਹੈ ਕਿ ਸ਼ਾਕਾਹਾਰ ਵਿਚ ਪ੍ਰੋਟੀਨ ਵਧੀਆ ਦਰਜੇ ਦੀ ਪ੍ਰਾਪਤ ਨਹੀਂ ਹੁੰਦੀ ਸਗੋਂ ਛੋਲਿਆਂ ਵਿਚ, ਮਟਰਾਂ, ਰਵਾਂਹ, ਦਾਲਾਂ, ਫਲੀਦਾਰ ਸਬਜੀਆਂ, ਹਰੀਆਂ ਜਬਜੀਆ, ਮੂੰਗ-ਫਲੀ ਤੇ ਤੇਲ ਦੇਣ ਵਾਲੇ ਬੀਜ਼ਾਂ ਵਿਚ ਲੋਹੜੇ ਦੀ ਪ੍ਰੋਟੀਨ ਹੁੰਦੀ ਹੈ ਜੋ ਮਾਸਾਹਾਰ ਵਿਚੋਂ ਪ੍ਰਾਪਤ ਹੋਣ ਵਾਲੀ ਪ੍ਰੋਟੀਨ ਦਾ ਡਟ ਕੇ ਮੁਕਾਬਲਾ ਕਰਦੀ ਹੈ।

ਭਾਰਤੀ ਬਹੁ ਮੰਤਵੀ ਭੋਜਨ ਬਾਰੇ ਕਿਹਾ ਗਿਆ ਕਿ ਚਿਕਨਾਈ ਰਹਿਤ ਮੂੰਗਫਲੀ ਦਾ ਆਟਾ ਤਿੰਨ ਹਿਸੇ, ਬੰਗਾਲੀ ਛੋਲਿਆਂ ਦਾ ਆਟਾ ਇਕ ਹਿਸਾ ਰਲਾ ਕੇ, ਜਿਸ ਵਿਚ ਵਿਟਾਮਿਨ ਤੇ ਖਣਿਜ ਪਦਾਰਥਾਂ ਦੀ ਸ਼ਕਤੀ ਹੁੰਦੀ ਹੈ, ਸਕੂਲ ਦੇ ਬਚਿਆਂ ਨੂੰ ਦੇਣ ਨਾਲ ਉਨ੍ਹਾਂ ਦੀ ਸੇਹਤ ਵਿਚ ਵਰਣਨ ਯੋਗ ਵਾਧਾ ਹੋਇਆ। ਇਹ ਮਹਿੰਗਾ ਵੀ ਨਹੀਂ ਸਗੋਂ ੬ ਪੈਸੇ ਪ੍ਰਤੀ ਔਂਸ ਪੈਂਦਾ ਹੈ। ਇਹਦੇ ਵਿਚ ਪ੍ਰੋਟੀਨ ੪੨.੧° ਹੁੰਦੀ ਹੈ।

ਇਹ ਦਿਲਚਸਪ ਗਲ ਹੋਗਈ ਕਿ ਮਾਉਂਟ ਐਵਰੈਸਟ ਦੀ ਚੋਟੀ ਤੇ ਫਤਹਿ ਪਾਉਣ ਵਾਲੇ ਬਹੁ ਮੰਤਵੀ ਭੋਜਨ ਦੀ ਹੀ ਵਰਤੋਂ ਕਰਦੇ ਸਨ.... ਇਸ ਤੋਂ ਬਿਨਾਂ ਸ਼ਾਕਾਹਾਰੀ ਤੇਲਾਂ ਵਿਚ ਸਰੀਰਕ ਸਿਹਤ ਨੂੰ ਕਾਇਮ ਰਖਣ ਦੀ ਅਦਭੁਤ ਸ਼ਕਤੀ ਹੈ।

ਸ੍ਰੀ ਸਵਾਮੀਨਾਥਨ

ਡਾ: ਰਾਧਾ ਦੇ ਭਾਸ਼ਣ ਪਿਛੋਂ ਕੁਦਰਤੀ ਚਕਿਤਸਾ ਪ੍ਰਨਾਲੀ ਦੇ ਡਾਕਟਰ ਸਵਾਮੀਨਾਥਨ ਨੇ ਕਿਹਾ ਕਿ "ਆਦਮੀ ਨੂੰ ਪਹਿਰਾਵੇ ਤੋਂ ਨਹੀਂ ਸਗੋਂ ਗੁਣਾਂ ਤੋਂ ਵੀ ਪਛਾਨਣਾ ਚਾਹ ਦਾ ਹੈ। ਅਸੀਂ ਮਾਤਰਾ ਵਧਾਉਣ ਵਲ ਲਗੇ ਹੋਏ ਹਾਂ ਤੇ ਭੋਜਨ ਦੀ ਸ਼ਕਤੀ ਵਲ ਧਿਆਨ ਨਹੀਂ ਦੇਂਦੇ। ਮੈਂ ਇਸ ਦਾ ਸਖਤ ਵਿਰੋਧੀ ਹਾਂ। ਮਹਾਂਤਮਾ ਗਾਂਧੀ ਨੇ ਵੀ ੧੯੪੨ ਵਿਚ ਕਿਹਾ ਸੀ ਕਿ ਚੌਲਾਂ ਨੂੰ ਪਾਲਸ਼ ਕਰਨ ਨਾਲ ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਜੀ ਤੇ ਬਦੇਸ਼ੀ ਸ਼ਾਕਾਹਰੀ ਸੁਆਗਤੀ ਸਮਾਰੋਹ ਵਿਚ

ੳੁਦਘਾਟਨ ਤੋਂ ਕੁਝ ਪਲ ਪਹਿਲਾਂ ਸ਼੍ਰੀ ਦਲਾਈ ਲਾਮਾ ਜੀ ਮੰਗਲਾਚਰਨ ਪੜ੍ਹ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com



੧੯ਵੀਂ ਵਿਸ਼ਵ ਸ਼ਾਕਾਹਾਰੀ ਕਾਨਫਰੰਸ ਦੇ ਉਦਘਾਟਨ ਤੋਂ ਪਹਿਲਾਂ : ਸ੍ਰੀ ਸਤਿਗੁਰੂ ਜੀ, ਮਾਨਕਰ ਜੀ ਤੇ ਸ਼੍ਰੀ ਮੁਰਾਰਜੀ ਡੇਸਾਈ ।

Sri Satguru Jagjit Singh Ji Elibrary NamdhariElibrary@gmail.com

ਵਿਚਲੀ ਤਾਕਤ ਘਟਦੀ ਹੈ। ਆਟਾ ਛਾਣਕੇ ਵਰ-ਤਣਾ ਵੀ ਹਾਨੀਕਾਰਕ ਹੈ।

ਖੰਡ ਦੇਸੀ ਹੀ ਸੇਹਤ ਲਈ ਚੰਗੀ ਹੈ। ਜੋ ਲੋਕ ਗਲਤ ਭੋਜਨ ਖਾਂਦੇ ਹਨ ਉਨ੍ਹਾਂ ਨੂੰ ਹੀ ਬਹੁਤਾ ਭੋਜਨ ਖਾਣ ਦੀ ਲੋੜ ਪੈਂਦੀ ਹੈ। ਆਦਮੀ ਨੂੰ ਕੁਛ ਮਵੈ-ਕਾਬੂ ਵੀ ਰਖਣਾ ਚਾਹੀਦਾ ਹੈ। ਉਨਾਂ ਉਦਾਹਰਣ ਦਿਤੀ ਕਿ ਡਾ: ਲਖਸ਼ਮਨ ਸ਼ਰਮਾ ੩੦੦-੪੦੦ ਕੈਲੋਰੀ ਹਜ਼ਾਨਾ ਦੇ ਆਸਰੇ ਹੀ ਜੀਉਂਦੇ ਰਹੇ ਹਨ।

ਸਵਾਮੀਨਾਥਨ ਜੀ ਤੋਂ ਪਿਛੋਂ ਇਕ ਹੋਰ ਡੈਲੀਗੇਟ ਨੇ ਬੋਲਦਿਆਂ ਕਿਹਾ ਬਕਰੀ ਤੇ ਗਊ ਸ਼ਾਕਾਹਾਰੀ ਹਨ। ਆਮ ਕਰ ਕੇ ਇਨ੍ਹਾਂ ਨੂੰ ਹੀ ਮਾਰਿਆ ਜਾਂਦਾ ਹੈ। ਕੁਤੇ ਨੂੰ ਕੋਈ ਨਹੀਂ ਮਾਰਦਾ। ਪ੍ਰੋਫੈਸਰ ਡਾਰਵਨ ਦਾ ਸਿਧਾਂਤ ਤਾਂ ਇਹ ਹੈ ਕਿ ਬੰਦਾ ਬਾਂਦਰ ਤੋਂ ਬਣਿਆ ਹੈ। ਪਰ ਬਾਂਦਰ ਤਾਂ ਅਜੇ ਵੀ ਸ਼ਾਕਾਹਾਰੀ ਹੈ ਤੇ ਬੰਦਾ ਮਾਸਾਹਾਰ ਨੂੰ ਵਿਸ਼ੇਸ਼ਤਾ ਦੇਣ ਲਗ ਪਿਆ ਹੈ। ਉਨਾਂ ਕਿਹਾ ਕਿ ਲੋਕ ਪ੍ਰੋਟੀਨ ਦਾ ਬਹਾਨਾ ਹੀ ਕਰਦੇ ਹਨ। ਮਾਸ ਤਾਂ ਉਹ ਅਪਣੀ ਆਦਤ ਅਨੁਸਾਰ ਜੀਭ ਦੇ ਸੁਆਦ ਲਈ ਖਾਂਦੇ ਹਨ।

ਦਿਲੀ ਦੇ ਮੇਅਰ ਵਲੋਂ ਸੁਆਗਤ

ਸ਼ਾਮ ਦੇ ਸਾਢੇ ੫ ਵਜੇ ਦੇ ਲਗ ਪਗ ਲਾਲ ਕਿਲਾ ਦਿਲੀ ਵਿਚ ਦਿਲੀ ਦੇ ਮੇਅਰ ਵਲੋਂ ਡੈਲੀ-ਗੇਟਾਂ ਦੇ ਸਨਮਾਨ ਵਿਚ ਇਕ ਸਮਾਗਮ ਰਚਿਆ ਗਿਆ। ਸਭ ਤੋਂ ਪਹਿਲਾਂ ਮੇਅਰ ਨੇ ਸੁਆਗਤੀ ਤਕਰੀਰ ਕੀਤੀ। ਫੇਰ ਸ੍ਰੀ ਮਤੀ ਰੁਕਮਣੀ ਦੇਵੀ ਜੀ ਨੇ ਕਿਹਾ ਕੁਛ ਵਰ੍ਹੇ ਪਹਿਲਾਂ ਬਦੇਸ਼ਾਂ ਵਿਚ ਬਣੇ ਸ਼ਾਕਾਹਾਰੀ ਵੀ ਜ਼ਾਲਮ ਹੁੰਦੇ ਸਨ ਪਰ ਹੁਣ ਤੁਸੀਂ ਬਦੇਸ਼ਾਂ ਵਿਚ ਵੀ ਵਡੀ ਗਿਣਤੀ ਵਿਚ ਸ਼ਾਕਾਹਾਰੀ ਲੋਕ ਦੇਖ ਸਕਦੇ ਹੋ। ਅਸੀਂ ਸਦਾ ਹੀ ਇਸ ਵਿਚਾਰ ਦੇ ਹਾਮੀਂ ਰਹੇ ਹਾਂ ਕਿ ਕਿਸੇ ਜੀਵ ਨੂੰ ਦੁਖ ਨਹੀਂ ਦੇਣਾ। ਧਰਮ ਨੇ ਵੀ ਇਸ ਨੂੰ ਪ੍ਰਵਾਨ ਨਹੀਂ ਕੀਤਾ। ਹੁਣ ਤਾਂ ਦੁਨੀਆਂ ਭਰ ਦੇ ਲੋਕਾਂ ਦੀ ਪ੍ਰਵਾਨਗੀ ਇਸ ਵਿਚਾਰ ਨੂੰ ਪ੍ਰਾਪਤ ਹੋ ਗਈ ਹੈ। ਜਿਵੇਂ ਇਕ ਇਕ ਬੂੰਦ ਨਾਲ ਸਾਗਰ ਬਣਦਾ ਹੈ ਤਿਵੇਂ ਹੀ ਸਾਡੀ ਗਿਣਤੀ ਵੀ ਹੌਲੀ ਹੌਲੀ ਕਾਫੀ ਹੋ ਜਾਇਗੀ। ਸਾਡੇ ਮਹਾਨ ਸੰਤਾਂ ਨੇ ਵੀ ਕਿਹਾ ਹੈ ਕਿ ਖਾਣ ਲਈ ਨਾ ਜੀਓ ਸਗੋਂ ਜਿਊਣ ਲਈ ਖਾਵੋ।

ਉਹਨਾਂ ਇਸ ਗਲ ਤੇ ਖੁਸ਼ੀ ਪਰਗਟ ਕੀਤੀ ਕਿ ਭਾਵੇਂ ਲਾਲ ਕਿਲੇ ਵਿਚ ਅਜੇਹਾ ਕੋਈ ਸਮਾਗਮ ਨਹੀਂ ਹੋ ਸਕਦਾ ਪਰ ਸ਼ਾਕਾਹਾਰੀਆਂ ਦੇ ਸਨਮਾਨ ਵਿਚ ਇਥੇ ਇਹ ਸਮਾਗਮ ਹੋਣਾ ਮਾਣ ਵਾਲੀ ਗਲ ਹੈ। ਇਸ ਲਈ ਮੇਅਰ ਸਾਹਿਬ ਧਨਵਾਦ ਦੇ ਪਾਤਰ ਹਨ। ਇਸ ਪਿਛੋਂ ਸ੍ਰੀ ਮਾਨਕਰ, ਡਾ: ਸਕਾਟ (ਅਮਰੀਕਾ) ਤੇ ਡਾਕਟਰ ਮਾਰਕੇਟ (ਫਰਾਂਸ) ਨੇ ਵੀ ਨਿੱਘੇ ਸੁਆਗਤ ਲਈ ਧਨਵਾਦ ਕੀਤਾ।

ਰਾਤ ਨੂੰ ਲਾਲ ਕਿਲੇ ਵਿਚ ਹੀ 'ਚਾਨਣ ਤੇ ਆਵਾਜ਼' ਨਾਲ ਸਬੰਧਤ ਇਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਭਾਰਤ ਦਾ ਮੁਗਲ ਸਮੇਂ ਤੋਂ ਲੈ ਕੇ ਆਜ਼ਾਦੀ ਤਕ ਦਾ ਸੰਖੇਪ ਇਤਿਹਾਸ ਬਿਆਨ ਕੀਤਾ ਹੋਇਆ ਸੀ। ਸਭ ਨੇ ਇਸ ਨੂੰ ਪਸੰਦ ਕੀਤਾ।

੨੧.੧੧.੬੭ ਲੇਖਕ ਕਾਨਫਰੰਸ ਤੇ ਪਰੀਤੀ ਭੋਜ

ਸਵੇਰੇ ਕਾਨਸਟੀਚਿਊਸ਼ਨ ਕਲਬ ਵਿਚ ਹੀ ਫਿਰ ਹੁਝੇਵੇਂ ਭਰਿਆ ਸਮਾਗਮ ਸ਼ੁਰੂ ਹੋਇਆ। ਇਸ ਸਮਾਗਮ ਦੇ ਖਤਮ ਹੋਣ ਤੇ ਸੇਠ ਤਰਲੋਕ ਸਿੰਘ ਹੁਰਾਂ ਦੀ ਕੋਠੀ ਹੀ ਇਕ ਲੇਖਕ ਮਿਲਣੀ ਦਾ ਪ੍ਰਬੰਧ ਕੀਤਾ ਗਿਆ।

Sri Satguru Jagjit Singh Ji Elibrary NamdhariElibrary@gmail.com

ਇਸ ਦੀ ਲੋੜ ਤੇ ਅਯੋਜਨ

ਅਜ ਕਲ ਲੇਖਕ ਭਾਈਚਾਰਾ ਮਾਸਾਹਾਰ ਵਲ ਨੂੰ ਝੁਕ ਰਿਹਾ ਹੈ ਪਦਾਰਥਵਾਦ ਦੀ ਮਾਰ ਤੋਂ ਕੋਈ ਨਹੀਂ ਬਚ ਰਿਹਾ। ਇਸ ਦੇ ਸਿਟੇ ਵਜੋਂ ਹੀ ਸ਼ਾਕਾਹਾਰ ਸਬੰਧੀ ਪੂਰੀਆਂ ਖਬਰਾਂ ਜਾਂ ਵਾਕਵੀ ਭਰਪੂਰ ਲੇਖ ਵੀ ਘਟ ਹੀ ਲਿਖੇ ਜਾਂਦੇ ਹਨ। ਜੇ ਲਿਖੇ ਜਾਣ ਵੀ ਤਾਂ ਅਖਬਾਰਾਂ ਵਿਚ ਥਾਂ ਨਹੀਂ ਮਿਲਦੀ ਕਿਓਂਕਿ ਸੰਪਾਦਕ ਬਹੁਤੇ ਆਪ ਹੀ ਮਾਸਾਹਾਰੀ ਹਨ। ਲੋਕਾਂ ਦਾ ਝੁਕਾਉ ਵੀ ਇਸੇ ਕਾਰਨ ਮਾਸਾਹਾਰ ਵਲ ਵਧ ਰਿਹਾ ਹੈ ਕਿਓਂਕਿ ਮੁਰਗੀ ਖਾਨੇ ਜਾਂ ਮਛੀਆਂ ਪਾਲਣ ਸਬੰਧੀ ਆਮ ਪਤਰਾਂ ਵਿਚ ਕਾਫੀ ਕੁਛ ਲਿਖਿਆ ਹੁੰਦਾ ਹੈ। ਇਸ ਲਈ ਇਹ ਲੋੜ ਅਨੁਭਵ ਕੀਤੀ ਗਈ ਕਿ ਇਸ ਇੰਨੀ ਵਡੀ ਕਾਨਫਰੰਸ ਦੇ ਮੌਕੇ ਤੇ ਸ਼ਾਕਾਹਾਰੀ ਲੇਖਕ ਵੀ ਜੁੜ ਬੈਠਣ ਤੇ ਇਸ ਸਮਸਿਆ ਨੂੰ ਵਿਚਾਰਨ। ਲੇਖਕ ਮਿਲਣੀ ਦਾ ਪ੍ਰਬੰਧ ਕਰਨ ਦਾ ਸੁਝਾਉ ਦਿਲੀ ਦੇ ਇਲਾਕਾਈ ਦਫਤਰ ਨੂੰ ਇਹਨਾਂ ਸਤਰਾਂ ਦੇ ਲੇਖਕ ਵਲੋਂ ਹੀ ਦਿਤਾ ਗਿਆ।

ਭਾਵੇਂ ਸਮੇਂ ਦੀ ਬੜੀ ਥੁੜ ਸੀ ਪਰ ਲੋੜਾਂ ਦੀ ਤੇ ਯੋਗ ਗਲ ਹੋਣ ਕਾਰਨ ਪਰਵਾਨ ਕੀਤੀ ਗਈ। ਜਿਹੜਾ ਬੋਲੇ ਉਹੀ ਕੁੰਡਾ ਖੋਲੇ ਦੀ ਕਹਾਵਤ ਅਨੁ-ਸਾਰ ਇਸ ਦਾ ਪਰਬੰਧ ਵੀ ਮੇਰੇ ਜਿਮੇ ਹੀ ਲਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਅਪਾਰ ਕਿਰਪਾ ਕੀਤੀ ਤੇ ਇਸ ਵਿਚ ਸਫਲਤਾ ਬਖਸ਼ੀ। ਨਾਲ ਹੀ ਇਸ ਮੌਕੇ ਦੀ ਕਦਰ ਵਧਾਉਣ ਹਿਤ ਆਪ ਨੇ ਉਸੇ ਸਮੇਂ ਤੇ ਸਥਾਨ ਤੇ ਬਦੇਸ਼ੀ ਮਹਿਮਾਨਾਂ ਨੂੰ ਪ੍ਰੀਤੀ ਭੋਜ ਦੇਣ ਦਾ ਵੀ ਫੈਸਲਾ ਕੀਤਾ।

ਅੰਤਰਰਾਸ਼ਟਰੀ ਸ਼ਾਕਾਹਾਰੀ ਲੇਖਕ ਮਿਲਣੀ ਤੋਂ ਪਹਿਲਾ ਸਭ ਬਦੇਸ਼ੀ ਮਹਿਮਾਨਾਂ ਨੂੰ ਨਾਮਧਾਰੀ ਮਰਯਾਦਾ ਨਾਲ ਤਿਆਰ ਕੀਤਾ ਸ਼ੁਧ ਸ਼ਾਕਾਹਾਰੀ ਭੋਜਨ ਛਕਾਇਆ ਗਿਆ। ਸਭ ਨੇ ਹੀ ਬੜੀ ਪ੍ਰਸੰਸਾ ਕੀਤੀ। ਕਈਆਂ ਨੇ ੧੦ ਸਾਲ ਪਹਿਲਾਂ ਦਾ ਉਹ ਸਮਾਂ ਵੀ ਯਾਦ ਕੀਤਾ ਜਦੋਂ ੧੫ ਵੀਂ ਕਾਨਫਰੰਸ ਦੇ ਡੈਲੀਗੇਟਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਵਲੋਂ ਅਜਿਹਾ ਹੀ ਇਕ ਪ੍ਰੀਤੀ ਭੋਜਨ ਦਿਤਾ ਗਿਆ ਸੀ।

ਲੇਖਕ ਕਾਨਫਰੰਸ ਦੇ ਆਰੰਭ ਵਿਚ ਬੋਲ-ਦਿਆਂ ਸ੍ਰੀ ਮਾਨਕਰ ਜੀ ਨੇ ਕਿਹਾ ਨਾਮਧਾਰੀ ਸਿਰਫ ਸ਼ਾਕਾਹਾਰੀ ਹੀ ਨਹੀਂ ਸਗੋਂ ਹਰ ਉਸ ਚੀਜ਼ ਤੋਂ ਦੂਰ ਰਹਿੰਦੇ ਹਨ ਜਿਸ ਦੀ ਤਿਆਰੀ ਵਿਚ ਕਿਸੇ ਨਾ ਕਿਸੇ ਤਰਾਂ ਵੀ ਜ਼ੁਲਮ ਹੁੰਦਾ ਹੈ। 'ਸਾਡਾ ਭੋਜਨ' ਨਾਮੀ ਕਿਤਾਬਚੇ ਵਿਚੋਂ ਇਸ ਬਾਰੇ ਪੂਰੀ ਵਾਕਫੀ ਮਿਲ ਜਾਇਗੀ। ਇਸ ਵਿਚ ੧੯੫੭ ਵਾਲ ਕਾਂਨਫਰੰਸ ਦੀਆਂ ਤਸਵੀਰਾਂ ਵੀ ਛਪੀਆਂ ਹਨ। ਉਹਨਾਂ ਨੇ ਇਸ ਲੇਖਕ ਮਿਲਣੀ ਦੇ ਮੰਤਵ ਬਾਰੇ ਬੋਲਦਿਆਂ ਇਹ ਵੀ ਕਿਹਾ ਕਿ ਅਜੇ ਇਹ ਲੇਖਕ ਸੰਘ ਭਾਰਤ ਵਿਚ ਹੀ ਸਥਾਪਤ ਹੋਇਗਾ। ਹੌਲੀ ਹੌਲੀ ਬਦੇਸ਼ਾਂ ਨਾਲ ਸਬੰਧ ਸਥਾਪਤ ਕਰੇਗਾ, ਅਗੋਂ ਮੰਤਵ ਪੂਰਤੀ ਲਈ ਜਤਨ ਵੀ ਕਰੇਗਾ।

ਉਦਘਾਟਨ

ਇਸ ਮਿਲਣੀ ਦਾ ਉਦਘਾਟਨ ਕਰਦਿਆਂ ਅਮਰੀਕਾ ਦੇ ਡਾਕਟਰ ਸਕਾਟ ਨੇ ਕਿਹਾ ਲੋਕ ਆਧੁਨਿਕ ਜੀਵਨ ਨੂੰ ਪਸੰਦ ਕਰਦੇ ਹਨ ਤੇ ਆਉਣ ਵਾਲੀ ਪੀੜ੍ਹੀ ਤੇ ਇਸ ਨੂੰ ਠੋਸਣਾ ਚਾਹੁੰਦੇ ਹਨ। ਪਰ ਯੁਵਕ ਪੀੜ੍ਹੀ ਤਾਂ ਸ਼ਾਕਾਹਾਰ ਦੇ ਸਹੀ ਅਰਥ ਵੀ ਨਹੀਂ ਜਾਣਦੀ। ਆਪਣੇ ਸੰਖੇਪ ਭਾਸ਼ਣ ਵਿਚ ਅਗੇ ਚਲ ਕੇ ਉਹਨਾਂ ਕਿਹਾ ਕਿ ਇਥੋਂ ਵਰਗਾ ਤੇ ਤੁਹਾਡੇ ਵਰਗਾ ਸ਼ਾਕਾਹਾਰ ਅਮਰੀਕਾ ਵਿਚ ਨਹੀਂ ਮਿਲ ਸਕਦਾ। ਉਥੇ ਲੋਕ ਅਜੇ ਬਹੁਤਾ ਕਰਕੇ ਡਾਕਟਰੀ ਪਖੋਂ ਹੀ ਸ਼ਾਕਾਹਾਰੀ ਹੁੰਦੇ ਹਨ। ਉਹਨਾਂ ਇਸ ਗਲ ਦੀ ਸਖਤ ਲੋੜ ਅਨੁਭਵ ਕੀਤੀ ਕਿ ਨੌਜੁਆਨਾਂ ਨੂੰ ਸ਼ਾਕਾਹਾਰ ਬਾਰੇ ਦਸਿਆ ਜਾਵੇ।

Sri Satguru Jagjit Singh Ji Elibrary NamdhariElibrary@gmail.com

ਉਹਨਾਂ ਅਨੁਸਾਰ ਇਹ ਗਲ ਕਿਤਾਬਚਿਆਂ ਰਾਹੀਂ ਵੀ ਦਸੀ ਜਾ ਸਕਦੀ ਹੈ।

ਸ਼ਾਕਾਹਾਰੀ ਲੇਖਕ ਸੰਘ ਬਾਰੇ ਬੋਲਦਿਆਂ ਡਾਕਟਰ ਸਕਾਟ ਨੇ ਕਿਹਾ। ਇਹ ਸੁਝਾਉ ਚੰਗਾ ਹੈ। ਸਗੋਂ ਇਸ ਕਮੇਟੀ ਨੂੰ ਇਕ ਸਕੂਲ ਚਲਾਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਇਸ ਕਿਸਮ ਦੇ ਆਹਾਰ ਬਾਰੇ ਜਾਣਕਾਰੀ ਦਿਤੀ ਜਾ ਸਕੇ! ਸ਼ਾਕਾ-ਹਾਰ ਸਬੰਧੀ ਸਾਹਿਤ ਲਿਖਕੇ ਛਪਵਾ ਕੇ ਵੰਡਣਾ ਵੀ ਲਾਭਦਾਇਕ ਰਹੇਗਾ।

ਜੇ. ਐਮ. ਦਿਨਸ਼ਾਅ

ਅਮਰੀਕਾ ਤੋਂ ਆਏ ਹੋਏ ਸ੍ਰੀ ਸ਼ਾਅ ਨੇ ਕਿਹਾ ਕਿ ਸਾਨੂੰ ਮਾਤ੍ਰਾ ਬਹੁਤੀ ਨਹੀਂ ਚਾਹੀਦੀ ਸਗੋਂ ਗੁਣ ਚੰਗੇਰੇ ਤੇ ਬਹੁਤੇ ਚਾਹੀਦੇ ਹਨ। ਸ਼ਾਇਦ ਇਸ ਤੋਂ ਉਹਨਾਂ ਦਾ ਭਾਵ ਸੀ ਕਿ ਦ੍ਰਿੜਤਾ ਨਾਲ ਸ਼ਾਕਾਹਾਰ ਲਈ ਕੰਮ ਕਰਨ ਵਾਲੇ ਲੇਖਕ ਚਾਹੀਦੇ ਹਨ। ਪਹਿਲਾਂ ਉਹਨਾਂ ਨੇ ਤਥਾਂ ਤੇ ਅੰਕ-ੜਿਆ ਦੀ ਲੋੜ ਅਨੁਭਵ ਕੀਤੀ। ਉਹਨਾਂ ਇਹ ਵੀ ਸੁਝਾਓ ਦਿਤਾ ਕਿ ਵਾਰ ਵਾਰ ਅਜਿਹੀਆਂ ਗਲਾਂ ਨਾ ਕੀਤੀਆਂ ਜਾਣ ਜਿਨਾਂ ਨਾਲ ਸਾਡੀ ਮਾਤਰਾ ਤਾਂ ਭਾਵੇਂ ਵਧੇ, ਪਰ ਵਿਸ਼ੇਸ਼ ਗੁਣਾਂ ਵਿਚ ਘਾਟ ਪਵੇ ਇਸ ਸੰਘ ਦੀ ਮੰਤਵੀ ਪੂਰਤੀ ਲਈ ਇਕ ਰਸਾਲਾ ਹੀ ਕਾਫੀ ਨਹੀਂ ਸਗੋਂ ਅਜ ਦੇ ਵਿਗਿਆਨਕ ਯੁਗ ਵਿਚ ਰੇਡੀਓ ਤੇ ਟੈਲੀਵੀਜ਼ਨ ਦੀ ਲੋੜ ਵੀ ਅਨੁਭਵ ਕੀਤੀ।

ਸ੍ਰੀ ਮਤੀ ਰੁਕਮਣੀ ਦੇਵੀ

ਇਸ ਸਮਾਗਮ ਵਿਚ ਬੋਲਦਿਆਂ ਸ੍ਰੀ ਮਤੀ ਰੁਕਮਣੀ ਦੇਵੀ ਨੇ ਕਿਹਾ ਕਿ ਇਹਨਾਂ ਨਾਮਧਾਰੀਆਂ ਨੇ ਉਹ ਰਵਾਇਤ ਕਾਇਮ ਰਖੀ ਹੈ ਜਿਸ ਲਈ ਭਾਰਤ ਪਰਸਿਧ ਹੈ,ਗੁਰੂ ਨਾਨਕ ਵੀ ਮਾਸਾਹਾਰ ਦੇ ਵਿਰੁਧ ਸੀ। ਉਹਨਾਂ ਦੀ ਸਿਖਿਆ ਨੂੰ ਹੀ ਪਰਚਾ-ਰਨ ਦੀ ਮੁਖ ਲੋੜ ਹੈ। ਨਾਮਧਾਰੀਆਂ ਸਬੰਧੀ ਹੋਰ ਕੁਛ ਕਹਿੰਦਿਆਂ ਸ੍ਰੀ ਮਤੀ ਅਰੁਣਡੇਲ ਨੇ ਕਿਹਾ ਕਿ ਇਹ ਚਾਹ ਆਦਿ ਦੇ ਵੀ ਨੇੜੇ ਨਹੀਂ ਜਾਂਦੇ। ਪਰ ਇਹ ਸਭ ਕੁਛ ਪਰਚਾਰਨ ਲਈ ਯੁਵਕਾਂ ਦੀ ਮੁਖ ਤੋਰ ਤੇ ਜ਼ਰੂਰਤ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਮਾਂ ਬੜਾ ਥੋੜਾ ਸੀ ਇਸ ਲਈ ਇਹ ਸਮਾਗਮ ਛੇਤੀ ਹੀ ਸਮਾਪਤ ਕੀਤਾ ਜਾਣਾ ਸੀ। ਸ੍ਰੀ ਮਾਨਕਰ ਜੀ ਨੇ ਕੁਛ ਲੇਖਕਾਂ ਦੇ ਨਾਮ ਪੇਸ਼ ਕੀਤੇ ਜਿਨਾਂ ਨੇ ਇਸ ਸੰਘ ਦੇ ਕੰਮ ਨੂੰ ਚਲਾਉਣਾ ਸੀ। ਪਿਛੋਂ ਸਭ ਆਏ ਸਜਨਾਂ ਅਤੇ ਸਹਿਯੋਗੀਆਂ ਦਾ ਧਨਵਾਦ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਫੁਰਮਾ-ਇਆ "ਇਸ ਲੇਖਕ ਸੰਘ ਦੀ ਸਫਲਤਾ ਲਈ ਸਭ ਨੂੰ ਮਿਲਵੇਂ ਜਤਨ ਕਰਨੇ ਚਾਹੀਦੇ ਹਨ। ਜੇ ਅਜ ਸਤਿਗੁਰੂ ਪ੍ਰਤਾਪ ਸਿੰਘ ਜੀ ਇਥੇ ਸਰੀਰ ਕਰਕੇ ਹਾਜਰ ਹੁੰਦੇ ਤਾਂ ਉਹ ਆਪ ਨੂੰ ਦੇਖ ਕੇ ਕਿਨੇ ਖੁਸ਼ ਹੁੰਦੇ। ਆਪਣੇ ਧਰਮ ਦਾ ਇਕ ਖਾਸ ਨੁਕਤਾ ਪੇਸ਼ ਕਰਦਿਆਂ ਆਪ ਨੇ ਫਰਮਾਇਆ ਕਿ ਸਾਡੇ ਵਿਚ ਸਪ ਨੂੰ ਮਾਰਨਾ ਵੀ ਮਨਾ ਹੈ ਗਊ ਤੇ ਗਰੀਬ ਦੀ ਪਾਲਣਾ ਕਰਨ ਦਾ ਹੁਕਮ ਹੈ। ਗਊ ਪਛਮੀ ਲੋਕ ਵੀ ਪਾਲਦੇ ਹਨ ਪਰ ਉਹ ਇਸ ਤੋਂ ਮਾਸ ਤੇ ਦੁਧ ਪ੍ਰਾਪਤ ਕਰਨ ਲਈ। ਅਸੀਂ ਇਸਤੋਂ ਦੁਧ ਤੇ ਵਛੇ ਪ੍ਰਾਪਤ ਕਰਨ ਲਈ ਗਊ ਦੀ ਸੇਵਾ ਕਰਦੇ ਹਾਂ।" ਸਤਿਗੁਰੂ ਜੀ ਨੇ ਇਕ ਵਾਰ ਫਿਰ ਸਭ ਦਾ ਧਨਵਾਦ ਕੀਤਾ।

ਇਸ ਮੌਕੇ ਤੇ ਸ੍ਰੀ ਮਹਾਰਜ ਬੀਰ ਸਿੰਘ ਜੀ ਵਲੋਂ ਨਾਮਧਾਰੀ ਤੇ ਸ਼ਾਕਾਹਾਰ ਬਾਰੇ ਕੁਛ ਜਾਣ-ਕਾਰੀ ਭਰਪੂਰ ਇਕ ਤਕਰੀਰ ਪੜੀ ਗਈ ਅਤੇ "ਸਾਡਾ ਭੋਜਨ" ਨਾਂ ਦਾ ਇਕ ਕਿਤਾਬਚਾ ਅੰਗ੍ਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਛਪਵਾਕੇ ਵੰਡਿਆ ਗਿਆ।

Sri Satguru Jagjit Singh Ji Elibrary NamdhariElibrary@gmail.com

ਰਾਸ਼ਟਰਪਤੀ ਭਵਨ

ਸ਼ਾਮ ਨੂੰ ਸਾਰੇ ਡੈਲੀਗੇਟਾਂ ਦੇ ਸਨਮਾਨ ਵਿਚ ਰਾਸ਼ਟਰਪਤੀ ਡ਼ਾਕਰ ਹੁਸੈਨ ਨੇ ਇਕ ਚਾਹ ਪਾਰਟੀ ਦਿਤੀ। ਰਾਤ ਨੂੰ ਅਜਿਹੀ ਹੀ ਇਕ ਪਾਰਟੀ ਸ੍ਰੀ ਜੈ ਦਿਆਲ ਜੀ ਡਾਲਮੀਆਂ ਵਲੋਂ ਦਿਤੀ ਗਈ। ਅਤੇ ਇਸ ਨਾਲ ਹੀ ਦਿਲੀ ਦੇ ਸਮਾਗਮਾਂ ਦੀ ਸਮਾਪਤੀ ਹੋਈ।

ਆਗਰੇ ਦੀ ਯਾਤਰਾ ਕਰਨ ਪਿਛੋਂ ਸਭ ਡੈਲੀਗੇਟਾਂ ਨੂੰ ਅਸ਼ੋਕਾ ਹੋਟਲ ਦਿਲੀ ਵਿਚ ਇਕ ਵਿਦਾਇਗੀ ਪਾਰਟੀ ਦਿਤੀ ਗਈ। ਜਿਸ ਵਿਚ ਉਪ ਪ੍ਰਧਾਨ ਮੰਤਰੀ ਸ੍ਰੀ ਡੇਸਾਈ ਜੀ ਮੁਖ ਅਤਿਥੀ ਸਨ ਗੜ ਬੜ ਹੋਣ ਕਾਰਨ ਕਲਕਤੇ ਦਾ ਪ੍ਰੋਗਰਾਮ ਸਥਾਗਤ ਕਰਨਾ ਪਿਆ। ਇਹ ਤਿਨ ਦਿਨ ਜੈਪੁਰ ਯਾਤਰਾ ਕਰਵਾਈ ਗਈ ਜਿਸ ਦਾ ਪਰਬੰਧ ਸ੍ਰੀ ਮਾਨਕਰ ਜੀ ਨੇ ਕੀਤਾ।

ਮਦਰਾਸ ਵਿਚਲੇ ਸਮਾਗਮ

ਭਾਵੇਂ ਉਦਘਾਟਨੀ ਸਮਾਗਮ ੨੫–੧੧–੬੭ ਮਾਸਵਿਕ ਤੇ ਸੇਟੇ ਇਨੋਸੈਂਟ ਦੀ ਪਰਧਾਨਗੀ ਹੇਠ ਯੂਨੀਵਰਸਟੀ ਸੈਂਟਨੇਰੀ ਹਾਲ ਵਿਚ ਹੋ ਗਿਆ ਸੀ ਫਿਰ ਵੀ ਮਦਰਾਸ ਵਿਚਲਾ ਸਮਾਗਮ ੨੭–੧੧–੬੭ ਨੂੰ ਸ਼ੁਰੂ ਹੋਇਆ ਜਿਸ ਵਿਚ ਗਵਰਨਰ ਸ੍ਰ: ਨਿਹਾਲ ਸਿੰਘ ਨੇ ਬੜਾ ਨਿਘਾ ਸਵਾਗਤ ਕੀਤਾ ਸ੍ਰੀ ਭਕਤਾਵਾਤਸਲਮ (ਮਦਰਾਸ ਦੇ ਰਹਿ ਚੁਕੇ ਮੁਖ ਮੰਤਰੀ) ਸ੍ਰੀ ਮਤੀ ਰੁਕਮਣੀ ਦੇਵੀ ਮੈਸੂਰ ਦੇ ਮੁਖ ਮੰਤਰੀ ਸ੍ਰੀ ਨਿਜਾਲਿੰਗਾਪਾ ਨੇ ਵੀ ਸ਼ਾਕਾਹਾਰ ਦੀ ਲੋੜ ਬਾਰੇ ਭਾਸ਼ਨ ਦਿਤੇ। ਕਈ ਖੁਲੇ ਸਮਾਗਮ ਵੀ ਹੋਏ ਜਿਨਾਂ ਵਿਚ ਹਰ ਪਖ ਤੇ ਵਿਚਾਰ ਕੀਤਾ ਗਿਆ ਦਾਸਪ੍ਰਕਾਸ਼, ਵੁਡਲੈਂਡਜ਼ ਤੇ ਇੰਪੀਰੀਅਲ ਹੋਟਲਾਂ ਵਲੋਂ ਮੁਫਤ ਭੋਜਨ ਦਿਤਾ ਗਿਆ। ਸ੍ਰੀ ਮਤੀ ਨਲਿਨੀ ਦੇ ਜਤਨ ਨਾਲ ਬਹੁਤ ਸੁੰਦਰ "ਪਾਕ ਭੋਜਨ" ਪ੍ਰਦਰਸ਼ਨੀ ਕੀਤੀ ਗਈ।

ਇਕ ਵਰਨਣ ਯੋਗ ਘਟਨਾਂ ਇਹ ਸੀ ਕਿ ਇਸਵਾਰ ਸ਼ਾਕਾਹਾਰੀ ਯੁਵਕਾਂ ਦਾ ਇਕ ਸਮਾਗਮ ਵੀ ਹੋਇਆ। ਜਿਸ ਵਿਚ ਲਗ ਪਗ ੨੦੦ ਵਿਦਿਆਰਥੀਆਂ ਨੇ ਭਾਗ ਲਿਆ। ਬਰਤਾਨਵੀ ਯੁਵਕ (ਸ਼ਾਕਾਹਾਰੀ) ਲਹਿਰ ਦੇ ਪ੍ਰਤੀਨਿਧ ਵੀ ਇਸ ਵਿਚ ਸ਼ਾਮਲ ਹੋਏ ਜਿਨਾਂ ਨੇ ਇਸ ਮੌਕੇ ਤੇ ਬਹੁਤ ਜੋਸ਼ੀ–ਲੀਆਂ ਤਕਰੀਰਾਂ ਕੀਤੀਆਂ। ਭਾਰਤ ਵਿਚ ਵੀ ਸ਼ਾਕਾਹਾਰੀ ਯੁਵਕ ਲਹਿਰ ਸ਼ੁਰੂ ਕਰਨ ਦਾ ਸੁਝਾਓ ਦਿਤਾ ਗਿਆ। ਇਸ ਦੀ ਸਥਾਪਤੀ ਦਾ ਐਲਾਨ ਪ੍ਰਧਾਨ ਮਾਰਕਵਿਸ ਡੇ ਸੋਂਟ ਇਨੋਸੈਂਟ ਨੇ ਕਰ ਦਿਤਾ ਸ੍ਰੀ ਮਤੀ ਅਰੁਣਡੇਲ ਨੇ ਇਸ ਦੀ ਵਧਾਈ ਦਿੰਦਿਆਂ ਹਰ ਸੰਭਵ ਮਦਦ ਦਾ ਇਕਰਾਰ ਕੀਤਾ।

ਬੰਬਈ

੨ ਦਸੰਬਰ ੧੯੬੭ ਨੂੰ ਕਰਿਕਟ ਕਲਬ ਆਫ ਇੰਡੀਆ ਦੇ ਮੈਦਾਨ ਵਿਚ ਸ਼ਾਕਾਹਾਰੀ ਕਾਨਫਰੰਸ ਦਾ ਉਦਘਾਟਨ ਹੋਇਆ। ਲਗ ਪਗ ੩੦੦੦ ਆਦਮੀ ਹਾਜਰ ਸਨ। ਦਵਾਰਕਾ ਦੇ ਸ੍ਰੀ ਸ਼ੰਕਰਾਚਾਰੀਆਂ ਦੇ ਅਸ਼ੀਰਵਾਦ ਨਾਲ ਇਹ ਸਮਾਗਮ ਸ਼ੁਰੂ ਹੋਇਆ।

ਸਵਾਗਤੀ ਕਮੇਟੀ ਦੇ ਪ੍ਰਧਾਨ ਸ੍ਰੀ ਮਦਨ ਲਾਲ ਸੋਮਾਨੀ ਨੇ ਸਵਾਗਤੀਭਾਸ਼ਨ ਦਿਤਾ। ਆਪਣੇ ਉਦਘਾਟਨੀ ਭਾਸ਼ਨ ਵਿਚ ਸ੍ਰੀ ਚਿੰਨਮਾਇਆ ਨੰਦ ਜੀ ਮਹਾਰਾਜ ਨੇ ਦਸਿਆ ਕਿ ਆਤਮਾ ਦੀ ਉਨਤੀ ਲਈ ਸ਼ਾਕਾਹਾਰੀ ਭੋਜਨ ਦੀ ਅਤੀ ਲੋੜ ਹੈ। ਉਨਾਂ ਬਦੇਸੀ ਡੈਲੀਗੇਟਾਂ ਨੂੰ ਸ਼ਾਕਾਹਾਰ ਅਪਣਾਉਣ ਦੀ ਵਧਾਈ ਦਿਤੀ। ਮੁਖ ਅਤਿਥੀ ਸ੍ਰੀਮਤੀ ਅਰੁਣਡੇਲ ਤੇ ਲਾਲ ਚੰਦ ਹੀਰਾ ਚੰਦ ਨੇ ਵੀ ਇਸ ਸੰਧ ਵਿਚ ਤਕਰੀਰਾਂ ਕੀਤੀਆਂ। ਰੇਡੀਓ ਕਲਬ ਆਫ ਬੰਬਈ ਵਲੋਂ ਡੈਲੀਗੇਟਾਂ ਨੂੰ ਪ੍ਰੀਤੀ ਭੋਜਨ ਦਿਤਾ ਗਿਆ।

'ਸਤਜੁਗ' ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਬੰਬਈ ਵਿਚ ਵੀ ਤ੍ਰਉਵੇਂ ਭਰੇ ਅਤੇ ਗਰਮ ਸਮਾਗਮ ਕੁਦਰਤੀ ਇਲਾਜ ਕਰਨ ਵਾਲੇ ਡਾਕਟਰ ਭਾਮਗਾਰਾ ਵਲੋਂ ਅਯੋਜਤ "ਸਿਹਤ ਤੇ ਪੌਸ਼ਟਿਕ ਆਹਾਰ" ਤੇ ਡਾਕਟਰੀ ਸਬੰਧੀ ਸਮਾਗਮ ਵੀ ਹੋਏ ਜਿਨਾਂ ਵਿਚ ਕਈ ਲੇਖ ਪੜ੍ਹੇ ਗਏ।

੪ ਦਸੰਬਰ ਨੂੰ ਇਕ ਇਕਤਰਤਾ ਵਿਚ ਅੰਤਰ-ਰਾਸ਼ਟਰੀ ਸ਼ਾਕਾਹਾਰੀ ਸੰਗਠਨ ਤੇ ਭਾਰਤ ਵਿਚ ਹੋਈ ਇਸ ਕਾਨਫਰੰਸ ਦੇ ਲੇਖੇ ਜੋਖੇ ਦੀ ਪਰਵਾਨਗੀ ਦਿਤੀ ਗਈ। ਇਥੇ ਹੀ ਸ਼ਾਕਾਹਾਰੀ ਸੰਗਠਨ ਨੂੰ ਇਸ ਢੰਗ ਨਾਲ ਅਯੋਜਤ ਕਰਣ ਦਾ ਸੁਝਾਓ ਪੇਸ਼ ਹੋਇਆ ਕਿ ਇਸ ਵਿਚ ਬਦੇਸ਼ਾਂ ਦੇ ਯੁਵਕ ਵੀ ਆ ਸਕਣ।

ਡਾਕਟਰੀ ਸਮਾਗਮ ਦੀ ਪ੍ਰਧਾਨਗੀ ਪ੍ਰਸਿਧ ਪੰਡਤ ਸ਼ਿਵ ਸ਼ਰਮਾ ਐਮ. ਪੀ ਨੇ ਕੀਤੀ ਜਿਸ ਵਿਚ ਭੋਜਨ ਸਬੰਧੀ ਪ੍ਰਸਿਧ ਵਿਅਕਤੀਆਂ ਨੇ ਭਾਸ਼ਨ ਦਿਤੇ। ਪੰਡਤ ਸ਼ਿਵ ਸ਼ਰਮਾ ਜੀ ਨੇ ਮਾਨਵੀ ਪਖੋਂ ਸ਼ਾਕਾਹਾਰ ਦੀ ਲੋੜ ਅਨੁਭਵ ਕਰਵਾਈ।

ਸ੍ਰੀ ਮਤੀ ਲਾਲ ਬੇਨ ਬੀ. ਕੇ. ਸ਼ਾਹ ਵਲੋਂ ਅਯੋਜਿਤ ਭੋਜਨ ਪ੍ਰਦਰਸ਼ਨੀ ਬਹੁਤਅਕਰਸ਼ਕ ਸੀ। ਇਸ ਵਿਚ ਨਿਰਾਰਥਕ ਸਮਝ ਕੇ ਸੁਟੀਆਂ ਜਾਣ ਵਾਲੀਆਂ ਭੋਜਨ ਵਸਤੂਆਂ ਦੀ ਵਰਤੋਂ ਵੀ ਸੁੰਦਰ ਢੰਗ ਨਾਲ ਕਰ ਕੇ ਵਿਖਾਈ ਗਈ ਸੀ। ਇਸ ਦਾ ਉਦਘਾਟਨ ਮਾਰਕਵਿਸ ਤੇ ਇੰਨੋਸੈਂਟ ਨੇ ੩.੧੨.੧੯੬੭ ਨੂੰ ਕੀਤਾ। ਪ੍ਰੋ: ਸੀ. ਐਨ. ਵਕੀਲ ਨੇ ਸ਼ਾਕਾਹਾਰ ਨੂੰ ਹਰਮਨ ਪਿਆਰਾ ਬਣਾਉਣ ਤੇ ਜ਼ੋਰ ਦਿਤਾ।

ਬੰਬਈ ਦੇ ਸਮਾਗਮਾਂ ਸਮੇ ਵੀ ਡੈਲੀਗੇਟਾਂ ਨੂੰ ਪਰੀਤੀ ਭੋਜ ਤੇ ਪਾਰਟੀਆਂ ਦਿਤੀਆਂ ਗਈਆਂ

ਇਓਂ ੧੦ ਸਾਲ ਪਿਛੋਂ ਬਿਦੇਸ਼ੀ ਸ਼ਾਕਾ-ਹਾਰੀ ਪਰਾਹੁਣੇ ਭਾਰਤ ਵਿਚ ਇਹ ੧੯ ਵਾਂ ਅੰਤਰ ਰਾਸ਼ਟਰੀ ਕਾਨਫਰੰਸ ਤੇ ਦਰਸ਼ਨ ਦੇ ਕੇ ਆਪਣੇ ਸੁਚਜੇ ਵਿਚਾਰ ਪੇਸ਼ ਕਰਕੇ ਅਤੇ ਭਾਰਤੀਆਂ ਦੇ ਵਿਚਾਰ ਸੁਣਕੇ ਆਪੋ ਆਪਣੇ ਘਰਾਂ ਨੂੰ ਰਵਾਨਾਂ ਹੋ ਗਏ। ਭਾਰਤ ਵਿਚ ਹੋਈ ਇਸ ਕਾਨਫਰੰਸ ਦੀ ਯਾਦ ਓਹਨਾਂ ਦੇ ਦਿਲਾਂ ਵਿਚ ਸਦਾ ਹੀ ਕਾਇਮ ਰਹੇਗੀ।

ਸ੍ਰੀ ਮਹਾਰਾਜ ਬੀਰ ਸਿੰਘ ਜੀ ਦਾ ਭਾਸ਼ਣ

ਪਿਆਰੇ ਪ੍ਰਧਾਨ ਜੀ ਤੇ ਪ੍ਰਤੀਨਿਧ ਸਜਨੋ, ਸਭ ਤੋਂ ਪਹਿਲਾਂ ਮੈਂ ਸ੍ਰੀ ਸਤਿਗੁਰੂ ਜੀ ਤੇ ਨਾਮ-ਧਾਰੀ ਪੰਥ ਵਲੋਂ ੧੯ ਵੇਂ ਵਿਸ਼ਵ ਸ਼ਾਕਾਹਾਰੀ ਸਮੇਲਨ ਵਿਚ ਭਾਗ ਲੈਣ ਵਾਲਿਆਂ ਦਾ ਆਮ ਕਰਕੇ ਤੇ ਬਦੇਸੀ ਪ੍ਰਤੀਨਿਧਾਂ ਦਾ ਵਿਸ਼ੇਸ਼ ਕਰਕੇ ਸੁਆਗਤ ਕਰਨਾਂ ਚਾਹੁੰਦਾ ਹਾਂ ਜੋ ਆਪੋ ਆਪਣੇ ਦੇਸ਼ਾਂ ਤੋਂ ਲੰਮੇ ਸਫਰ ਤਹਿ ਕਰਕੇ ਇਥੇ ਪੁਜੇ ਹਨ।

ਸਬੰਧਤ ਵਿਸ਼ੇ ਤੋਂ ਕੁਛ ਕਹਿਣ ਤੋਂ ਪਹਿਲਾਂ ਮੈਨੂੰ ਆਗਿਆ ਦਿਓ ਕਿ ਆਪੇ ਤੋਂ ਆਪ ਨੂੰ ਜਾਣੂ ਕਰਾ ਦੇਵਾਂ। ਅਸੀਂ ਨਾਮਧਾਰੀ, ਸ੍ਰੀ ਸਤਿ-ਗੁਰੂ ਨਾਨਕ ਦੇਵ ਦੇ ਅਨੁਆਈ ਹਾਂ ਜਿਨਾਂ ਨੇ ਲਗ ਪਗ ੫੦੦ ਵਰ੍ਹੇ ਪਹਿਲਾਂ ਸਿਖ ਧਰਮ ਦੀ ਨੀਂਹ ਰਖੀ ਸੀ। ਉਹਨਾਂ ਦਾ ਸ਼ਾਕਾਹਾਰ ਵਿਚ ਬਹੁਤ ਕਟੜ ਵਿਸ਼ਵਾਸ ਸੀ। ਸ਼ਾਕਾਹਾਰ ਲਈ ਉਹਨਾਂ ਦੀ ਸ਼ਰਧਾ ਦਾ ਇਸ ਇਕੋ ਹੀ ਸਚਾਈ ਤੋਂ ਪਤਾ ਲਗ ਸਕਦਾ ਹੈ ਕਿ ਉਹਨਾਂ ਨੇ ਉਸ ਰਾਜੇ ਨਾਲ ਭੋਜਨ ਛਕਣ ਤੋਂ ਸਾਫ ਨਾਂਹ ਕਰ ਦਿਤੀ ਸੀ ਜੋ ਜੀਵਾਂ ਨੂੰ ਮਾਰ ਕੇ ਖਾਂਦਾ ਹੁੰਦਾ ਸੀ। ਸਾਡੇ ਸਤਿਗੁਰੂਆਂ ਨੇ ਲੋਕਾਂ ਵਿਚ ਸਮੇਂ ਸਮੇਂ ਸਿਰ ਸੁਧਾਰ ਕੀਤੇ। ਸਭ ਤੋਂ ਵਰਣਨ ਯੋਗ ਸੁਧਾਰ ਸੀ ਲੋਕਾਂ ਨੂੰ ਮਾਸਾਹਾਰ ਤੋਂ ਵਰਜਣਾ। ਉਹਨਾ ਨੇ ਉਹਨਾਂ ਲੋਕਾਂ ਨੂੰ ਸ਼ਾਕਾਹਾਰੀ ਤੇ ਸੰਤਾਂ ਵਾਲਾ ਜੀਵਨ ਬਤੀਤ ਕਰਨ ਲਈ ਉਪਦੇਸ਼ ਦਿਤੇ। ਸ਼ਾਕਾਹਾਰ ਦੇ ਉਹੀ ਸਿਧਾਂਤ ਹੀ ਪਿਛੋਂ ਹੋਰ ਸਤਿ-ਗੁਰੂਆਂ, ਵਿਸ਼ੇਸ਼ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਅਪਣਾਏ। ਵਰਤਮਾਨ ਸਤਿਗੁਰੂ ਜੀ ਦੀ ਅਗਵਾਈ ਅਧੀਨ,

Sri Satguru Jagjit Singh Ji Elibrary NamdhariElibrary@gmail.com

ਅਸੀਂ ਨਾਮਧਾਰੀ ਉਹਨਾਂ ਧਾਰਮਕ ਨੇਮਾਂ ਨੂੰ ਜਿਉਂ ਦੇ ਤਿਉਂ ਜਾਰੀ ਰਖ ਰਹੇ ਹਾਂ। ਧਰਮ ਦੇ ਦ੍ਰਿਸ਼ਟੀਕੋਣ ਤੋਂ ਬਿਨਾ ਵੀ, ਸਾਡਾ ਇਹ ਵਿਸ਼ਵਾਸ ਹੈ ਕਿ ਨਿਕੇ ਜੀਵਾਂ ਨੂੰ ਕਤਲ ਕਰਨ ਦੀ ਭਾਵਨਾ ਹੀ ਮਨੁਖ ਨੂੰ ਮਨੁਖ ਹਤਿਆ ਵਲ ਲੈ ਜਾਂਦ ਹੈ। ਇਸ ਲਈ ਮਨੁਖਤਾ ਨੂੰ ਇਸ ਪਾਪ ਤੋਂ ਬਚਾਉਣ ਲਈ ਸ਼ਾਕਾਹਾਰੀ ਬਣਨਾ, ਸਿਧਾ ਰਸਤਾ ਅਪਣਾਉਣਾ ਹੈ।

ਸਾਨੂੰ ਸਭ ਨੂੰ ਇਸ ਗਲ ਦਾ ਅਫਸੋਸ ਹੈ ਕਿ ਬਹੁਤੇ ਯੂਰਪੀਨ ਸਜਣ ਸਾਡੇ ਨਾਲ ਇਥੇ ਸਾਮਲ ਨਹੀਂ ਹੋ ਸਕੇ ਕਿਉਂਕਿ ਉਹਨਾ ਨੂੰ ਚੀਚਕ ਦਾ ਟੀਕਾ ਲੁਆਉਣ ਤੋਂ ਬਿਨਾ ਸਫਰ ਕਰਨ ਦੀ ਆਗਿਆ ਨਹੀਂ ਮਿਲ ਸਕੀ। ਪਰ ਦੂਜੇ ਬੰਨੇ ਅਸੀਂ ਇਸ ਗਲ ਤੇ ਪ੍ਰਸੰਨਤਾ ਅਨੁਭਵ ਕਰਦੇ ਹਾਂ ਕਿ ਉਹ ਆਪਣੇ ਧਾਰਮਕ ਨੇਮਾ ਤੇ ਡਟੇ ਰਹੇ ਹਨ। ਭਾਰਤ ਵਿਚ ਅਸੀਂ ਆਪਣੇ ਵਲੋਂ ਆਪਣੀ ਸਰਕਾਰ ਨੂੰ ਮਨਾਉਣ ਦੇ ਜਤਨ ਕਰ ਰਹੇ ਹਾਂ ਕਿ ਚੀਚਕ ਦੇ ਟੀਕੇ ਨੂੰ ਜਰੂਰੀ ਕਰਾਰ ਦੇ ਕੇ ਸ਼ਾਕਾਹਾਰ ਤੇ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਈ ਜਾਵੇ। ਸਾਡਾ ਵਿਸ਼ਵਾਸ ਹੈ ਕਿ ਸਾਡੇ ਮਿਤਰਾਂ ਦੀਆਂ ਸ਼ੁਭ ਇਛਾਵਾਂ ਸਾਡੇ ਨਾਲ ਹਨ ਤੇ ਉਹ ਇਸ ਸਮੇਲਨ ਦੀਆਂ ਵਿਚਾਰਾਂ ਦੀ ਸਫਲਤਾ ਵਲ ਆਸਾਂ ਲਾਈ ਬੈਠੇ ਹਨ। ਸ੍ਰੀ ਸਤਿਗੁਰੂ ਜੀ ਨੇ ਇਥੇ ਲੇਖਕਾਂ ਨੂੰ ਇਕਠਿਆਂ ਕੀਤਾ ਹੈ ਜੋ ਬਹੁਤ ਹਦ ਤਕ ਲੋਕਾਂ ਨੂੰ ਸਹੀ ਜਾਂ ਗਲਤ ਰਸਤੇ ਵਲ ਤੋਰਨ ਲਈ ਜਿਮੇਵਾਰ ਹਨ। ਭਾਸਦਾ ਇਹ ਹੈ ਕਿ ਅਜੋਕੀ ਦੁਨੀਆਂ ਆਧੁਨਿਕ ਸਾਹਿਤ ਵਲ ਬਹੁਤ ਆਕਰਖਤ ਹੈ। ਇਸ ਲਈ ਮੈਂ ਆਪਣੇ ਸਨਮਾਨਤ ਮਿਤਰਾਂ ਅਗੇ ਅਰਜ਼ ਕਰਾਂਗਾ ਕਿ ਉਹ ਸਮੇਂ ਦੀ ਆਵਾਜ ਪਛਾਣਨ। ਆਪਣੀ ਅਧੁਨਿਕ ਪਹੁੰਚ ਰਾਹੀਂ ਉਹ ਲੋਕਾਂ ਦੇ ਮਨਾ ਵਿਚ ਮਾਸ ਨਾ ਖਾਣ ਦੇ ਤੇ ਸਭ ਲਈ ਕਿਰਪਾਲੂ ਤੇ ਦਇਆਵਾਨ ਬਣਨ ਦੇ ਵਿਚਾਰ ਭਰਨ।

ਆਮ ਕਰ ਕੇ ਕਿਹਾ ਜਾਂਦਾ ਹੈ ਕਿ ਸਿਖ ਕੌਮ ਮਾਂਸਾਹਾਰੀ ਹੋਣ ਕਾਰਨ ਹੀ ਬਹਾਦਰ ਹੈ। ਪਰ ਇਹ ਖਿਆਲ ਬਿਲਕੁਲ ਝੂਠਾ ਤੇ ਆਧਾਰ ਰਹਤ ਹੈ। ਕਿਸੇ ਵੀ ਸਤਿਗੁਰੂ ਨੇ ਮਾਸ ਖਾਣ ਦੀ ਆਗਿਆ ਨਹੀਂ ਦਿਤੀ। ਸਾਡੇ ਕੋਲ ਇਸ ਗਲ ਦੇ ਚੰਗੇ ਸਬੂਤ ਹਨ ਕਿ ਸਿਖ ਸਿਰਫ ਕਟੜ ਸ਼ਾਕਾਹਾਰੀ ਹੋਣ ਕਾਰਨ ਹੀ ਬਹਾਦਰ ਹਨ।

ਸਾਡੇ ਗਿਆਨ ਅਨੁਸਾਰ ਸਾਰੇ ਧਰਮਾਂ ਦੇ ਮੁਖੀਆਂ ਨੇ ਆਪਣੇ ਸਿਖਾਂ ਨੂੰ ਦੁਨੀਆਂ ਵਿਚ ਹਰ ਜੀਵਾਂ ਤੇ ਦਇਆ ਕਰਨ ਦੀ ਹੀ ਸ਼ਿਖਿਆ ਦਿਤੀ ਹੈ। ਸ੍ਰੀ ਰਾਮ, ਬੁਧ, ਮੁਹੰਮਦ, ਈਸਾ— ਸਭ ਨੇ ਹੀ ਲੋਕਾਂ ਨੂੰ ਸਿਖਿਆ ਦਿਤੀ ਹੈ ਕਿ ਉਹ ਸਭ ਜੀਵਾਂ ਨੂੰ ਰੱਬ ਦੀ ਰਚਨਾ ਸਮਝਣ ਤੇ ਰੱਬ ਦੀ ਰਚਨਾ ਨੂੰ ਤਬਾਹ ਕਰਨਾ ਇਕ ਤਰ੍ਹਾਂ ਨਾਲ ਰੱਬ ਨੂੰ ਹੀ ਦੁਖਾਉਣਾ ਹੈ।

ਅਸੀਂ ਇਹ ਜਾਣ ਕੇ ਖੁਸ਼ ਹਾਂ ਕਿ ਸਾਡੇ ਸੱਜਣ ਬਹੁਤ ਦੂਰ ਦੂਰ ਤੋਂ ਆਏ ਹਨ। ਤੇ ਇਸ ਗਲ ਤੋਂ ਉਤਸ਼ਾਹਤ ਹਾਂ ਕਿ ਉਨ੍ਹਾਂ ਸਭ ਨੇ ਸ਼ਾਕਾਹਾਰ ਨੂੰ ਅਪਣਾਇਆ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹ ਸਾਰੇ ਸ਼ਾਕਾਹਾਰ ਦੇ ਮੰਤਵ ਅਗੇ ਲੈ ਜਾਣ ਲਈ ਵਧ ਤੋਂ ਵਧ ਜਤਨ ਕਰਣਗੇ ਤੇ ਜਿਸ ਮੰਤਵ ਲਈ ਅਸੀਂ ਇਥੇ ਇਕਠੇ ਹੋਏ ਹਾਂ ਉਸ ਨੂੰ ਪੂਰਾ ਕਰਨ ਲਈ ਸਾਡੀ ਮਦਦ ਕਰਨਗੇ।

ਮੈਂ ਲੇਖਕਾਂ ਅਗੇ ਬੇਨਤੀ ਕਰਦਾ ਹਾਂ ਕਿ ਉਹ ਸਬੰਧਤ ਵਿਸ਼ੇ ਤੇ ਕੁਛ ਰੌਸ਼ਨੀ ਪਾਉਣ ਤੇ ਇਕ ਕਮੇਟੀ, ਜਿਸ ਦਾ ਮੰਤਵ ਹੋਵੇ ਲੋਕਾਂ ਨੂੰ ਮਾਸ ਖਾਣ ਦੀ ਆਦਤ ਛਡਣ ਲਈ ਕੁਛ ਗਿਆਨ ਦੇਣਾ, ਬਦਲਾਉਣ ਸਬੰਧੀ ਆਪਣੇ ਸੁਝਾਉ ਪੇਸ਼ ਕਰਨ। ਉਨ੍ਹਾਂ ਦੇ ਦਿਲਾਂ ਵਿਚ ਸਭ ਜੀਵਾਂ ਲਈ ਯੋਗ ਸਥਾਨ ਹੋਣਾਂ ਚਾਹੀਦਾ ਹੈ। ਇਉਂ ਕਰਨ ਨਾਲ, ਲੇਖਕਾਂ ਦਾ ਇਕ ਸਨਮਾਨ ਯੋਗ ਪੇਸ਼ਾ ਵਿਸ਼ਵ ਨੂੰ ਦੁਖਾਂ ਤੇ ਤਬਾਹੀ ਤੋਂ ਬਚਾਉਣ ਲਈ ਜੋ ਉਸ ਦੇ ਬਣਾਏ ਜੀਵਾਂ ਨੂੰ ਕਤਲ ਕਰਨ ਨਾਲ ਹੀ ਪੈਦਾ ਹੁੰਦੇ ਹਨ, ਬਹੁਤ ਵਡੀ ਸੇਵਾ ਕਰੇਗਾ।

ਮੈਂ ਇਕ ਵਾਰ ਫਿਰ ਸਾਡੀ ਅਰਜ਼ ਮੰਨ ਕੇ ਇਥੇ ਮਿਲਣ ਦਾ ਮੌਕਾ ਦੇਣ ਲਈ ਆਪ ਸਭ ਦਾ ਧਨਵਾਦ ਕਰਦਾ ਹਾਂ।

'ਸਤਿਜੁਗ' ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਮਨੁਖਤਾ ਅਤੇ ਮਾਸਾਹਾਰ

ਧਾਰਮਿਕ ਤੇ ਵਿਗਿਆਨਤਾ ਦੇ ਪਖ ਤੋਂ ਇਹ ਗਲ ਚੰਗੀ ਤਰਾਂ ਸਪਸ਼ਟ ਹੈ ਕਿ ਸੰਸਾਰ ਦੀ ਸਾਰੀ ਉਪਜ ਵਿਚੋਂ ਮਨੁਖ ਜੂਨ ਦੀ ਉਪਜ-ਉਤਮ ਹੈ। ਭਾਈ ਗੁਰਦਾਸ ਜੀ ਨੇ ਉਪ੍ਰੋਕਤ ਭਾਵ ਦੀ ਪੁਸ਼ਟੀ ਇਸਤਰਾਂ ਕੀਤੀ ਹੋਈ ਹੈ ਕਿ:-

"ਲਖ ਚਉਰਾਸੀਹ ਜੂਨ ਵਿਚ ਉਤਮ ਜੂਨ ਸੁ ਮਾਨਸ ਦੇਹੀ"

ਆਮ ਤੌਰ ਤੇ ਵਿਸ਼ੇਸ਼ਤਾ ਵਾਲੀ ਜੋ ਗਲ ਹੈ ਉਹ ਮ ਗਿਆਨ ਤੇ ਉਸਦੀ ਯੋਗ ਅਯੋਗ ਵਰਤੋਂ ਸੁਤਤ੍ਰਤਾ ਕਰਕੇ ਹੀ ਹੈ ਪੰਡਤ ਹਰਦਿਆਲ ਜੀ ਇਸ ਭਾਵ ਦੀ ਪੁਸ਼ਟੀ ਸਾਰੁਕਤਾਵਲੀ ਵਿਚ ਕਰਦੇ ਹਨ:-

"ਨਿੰਦ੍ਰਾਂ, ਭੋਜਨ. ਭੋਗ, ਭਯ; ਏਹ ਪਸੁ, ਪੁਰਖ ਸਮਾਨ, ਨਰਨ ਗਿਆਨ ਸਮ ਅਧਿਕਤਾ, ਗਿਆਨ ਬਿਨਾਂ, ਪਸ਼ੂ ਜਾਨ, ।

ਵੈਸੇ ਗਿਆਨ ਸ਼ਬਦ ਇਕ ਬੜੀ ਵਿਸ਼ਾਲਤਾ ਦਾ ਸੰਕੇਤ ਹੈ। ਪਰ ਇਸ ਮਜਮੂਨ ਵਿਚ ਮੈਂ ਕੇਵਲ ਮਨੁਖ ਦੀ ਖੁਰਾਕ ਸਬੰਧੀ ਗਿਆਨ ਤੇ ਉਸਦੀ ਵਰਤੋਂ ਦਾ ਹੀ ਜਿਕਰ ਕਰਨਾ ਹੈ। ਭਾਵ ਇਸ ਦੀ ਪੁਸ਼ਟੀ ਵੀ ਸ੍ਰੀ ਚਾਣਕ ਮੁਨੀ ਜੀ ਇਹਨਾਂ ਸ਼ਬਦਾਂ ਵਿਚ ਕਰਦੇ ਹਨ:–

ਮਾਸ ਭਖਤ, ਮਦਰਾ ਪੀਯਤ, ਮੂਰਖ ਅਖਰ ਹੀਨ।
ਨਰਅਕਾਰ, ਪਸ਼ੂਭਾਰ ਯਹ,ਪ੍ਰਿਥਵੀ ਨਹਿਸਤ ਤੀਨ।

ਉਪ੍ਰੋਕਤ ਪੰਗਤੀਆਂ ਵਿਚ ਮੁਨੀ ਜੀ ਨੇ ਮਨੁਖਤਾ ਤੇ ਪਸ਼ੂ ਪਨ ਦੀ ਤੁਲਨਾ ਵਾਸਤੇ ਤਿੰਨ ਕੰਮ ਦਸੇ ਹਨ। ਉਹਨਾਂ ਵਿਚੋਂ ਦੋ ਕੰਮਾਂ (ਮਦਯਪਾਨ ਤੇ ਅਵਿਦਯਾ) ਦੀ ਬਾਬਤ ਸਮੇਂ ਸਮੇਂ ਸਿਰ ਲਿਖਨ ਦੇ ਖਿਆਲ ਨਾਲ ਹਾਲਾਂ ਸਿਰਫ ਮਾਸ ਭਖਨ ਦੇ ਮਸਲੇ ਸਬੰਧੀ ਹੀ ਸੰਖਿਪਤ ਭਾਵ ਅੰਕਿਤ ਹਨ।

ਅਜ ਕਲ ਦੇ ਮਾਸ ਭਖਨ ਕਰਨ ਵਾਲੇ ਮਨੁਖ ਪੁਰਾਤਨ ਕਾਲ ਦੇ ਮਾਸਾਹਾਰੀਆਂ ਤੋਂ ਕੁਝ ਜਿਆਦਾ ਚਾਤਰ ਤੇ ਸਿਆਣੇ ਹੋ ਗਏ ਹਨ। ਜਿਥੇ ਪਿਛੇ ਮਾਸ ਅਹਾਰ ਕੇਵਲ ਜਾਂਗਲੀ ਤੇ ਰਾਕਸ਼ਾਂ ਦਾ ਹੀ ਹੋਇਆ ਕਰਦਾ ਸੀ ਤੇ ਫਿਰ ਜੀਭ ਦੇ ਸਵਾਦਿਕ ਸਿਆਣਿਆਂ ਨੇ ਕੁਝ ਪਸ਼ੂਆਂ ਨੂੰ ਬਲੀਆਂ ਦੇ ਰੂਪ ਵਿਚ ਵਰਤਨ ਦਾ ਸਿਸਟਮ ਜਾਰੀ ਕੀਤਾ। ਜਿਸਦੇ ਕਾਰਨ ਮਾਸ ਦੀ ਵਰਤੋਂ ਆਮ ਲੋਕਾਂ ਵਿਚ ਵਿਹਾਰਕ ਸਮਾਗਮਾ ਸਮੇਂ ਕਰਨ ਦਾ ਰਿਵਾਜ ਬਣ ਗਿਆ।

ਭਾਂਵੇਂ ਨਾਲ ਨਾਲ ਧਾਰਮਿਕ ਆਚਾਰਯਾਂ ਵਲੋਂ ਇਸ ਰਿਵਾਜ ਦੀ ਬੜੀ ਵਿਰੋਧਤਾ ਵੀ ਹੁੰਦੀ ਰਹੀ ਤੇ ਸਗੋਂ ਉਹ ਧਾਰਮਕ ਭਾਵ ਰਖਨ ਵਾਲੇ ਅਜਿਹੇ ਆਗੂਆਂ ਦੇ ਬਲੀਆਂ, ਕੁਰਬਾਨੀਆਂ ਵਾਲੇ ਢੋਲ ਦਾ ਪੋਲ ਚੰਗੀਤਰਾਂ ਖੋਲਦੇ ਰਹੇ ਜਿਹਾ ਕਿ ਪੰਡਤਾਂ ਨੂੰ ਮੁਖਾਤਿਬ ਕਰ ਦਿਆਂ:-

ਪਡੀਆ ਕਵਨ ਕੁਮਤ ਤੁਮ ਲਾਗੇ।

ਦੇ ਸ਼ਬਦ ਵਿਚ ਕਬੀਰ ਜੀ ਲਿਖਦੇ ਹਨ:—

ਜੀਅ ਬਧਹੁ ਸੁ ਧਰਮੁ ਕਰ ਥਾਪਹੁ,
ਅਧਰਮ ਕਹਹੁ ਕਿਸੁ ਭਾਈ।
ਆਪਸ ਕਉ ਮੁਨਿ ਵਰ ਕਰ ਥਾਪਹੁ,
ਕਾ ਕੋ ਕਹਹੁ ਕਸਾਈ। ਅਬਵਾ

Sri Satguru Jagjit Singh Ji Elibrary NamdhariElibrary@gmail.com

"ਮੁਲਾ ਕਹਹੁ ਨਿਆਉ ਖੁਦਾਈ" ਸ਼ਬਦ ਵਿਚ ਮੁਲਾਂ ਜੀ ਨੂੰ ਚੰਗੀ ਤਰਾਂ ਹਲੂੰਣਦੇ ਹੋਏ ਲਿਖਦੇ ਹਨ, ਪਕਟਿ ਜੀਉ ਆਨਿਆ ਦੇਹ ਬਿਨਾਸੀ. ਮਾਟੀ ਕਉ ਬਿਸਮਿਲ ਕੀਆ। ਜੋਤਿ ਸਰੂਪ ਅਨਾਹਿਤ ਲਾਗੀ, ਕਹੁ ਹਲਾਲੁ ਕਿਆ ਕੀਆ।

ਪ੍ਰਭਾਤੀ ਕਬੀਰ ਜੀ

ਏਸ ਤਰਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ਼ੀਹੇਂ ਉਪਲ ਨੂੰ (ਜੋ ਅਪਨੇ ਲੜਕੇ ਦੀਆਂ ਗੀਤਾਂ ਲਈ ਇਕ ਸੌ ਬਕਰਾ ਮਾਰਨ ਵਾਸਤੇ ਲਿਜਾ ਰਿਹਾ ਸੀ) ਅਰ ਗੁਰੂ ਜੀ ਦੇ ਪੁਛਨ ਤੇ ਉਸਨੇ ਸਾਫ ਸ਼ਬਦਾਂ ਵਿਚ ਦਸਿਆ ਸੀ ਕਿ ਮਹਾਰਾਜ। "ਸਦਾ ਜਰੇਰਨ ਰੀਤ ਹਮਾਰੇ,ਓ ਦਿਨ ਆਮਿਖ ਦੇਹਿ ਅਹਾਰੇ) ਉਸਦੀ ਇਸ ਮਜਬੂਰੀ ਦਾ ਇਸ ਤਰਾਂ ਖੰਡਨ ਕਰਕੇ ਉਪਦੇਸ਼ ਦਿਤਾ। ਕਿ-: ਅਬ ਤੋ ਸੁਗਮ ਜਾਨੀਅਹਿ ਕਰਿਬੋ। ਅੰਤ ਮਹਾਂ ਦੁਖ ਨਰਕਨ ਪਰਬੋ। ਅਥਵਾ ਜਿਨ ਕੇ ਹਿਤ ਅਘ ਕਰਮ ਕਮਾਇ। ਤਹਾਂ ਨ ਰੰਚਕ ਹੋਇ ਸਹਾਇ। [ਸ੍ਰੀ ਸੂਰਜ ਪ੍ਰਕਾਸ਼ ਰਾਸ ਪੈਹਲੀ]

ਪਰ ਅਜ ਦੇ ਮਾਂਸ ਅਹਾਰੀ ਮਨੁਖਾਂ ਨੇ ਮਾਂਸਾਹਾਰ ਨੂੰ ਮਨੁਖ ਲਈ ਸ਼ਕਤੀ ਸ਼ਾਲੀ ਬਣੌਣ,ਤੇ ਪਸ਼ੂ ਪੰਛੀਆਂ ਦੀ ਖਪਤ ਕਰਨ ਦਾ ਤੇ ਅੰਨ ਸੰਕਟ ਦੇ ਦੂਰ ਕਰਨ ਆਦਿਕ ਯੋਜਨਾਂ ਨਾਲ ਜੋੜ ਘਾਤਿਆ ਹੈ ਜੋ ਸੌ ਫੀ ਸਦੀ ਹਰ ਇਕ ਪਖ ਤੋਂ ਉਲਟ ਹੈ।

ਮਿਸਾਲ ਦੇ ਤੌਰ ਤੇ ਸਤਿਜੁਗ ਤ੍ਰੇਤੇ ਦਵਾਪਰ ਦੇ ਜੁਗਾਂ ਵਿਚ ਜਿਤਨੇ ਭੀ ਮਹਾਂ ਜੁਧ ਹੋਏ ਉਨਾਂ ਵਿਚ ਕੰਮ ਔਣ ਵਾਲੇ ਸਾਰੇ ਸੈਨਕ ਅਹਿੰਸਕ ਹੀ ਹੁੰਦੇ ਸਨ ਪਰ ਜਿਸ ਸ਼ਾਨ ਨਾਲ ਉਨਾਂ ਜੰਗ ਲੜੇ ਉਨ੍ਹਾਂ ਦਾ ਬਿਆਨ ਕਰਨਾਂ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਸ੍ਰੀ ਗੁਰੂ ਹਰ ਗੋਬਿੰਦ ਜੀ ਨੇ ਸਿਖਾਂ ਪਾਸੋਂ ਤਿਨ ਚਾਰ ਜੰਗ ਕਰਵਾਏ ਤੇ ਤਕ੍ਰੀਬਨ ੬੦-੭੦ ਹਜਾਰ ਮੁਕਾਬਲਾ ਤੇ ਔਣ ਵਾਲਿਆਂ ਨੂੰ ਮੌਤ ਦੇ ਘਾਟ ਉਤਾਰਿਆ ਕਿਸੇ ਤਾਰੀਖ ਜਾਂ ਇਤਹਾਸ ਵਿਚ ਸਿਖਾਂ ਦੇ ਭੋਜਨ ਵਿਚ ਮਾਸ ਦੇਣ ਭਖਣਦਾ ਜਿਕਰ ਨਹੀ ਆਇਆ।

ਸਗੋਂ ਸ੍ਰੀ ਗੁਰੂ ਹਰ ਗੋਬਿੰਦ ਜੀ ਨੇ ਅਜੇਹੇ ਕਈ ਮਾਰ ਖੋਰੇ ਜਾਨਵਰਾਂ ਦਾ ਹਥੀਂ ਪਾਰ ਉਤਾਰਾ ਕੀਤਾ ਜੇਹੜੇ ਬਨ ਦੇ ਪਸ਼ੂ ਪੰਛੀਆਂ ਤੇ ਨਿਹਥੇ ਲੋਕਾਂ ਨੂੰ ਮਾਰਦੇ ਹੁੰਦੇ ਸਨ।

ਏਸੇ ਤਰਾਂ ਸਾਹਿਬ ਸ੍ਰੀ ਕਲਗੀਧਰ ਦੇ ਵਕਤ ਦੀਆਂ ਮਿਸਾਲਾਂ ਸਾਮਣੇ ਹਨ

ਹਜ਼ੂਰ ਨੇ ਦੁਸਮਨਾਂ ਦੀ ਚਾਲ ਸਮੇ ਉਚ ਦੇ ਪੀਰ ਬਣਿਆ ਹੋਇਆਂ ਭੀ ਮਾਸ ਅਹਾਰ ਨੂੰ ਕੜਾਹ ਪ੍ਰਸ਼ਾਦ ਦਾ ਹੀ ਰੂਪ ਦਿਤਾ।

ਮਾਸਆਹਾਰ ਅੰਨ ਸੰਕਟ ਦੀ ਬ੍ਰਿਧੀ ਦਾ ਕਾਰਨ ਭਾਵੇਂ ਹੋਵੇ ਕਿਉਂਕਿ ਏਹੋ ਜਿਹਾਂ ਅਭਖ ਚੀਜ਼ਾਂ ਨਾਲ ਮਸਾਲਿਆਂ ਦੀ ਵਰਤੋਂ ਕਰਕੇ ਬਹੁਤਾ ਅਨਾਜ ਖਾਧਾ ਜਾਂਦਾ ਹੈ।

ਖੇਚਲ ਦੇ ਸਿਲਸਿਲੇ ਵਿਚ ਫਰਜ਼ ਕਰੋ, ਜੇ ਮਨੁਖ ਇਨ੍ਹਾਂ ਜਾਨਵਰਾਂ ਨੂੰ ਪਾਲਤੂ ਨ ਰਖੇ ਤਾਂ ਕੀ ਏਹ ਜਾਨਵਰ ਮਨੁਖ ਨਾਲ ਜੰਗ ਕਰਨ ਗੇ ਜਾਂ ਮੁਕਦਮਾ ਲੜਨਗੇ—ਕਿ ਮਨੁਖ ਸਾਨੂੰ ਪਾਲਦਾ ਨਹੀ ?

ਕੀ ! ਏਹ ਜਾਨਵਰ ਆਪਣੇ ਦੁਧ-ਤੇ ਔਲਾਦ-ਤੇ ਗੋਬਰ-ਉਨ ਆਦਕਾਂ ਨਾਲ ਮਨੁਖ ਦਾ ਕੁਝ ਸਵਾਰਦੇ ਹਨ ਜਾਂ ਵਿਗਾੜਦੇ ਹਨ।

ਕੀ ! ਇਨਾਂ ਚੀਜਾਂ ਦੀ ਵਰਤੋਂ ਮਨੁਖ ਦੇ ਪਾਲਨ ਪੋਸਨ ਦੀ ਖੇਚਲ ਦਾ ਕੁਝ ਉਧਾਰ ਬਕਾਇਆ ਰਖਦੀ ਹੈ ?

ਕੀ ਮਨੁਖ ਦੀ ਖੁਰਾਕ ਦਾ ਮਸਲਾ ਇਨਾ ਜਾਨਵਰਾਂ ਨਾਲ ਕਿਵੇਂ ਸਬੰਧਤ ਹੈ ?

ਜਦ ਕਿ ਮਨੁਖ ਦੀ ਬਨਾਵਟ ਤੇ ਮੇਧਾ ਤੇ ਮੂੰਹ ਅਰ ਦੰਦ ਆਦਿਕ ਹੀ ਉਨਾਂ ਦਰਿੰਦਿਆਂ (ਮਾਸ ਖੋਰੇ) ਜਾਨਵਰਾਂ ਨਾਲੋਂ ਵਖਰਾ ਹੈ—

ਕਿਉਂਕਿ ਕੁਦਰਤੀ ਤੌਰ ਤੇ ਜਿਨਾਂ ਨਸਲਾਂ ਦੀ ਮਾਸ ਖੁਰਾਕ ਹੈ ਉਨਾਂ ਦਾ ਸਭ ਕੁਝ ਹੀ ਮਨੁਖ ਨਾਲੋਂ ਵਿਸੇਸ਼ਤਾ ਵਾਲਾਹੈਦਰਿੰਦੇ ਜਾਨਵਰਾਂਨੂੰ ਆਪ ਨੇ ਸ਼ਿਕਾਰ ਵਾਸਤੇ ਕਿਸੇ ਲੋਹੇ ਦੇ ਹਥਿਆਰ ਜਾਂ ਬੰਦੂਕ ਆਦਿ ਦੀ ਵਰਤੋਂ ਨਹੀਂ ਕਰਨੀ ਪੈਂਦੀ।

'ਸਤਿਜੁਗ' ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਰਾਸ਼ਟਰਪਤੀ ਭਵਨ ਵਿਚ, ਸ੍ਰੀ ਮਾਨਕਰ ਜੀ, ਰਾਸ਼ਟਰਪਤੀ ਹੋਰਾਂ ਦੀ ਸ੍ਰੀ ਸਤਿਗੁਰੂ ਜੀ ਨਾਲ ਪਛਾਣ ਕਰਵਾ ਰਹੇ ਹਨ।

ਲੇਖਕ ਮਿਲਣੀ ਵਿਚ ਸ੍ਰੀ ਮਾਨਕਰ ਜੀ ਨਾਮਧਾਰੀਆਂ ਦਾ ਸ਼ਾਕਾਹਾਰ ਬਾਰੇ ਦਰਿਸ਼ਟੀਕੋਣ ਪੇਸ਼ ਕਿਰ ਰਹੇ ਹਨ।

ਰਾਸ਼ਟਰਪਤੀ ਡਾਕਟਰ ਜ਼ਾਕਰ ਹੁਸੈਨ ਨਾਲ ਵਿਚਾਰ ਵਟਾਂਦਰਾ ਕਰਨ ਸਮੇਂ ਸ੍ਰੀ ਸਤਿਗੁਰੂ ਜੀ।

Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ—ਬਦੇਸ਼ੀ ਸ਼ਾਕਾਹਾਰੀਆਂ ਤੇ ਨਾਮਧਾਰੀ ਸੰਗਤ ਸਹਿਤ ।

Sri Satguru Jagjit Singh Ji Elibrary NamdhariElibrary@gmail.com

ਤੇ ਨਾ ਹੀ ਉਨਾਂ ਨੂੰ ਖਲੜੀ ਲਾਹੁਣ ਜਾਂ ਰਿੰਨਣ-ਪਕੌਨ ਦੇ ਜਤਨ ਹੀ ਕਰਨੇ ਪੈਂਦੇ ਹਨ।

ਜੇ ਕਰ ਮਨੁਖ ਦੀ ਖੁਰਾਕ ਭੀ ਮਾਸ ਹੀ ਹੁੰਦੀ ਤਾਂ ਕੁਦਰਤੀ ਤੌਰ ਤੇ ਇਸਨੂੰ ਦਰਿੰਦਿਆਂ ਵਾਲਾ ਸਮਾਨ ਜਰੂਰ ਪ੍ਰਾਪਤ ਹੁੰਦਾ। ਖੁਰਾਕ ਦੇ ਘਾਟੇ ਵਿਚ ਜੇ ਮਾਸ ਆਹਾਰ ਹੀ ਪੂਰਾ ਉਤਰ ਸਕਦਾ ਹੈ, ਤਾਂ ਕ੍ਰੋੜਾਂ ਟਨ ਅਨਾਜ ਭਾਰਤ ਜਾਂ ਹੋਰਨਾਂ ਦੇਸ਼ਾ ਵਿਚ ਖਪਤ ਨਾ ਹੁੰਦਾ ਹੋਵੇ ਅਰ ਨਾ ਹੀ ਅੰਨ ਵਾਸਤੇ ਸਾਰੀਆਂ ਸਰਕਾਰਾਂ ਇਤਨੀਆ ਚਿੰਤਾਵਾਨ ਹੋਣ।

ਸਗੋਂ ਮਾਸਆਹਾਰ ਅੰਨ ਸੰਕਟ ਦੀ ਵ੍ਰਿਧੀ ਦਾ ਕਾਰਨ ਭਾਂਵੇ ਹੋਵੇ ਕਿਉਂਕਿ ਏਹੋ ਜਿਹੀਆਂ ਅਭਖ ਚੀਜ਼ਾਂ ਨਾਲ ਮਸਾਲਿਆ ਦੀ ਵਰਤੋਂ ਕਰਕੇ ਬਹੁਤਾ ਅਨਾਜ ਖਾਧਾ ਜਾਂਦਾ ਹੈ।

ਕਦੇ ਕੋਈ ਮਨੁਖ ਨਿਰੇ ਅੰਡੇ ਜਾਂ ਮੱਛੀਆਂ ਤੇ ਮਾਸ ਨਾਲ ਭੀ ਅੰਨ ਦੇ ਥਾਂ ਦੀ ਪੂਰਤੀ ਕਰ ਸਕਦਾ ਹੈ ਇਸਦੇ ਮੁਕਾਬਲੇ ਤੇ ਆਲੂ, ਗਾਜਰਾਂ ਟਮਾਟਰ ਅੰਬ ਖਰਬੂਜੇ ਤਰਬੂਜ, ਸਾਗ ਪਤੇ ਆਦਿਕ ਸਬਜੀਆਂ ਤੇ ਦੁਧ--ਮਖਨ ਲਸੀ ਪਨੀਰ ਆਦਿਕ ਪਦਾਰਥ ਕੇਵਲ ਅਕਲੇ ਅਕਲੇ ਹੀ ਮਨੁਖ ਦੀ ਭੁਖ ਨਵਿਰਤ ਕਰ ਸਕਦੇ ਹਨ।

ਇਤਆਦਿਕ ਸੰਖਿਪਤ ਉਦਾਹਰਨਾਂ ਤੋਂ ਪਤਾ ਲਗਦਾ ਹੈ ਕਿ ਆਪਣੀ ਜੀਭ ਦੇ ਸਵਾਦ ਵਾਸਤੇ ਮਾਂਸ ਆਹਾਰ ਕਰਨ ਵਾਸਤੇ ਭਾਵੇਂ ਮਨੁਖ ਜਿਤਨੇ ਢਕੌਂਸਲੇ ਦਿਲ ਚਾਹੇ ਬਣਾ ਲਵੇ—ਅਰ ਆਪਣੀ ਖੁਦਗਰਜੀ ਤੇ ਖੁਦ ਮੁਖਿਤਿਆਰੀ ਨਾਲ ਜੋ ਚਾਹੇ ਕਰ ਲਵੇ।

ਪਰ ਕੁਦਰਤੀ ਅਸੂਲ ਦੇ ਨੁਕਤਾ ਨਿਗਾਹ ਨਾਲ ਮਾਸ ਭਖਨ ਕਰਨਾ ਮਨੁਖਤਾ ਤੋਂ ਇਤਨਾ ਹੀ ਦੂਰ ਹੈ ਜਿਤਨਾ ਪ੍ਰਿਥਵੀ ਤੋਂ ਅਕਾਸ਼।

ਦੋ ਰੁਬਾਈਆਂ

— ਸਨਖਤ੍ਰਵੀ

ਜਿਬ੍ਹਾ ਖਾਨਿਆਂ ਵਿਚੋਂ ਰੋਜਾਨਾ ਹਾ ਹਾ ਕਾਰ ਜੋ ਆਵੇ।
ਨਿਰਦਯਤਾ ਬਦਅਮਨੀ ਨਫਰਤ ਜਗ ਦੇ ਵਿਚ ਫੈਲਾਵੇ।
ਹਿੰਸਾ ਸੋਮਾ ਤਬਾਹੀ ਵਾਲਾ ਜਦ ਤਕ ਚਲਦਾ ਰਹਿਸੀ।
ਵਿਸ਼ਵ ਅਮਨ ਦਾ ਮਹਿਲ 'ਆਤਮਾ' ਤਦ ਤਕ ਰੁੜਦਾ ਜਾਵੇ।

** ** ** §*§ ** ** **

ਐ ਇਨਸਾਨ ਜਹਾਨ ਤੇ ਆਕੇ ਨਾ ਕਰ ਅਤਿਆ—ਚਾਰੀ।
ਦਇਆ, ਧਰਮ ਨੂੰ ਧਾਰਨ ਕਰਕੇ ਹੋ ਜਾ ਸਦ—ਆਚਾਰੀ।
ਮਨ, ਬਚ, ਕਰਮ, ਦੀ ਛਡ ਅਹਿੰਸਾ ਜੀਵਨ ਨੂੰ ਉਚਿਆਲੇ।
ਪਾਕਿ 'ਆਤਮਾ' ਰਖਣ ਦੀ ਖਾਤਰ ਬਣ ਤੂੰ ਸ਼ਾਕਾਹਾਰੀ।

Sri Satguru Jagjit Singh Ji Elibrary NamdhariElibrary@gmail.com

ਇਨਸਾਨ ਤੇ ਹੈਵਾਨ

—ਮਨਸ਼ਾ ਸਿੰਘ 'ਦੁਖੀ'

ਮੰਨਿਆ ਤੂੰ ਸੂਰਮਾ ਬਲਵਾਨ ਹੈਂ।
ਮੰਨਿਆਂ ਤੂੰ ਧਨੀ ਤੇ ਵਿਦਵਾਨ ਹੈਂ।
ਪਰ ਨਹੀਂ ਇਨਸਾਨੀਅਤ ਦਾ ਜੇ ਖਿਆਲ
ਫਿਰ ਭਲਾ ਤੂੰ ਕਿਸਤਰਾਂ ਇਨਸਾਨ ਹੈਂ।

ਜ਼ਿੰਦਗੀ ਦੇ ਦੋ ਪਹਿਲੂ ਹਨ। ਜੀਵਨ ਦੇ ਦੋ ਪਾਸੇ ਹਨ। ਇਨਸਾਨੀ ਤੇ ਹੈਵਾਨੀ, ਅੰਦਰੂਨੀ ਤੇ ਬੇਰੂਨੀ, ਅੰਦਰਲਾ ਤੇ ਬਾਹਰਲਾ, ਆਦਮੀਆਂ ਵਾਲਾ ਤੇ ਪਸ਼ੂਆਂ ਵਾਲਾ।

ਪਸ਼ੂਆਂ ਵਿਚ ਮਾਂ ਭੈਣ ਧੀ ਤੇ ਇਸਤ੍ਰੀ ਦੀ ਤਮੀਜ਼ ਨਹੀਂ, ਸੂਝ ਨਹੀਂ ਪਿਉ ਭਰਾ ਪੁਤਰ ਤੇ ਪਤੀ ਵਿਚ ਵਿਤਕਰਾ ਨਹੀਂ, ਵਿਚਾਰ ਨਹੀਂ, ਫਰਕ ਨਹੀਂ। ਪਰ ਆਦਮੀਆਂ ਵਿਚ, ਇਨਸਾਨਾਂ ਵਿਚ ਇਨਾਂ ਗੱਲਾਂ ਦਾ ਜ਼ਰੂਰ ਵਿਤਕਰਾ ਹੈ, ਫਰਕ ਹੈ, ਤੇ ਬੱਝਵਾਂ ਫਰਕ ਹੈ।

ਮਾਂ ਭੈਣ ਧੀ ਤੇ ਪਤਨੀ, ਬਾਪ ਭਰਾ ਪੁਤਰ ਤੇ ਪਤੀ ਤੇ ਸਰੀਰਾਂ ਵਿਚ ਫਰਕ ਨਹੀਂ ਸਰੀਰਾਂ ਦੀ ਬਣਤਰ ਵਿਚ ਫਰਕ ਨਹੀਂ ਅੰਗਾਂ ਵਿਚ ਵਿਤਕਰਾ ਨਹੀਂ ਬਨਾਵਟ ਵਿਚ ਭਿਨਤਾ ਨਹੀ, ਪਰ ਮਾਂ ਭੈਣ ਤੇ ਧੀ ਨੂੰ ਇਸਤਰੀ ਨਹੀ ਸਮਝਿਆ ਜਾ ਸਕਦਾ ਤੇ ਪਿਓ ਭਰਾ ਅਤੇ ਪੁਤਰ ਨੂੰ ਪਤੀ ਨਹੀਂ ਸਮਝਿਆ ਜਾ ਸਕਦਾ। ਮਾਂ ਭੈਣ ਧੀ ਤੇ ਪਤਨੀ, ਪਿਓ ਭਰਾ ਪੁਤਰ ਤੇ ਪਤੀ ਦੇ ਰਿਸ਼ਤੇ ਬੰਨਵੇਂ ਹਨ ਇਹਨਾਂ ਵਿਚ ਫਰਕ ਨਹੀਂ ਪਾਇਆ ਜਾ ਸਕਦਾ। ਬਸ ਇਹੋ ਇਨਸਾਨੀਅਤ ਹੈ ਇਹੋ ਜੀਵਨ ਦਾ ਅੰਦਰੂਨੀ ਪਹਿਲੂ ਹੈ। ਇਹ ਇਨਸਾਨਾ ਵਾਲਾ ਪਾਸਾ ਹੈ। ਅਤੇ ਪਸ਼ੂਆਂ ਵਿਚ ਜਾਨਵਰਾਂ ਵਿਚ ਇਹਨਾਂ ਵਿਚ ਕੋਈ ਵਿਤਕਰਾ ਨਹੀਂ ਫਰਕ ਨਹੀਂ ਵਿਚਾਰ ਨਹੀਂ ਤੇ ਭਿੰਨਤਾ ਨਹੀਂ ਸਮਝੀ ਜਾਂਦੀ।

ਨਿਯਮ ਬਧ ਜ਼ਿੰਦਗੀ ਜੀਉਣ ਦਾ ਨਾਉਂ ਹੀ ਇਨਸਾਨੀਅਤ ਹੈ। ਪੰਚਾਇਤੀ ਅਸੂਲਾਂ ਮੁਜਬ ਵਿਚਾਰਵਾਨਾਂ ਦੇ ਬਣਾਏ ਹੋਏ ਨਿਰਪਖ ਨਿਯਮਾਂ ਅਨੁਸਾਰ ਜੀਵਨ ਨੂੰ ਢਾਲਣਾ ਹੀ ਇਨਸਾਨੀਅਤ ਹੈ।

ਜੇ ਕੋਈ ਬੰਦਾ ਇਹ ਇਨਸਾਨੀਅਤ ਉਤੇ ਬਧੇ ਹੋਏ ਅਸੂਲ ਇਹ ਦਾਨਿਆ ਦੇ ਬਣਾਏ ਹੋਏ ਇਹ ਵਿਚਾਰਵਾਨਾਂ ਪੰਚਾਂ ਦੇ ਸਥਾਪੇ ਹੋਏ ਨਿਯਮਾਂ ਨੂੰ ਮੂਰਖਤਾ ਨਾਲ ਘੁਮੰਡ ਨਾਲ ਆਪਹੁਦਰੇਪਨ ਨਾਲ ਤੋੜ ਦੇਵੇ ਉਲੰਘ ਦੇਵੇ ਭੰਨ ਦੇਵੇ ਤਦ ਸਿਆਣੇ ਉਸਨੂੰ ਆਦਮੀ ਹੁੰਦੇ ਹੋਏ ਨੂੰ ਵੀ ਜਾਨਵਰ ਤੇ ਪਸ਼ੂ ਹੀ ਆਖਦੇ ਅਤੇ ਸਮਝਦੇ ਹਨ। ਨਿਰਪਖਤਾ ਤੇ ਇਨਸਾਫ ਵੀ ਇਹੋ ਆਖਦਾ ਹੈ।

ਜਿਮੀਦਾਰੀ ਕਰਨ ਵਾਲਾ ਜਿਮੀਦਾਰ, ਲੋਹੇ ਦਾ ਕੰਮ ਕਰਨ ਵਾਲਾ ਲੁਹਾਰ, ਕਪੜੇ ਸਿਊਣ ਦਾ ਕੰਮ ਕਰਨ ਵਾਲਾ ਦਰਜੀ ਅਤੇ ਇਵੇਂ ਹੀ ਬਜਾਜ, ਜੌਹਰੀ, 'ਘੁਮਿਆਰ' ਆਦਿ ਆਮ ਪੇਸ਼ੇ ਸਮਝ ਲਵੋ ਜਿਸਤਰਾਂ ਦਾ ਕੋਈ ਕੰਮ ਕਰੇ ਉਸਨੂੰ ਉਹੀ ਨਾਮ ਦਿੰਦੇ ਹਨ। ਇਸੇ ਹੀ ਤਰਾਂ ਵਕੀਲ ਓਵਰਸੀਅਰ ਸਿਪਾਹੀ ਹੌਲਦਾਰ ਥਾਨੇਦਾਰ ਕਮਿਸ਼ਨਰ ਕਾਰਖਾਨੇ ਦਾਰ ਤੇ ਵਕੀਲ ਆਦਿ ਹਨ। ਅਤੇ ਜੇ ਇਹੀ ਆਦਮੀ ਇਕ ਕੰਮ ਛਡਕੇ ਦੂਜਾ ਕਰ ਲੈਣ ਤਦ ਉਹੀ ਨਾਮ ਸਦਾਂਗੇ। ਜਿਮੀ ਦਾਰ ਲੋਹੇ ਦਾ ਕੰਮ ਕਰਨ ਲਗ ਪਵੇ ਲੁਹਾਰ ਘੁਮਿਆਰ, ਹੀਰੇ

Sri Satguru Jagjit Singh Ji Elibrary NamdhariElibrary@gmail.com

ਲਾਲਾਂ ਦਾ ਕੰਮ ਕਰਨ ਲਗ ਪਏ ਤਦ ਜੌਹਰੀ ਆਦਿ ਬਣ ਜਾਂਦੇ ਹਨ। ਇਸਦਾ ਮਤਲਬ ਹੈ ਕਿ ਜਿਹੜਾ ਕੰਮ ਕੋਈ ਕਰੂ ਉਹੋ ਕਹਾਊ। ਸਰੀਰਾਂ ਵਿਚ ਕੋਈ ਫਰਕ ਨਹੀਂ ਜਿਸਮਾਂ ਵਿਚ ਕੋਈ ਵਿਤਕਰਾ ਨਹੀਂ ਫਰਕ ਹੈ ਤਾਂ ਸਿਰਫ ਕੰਮ ਵਿਚ ਹੈ। ਕਾਰਾਗਰੀ ਵਿਚ ਹੈ ਤੇ ਗੁਣ ਵਿਚ ਹੈ। ਇਸੇ ਹੀ ਤਰਾਂ ਤੇ ਐਨ ਇਸੇ ਤਰਾਂ ਹੀ ਇਨਸਾਨੀਅਤ ਅਤੇ ਹੈਵਾਨੀਅਤ ਧਾਰਨ ਕਰਨ ਵਾਲਿਆਂ ਉਪਰ ਨਿਰਭਰ ਹੈ। ਇਨਸਾਨੀਅਤ ਧਾਰਨ ਕਰਨ ਵਾਲਾ ਇਨਸਾਨ ਤੇ ਹੈਵਾਨੀਅਤ ਧਾਰਨ ਕਰਨ ਵਾਲਾ ਹੈਵਾਨ ਕਹਾ-ਵੇਗਾ। ਇਨਸਾਨੀਅਤ ਤੇ ਬਧੇ ਹੋਏ ਅਸੂਲਾਂ ਉਤੇ ਤੁਰਨ ਵਾਲਾ, ਦਾਨਿਆਂ ਵਿਚਾਰਵਾਨਾਂ ਪੰਚਾਂ ਦੇ ਬਣਾਏ ਹੋਏ ਅਸੂਲਾਂ ਦੇ ਨਿਯਮਾਂ ਵਿਚ ਰਹਿਣ ਵਾਲਾ ਆਦਮੀਅਤ, ਇਨਸਾਨੀਅਤ ਨੂੰ ਕਾਇਮ ਰਖਣ ਵਾਲੇ ਬਧੇ ਹੋਏ ਨਿਯਮਾਂ ਦੇ ਬੰਧਨ ਵਿਚ ਤੁਰਨ ਵਾਲਾ ਹੀ ਇਨਸਾਨ ਤੇ ਆਦਮੀ ਕਿਹਾ ਜਾ ਸਕਦਾ ਹੈ ਨਹੀਂ ਤਾਂ ਇਕਲਾ ਇਨਸਾਨੀ ਸਰੀਰ ਹੀ ਆਦਮੀ ਕਹੌਣ ਲਈ ਇਨਸਾਨ ਕਹੌਣ ਲਈ ਕਾਫੀ ਨਹੀਂ ਇਨਸਾਨ ਓਹੀ ਹੈ ਜਿਸ ਵਿਚ ਇਨ-ਸਾਨੀਅਤ ਹੈ। ਜਿਹੜਾ ਇਨਸਾਨਾਂ ਲਈ ਬਧੇ ਹੋਏ ਨਿਯਮਾ ਵਿਚ ਤੁਰਦਾ ਹੈ ਜਿਹੜਾ ਇਹਨਾਂ ਨਿਯਮਾਂ ਨੂੰ ਮੰਨਦਾ ਹੈ ਜਿਹੜਾ ਇਹਨਾਂ ਨਿਯਮਾਂ ਅਗੇ ਸਿਰ ਨਿਵਾਉਂਦਾ ਹੈ।

ਇਹਨਾਂ ਇਨਸਾਨੀਅਤ ਦੇ ਨਿਯਮਾਂ ਨੂੰ ਉਲੰਘਨ ਕਰਨ ਵਾਲਾ ਇਨਸਾਨੀ ਸਰੀਰ ਵਿਚ ਹੈਵਾਨਾਂ ਵਲੀਆਂ ਹਰਕਤਾਂ ਕਰਨ ਵਾਲਾ ਪਸ਼ੂਆਂ ਵਾਲੇ ਕੰਮ ਕਰਨ ਵਾਲਾ ਹੈਵਾਨ ਹੀ ਅਖ-ਵਾਏਗਾ। ਸ਼ੀਰ ਭਾਵੇ ਉਸਦਾ ਆਦਮੀ ਦਾ ਹੀ ਹੋਵੇ ਪਰ ਉਸ ਵਿਚ ਇਨਸਾਨੀਅਤ ਨਾ ਹੋਣ ਕਰਕੇ ਆਦਮੀ ਹੁੰਦੇ ਹੋਏ ਵੀ ਹੈਵਾਨ ਹੈ। ਆਦਮੀ ਹੁੰਦੇ ਹੋਏ ਵੀ ਪਸ਼ੂ ਹੈ।

ਜੇ ਹੈਂ ਇਨਸਾਨ ਤਾਂ ਇਨਸਾਨ ਜੇਹੀ ਸ਼ਾਨ ਪੈਦਾ ਕਰ
ਧਰਮ ਈਮਾਨ ਪੈਦਾ ਕਰ ਮਨੁਖੀ ਆਨ ਪੈਦਾ ਕਰ
ਨਾ ਬਣਦਾ ਸ਼ੇਰ ਜੇ ਪਾਈਏ ਗਧੇ ਤੇ ਸ਼ੇਰ ਦਾ ਜਾਮਾ
ਮਨੁਖਬਣਨੇਲਈਇਨਸਾਨੀਅਤ ਇਨਸਾਨਪੈਦਾਕਰ

ਸਮਝਣ ਦਾ ਵੇਲਾ

—ਸਵਰਨਸਿੰਘ 'ਸਨੇਹੀ'

ਓ ਮਨੁਖ, ਕਦੇ ਸੋਚ ਨਾ ਆਈ ?
ਚੌਧਰ ਤੇਰੀ ਰਬ ਬਣਾਈ।
'ਅਵਰ ਜੋਨਿ ਤੇਰੀ ਪਨਿਹਾਰੀ।
ਇਸ ਧਰਤੀ ਮਹਿ ਤੇਰੀ ਸਿਕਦਾਰੀ।'
ਕੀ ਕਰਦੈਂ ? ਕੀ ਫਰਜ ਸੀ ਤੇਰਾ ?
ਕਰਨਾ ਭਲਾ ਸੀ ਤੂੰ ਸਭ ਕੇਰਾ।
ਪਰ ਬੇ ਰਹਿਮ ਹੋ ਜੀਵ ਤੂੰ ਪਾੜੇਂ।
ਵਿਸ਼ਵ ਬਾਗ ਨੂੰ ਪਿਆ ਉਜਾੜੇਂ
ਇਸ ਲਈ ਗੁਰ ਪੀਰਾਂ ਦਾ ਨਾਮ।
ਕਰਨਾ ਸਿਖਿਆ ਤੂੰ ਬਦਨਾਮ।
ਤੇਰੀ ਉਗਾਹੀ ਨਹੀਂ ਭਰਨਗੇ।
ਜਮ ਖਲਾਸੀ ਨਹੀਂ ਕਰਨਗੇ।
ਦਰਗਹ ਕਿਸੇ ਲਿਹਾਜ਼ ਨਾ ਕਰਨਾ।
ਰੋਅਬ ਤੇਰੇ ਤੇ ਨਾਹੀਂ ਡਰਨਾ।
ਨਾ ਓਥੇ ਫਰਮਾਇਸ਼ ਬਚਾਵੇ।
ਨਾ ਕੋ ਨੇੜੇ ਜਾਣਾ ਪਾਵੇ।
ਭਟਕੇਂਗਾ ਫਿਰ ਜਨਮ ਜਨਮ।
ਚੰਗੇ ਅਮਲ ਹੀ ਆਵਣ ਕੰਮ।
ਬਣ 'ਸਨੇਹੀ' ਸਭ ਨੂੰ ਪਿਆਰਾ।
ਹਲਤ ਪਲਤ ਨਿਜ ਲੈ ਸਵਾਰ।
ਸਮਝ ਅਜੇ ਵੀ ਹੇ ਸਿਰਦਾਰ।
ਕਾਹਨੂੰ ਕਰਦੈਂ ਜੀਵ ਸੰਘਾਰ।

Sri Satguru Jagjit Singh Ji Elibrary NamdhariElibrary@gmail.com

ਸ਼ਾਕਾਹਾਰੀ ਪੈਹਲਵਾਨ

ਥੋੜੇ ਦਿਨਾਂ ਦੀ ਗਲ ਹੈ ਦਿਲੀ ਵਿਚ ਭਾਰਤ ਦੇ ਉਘੇ ਉਘੇ ਪੈਹਲਵਾਨਾਂ ਦੀਆਂ ਕੁਸ਼ਤੀਆਂ ਦੇ ਦੰਗਲ ਹੋਏ ਜਿਸ ਵਿਚ ਰੁਸਤਮੇਂ ਹਿੰਦ ਸ੍ਰੀ ਮੇਹਰ-ਦੀਨ ਵੀ ਆਏ ਹੋਏ ਸਨ। ਸ੍ਰੀ ਚਾਂਦਗੀ ਰਾਮ ਵੀ ਮੌਜੂਦ ਸਨ। ਸੁਭਾਵਕ ਤੌਰ ਦੀ ਮਿਲਣੀ ਤੇ ਸ੍ਰੀ ਮੇਹਰਦੀਨ ਨੇ ਚਾਂਦਗੀ ਰਾਮ ਨੂੰ ਦਸਤ ਪੰਜਾ ਲੈਣ ਸਮੇਂ ਅਰਨ-ਚੇਤ ਇੰਜੇਕਸ਼ਨ ਦਾ ਨਿਰਾਥਕ ਜਤਨ ਕੀਤਾ, ਜਿਸ ਨੂੰ ਦਰਸ਼ਕਾ ਨੇ ਬੁਰਾ ਮਨਾਇਆ।

ਏਸੇ ਹੀ ਸਮੇਂ ਅਗਲੇ ਦਿਨ ਵਾਸਤੇ ਦੋਹਾ ਦੀ ਕੁਸ਼ਤੀ ਹੋਣ ਦਾ ਪ੍ਰੋਗਰਾਮ ਬਣਾਇਆ ਗਿਆ।

ਇਸ ਦਿਨ ਦੀ ਕੁਸ਼ਤੀ ਵੇਖਣ ਨੂੰ ਆਮ ਲੋਕਾਂ ਲਈ ਦਿਲ ਚਸਪੀ ਦਾ ਕਾਰਨ ਬਣ ਗਈ। ਨੀਯਤ ਸਮੇਂ ਜਿਥੇ ਸ੍ਰੀ ਮੇਹਰਦੀਨ ਆਪਣੀ ਤਾਕਤ ਨਾਲ ਮਸਤ ਹੋਇਆ, ਮੌਲਾ ਮੌਲਾ ਆਖਦਾ ਦੁੰਗੀਆਂ ਮਾਰਦਾ ਅਖਾੜੇ ਵਿਚ ਆਇਆ ਉਥੇ ਸ੍ਰੀ ਚਾਂਦਗੀ ਰਾਮ ਭਾਰਤੀਅ ਸਭਿਅਤਾ ਅਨੁਸਾਰ ਕਪੜੇ ਲਾਹ ਕੇ ਪਹਿਲਾਂ ਸਾਰੇ ਦਰਸ਼ਕਾਂ ਵਲ ਹਥ ਜੋੜਕੇ ਸਭ ਦਾ ਸਤਿਕਾਰ ਕੀਤਾ, ਫਿਰ ਪ੍ਰਿਥਵੀ ਮਾਤਾਨੂੰ ਮਥਾਟੇਕ ਥੋੜੀ ਜਿਹੀ ਪਵਿਤ੍ਰ ਧੂੜੀ ਮਥੇ ਨੂੰ ਲਾ ਕੇ ਬੜੇ ਠਰੰਮੇ ਨਾਲ ਅਖਾੜੇ ਵਿਚ ਆਇਆ।

ਸ੍ਰੀਰਕ ਤੌਰ ਤੇ ਸਾਰੇ ਲੋਕ ਰੁਸਤਮੇ ਹਿੰਦ ਸ੍ਰੀ ਮੇਹਰਦੀਨ ਦੇ ਮੁਕਾਬਲੇ ਵਿਚ ਚਾਂਦਗੀ ਰਾਮ ਨੂੰ ਬਹੁਤ ਹੌਲੇ ਸਰੀਰ ਵਾਲਾ ਸਮਝਿਆ ਜਾਂਦਾ ਸੀ, ਪਰ ੩੫ ਮਿੰਟਾਂ ਦਾ ਘੋਲ ਕਰਨ ਤੋਂ ਬਾਦ ਦਰਸ਼ਕਾਂ ਵਿਚ ਉਸ ਵੇਲੇ ਖੁਸ਼ੀ ਦੀ ਲੈਹਰ ਬਿਜਲੀ ਵਾਂਗ ਇਕ ਦਮ ਫੈਲ ਗਈ ਜਦ ਕਿ ਸ੍ਰੀ ਮੇਹਰ ਦੀਨ ਚਾਂਦਗੀ ਰਾਮ ਦੇ ਹੇਠਾਂ ਦੋਹਾਂ ਮੋਢਿਆਂ ਪਰਨੇ ਲੇਟਿਆ ਹੋਇਆ ਆਕਾਸ਼ਮੰਡਲ ਵੇਖ ਰਹਿਆ ਸੀ, ਅਰ ਸ੍ਰੀ ਚਾਂਦਗੀ ਰਾਮ ਬੜੇ ਧੀਰਯ ਨਾਲ ਉਸਦੀ ਛਾਤੀ ਤੇ ਇਸ ਤਰਾਂ ਬੈਠਾ ਸੀ, ਜਿਵੇਂ ਕੋਈ ਬਚਾ ਲਾਡ ਨਾਲ ਅਪਣੇ ਬਜੁਰਗਾਂ ਦੀ ਹਿਕ ਤੇ ਬੈਠਕੇ ਮਨ ਹੀ ਮਨ ਵਿਚ ਖੁਸ਼ੀਆਂ ਮਨਾ ਰਿਹਾ ਹੁੰਦਾ ਹੈ।

ਸਾਰਾ ਦੰਗਲ ਤਾਲੀਆਂ ਦੀ ਆਵਾਜ਼ ਨਾਲ ਗੂੰਜ ਉਠਿਆ ਤੇ ਸਰਕਾਰੀ ਤੌਰ ਤੇ ਉਸੇ ਵੇਲੇ ਸ੍ਰੀ ਚਾਂਦਗੀ ਰਾਮ ਨੂੰ ਭਾਰਤੀ ਕੇਸਰੀ ਦੇ ਸਨਮਾਨਣ ਨਾਲ ਸਤਿਕਾਰ ਦਿਤਾ।

ਇਸਤਰਾਂ ਦੰਗਲਾ ਵਿਚ ਆਮ ਤੌਰ ਤੇ ਹੁੰਦਾ ਹੀ ਰਹਿੰਦਾ-ਪਰ ਸ੍ਰੀ ਚਾਂਦਗੀ ਰਾਮ ਵਿਚ ਇਕ ਖਾਸ ਵਿਸ਼ੇਸ਼ਤਾ ਹੈ-ਜਿਸ ਵਾਸਤੇ ਇਸ ਦਾ ਵਰਣਨ ਏਥੇ ਖਾਸ ਤੌਰ ਤੇ ਕੀਤਾ ਜਾ ਰਿਹਾ ਹੈ ਏਹ ਪੜਕੇ ਸਾਰੇ ਪਾਠਕ ਹੈਰਾਨ ਹੋਣਗੇ ਕਿ ਇਹ ਭਾਰਤੀਯ ਪੈਹਿਲਵਾਂਨ ਇਕ ਨਿਰੋਲ ਸ਼ਾਕਾਹਾਰੀ ਹੈ।

ਅਰ ਇਸ ਨੂੰ ਇਸ ਗਲ ਤੇ ਖਾਸ ਫਖਰ ਹੈ।

ਇਸ ਦੰਗਲ ਵਿਚੋਂ ਸਰਵੋਚਮ ਮਾਣ ਪ੍ਰਾਪਤ ਕਰਨ ਤੋਂ ਬਾਦ ਪ੍ਰਾਪਤ ਹੋਈ ਜਾਣਕਾਰੀ ਤੋਂ ਪਤਾ ਲਗਾ ਹੈ ਕਿ ਇਸ ਦੀ ਰੋਜ਼ਾਨਾ ਖੁਰਾਕ ਦੀ ਅਧੀ ਮਾਤ੍ਰਾ ਇਸ ਪ੍ਰਕਾਰ ਹੈ।

ਗਊ ਦਾ ਦੁਧ ਤਿੰਨ ਕਿਲੋ ਰੋਜਾਨਾ
ਘਿਓ ਅਧਾ ਕਿਲੋ ਤੇ ਬਦਾਮ ਅਧ ਕਿਲੋ।
ਹਰੀਆਂ ਸਬਜੀਆਂ ਦੋ ਕਿਲੋ।
ਹਰੇ ਫ਼ਲ ਦੋ ਕਿਲੋ।
ਅਰ ਚਾਰ ਪੰਜ ਰੋਟੀਆਂ।

ਇਸ ਤੋਂ ਬਗੈਰ ਏਹ ਨੌਜਵਾਨ ਮਾਸ ਸ਼ਰਾਬ ਤਾਂ ਇਕ ਪਾਸੇ ਰਿਹਾ ਤਮਾਕੂ ਤੇ ਬੀੜੀ ਦਾ ਸੇਵਨ ਭੀ ਨਹੀਂ ਕਰਦਾ।

ਹਰ ਰੋਜ ਦੋ ਹਜਾਰ ਬੈਠਕਾਂ ਸਤ ਸੌ ਡੰਡ ਅਰ ੬-੭ ਪੈਹਲਵਾਂਨਾ ਨਾਲ ਕੁਸ਼ਤੀ ਕਰਨ ਨਾਲ ਭੀ ਇਸ ਨੂੰ ਕਦੇ ਕੰਮ ਨਹੀਂ ਚੜਿਆ ਸ਼ਾਕਾਹਾਰ ਸ਼ਕਤੀ ਸ਼ਾਲੀ ਦੀ ਇਹ ਇਕ ਬਿਲਕੁਲ ਤਾਜ਼ਾ ਮਿਸਾਲ ਪਾਠਕਾਂ ਦੇ ਸਾਮਣੇ ਹੈ।

ਹਿੰਦੀ ਗੋ ਧਨ ਵਿਚੋਂ ਧੰਨਵਾਦ ਸਹਿਤ-
ਪ੍ਰਾਪਤ

'ਸਤਿਜੁਗ' ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਮਾਸ ਆਹਾਰ ਮਨੁਖ ਦੀ
ਅਰੋਗਤਾ ਦਾ
ਕਿਵੇਂ ਸਤਿਆ ਨਾਸ ਕਰਦਾ ਹੈ

ਕਿਸੇ ਵੀ ਢੰਗ ਨਾਲ ਹਿੰਸਾ ਕਰਕੇ ਮਰੇ ਹੋਏ ਜੀਵ ਦੇ ਮਾਸ ਦਾ ਮਨੁਖ ਦੀ ਅਰੋਗਤਾ ਉਤੇ ਕਿਵੇਂ ਤੇ ਕੀ ਅਸਰ ਪੈਂਦਾ ਹੈ। ਵਿਗਿਆਨਕ ਦ੍ਰਿਸ਼ਟੀ ਤੋਂ ਇਸਤਰਾਂ ਅਨੁਮਾਨਿਆਂ ਜਾਂਦਾ ਹੈ।

(੧) ਕਿਸੇ ਵੀ ਖਾਣ ਵਾਲੀ ਵਸਤੂ ਨੂੰ ਹਜ਼ਮ ਕਰਨ ਵਾਲੇ ਤਤ ਸਾਰੇ ਪ੍ਰਾਣ-ਧਾਰੀਆਂ ਵਿਚ ਕਿਸੇ ਨ ਕਿਸੇ ਮਾਤਰਾ ਵਿਚ ਪਾਏ ਜਾਂਦੇ ਹਨ। ਕੁਦਰਤ ਨੇ ਮਨੁਖ ਦਾ ਹਾਜਮਾਂ ਸ਼ਾਕਾਹਾਰ ਵਾਲਾ ਬਣਾਇਆ ਹੋਇਆ ਹੈ। ਇਸ ਗਲ ਦਾ ਪਤਾ ਸੁਭਾਵਕ ਤੌਰ ਤੇ ਹੀ ਦਰਿੰਦੇ ਜਾਨਵਰਾਂ ਦੇ ਹਾਜਮੇ ਦੀ ਜਾਂਚ ਕਰਨ ਤੋਂ ਲਗ ਜਾਂਦਾ ਹੈ।

(੨) ਮਾਸ ਖਾਣ ਵਾਲੇ ਮਰੇ ਹੋਏ ਜਾਨਵਰ ਦਾ ਉਹ ਖ਼ੂਨ ਜੋ ਕਿ ਬਿਮਾਰ ਜਾਂ ਮਨੁਖੀ ਸਰੀਰ ਵਾਸਤੇ ਨੁਕਸਾਨਦਾਇਕ ਹੁੰਦਾ ਹੈ, ਵੀ ਨਿਗਲ ਜਾਂਦੇ ਹਨ। ਜਿਸ ਨਾਲ ਸਰੀਰ ਵਿਚ ਇਕ ਕਿਸਮ ਦਾ ਜਹਿਰ ਫੈਲ ਜਾਂਦਾ ਹੈ।

(੩) ਮਾਸ ਖਾਣ ਤੋਂ ਪਹਿਲਾਂ ਜਾਨਵਰ ਨੂੰ ਜਾਨੋ ਮਾਰ ਦਿਤਾ ਜਾਂਦਾ ਹੈ। ਕੁਦਰਤੀ ਅਸੂਲ ਹੈ ਕਿ ਜਾਨਵਾਰ ਦੀ ਮੌਤ ਹੁੰਦਿਆਂ ਹੀ ਉਸਦੇ ਸ਼ਰੀਰ ਵਿਚ ਪ੍ਰੀਵਰਤਨ ਬਦਬੂਦਾਰ ਹੋਣ ਲਗ ਪੈਂਦਾ ਹੈ। ਖੋਜੀਆਂ ਦਾ ਕਹਿਣਾ ਹੈ ਕਿ ਮ੍ਰਿਤਕ ਸਰੀਰ ਵਿਚ ੪੦ .।° ਮਨੁਖੀ ਸਰੀਰ ਲਈ ਘਾਤਕ ਕਿਟਾਣੂ ਹੁੰਦੇ ਹਨ। ਜੋ ਕਿ ਪਕਾਇਆਂ ਮਰ ਤਾਂ ਜਾਂਦੇ ਹਨ। ਪਰ ਸੰਪੂਰਨ ਤੌਰ ਤੇ ਗਾਇਬ ਨਹੀਂ ਹੁੰਦੇ। ਤੇ ਉਹਨਾਂ ਦੀ ਥੋੜੀ ਜਿਹੀ ਹੋਂਦ ਵੀ ਮਨੁਖ ਦੇ ਕੋਮਲ ਸਰੀਰ ਦਾ ਘਾਤ ਕਰ ਸਕਦੀ ਹੈ।

(੪) ਪਾਲਤੂ ਜਾਨਵਰ ਜਿਨਾਂ ਤੋਂ ਅਕਸਰ ਮਾਸ ਪ੍ਰਾਪਤ ਕੀਤਾ ਜਾਂਦਾ। ਉਹ ਸਵਾਈਨ ਤਾਪ ਮੂੰਹ ਖੁਰ ਅਤੇ ਕੈਂਸਰ ਜਿਹੇ ਭਿਆਨਕ ਰੋਗਾਂ ਦਾ ਸ਼ਿਕਾਰ ਹੁੰਦੇ ਹਨ। ਅਤੇ ਉਹਨਾਂ ਦਾ ਗੰਦਾ ਖਾਣਾ (ਜਿਵੇਂ ਭੇਡ ਅਤੇ ਸੂਰ) ਅਤੇ ਲਿੰਗ ਸਬੰਧੀ ਮਨੁਖੀ ਸਭਿਅਤਾ ਤੋਂ ਹੀਨ ਸਬੰਧ ਦਾ ਅਸਰ ਵੀ ਮਨੁਖ ਦੇ ਆਦਰਸ਼ਕ ਸਰੀਰ ਉਤੇ ਹੋਣੋ ਨਹੀਂ ਰਹਿ ਸਕਦਾ।

(੫) ਮਾਸਾਹਾਰ ਵਿਚ ਕਾਰਬੋਜ਼ ਬਹੁਤ ਹੀ ਘਟ ਹੁੰਦੇ ਹਨ। ਕਿਉਂਕਿ ਉਹਦਾ ਕੁਦਰਤੀ ਸਰੋਤ ਹੈ ਵਨਸਪਤੀ। ਮਾਸਾਹਾਰੀ ਦਾ ਸਬੰਧ ਕੁਦਰਤ ਨਾਲੋਂ ਟੁਟ ਜਾਂਦਾ ਹੈ। ਜਾਨਵਰਾਂ ਦੀ ਦਸ਼ਾ ਵੀ ਕੁਦਰਤੀ ਬਨਾਸਪਤੀ ਨਾਲੋਂ ਸੁਕੀ ਹੁੰਦੀ ਹੈ। ਸੁਣਨ ਵਿਚ ਆਉਂਦਾ ਹੈ ਕਿ ਮਾਸ ਮੱਛੀ ਤੇ ਅੰਡੇ ਵਿਚ ਪ੍ਰੋਟੀਨ ਬਹੁਤੀ ਹੁੰਦੀ ਹੈ। ਪਰ ਵਿਗਿਆਨੀਆਂ ਨੇ ਇਹ ਸਿਧ ਕਰ ਦਿਤਾ ਹੈ ਕਿ ਇਹਨਾਂ ਚੀਜਾਂ ਵਿਚ ਬਨਾਸਪਤੀ ਨਾਲੋਂ ਪ੍ਰੋਟੀਨ .... ਨਾਲੋਂ

Sri Satguru Jagjit Singh Ji Elibrary NamdhariElibrary@gmail.com

ਬਹੁਤੀ ਮਾਤ੍ਰਾ ਵਿਚ ਹੁੰਦੀ ਹੈ। ਅਤੇ ਅਸਰ ਇਹ ਹੁੰਦਾ ਹੈ ਕਿ ਪ੍ਰੋਟੀਨ ਦੀ ਬਹੁਤਾਤ ਹੋਣ ਨਾਲ ਸਰੀਰ ਉਤੇ ਬਹੁਤ ਭਿਅੰਕਰ ਅਸਰ ਪੈਂਦਾ ਹੈ ਜਦ ਕਿ ਕੁਦਰਤੀ ਬਨਾਸਪਤੀ ਦਾ ਕੁਦਰਤਨ ਸੰਤੁਲਨ ਬਰਾਬਰ ਹੁੰਦਾ ਹੈ।

(੬) ਆਂਤੜੀਆਂ ਵਿਚ ਜਾਨਵਰਾਂ ਦੀ ਚਿਕਨੀ ਚਰਬੀ ਕੈਲਾਸ਼ੀਅਮ ਦਾ ਪਰਵਾਹ ਰੋਕਦੀ ਹੈ। ਅਤੇ ਮਨੁਖ ਨੂੰ ਦਰਦਾਂ ਦੀ ਆਮ ਸ਼ਿਕਾਇਤ ਰਹਿੰਦੀ ਹੈ।

(੭) ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੀ ਚਰਬੀ ਵਿਚ ਕੋਲੈਸਿਟਰੋਲ ਹੁੰਦਾ ਹੈ। ਜੋ ਕਿ ਦਿਲ ਦੇ ਰੋਗਾਂ ਦਾ ਕਾਰਨ ਬਣਦਾ ਹੈ।

(੮) ਵਿਟਾਮਨ ਸੀ. ਮਨੁਖ ਲਈ ਅਤੀ ਲੋੜੀਂਦਾ ਹੈ ਜੋ ਕਿ ਮਾਸ ਵਿਚ ਨਹੀਂ ਹੁੰਦਾ।

(੯) ਮਛੀ ਆਦਿ ਦਾ ਵਿਟਾਮਨ ਏ. ਭੁਖ ਘਟਾਉਂਦਾ ਹੈ। ਜਦ ਕਿ ਹਰੀਆਂ ਸਬਜੀਆਂ ਭੁਖ ਦਾ ਸੰਤੁਲਨ ਬਰਾਬਰ ਕਰਦੀਆਂ ਹਨ।

(੧੦) ਮਾਸ ਨਾਲ ਸਰੀਰ ਵਿਚ ਯੂਰੀਆਂ ਤੇ ਯੂਰਿਕ ਏਸਡ ਵਰਗੇ ਜਹਰੀਲੇ ਪਦਾਰਥ ਵਧ ਜਾਂਦੇ ਹਨ ਜਿਹਨਾਂ ਨੂੰ ਸਰੀਰ ਵਿਚੋਂ ਕਢਣ ਲਈ ਅੰਗਾਂ ਨੂੰ ਵਾਧੂ ਕਰਨਾ ਪੈਂਦਾ ਹੈ।

(੧੧) ਇਹ ਯਕੀਨ ਕੀਤਾ ਹੈ ਕਿ ਮਾਸ ਦੇ ਟੋਕਸੀਨ ਵਿਟਾਮਨ ਬੀ. ਦੇ ਸਭਾਵਕ ਸਮ੍ਰਿਸ਼ਣ ਨੂੰ ਰੋਕਦੇ ਹਨ।

(੧੨) ਸ਼ਾਕਾਹਾਰੀ ਦਾ ਮਨ ਸ਼ਾਤ ਅਤੇ ਨਿਰਮਲ ਹੁੰਦਾ ਹੈ ਜਦ ਕਿ ਮਾਸਾਹਾਰੀ ਇਸਤੋਂ ਵਾਂਜਿਆ ਜਾਂਦਾ ਹੈ।

(੧੩) ਸ਼ਾਕਾਹਾਰੀ ਕਾਮ ਕਰੋਧ ਲਭ ਮੋਹ ਹੰਕਾਰ ਤੋਂ ਨਿਰਲੇਪ ਰਹਿੰਦਾ ਹੈ ਜਦ ਕਿ ਮਾਸਾਹਾਰੀ ਇਹਨਾਂ ਦਾ ਵਡਾ ਸ਼ਿਕਾਰੀ ਹੈ।

(੧੪) ਸ਼ਾਕਾਹਾਰੀ ਦੀਆਂ ਔਣ ਵਾਲੀਆਂ ਪੁਸ਼ਤਾਂ ਵੀ ਅਰੋਗ ਰਹਿੰਦੀਆਂ ਹਨ ਜਦ ਕਿ ਮਾਸਾ-ਹਾਰੀ ਦੀਆਂ ਅਗਾਮੀ ਪੁਸ਼ਤਾਂ ਵਿਚ ਤਬਦੀਲੀ ਹੋ ਜਾਂਦੀ ਹੈ।

(੧੫) ਸ਼ਾਕਾਹਾਰੀ ਜਲਪਿਤੀ, ਖੁਜਲੀ, ਜਖਮਾਂ ਦਾ ਖਰਾਬ ਹੋਣਾਂ ਤੇ ਫੋੜੇ ਫਿਨਸੀਆਂ ਤੋਂ ਬਚਿਆ ਰਹਿੰਦਾ ਹੈ। ਜਦ ਕਿ ਮਾਸਾਹਾਰ ਨੂੰ ਇਹੋ ਜਿਹੇ ਗੰਦੇ ਰੋਗ ਬਹੁਤ ਛੇਤੀ ਚੰਬੜਦੇ ਹਨ। ਜਿਸ ਮਨੁਖ ਨੇ ਕਦੇ ਵੀ ਮਾਸ ਨਾ ਖਾਧਾ ਹੋਵੇ ਜੇ ਉਸਦਾ ਥੁਕ ਲੂਤ ਉਤੇ ਲਾਈਏ ਤਾਂ ਬੜੀ ਛੇਤੀ ਅਰਾਮ ਆਉਂਦਾ ਹੈ।

(੧੬) ਕਸ਼ਾਰ ਸੰਤੁਲਨ :— ਤੰਦਰੁਸਤ ਆਦਮੀ ਦੀਆਂ ਲਹੂ ਨਾਲੀਆਂ ਉਤੇ ਕਸ਼ਾਰ ਦਾ ਅਸਰ ਹੁੰਦਾ ਹੈ। ਸਭ ਬਨਸਪਤੀ ਭੋਜਨ ਕਸ਼ਾਰ ਪੈਦਾ ਕਰਦੇ ਹਨ। ਜਦ ਕਿ ਮਾਸ ਵਿਚ ਤੇਜਾਬੀ ਮਾਦਾ ਹੁੰਦਾ ਹੈ ਜੋ ਕਿ ਸਾਡੇ ਰਕਤ ਪ੍ਰਵਾਹ ਵਿਚ ਅੜਚਨ ਪੈਦਾ ਕਰਦਾ ਹੈ। ਕੁਝ ਇਕ ਫਲ ਅਤੇ ਸਬਜੀਆਂ ਭਾਵੇਂ ਤੇਜਾਬ ਪੈਦਾ ਕਰਦੀਆਂ ਹਨ। ਪਰ ਉਹ ਸਿਰਫ ਸੰਤੁਲਨ ਹੀ ਬਰਾਬਰ ਕਰਦੇ ਹਨ।

(੧੭) ਭੋਜਨ ਦੇ ਤੁਲਨਾਤਮਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਬਿਨਾਂ ਜਾਨਵਰਾਂ ਦੇ ਇਹ ਸਰੀਰ ਦੇ ਸਾਰੇ ਹੀ ਅੰਗਾਂ ਦੀ ਸੰਤੁਲਤ ਮੰਗ ਨੂੰ ਪੂਰਾ ਕਰਦਾ ਹੈ।

ਮਾਨਵੀਯ ਆਹਾਰ ਵਿਚੋਂ
ਧਨਵਾਦ ਸਹਿਤ ਅਨੁਵਾਦ

'ਸਤਿਜੁਗ' ਸ੍ਰੀ ਜੀਵਨ ਗਨਰ

Sri Satguru Jagjit Singh Ji Elibrary NamdhariElibrary@gmail.com

ਧੰਨਵਾਦ

ਸਤਿਜੁਗ ਦੇ ਇਸ ਸ਼ਾਕਾਹਾਰੀ ਅੰਕ ਜਿਸ ਦੇ ਪ੍ਰਕਾਸ਼ਤ ਕਰਨ ਦਾ ਇਕਦਮ ਪ੍ਰੋਗਰਾਮ ਬਣ-ਗਿਆ। ਵਿਸ਼ੇ ਆਧਾਰ ਮਜ਼ਮੂਨ ਨੂੰ ਤਰਤੀਬ ਦੇਣ ਦਾ ਸਾਰਾ ਪੁਰਸ਼ਾਰਥ ਜਿਥੇ ਨਾਮਧਾਰੀ ਪੰਥ ਦੇ ਹੋਣਹਾਰ ਨੌਜਵਾਨ ਤੇ ਉਤਸ਼ਾਹੀ ਸ੍ਰੀ ਸਵਰਨ ਸਿੰਘ ਜੀ 'ਸਨੇਹੀ' ਦਾ ਮੰਨਣ ਜੋਗ ਹੈ ਉਥੇ ਅਜਿਹੇ ਸਾਹਿਤਯ ਨੂੰ ਅਕਠਾ ਕਰਵੇਣ ਤੇ ਪ੍ਰਕਾਸ਼ਤ ਕਰਵੇਣ ਦਾ ਮਾਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਪੂਜਯ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੂੰ ਹੀ ਪ੍ਰਾਪਤ ਹੈ।

ਇਸ ਅੰਕ ਦੇ ਪ੍ਰਕਾਸ਼ਨ ਸਮੇ ਪ੍ਰੈਸ ਸਟਾਫ ਦੀ ਦੇਖ ਭਾਲ ਦਾ ਕੰਮ ਸ੍ਰੀ ਹਜ਼ੂਰ ਸਿੰਘ ਜੀ 'ਚੰਦ੍ਰਹਾਂਸ' ਤੇ ਕਰਮ ਸਿੰਘ ਜੀ 'ਯੋਗੀ' ਬੜੇ ਉਤਸ਼ਾਹ ਤੇ ਪਿਆਰ ਨਾਲ ਕਰਦੇ ਰਹੇ ਅਤੇ ਫਰਮਿਆਂ ਦੀ ਭਨ-ਭਨਾਈ ਨਾਲੋ ਨਾਲ ਨਬੇੜ੍ਹੀ ਗਏ। ਕੰਮ ਦੇ ਬਹੁਤ ਜ਼ੋਰ ਕਾਰਨ ਸ੍ਰੀ ਲਖਬੀਰ ਸਿੰਘ ਜੀ ਪ੍ਰੈਸ ਦੀ ਛਪਾਈ ਦਾ ਕੰਮ ਕਰਕੇ ਕੰਪੋਜ਼ ਵਲੋ ਵੀ ਹਥ ਵਟਾਂਦੇ ਰਹੇ ਪੇਜ਼ਾਂ ਦੀ ਬੰਨ-ਬਨਾਈ ਅਤੇ ਪਰੂਫਾਂ ਦੀਆਂ ਗਲਤੀਆਂ ਦਾ ਕੰਮ ਨਰਿੰਦਰ ਸਿੰਘ ਜੀ ਨੇ ਬੜੇ ਉਤਸ਼ਾਹ ਤੇ ਪ੍ਰੇਮ ਨਾਲ ਨਿਭਾ-ਇਆ ਆਪ ਸ੍ਰੀ ਪ੍ਰਮਜੀਤ ਸਿੰਘ ਜੀ 'ਰਾਜ਼' ਨਾਲ ਕੰਪੋਜ਼ ਵਿਚ ਵੀ ਹਿਸਾ ਲੈਂਦੇ ਰਹੇ, ਸ੍ਰੀ ਪ੍ਰਮਜੀਤ ਸਿੰਘ ਜੀ 'ਰਾਜ਼' ਅਪਨੇ ਕੰਮ ਨੂੰ ਅਪਣਾ ਫਰਜ਼ ਸਮਝਕੇ ਰਾਤ ਦਿਨ ਕੰਪੋਜ਼ ਤਕੜੇ ਹੋਕੇ ਕਰਦੇ ਰਹੇ, ਰਘਬੀਰ ਸਿੰਘ ਇਕ ਨਵਾਂ ਹੀ ਨੌਜਵਾਨ ਭਰਤੀ ਕੀਤਾ ਹੈ ਇਸ ਨੌਜਵਾਨ ਨੇ ਸਾਰੇ ਪ੍ਰੈਸ ਦੀ ਜਲ ਪਾਣੀ ਦੀ ਸੇਵਾ ਕੀਤੀ, ਇਸ ਤੋਂ ਇਲਾਵਾ ਆਪ ਨੇ ਫੈਕਾਈ–ਫੈਂਕਣ ਦੇ ਕੰਮ ਵਿਚ ਵਧ ਚੜ੍ਹਕੇ ਹਿਸਾ ਲਿਆ।

ਸਭਨੇ ਗਰਮੀ ਤੇ ਗਰਦੋਗੁਬਾਰ ਦੇ ਦਿਨਾ ਦੀ ਕੋਈ ਪਰਵਾਹ ਨਾ ਕਰਦਿਆਂ ਬੜੀ ਦਿਲ ਚਸਪੀ ਨਾਲ ਅੰਕ ਨੂੰ ਵਕਤ ਸਿਰ ਪ੍ਰਕਾਸ਼ਤ ਕਰਨ ਦਾ ਬੜਾ ਸ਼ਲਾਂਘਾ ਜੋਗ ਕੰਮ ਕੀਤਾ।

ਇਸ ਅੰਕ ਵਿਚ ਪ੍ਰਕਾਸ਼ਤ ਹੋਣ ਵਾਲੀਆਂ ਤਸਵੀਰਾਂ ਦੇ ਕੰਮ ਵਿਚ ਸ੍ਰੀ 'ਸਨੇਹੀ' ਜੀ ਨਾਲ ਸ੍ਰੀ ਹਰਬੰਸ ਸਿੰਘ ਜੀਪ੍ਰਵਾਨਾ ਨੇ ਸਹਿਯੋਗ ਦਿਤਾ।

ਥੋੜੇ ਸਮੇਂ ਦੀ ਵਜਾ ਕਰਕੇ ਇਸ ਅੰਕ ਵਿਚ ਅਸੀਂ ਆਪਣੇ ਬਹੁਤ ਸਾਰੇ ਸਹਿਯੋਗੀ ਲੇਖਕਾਂ ਦੇ ਲੇਖ ਪ੍ਰਾਪਤ ਨਹੀਂ ਕਰ ਸਕੇ ਆਸਹੈ ਕਿ ਲੇਖਕ ਤੇ ਕਵੀ ਖਿਮਾਂ ਕਰਨਗੇ। ਅੰਤ ਵਿਚ ਮੈਂ ਇਸ ਅੰਕ ਦੇ ਪ੍ਰਕਾਸ਼ਨ ਨਾਲ ਸਬੰਧਤ ਸਾਰੇ ਸਜਨਾਂ ਦਾ ਹਰਦਿਕ ਧੰਨਵਾਦੀ ਹਾਂ।

'ਸਨਖਤ੍ਰਵੀ'

'ਸਤਿਜੁਗ' ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਜਵਾਬ ਦਿਓ !

ਕੀ ! ਜਿਨਾਂ ਜਾਨਵਰਾਂ ਨੂੰ ਮਾਸ ਅਹਾਰ ਵਾਸਤੇ ਮਾਰਿਆ ਜਾਂਦਾ ਹੈ ਉਨ੍ਹਾਂ ਵਿਚ ਅਪਨੀ ਔਲਾਦ (ਬਚੇ-ਬਚੀਆਂ ਵਾਸਤੇ ਮੋਹ ਘਟ ਹੈ ?

ਕੀ ! ਇਹ ਜਾਨਵਰ ਮਨੁਖ ਦੀ ਗਰਿਸਤ ਨਾਲੋਂ ਕੇਹੜੇ ਪਖੋਂ ਘਟ ਹਨ ।

ਕੀ ! ਦਰਿਆਵਾਂ ਜਾਂ ਛੰਭਾਂ ਤੇ ਜਾਕੇ ਮਘ ਮੁਰਗਾਈਆਂ ਕੂੰਜਾਂ ਆਦਿਕ ਸੈਲਾਨੀ ਜਾਨਵਰਾਂ ਦਾ ਸ਼ਿਕਾਰ ਕਰਨਾ ਇਸਤਰਾਂ ਨਹੀਂ ? ਜਿਵੇਂ ਕਿਸੇ ਪ੍ਰਦੇਸ ਗਏ ਸੈਲਾਨੀ ਜਾਂ ਵਿਹਾਰੀ ਮਨੁਖ ਦੀ ਦੁਸ਼ਮਨ ਦੀ ਗੋਲੀ ਨਾਲ ਅਚਾਨਕ ਮੌਤ ਹੋ ਜਾਣ ਤੇ ਪਿਛੇ ਪ੍ਰਵਾਰ ਵਿਚ ਕੁਰਲਾਹਟ ਪੈ ਜਾਂਦੀ ਹੈ ।

ਕੀ ? ਘੁਗੀਆਂ, ਕਬੂਤਰਾਂ, ਬਟੇਰਿਆਂ ਆਦਿਕ ਭੋਲੇ ਜਾਨਵਰਾਂ ਉਤੇ ਗੋਲੀਆਂ ਦੇ ਨਿਸ਼ਾਨੇ ਬੰਨਣੇ-ਸੋ ਫੀਸਦੀ ਜ਼ੁਲਮ ਨਹੀਂ?ਤਾਂ ਹੋਰ ਕੀ ਹੈ?

ਕੀ ? ਕੁਕੜੀਆਂ ਦੇ ਅੰਦਰ ਅਪਣੇ ਦਿਤੇ ਹੋਏ ਅੰਡਿਆਂ ਵਾਸਤੇ ਅਹਿਸਾਸ-ਜਾਂ ਮਮਤਾ ਦੀ ਘਾਟ ਹੁੰਦੀ ਹੈ ਜਦ ਕਿ ਉਹ ਉਹਨਾਂ ਅੰਡਿਆਂ ਵਿਚੋਂ ਬਚੇ ਕਢਣ ਵਾਸਤੇ ਤਕਰੀਬਨ ੨੧ ਦਿਨਾਂ ਦੀ ਤਪਸਯਾ ਕਰਨ ਦੀ ਇਛਾ ਰਖਦੀ ਹੈ । ਤੇ ਅਪਣੇ ਵਲੋਂ ਬੜੀ ਹਿਫਾਜਿਤ ਵਾਲੇ ਥਾਂ ਬੈਠਕੇ ਅੰਡੇ ਦੇ ਦਿੰਦੀ ਹੈ । ਤੇ ਸਗੋਂ ਚੂਚਿਆਂ ਦੀ ਹਿਫਾਜਿਤ ਵਾਸਤੇ ਕਈ ਚਿਰ ਭੁਖ ਤ੍ਰੇਹ ਦੀਆਂ ਮੁਸੀਬਤਾਂ ਝਾਲਦੀ ਰਹਿੰਦੀ ਹੈ ।

ਕੀ ! ਕੁਕੜੀਆਂ ਹੇਠੋਂ ਆਪਣੇ ਵਪਾਰ ਜਾਂ ਸਵਾਦ ਵਸਤੇ ਅੰਡਿਆਂ ਨੂੰ ਉਹਨਾਂ ਪਾਸੋਂ ਛੀਨ ਲੈਣਾਂ ਨਿਰੀ ਜੋਰਾ ਵਰੀ ਨਹੀਂ ਤਾਂ ਹੋਰ ਕੀ ਹੈ ?

ਕੀ ! ਅੰਡਾ ਕੁਕੜ ਅੰਸ ਦੀ ਪੈਦਾਇਸ਼ ਦਾ ਉਹ ਹਿਸਾ ਨਹੀਂ ਜੋ ਮਨੁਖ ਦੀ ਪੈਦਾਇਸ਼ ਸਮੇ ਤੀਸਰੇ ਮਹੀਨੇ ਹੋਇਆ ਕਰਦਾ ਹੈ । ਇਸ ਤਰਾਂ ਅੰਡਿਆ ਦਾ ਸੇਵਨ ਕਰਨਾ ਗਰਭ ਪਾਤ ਦਾ ਪਾਪ ਨਹੀਂ ਤਾਂ ਹੋਰ ਕੀ ਹੈ ?

ਕੀ ! ਜੇ ਅੰਡੇ ਸਬਜੀ ਦੀ ਤਰਾਂ ਹਨ ਤਾਂ ਇਹਨਾਂ ਦੀ ਪੈਦਾਇਸ਼ ਜਮੀਨ ਵਿਚੋਂ ਹੀ ਕਿਓਂ ਨਹੀਂ ਕਰ ਲਈ ਜਾਂਦੀ । ਤੇ ਕੁਕੜੀਆਂ ਦੇ ਫਾਰਮ ਬਣਾਉਣ ਦੀ ਕੀ ਲੋੜ ਹੈ ।

ਕੀ ! ਸੂਰ ਮਨੁਖ ਦੀਆਂ ਕਿਹੜੀਆਂ ਫੁਲਵਾੜੀਆਂ ਨੂੰ ਨੁਕਸਾਨ ਪਹੁੰਚਾਂਦਾ ਹੈ ।

ਕੀ ! ਪਾਲਤੂ ਸੂਰ ਆਪਣੀ ਖੁਰਾਕ ਵਿਚ ਮਨੁਖ ਦਾ ਵਿਸ਼ਟਾ ਤਾਂ ਰਜ ਰਜ ਕੇ ਨਹੀਂ ਖਾਂਦਾ? ਫਿਰ ਬਿਵਾਏ ਇਕ ਮਜਬੀ ਸਹੁੰ ਰਖਣ ਵਾਲਿਆਂ ਤੋਂ ਬਗੈਰ ਹੋਰ ਸਭ ਮਾਸਾਹਾਰੀਆਂ ਦਾ ਉਸਨੂੰ ਖਾਣਾ ਦੁਰਗੰਧਤਾ ਦੀ ਘਿਰਨਾ ਨੂੰ ਅਖੋਂ ਓਹਲੇ ਕਰਨਾ ਨਹੀਂ ਤਾ ਹੋਰ ਕੀ ਹੈ ?

ਮਛੀਆਂ ਨੂੰ ਕਿਹੜੇ ਫਾਰਮੂਲੇ ਨਾਲ ਸਬਜੀ ਦੀ ਤੁਲਨਾ ਦਿਤੀ ਜਾ ਰਹੀ ਹੈ । ਜਦ ਕਿ ਉਸਦਾ ਸਾਰਾ ਰਹਿਣ ਸਹਿਣ ਕੇਵਲ ਪਾਣੀ ਦੇ ਅਧਾਰ ਤੇ ਹੀ ਹੈ, ਤੇ ਜੋ ਧਰਤੀ ਉਤੇ ਆਉਂਦੀ ਹੀ ਮਰ ਜਾਂਦੀ ਹੈ ?

ਕੀ ? ਮਛੀਆਂ ਦਾ ਸ਼ਿਕਾਰ ਕਰਨਾ ਵਿਸਾਹਘਾਤ ਨਹੀਂ ਤਾਂ ਹੋਰ ਕੀ ਹੈ ।

ਕੀ ? ਮਛੀ ਦੀ ਤਰਾਂ ਜੇ ਕੋਈ ਘੁਸ-ਬੈਠੀ ਜਾਂ ਦੁਸ਼ਮਨ ਕਿਸੇ ਪ੍ਰਵਾਰ ਦੇ ਹਸਦੇ ਖੇਡਦੇ ਬਚਿਆਂ ਨੂੰ ਫੜ ਕੇ ਮਾਰ ਦੇਵੇ ਤਾਂ ਉਸ ਪ੍ਰਵਾਰ ਨੂੰ ਕੋਈ ਇਤਰਾਜ਼ ਤਾਂ ਨਹੀਂ ਹੋਵੇਗਾ ।

ਨੋਟ:—ਇਸ ਅੰਕ ਵਿਚ ਪ੍ਰਕਾਸ਼ਤ ਹੋਈਆਂ ਤਸਵੀਰਾਂ ਦਾ ਖਰਚ ਸੰਮੇਲਨ ਸਮੇਂ ਆਏ ਨਾਮਧਾਰੀ ਵਿਦਅਕ ਜਥਿਆਂ ਤੇ ਦਾਨੀ ਸਜਨਾਂ ਨੇ ਬੜੇ ਉਤਸ਼ਾਹ ਨਾਲ ਕੀਤਾ, ਜਿਸਦਾ ਪੂਰਾ ਵੇਰਵਾ ਰੀਪੋਟ ਵਿਚ ਦਿਤਾ ਜਾਵੇਗਾ । ਸੰਪਾਦਕ

Sri Satguru Jagjit Singh Ji Elibrary NamdhariElibrary@gmail.com



ਸ਼ਾਕਾਹਾਰੀ ਕਾਨਫਰੰਸ ਦੇ ਧਰਮ ਸਮੇਲਨ ਵਿਚ ਸ੍ਰੀ ਸਤਿਗੁਰੂ ਜੀ ਤੇ ਹੋਰ ਧਾਰਮਕ ਨੇਤਾ ।



ਮਦਰਾਸ ਸਮਾਗਮ ਵਿਚ ਵਿਦਿਆਰਥੀ ਤੇ ਯੁਵਕ ਸਮੇਲਨ ਦਾ ਦਰਿਸ਼ ।

Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਜੀ ਲੇਖਕ ਮਿਲਣੀ ਪਿਛੋਂ ਬਦੇਸ਼ੀ ਸ਼ਾਕਾਹਾਰੀਆਂ ਤੇ ਨਾਮਧਾਰੀ ਯੁਵਕਾਂ ਨਾਲ।

Sri Satguru Jagjit Singh Ji Elibrary NamdhariElibrary@gmail.com

ਗੁਰਦਿਆਲ ਸਿੰਘ ਪ੍ਰਿੰਟਰ ਅਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ ਹਰੀ ਪਰੈਸ
ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ ਵਿਚ ਛਪਿਆ ਅਤੇ ਦਫਤਰ "ਸਤਿਜੁਗ"
ਸ੍ਰੀ ਜੀਵਨ ਨਗਰ (ਹਿਸਾਰ) ਵਿਚੋਂ ਪ੍ਰਕਾਸ਼ਤ ਹੋਇਆ ਨਾਮਧਾਰੀ ਪੰਥ ਵਾਸਤੇ।

Sri Satguru Jagjit Singh Ji E[illegible]y NamdhariElibrary@gmail.com

Sri Satguru Jagjit Singh Ji Elibrary ...dhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਜੁਗ

ਦਾ

Rusia

ਗਊ ਅੰਕ

ਸ੍ਰੀ ਜੀਵਨ ਨਗਰ ਵਿਖੇ ਸਨ ੧੯੫੮ ਵਿਚ ਹੋਈ ਪਸ਼ੂ ਪ੍ਰਦਰਸ਼ਨੀ

ਤਸਵੀਰ ਵਿਚ ਸਰਵੋਤਮ (ਹਰਿਆਣਾ ਨਸਲ ਦੀ) ਗਊ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਲਾਲਾ ਹਰਦੇਵ ਸਹਾਇ ਚੌਧਰੀ ਰਾਮ ਨਾਰਾਇਣ ਜੀ ਸ੍ਰ: ਹਰਬੰਸ ਸਿੰਘ ਜੀ ਤੇ ਹੋਰ ਸਜਨ ਖੜੇ ਹਨ।

ਪ੍ਰਕਾਸ਼ਕ ਮੈਨੇਜਰ ਸਤਿਜੁਗ ਸ੍ਰੀ ਜੀਵਨ ਨਗਰ (ਹਿਸਾਰ)

Sri Satguru Jagjit Singh Ji Elibrary NamdhariElibrary@gmail.com

ਗੁਰਦਿਆਲ ਸਿੰਘ ਪ੍ਰਿੰਟਰ ਅਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ

ਪਰੈਸ ਸ੍ਰੀ ਜੀਵਨ ਨਗਰ ਜਿਲਾ ਹਿਸਾਰ ਵਿਖੇ ਛਪਿਆ। ਅਤੇ ਦਫਤਰ

"ਸਤਿਜੁਗ" ਸ੍ਰੀ ਜੀਵਨ ਨਗਰ (ਹਿਸਾਰ) ਵਿਚੋਂ ਪ੍ਰਕਾਸ਼ਤ ਹੋਇਆ

ਨਾਮਧਾਰੀ ਪੰਥ ਵਾਸਤੇ ॥

ਭੇਟਾ ੧॥

Sri Satguru Jagjit Singh Ji Elibrary NamdhariElibrary@gmail.com

ਇਸ ਵਾਰ

ਸਤਿਜੁਗ

ਆਪਣੇ ਸੁਹਿਰਦ ਪਾਠਕਾਂ

ਨੂੰ

ਸਮਰਪਤ

ਕਰਦਾ

ਹੈ

ਗਊ ਅੰਕ

Sri Satguru Jagjit Singh Ji Elibrary NamdhariElibrary@gmail.com

ਇਸ ਅੰਕ ਵਿਚ ਇਹਨਾਂ ਨੂੰ ਪੜ੍ਹੋ

ਸੰਤ ਧਿਆਨ ਸਿੰਘ ਜੀ ਕਾਦਰਾਬਾਦ	੩
ਸ੍ਰ: ਅਵਤਾਰ ਸਿੰਘ ਜੀ 'ਆਜ਼ਾਦ'	੫
ਸ੍ਰੀ ਗੁਰਬਖਸ਼ ਸਿੰਘ ਜੀ ਰਾਮਪੁਰੀ	੮
ਸ੍ਰੀ ਪੂਜਯ ਮਹਾਰਾਜ ਬੀਰ ਸਿੰਘ ਜੀ	੯
ਸ੍ਰੀ ਤਰਨ ਸਿੰਘ ਜੀ 'ਵਹਿਮੀ'	੧੭
ਸ੍ਰੀ ਰਾਜਿੰਦਰ ਸਿੰਘ ਜੀ ਗੁਰੂਸਰ	੧੮
,, ਸਵਰਨ ਸਿੰਘ ਜੀ 'ਸਨੇਹੀ'	੨੩
,, ਸ਼ਮਸ਼ੇਰ ਸਿੰਘ ਜੀ 'ਅਸ਼ੋਕ'	੩੭
,, ਓ. ਪੀ. ਖੋਸਲਾ	੪੧
,, ਜੁਗਿੰਦਰ ਸਿੰਘ ਜੀ ਮੁਕਤਾ	੪੩
ਮਾ: ਨਿਹਾਲ ਸਿੰਘ ਜੀ	੪੪
ਸ੍ਰੀ ਰਤਨ ਸਿੰਘ ਜੀ ਸੰਤ ਨਗਰ	੪੭
,, ਰਾਮ ਸ਼ਰਮਾ ਜੀ ਸਿਰਸਾ	੫੫
,, ਆਰ.ਸੀ.ਆਰ. ਐਡਕਿਨ	੫੭
,, ਹਰਸਾ ਸਿੰਘ ਜੀ ਚਾਤਰ	੬੦
,, ਨਿਰੰਜਨ ਸਿੰਘ ਜੀ ਤਾਂਘੀ	੬੩
ਸ੍ਰੀ ਰਾਧਾ ਕ੍ਰਿਸ਼ਨ ਜੀ ਬਜਾਜ	੬੯
,, ਸਵਰਨ ਸਿੰਘ ਜੀ ਵਿਰਕ	੭੨
ਮਹੰਤ ਆਤਮਾ ਸਿੰਘ ਜੀ ਸਨਖਤਰਾ	੭੮
ਸ੍ਰੀ ਉਤਮ ਸਿੰਘ ਜੀ ਉਤਮ	੮੨
,, ਪ੍ਰਮਜੀਤ ਸਿੰਘ ਜੀ 'ਰਾਜ਼'	੮੪
ਸੰਤੋਖ ਸਿੰਘ 'ਸਾਜਨ'	੮੫
ਸੰਤ ਕਰਤਾਰ ਸਿੰਘ ਜੀ	੮੭
ਸ੍ਰੀ ਦਲੀਪ ਸਿੰਘ ਜੀ ਨਾਮਧਾਰੀ	੯੧
,, ਪਿਆਰਾ ਸਿੰਘ ਜੀ 'ਵਿਰਦੀ'	੧੦੦
ਮਾ: ਕਪੂਰ ਸਿੰਘ ਜੀ	੧੦੬
ਸ੍ਰੀ ਯੂ. ਐਨ. ਜੀ ਧੇਬਰ	੧੧੦
,, ਵਿਨੋਬਾ ਭਾਵੇ ਜੀ	੧੧੪
ਸ੍ਰੀ ਰਤਨ ਸਿੰਘ ਜੀ ਸਾਡਲਿਯ	੧੧੯
ਸੰਪਾਦਕ	੧੨੧
ਸ੍ਰੀ ਸ਼ਰਧਾ ਸਿੰਘ ਜੀ ਨਿਮਾਣਾ	੧੨੮
ਸ੍ਰੀ ਜਯੰਤੀ ਲਾਲ ਜੀ ਮਾਨਕਰ	੧੨੯
ਸਰਦਾਰ ਦਾਤਾਰ ਸਿੰਘ ਜੀ	੧੩੬
ਸ੍ਰੀ ਮੇਹਰ ਸਿੰਘ ਜੀ ਕਾਹਨਪੁਰ	੧੩੭
ਸੰਤ ਬਾਲ ਸਿੰਘ ਜੀ ਸ੍ਰੀ ਜੀਵਨ ਨਗਰ	੧੫੦

Sri Satguru Jagjit Singh Ji Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਕਲਜੁਗ ਮੇਂ ਸਤਿਜੁਗ ਵਰਤਾਊਂ। ਤਬ੍ਹੀ ਬਾਰ੍ਹਵਾਂ ਬਪ ਕਹਾਂਊਂ॥

ਚੰਦਾ
ਦੇਸ ਸਲਾਨਾ ੮)
ਪ੍ਰਦੇਸ,, ਹਵਾਈ ੪੦)
ਪ੍ਰਦੇਸ,, ਸਮੁੰਦਰੀ ੨੦)

ਸਤਿਜੁਗ

ਦਾ

"ਗਊ ਅੰਕ"

ਜਿਲਦ ੪੩
ਨੰਬਰ ੪-੫-੬-੭

੯ ਚੇਤਰ ੨੦੨੪ ਵੀਰਵਾਰ | ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੨ | ੨੧ ਮਾਰਚ ੧੯੬੮

ਸੀਸ ਦੀਏ ਅਰ ਸੀ ਨਾ ਕਰੀ ਜਿਨ,
ਸਿਖਨ ਤਾਹਿ ਕੇ ਮੈ ਬਲਿਹਾਰੀ।
ਗੋ-ਹਿਤ ਗੋਇ ਤਨੀਸਹਿ ਕੇ ਜਿਨ,
ਬੁਚੜ ਮਾਰ ਕੇ ਧੈਨ ਉਬਾਰੀ।
ਤੇ ਸਿਖ ਵਾ ਗੁਰ ਕੇਹਰ ਰਾਮ ਸੁ,
ਧਿਆਨ ਮ੍ਰਿਗਿੰਦ ਕਰੋਰ ਜੁਹਾਰੀ।
ਗੋਇ ਗਰੀਬਨ ਪਾਲਨ ਕੈ ਹਿਤ,
ਰਾਮ ਮਰਗਿੰਦ ਅਏ ਤਨ ਧਾਰੀ।

—ਸਵਰਗਵਾਸੀ ਸੰਤ ਧਿਆਨ ਸਿੰਘ ਜੀ ਕਾਬਰਾਬਦ

Sri Satguru Jagjit Singh Ji Elibrary NamdhariElibrary@gmail.com

ਮੈਂ ਗਊ ਨਾਲ

ਹਿਸਾਬ ਨਹੀਂ ਕਰਦਾ

ਕਿਉਂਕਿ ਗਊ

ਮੇਰੇ ਨਾਲ ਹਿਸਾਬ ਨਹੀਂ ਕਰਦੀ

—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

Sri Satguru Jagjit Singh Ji Elibrary NamdhariElibrary@gmail.com

ਹਰਿਆਣਾ (ਬੈਲਾਂ ਅਤੇ ਦੁਧ ਵਾਲੀ ਨਸਲ) ਦੀ "ਪੁਤਲੀ" ਜਿਸਨੇ ੬੩ ਪਾਊਂਡ ਦੁਧ ਦੇਣ ਤੇ ਸਰਦ-ਹਿੰਦ ਦੁਧ ਮੁਕਾਬਲੇ ਵਿਚ ਸਿਰਫ ਇਕ ਸਾਲ ਦਾ ੫੦੦੦ ਰੁਪੈ ਇਨਾਮ ਮਿਲਿਆ।



ਭਾਰਤ ਸਰਕਾਰ ਦੇ ਖੇਤੀ ਬਾੜੀ ਅਤੇ ਖੁਰਾਕ ਮੰਤਰੀ ਡਾ:ਰਾਮ ਸੁਭਾਗ ਸਿੰਘ ਪੰਜਾਬ ਦੇ ਪਸ਼ੂ ਪਾਲਨ ਡਾਇਰੈਕਟਰ ਸ੍ਰ. ਪ੍ਰੀਤਮ ਸਿੰਘ ਬਰਾੜ ਹਿਸਾਰ ਦੇ ਡਿ: ਕਮਿਸ਼ਨਰ ਸ੍ਰ. ਇਕਬਾਲ ਸਿੰਘ ਅਤੇ ਹੋਰ ਸਜਨ ਸ੍ਰੀ ਜੀਵਨ ਨਗਰ ਵਿਖੇ ੧੯੬੩ ਦੇ ਮਾਰਚ ਵਿਚ "ਪੁਤਲੀ" ਨੂੰ ਵੇਖ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com

ਗਊ ਰਖਿਆ ਅਤੇ ਨਾਂਮਧਾਰੀ ਪੰਥ

ਸ੍ਰੀ ਅਵਤਾਰ ਸਿੰਘ ਜੀ 'ਆਜ਼ਾਦ'

ਸ੍ਰੀ ਅਵਤਾਰ ਸਿੰਘ ਜੀ 'ਆਜ਼ਾਦ, ਜਿਨਾਂ ਦੇ ਨਾਮ ਤੋਂ ਸਾਹਿਤ ਨਾਲ ਮਸ ਰਖਣ ਵਾਲਾ ਹਰ ਮਨੁਖ ਜਾਣੂ ਹੈ। ਆਜ਼ਾਦ ਜੀ ਦੀ ਦੀ ਕਲਮ ਨੇ ਸਮਾਜ ਦੇ ਬੰਧਨ ਤੋਂ ਉਪਰ ਉਠਕੇ ਪੰਜਾਬੀ ਮਾਂ ਦੀ ਸਚੇ ਦਿਲੋਂ ਨਿਗਰ ਸੇਵਾ ਕੀਤੀ ਹੈ। ਅਜ ਤਕ ਆਜ਼ਾਦ ਜੀ ਨੇ ਪੰਜਾਬੀ ਦੀ ਉਨਤੀ ਵਾਸਤੇ ਅਤੇ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਵਿਸ਼ਾਲ ਕਰਨ ਲਈ ਕਈ ਮਨੋਹਰ ਰਚਨਾਵਾਂ ਦਿਤੀਆਂ ਹਨ। ਇਹਨਾਂ ਦੀ ਕਵਿਤਾ ਸਾਹਿਤ ਦਾ ਸ਼ਿੰਗਾਰ ਤੇ ਲੇਖਨੀ ਪੰਜਾਬੀ ਸਾਹਿਤ ਦਾ ਮੀਲ ਪਥਰ ਹੈ। ਆਜ਼ਾਦ ਜੀ ਨੇ ਕਈ ਇਕ ਅਖਬਾਰ ਸੁਚਜੇ ਢੰਗ ਨਾਲ ਐਡਟ ਕਰਕੇ ਲੋਕਾਂ ਦੇ ਗਿਆਨ ਵਿਚ ਵਾਧਾ ਕੀਤਾ ਹੈ। ਅਜ ਕਲ ਪ੍ਰਤਾਪ ਅਖਬਾਰ ਨੂੰ ਐਡਟ ਕਰ ਰਹੇ ਹਨ ਸਤਿਜੁਗ ਦਾ ਕੋਈ ਅਜਿਹਾ ਅੰਕ ਸ਼ਾਇਦ ਹੀ ਹੋਵੇਗਾ ਜੋ ਇਹਨਾਂ ਦੀ ਲੇਖਨੀ ਤੋਂ ਵਿਰਵਾ ਰਿਹਾ ਹੋਵੇ। ਇਸ ਵਾਰ ਗਊ ਅੰਕ ਵਿਚ ਇਹਨਾਂ ਦੀ ਰਚਨਾ ਪਾਠਕਾਂ ਦੀ ਭੇਟਾ ਕਰ ਰਹਿ ਹਾਂ।

ਸਿਖ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਵਿਚ ਜਿਹੜੇ ਮਹਾਨ ਕਾਰਨਾਮੇ ਕੀਤੇ ਹਨ, ਉਹਨਾਂ ਵਿਚੋਂ ਗਊ-ਗਰੀਬ ਦੀ ਰਖਿਆ ਉਹਨਾਂ ਦਾ ਇਕ ਉੱਘਾ ਕਾਰਨਾਮਾ ਹੈ। ਮੈਂ ਜਾਣਦਾ ਹਾਂ ਕਿ ਸਿਖ ਅਜ ਤੋਂ ਕੁਝ ਸਾਲ ਪਹਿਲਾਂ ਆਪਣੀ ਅਰਦਾਸ ਵਿਚ ਇਹ ਵੀ ਕਹਿਆ ਕਰਦੇ ਸਨ ਕਿ "ਜਿਨ੍ਹਾਂ ਧਰਮੀਆਂ ਨੇ ਗਊ-ਗਰੀਬ ਦੀ ਰਖਿਆ ਲਈ ਘਾਲਾਂ ਘਾਲੀਆਂ ਹਨ ਉਹਨਾਂ ਨੂੰ ਯਾਦ ਕਰਕੇ ਨਾਮ ਚਿੱਤ ਆਵੇ।"

ਸਾਨੂੰ ਪਤਾ ਹੈ ਕਿ ਜਦ ਮੀਰ ਮਨੂੰ ਦੇ ਸਮੇ ਅਬਦਾਲੀ ਦੇ ਵਿਰੁਧ ਸਿਖਾਂ ਨੂੰ ਸਹਾਇਤਾ ਵਾਸਤੇ ਬੁਲਾਇਆ ਗਇਆ ਸੀ ਅਤੇ ਉਹ ਜਥੇ ਲੈਕੇ ਲਾਹੌਰ ਗਏ ਸਨ, ਤਾਂ ਉਹਨਾਂ ਨੇ ਬੁਚੜਾਂ ਨੂੰ, ਗਊ-ਬਧ ਕਰਦਿਆਂ ਵੇਖਕੇ ਉਹਨਾਂ ਉਤੇ ਹੱਲਾ ਬੋਲ ਦਿਤਾ ਸੀ ਅਤੇ ਭਾਰੀ ਖੂਨ-ਖਰਾਬਾ ਹੋਇਆ ਸੀ। ਮਾਝੇ ਦੇ ਹੋਰ ਸਿਖ ਇਲਾਕਿਆਂ ਵਿਚ ਵਿਸ਼ੇਸ਼ ਕਰਕੇ ਜਿਹੜੇ ਪਿੰਡਾਂ ਵਿਚ ਸਿਖ ਬਹੁ-ਗਿਣਤੀ ਵਿਚ ਵਸਦੇ ਸਨ, ਉਥੇ ਕਿਸੇ ਵੀ ਮੁਸਲਮਾਨ ਨੂੰ ਗਊ-ਹਤਿਆ ਕਰਨ ਦੀ ਆਗਿਆ ਨਹੀਂ ਸੀ ਦਿਤੀ ਜਾਂਦੀ।

ਇਤਿਹਾਸ ਦਸਦਾ ਹੈ ਕਿ ਜਦ ਪੰਜਾਬ ਗੁਲਾਮ ਬਣ ਗਇਆ ਅਤੇ ਅੰਗਰੇਜ਼ੀ ਰਾਜ ਆਇਆ, ਤਾਂ ਮਧ-ਪੰਜਾਬ ਦੇ ਇਲਾਕਿਆਂ ਵਿਚ ਵੀ ਗਊ-ਹਤਿਆ ਹੋਣ ਲਗ ਪਈ। ਜਿਥੇ ਕਈ ਹੋਰ ਸ਼ਹਿਰਾਂ ਅਤੇ ਕਸਬਿਆਂ ਵਿਚ ਅੰਗਰੇਜ਼ਾਂ ਦੀ ਸ਼ਹਿ ਨਾਲ ਬੁਚੜਖਾਨੇ ਖੁਲ੍ਹੇ, ਉਥੇ ਅੰਮ੍ਰਿਤਸਰ ਵਿਚ ਵੀ ਇਕ ਬੁਚੜਖਾਨਾ ਖੁਲ੍ਹ ਗਇਆ ਅਤੇ ਬੁਚੜ ਇੰਨੇ ਖੁਲ੍ਹ ਖੇਡੇ ਕਿ ਉਹ ਟੋਕਰੀਆਂ ਵਿਚ ਗਊ-ਮਾਸ ਪਾਕੇ ਹਿੰਦੂ ਸਿਖ ਮਹਲਿਆਂ ਵਿਚ ਫੇਰੀ ਲਾਉਣ ਲਗ ਪਏ। ਇਹਨਾਂ ਹੀ ਦਿਨਾਂ ਵਿਚ ਨਾਮਧਾਰੀ ਲਹਿਰ ਕਾਫ਼ੀ ਜ਼ੋਰ ਫੜ ਗਈ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਸਿਖੀ ਪੁਨਰ-ਜੀਵਿਤ ਹੋ ਗਈ। ਗੁਰੂ ਦੇਵ ਨੇ ਜਿਥੇ ਸਿਖਾਂ ਨੂੰ ਉਹਨਾਂ ਦੀਆਂ ਭੁਲੀਆਂ ਅਤੇ ਭੁਲਾਈਆਂ ਜਾ ਰਹੀਆਂ ਰਵਾਇਤਾਂ ਸੰਬੰਧੀ ਦ੍ਰਿੜ੍ਹ ਕਰਾਇਆ, ਉਥੇ ਉਹਨਾਂ ਨੂੰ ਗਊ-ਰਖਿਆ ਦੀ ਵੀ ਤਾਕੀਦ ਕੀਤੀ। ਸਤਿਗੁਰੂ ਜੀ ਇਹ ਜਾਣਦੇ ਸਨ ਕਿ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਨੂੰ ਗਊ ਅਤੇ ਬਲਦ ਦੀ ਬਹੁਤ ਵਧੇਰੇ ਲੋੜ ਹੈ। ਬਲਦ ਬਾਰੇ ਤਾਂ ਪੰਜਾਬੀ ਵਿਚ ਇਹ ਲੋਕ ਅਖਾਣ ਆਮ ਪ੍ਰਸਿਧ ਸੀ :

Sri Satguru Jagjit Singh Ji Elibrary NamdhariElibrary@gmail.com

"ਧੰਨ ਗਊ ਦਾ ਜਾਇਆ
ਜਿਸਨੇ ਸਾਰਾ ਜੱਗ ਵਸਾਇਆ।'

ਇਹ ਅਖਾਣ ਹੈ ਵੀ ਠੀਕ ਸੀ, ਸਾਡੀ ਖੇਤੀ ਦਾ ਨਿਰਭਰ ਸਦੀਆਂ ਤੋਂ ਬਲਦ ਉਤੇ ਹੀ ਚਲਾ ਆ ਰਹਿਆ ਸੀ। ਬਲਦ ਨੂੰ ਪੈਦਾ ਕਰਨ ਵਾਲੀ ਗਊ ਹੀ ਹੈ ਅਤੇ ਜੇਕਰ ਗਊ ਨਾ ਹੋਵੇ, ਤਾਂ ਬਲਦ ਕਿਥੋਂ ਮਿਲ ਸਕਦੇ ਹਨ? ਇਸਤੋਂ ਛੁਟ ਗਊ ਸਾਨੂੰ ਦੁਧ ਦੇਂਦੀ ਹੈ, ਜਿਸ ਵਿਚ ਸ਼ਕਤੀ ਵੀ ਹੁੰਦੀ ਹੈ ਅਤੇ ਉਹ ਅੰਸ਼ ਵੀ ਨਹੀਂ ਹੁੰਦੇ ਜਿਹੜੇ ਮੱਝ ਦੇ ਉਸ ਦੁਧ ਵਿਚ ਹੁੰਦੇ ਹਨ ਜਿਸ ਨੂੰ ਸੇਵਨ ਕਰਨ ਵਾਲਾ ਦਿਮਾਗ਼ੀ ਤੌਰਤੇ ਚੰਗਾ ਸੂਝਵਾਨ ਨਹੀਂ ਹੋ ਸਕਦਾ। ਗਊ ਦੇ ਇਹਨਾਂ ਗੁਣਾਂ ਕਰਕੇ ਉਸਦਾ ਪਾਲਣਾ ਬੜਾ ਜਰੂਰੀ ਹੈ ਅਤੇ ਇਸ ਕਰਕੇ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਖਾਂ ਨੂੰ ਗਊ-ਰਖਿਆ ਦਾ ਤਾਕੀਦੀ ਹੁਕਮ ਦਿਤਾ ਸੀ।

ਪੰਜਾਬ ਵਿਚ ਥਾਂ ਥਾਂ ਬੁਚੜਖਾਨੇ ਖੁਲ੍ਹਣ ਨਾਲ ਗਊ-ਘਾਤ ਬਹੁਤ ਵਧ ਰਹਿਆ ਸੀ ਅਤੇ ਸਿਖ ਜਿਨ੍ਹਾਂ ਦੀ ਪੀੜ੍ਹੀਆਂ ਤੋਂ ਇਹ ਰਵਾਇਤ ਚਲੀ ਆ ਰਹੀ ਸੀ ਕਿ ਉਹ ਗਊ ਦੀ ਰਖਿਆ ਕਰਨਾ ਜ਼ਰੂਰੀ ਕਰਤੱਵ ਸਮਝਣ। ਉਹਨਾਂ ਲਈ ਗਊ—ਬੱਧ ਹੁੰਦਾ ਵੇਖਣਾ ਅਤੇ ਸਹਾਰਨਾ ਅਸੰਭਵ ਹੋ ਗਇਆ ਸੀ। ਸਿਖ ਅਜ ਵੀ ਵਿਸ਼ੇਸ਼ ਕਰਕੇ ਵਾਹੀ ਤੇ ਗੁਜ਼ਾਰਾ ਕਰਦੇ ਹਨ ਅਤੇ ਭਾਵੇਂ ਕ੍ਰਿਸ਼ੀ ਦੇ ਨਵੀਨ ਵਿਗਿਆਨਕ ਢੰਗ ਸਿਖਨ ਆਏ ਹਨ, ਪਰ ਸਾਡੇ ਵਾਹੇਵਾਨਾਂ ਦੀ ਵਧੀਕ ਸੰਖਿਆਂ ਦਾ ਨਿਰਭਰ ਬਲਦਾਂ ਉਤੇ ਹੈ। ਜੇਕਰ ਪੰਜਾਬ ਦੇ ਵਾਹੀਵਾਨਾਂ ਪਾਸੋਂ ਗਊ ਅਤੇ ਬਲਦ ਖੋਹ ਲਏ ਜਾਣ, ਤਾਂ ਉਹਨਾਂ ਦੀ ਵਾਹੀ ਵਿਚ ਬੜੀ ਵਡੀ ਰੋਕ ਪੈ ਸਕਦੀ ਹੈ। ਇਹ ਗੱਲ ਠੀਕ ਹੈ ਕਿ ਦੁਧ ਮੱਝ ਵੀ ਦੇਂਦੀ ਹੈ ਅਤੇ ਉਸ ਪਾਸੋਂ ਸਾਨੂੰ ਵਾਹੀ ਕਰਨ ਲਈ ਝੋਟੇ ਵੀ ਮਿਲ ਜਾਂਦੇ ਹਨ, ਪਰ ਜਿਥੇ ਮੱਝ ਦਾ ਦੁਧ ਗਊ ਦੇ ਦੁਧ ਦਾ ਕਈ ਪਹਿਲੂਆਂ ਤੋਂ ਟਾਕਰਾ ਨਹੀਂ ਕਰ ਸਕਦਾ, ਉਥੇ ਝੋਟਾ ਵੀ ਬਲਦ ਦੇ ਟਾਕਰੇ ਉਤੇ ਸਾਨੂੰ ਪੂਰਾ ਕੰਮ ਨਹੀਂ ਦੇ ਸਕਦਾ। ਵਿਸ਼ੇਸ਼ ਕਰਕੇ ਗਰਮੀ ਦੇ ਦਿਨਾਂ ਵਿਚ ਤਾਂ ਉਹ ਹੌਂਕਣ ਲਗ ਜਾਂਦਾ ਹੈ ਅਤੇ ਕਈ ਵੇਰ ਉਸ ਲਈ ਕੰਮ ਪੂਰਾ ਕਰਨਾ ਅਸੰਭਵ ਹੋ ਜਾਂਦਾ ਹੈ।

ਸਤਿਗੁਰੂ ਜੀ ਦੇ ਉਪਦੇਸ਼ਾਂ ਨਾਲ ਸਿੱਖਾਂ ਵਿਚ ਇਕ ਨਵੀਂ ਜਾਗਰਤ ਆਈ ਅਤੇ ਉਹਨਾਂ ਨੇ ਆਪਣੀਆਂ ਪੁਰਾਤਨ ਰਵਾਇਤਾਂ ਨੂੰ ਸਜੀਵ ਕਰਕੇ ਪੰਜਾਬ ਦੀ ਜਨਤਾ ਵਿਚ ਇਕ ਨਵਾਂ ਉਤਸ਼ਾਹ ਪੈਦਾ ਕੀਤਾ। ਸਤਿਗੁਰੂ ਜੀ ਦੇ ਉਦਾਲੇ ਲੱਖਾਂ ਦੀਆਂ ਭੀੜਾਂ ਇਕਠੀਆਂ ਹੋਣ ਲਗ ਪਈਆਂ ਅਤੇ ਸਿਖੀ ਜਿਸ ਨੂੰ ਕਈ ਪਾਸਿਉਂ ਢਾਹ ਲਗੀ ਸੀ, ਪੁੰਗਰਦੀ ਹੋਈ ਫੁਲਵਾੜੀ ਵਾਂਗ ਜੋਬਨ ਉਤੇ ਆ ਗਈ। ਉਹ ਸਿਖਾਂ ਨੇ ਜਿਥੇ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਗੁਲਾਮੀ ਦੇ ਸੰਗਲ ਕਟਣ ਲਈ ਜ਼ੋਰਦਾਰ ਜਹਾਦ ਸ਼ੁਰੂ ਕੀਤਾ, ਉਥੇ ਉਹਨਾਂ ਨੇ ਪੰਜਾਬ ਵਿਚੋਂ ਗਊ-ਬਧ ਦੇ ਪਾਪ ਨੂੰ ਖਤਮ ਕਰਨ ਲਈ ਵੀ ਕਮਰਕਸੇ ਕੀਤੇ। ਇਸੇ ਸੰਬੰਧ ਵਿਚ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰ ਕੋਟਲਾ ਵਿਚ ਬੁਚੜਾਂ ਦੀ ਸਫਾਈ ਕੀਤੀ ਗਈ। ਉਹਨਾਂ ਵਲੋਂ ਕੀਤੀ ਇਸ ਕਾਰਵਾਈ ਦਾ ਪ੍ਰਤੀਕਰਮ ਇਹ ਹੋਇਆ ਕਿ ਰਾਏਕੋਟ ਅਤੇ ਅੰਮ੍ਰਿਤਸਰ ਵਿਚ ਜਿਹਨਾਂ ਸਿੰਘਾਂ ਨੇ ਬੁਚੜ ਸੋਧੇ ਸਨ, ਉਹਨਾਂ ਨੂੰ ਲੋਕਾਂ ਦੇ ਸਾਹਮਣੇ ਫਾਂਸੀ ਦਿਤੀ ਗਈ। ਮਲੇਰ ਕੋਟਲੇ ਦੀ ਘਟਨਾਂ ਨੂੰ ਤਾਂ ਅੰਗਰੇਜ਼ੀ ਸਰਕਾਰ ਨੇ ਬੜਾ ਹੀ ਸੰਗੀਨ ਸਮਝਿਆ ਅਤੇ ਇਸ ਸੰਬੰਧ ਵਿਚ ੬੮ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਇਆ। ਅੰਗਰੇਜ਼ ਨੇ ਇਸ ਤੇ ਹੀ ਬਸ ਨਾ ਕੀਤੀ ਸਗੋਂ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਕੁਝ ਸੂਬਿਆਂ ਅਤੇ ਹਜ਼ੂਰੀ ਸਿੰਘਾਂ ਨੂੰ ਬਹੁਤ ਵਧੇਰੇ ਖਤਰਨਾਕ ਸਮਝਕੇ ਜਲਾਵਤਨ ਕਰ ਦਿਤਾ ਗਇਆ। ਉਸਦੇ ਪਿਛੋਂ ਲਗਾਤਾਰ ਕਈ ਸਾਲ ਨਾਮਧਾਰੀ ਸਿੰਘਾਂ ਨੂੰ ਅਨੇਕ ਤਰ੍ਹਾਂ ਦੇ ਕਸ਼ਟਾਂ, ਕੈਦਾਂ ਅਤੇ ਜੁਰਮਾਨਿਆਂ ਆਦਿ ਦਾ ਸਖਤ ਸਾਹਮਣਾ ਕਰਨਾ ਪਇਆ। ਸ੍ਰੀ ਭੈਣੀ

Sri Satguru Jagjit Singh Ji Elibrary NamdhariElibrary@gmail.com

ਸਾਹਿਬ ਗੁਰਦਵਾਰੇ ਦੇ ਨਾਲ ਹੀ ਪੁਲਿਸ ਦੀ ਚੌਕੀ ਬਿਠਾ ਦਿਤੀ ਗਈ ਅਤੇ ਸਿੰਘਾਂ ਦੀ ਨਿਗਰਾਨੀ ਇੰਜ ਹੋਣ ਲਗ ਪਈ ਜਿਵੇਂ ਉਹ ਵਡੇ ਅਪਰਾਧੀ ਹੋਣ।

ਅੰਗਰੇਜ਼ ਦੇਸ਼ ਵਿਚੋਂ ਚਲਾ ਗਇਆ ਹੈ ਅਤੇ ਰਾਜ ਦੀ ਵਾਗ ਸਾਡੇ ਆਪਣੇ ਹੱਥਾਂ ਵਿਚ ਹੈ ਪਰ ਇਹ ਕਿੰਨੇ ਦੁਖ ਦੀ ਗੱਲ ਹੈ ਕਿ ਹੁਣ ਵੀ ਦੇਸ਼ ਵਿਚ ਕਈ ਥਾਂਈਂ ਗਊ-ਹਤਿਆ ਹੋ ਰਹੀ ਹੈ। ਕਲਕੱਤਾ ਅਤੇ ਬੰਬਈ ਦੇ ਵਡੇ ਬੁਚੜਖਾਨਿਆਂ ਵਿਚ ਰੋਜ਼ ਬੇਸ਼ੁਮਾਰ ਜਾਨਵਰ ਮਸ਼ੀਨ ਨਾਲ ਕਤਲ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਗਊਆਂ ਦੀ ਸੰਖਿਆ ਵਿਸ਼ੇਸ਼ ਕਰਕੇ ਵਧੀਕ ਹੁੰਦੀ ਹੈ। ਅਜ ਦੇਸ਼ ਵਿਚ ਦੁਧ, ਦਹੀਂ, ਮੱਖਣ ਅਤੇ ਘਿਉ ਦਾ ਜਿਹੜਾ ਹੈਰਾਨੀ ਜਨਕ ਤੋੜਾ ਸਾਨੂੰ ਨਜ਼ਰ ਆ ਰਹਿਆ ਹੈ, ਇਸਦਾ ਮੁਖੀ ਕਾਰਨ ਇਹ ਹੈ ਕਿ ਗਊ ਦੀ ਰਖਿਆ ਵਲੋਂ ਸਰਕਾਰ ਅਤੇ ਜਨਤਾ ਦੋਵੇਂ ਅਵੇਸਲੇ ਹੋ ਗਏ ਹਨ। ਅਸੀਂ ਸ਼ਹਿਰਾਂ ਵਿਚ ਰੋਜ਼ ਵੇਖਦੇ ਹਾਂ ਕਿ ਜਦੋਂ ਗਊ ਦੁਧ ਦੇਣੋਂ ਬੰਦ ਹੋ ਜਾਂਦੀ ਹੈ, ਤਾਂ ਉਸ ਨੂੰ ਕਿੱਲੇ ਤੋਂ ਖੋਲ੍ਹ ਦਿਤਾ ਜਾਂਦਾ ਹੈ ਅਤੇ ਉਹ ਪੇਟ ਭਰਨ ਲਈ ਅਵਾਰਾ ਹੋ ਜਾਂਦੀ ਹੈ। ਕਈ ਹਾਲਤਾਂ ਵਿਚ ਅਜਿਹੇ ਜਾਨਵਾਰਾਂ ਨੂੰ ਔਣ ਪੌਣੇ ਵੇਚ ਦਿਤਾ ਜਾਂਦਾ ਹੈ ਅਤੇ ਉਹਨਾਂ ਵਿਚੋਂ ਬਾਹਲੇ ਬੁਚੜਖਾਨਿਆਂ ਵਿਚ ਚਮੜੇ ਦਾ ਲਾਲਚ ਪੂਰਾ ਕਰਨ ਲਈ ਭੇਜ ਦਿਤੇ ਜਾਂਦੇ ਹਨ, ਇਹ ਮਹਿਸੂਸ ਹੀ ਨਹੀਂ ਕੀਤਾ ਜਾ ਰਿਹਾ, ਕਿ ਜੇਕਰ ਦੁਧ ਦੇਣ ਵਾਲੇ ਪਸ਼ੂਆਂ ਦਾ ਇਸੇ ਤਰ੍ਹਾਂ ਘਾਤ ਹੁੰਦਾ ਰਹਿਆ, ਤਾਂ ਸਾਨੂੰ ਦੁਧ ਕਿਥੋਂ ਮਿਲੇਗਾ ਅਤੇ ਬਲਦ ਕਿਥੋਂ ਮਿਲਣਗੇ। ਹਰ ਕਿਸਾਨ ਵਿਚ ਇਹ ਸਮਰਥਾ ਹੈ ਨਹੀਂ ਕਿ ਉਹ ਵਾਹੀ ਦੇ ਨਵੀਨ ਵਿਗਿਆਨ ਸੰਦ ਲੈਕੇ ਆਪਣਾ ਕੰਮ ਚਲਾ ਸਕੇ ਪਰ ਕੇਵਲ ਚਮੜਾ ਲੈਣ ਦੇ ਲਾਲਚ ਕਰਕੇ ਜਾਨ-ਵਰ ਬੇਤਹਾਸ਼ਾ ਕਤਲ ਕੀਤੇ ਜਾ ਰਹੇ ਹਨ।

ਕੁਛ ਚਿਰ ਤੋਂ ਦੇਸ਼ ਵਿਚ ਗਊ ਹਤਿਆ ਵਿਰੁਧ ਇਕ ਤਕੜਾ ਅੰਦੋਲਨ ਚਲ ਰਿਹਾ ਹੈ। ਜਿਸ ਵਿਚ ਨਾਮਧਾਰੀ ਵੀਰ ਵੀ ਹਿਸਾ ਲੈ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਅੰਦੋਲਨ ਸਫਲ ਹੋਣਾ ਚਾਹੀਦਾ ਹੈ- ਅਤੇ ਇਸਦੀ ਸਫਲਤਾ ਲਈ ਕੇਵਲ ਨਾਮਧਾਰੀ ਸਿਖਾਂ ਨੂੰ ਹੀ ਨਹੀਂ ਸਗੋਂ ਸਾਰੇ ਦੇਸ਼ ਦੇ ਲੋਕਾਂ ਨੂੰ ਹਿਸਾ ਪਾਉਣਾ ਚਾਹੀਦਾ ਹੈ। ਇਸ ਅੰਦੋਲਨ ਦੀ ਸਫਲਤਾ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਸਾਡੇ ਪਸ਼ੂ-ਧਨ ਦੀ ਰਖਿਆ ਹੋ ਜਾਣ ਨਾਲ ਸਾਡੇ ਬਚਿਆਂ ਜੁਵਾਨਾਂ ਅਤੇ ਬੁਢਿਆਂ ਲਈ ਨਰੋਇ ਗੋਕੇ ਦੁਧ ਦੀ ਕੋਈ ਥੋੜ ਨਹੀਂ ਰਹੇਗੀ। ਸਰਕਾਰ ਨੂੰ ਪਰੇਰਨ ਲਈ ਦੇਸ਼ ਦੇ ਹਰ ਹਿਸੇ ਵਿਚੋਂ ਜੋਰ ਨਾਲ ਅਵਾਜ਼ ਉਠਾਈ ਜਾਣੀ ਚਾਹੀਦੀ ਹੈ ਅਤੇ ਲੋਕਾਂ ਵਿਚ ਚੰਗੀ ਨਸਲ ਦੀਆਂ ਗਊਆਂ ਪਾਲਣ ਦੀ ਪਰੇਰਨਾ ਦਿਤੀ ਜਾਣੀ ਅਜ ਦੀ ਇਕ ਵਡੀ ਲੋੜ ਹੈ। ਬੁਚੜ ਖਾਨੇ ਜਿਥੇ ਵੀ ਹਨ, ਉਹਨਾਂ ਨੂੰ ਬੰਦ ਕਰ ਦੇਣਾ ਸਾਡੀ ਆਰਥਿਕਤਾ ਲਈ ਬਹੁਤ ਜ਼ਰੂਰੀ ਹੈ ਅਤੇ ਲੋਕਾ ਨੂੰ ਇਹ ਸਮਝਾਉਣਾ ਵੀ ਘਟ ਜਰੂਰੀ ਨਹੀਂ ਕਿ ਉਹ ਉਸੇ ਤਰ੍ਹਾਂ ਰੀਝ ਨਾਲ ਦੁਧ ਦੇਣ ਵਾਲੇ ਪਸ਼ੂਆਂ ਦੀ ਪਾਲਨਾ ਕਰਨ ਜਿਸ ਰੀਝ ਨਾਲ ਵੀ ਸਾਡੇ ਵਡੇ ਵਡੇਰੇ ਕਰਦੇ ਸਨ। ਇਸ ਸੰਬੰਧ ਵਿਚ ਸ੍ਰੀ ਜੀਵਨ ਨਗਰ ਦਾ ਪਸ਼ੂ-ਧਨ ਇਕ ਮਿਸਾਲ ਹੈ। ਜਿਥੇ ਚੰਗੀਆਂ ਚੰਗੀਆਂ ਗਊਆਂ ਅਤੇ ਮੱਝਾਂ ਨੂੰ ਧਿਆਨ ਨਾਲ ਪਾਲਿਆ ਜਾਂਦਾ ਹੈ। ਇਹਨਾਂ ਪਸ਼ੂਆਂ ਦੀ ਚੰਗੀ ਸੇਵਾ ਅਤੇ ਸੰਭਾਲ ਹੋਣ ਕਰਕੇ ਕਈ ਗਊਆਂ ਵੀਹ ਵੀਹ, ਪੰਝੀ ਪੰਝੀ, ਕਿਲੋ ਦੁਧ ਦਿੰਦੀਆਂ ਹਨ। ਸਤਿਗੁਰੂ ਜੀ ਰੀਝ ਨਾਲ ਪਸ਼ੂ-ਮੇਲੇ ਕਰਵਾਉਂਦੇ ਹਨ ਜਿਨਾਂ ਵਿਚ ਚੰਗੀਆਂ ਗਊਆਂ ਮਝਾਂ ਵਛਿਆਂ ਦੇ ਮਾਲਕਾਂ ਨੂੰ ਇਨਾਮ ਦਿਤੇ ਜਾਂਦੇ ਹਨ।

Sri Satguru Jagjit Singh Ji Elibrary NamdhariElibrary@gmail.com

ਗ ਊ ਹ ਤਿ ਆ

ਸ੍ਰੀ ਗੁਰਬਖਸ਼ ਸਿੰਘ ਜੀ ਰਾਮਪੁਰੀ

ਗਊ ਮਾਤਾ ਦੀ ਸੇਵਾ ਨੂੰ ਛਡਕੇ ਤੇ ਭਾਰਤ ਵਰਸ਼ ਅ.ਤ ਪਾਲਦਾ ਮਛੀਆਂ ਏ।
ਅੰਨ ਸੰਕਟ ਦਾਕਰੇ ਮੁਕਾਬਲਾ ਇਹ ਵੇਖੋ ਕਟ ਕੇ ਕਟੀਆਂ ਵਛੀਆਂ ਏ।
ਭੁਖ ਮਾਰਿਆ ਨਿਕਲਦਾ ਕਾਲ ਨਾਹੀਂ ਗਲਾਂ ਆਖੀਆਂ ਦਾਨਿਆਂ ਅਛੀਆਂਏ।
ਰਸਾ ਗੰਨਿਆਂ ਦੇ ਵਿਚੋਂ ਨਿਕਲਦਾ ਏ ਮਟ ਭਰਦੇ ਨਾ ਪੀੜਿਆਂ ਪੱਛੀਆਂ ਏ।

ਵਿਚ ਆਤਮਾਂ ਵਾਸ ਪ੍ਰਮਾਤਮਾਂ ਦਾ ਦੁਖ ਆਤਮਾਂ ਤੇ ਦੁਖ ਭਰੇਂਗਾ ਤੂੰ।
ਹੋਸੀ ਦੇਸ਼ ਖੁਸ਼ਹਾਲ ਇਹ ਤਦੋਂ ਤੇਰਾ ਗਊਹਤਿ ਆ ਬੰਦਜੇ ਕਰੇਂਗਾਂਤੂੰ।

ਦੇ ਕੇ ਗਾਂ ਦੀ ਖਲ ਖਰੀਦਨਾਂ ਏਂ ਕਾਫੀ ਚਾਹ ਤੇ ਹੋਰ ਮਸਾਲਿਆਂ ਨੂੰ
ਧਰਮ ਚੀਜਾਂ ਕ ਹੁੰਦਾਏ ਕਹਿ ਰਿਹਾਏ ਜੰਵੂ ਬੋਦੀਆਂ ਦੇ ਰਖਣ ਵਾਲਿਆਂ ਨੂੰ।
ਚਰਬੀ ਗ.ਾਂ ਦੀ ਡਾਲਡੇ ਵਿਚ ਪਾਵੇਂ ਕੇਹੜ ਰੋਕ ਦੇਵੇ ਦਿਲਾਂ ਕਾਲਿ ਆਂ ਨੂੰ।
ਸਾਬਣ ਚਰਬੀਆਂ ਤੋਂ ਬਨਣਾ ਸ਼ੁਰੂ ਹੋਇਆ ਆਖੇ ਕੀ ਕੋਈ ਧਰਮ ਗਾਲਿਆਂ ਨੂੰ।

ਸੇਵਾ ਕਪਲਾਂ ਗਊ ਦੀ ਨਾ ਕੀਤੀ ਕਿਦਾਂ ਨਦੀ ਬੇ ਤਰਨੀ ਨੂੰ ਤਰੇਂਗਾ ਤੂ।
ਹੋਸੀ ਦੇਸ ਖੁਸ਼ਹਾਲ ਵੀ ਤਦੋਂ ਤੇਰਾ ਗਊ ਹਤਿਆ ਬੰਦ ਜੇ ਕਰੇਂਗਾ ਤੂੰ।

ਧਰਮੀ ਹੁੰਦਿਆਂ ਵੇਖ ਵਿਚ ਦੇਸ਼ ਤੇਰੇ ਬੇਸ਼ੁਮਾਰ ਹੀ ਕਤਲ ਹੋ ਗਾਂ ਰਹੀਏ।
ਰੁਹ ਗਾਂ ਨਹੀਂ ਕਸਮ ਮੈਂ ਖਾ ਆਖਾਂ ਤੇਰੀ ਮਾਂ ਦੀ ਵੀ ਮਰ ਮਾਂ ਰਹੀ ਏ।
ਗੰਗਾ ਜਮਨਾ ਦੇ ਵਿਚ ਲਹੂ ਗਾਂ ਦਾ ਏ ਪਾਪ ਧੋਣ ਲਈ ਵੀ ਕੋਹੜੀ ਥਾਂ ਰਹੀ ਏ।
ਦੇਵੀ ਦੇਵਤੇ ਛਡ ਗਏ ਦੇਸ ਤੇਰਾ ਵਿਚ ਮੰਦਰਾਂ ਟਲਾਂਦੀ ਟਾਂ ਰਹੀ ਏ।

ਅਣਖ ਧਰਮਤੇ ਧਨ ਤੋਂ ਖਾਲੀ ਪਾਣੀ ਸਦਾ ਲਈ ਗੈਰਾਂ ਦਾ ਭਰੇਂਗਾ ਤੂੰ।
ਹੋਸੀ ਦੇਸ਼ ਇਹ ਤਦੋਂ ਖੁਸ਼ਹਾਲ ਤੇਰਾ ਗਊ ਹਤਿਆ ਬੰਦ ਜੇ ਕਰੇਂਗਾ ਤੂੰ।

Sri Satguru Jagjit Singh Ji Elibrary NamdhariElibrary@gmail.com

ਸਿਖ ਧਰਮ ਵਿਚ ਗਊ ਦਾ ਸਥਾਨ

ਸ੍ਰੀ (ਮਹਾਰਾਜ) ਬੀਰ ਸਿੰਘ ਜੀ

ਸਿਖ ਧਰਮ ਦੇ ਆਰੰਭਕ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਪੁਰਾਤਨ ਕਾਲ ਦੇ ਧਰਮ ਤੋਂ ਗਿਰ ਚੁਕੇ ਹੋਏ ਲੋਕਾਂ ਨੂੰ ਪੁਨਰ ਜੀਵਨ ਬਖਸ਼ਿਆ ਅਤੇ ਧਰਮ ਵਿਚ ਵਿਸ਼ਵਾਸ ਰਖਣ ਵਾਲਿਆਂ ਨੂੰ ਜੋ ਹਾਨੀ ਪਹੁੰਚਾਉਂਦੇ ਸਨ ਓਨਾਂ ਤੋਂ ਧਾਰਮਿਕ ਲੋਕਾਂ ਨੂੰ ਬਚੌਣ ਲਈ ਹੀ ਆਪਦਾ ਪ੍ਰਾਦਰਭਾਵ ਹੋਇਆ।

ਪ੍ਰਸਿਧ ਸਿਖ ਇਤਿਹਾਸਕਾਰ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ :

ਪਾਲਨ ਹੇਤ ਸਨਾਤਨ ਨੇਤੈ।
ਵੈਦਿਕ ਧਰਮ ਰਖਨ ਕੇ ਹੇਤੈ।
ਆਪ ਪ੍ਰਭੂ ਗੁਰੂ ਨਾਨਕ ਰੂਪੰ।
ਪ੍ਰਗਟ ਭਏ ਜਗ ਮੇਂ ਸੁਖ ਭੂਪੰ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਇਹ ਪਤਾ ਲਗਦਾ ਹੈ ਕਿ ਓਸ ਵੇਲੇ ਮੁਗਲ ਰਾਜ ਜੋਬਨ ਤੇ ਸੀ ਤੇ ਓਹ ਭਾਰਤ ਵਾਸੀਆਂ ਦੇ ਧਰਮ ਨੂੰ ਵਡੀ ਹਾਨੀ ਪਹੁੰਚਾ ਰਿਹਾ ਸੀ। ਭਾਰਤ ਵਾਸੀਆਂ ਦੇ ਧਰਮ ਦਾ ਇਕ ਵਿਸ਼ੇਸ਼ ਅੰਗ ਗਊ—ਗ੍ਰੀਬ ਦੀ ਰਖਿਆ ਕਰਨਾ ਵੀ ਸੀ ਜਿਸ ਦੀ ਰਾਖੀ ਗੁਰੂ ਨਾਨਕ ਜੀ ਨੇ ਕੀਤੀ ਅਤੇ ਜਿਸਨੂੰ ਪੁਨਰ ਜੀਵਨ ਬਖਸ਼ਿਆ। ਭਾਈ ਜੀ ਨੇ ਇਸ ਬਾਰੇ ਲਿਖਿਆ ਹੈ:

ਬਹੁ ਵਾਟੀਂ ਜਗ ਚਲੀਆ
ਜਬ ਹੀ ਭਏ ਮੁਹੰਮਦ ਯਾਰਾ।
ਕੌਮ ਬਹੱਤਰ ਸੰਗ ਕਰ
ਬਹੁਬਿਧ ਬੈਰ ਬਿਰੋਧ ਪਸਾਰਾ।
ਰੋਜ਼ੇ ਈਦ ਨਿਮਾਜ਼ ਕਰ
ਕਰਮੀਂ ਬੰਦ ਕੀਆ ਸੰਸਾਰਾ।
ਪੀਰ ਪੈਕੰਬਰ ਔਲੀਏ ਗੌਸ
ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੇ ਢਾਹਿਕੇ
ਤਿਹ ਠਉੜੀ ਮਸੀਤ ਉਸਾਰਾ।

ਮਾਰਨ ਗਊ ਗ਼ਰੀਬ ਨੂੰ
ਧਰਤੀ ਉਪਰ ਪਾਪ ਬਿਥਾਰਾ।

ਕਾਫ਼ਰ ਮੁਲਹਦ ਇਰਮਨੀ
ਰੂੰਮੀ ਜੰਗੀ ਦੁਸਮਨ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ।

ਉਸ ਵੇਲੇ ਦੀਆਂ ਘਟਨਾਵਾਂ ਦਾ ਚਿਤ੍ਰ ਭਾਈ ਸੰਤੋਖ ਸਿੰਘ ਜੀ ਨੇ ਨਾਨਕ ਪ੍ਰਕਾਸ਼ ਵਿਚ ਇਓਂ ਖਿਚਿਆ ਹੈ :

ਕਲਿਜੁਗ ਪਾਇ ਅਕਾਲ ਪ੍ਰਜ਼ੋਰਾ।
ਪ੍ਰਗਟ ਭਏ ਅਘ ਓਘ ਪ੍ਰਘੋਰਾ।

Sri Satguru Jagjit Singh Ji Elibrary NamdhariElibrary@gmail.com

ਆਦ ਦੁਕਾਲ ਹੋਤਿ ਉਤਪਾਤਾ।
ਭਯੋ ਮਲੇਛ ਰਾਜ ਬਖਜਾਤਾ।੪।
ਪੰਥ ਮੁਹੰਮਦ ਬਢਤ ਅਪਾਰਾ।
ਕਲਮਲ ਮਯ ਮਤ ਹੀਨ ਬਿਚਾਰਾ।
ਗੋ ਗਰੀਬ ਕੇ ਹਤਿਹੈਂ ਕੁਸਾਲੀ।
ਕਲ ਕੇ ਕਾਲਹਿ ਕੀਨਿ ਕੁਚਾਲੀ।

—ਨਾ: ਪ੍ਰ: ਪੂਰਬਾਰਧ ਅਧਆਯ ੩
ਸਫਾ ੧੨

ਉਪ੍ਰੋਕਤ ਪੰਕਤੀਆਂ ਤੋਂ ਪਤਾ ਲਗਦਾ ਹੈ ਕਿ ਗਊ ਨੂੰ ਮਾਰਨ ਵਾਲੇ ਅਧਰਮੀ ਮਲੇਛ ਅਤੇ ਪਾਪੀ ਲੋਕ ਸਨ। ਇਸਤਰਾਂ ਦੀ ਪਾਪ ਗ੍ਰਸਤ ਪ੍ਰਿਥਵੀ ਦਾ ਦੁਖ ਦੂਰ ਕਰਨ ਲਈ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਵਤੀਰਣ ਹੋਏ।

ਸ੍ਰੀ ਗੁਰੂ ਜੀ ਨੇ ਵੈਦਿਕ ਧਰਮ ਦੀ ਰਖਿਆ ਲਈ ਅਵਤਾਰ ਧਾਰਿਆ। ਵੈਦਿਕ ਧਰਮ ਇਸ ਦੇਸ਼ ਦਾ ਪੂਰਵ ਧਰਮ ਹੈ ਜਿਸ ਵਿਚ ਗਊ—ਬਧ ਨਿਸ਼ੇਧੀ ਗਊ ਮਾਸ ਨਿਸ਼ੇਧੀ ਗਊ ਗ੍ਰੀਬ ਦੀ ਰਖਿਆ ਆਦਿ ਨਿਯਮਾ ਦਾ ਵਰਣਨ ਹੈ। ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਜੋ ਸਿਖ ਧਰਮ ਸਥਾਪਿਤ ਕੀਤਾ ਉਸਦਾ ਵੀ ਗਊ—ਗ੍ਰੀਬ ਦੀ ਰਖਿਆ ਕਰਨਾ ਇਕ ਵਿਸ਼ੇਸ਼ ਅੰਗ ਹੈ।

ਵੈਸੇ ਸਿਖ ਧਰਮ ਵਿਚ ਕਿਸੇ ਵੀ ਜੀਵ ਨੂੰ ਹਾਨੀ ਪਹੁੰਚਾਉਣਾ ਜਾਂ ਹਿੰਸਕ ਬਣਨਾ ਬੜਾ ਭਾਰਾ ਦੋਸ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਸਾਹਿਬ ਦੀ ੧੮ਵੀਂ ਪਉੜੀ ਵਿਚ ਦੋਸ਼ੀਆਂ ਦਾ ਵਰਣਨ ਕਰਦਿਆਂ ਹੋਇਆ ਲਿਖਿਆ ਹੈ:

ਅਸੰਖ ਗਲ ਵਢ ਹਤਿਆ ਕਮਾਹਿ।

ਭਾਈ ਗੁਰਦਾਸ ਜੀ ਨੇ ਵੀ 'ਸਿਖ ਧਰਮ' ਧਾਰਨ ਕਰਨ ਵਾਲੇ ਲਈ ਸੰਖੇਪ ਵਿਚ ਛੇ ਜਰੂਰੀ ਨਿਯਮ ਲਿਖੇ ਹਨ ਜਿਨਾਂ ਵਿਚ "ਦਇਆ" ਦਾ ਵੀ ਵਰਣਨ ਹੈ। ਆਪਨੇ ਲਿਖਿਆ ਹੈ:

ਸਤਿ—ਸੰਤੋਖ "ਦਇਆ" ਧਰਮ
ਨਾਮ ਦਾਨ ਇਸਨਾਨ ਦ੍ਰਿੜਾਯਾ।
ਗੁਰਸਿਖ ਲੈ ਗੁਰਸਿਖ ਸਦਾਯਾ।

ਜੇ "ਦਇਆ" ਸ਼ਬਦ ਦੀ ਵਰਤੋਂ ਅਮਲ ਵਿਚ ਲਿਆਂਦੀ ਜਾਏ ਤਦ ਕਿਸੇ ਜੀਵ ਦਾ ਬਧ ਕੀਤਾ ਹੀ ਨਹੀਂ ਜਾ ਸਕਦਾ। ਪਰ ਦੂਜੇ ਜੀਆਂ ਦੇ ਮਾਰਨ ਦੇ ਪਾਪ ਨਾਲੋਂ ਇਸ (ਗਊ) ਦੇ ਮਾਰਨ ਦਾ ਪਾਪ ਬਹੁਤਾ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਮਰੀ ਗਊ ਦੇ ਚੰਮ ਨੂੰ ਆਪਣੇ ਸਰੀਰ ਦਾ ਸਪਰਸ਼ ਨਾ ਹੋਣ ਦੇਣਾ ਹੈ। ਜਿਥੋਂ ਤਕ ਦੁਖਾਂ ਤਕਲੀਫ਼ਾਂ ਦਾ ਸੰਬੰਧ ਹੈ, ਓਹ ਗੁਰੂ ਜੀ ਨੇ ਜੋ ਝਲੀਆਂ ਹਨ ਓਹ ਅਸਹਿ ਹਨ ਪਰ ਏਹ ਕੋਈ ਓਡਾ ਕਸ਼ਟ ਨਹੀਂ ਸੀ ਇਹ ਤਾਂ ਚੰਦੂ ਵਲੋਂ ਏਸ ਲਈ ਕੀਤਾ ਗਿਆ ਸੀ ਕਿ ਗੁਰੂ ਜੀ ਹਰਤਰਾਂ ਦੇ ਕਸ਼ਟ ਝਲ ਗਏ ਹਨ। ਕੀ ਏਹ ਧਰਮ ਦੇ ਨਿਯਮ ਦੀ ਵੀ ਉਲੰਘਣਾ ਕਰਨਗੇ?

ਗੁਰ ਪ੍ਰਤਾਪ ਸੂਰਜ ਵਿਚ ਭਾਈ ਸੰਤੋਖ ਸਿੰਘ ਜੀ ਨੇ ਇਓਂ ਲਿਖਿਆ ਹੈ:

ਉਠਯੋ ਪ੍ਰਾਤ ਚੰਦੂ ਦੁਸ਼ਟ ਚਿੰਤਵਤਿ ਚਿਤ ਗੁਰਬਾਤਿ।
ਆਜ ਮਾਨਵੈਂ ਜਿਮ ਚਹੋ ਨਾਹਿਤ ਕਰਹੋਂ ਘਾਤਿ।
ਅਤਿ ਪ੍ਰਿਯ ਧਰਮ ਰਿਦੇ ਜਿਸ ਕੇਰੋ।
ਤਿਸ ਖੋਵਹਿ ਹਿਤ ਤ੍ਰਾਸ ਘਨੇਰੋ।
ਕਹੋਂ ਆਜ ਬਿਧਿ ਸੁਤਾ ਸਗਾਈ।
ਕੈ ਗੋ ਚਰਮ ਦੇਉਂ ਮਢਵਾਈ।
ਸਕਲ ਮੁਲਕ ਮਾਲਕ ਅਬ ਸ਼ਾਹੂ।
ਤਿਸ ਦਿਵਾਨ ਮੈ ਬੈਠਤ ਪਾਹੂ।
ਜਹ ਲਗ ਰਾਜ ਤੁਰਕ ਪਤਿ ਕੇਰਾ।
ਤਹ ਲਗ ਹੁਕਮ ਚਲਤ ਹੈ ਮੇਰਾ।
ਤ੍ਰਾਸ ਨ ਤਨਕ ਸੁ ਮਨ ਮਹਿ ਜਾਨਾ।
ਕਰਯੋ ਅਨਾਦਰ ਰੰਕ ਸਮਾਨਾ।
ਸੋ ਫਲ ਅਬ ਲੇਵਹੁ ਦੁਖ ਘਨੇ।
ਬਿਨਾ'ਧਰਮ'ਕਰ ਅਬ ਦਿਓ ਹਨੇ।

Sri Satguru Jagjit Singh Ji Elibrary NamdhariElibrary@gmail.com

ਧੇਨ ਚਰਮ ਕੋ ਲੇ ਕਰ ਗੀਲਾ।
ਲਪਟਾਵਹਿ ਜੇ ਤਕ ਤੁਵ ਡੀਲਾ।
—ਗੁ: ਪ੍ਰ: ਸੂ: ਰਾਸ ੪ ਅੰਸੂ ੩੭

ਤੂਰਨ ਆਇ ਤੀਰ ਪਰ ਹੇਰੇ।
ਪਰੇ ਧਾਦਰੇ ਤਾਨ ਬਡੇਰੇ।
ਬਹੁਦਿਨ ਭਏ ਨ ਸੁਪਤਨਿ ਦੀਨ।
ਪਿਖਿ ਅਵਸਰ ਕੋ ਨਿੰਦ੍ਰਾ ਲੀਨ। ੪।

ਅਬ ਸੂਧੇ ਭਾ ਮਾਨਹਿ ਨਾਤਾ।
'ਧਰਮ' ਜਾਨਿ ਤੇ ਉਰ ਡਰਪਾਤਾ।
—ਗੁ: ਪ੍ਰ: ਸੂ: ਰਾਸ ੪ ਅੰਸੂ ੩੮

ਉਪ੍ਰੋਕਤ ਪੰਕਤੀਆ ਤੋਂ ਸਪਸ਼ਟ ਹੁੰਦਾ ਹੈ ਕਿ ਗਊ ਨੂੰ ਧਰਮ ਦਾ ਇਕ ਮਹਾਨ ਅੰਗ ਮੰਨਦਿਆਂ ਹੋਇਆਂ ਸਤਿਗੁਰੂ ਜੀ ਨੇ ਸਰੀਰ ਤਿਆਗ ਦਿਤਾ, ਪਰ ਮਰੀ ਹੋਈ ਗਊ ਦੇ ਚਮੜੇ ਨਾਲ ਸਪਰਸ਼ ਨ ਕੀਤਾ। ਅਜ ਕਲ ਓਹ ਸਿਖ ਜੋ ਕਹਿੰਦੇ ਹਨ ਕਿ ਛੂਤ ਛਾਤ ਸਿਖ ਧਰਮ ਵਿਚ ਨਹੀਂ ਓਨਾਂ ਲਈ ਇਹ ਘਟਨਾਂ ਭਾਰੀ ਵੀਚਾਰ ਯੋਗ ਹੈ ਅਤੇ ਓਨਾਂ ਨੂੰ ਇਸਤੋਂ ਇਹ ਭੁਲੇਖਾ ਕਿ 'ਛੂਤ ਛਾਤ ਸਿਖ ਧਰਮ ਵਿਚ ਨਹੀਂ' ਕਢ ਦੇਣਾ ਚਾਹੀਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੀਆਂ ਫੌਜਾਂ ਪਹਾੜੀ ਰਾਜਿਆਂ ਦੀਆਂ ਫੌਜਾਂ ਦੇ ਡਰ ਤੋਂ ਅਤੇ ਸਿਖਾਂ ਅਤੇ ਮਾਤਾ ਜੀ ਦੇ ਕਹਿਣ ਤੋਂ ਅਨੰਦਪੁਰ ਸਾਹਿਬ ਦਾ ਕਿਲਾ ਨਹੀਂ ਸੀ ਛਡਿਆ। ਪਰ ਪਹਾੜੀ ਹਿੰਦੂ ਰਾਜਿਆਂ ਨੇ ਜਦੋਂ ਆਟੇ ਦੀ ਗਊ ਬਣਾਕੇ ਕਿਲੇ ਦੇ ਦਰਵਾਜੇ ਅਗੇ ਲਿਆ ਧਰੀ ਕਿ ਤੁਹਾਡੇ ਬਾਹਰ ਨਿਕਲਿਆ ਨਾਲ ਧੋਖਾ ਕਰੀਏ ਤਦ ਗਊਦੇਗਲਛੁਰੀ ਫੇਰਨ ਵਾਲੀ ਗਲ ਹੈ, ਇਹ ਦੇਖਕੇ ਇਕ ਦਮ ਕਿਲਾ ਛਡ ਦਿਤਾ। ਗਊ ਦੀ ਆਣ ਬਦਲੇ ਸਰਬੰਸ ਅਤੇ ਸੰਪਤੀ ਨਸ਼ਟ ਕਰਵਾ ਲਏ। ਇਸ ਘਟਨਾ ਦਾ ਵਰਨਣ ਭਾਈ ਸੰਤੋਖ ਸਿੰਘ ਜੀ ਨੇ ਇਓਂ ਕੀਤਾ ਹੈ:

ਲਿਖਿ ਕਾਗਦ ਪਰ ਸਪਥ ਸਭਨ ਕੀ।
ਧੇਨੁ ਨਿਕਟ ਧਰ ਛੁਰੀ ਨਗਨ ਕੀ।
ਸ੍ਰੀ ਗੁਰ! ਤਕਹਿੰ ਜੇ ਬੁਰਾ ਤਿਹਾਰੋ।
ਲਗਹਿ ਪਾਪ ਗੋ ਬਧ ਕੋ ਭਾਰੋ।
—ਗੁਰ ਪ੍ਰਤਾਪ ਸੂਰਜ

ਇਸੇ ਹੀ ਘਟਨਾਂ ਦਾ ਵਰਣਨ ਭਾਈ ਸੁਖਾ ਸਿੰਘ ਜੀ ਨੇ ਆਪਣੀ ਪੁਸਤਕ 'ਗੁਰ ਬਿਲਾਸ' ਵਿਚ ਇਓਂ ਕੀਤਾ ਹੈ:

ਛਤ੍ਰੀਪਨ ਸਭ ਹੀ ਜਰ ਗਯੋ।
ਸਪਥ ਕੁਪਥਿ ਅਨਮਤ ਸਬ ਲਯੋ।
ਜੇ ਹਮ ਆਨ ਨ ਮਾਨਹਿ ਗਊ।
ਤੋ ਕਿਮ ਰਹੈ ਧਰਮ ਮਗ ਭਊ। ੨੨।
ਤਾਤੇ ਡੰਕਾ ਕੂਚ ਬਜਾਵਹੁ।
ਤੁਰਤ ਫੁਰਤ ਤਯਾਰੀ(ਕਰਵਾਵਹੁ)।
—ਸਫਾ ੨੯੬ ਅੰਕ ੧੭

ਪਿਛੇ ਦਿਤੀਆਂ ਜਾ ਚੁਕੀਆਂ ਘਟਨਾਵਾਂ ਤੋਂ ਕੋਈ ਸ਼ੰਕਾ ਨਹੀਂ ਰਹਿ ਜਾਂਦੀ ਕਿਸਿਖਾਂ ਵਾਸਤੇ ਗਊ ਦੀ ਆਣ ਦੀ ਮਹਾਨਤਾ ਓਡੀ ਹੀ ਹੈ ਜਿਡੀ ਹਿੰਦੂਆਂ ਵਾਸਤੇ। ਸੋ ਏਹ ਸਮਝਣਾ ਕਿ ਗਊ ਦਾ ਸੰਬੰਧ ਸਿਰਫ ਹਿੰਦੂ ਧਰਮ ਨਾਲ ਹੈ ਸਿਖਾਂ ਨਾਲ ਕੋਈ ਵਾਸਤਾ ਨਹੀਂ, ਵਡੀ ਭੁਲ ਹੈ।

ਗਊ ਦੀ ਆਣ ਬਦਲੇ ਗੁਰੂ ਸਾਹਿਬਾਂ ਨੇ ਕਿਸਤਰਾਂ ਦੇ ਕਸ਼ਟ ਝਲੇ ਇਹ ਧਰਮ ਵਿਚ ਦ੍ਰਿੜ੍ਹ ਰਹਿਣ ਵਾਲੇ ਸਿਖਾਂ ਨੂੰ ਪਤਾ ਸੀ ਤਦੇ ਓਨਾਂ ਦੀ ਇਸ ਸੰਬੰਧ ਵਿਚ ਹੋਰ ਲੋਕ ਵੀ ਸਿਫਤ ਕਰਦੇ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇ ਤੋਂ ਪਹਿਲਾਂ ਦੇ ਸਿਖ ਗਊ ਗਰੀਬ ਦੇ ਰਖਯਕ ਸਨ। ਇਸਦਾ ਸਬੂਤ ਇਸ ਘਟਨਾ ਤੋਂ ਮਿਲਦਾ ਹੈ।

Sri Satguru Jagjit Singh Ji Elibrary NamdhariElibrary@gmail.com

ਇਹ ਘਟਨਾ ਓਦੋਂ ਵਾਪਰੀ ਜਦ ਸਿਖ ਮਿਸਲਾਂ ਵਿਚ ਵੰਡੇ ਹੋਏ ਸਨ ਅਤੇ ਇਕ ਬ੍ਰਾਹਮਣ ਦੀ ਇਸਤਰੀ ਕਸੂਰ ਦੇ ਪਠਾਣਾ ਨੇ ਖੋਹ ਲਈ ਉਸਨੇ ਅੰਮ੍ਰਿਤ ਸਰ ਸਿੰਘਾਂ ਪਾਸ ਜਾ ਕੇ ਫਰਿਆਦ ਕੀਤੀ ਖਾਲਸੇ ਦੀ ਸਿਫਤ ਵਿਚ ਓਸਨੇ ਜੋ ਸ਼ਬਦ ਆਖੇ ਓਹਨਾਂ ਨੂੰ ਗਿ: ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਓਂ ਅੰਕਿਤ-ਕੀਤਾ ਹੈ

ਫਿਰਯੋ ਮੈ ਹੂੰ ਦੇਸ ਔ ਬਦੇਸਕੇ ਨਰੇਸਨ ਪੈ
ਕੀਓ ਨ ਕਲੇਸ ਕਿਨੇ ਦੂਰ ਮੇਰੇ ਮਨ ਕੋ ।
ਬੂਡ ਕੈ ਮਰਨਜਬ ਮਾਂਡਿਓਮੈ ਦ੍ਰਯਾਵ ਬੀਚ
ਤਹਾਂ ਤੇ ਅਕਾਸ ਬਾਣੀ ਭਈ ਮੁਝ ਜਨ ਕੋ ।
ਗੋ ਗ੍ਰੀਬ ਧੇਨ ਦਿਜ ਸਾਧਨ ਕੇ ਰਖਨ ਕੋ ।
ਆਹਿ ਪੰਥ ਖਾਲਸਾ ਕਲੀ ਮੈਂ ਮੇਰੁ ਮਨ ਕੋ।
ਮਾਨਕੇ ਹੁਕਮ ਜਗਤੇਸ ਕੋ ਲਸੇਸ ਯਹ
ਆਯੋ ਮੈਂ ਸਰਨ ਅਬ ਪੰਥ ਕੇ ਪੁਨ ਕੋ ।

ਸ੍ਵੈਯਾ: ਸਾਧ ਗਊ ਦਿਜ ਦੀਨਨ ਕੇ ਹਿਤ
ਰਖਜਕ ਪੰਥ ਰਚਯੋ ਗੁਰੂਆ ਨੇ ।
ਮਾਰ ਕਸੂਰ ਤਾਂਈ ਅਬ ਹੀ
ਸਭ ਹੀ ਲਿਹੁ ਕਾਢ ਕਸੂਰ ਪੁਰਾਨੇ।

ਉਪ੍ਰੋਕਤ ਘਟਨਾ ਸਿਖ ਰਾਜ ਤੋਂ ਪਹਿਲਾਂ ਦੀ ਹੈ। ਸਿਖ ਰਾਜ ਵਿਚ ਵੀ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਾ ਸਿਧਾ ਹੁਕਮ ਸੀ। ਇਸ ਨੂੰ ਅੰਗਰੇਜ਼ਾਂ ਨੇ ਵੀ ਮੰਨਿਆਂ ਹੈ, ਉਹਨਾਂ ਨੇ ਆਪ ਲਿਖਿਆ ਹੈ :

YOUR READERS WILL BE AWARE THAT THE KILLING OF KINE IS AN ABOMINATION TO ALL HINDUS 0F WHOM THE SIKHS ARE AN OFF SHOOT WHEN THE SIKHS WERE IN POWER, THE PENALTY FOR KILLING KINE WAS DEATH.

(Extract from letter dated 9—2—1872 written by J. W .Macnabb former commissioner Ambala to the Editor "Times" London)

ਅਨੁਵਾਦ :

"ਤੁਹਾਡੇ ਪਾਠਕ ਇਹ ਜਾਣਦੇ ਹੀ ਹੋਣਗੇ ਕਿ ਸਿਖ ਜੋ ਹਿੰਦੂਆਂ ਵਿਚੋਂ ਹੀ ਹਨ ਅਤੇ ਸਾਰੇ ਹਿੰਦੂ ਗਊ ਮਾਰਨ ਵਾਲਿਆਂ ਤੋਂ ਬੜੀ ਘਿਰਣਾ ਕਰਦੇ ਹਨ। ਸਿਖ ਰਾਜ ਸਮੇ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਾ ਹੁਕਮ ਸੀ।"

[ਜੇ. ਡਬਲਯੂ. ਮੈਕਨਾਬ ਦੀ 'ਟਾਈਮਜ਼' ਲੰਡਨ ਨੂੰ ਚਿਠੀ ਮਿਤੀ ੯–੨–੧੮੭੨]

ਹਿੰਦੂ—ਸਿਖ ਵਖਰੇਵੇਂ ਦਾ ਬੀਜ ਬੀਜਣ ਵਾਲੇ ਅੰਗਰੇਜ਼ ਤੇ ਉਹਨਾਂ ਦੇ ਸ਼ੁਭ ਇਛੁਕ ਡਾ: ਗੰਡਾ ਸਿੰਘ ਤੇ ਪ੍ਰੋ: ਕਰਤਾਰ ਸਿੰਘ ਨੇ ਆਪਣੇ ਵਲੋਂ ਨਾਮਧਾਰੀਆਂ ਨੂੰ 'ਕਟੜ' ਗਊ ਭਗਤ ਹੋਣਾਂ ਦਸਿਆ ਹੈ। ਜਿਸ ਤੋਂ ਉਹਨਾਂ ਦਾ ਭਾਵ ਹੈ ਕਿ ਗਊ ਦੀ ਰਖਿਆ ਕਰਨੀ ਹਿੰਦੂਆਂ ਦਾ ਧਰਮ ਹੈ ਅਤੇ ਨਾਮਧਾਰੀ ਹਿੰਦੂਆਂ ਨਾਲੋਂ ਵੀ ਇਸ ਵਿਚ ਵਧ ਕਟੜ ਹਨ।

ਡਾ: ਗੰਡਾ ਸਿੰਘ "ਕੂਕਿਆਂ ਦੀ ਵਿਥਿਆ ਦੇ ਸਫਾ ੧੧੯ ਤੇ ਲਿਖਦੇ ਹਨ :

"ਕੂਕੇ ਗਊ ਦੇ ਮਾਮਲੇ ਵਿਚ
ਹਿੰਦੂਆਂ ਨਾਲੋਂ ਭੀ ਵਧ ਕਟੜ
ਹਨ ਤੇ ਭੜਕ ਪੈਂਦੇ ਹਨ।"

ਡਾ: ਸਾਹਿਬ ਦੇ ਵਿਚਾਰ ਅਨੁਸਾਰ ਸਿਖਾਂ ਦਾ ਗਊ ਨਾਲ ਕੋਈ ਵਾਸਤਾ ਨਹੀਂ ਕਿਉਂਕਿ ਉਪ੍ਰੋਕਤ ਸ਼ਬਦਾਂ ਵਿਚ 'ਸਿਖ' ਸ਼ਬਦ ਦਾ ਵਰਨਣ

Sri Satguru Jagjit Singh Ji Elibrary NamdhariElibrary@gmail.com

ਨਹੀਂ ਅਤੇ ਇਹਨਾਂ ਸਤਰਾਂ ਤੋਂ ਝਲਕ ਵੀ ਇਹੋ ਪੈਂਦੀ ਹੈ ਕਿ ਗਊ ਦਾ ਕੋਈ ਸਬੰਧ ਹੈ ਤਾਂ ਉਹ ਸਿਰਫ ਹਿੰਦੂਆਂ ਨਾਲ ਜਾਂ ਕੂਕਿਆਂ ਨਾਲ।

ਡਾਕਟਰ ਸਾਹਿਬ ਤੇ ਪ੍ਰੋਫੈਸਰ ਸਾਹਿਬ ਜੇ ਇਤਿਹਾਸਕ ਸਚਾਈ ਨੂੰ ਆਪਣੇ ਅੰਦਰ ਕੁਛ ਥਾਂ ਦੇਣ ਤਦ ਓਨ੍ਹਾਂ ਨੂੰ ਮੰਨਣਾ ਪਏਗਾ ਕਿ ਗਊ ਰਖਿਆ ਸਿਖ ਧਰਮ ਦੀ ਪ੍ਰੰਪਰਾ ਹੈ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਸਿਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਦਾ ਜਿਕਰ ਕਰਦੇ ਹੋਏ ਮਾਸਟਰ ਤਾਰਾ ਸਿੰਘ ਜੀ ਆਪਣੀ ਕਿਤਾਬ "ਬਾਬਾ ਤੇਗਾ ਸਿੰਘ" ਦੇ ਸਫਾ ੯੬ ਤੇ ਲਿਖਦੇ ਹਨ।

ਚਿਲੀਆਂ ਵਾਲੇ ਤਾਂ ਇਹ ਗੋਰੇ ਭੇਡਾਂ ਵਾਂਗ ਸਿੰਘਾਂ ਅਗੇ ਭਜੇ ਫਿਰਦੇ ਸਨ ਅਤੇ ਮੂੰਹ ਵਿਚ ਘਾਹ ਲੈ ਕੇ 'ਡਊ ਡਊ' ਕਰਦੇ ਸਨ।

ਮੈਂ—ਬਾਬਾ ਗੋਰੇ ਡਊ ਡਊ ਕੀ ਕਰਦੇ ਸਨ।

ਬਾਬਾ—ਉਹਨਾਂ ਨੂੰ ਪਤਾ ਸੀ ਕਿ ਸਿੰਘਾ ਤੋਂ ਬਚਣ ਲਈ ਆਪਣੇ ਆਪ ਨੂੰ ਗਊ ਕਹੀਏ ਤਾਂ ਸਿੰਘ ਛਡ ਦੇਂਦੇ ਹਨ। ਉਹ ਗਊ ਦੀ ਥਾਂ ਮੂੰਹ ਵਿਚ ਘਾਹ ਲੈ ਕੇ "ਡਊ ਡਊ" ਕਹਿੰਦੇ ਸਨ।

ਉਪ੍ਰੋਕਤ ਲਿਖੇ ਹੋਏ ਸ਼ਬਦਾਂ ਦੀ ਵਿਆ—ਖਿਆ ਕਰਨ ਦੀ ਲੋੜ ਨਹੀਂ। ਅੰਗਰੇਜਾਂ ਨੇ ਭਾਵੇਂ ਪੰਜਾਬ ਤੇ ਕਬਜਾ ਕਰ ਲਿਆ, ਓਹਨਾਂ ਨੂੰ ਪਤਾ ਸੀ ਕਿ ਅੰਮ੍ਰਿਤਸਰ ਸਿਖਾਂ ਦਾ ਕੇਂਦਰ ਹੈ ਪੂਜਨ ਯੋਗ ਧਰਮ ਅਸਥਾਨ ਹੈ। ਅਤੇ ਸਿਖ ਧਰਮ ਅਨੁਸਾਰ ਗਊ ਹਤਿਆ ਕਦਾਚਿਤ ਨਹੀਂ ਹੋ ਸਕਦੀ। ਇਸੇ ਕਰਕੇ ਉਹਨਾਂ ਨੇ ਤਾਂਬੇ ਦੀ ਪਲੇਟ ਤੇ ਲਿਖਕੇ ਲਾਇਆ ਹੋਇਆ ਸੀ।

KINE ARE NOT TO BE KILLED AT AMRITSAR

ਭਾਵ:— ਅੰਮ੍ਰਿਤਸਰ ਵਿਚ ਗਊ ਬਧ ਨਾ ਕੀਤਾ ਜਾਵੇ।

ਉਪ੍ਰੋਕਤ ਲਿਖਤ ੨੪ ਮਾਰਚ ੧੮੪੭ ਨੂੰ ਸਰ ਹੈਨਰੀ ਐਮ. ਲਾਰੈਂਸ ਵਲੋਂ ਲਿਖ ਕੇ ਲਗਵਾਈ ਗਈ ਸੀ। ਬਾਦ ਵਿਚ ਉਹਨਾਂ ਨੇ ਕੁਝ ਸਿਖਾਂ ਨੂੰ ਆਪਣੇ ਅਸਰ ਹੇਠ ਲੈ ਲਿਆ ਅਤੇ ਕਮਜੋਰ ਸਮਝਕੇ ਉਪ੍ਰੋਕਤ ਹੁਕਮ ਓਥੋਂ ਹਟਾ ਲਿਆ। ਜਿਸ ਕਰਕੇ ਦਰਬਾਰ ਸਾਹਿਬ ਦੇ ਪਾਸ ਹੀ ਬੁਚੜ ਖਾਨਾ ਬਣਿਆ।

ਭਾਵੇਂ ਨਾਮਧਾਰੀਆਂ ਉਤੇ ਇਹ ਪਾਬੰਦੀ ਹੈ ਕਿ ਓਹ ਸਿਖ ਧਰਮ ਦੀ ਚਲੀ ਆ ਰਹੀ ਪ੍ਰੰਪਰਾ ਅਨੁਸਾਰ ਦਰਬਾਰ ਸਾਹਿਬ ਜਾਕੇ ਦੀਵਾਨ ਲਾਕੇ ਆਪਣੀ ਅਰਦਾਸ ਨਹੀਂ ਕਰ ਸਕਦੇ। (ਸ਼ਰੋਮਣੀ ਕਮੇਟੀ ਦੀ ਕਾਰਵਾਈ ਵਿਚ ਵੀ ਐਸੀ ਚਰਚਾ ਆ ਚੁਕੀ ਹੈ ਕਿ ਨਾਮਧਾਰੀ ਸਿਖ ਹੀ ਨਹੀਂ) ਪਰ ਸੰਨ ੧੮੭੧ ਵਿਚ ਬੁਚੜਖਾਨੇ ਦੇ ਕਾਰਨ ਜੋ ਦਰਬਾਰ ਸਾਹਿਬ ਦੀ ਬੇ ਅਦਬੀ ਹੋਈ ਜਾਨਵਰਾਂਨੇ ਬੁਚੜਖਾਨੇ'ਚੋਂਗਊਆਂਦੀਆਂ ਹਡੀਆਂ ਚੁਕ ਚੁਕ ਕੇ ਸਰੋਵਰ ਵਿਚ ਸੁਟੀਆਂ। ਇਸ ਨੂੰ ਨਾ ਬਰਦਾਸ਼ਤ ਕਰਦਿਆਂ ਹੋਇਆਂ ਨਾਮਧਾਰੀਆਂ ਨੇ ਹੀ ਬੁਚੜ ਮਾਰੇ ਅਤੇ ਆਪਣੀਆਂ ਜਾਨਾਂ ਧਰਮ ਤੋਂ ਕੁਰਬਾਨ ਕੀਤੀਆਂ। ਇਹ ਕੰਮ ਉਹਨਾਂ ਨੇ ਕੋਈ ਲੀਡਰੀ ਲੈਣ ਵਾਸਤੇ ਜਾਂ ਅਖਬਾਰਾਂ ਵਿਚ ਨਾਮ ਛਪਾਉਣ ਵਾਸਤੇ ਨਹੀਂ ਸੀ ਕੀਤਾ। ਓਨ੍ਹਾਂ ਨੇ ਇਹ ਕੁਛ ਸਿਖ ਧਰਮ ਦੀ ਪ੍ਰੰਪਰਾ ਕਾਇਮ ਰਖਣ ਲਈ ਕੀਤਾ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਤੇ ਨਾਮਧਾਰੀ ਸਿੰਘਾਂ ਨੂੰ ਗਊ ਹਤਿਆ ਤੇ ਅੰਗਰੇਜ਼ੀ ਰਾਜ ਵਿਰੋਧੀ ਅੰਦੋਲਨ ਚਲੌਣ ਕਰਕੇ ਕੇਹੜੀ ੨ ਕਠਨਾਈ ਦਾ ਸਾਹਮਣਾ ਕਰਨਾ ਪਿਆ ਜਿਸਦਾ

Sri Satguru Jagjit Singh Ji Elibrary NamdhariElibrary@gmail.com

ਵਰਨਣ ਕਰਨ ਲਈ ਇਕ ਵਖਰੀ ਪੁਸਤਕ ਦੀ ਲੋੜ ਹੈ। ਇਥੇ ਕੁਛ ਹੋਰ ਘਟਨਾਵਾਂ ਸੰਖੇਪ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ।

ਬਾਬਾ ਸਾਹਿਬ ਸਿੰਘ ਜੀ ਬੇਦੀ, ਜੋ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮਕਾਲੀ ਹੋਏ ਹਨ। ਬੜੇ ਤਕੜੇ ਵਿਦਵਾਨ ਅਤੇ ਹਠੀ ਤਪੀ ਤੇ ਸੂਰਬੀਰ ਮੰਨੇ ਗਏ ਹਨ। ਸਿਖੀ ਦੀ ਭਾਵਨਾ ਵੀ ਆਪਦੇ ਅੰਦਰ ਬੜੀ ਉਚੀ ਸੀ ਇਸ ਤੋਂ ਬਿਨਾਂ ਆਪ ਸ਼ਸਤਰ ਵਿਦਿਆ ਦੇ ਵੀ ਧਨੀ ਮੰਨੇ ਗਏ ਹਨ। ਆਪਦੇ ਸਮੇ ਨਵਾਬ ਮਲੇਰ ਕੋਟਲਾ ਨੇ ਗਊ ਬਧ ਕੀਤਾ। ਆਪਨੇ ਇਸ ਗਊ ਬਧ ਨੂੰ ਰੋਕਣ ਲਈ ਸਿੰਘਾਂ ਨੂੰ ਨਾਲ ਲੈ ਕੇ ਮਲੇਰ ਕੋਟਲੇ ਤੇ ਹਮਲਾ ਕੀਤਾ ਜਿਸਦਾ ਵਰਨਣ ਗਿਆਨੀ ਭਜਨ ਸਿੰਘ ਜੀ ਨੇ ਰੋਜਾਨਾ "ਜਥੇਦਾਰ" ਦੇ ਪਹਿਲੇ ਸਫੇ ਤੇ ਇਓਂ ਕੀਤਾ ਹੈ:

> ਬਾਬਾ ਸਾਹਿਬ ਸਿੰਘ ਜੀ ਦੀਆਂ ਉਪੀਆਂ ਮੁਹਿੰਮਾਂ ਵਿਚੋਂ ਮਲੇਰ ਕੋਟਲੇ ਤੇ ਚੜ੍ਹਾਈ ਖਾਸ ਵਰਨਣ ਯੋਗ ਹੈ। ਓਥੋਂ ਦੇ ਨਵਾਬ ਨੇ ਹਿੰਦੂਆਂ 'ਸਿਖਾਂ' ਨੂੰ ਤੰਗ ਕਰਨ ਲਈ ਗਊ ਬਧ ਕੀਤਾ। ਬਾਬਾ ਜੀ ਪਾਸ ਉਨ੍ਹਾਂ ਫਰਿਆਦ ਕੀਤੀ। ਬਾਬਾ ਸਾਹਿਬ ਜੀ ਨੇ ੮੦੦ ਸਿੰਘਾਂ ਦੀ ਫੌਜ ਲੈਕੇ ਮਲੇਰ ਕੋਟਲੇ ਤੇ ਚੜ੍ਹਾਈ ਕਰ ਦਿਤੀ ਬੜੀ ਭਿਆਨਕ ਲੜਾਈ ਹੋਈ। ਤੇ ਬਾਬਾ ਸਾਹਿਬ ਸਿੰਘ ਨੇ ਮੈਦਾਨ ਵਿਚ ਤਲਵਾਰ ਚਲਾਈ ਅਖੀਰ ਹਰਾ ਦਿਤਾ। ਮਹਾਰਾਜਾ ਪਟਿਆਲਾ ਨੇ ਵਿਚ ਪੈਕੇ ਨਵਾਬ ਦੀ ਜਾਨ ਬਖਸ਼ਵਾਈ।
>
> [ਰੋਜਾਨਾ ਜਥੇਦਾਰ ਜਲੰਧਰ ੧੦ ਦਸੰਬਰ ੧੯੬੭]

ਅੰਗਰੇਜੀ ਰਾਜ ਸਥਾਪਤ ਹੋਣ ਤਕ ਸਾਰੇ ਸਿਖਾਂ ਦੇ ਵਿਚਾਰ ਹੀ ਗਊ ਘਾਤਕਾਂ ਲਈ ਬਹੁਤ ਬੁਰੇ ਸਨ। ਅੰਗਰੇਜਾਂ ਦੇ ਪੰਜਾਬ ਵਿਚ ਔਣ ਨਾਲ ਕਈਆਂ ਨੂੰ ਉਹਨਾਂ ਨੇ ਡਰਾਕੇ ਕਈਆਂ ਨੂੰ ਲਾਲਚ ਦੇ ਕੇ ਆਪਣੇ ਵਿਚਾਰਾਂ ਦੇ ਬਣਾ ਲਿਆ ਜਾਂ ਘਟੋ ਘਟ ਸਿਖ ਧਰਮ ਦੇ ਵਿਚਾਰਾਂ ਤੋਂ ਜਰੂਰ ਗਿਰਾ ਦਿਤਾ।

ਉਸ ਵਕਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ। ਜਿਨਾਂ ਨੇ ਅੰਗਰੇਜ਼ ਦੀ ਫੈਲਾਈ ਹੋਈ ਦਹਿਸ਼ਤ ਦੀ ਕੋਈ ਪ੍ਰਵਾਹ ਨਾ ਕਰਦਿਆਂ ਹੋਇਆਂ ਧਰਮ ਯੁਧ ਲਈ ਨਾਮਧਾਰੀਆਂ ਨੂੰ ਸੰਗਠਤ ਕੀਤਾ ਅਤੇ ਅੰਗਰੇਜ਼ ਨੂੰ ਅਨੁਭਵ ਕਰਾ ਦਿਤਾ ਕਿ ਤੁਸੀਂ ਇਹ ਨ ਸਮਝੋ ਕਿ ਸਿਖ ਮਰ ਚੁਕੇ ਹਨ। ਸਿਖ ਤੁਹਾਨੂੰ ਗਊਆਂ ਮਾਰਨ ਵਾਲਿਆਂ ਨੂੰ ਇਸ ਦੇਸ਼ ਵਿਚ ਨਹੀਂ ਵੇਖਣਾ ਚਾਹੁੰਦੇ। ਜੋ ਡਬਲਯੂ ਮੈਕ-ਨਾਬ (ਜਿਸ ਚਿਠੀ ਦਾ ਅਗੇ ਵਰਨਣ ਆ ਚੁਕਾ ਹੈ ਉਸੇ ਵਿਚ) ਲਿਖਦਾ ਹੈ:

'IT WAS CLEAR THAT A CRUSADE AGAINEST KINE KILLING WAS THE LINE WHICH WOULD ATTRACT NOT ONLY SIKHS BUT ALL HINDUS TOWARDS KUKAISM. (SATGURU) RAM SINGH ADOPTED THIS LINE, AND YEARS AGO GAVE OUT THAT HE WOULD NEVER REST TILL HE HAD CLEARED THE LAND OF BUTCHERS.

ਅਨੁਵਾਦ: "ਇਹ ਪਰਗਟ ਹੀ ਸੀ ਕਿ ਗਊ ਬਧ ਦੇ ਵਿਰੋਧ ਵਿਚ ਧਰਮ ਯੁਧ ਸਿਰਫ ਸਿਖਾਂ ਨੂੰ ਹੀ ਨਹੀਂ ਬਲਕਿ ਸਭ ਹਿੰਦੂਆਂ ਨੂੰ ਕੂਕਿਆਂ ਵਲ ਪ੍ਰੇਰਿਤ ਕਰਦਾ ਹੈ। (ਸਤਿਗੁਰੂ) ਰਾਮ ਸਿੰਘ ਨੇ ਇਹੋ ਤਰੀਕਾ ਅਪਣਾਇਆ ਅਤੇ ਕਈ ਸਾਲ ਪਹਿਲਾਂ ਹੀ ਏਹ ਬਚਨ ਕੀਤੇ ਕਿ ਓਹ ਓਨਾਂ ਚਿਰ ਦਮ ਨਹੀਂ ਲੈਣਗੇ ਜਿਨਾਂ ਚਿਰ ਇਸ ਧਰਤੀ ਨੂੰ ਗਊ-ਘਾਤਕਾਂ ਤੋਂ ਸਾਫ ਨਹੀਂ ਕਰ ਲੈਂਦੇ।"

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਹੁਕਮਨਾਮੇ ਵਿਚ ਜੋ ਕੁਛ ਲਿਖਿਆ ਸੀ ਓਹ ਹੁਣ ਵਾਪਰ ਰਿਹਾ ਹੈ। ਅਜ ਸਾਡੇ ਲੀਡਰ ਕਹਿੰਦੇ ਹਨ ਕਿ "ਭਾਰਤ ਪਛਮ ਨਹੀਂ ਬਣ ਸਕਦਾ। ਜਿਥੇ ਦੁਧ ਵਾਸਤੇ ਗਊ ਅਤੇ ਹਲ ਚਲਾਉਣ ਵਾਸਤੇ ਬੈਲਾਂ ਦੀ ਲੋੜ ਹੈ।" ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਜ ਤੋਂ ੯੦-੯੫ ਸਾਲ ਪਹਿਲਾਂ ਹੀ ਫੁਰਮਾਇਆ ਸੀ ਕਿ :

> "ਜੇ ਤਾ ਗੁਰੂ ਸਾਹਿਬ ਨੇ ਗਊਆਂ ਉਤੇ ਰਛਾ ਕੀਤੀ ਤਾ ਕੀਤੀ ਨਹੀ ਤਾਂ ਸਾਰੀ ਪ੍ਰਿਥੀ ਬੜਾ ਦੁਖ ਪਾਵੇਗੀ। ਕਿਸ ਕਰਕੇ, ਗਾਈ ਤਾ ਬਿਲੇ ਖਾਇ ਜਾਣਗੇ ਗਾਈ ਕੇ ਖਾਣੇ ਕਰਕੇ ਨਾ ਬੈਲ ਮਿਲੇਗਾ ਗਰੀਬਾਂ ਨੂੰ ਨਾ ਬਰਖਾ ਹੋਊਗੀ। ਏਹੁ ਤਾ ਹਿੰਦੂਆਂ ਦਾ ਬੜਾ ਦੇਸੁ ਹੈ। ਏਥੇ ਬੀ ਮੁਕ ਗਈਆਂ ਹੈ।"

ਅੰਮ੍ਰਿਤਸਰ, ਰਾਇਕੋਟ ਅਤੇ ਮਲੇਰਕੋਟਲੇ ਗਊਆਂ ਬਦਲੇ ਸ਼ਹੀਦ ਹੋਣ ਵਾਲੇ ਸਿੰਘਾਂ ਦਾਹਾਲ ਲਿਖਦੇ ਹੋਏ ਭਾਈ ਚੰਦਾ ਸਿੰਘ ਜੀ ਲਿਖਦੇ ਹਨ ;

ਇਹ ਮਲੇਛ ਨੰਦਣੋ ਆਏ।
ਏਨ੍ਹਾਂ ਬੁਚੜ-ਖਾਨੇ ਲਾਏ।
ਸਾਨੂੰ ਦੁਖ ਗਊਆਂ ਦਾ ਖਾਏ।
ਸਿੰਘੋ ਸਿਰ ਦੇਣੇ ਹੁਣ ਆਏ।
ਨਾਮ ਅਕਾਲ ਦੇ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਵੇਰੇ ਆਪਣੇ ਨਿਤਨੇਮ ਤੋਂ ਬਾਦ ਸਭ ਤੋਂ ਪਹਿਲਾਂ ਤਬੇਲੇ ਵਿਚ ਆਕੇ ਗਊਆਂ ਵੇਖਦੇ ਹੁੰਦੇ। ਭਾਰੀ ਕਠਿਨਾਈਆਂ ਦਾ ਸਹਿਨ ਕਰਦਿਆਂ ਹੋਇਆਂ ਵੀ ਓਨਾਂ ਨੇ ਗਊ-ਸੇਵਾ ਵਿਚ ਫਰਕ ਨਹੀਂ ਪੈਣ ਦਿਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਦੇਖ ਰੇਖ ਵਿਚ ਗਊ ਦੀ ਸੇਵਾ ਜੋ ਕਰਾਈ ਹੈ ਅਤੇ ਗਊ ਨੂੰ ਭਾਰਤ ਦਾ ਸਰਵੋਤਮ ਪਸ਼ੂ ਪ੍ਰਤਖ ਕਰਕੇ ਵਿਖਾਇਆ ਹੈ ਓਸਦੀ ਮਿਸਾਲ ਕਿਧਰੇ ਨਹੀਂ ਮਿਲਦੀ। ਆਪ ਦਾ ਗਊਆਂ ਨਾਲ ਕਿਤਨਾਂ ਪ੍ਰੇਮ ਸੀ ਅਤੇ ਗਊਆਂ ਦਾ ਆਪ ਨਾਲ ਕਿਤਨਾਂ ਪ੍ਰੇਮ ਸੀ ਇਸਦਾ ਵਰਣਨ ਕਿਸੇ ਦੂਸਰੇ ਲੇਖ ਵਿਚ ਆਵੇਗਾ।

ਆਪਦਾ ਨਾਮਧਾਰੀਆਂ ਪ੍ਰਤੀ ਸਖਤ ਹੁਕਮ ਸੀ ਕਿ ਕੋਈ ਨਾਮਧਾਰੀ ਕਿਸੇ ਐਸੇ ਵਯਕਤੀ ਨੂੰ ਆਪਣੀ ਗਊ ਨਾ ਵੇਚੇ ਜੋ ਅਗੇ ਗਊਆਂ ਮਾਰਨ ਵਾਲਿਆਂ ਕੋਲ ਵੇਚਣ ਵਾਲਾ ਹੋਵੇ। ਅਗਰ ਕਿਸੇ ਐਸੀ ਹਰਕਤ ਦਾ ਪਤਾ ਲਗ ਜਾਵੇ ਤਾਂ ਐਸਾ ਕਰਨ ਵਾਲਾ ਵਿਚੋਂ ਕਢਿਆ ਜਾਂਦਾ ਸੀ। ਆਪਨੇ ਦੋ ਵੈਗਨਾਂ (ਗਡੀਆਂ) ਗਊਆਂ ਦੀਆਂ ਕਲਕਤੇ ਤੋਂ ਵਾਪਸ ਲਿਆਦੀਆਂ ਕਤਲ ਹੋਣ ਤੋਂ ਬਚਾਈਆਂ ਅਤੇ ਓਨਾਂ ਦੀ ਸੰਭਾਲ ਕੀਤੀ ਜੋ ਕਿ ਚੰਗੀਆਂ ਸਿਧ ਹੋਈਆਂ।

ਆਪਨੇ ਹਜਾਰਾਂ ਵਿਘੇ ਜ਼ਮੀਨ ਦਾਨ ਕੀਤੀ ਅਤੇ ਜ਼ਮੀਨ ਲੈਣ ਵਾਲਿਆਂ ਉਤੇ ਇਹ ਪਾਬੰਦੀ ਲਾਈ ਕਿ ਹਰ ਵਜਕਤੀ ਆਪਣੇ ਪਾਸ ਇਕ ਇਕ ਗਊ ਰਖੇ। ਆਪਦੀ ਘਰ ਦੀ ਪੈਦਾ ਕੀਤੀ ਹੋਈ ਸਾਹੀਵਾਲ ਨਸਲ ਦੀ ਗਊ ਦਾ ਦੁਧ ਭਾਰਤ ਵਿਚ ਸਭ ਤੋਂ ਵਧ ਹੋਇਆ ਹੈ। ਆਪ ਜਦੋਂ ਕਿਤੇ ਇਸਦਾ ਵਰਣਨ ਕਰਦੇ ਤਦ ਇਸਦਾ ਕਾਰਨ ਗਊਆਂ ਦੀ ਸੇਵਾ ਹੀ ਦਸਦੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਜੋ ਗਊਆਂ ਕਲਕਤੇ ਤੋਂ, ਇਕ ਇਕ ਵਾਰੀ ੮ ਅਤੇ ਦੂਸਰੀ ਵਾਰੀ ੪੭ ਵਾਪਸ ਪੰਜਾਬ ਲਿਆਂਦੀਆਂ ਉਹ ਚੰਗੀਆਂ ਸਿਧ ਹੋਈਆਂ। ਸ੍ਰੀ ਸਤਿਗੁਰੂ ਜੀ ਨੂੰ ਜੋ "ਗੋਪਾਲ-ਰਤਨ" ਦੀ ਉਪਾਧੀ ਅਤੇ ੫੦੦੦) ਪੁਰਸਕਾਰ ਗਊ ਦਾ ਦੁਧ ਭਾਰਤ ਵਿਚ ਸਭਤੋਂ ਜ਼ਿਆਦਾ ਹੋਣ ਕਰਕੇ ਮਿਲਿਆ ਹੈ ਓਦੋਂ ਆਪਦੇ ਭੇਜੇ ਹੋਏ ਸੇਵਕਾਂ ਨੇ ੮ ਗਊਆਂ ਕਲਕਤੇ ਤੋਂ ਲਿਆਂਦੀਆਂ ਸਨ ਅਤੇ

Sri Satguru Jagjit Singh Ji Elibrary NamdhariElibrary@gmail.com

ਆਪ ਇਹੋ ਹੀ ਕਹਿੰਦੇ ਹੁੰਦੇ ਹਨ ਕਿ ਗਊਆਂ ਨੂੰ ਬੁਚੜਾਂ ਤੋਂ ਛੁਡਾਇਆ ਹੈ ਤਦ ਏਹ ਪੁਰਸਕਾਰ ਤੇ ਉਪਾਧੀ ਮਿਲੇ ਹਨ।

ਭਾਰਤ ਵਿਚ ਰਹਿਣ ਵਾਲੇ ਮੁਸਲਮਾਨ ਗਊ ਦਾ ਸਤਿਕਾਰ ਕਰਦੇ ਚਲੇ ਆ ਰਹੇ ਹਨ ਜੇ ਸਿਖ ਅੰਦਰ ਗਊ–ਰਖਿਆ ਦੀ ਭਾਵਨਾਂ ਨਹੀਂ ਰਖਣਗੇ। ਉਹ ਆਪਣੇ ਗੁਰੂਆਂ ਦੇ ਆਗਿਆ-ਕਾਰ ਨਹੀਂ ਅਖਵਾ ਸਕਦੇ, ਨਾਹੀ ਭਾਰਤ ਦੀ ਪ੍ਰੰਪਰਾ ਦੇ ਪੈਰੋਕਾਰ ਅਖਵਾ ਸਕਦੇ ਹਨ।

ਅੰਗਰੇਜ਼ ਦੇ ਰਾਜ ਵੇਲੇ ਓਹੋ ਮੁਸਲਮਾਨ ਜਿਸਨੂੰ ਜਾਗੀਰ ਮਿਲੀ ਹੋਈ ਸੀ ਅਤੇ ਕਈਆਂ ਪਿੰਡਾਂ ਦਾ ਮਾਲਕ ਸੀ ਲਾਇਲਪੁਰ ਜਿਲੇ ਵਿਚ। ਓਸਦਾ ਇਹ ਨਿਯਮ ਸੀ ਕਿ ਆਪਣੇ ਪਿੰਡਾਂ ਵਿਚ ਗਊ–ਬਧ ਨਹੀਂ ਹੋਣ ਦੇਣਾ। ਇਨਾਂ ਦਾ ਨਾਮ ਰਾਜਾ "ਫਜ਼ਲਦਾਦ" ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬਹੁਤ ਪਿਆਰ ਕਰਦੇ ਸਨ ਏਹ ਕਿਹਾ ਕਰਦੇ ਸਨ ਕਿ ਮਹਾਰਾਜ ! ਜਿਸ ਚੀਜ਼ ਦੀ ਹਿੰਦੂਆਂ ਨੂੰ ਸਹੁੰ ਹੈ ਓਹ ਮੇਰੇ ਪਿੰਡਾਂ ਵਿਚ ਨਹੀਂ ਵੜ ਸਕਦੀ। ਏਥੋਂ ਤਕ ਪ੍ਰਹੇਜ਼ ਕਰਦੇ ਸਨ ਕਿ ਸ੍ਰੀ ਸਤਿਗੁਰੂ ਜੀ ਦੇ ਸਾਹਮਣੇ "ਗਊ-ਮਾਸ" ਸ਼ਬਦ ਦੀ ਵਰਤੋਂ ਵੀ ਨਹੀਂ ਸਨ ਕਰਦੇ।

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਰਮ ਖਾਤਰ ਹੋਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਹੀ ਧਰਮ ਖਾਤਰ ਧਾਰਿਆ ਸੀ। ਆਪਨੇ ਫੁਰਮਾਇਆ ਹੈ :

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਰਵਾਸਤ ਕੀਤਾ ਗਿਆ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ, ਕਈਆਂ ਦੀਆਂ ਜਾਇਦਾਤਾਂ ਜ਼ਮੀਨਾਂ ਜ਼ਬਤ ਹੋਈਆਂ ਇਹ ਸਭ ਕੁਛ ਧਰਮ ਰਖਣ ਵਾਲਿਆਂ ਨਾਲ ਵਾਪਰਿਆ।

ਖਾਲਸਾ ਪੰਥ ਦੇ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਗਊ ਬਦਲੇ ਆਪਣੀ ਸਾਰੀ ਸੰਪਤੀ ਨਸ਼ਟ ਕਰਵਾਉਂਦੇ ਹਨ ਓਨਾਂ ਦੇ ਸੇਵਕ ਅਖਵੌਣ ਵਾਲੇ ਗਊ-ਰਖਿਆ ਬਾਰੇ ਪੈਰ ਹੀ ਨਾ ਪੁਟਣ ਅਤੇ ਇਹੋ ਜਹੀਆਂ ਗਲਾਂ ਕਰਨ ਕਿ ਗਊ ਹਿੰਦੂਆਂ ਦੀ ਮਾਤਾ ਹੈ ਸਾਡੀ ਕੁਛ ਨਹੀਂ ਲਗਦੀ ਤਾਂ ਕੀ ਫਿਰ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਅਖਵੌਣ ਦੇ ਅਧਿਕਾਰੀ ਹਨ ?

ਗਊ-ਰਖਿਆ ਅੰਦੋਲਨ ਦੀ ਵਰਤੋਂ ਰਾਜਨੀਤੀ ਵਾਸਤੇ ਕੋਈ ਕਰਦਾ ਹੈ ਤਾਂ ਸੌ ਵਾਰੀ ਕਰੇ। ਪਰ ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਦਾ ਇਹ ਫਰਜ਼ ਹੈ ਕਿ ਓਹ ਧਰਮ ਦੇ ਪਖ ਤੋਂ ਗਊ ਦੀ ਖਾਤਰ ਆਪਣਾ ਹਿਸਾ ਪਾਵੇ। ਜੇ ਹੋਰ ਨਹੀਂ ਤਾਂ ਘਟੋ ਘਟ ਇਹ ਕਹਿਕੇ ਭੰਡੀ ਨਾ ਕਰੇ ਕਿ ਇਹ ਗਊ ਅੰਦੋਲਨ ਰਾਜਨੀਤਿਕ ਹੈ।

ਜੇ ਗਊ-ਬਧ ਵਿਰੋਧੀ ਅੰਦੋਲਨ ਰਾਜ-ਨੀਤਿਕ ਹੈ ਤਾਂ ਕੀ ਪੰਜਾਬੀ ਸੂਬਾ ਅੰਦੋਲਨ ਰਾਜਨੀਤਿਕ ਨਹੀਂ ਸੀ ? ਜਿਸ ਲਈ ਕਈ ਹਜ਼ਾਰ ਸਿਖ ਜੇਲ੍ਹਾਂ ਵਿਚ ਗਏ ਕਈਆਂ ਦੀਆਂ ਜਾਇਦਾਤਾਂ ਜ਼ਬਤ ਹੋਈਆਂ। ਜੇ ਰਾਜਨੀਤਿਕ ਨਿਸ਼ਾਨੇ ਲਈ ਜੇਲ੍ਹਾਂ ਭਰੀਆਂ ਜਾ ਸਕਦੀਆਂ ਹਨ ਤਾਂ ਓਹ ਧਰਮ ਜਿਸਦੇ ਬਦਲੇ ਸਾਡੇ ਸਤਿਗੁਰਾਂ ਨੇ ਆਪਣਾ ਸਰਬੰਸ ਲਾ ਦਿਤਾ ਸਰੀਰ ਬਲੀਦਾਨ ਕਰ ਦਿਤਾ, ਕੀ ਸਾਡੇ ਅਖਬਾਰਾਂ ਵਿਚ ਓਸਦੀ ਰਾਖੀ ਲਈ ਹੁਣ ਕੋਈ ਲਾਈਨ ਨਹੀਂ ਲਿਖੀ ਜਾ ਸਕਦੀ ? ਜੇ ਅਸੀਂ ਅਗਵਾਈ ਨਹੀਂ ਕਰ ਸਕਦੇ ਤਾ ਜੇਹੜੇ ਕੁਛ ਨਾ ਕੁਛ ਇਸ ਦੀ ਖਾਤਰ ਕਰਦੇ ਹਨ ਓਨਾਂ ਦੀ ਹਮਾਇਤ ਹੀ ਤਕੜੇ ਹੋਕੇ ਕਰੀਏ।

ਇਸ ਸਮੇ ਭਾਰਤ ਵਿਚ ਕਈ ਹਜ਼ਾਰ ਗਊ ਦਾ ਬਧ ਹਰ ਰੋਜ਼ ਹੁੰਦਾ ਹੈ। ਸਿਖ ਵੀ ਇਸ ਦੇਸ਼ ਦੇ ਹੀ ਰਹਿਣ ਵਾਲੇ ਹਨ। ਇਸ ਗਊ–ਬਧ ਦੇ

Sri Satguru Jagjit Singh Ji Elibrary NamdhariElibrary@gmail.com

ਇਹ ਧਰਮ-ਵਿਸ਼ਵਾਸੀ ਦੇਸ਼ ਹੈ, ਇਸਦਾ ਮੁਖ ਧਰਮ ਗਊ ਗ੍ਰੀਬ ਦੀ ਰਖਿਆ ਹੈ ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲਿਆ। ਇਸੇ ਧਰਮ ਨੂੰ ਸੁਰਖਿਅਤ ਰਖਣ ਲਈ ਬਾਦ ਦੇ ਗੁਰੂਆਂ ਨੇ ਆਪਣੇ ਸਰੀਰ ਬਲੀਦਾਨ ਕੀਤੇ ਸਿਖਾਂ ਨੇ ਅਸਹਿ ਕਸ਼ਟ ਸਹਾਰੇ। ਸੋ ਸਮੂਹ ਸਿਖਾਂ ਨੂੰ "ਗਊ ਗ੍ਰੀਬ ਦੀ ਰਖਿਆ" ਲਈ ਅਰਦਾਸ ਕਰਨੀ ਚਾਹੀਦੀ ਹੈ ਕਿਉਂਕਿ ਸਾਡਾ ਧਰਮ ਹੈ।

ਕਾਰਨ ਦੇਸ਼ ਵਿਚ ਭਿਆਨਕ ਕਾਲ ਪੈ ਰਹੇ ਹਨ। ਪਿਤਾ-ਪੁਤ੍ਰ, ਭੈਣ-ਭਰਾਵਾਂ ਅਤੇ ਇਸਤ੍ਰੀ-ਪਤੀ ਦੇ ਆਪਸ ਵਿਚ ਪਿਆਰ ਨਹੀਂ ਰਹੇ। ਬਾਹਰਲੇ ਦੇਸ਼ਾਂ ਨੂੰ ਹਜਾਰਾਂ ਦੀ ਗਿਣਤੀ ਵਿਚ ਮਰੇ ਹੋਏ ਪਸ਼ੂਆਂ ਦੀਆਂ ਖੱਲਾਂ ਜਾਂਦੀਆਂ ਹਨ। ਜਿਨਾਂ ਦੇ ਬਦਲੇ ਪਤਾ ਨਹੀਂ ਸਰਕਾਰ ਕੀ ਮੰਗਵਾਉਂਦੀ ਹੈ ਪਰ ਦੇਖਣ ਵਿਚ ਕੰਗਾਲੀ ਭ੍ਰਸ਼ਟਾਚਾਰ ਅਤੇ ਆਪਸ ਵਿਚ ਬੇਇਤਬਾਰੀ ਹੀ ਨਜ਼ਰ ਔਂਦੀ ਹੈ।

ਸ੍ਰੀ ਤਰਨ ਸਿੰਘ ਜੀ ਵਹਿਮੀ

"ਗਊਆਂ ਮੱਝਾਂ ਨਸਲਚੰਗੀਦੀਆਂ ਮੈਂ ਨਿਸਚੇ ਅਜਮਾਈਆਂ।
ਰਸਾ ਕਿਲਾ ਪਠਾ ਦਾਣਾ ਪਾ ਕੇ ਖੂਬ ਰਜਾਈਆਂ।
ਗਊ ਸਾਊ ਜਿਉਂ ਵੇਲਿਓਂ ਪਹਿਲਾਂ ਵਾਜ ਸਾਂਈਂ ਨੂੰ ਮਾਰੇ।
ਮਝ ਰਜ ਕੇ ਫਿਰ ਭੀ ਕਰਦੀ ਮਨ ਮਰਜ਼ੀ ਦੇ ਲਾਰੇ।
ਗਊਆਂ ਦੋ ਤੇ ਮਝ ਇਕ, ਵਧ ਪੱਠੇ ਦਾਣੇ ਖਾਂਦੀ।
ਵਧ ਬੀਮਾਰੀ ਵਧਬੇਜਾਰੀ ਖੇਚਲ ਖੁਰਲੀ ਢਾਂਹਦੀ।
ਇਕ ਦੋ ਦੇ ਦਵਾ ਨਾ ਸਕਣ ਦੁਧ ਤੋਂ ਬੁਧੀ ਬਣਦ।
ਗਊ ਜਣੇ ਰਲ ਫਿਰਨ ਕਈ ਮਝ ਮਾਰੂ ਖੋਰੇ ਜਣਾਦੀ।
ਮਝ ਵੇਲਿਓਂ ਬਿਨਾ ਨਾ ਮਿਲਦੀ ਗਊ ਜਦੋਂ ਹੀ ਚਾਹੋ।
ਗਊ ਦੁਖੀ ਭੀ ਖੁਸ਼ ਹੋ ਮਿਲਦੀ ਮਝ ਜੇ ਖੂਬ ਰਜਾਓ।
ਪਾਲ ਸਾਂਭ ਚੋ ਗਊ ਮਝ ਦਾ ਹਰ ਹਿਸਾਬ ਕਰ ਲਹਿਆ।
ਪਾਰਖੂਆਂ ਨੇ ਮਝੋਂ ਗਊ ਦਾ ਸੁਖ ਮੁਨਾਫਾ ਕਹਿਆ।
ਖਰਚ ਮੁਨਾਫਾ ਸੁਖ ਸੋਚ ਕੇ ਰਖੋ ਗਊ ਲਵੇਰੀ।
ਦੋ ਗਊਆਂ ਤੋਂ ਮਝ ਇਕ ਜਦ ਖਾਇ ਖੁਰਾਕ ਵਧੇਰੀ।
ਤੁਖਮ ਤਾਸੀਰ ਤੇ ਦੁਧ ਬੁਧ ਦਾ ਅਸਰ ਆਤਮੇ ਪਇੰਦਾ।
ਕਰਨ ਅਜਮੈਸ਼ ਜੋ ਕਹਿਣ ਹੈ ਐਵੇਂ ਤਰਨ ਸਿੰਘ ਹੈ ਕਹਿੰਦਾ।
ਬੈਲ ਤੇ ਸੰਢੇ ਸਾਂਭ ਇਕਠੇ ਇਕ ਖੇਤ ਵਿਚ ਜੋਵੇ।
ਉਸਤੋਂ ਸੁਖ ਸੁਆਦ ਤੇ ਸੋਭਾ ਦੁਖੀ ਓਹਨਾਂ ਤੋਂ ਹੋਵੇ।
ਬੈਲ ਜਰੇ ਧੁਪ ਤਿਹ੍ਹਕਾਰੇ ਕੰਮ ਸਦਾ ਮਾਲਕ ਮਨ ਭਾਣੇ।
ਬੈਲ ਦੁਆਲਾ ਪਕੀਆਂ ਤਾਹੀਓਂ ਕਹਿਣ ਕਿਸਾਨ ਸਿਆਣੇ।
ਸੰਢੇ ਠੰਢੇ ਦੇਹੀ ਕਾਮੇ ਮਹਾਂ ਅਮੋੜ ਧਿਙਾਣੇ।
ਮੂਰਖ ਸੰਢੇ ਇਕ ਬਰੋਬਰ ਜਿਸ ਵਾਹ ਵੇਖੇ ਜਾਣੇ।
ਵਾਹ ਬਲਦ ਦੀ ਸਹਿਲ ਸੁਖਾਲੀ ਭਾਂਵੇਂ ਧਰਤੀ ਕੈਸੀ।
ਵਹਿਮੀ ਸੰਢੇ ਵਾਲੇ ਦੀ ਜਿੰਦ ਸਹਿਮੀ ਚੈਨ ਨਾ ਲੈਸੀ।

Sri Satguru Jagjit Singh Ji Elibrary NamdhariElibrary@gmail.com

ਗਊ ਮਾਤਾ

ਕਿਉਂ

ਸ੍ਰੀ ਰਾਜਿੰਦਰ ਸਿੰਘ ਜੀ ਗੁਰੂਸਰ

ਸ੍ਰੀ ਰਾਜਿੰਦਰ ਸਿੰਘ ਜੀ ਨਾਮਧਾਰੀ ਸਮਾਜ ਦੇ ਇਕ ਉਘੇ ਮਨੁਖ ਹਨ। ਹਜ਼ੂਰੀ ਸਤਿਗੁਰੂ ਜੀ ਦੇ ਸਮਕਾਲੀ ਵਿਦਿਆਰਥੀ ਰਹਿਕੇ ਸ੍ਰੀ ਭੈਣੀ ਸਾਹਿਬ ਦੇ ਵਿਦਿਆਲੇ ਚੋਂ ਵਿਦਿਆ ਪ੍ਰਾਪਤ ਕੀਤੀ। ਉਸ ਸਮੇ ਹੀ ਇਹਨਾਂ ਦੇ ਅੰਦਰ ਸਾਹਿਤ ਦੀ ਪ੍ਰਬਲ ਰੀਝ ਜਾਗ ਪਈ। ਸਤਿਜੁਗ ਅਖਬਾਰ ਨੂੰ ਇਹਨਾਂ ਮਾਸਕ ਪਤਰ ਦਾ ਰੂਪ ਦਿਤਾ। ਅਤੇ ਉਚੇਚੀ ਮਿਹਨਤ ਨਾਲ ਪੰਜਾਬੀ ਦੇ ਮਾਸਕ ਪਤਰਾਂ ਵਿਚ ਸਤਿਜੁਗ ਦੀ ਥਾਂ ਬਣਾਈ। ਬੜੀ ਲਗਨ ਨਾਲ ਸੰਪਾਦਕ ਡਿਊਟੀ ਨਿਭਾਈ। ਅਜ ਕਲ ਆਪ ਆਪਣੇ ਪਿੰਡ ਗੁਰੂ ਸਰ ਵਿਚ ਰਹਿੰਦਿਆਂ ਹੋਇਆਂ ਹੀ ਸਤਿਜੁਗ ਦੇ ਪਾਠਕਾਂ ਨਾਲ ਖਿਆਲ ਸਾਂਝੇ ਕਰ ਰਹੇ ਹਨ ਇਹ ਲੇਖ ਵੰਨਗੀ ਮਾਤਰ ਪਾਠਕਾਂ ਦੀ ਭੇਟ ਹੈ। 'ਸਾਜਨ'

ਹੇ ਇੰਦ੍ਰ ਅਸੀਂ ਤੇਰੇ ਕੋਲੋਂ ਗਊਆਂ ਦਾਨ ਮੰਗਦੇ ਹਾਂ। ਕਿਉਂ ਕਿ ਤੂੰ ਦੂਸਰੇ ਰਾਜਿਆਂ ਦੀ ਤਰ੍ਹਾਂ ਦਿਤਾ ਦਾਨ ਵਾਪਸ ਨਹੀਂ ਮੰਗਦਾ। ਅਗੇ ਤੂੰ ਚਾਲੀ ਗਾਈਆਂ ਰਿਸ਼ੀਆਂ ਨੂੰ ਦਾਨ ਕੀਤੀਆਂ ਜੋ ਉਹਨਾਂ ਦੇ ਕੋਲ ਹੈਨ (ਰਿਗਵੇਦ)

ਸੰਸਾਰ ਦੇ ਮਹਾਨ ਕਰਾਂਤੀਕਾਰੀ ਗੁਰੂ-ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਾਰ ਚੱਕ ਨਿਵਾ ਲਏ ਸਨ—

"ਬਾਬੇ ਤਾਰੇ ਚਾਰ ਚੱਕ ਨਵ ਖੰਡ ਪ੍ਰਿਥਮੀ ਸਚਾ ਢੋਆ। ਸਿੱਧ ਜਿਤੀ ਸਭ ਮੰਡਲੀ ਪੂਜਾ ਆਸਣ ਥਾਪਣ ਲੋਆ ॥" ਪਰ ਪਿੜਾ ਦਾ ਹਨੇਰਾ ਦੂਰ ਨਹੀਂ ਸੀ ਹੋਇਆ। ਉਸ ਨਿਗਾਹ ਵਿਚ ਨਾਨਕ ਉਸਦਾ ਨਾਲਾਇਕ ਪੁਤਰ ਹੀ ਸੀ।

ਅਸਲ ਵਿਚ ਮਾਤਾ ਪਿਤਾ ਦੀ ਪਦਵੀ ਏਨੀ ਉਚੀ ਹੈ ਕਿ ਪੁਤਰ ਕਿਤਨਾ ਹੀ ਵੱਡਾ ਕਿਉਂ ਨਾ ਹੋ ਜਾਵੇ ਓਹ ਪੁਤਰ ਹੀ ਰਹਿੰਦਾ ਹੈ। ਮਾਤਾ ਪਿਤਾ ਦਾ ਦਰਜਾ ਉਸਤੋਂ ਬਹੁਤਾ ਉਚਾ ਤੇ ਪਵਿਤਰ ਹੈ।

"ਗੁਰਦੇਵ ਮਾਤਾ ਗੁਰਦੇਵ ਪਿਤਾ।"

ਕਾਹੇ ਪੂਤ ਝਗਰਤ ਹਉ ਸੰਗਿ ਬਾਪ
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥

ਕਾਰਨ ਬੇਸ਼ਕ ਕੋਈ ਵੀ ਕਿਉਂ ਨਾ ਹੋਵੇ ਪਰ ਸ੍ਰੀ ਭੈਣੀ ਸਾਹਿਬ ਵਿਚ ਮਾਤਾ

Sri Satguru Jagjit Singh Ji Elibrary NamdhariElibrary@gmail.com

ਜੀਵਨ ਕੌਰ ਜੀ ਦਾ ਰਾਜ ਸੀ ਤੇ ਬੀੜ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸੰਖੇਪ ਜੇਹੇ ਜਥੇ ਨਾਲ ਕਠਨ ਘਾਲਣਾ ਘਾਲ ਰਹੇ ਸਨ। ਭੈਣੀ ਸਾਹਿਬ ਤੋਂ ਰਸਤਾਂ ਔਣੀਆਂ ਮੁਕੰਮਲ ਤੌਰ ਤੇ ਬੰਦ ਸਨ। ਸ਼ਾਇਦ ਹਠੀਲੀ ਮਾਤਾ ਆਪਦੇ ਪੁਤਰ ਦੀ ਜਰਨ ਸ਼ਕਤੀ ਦੀ ਪ੍ਰੀਖਿਆ ਕਰਨੀ ਚਹੁੰਦੀ ਸੀ। ਪਰ ਏਧਰ ਦੁਖ ਵਿਚ ਸੁਖ ਮਨੌਣ ਵਾਲੇ ਪਾਤਸ਼ਾਹ ਨੇ ਅਖੰਡ ਪਾਠਾਂ ਦੀ ਰਚਨਾਂ ਲਾ ਰਖੀ ਸੀ।

"ਰੁਖੀ ਸੁਖੀ ਖਾਇਕੇ ਠੰਢਾ ਪਾਣੀ ਪੀ

ਸਿਦਕੀ ਸਿਖ ਤੇ ਲੰਗੋਟੀਏ ਯਾਰ ਕਿਸੇ ਨਾਂ ਕਿਸੇ ਤਰਾਂ ਆਸ਼ਕੀ ਨਿਭਾਈ ਜਾ ਰਹੇ ਸਨ। ਅਤੇ ਭੋਗ ਦੇ ਪ੍ਰਸਾਦ ਦੇ ਸਵਾਏ ਗੱਫੇ ਆਸਰੇ ਦਿਹਾੜੀ ਏਨੇ ਕਰ ਲੈਂਦੇ ਸਨ।

ਏਹ ਦਿਨ ਜੇਠ ਹਾੜ ਦੇ ਸਨ ਤੇ ਖੂਹੀ ਤੋਂ ਬਿਨਾ ਪਾਣੀ ਵੀ ਹੋਰ ਨੇੜੇ ਤੇੜੇ ਕਿਤੇ ਨਹੀਂ ਸੀ।

ਸੱਠ ਮੁਰੱਬੇ ਦਾ ਬੀੜ ਜੋ ਭੈਣੀ ਸਾਹਿਬ ਤੋਂ ੪੦-੫੦ ਮੀਲ ਫਾਸਲੇ ਤੇ ਹੈ ਮਹਾਰਾਜ ਗੁਰਚਰਨ ਸਿੰਘ (ਨਾਭਾ) ਨੇ ਪੁਤਰ ਦੀ ਖੁਸ਼ੀ ਵਿਚ ਅਰਦਾਸ ਕਰਾਇਆ ਸੀ। ਤੇ ਪਟੇ ਵਿਚ ਲਿਖ ਦਿਤਾ ਸੀ—ਏਥੇ ਗਾਂਈਆਂ ਹੀ ਰੱਖੀਆਂ ਜਾਣ।

ਬੀੜ ਵਿਚ ਗਾਂਈਆਂ ਦੇ ਵੱਗ ਫਿਰਦੇ ਸਨ, ਪਰ ਕਾਮਧੇਨਾ ਏਥੇ ਇਕ ਹੀ ਸੀ। ਤੇ ਓਸ ਹੇਠਾਂ ਏਸ ਵੇਲੇ ਅਠ ਸੇਰ ਦੋਹਾਂ ਵੇਲਿਆਂ ਦਾ ਦੁਧ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਕ ਖਾਸ ਫ਼ਰਮਾਣ ਜਾਰੀ ਕਰਕੇ ਗਊ ਨੂੰ ਬੰਧਨ-ਮੁਕਤ ਕਰ ਦਿਤਾ ਸੀ। ਹੁਣ ਏਸਤੇ ਕੋਈ ਪਾਬੰਦੀ ਨਹੀਂ ਸੀ।

"ਆਵੇ ਜਾਵੇ ਕਬੀਰ ਕੀ ਰਜਾਇ॥"

ਏਹ ਸਬਜ਼ੀ ਖਾਵੇ ਪੈਲੀ ਚਰੇ ਜਾਂ ਸੁਕੇ ਘਾਹ ਨੂੰ ਮੂੰਹ ਮਾਰੇ ਏਸ ਦੀ ਆਪਣੀ ਇੱਛਾ ਸੀ। ਦੋਵੇ ਵੇਲੇ ਲਾਂਗਰੀ ਦੁਧ ਕੱਢ ਲੇਂਦੇ ਤੇ ਗਊ ਫੇਰ ਆਪਣੀ ਮਸਤ ਚਾਲ ਨਾਲ ਕਿਤੇ ਛਿੜ ਜਾਂਦੀ ਅਤੇ ਦੁਧ ਦੇ ਟਾਇਮ ਫੇਰ ਲੰਗਰ ਕੋਲ ਆਕੇ ਰੰਭਣਾ ਸ਼ੁਰੂ ਕਰ ਦਿੰਦੀ।

ਦੁਧ ਦੀ ਵੰਡ ਏਸ ਤਰਾਂ ਹੁੰਦੀ— ਸ੍ਰੀ ਸਤਿਗੁਰੂ ਜੀ ਵਾਸਤੇ ਇਕ ਗਲਾਸ ਦੁਧ ਤੇ ਖੁਸ਼ਕ ਸਬਜ਼ੀ। ਲੱਸੀ ਪੀਣ ਨੂੰ ਸਭ ਲਈ।

ਅਰਬ ਦੇ ਨਖਲਸਤਾਨ ਵਾਂਗ ਦੂਰ ਦਰਾਡੇ ਇਕ ਛਪੜ ਵਿਚ ਖਾਈ ਸੀ ਤੇ ਉਸੇ ਦੇ ਉਦਾਲੇ ਲੰਮੀ ਉਚੀ ਘਾਹ ਸੀ ਜਿਸ ਦੁਆਲੇ ਸੂਰ ਤੇ ਗਿਦੜ ਚੌਕੀਆਂ ਪਾਈ ਬੈਠੇ ਰਹਿੰਦੇ ਸਨ। ਏਥੋਂ ਹੀ ਗਾਈਆਂ ਵ ਪਾਣੀ ਪੀ ਜਾਂਦੀਆਂ ਤੇ ਸਾਰਾ ਦਿਨ ਜੰਗਲ ਵਿਚ ਘੁੰਮਦੀਆਂ ਫਿਰਦੀਆਂ।'

ਸ਼ਿਵ-ਜਟਾਂ ਵਿਚੋਂ ਨਿਕਲਦੀ ਗੰਗਾ ਦੀ ਤਰਾਂ ਅੰਤਾਂ ਦੀ ਤਿੱਖੀ ਤੋਰ ਨਾਲ ਵਹਿੰਦਾ ਨਾਲਾ ਹੀ ਬੀੜ ਦੀ ਹਰਿ-ਆਲੀ ਤੇ ਸ਼ੋਭਾ ਦਾ ਦੂਤ ਹੈ। ਨਾਲਾ ਜਦੋਂ ਪਰੀ ਪੂਰਨ ਹੋਵੇ: ਹਰੀ ਇਛਾ ਦੀ ਤਰਾਂ ਓਸ ਵਲੇ ਬੀੜ ਨੰਦਨ ਬਣ ਜਾਂਦਾ ਹੈ। ਕੇਸੂ ਦੇ ਫੁਲਾਂ ਦੀਆਂ ਲਪਟਾਂ ਨਾਲ ਬੈਕੁੰਠ ਦੀ ਪ੍ਰਭਾਤਵਾਂਗ ਸਾਰਾ ਜੰਗਲ ਜਗ-ਮਗਾ ਉਠਦਾ ਹੈ। ਤੇ ਖੁਸ਼ਕ ਹੋ ਜਾਣ ਤੇ ਸਾਰਾ ਬੀੜ ਹੜੰਬਾ ਦਾ ਰੂਪ ਧਾਰ ਲੈਂਦਾ

Sri Satguru Jagjit Singh Ji Elibrary NamdhariElibrary@gmail.com

ਹੈ। ਏਸੇ ਹੀ ਨਾਲੇ ਦੇ ਆਸਰੇ ਏਥੋਂ ਦੀਆਂ ਸੈਂਕੜੇ ਗਾਈਆਂ ਰੋਜ ਹਰਨ ਤੇ ਜੰਗਲੀ ਸੂਰ ਜੋ ਏਸ ਥਾਂ ਦਾ ਮੁਖ ਅਕਰਸ਼ਣ ਹੋਣ ਸਭ ਦਾ ਨਿਰਭਰ ਹੈ। ਪੂਰੇ ਜੁਆਨ ਨਾਲੇ ਵਿਚੋਂ ਪਾਰ ਹੋਣਾਂ ਬੜੀ ਦਲੇਰੀ ਤੇ ਹਿੰਮਤ ਦਾ ਪ੍ਰਗਟਾਵਾ ਕਰਨਾ ਹੈ। ਮੁਖ ਪਾੜ ਏਸਦਾ ਭਾਵੇਂ ਕੁਝ ਗਜ ਹੀ ਹੈ, ਪਰ ਹੜ ਔਣ ਨਾਲ ਏਹ ਸਾਰੇ ਬੀੜ ਵਿਚ ਫੈਲ ਜਾਂਦਾ ਹੈ। ਤੇ ਸਾਰੇ ਜੰਗਲ ਨੂੰ ਗੰਧ-ਮਾਦਨ ਪਰਬਤ ਵਰਗਾ ਹਰਿਆ ਭਰਿਆ ਬਣਾ ਦਿੰਦਾ ਹੈ। ਏਸੇ ਹੀ ਸ਼ੋਭਾ ਦੀ ਆਸਤੇ

ਬੋਲਣ ਕੋਇਲਾਂ ਸੁਕਿਆਂ ਢਿੰਗਰਾਂ ਤੇ,
ਖੁਸ਼ੀ ਆਵੇਗੀ ਬ੍ਰਿਹੋਂ ਦੇ ਬਾਗ ਉਤੇ।

ਸਾਧ ਸੰਗਤ ਬੜੇ ਉਮਾਹ ਨਾਲ ਦਿਨ ਕਟ ਰਹੀ ਸੀ। ਅਤੇ ਬਾਹਰਲੀ ਸੰਗਤ ਦੇ ਕੰਨੀ ਸੋ ਪੈ ਗਈ ਸੀ।

ਤਿਨ ਕੀਸੋਇ ਸੁਣੀ ਮਨ ਹਰਿਆ,
ਤਿਸ ਨਾਨਕ ਪਰਸਣ ਆਵੈ ॥

ਹੁਣ ਵਿਰਲੇ-ਵਿਰਲੇ ਸਿਖ ਸਤਿਗੁਰੂ ਦਰਸ਼ਨਾਂ ਲਈ ਔਂਦੇ ਤੇ ਨਾਲ ਹੀ ਸੁਕੀ ਗਿਲੀ ਰਸਤ ਲਈ ਔਂਦੇ । ਸੰਗਤਾਂ ਤੇ ਪਾਠੀਆਂ ਦੇ ਦਿਨ ਹੁਣ ਚੰਗੇ ਲੰਘਣ ਲਗ ਪਏ। ਪਰ ਗਾਈਆਂ ਵਿਚੋਂ ਅਜੇ ਇਕੋ ਕਾਮਧੇਨਹੀ ਸਭਦਾ ਆਕਰਸ਼ਣ ਬਣੀ ਹੋਈ ਸੀ ਤਿਹਾਏ ਬਛੜੇ ਦੀ ਤਰਾਂ ਸਭ ਦੀ ਨਿਗਾਹ ਓਸਦੇ ਹਰੇ ਭਰੇ ਥਣਾਂ ਵਲ ਲਗੀ ਰਹਿੰਦੀ। ਅਸਲੀ ਅਰਥਾਂ ਵਿਚ ਹੁਣ ਓਹੋ ਸਾਧ ਸੰਗਤ ਦੀ ਤ੍ਰਿਪਤੀ ਦਾ ਧੁਰਾ ਸੀ। ਲੱਸੀ ਦੁਧ ਤੇ ਘੀ ਸਭ ਦੀ ਓਹੋ ਦਾਤੀ ਸੀ। ਦੂਸਰੀਆਂ ਗਾਈਆਂ ਸ਼ਇਦ ਅਜੇ ਮੌਸਮ ਉਡੀਕ ਰਹੀਆਂ ਸਨ। ਜਾਂ ਸੌਕਣ ਦਾ ਸਾੜਾ ਮੰਨੀ ਬੈਠੀਆਂ ਸਨ। ਕਾਮਧੇਨ ਨੂੰ ਹਰ ਥਾਂ ਅਜਾਦ ਤੇ ਬਾਇਜ਼ਤ ਫਿਰਦੀ ਵੇਖਕੇ ਓਹਨਾਂ ਦਾ ਦੁਖ ਹੋਰ ਵੀ ਵਧ ਜਾਂਦਾ ਤੇ ਓਹ ਥੋੜਾ ਬਹੁਤੀ ਥਣੀ ਉਤਰਿਆ ਦੁਧ ਵੀ ਚੜ੍ਹੌਣ ਦੀ ਹੀ ਕੋਸ਼ਿਸ਼ ਕਰਦੀਆਂ। ਸਾਧ ਸੰਗਤ ਵੀ ਪੈੜਾ ਰੋਟੀ ਤੇ ਲੰਗਰ ਦੀ ਵਧੀ ਹੋਈ ਦਾਲ ਸਬਜ਼ੀ ਕਾਮਧੇਨ ਦੇ ਮੂੰਹ ਵਿਚ ਹੀ ਪੌਂਦੀ।

ਜੇਠ ਹਾੜ ਦੀ ਕਰੜੀ ਰੁਤ ਹੁਣ ਢਲ ਗਈ ਸੀ। ਅਸਮਾਨ ਤੇ ਤਿਤਰ ਬਿਤਰ ਬਦਲ ਵਿਖਾਈ ਦੇਣ ਲਗ ਪਏ ਸਨ। ਦੇਵਤਾ ਦੇ ਪ੍ਰਗਟ ਹੋਣ ਦੇ ਅਸਾਰ ਨਜ਼ਰ ਔਂਦੇ ਸਨ ਓਦੋਂ ਹਵਨ ਦੀ ਅਹੂਤੀ ਹੋਰ ਵਧਾ ਦੇਣ ਵਾਂਗ, ਸਾਧ ਸੰਗਤ ਏਸ ਤਪਸਿਆ ਨੂੰ ਏਥੇ ਫਲੀਭੂਤ ਹੁੰਦਾ ਵੇਖਣਾ ਚਹੁੰਦੀ ਸੀ ਸਾਧਨਾਂ ਹੋਰ ਵਧਾ ਦਿਤੀ ਸੀ। ਤਾਂ ਕਿ ਘਾਲਣਾਂ ਵਿਚ ਕੋਈ ਫਰਕ ਨਾ ਰਹਿ ਜਾਵੇ। ਸਾਧ ਸੋਚਦੇ ਸਨ. ਓਧਰ ਗੁਰੂ ਮਾਤਾ ਹੈ ਤੇ ਏਧਰ ਸਾਖਿਆਤ ਹੈਨ—

"ਆਪਿ ਨਾਰਾਇਣ ਕਲਾ ਧਾਰਿ,
ਜਗਮਹਿ ਪਰ ਵਰਿਯਉ ॥

ਏਹ ਖਿਚਾਉ ਹੁਣ ਉਮੰਗਾਂ ਬਦਲ ਰਿਹਾ ਸੀ।

"ਸਤਿਗੁਰੂ ਸਿਖਕਾ ਹਲਤੁ ਪਲਤੁ ਸਵਾਰੇ।"

ਏਸ ਤਰਾਂ ਸਤਿਗੁਰੂ ਜੀ ਸੰਗਤ ਨੂੰ ਕੁਠਾਲੀ ਵਿਚ ਢਾਲਕੇ ਕੁੰਦਨ ਬਣਾ ਦੇਣਾ ਚਾਹੁੰਦੇ ਸਨ। ਅਨੁਸ਼ਾਸਨ ਹੋਰ ਪਕਾ ਰੰਗ ਧਾਰਦਾ ਚਲਾ ਗਿਆ। ਮਾਤਾ ਦਾ ਦਿਲ ਪਸੀਜ ਰਿਹਾ ਸੀ, ਪਰ ਪੁਤਰ ਦੀ ਦ੍ਰਿੜਤਾ ਕਠੋਰ ਹੋ ਰਹੀ ਸੀ। ਓਹ "ਸਿਲ ਅਲੂਣੀ ਚਟਣ" ਵਿਚ ਵਧੇਰੇ ਅਨੰਦ

Sri Satguru Jagjit Singh Ji Elibrary NamdhariElibrary@gmail.com

ਅਨੁਭਵ ਕਰ ਰਹੇ ਸਨ। ਤੇ ਸ਼ਾਂਤੀ ਦੂਤਾਂ ਨੂੰ ਕੋਈ ਨਰਮੀ ਜਾਂ ਕਮਜ਼ੋਰੀ ਨਹੀਂ ਸਨ ਵਿਖਾ ਰਹੇ।

ਜੋ —

"ਪੂਤਾ ਮਾਤਾ ਕੀ ਆਸੀਸ"

ਦੁਐਣ ਤੇ ਤੁਲੇ ਹੋਏ ਸਨ । ਕਾਮਧੇਨ ਦਾ ਦੁਧ ਹੁਣ ਵਧਣ ਲਗ ਪਿਆ ਸੀ ਤੇ ਸਾਧ ਸੰਗਤ ਦੇ ਮੂਹ ਤੇ ਵੀ ਖੇੜੇ ਦੀ ਝਲਕ ਪੈ ਰਹੀ ਸੀ। ਏਹ ਓਹ ਸਮਾਂ ਸੀ ਜਦੋਂ ਕਿਹਾ ਜਾ ਸਕਦਾ ਸੀ—

'ਰਾਮ ਸੰਤ ਮਹਿ ਭੇਦੁ ਕਿਛੁ ਨਾਹੀ।

ਸਭ ਕੰਮ ਵਿਚ ਸਭਾ ਦਾ ਹਿਸਾ ਸਮਾਨ ਸੀ ਪਰ ਸਤਿਗੁਰੂ ਜੀ ਸੰਗਤ ਤੋਂ ਵੀਹ ਵਗਦੇ ਸਨ। ਸੁਭਾ ਦੋ ਵਜੇ ਉਠਕੇ ਥੋੜੀ ਕਸਰਤ ਮਾਲਸ਼ ਤੇ ਇਸ਼ਨਾਨ। ਆਸਾ ਦੀ ਵਾਰ ਦਾ ਕੀਰਤਨ ਬਿਲਾ ਨਾਗਾ ਸੁਣਨਾ ਤੇ ਕਰਨਾ ਦਿਨ ਚੜੇ ਜਪ ਜਾਪ ਦੋਹ ਦੇ ਹਜ਼ਾਰੇ ਅਕਾਲ ਉਸਤਤ, ਉਗ੍ਰਦੰਤੀ ਤੇ ਚੰਡੀ ਦਾ ਪਾਠ। ਦੁਪਿਹਰ ਸੁਖਮਨੀ ਤੇ ਸ਼ਾਮ ਨੂੰ ਕਥਾ ਕੀਰਤਨ ਕਰਨਾ ਰਾਤ ਨੂੰ ਰਹਿ-ਰਾਸ ਕੀਰਤਨ ਸੋਹਿਲਾ ਜ਼ਰੂਰ ਪੜ੍ਹਨਾਂ ਤੇ ਵਾਰੀ ਔਂਦੇ ਤੇ ਅਖੰਡ ਪਾਠ ਦੀ ਰੌਲ ਵੀ ਟਾਇਮਨਾਲ ਜ਼ਰੂਰ ਲੈਣੀ ਪੈਂਦੀ ਸੀ। ਏਸ ਵਿਚ ਢਿਲ ਮੱਠ ਦਾ ਸੁਆਲ ਹੀ ਨਹੀਂ ਸੀ ਉਠਦਾ । ਤੇ ਏਸ ਤੋਂ ਵੀ ਵਧ ਹਰ ਕੰਮ ਵਿਚ ਸਾਧ ਸੰਗਤ ਨਾਲ ਹਥ ਹੀ ਨਹੀਂ ਸੀ ਵਟੌਂਦੇ ਸਗੋਂ ਹਰ ਕੰਮ ਵਿਚ ਅਗੇ ਹੀ ਅਗੇ ਰਹਿੰਦੇ। ਮਾਲਾ ਜਾਂ ਭਜਨ ਵਾਸਤੇ ਸਮਾਂ ਕੀਰਤਨ ਨਾਲ ਹੀ ਹੁੰਦਾ।

ਸੁਭਾ ਸਵੇਰੇ ਆਪ ਹਥੀਂ ਅਸ਼ਨਾਨ ਕਰਦੇ ਤੇ ਕਈਆਂ ਦੇ ਨਾਂ ਨਾ ਕਰਨ ਤੇ ਵੀ ਉਹਨਾਂ ਤੇ ਪਾਣੀ ਦਾ ਗੜਵਾ ਉਡੇਲ ਦਿੰਦੇ। ਬਾਲਣ ਪਾੜਨਾ, ਦੁਖ ਵੰਡਣੇ ਆਪ ਹਥੀਂ ਕਰਦੇ। ਹਰ ਆਦਮੀ ਦੇ ਦੁਖ ਸੁਖ ਦਾ ਧਿਆਨ ਕਰਨਾ, ਰੋਗੀਆਂ ਨੂੰ ਅਰਾਮ ਦਵੌਣਾ ਤੇ ਉਹਨਾਂ ਦੀ ਹਥੀਂ ਦੁਆਈ ਕਰਨੀ ਵੀ ਗੁਰੂ ਜੀ ਦਾ ਨਿਤ ਕਰਮ ਸੀ,ਸੇਵਾ ਵੀ ਵਧਤੋਂਵਧ ਕਰਨੀ:"ਜਦੋਂ ਕੋਈ ਪਾਠੀ ਢਿਲਾ ਮੱਠਾ ਹੁੰਦਾ ਤਾਂ "ਦੋ ਰੌਲਾਂ ਕਠੀਆਂ ਹੀ ਲਾ ਦਿੰਦੇ। ਇਕ ਰੌਲ ੫੦ ਪਤਰੇ ਜਾਂ ਸੌ ਸਫ਼ੇ ਦੀ ਹੁੰਦੀ ਹੈ ਜਿਸ ਤੇ ਵਧੀਆ ਪਾਠੀਦੇ ਦੋਘੰਟੇ ਲਗਦੇ ਹਨ। ਪਰ ਆਪ ਜੀ ਦਾ ਪਾਠ ਏਨਾਂ ਸਰਲ ਤੇ ਸ਼ੁਧ ਸੀ ਕਿ ਘੰਟੇ ਘੰਟੇ ਇਕ ਰੌਲ ਸਮਾਪਤ ਕਰ ਦਿੰਦੇ।

ਸਜਰੇ ਵਿਆਹੇ ਜੋੜੇ ਵਾਂਗ ਸਭ ਦੇ ਦਿਨ ਰੈਨ ਚਾਅ ਨਾਲ ਹੀ ਗੁਜ਼ਰ ਰਹੇ ਸਨ। ਅਤੇ ਸਭ ਇਕ ਦੂੰਹ ਇਕ ਚੜ੍ਹਦੀਆਂ ਹੀ ਸਨ।ਸ੍ਰੀ ਚਕ੍ਰਵਰਤੀ ਜੀ, ਸੰਤ ਜੰਗਾ ਸਿੰਘ ਜੀ ਤੇ ਸੰਤ ਮਾਘਾ ਸਿੰਘ ਜੀ ਆਦਿ ਪ੍ਰਚੰਡ ਪਾਠੀ ਓਸੇ ਸਮੇ ਦੀ ਦੇਣ ਸਨ, ਜੋ ਪੰਥ ਵਿਚ ਸਨਮਾਨ ਯੋਗ ਦਰਜਾ ਰਖਦੇ ਸਨ। ਤੇ ਏਸ ਤਰਾਂ ਜਦੋਂ ਰਾਤ ਨੂੰ ਢੋਲਕ ਤੇ ਧੱਫਾ ਪੈਂਦਾ ਤਾਂ ਦੇਰ ਦੇ ਤਿਹਾਏ ਪਸ਼ੂ ਪੰਛੀ ਕੁਰਲਾ ਉਠਦੇ ਬਦਲ ਗਰਜਣ ਦੀ ਖੁਸ਼ੀ ਵਿਚ । ਅਤੇ ਜਦੋਂ ਕਿਤੇ ਬਦਲ ਗਜਦਾ ਤਾਂ ਸਾਧ ਸੰਗਤ ਭੱਜ ਉਠਦੀ ਕਿ ਸਤਿਗੁਰੂ ਜੀ ਨੇ ਅਜ ਦੀਵਾਨ ਸਵੱਖਤੇ ਹੀ ਲਵਾ ਦਿਤਾ ਹੈ। ਏਸ ਤਰਾਂ ਕਦੇ ਬਦਲ ਢੋਲਕ ਦੀ ਅਵਾਜ਼ ਸੁਣਨ ਲਈ ਚੁਪ ਵਟ ਲੈਂਦੇ ਤੇ ਕਦੇ ਸਾਧ ਸੰਗਤ ਢੋਲਕ ਬੰਦ ਕਰਕੇ ਬੱਦਲ ਦਾ ਗਰਜਣ ਤਰਜਣ ਸੁਣਨ ਲੱਗ ਪੈਂਦੀ। ਪਰ ਕਦੋਂ ਤਕ !

ਇਕ ਦਿਨ ਚੋਏ ਵਿਚ ਪਾਣੀ ਆ ਗਿਆ। ਸਾਧ ਸੰਗਤ ਨੂੰ ਖੂਹ ਵਿਸਰ ਗਿਆ, ਤੇ ਸਭ ਨੇ ਸ਼ਨਾਨ ਉਸ ਵਗਦੇ ਪਾਣੀ ਵਿਚੋਂ ਹੀ ਕੀਤਾ। ਸਤਿਗੁਰੂ ਜੀ ਵਲੋਂ ਸ਼ਰਤ ਰਖੀ ਗਈ ਕਿ ਸਿਧਾ ਕਿਹੜਾ ਪਾਰ ਲਗਦਾ ਹੈ। ਕੜਾਹ ਪ੍ਰਸਾਦ ਖੁਲਾ ਕੀਤਾ ਗਿਆ ਤੇ ਸਭ ਨੂੰ ਰਜਾਇਆ ਗਿਆ। ਕਾਰੂੰ ਵਾਂਗ ਸਾਂਭ ਰਖਿਆ ਰਸਤ ਦਾ ਖਜ਼ਾਨਾਂ ਹੁਣ ਸਾਧ ਸੰਗਤ ਲਈ ਪੂਰੀ ਤਰਾਂ ਖੋਲ ਦਿਤਾ ਗਿਆ।

ਆਵੇ ਜੋ ਚਾਹੇ ਖਾਵੇ।

ਘੀ ਖੰਡ ਬਦਾਮ ਲੈਚੀ ਸਭ ਆਪਦੀ ਮਰਜ਼ੀ ਤੇ ਸੀ। ਕਾਮਧੇਨ ਦਾ ਦੁਧ ਹੁਣ ਹੋਰ

Sri Satguru Jagjit Singh Ji Elibrary NamdhariElibrary@gmail.com

ਵਧ ਗਿਆ ਸੀ। ਅੱਠ ਸੇਰ ਤੋਂ ੧੨ ਸੇਰ ਹੋਣ ਵਿਚ ਵੀ ਕੁਝ ਦੇਰੀ ਨਾ ਲਗੀ। ਉਸਦੀਆਂ ਉਗਾਲੀਆਂ ਨੂੰ ਕਾਂ ਕੁਤੇ ਹੁਣ ਚਾਵਾਂ ਨਾਲ ਖਾਣੇ ਹਟ ਗਏ ਸਨ। ਜਿੰਨੀ ਰਾਹੀਂ ਓਹ ਜਾਂਦੀ ਸਜਰੀ ਝੱਗ ਬਖੇਰਦੀ ਜਾਂਦੀ। ਏਸ ਤਰਾਂ ਛੇਤੀ ਹੀ ਓਸਦੇ ਰਾਹਾਂ ਦਾ ਪਤਾ ਲਗ ਜਾਂਦਾ। ਪਰ ਸਾਧਾਂ ਨੂੰ ਗਊ ਨਾਲ ਤੇ ਗਊ ਨੂੰ ਸੰਤਾਂ ਨਾਲ ਮਾਂ ਪੁਤਾਂ ਨਾਲੋਂ ਵੀ ਵਧੇਰੇ ਪਿਆਰ ਹੋ ਗਿਆ ਸੀ। ਇਕੋ ਅਵਾਜ਼ ਨਾਲ ਉਹ ਜਿਥੇ ਹੁੰਦੀ ਦੌੜੀ -ਦੌੜੀ ਔਂਦੀ। ਤੇ ਨੇੜੇ ਤੇੜੇ ਖੜੇ ਆਦਮੀ ਨਾਲ ਬੂਥਾ ਘਸੌਣ ਲਗ ਪੈਂਦੀ। ਜਦੋਂ ਕਦੇ ਸਤਿਗੁਰੂ ਜੀ ਕਿਸੇ ਰੁਖ ਹੇਠਾਂ ਲੇਟੇ ਹੋਇ ਧਿਆਨ ਮਗਨ ਕੁਝ ਸੋਚ ਰਹੇ ਹੁੰਦੇ, ਏਹ ਚਰਨ ਚਟਣ ਲਗ ਪੈਂਦੀ। ਸਤਿਗੁਰੂਜੀ ਸਿਰ ਵਿਚ ਖੁਰਕ ਕਰਦੇ ਜਾਂ ਪਿਆਰ ਨਾਲ ਪਿੰਡੇ ਤੇ ਹੱਥ ਫੇਰਕੇ ਚਰਨ ਦਾ ਇਸ਼ਾਰਾ ਕਰ ਦਿੰਦੇ।

ਖੂਹੀ ਦਾ ਪਾਣੀ ਹੁਣ ਉਂਗਲ ਉੱਚਾ ਚੜ੍ਹ ਆਇਆ ਸੀ। ਓਧਰ ਸ਼ਾਂਤੀ ਦੂਤ ਵਧੇਰੇ ਸਰਗਰਮੀ ਨਾਲ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਲੈ ਜਾਣਦੇ ਜਤਨ ਕਰ ਰਹੇ ਸਨ। ਭੈਣੀ ਸਾਹਿਬ ਤੋਂ ਵੀ ਰਸਤਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਪਰ ਸੰਗਤ ਨੂੰ ਏਸਦੀ ਹੁਣ ਕੋਈ ਇਛਾ ਨਹੀਂ ਸੀ। ਕਾਮਧੇਨ ਦਾ ਦੁਧ ਹੁਣ ਜੁਆਨੀ ਦੇ ਹੜ੍ਹ ਵਾਂਗ ਚੜ੍ਹ ਰਿਹਾ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਫੁਰਮਾਇਆ—ਮੈਂ ਓਦੋਂ ਭਰ ਜੁਆਨ ਸਾਂ, ਏਹ ਗਾਂ ਜਿਉਂ ਜਿਉਂ ਦੁਧ ਵਧਦੀ ਜਾਂਦੀ ਮੇਰੇ ਅੰਦਰ ਏਸ ਲਈ ਵਖਰੀ ਜਗ੍ਹਾ ਬਣਨੀ ਸ਼ੁਰੂ ਹੋ ਗਈ ਸੀ। ਅਗੇ ਬਹੁਤ ਕੀਮਤ ਖਰਚ ਕੇ ਜਦੋਂ ਅਸੀਂ ਬਹੁਤ ਵਧੀਆ ਮੱਝਾਂ ਖ੍ਰੀਦਦੇ ਤੋਂ ਓਹਨਾਂ ਦੀ ਅੱਤ ਦੀ ਸੇਵਾ ਕਰਦੇ ਤਾਂ ਇਉਂ ਜਾਪਦਾ ਜਿਵੇਂ ਸਾਡੀ ਆਸ਼ਾ ਅਧੂਰੀ ਹੀ ਰਹੀ ਹੋਵੇ। ਵਪਾਰੀਆਂ ਦੇ ਵਧਾਏ ਹੋਏ ਦੁਧ ਨਾਲੋਂ ਅਸੀਂ ਥੋੜਾ ਵੀ ਫਰਕ ਨਾ ਪਾ ਸਕਦੇ। ਪਰ ਏਸ ਗਾਂ ਦਾ ਦੁਧ ਹੁਣ ਅਠਾਰਾਂ ਸੇਰ ਪੱਕਾ ਸੀ। ਏਸ ਨੂੰ ਮੈਂ ਇਕ ਕਰਾਮਾਤ ਹੀ ਸਮਝਦਾ ਸਾਂ। ਕਿਉਂਕਿ ਗਾਂ ਨੂੰ ਹੁਣ ਦੂਸਰਾ ਸਾਲ ਚੜ੍ਹ ਪਿਆ ਸੀ ਤੇ ਸਭਤੋਂ ਵਧ ਖੁਸ਼ੀ ਦੀ ਗਲ ਤੈਨੂੰ ਹੋਰ ਦਸਾਂ, ਏਹ ਗਾਂ ਤੇਰੇ ਪਿੰਡਾਂ (ਗੁਰੂਸਰ ਤੋਂ) ਹੀ ਆਈ ਸੀ ਤੇ ਤੇਰੇ ਦਾਦੇ ਸ੍ਰ: ਸੁੰਦਰ ਸਿੰਘ ਨੇ ਅਰਦਾਸ ਕਰਾਈ ਸੀ। (ਸ੍ਰੀ ਸਤਿਗੁਰੂ ਜੀ ਦੇ ਸਹੁਰੇ ਸਨ ਸ੍ਰ: ਸੁੰਦਰ ਸਿੰਘ।)

ਏਸਤਰਾਂ ਜੋ ਦੁਖ ਮਾਂ ਤੋਂ ਵਿਛੜਕੇ ਸਾਨੂੰ ਹੋਇਆ ਸੀ, ਓਹ ਘੱਪਾ ਗਾਂ ਨੇ ਪੂਰਾ ਕਰ ਦਿਤਾ ਸੀ। ਏਸ ਪਿਛੋਂ ਸਾਨੂੰ ਗਾਂ ਤੇ ਏਨੀ ਸ਼ਰਧਾ ਜਾਂ ਵਿਸ਼ਵਾਸ ਹੋ ਗਿਆ ਸੀ ਕਿ ਭਾਰਤ ਵਿਚ ਦੁਧ ਦੀਆਂ ਨਦੀਆਂ ਸਿਰਫ਼ ਗਊ-ਮਾਤਾ ਹੀ ਵਗਾ ਰਹੀ ਹੈ। ਏਸਦੀ ਸੇਵਾ ਕੀਤੀ ਕਦੇ ਨਿਹਫਲ ਨਹੀਂ ਜਾ ਸਕਦੀ।

Sri Satguru Jagjit Singh Ji Elibrary NamdhariElibrary@gmail.com

ਗਊ ਦੀ ਹੱਤਿਆ ਰੁਖਾਂ ਦਾ ਦੁਧ

—ਸ੍ਰੀ ਸਵਰਨ ਸਿੰਘ ਜੀ 'ਸਨੇਹੀ'

ਸਨੇਹੀ ਜੀ ਨਿਰੇ ਨਾਮ ਦੇ ਹੀ ਸਨੇਹੀ ਨਹੀਂ ਹਨ ਸਗੋਂ ਇਹਨਾਂ ਨੂੰ ਸਾਰੀ ਕਾਇਨਾਤ ਨਾਲ ਸਨੇਹ ਹੈ। ਪਰ ਕੁਝ ਕੁ ਖਾਸ ਗਲਾਂ ਤਾਂ ਇਹਨਾਂ ਦੇ ਸਨੇਹ ਨਾਲ ਇੰਜ ਰਚ ਮਿਚ ਗਈਆਂ ਹਨ ਜਿਵੇਂ ਇਹਨਾਂ ਨੂੰ ਗੁੜ੍ਹਤੀ ਦਿਤੀ ਗਈ ਹੋਵੇ। ਬਿਮਾਰ ਲੋਕਾਂ ਨੂੰ ਦਵਾ ਦਰਮਲ ਦੇਣ ਦਾ ਇਹਨਾਂ ਆਰਥਕ ਪਖ ਨੂੰ ਲਾਰਾ ਲਾਇਆ ਹੋਇਆ ਹੈ। ਨਾਮਧਾਰੀ ਪੰਥ ਦਾ ਪ੍ਰਚਾਰ ਕਰਨਾ ਸਨੇਹੀ ਜੀ ਦੇ ਸਨੇਹ ਦਾ ਸਚਾ ਇਸ਼ਕ ਹੈ। ਇਹਨਾਂ ਨੇ ਆਪਣੇ ਪਿੰਡ ਸ਼ਾਹਪੁਰ ਵਿਖੇ ਅਕੈਡਮੀ ਔਫ ਨਾਮਧਾਰੀ ਕਲਚਰ ਨੂੰ ਚਲਾਕੇ ਬਦੇਸ਼ਾਂ ਨਾਲ ਨਾਤਾ ਜੋੜਿਆ ਹੈ। ਇਹਨਾਂ ਦੀ ਕਲਮ ਵਿਚ ਜੋਰ ਦਿਲ ਵਿਚ ਉਤਸ਼ਾਹ ਗਊ ਗ੍ਰਿਥ ਲਈ ਦਰਦ ਇਤਹਾਸ ਦੀ ਖੋਜ ਤੇ ਇਹਨਾਂ ਦੀ ਯੋਗਤਾ ਦੇ ਸਬੂਤ ਵਾਸਤੇ ਪਾਠਕ ਇਹਨਾਂ ਦਾ ਲੇਖ ਪੜ੍ਹਨ।ਸਾਡੀ ਅਰਦਾਸ ਹੈ ਸਤਿਗੁਰੂ ਇਹਨਾਂ ਦੀ ਅੰਗੜਾਈਆਂ ਲੈਂਦੀ ਕਲਮ ਨੂੰ ਸਿਖਰ ਛੂਹਣ ਦਾ ਬਲ ਬਖਸ਼ਣ। 'ਸਾਜਨ'

ਭਾਰਤੀ ਪ੍ਰੰਪਰਾ :

ਇਹ ਤਾਂ ਨਿਰਵਿਵਾਦ ਸੱਚ ਹੈ ਕਿ ਭਾਰਤ ਵਿਚ ਗਊ ਨੂੰ ਆਦਿ ਕਾਲ ਤੋਂ ਮਾਤਾ ਕਰਕੇ ਪੂਜਿਆ, ਸਤਿਕਾਰਿਆ ਤੇ ਸੇਵਿਆ ਜਾਂਦਾ ਰਿਹਾ ਹੈ। ਰਿਗਵੇਦ ਨੂੰ ਸਭਤੋਂ ਪੁਰਾਣਾ ਮੰਨਿਆਂ ਜਾਂਦਾ ਹੈ। ਉਸ ਵਿਚ ਵੀ ਲਿਖਿਆ ਹੈ : 'ਅਹੰਤ ਵਾਯਾ ਗੋ: (ਅਰਥਾਤ ਗਊ ਨਾ ਮਾਰਨ ਯੋਗ ਹੈ) ਵੇਦਾਂ ਗ੍ਰੰਥਾਂ ਵਿਚ ਗਊ ਦੀ ਸੇਵਾ ਕਰਨੀ ਤਾਂ ਲਿਖੀ ਹੈ ਪਰ ਮਾਰਨ ਦਾ ਵਿਧਾਨ ਨਹੀਂ। ਹਿੰਦੂ ਵਿਆਹਾਂ ਸਮੇ ਪੜ੍ਹੇ ਜਾਂਦੇ ਇਕ ਮੰਤ੍ਰ ਵਿਚ ਗਊ ਨੂੰ 'ਅਦਿਤੀ' ਕਿਹਾ ਗਿਆ ਹੈ। 'ਹੇ ਅਕਲਮੰਦ ਮਨੁਖ, ਮੈਂ ਤੈਨੂੰ ਆਗਿਆ ਕਰਦਾ ਹਾਂ ਕਿ ਗਊ ਨੂੰ, ਜੋ ਪਾਪ ਰਹਿਤ ਅਦਿਤੀ ਹੈ—ਰੁਦਰਾਂ ਦੀ ਮਾਂ ਹੈ, ਵਸੂ ਦੀ ਧੀ ਤੇ ਅਦਿਤਾਂ ਦੀ ਭੈਣ ਹੈ ਤੇ ਹਰ ਜੀਵ ਦੀ ਮੁਖ ਸਹਾਇਕ ਹੈ, ਨਾ ਮਾਰ।

ਅਥਰਵਵੇਦ (੩,੨੮,੨੧) ਵਿਚ ਕਿਹਾ ਗਿਆ ਹੈ ਕਿ ਆਦਮੀ ਜਾਨਵਰਾਂ ਨੂੰ ਮਾਰਦਾ ਹੀ ਉਦੋਂ ਹੈ ਜਦੋਂ ਉਹਦੀ ਅਕਲ ਕਾਇਮ ਨਹੀਂ ਰਹਿੰਦੀ। ਰਿਗਵੇਦ ਵਿਚ ਰਾਜੇ ਨੂੰ ਹੁਕਮ ਹੈ ਕਿ ਉਹ ਗਊ-ਘਾਤਕਾਂ ਨੂੰ, ਜੋ ਲੋਕਾਂ ਨੂੰ ਦੁਧ ਰੂਪੀ ਅੰਮ੍ਰਿਤ ਤੋਂ ਵਿਰਵੇ ਕਰਦੇ ਹਨ। ਦੰਡ ਦੇਵੇ।

Sri Satguru Jagjit Singh Ji Elibrary NamdhariElibrary@gmail.com

ਪੁਰਾਣੇ ਸਮਿਆਂ ਵਿਚ ਗਊ ਦੀ ਸਹੁੰ ਸਿਰਫ਼ ਉਦੋਂ ਹੀ ਖਾਧੀ ਜਾਂਦੀ ਸੀ ਜਦੋਂ ਅੱਤ ਦੀ ਕਿਸੇ ਗੱਲ ਦੀ ਸਚਾਈ ਪ੍ਰਗਟ ਕਰਨੀ ਹੋਵੇ ਤੇ ਜਿਸ ਗੱਲ ਦਾ ਕੋਈ ਹੋਰ ਗਵਾਹ ਨਾ ਹੋਵੇ। ਸ੍ਰੀ ਰਾਮ ਚੰਦਰ ਨੂੰ ਬਣਵਾਸ ਮਿਲਣ ਪਿਛੋਂ ਭਰਥ ਨੇ ਆਪਣੇ ਬਾਰੇ ਕੌਸ਼ੱਲਿਆ ਦੇ ਮਨ ਵਿਚ ਪਏ ਭੁਲੇਖੇ ਨੂੰ ਦੂਰ ਕਰਨ ਹਿੱਤ ਕਿਹਾ ਸੀ : 'ਹੇ ਮਾਤਾ, ਜੇ ਇਸ ਰਾਮ ਬਣਵਾਸ ਵਿਚ ਮੇਰਾ ਜ਼ਰਾ ਜਿੰਨਾ ਵੀ ਹਥ ਹੋਵੇ ਤਦ ਮੈਨੂੰ ਉਹ ਪਾਪ ਲਗੇ ਜੋ ਇਕ ਗਊ ਘਾਤਕ ਨੂੰ ਲਗਦਾ ਹੈ।'

ਗਊ-ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਦਿਆਂ ਮਹਾਤਮਾ ਬੁਧ ਨੇ,ਵੀ ਕਿਹਾ ਸੀ:"ਜਿਵੇਂ ਮਾਤਾ, ਪਿਤਾ, ਭੈਣ, ਭਰਾ ਸਾਡੇ ਹਨ, ਉਸੇ ਤਰ੍ਹਾਂ ਹੀ ਗਊਆਂ ਵੀ ਸਾਡੀਆਂ ਪਰਮ ਮਿਤਰ ਹਨ ਜਿਨ੍ਹਾਂ ਤੋਂ ਔਸ਼ਧੀ, ਦੁਧ, ਘਿਉ, ਮਖਣ, ਦਹੀਆ ਤੇ ਪਨੀਰ ਆਦਿ ਪੈਦਾ ਹੁੰਦਾ ਹੈ। ਅੰਨ ਦਾਤਾ, ਬਲ ਦਾਤਾ ਤੇ ਸੁਖ ਦਾਤਾ ਹੋਣ ਕਾਰਨ ਗਊ ਕਤਲ ਕਰਨੀ ਯੋਗ ਨਹੀਂ।"

ਇਨ੍ਹਾਂ ਲਿਖਤਾਂ ਤੋਂ ਸਪਸ਼ਟ ਹੈ ਕਿ ਪੁਰਾਤਨ ਸਮੇਂ ਵਿਚ ਗਊ ਮਾਰਨ ਦਾ ਵਿਧਾਨ ਨਹੀਂ ਸੀ ਹੁੰਦਾ ਸਗੋਂ ਕਾਤਲ ਲਈ ਸਜ਼ਾ ਨੀਯਤ ਹੁੰਦੀ ਸੀ ਇਹ ਰੀਤ ਅੰਗਰੇਜ਼ੀ ਰਾਜ ਲਾਗੂ ਹੋਣ ਤਕ ਚਲਦੀ ਰਹੀ ਹੈ। ਨੈਪਾਲ ਵਿਚ ਗਊ-ਹਤਿਆ ਨੂੰ ਨਰ ਹਤਿਆ ਦੇ ਬਰਾਬਰ ਸਮਝਕੇ ਹਤਿਆਰੇ ਨੂੰ ਸਜ਼ਾ ਦਿਤੀ ਜਾਂਦੀ ਸੀ। ਅਕਬਰ ਦਾ ਵਿਸ਼ੇਸ਼ ਹੁਕਮ ਸੀ ਕਿ ਗਊ ਨੂੰ ਕਤਲ ਕਰਨ ਵਾਲੀ ਨਿਗ੍ਹਾ ਨਾਲ ਵੇਖਣ ਵਾਲੇ ਦੇ ਹਥ ਵਢ ਦਿਤੇ ਜਾਣ। ਬਾਬਰ ਨੇ ਵੀ ਆਪਣੀ ਮੌਤ ਸਮੇ ਹਮਾਯੂੰ ਨੂੰ, ਹਿੰਦੂਆਂ ਦੀਆਂ ਗਊ ਲਈ ਸ਼ਰਧਾ ਭਾਵਨਾਵਾਂ ਦਾ ਸਤਿਕਾਰ ਕਰਨ ਤੇ ਗਊ-ਰਖਿਆ ਲਈ ਕੋਈ ਵੀ ਕਸਰ ਬਾਕੀ ਨਾ ਰਖਣ ਦਾ ਉਪਦੇਸ਼ ਦਿਤਾ ਸੀ।

ਨਜ਼ਾਮ ਹੈਦਰਾਬਾਦ ਨੇ ਗਊ-ਬਧ ਪੂਰਨ ਤੌਰ ਤੇ ਬੰਦ ਕੀਤਾ ਹੋਇਆ ਸੀ। ਮਹਾਤਮਾ ਗਾਂਧੀ ਜੀ ਨੇ ਵੀ ਲਿਖਿਆ ਸੀ : "ਮੈਂ ਗਊ-ਰਖਿਆ ਨੂੰ ਸੁ-ਰਾਜ ਨਾਲੋਂ ਵੀ ਵਧੇਰੇ ਮਹੱਤਵ ਪੂਰਨ ਸਮਝਦਾ ਹਾਂ।" ਨਹਿਰੂ ਜੀ ਨੇ ਸਵੈ-ਜੀਵਨੀ ਵਿਚ ਇਹ ਮੰਨਿਆ ਹੈ ਕਿ ਗਊ ਹਿੰਦੂਆਂ ਦੀ ਮਾਂ-ਸਮਾਨ ਪਸ਼ੂ ਹੈ ਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਹਿੰਦੂ ਅਹਿੰਸਕ ਤੇ ਸ਼ਾਂਤੀ ਪ੍ਰੇਮੀ ਹਨ।

ਸਿਖ ਧਰਮ ਤੇ ਗਊ:

ਸਿਖ ਧਰਮ ਵਿਚ ਗਊ ਦੀ ਮਾਨਤਾ ਦਾ ਵਿਧਾਨ ਉਸੇ ਤਰ੍ਹਾਂ ਹੀ ਹੈ ਜਿਵੇਂ ਪੁਰਾਤਨ ਹਿੰਦੂ ਧਰਮ ਗ੍ਰੰਥਾਂ ਵਿਚ। ਸਲੋਕ ਵਾਰਾਂ ਤੇ ਵਧੀਕ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਲਿਖਿਆ ਹੈ : 'ਬ੍ਰਾਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ। ਅਰਥਾਤ (ਕਪਿਲਾ) ਗਊ ਤੇ ਬ੍ਰਾਹਮਣ ਦਾ ਘਾਤ ਕਰਨਾ, ਕੰਞਕਾ ਤੇ ਅਣਚਾਰੀ ਦਾ ਦਾਨ ਲੈਕੇ ਖਾਣਾ ਆਦਿ ਬਦੀਆਂ ਦਾ ਕੋੜ੍ਹ ਤੇ ਸਦਾ ਅਭਿਮਾਨ ਜਿਨ੍ਹਾਂ ਵਿਚ ਰਹਿੰਦਾ ਹੈ ਉਹ ਫਿਟਕਾਰਾਂ ਪੁਆਉਣ ਯੋਗ ਹਨ।

ਗੁਰੂ ਨਾਨਕ ਨੇ ਵੀ ਛੇ ਹਤਿਆਵਾਂ ਵਿਚੋਂ ਪਹਿਲੀ ਗਊ-ਹਤਿਆ ਹੀ ਲਿਖੀ ਹੈ :

ਗਊ ਬ੍ਰਾਹਮਣ ਮਾਰੀਐ
ਗੋਤਰੀ ਹਤਿ ਕਰਾਇ।
ਰਿਣ ਹਤਿਆ ਕੰਨਿਆ ਹਤਿਆ,
ਵਿਸ਼ਵਾਸ਼ ਘਾਤ ਅਧਿਕਾਇ।

ਜਦੋਂ ਮਕੇ ਮਦੀਨੇ ਦੀ ਯਾਤਰਾ ਸਮੇ ਗੁਰੂ ਨਾਨਕ ਨੂੰ ਗਊ ਤੇ ਸੂਰ ਦੀ ਹਤਿਆ ਬਾਰੇ ਪੁਛਿਆ ਗਿਆ ਸੀ ਤਦ ਵੀ ਉਨ੍ਹਾਂ ਫੁਰਮਾਇਆ ਸੀ :

ਗਊ ਸੂਰ ਨੂੰ ਮਾਰਿਆਂ ਲਗਨ ਬਹੁਤ ਅਜ਼ਾਬ।
ਕਿਉਂ ਕਿ :
ਗਊ ਚੌਧਵਾਂ ਰਤਨ ਹੈ ਕਾਮਧੇਨੁ ਤਿਹ ਨਾਮ।
ਅਤੇ
ਸੂਰ ਖੈਰਾਹੋਂ ਉਪਜਿਆ
ਤਿਸ ਪੂਜਣ ਕਰ ਅਵਤਾਰ।

Sri Satguru Jagjit Singh Ji Elibrary NamdhariElibrary@gmail.com

ਗੁਰੂ ਅਰਜਨ ਦੇਵ ਦੀ ਸ਼ਹੀਦੀ ਸਬੰਧੀ ਸਭ ਜਾਣਦੇ ਹਨ ਕਿ ਉਨ੍ਹਾਂ ਨੂੰ ਜਦੋਂ ਗਊ ਦੇ ਕੱਚੇ ਚੰਮ ਵਿਚ ਮੜ੍ਹਨ ਦੀ ਇਸਲਾਮੀ ਯੋਜਨਾਂ ਦੀ ਖਬਰ ਲਗੀ ਸੀ ਤਾਂ ਉਨ੍ਹਾਂ ਨੇ ਸਰੀਰ ਤਿਆਗ ਦੇਣਾ ਹੀ ਯੋਗ ਸਮਝਿਆ ਸੀ। ਭਾਈ ਗੁਰਦਾਸ ਜੀ ਵੀ ਮੁਸਲਮਾਨਾਂ ਨੂੰ, ਗਊ-ਘਾਤਕ ਹੋਣ ਕਾਰਨ, ਧਰਤੀ ਤੇ ਪਾਪ ਫੈਲਾਉਣ ਵਾਲੇ ਦਸਦੇ ਹੋਏ ਲਿਖਦੇ ਹਨ :

ਮਾਰਨ ਗਊ ਗ਼ਰੀਬ ਨੂੰ
ਧਰਤੀ ਉਪਰ ਪਾਪ ਬਿਥਾਰਾ।

ਅਜ ਗੁਰੂ ਗੋਬਿੰਦ ਸਿੰਘ ਦੇ ਸਿਖ ਕਹਾਉਣ ਵਾਲੇ ਬਹੁਤੇ ਭਾਵੇਂ ਗਊ-ਹਤਿਆ ਦੀ ਹਾਮੀ ਭਰਨੋਂ ਸੰਕੋਚ ਨਹੀਂ ਕਰਦੇ ਪਰ ਗੁਰੂ ਜੀ ਦਾ ਮੰਤਵ ਇਸ ਤਰ੍ਹਾਂ ਦਾ ਕਦੇ ਵੀ ਨਹੀਂ ਹੋਇਆ। ਉਨ੍ਹਾਂ ਨੇ ਤੁਰਕਾਂ ਦਾ ਨਾਸ ਕਰਨ ਦੀ ਆਗਿਆ ਸ਼ਕਤੀ ਤੋਂ ਸਿਰਫ਼ ਇਸ ਕਰਕੇ ਹੀ ਮੰਗੀ ਸੀ ਕਿ ਤੁਰਕ ਗਊ ਘਾਤਕ ਸਨ :

ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।

ਅਤੇ

ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।
ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।

....

ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਰ ਮਾਰ ਕਰ ਰੱਛ ਗਊਅਨ ਕਰੀਜੈ।

ਤੇ ਗੁਰੂ ਜੀ ਨੇ ਅਨੰਦਪੁਰ ਤਦੋਂ ਛਡਿਆ! ਜਦੋਂ ਉਨ੍ਹਾਂ ਨੂੰ ਗਊ ਦੇ ਨਾ ਤੇ ਵਾਸਤਾ ਪਾ ਕੇ ਇਉਂ ਕਰਨ ਲਈ ਆਖਿਆ ਗਿਆ ਸੀ— ਪਹਾੜੀਆਂ ਵਲੋਂ।

ਗਊ ਤੇ ਆਰਥਕਤਾ :

ਗਊ ਪੁਰਾਤਨਤਾ ਤੋਂ ਲੈਕੇ ਅਜ ਤਕ ਸਾਡੀ ਆਰਥਕਤਾ ਵਿਚ ਹੁੰਦੀ ਆਈ ਹੈ। ਸ੍ਰੀ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

ਵੁਠੈ ਅੰਨੁ ਕਮਾਦੁ ਕਪਾਹਾ
ਸਭਸੈ ਪੜਦਾ ਹੋਵੈ।
ਵੁਠੈ ਘਾਹੁ ਚਰਹਿ ਨਿਤਿ ਸੁਰਹੀ
ਸਾਧਨ ਦਹੀ ਵਿਲੋਵੈ।
ਤਿਤੁ ਘਿਇ ਹੋਮ ਜਗ ਸਦ ਪੂਜਾ
ਪਇਐ ਕਾਰਜੁ ਸੋਹੈ।

ਅਰਥਾਤ ਮੀਂਹ ਪੈਣ ਨਾਲ ਘਾਹ, ਅੰਨ, ਕਮਾਦ, ਕਪਾਹ ਆਦਿ ਉਪਜ ਹੁੰਦੀ ਹੈ ਜੋ ਸਭਦਾਪੜਦਾ ਹੈ। ਗਊਆਂ ਘਾਹਚੁਗਦੀਆਂਹਨ। ਗਊਆਂ ਦੇ ਦੁਧ ਨੂੰ ਜਮਾ ਕੇ ਰਿੜਕਿਆ ਜਾਂਦਾ ਹੈ। ਇਉਂ ਪ੍ਰਾਪਤ ਹੋਏ ਘਿਉ ਨੂੰ ਜਦੋਂ ਅਸੀਂ ਯੱਗ ਹਵਨਾਂ ਤੇ ਦੇਵ ਪੂਜਾ ਵਿਚ ਵਰਤਦੇ ਹਾਂ ਤਾਂ ਉਹ ਮੀਂਹ ਲਿਆਉਂਦਾ ਹੈ ਜਿਸ ਨਾਲ ਅਨਾਜ ਪੈਦਾ ਹੁੰਦਾ ਹੈ। ਇਸਤੋਂ ਬਿਨਾਂ ਗਊ ਦੇ ਵਛੇ ਖੇਤੀ ਵਿਚ ਲੋਹੜੇ ਦੀ ਮਦਦ ਕਰਦੇ ਹਨ। ਗਰੀਬ ਕਿਸਾਨ ਦਾ ਤਾਂ ਸਹਾਰਾ ਹੀ ਗਊ ਹੈ। ਇਸੇ ਕਰਕੇ ਹੀ ਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਲਿਖਿਆ ਸੀ:

ਗਾਈਂ ਤਾ ਬਿਲੇ ਖਾਇ ਲੈਣਗੇ......ਇਸ ਕਰ ਕੇ ਨਾ ਬੈਲ ਮਿਲੇਗਾ ਗਰੀਬਾਂ ਨੂੰ, ਨਾ ਬਰਖਾ ਹੋਊਗੀ।”

ਜਿਨ੍ਹਾਂ ਲੋਕਾਂ ਨੇ ਪੰਜਾਬ ਦਾ ਇਤਿਹਾਸ ਪੜ੍ਹਿਆ ਹੈ ਉਹ ਜਾਣਦੇ ਹੋਣਗੇ ਕਿ ਅੰਮ੍ਰਿਤਸਰ ਬੁਚੜਖਾਨਾ ਖੁਲ੍ਹਣ ਪਿਛੋਂ ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾਂ ਦੀ ਆਰਥਕ ਹਾਲਤ ਬਹੁਤ ਹੀ ਮੰਦੀ ਹੋ ਗਈ ਸੀ ਕਿਉਂਕਿ ਬਹੁਤੇ ਕੰਮ ਦੇਣ ਤੇ ਮਾਸ ਵਾਲੇ ਪਸ਼ੂ ਅੰਗਰੇਜ਼ਾਂ ਦੀ ਨੀਤੀ ਦਾ ਸ਼ਿਕਾਰ ਹੋਕੇ ਸ੍ਰੀ ਅੰਮ੍ਰਿਤਸਰ ਆਕੇ ਕਤਲ ਹੋਣੇ ਸ਼ੁਰੂ ਹੋ ਗਏ ਸਨ।

ਭਾਰਤ ਖੇਤੀ ਪ੍ਰਧਾਨ ਦੇਸ ਹੈ। ਖੇਤੀ ਲਈ ਬਲਦਾਂ ਦੀ ਲੋੜ ਪੈਂਦੀ ਹੈ। ਬਲਦਾਂ ਦੀ ਜੋ ਤਾਕਤ ਖਤੀ ਲਈ ਵਰਤੀ ਜਾਂਦੀ ਹੈ ਉਹਨੂੰ ਜੇ ਖੇਤੀ ਦੇ ਬਾਕੀ ਸਾਧਨਾਂ ਨਾਲ ਤੁਲਨਾ ਦਿਤੀ ਜਾਵੇ ਤਾਂ ਉਹ ੬੦,੦੦੦,੦੦੦,੦੦੦ ਕਿਲੋ ਵਾਟ ਜਾਂ

Sri Satguru Jagjit Singh Ji Elibrary NamdhariElibrary@gmail.com

੨੨੦੦੦੦੦੦੦੦੦ ਗੈਲਨ ਤੇਲ, ਜਿਸ ਦਾ ਖਰਚ ੨੮੫ ਕਰੋੜ ਰੁਪਏ ਤੋਂ ਵੀ ਵਧ ਹੋਇਗਾ, ਦੇ ਬ੍ਰਾਬਰ ਹੈ। ਇਹ ਖਰਚ ਇਕ ਵਰ੍ਹੇ ਦਾ ਹੈ।

੧੯੫੮–੫੯ ਵਿਚ ਭਾਰਤ ਵਿਚ ਖੇਤੀ ਯੋਗ ਭੂਮੀ ੪੨,੧੦,੨੧੦੦ ਏਕੜ ਸੀ।ਮਾਹਿਰਾਂ ਅਨੁਸਾਰ ਅਠ ਏਕੜ ਭੂਮੀ ਦੀ ਵਹਾਈ ਲਈ ਬਲਦਾਂ ਦੀ ਇਕ ਜੋੜੀ ਦੀ ਲੋੜ ਪੈਂਦੀ ਹੈ। ਇਸ ਹਿਸਾਬ ਨਾਲ ਉਪਰੋਕਤ ਭੂਮੀ ਵਾਹੁਣ ਲਈ ੧੦,੫੩,੮੦,੨੫੦ ਬਲਦਾਂ ਦੀ ਲੋੜ ਪੈਂਦੀ ਹੈ। ਇਸਤੋਂ ਬਿਨਾ ਕੋਹਲੂ, ਸ਼ਹਿਰ ਵਿਚ ਰੇੜ੍ਹੇ ਤੇ ਠੇਲ੍ਹਿਆਂ ਆਦਿ ਲਈ ਵੀ ੧੫,੬੫,੦੦੦ ਬਲਦ ਲੋੜੀਂਦੇ ਹਨ। ਜੇ ਬੈਲਾਂ ਦੇ ਨਾਲ ੬੬,੦੫ ੧੫੦ ਸੰਢੇ ਵੀ ਵਰਤੋਂ ਵਿਚ ਲੈ ਲਏ ਜਾਣ ਤਾਂ ਵੀ ਸਾਨੂੰ ੩,੧੭,੩੮,੪੮੬ ਬਲਦਾਂ ਦੀ ਘਾਟ ਹੈ। ਪ੍ਰਾਪਤ ਅੰਕੜੇ ਦਸਦੇ ਹਨ ਕਿ ਅਗਲੀ ਅਧੀ ਸਦੀ ਵਿਚ ਅਸੀਂ ਆਰਥਕ ਤੌਰਤੇ ਟਰੈਕਟਰ ਆਦਿ ਖਰੀਦ ਕੇ ਖੇਤੀ ਕਰਨ ਤੋਂ ਅਸਮਰਥ ਹੋ ਜਾਵਾਂਗੇ। ਤੇ ਫਿਰ ਅਗਲੀ ਅਧੀ ਸਦੀ ਸਾਨੂੰ ਬਲਦਾਂ ਦੀ ਉਨਤੀ ਨਮਿਤ ਲਾਉਣੀ ਪਇਗੀ।

ਬਲਦ ਤੇ ਹੋਰ ਪਸ਼ੂ ਖੇਤੀ ਤੋਂ ਬਿਨਾਂ ਖਾਦਾਂ ਦੀ ਉਪਜ ਵਿਚ ਵੀ ਬਹੁਤ ਸਹਾਈ ਹੁੰਦੇ ਹਨ। ਗਊਆਂ ਬਲਦਾਂ ਆਦਿ ਤੋਂ ਪ੍ਰਾਪਤ ਗੋਹੇ ਮੂਤਰ ਤੋਂ ਪੈਦਾ ਹੋਣ ਵਾਲੀ ਖਾਦ ਵਿਚ ੪੦ ਕਰੋੜ ਪੌਂਡ ਨਾਈਟਰੋਜਨ, ੨੦੦ ਕਰੋੜ ਪੌਂਡ ਫਾਸ-ਫੋਰਸ ਤੇ ੪੦੦ ਕਰੋੜ ਪੌਂਡ ਪੋਟਾਸੀਅਮ ਬਿਨਾ ਕਿਸੇ ਖਰਚ ਕਰਨ ਤੋਂ ਮਿਲਦੀ ਹੈ। ਇਹ ਮਾਤਰਾ ਸਿੰਦਰੀ ਖਾਦ ਫੈਕਟਰੀ ਵਿਚ ਬਣਦੀ ਖਾਦ ਨਾਲੋਂ ੯ ਗੁਣਾਂ ਵਧੇਰੇ ਹੈ ਤੇ ਹੈ ਵੀ ਵਧੀਆ।

ਜੇ ਗੋਬਰ ਗੈਸ ਪਲਾਂਟ ਲਾਏ ਜਾਣ ਤਾਂ ਗੋਹੇ ਤੋਂ ਬਾਲਣ ਦਾ ਕੰਮ ਲੈ ਕੇ ਵੀ ਇਸ ਨੂੰ ਖਾਦ ਲਈ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ ਸਾਡੀਆਂ ਬਾਲਣ ਤੇ ਖਾਦ ਦੀਆਂ ਦੋਵੇਂ ਸਮਸਿਆਵਾਂ ਹੀ ਸੁਲਝ ਜਾਂਦੀਆਂ ਹਨ।

ਗਊ–ਰੋਗ ਨਵਿਰਤੀ ਦਾ ਸਾਧਨ

ਗਊ ਦੇ ਸਿਰਫ ਇਹ ਹੀ ਲਾਭ ਨਹੀਂ ਕਿ ਉਹ ਦੁਧ ਦਿੰਦੀ ਤੇ ਖੇਤੀ ਲਈ ਵਛੇ ਪੈਦਾ ਕਰਦੀ ਹੈ। ਇਸ ਤੋਂ ਬਿਨਾਂ ਗਊ ਦਾ ਗੋਹਾ, ਮੂਤਰ' ਦੁਧ ਤੇ ਘਿਓ ਆਦਿ ਪੁਰਾਣੇ ਸਮਿਆਂ ਤੋਂ ਹੀ ਕਿਨੇ ਹੀ ਰੋਗਾਂ ਦੀ ਚਕਿਤਸਾ ਲਈ ਵਰਤੇ ਜਾਂਦੇ ਰਹੇ ਹਨ। ਭਾਵੇਂ ਹੁਣ ਪਛਮੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਬੰਦ ਸ਼ੀਸ਼ੀਆਂ ਵਿਚ ਬਾਹਰੋਂ ਆਉਣ ਵਾਲੀਆਂ ਦੁਆਈਆਂ ਦੀ ਵਰਤੋਂ ਦਾ ਰਿਵਾਜ ਵਧ ਰਿਹਾ ਹੈ ਪਰ ਉਹ ਇਸ ਮੁਕਾਬਲੇ ਵਿਚ ਸਸਤੀਆਂ ਤੇ ਗੁਣਕਾਰੀਨਹੀਂ।

ਇਟਲੀ ਦੇ ਪ੍ਰੋਫੈਸਰ ਜੀ. ਜੀ. ਬਿਰਗੇੜਡ ਅਨੁਸਾਰ, 'ਗਊ ਦੇ ਤਾਜੇ ਗੋਹੇ ਨਾਲ ਤਪਦਿਕ, ਮਲੇਰੀਆ, ਤੇ ਹੈਜੇ, ਦੇ ਕਿਰਮ ਤੁਰਤ ਮਰ ਜਾਂਦੇ ਹਨ। ਇਥੋਂ ਤਕ ਕਿ ਪਹਿਲੀ ਹਾਲਤ ਵਿੱਚ ਤਾਂ ਇਹ ਗੋਹੇ ਦੀ (ਬੂ) ਨਾਲ ਹੀ ਮਰ ਜਾਂਦੇ ਹਨ। ਇਟਲੀ ਦੇ ਸੈਨੇਟੋਰੀਅਮ ਵਿਚ ਗੋਹੇ ਦੀ ਵਰਤੋਂ ਕੀਤੀ ਜਾਂਦੀ ਹੈ। ਹੈਜੇ ਦੇ ਦਸਤਾਂ ਦੇ ਇਲਾਜ ਲਈ ਤਾਜਾ ਗੋਬਰ ਪਾਣੀ ਵਿਚ ਘੋਲ ਕੇ ਦਿਤਾ ਜਾਂਦਾ ਹੈ। ਜਿਸ ਤਲਾ ਵਿਚ ਹੈਜੇ ਦੇ ਕੀੜੇ ਹੋਣ ਉਸ ਵਿਚ ਜੇ ਗਊ ਦਾ ਤਾਜਾ ਗੋਹਾ ਘੋਲ ਕੇ ਪਾਇਆ ਜਾਵੇ ਤਾਂ ਕੀੜੇ ਤੁਰਤ ਮਰ ਜਾਂਦੇ ਹਨ'।

'ਨਿਊਯਾਰਕ ਟਾਈਮਜ਼' (ਪ੍ਰਸਿਧ ਅਮ-ਰੀਕੀ ਅਖਬਾਰ) ਵਿਚ ਇਕ ਲੇਖਕ ਨੇ ਆਪਣੇ ਲੇਖ ਵਿਚ ਦਸਿਆ ਸੀ ਕਿ ਕਈ ਬੀਮਾਰੀਆਂ ਦੇ ਕੀੜਿਆਂ ਦਾ ਨਾਸ ਕਰਨ ਲਈ ਗਊ ਦਾ ਗੋਹਾ ਇਕ ਮਹਾਨ ਚੀਜ ਹੈ। ਮਦਰਾਸ ਦੇ ਡਾ: ਕਿੰਗ ਦੇ ਸ਼ਬਦਾਂ ਵਿਚ, ਹੁਣ ਇਹ ਗਲ ਸਿਧ ਹੋ ਚੁਕੀ ਹੈ ਕਿ ਗਊ ਦੇ ਗੋਬਰ ਵਿਚ ਹੈਜੇ ਦੇ ਕੀੜਿਆਂ ਨੂੰ ਮਾਰਨ ਦੀ ਹੈਰਾਨ ਕਰੂ ਤਾਕਤ ਹੈ। ਮਿਰਗੀ, ਹਿਸਟੀਰੀਆ, ਨਿਊਰਸਥਨੀਆਂ, ਚਿਤ-ਭ੍ਰਮ, ਸਿਰ ਨੂੰ ਚਕਰ ਆਉਣੇ, ਮੂਰਛਾ, ਖੁਜਲੀ, ਫੋੜਾ ਫਿਨਸੀ ਤਥਾ ਕੋਹੜ ਤਕ ਲਈ ਇਹ ਲਾਭਦਾਇਕ

Sri Satguru Jagjit Singh Ji Elibrary NamdhariElibrary@gmail.com

ਹੈ। ਚੀਚਕ ਦੇ ਫੋੜੇ ਫਿਸ ਜਾਣ ਤਾਂ ਗਊ ਦੇ ਗੋਬਰ ਦੀ ਰਾਖ ਉਨ੍ਹਾਂ ਵਿਚ ਭਰਨ ਤੋਂ ਬਿਨਾਂ ਹੋਰ ਕੋਈ ਇਲਾਜ ਨਹੀਂ।

ਬੈਲਫਾਸਟ ਦੇ ਪ੍ਰੋ; ਸਰਮਨ ਤਥਾ ਅਲਸਰਟ ਦੇ ਪ੍ਰੋ: ਕੂਰਕ ਨੇ ਵੀ ਗਊ ਮੂਤਰ ਦੀ ਸਿਫਤ ਕਰਦਿਆਂ ਲਿਖਿਆ ਹੈ, ਗਊ ਮੂਤਰ ਵਿਚ ਰਤ ਵਿਚ ਰਹਿਣ ਵਾਲੀ ਬੀਮਾਰੀ, ਗੰਠੀਆ, ਟੀ. ਬੀ. ਪਾਂਡੂ ਰੋਗ, ਚਮੜੀ ਦੀਆਂ ਬੀਮਾਰੀਆਂ, ਜਿਗਰ ਤੇ ਤਿਲੀ ਦੇ ਰੋਗ ਤੇ ਖੁਜਲੀ ਲਈ ਬਹੁਤ ਲਾਭਦਾਇਕ ਹੈ। ਪਲੇਗ ਦੇ ਟਕੇ ਦੀ ਕਢ ਕਢਣ ਵਾਲੇ ਡਾ: ਹਾਪਕਿਨ ਸਾਹਿਬ ਦਾ ਕਥਨ ਹੈ, ਇਹ ਚੀਜ ਮੇਰੇ ਤਜਰਬੇ ਵਿਚ ਆ ਚੁਕੀ ਹੈ ਕਿ ਸ਼ਕਰ ਦੇ ਰੋਗੀ ਨੂੰ ਕੇਵਲ ਗਊ ਦਾ ਦੁਧ ਪਿਆਉਣ ਨਾਲ ੨੪ ਘੰਟਿਆਂ ਦੇ ਵਿਚ ਵਿਚ ਸਤ ਸੇਰ ਪਿਸ਼ਾਬ ਤੋਂ ੧੯੩ ਗ੍ਰੇਨ ਸ਼ਕਰ ਘਟ ਗਈ।

੧੮੮੮ ਵਿਚ ਫ੍ਰਾਂਸ ਦੇ ਬੈਕਟੀਰੀਆ ਜਰਮਜ਼ ਅਰਥਾਤ ਕੀੜਿਆਂ ਦੇ ਡਾਕਟਰ, ਡਾ: ਮਕਨਿਕਾਫ ਤੇ ਲੂਈ ਪਾਸਚਰ ਸਾਹਿਬ ਨੇ ਗਊ ਦੇ ਦੁਧ ਦੀ ਸਿਫਤ ਕਰਦਿਆਂ ਇਹ ਗਲ ਚਾਨਣੇ ਵਿਚ ਲਿਆਂਦੀ ਕਿ ਵਿਧੀ ਪੂਰਬਕ ਗਊ ਦੇ ਦੁਧ ਤੇ ਘਿਓ ਦੀ ਵਰਤੋਂ ਕਰਨ ਵਾਲਾ ਆਦਮੀ ੩੦੦ ਸਾਲ ਤਕ ਜਿਊਂਦਾ ਰਹਿ ਸਕਦਾ ਹੈ, ਲੰਮੀ ਉਮਰ ਦੇ ਚਾਹਵਾਨਾ ਨੂੰ ਗਊ ਦਾ ਦੁਧ ਦਹੀਂ, ਮਖਣ, ਪਨੀਰ ਤੇ ਮਲਾਈ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਇਨ੍ਹਾਂ ਚੀਜ਼ਾਂ ਦੀ ਵਰਤੋਂ ਨਾਲ ਅਰੋਗਤਾ ਵੀ ਬਣੀ ਰਹਿੰਦੀ ਹੈ।

ਡਾ: ਵਰਨੀਅਰ ਮੈਕਫੇਡਨ ਲਿਖਦੇ ਹਨ, ਕਿ ਗਊ ਦੇ ਦੁਧ ਵਿਚ ਅਰੋਗਤਾ ਬਣਾਉਣ ਤੇ ਕਾਇਮ ਰਖਣ ਤਥਾ ਬਿਮਾਰ ਹੋਣ ਤੇ ਮੁੜ ਅਰੋਗ ਕਰਨ ਦੀ ਅਦਭੁਤ ਸ਼ਕਤੀ ਹੈ। ਨਿਰਬਲਾ, ਮੋਟਿਆਂ, ਬੀਮਾਰਾਂ-ਸਭ ਲਈ ਗਊ ਦਾ ਦੁਧ ਅੰਮ੍ਰਿਤ ਹੈ। ਗਊ ਦਾ ਦੁਧ ਹਰ ਬੀਮਾਰੀ ਵਿਚ ਲਾਭਦਾਇਕ ਹੈ। ਕਿਸੇ ਵੀ ਬਿਮਾਰੀ, ਤੇ ੧-੨ ਦਿਨਾਂ ਦੇ ਵਰਤ ਮਗਰੋਂ-ਵਿਧੀ ਪੂਰਬਕ ਦੋ ਸਾਤਿਆਂ ਤਕ ਗਊ ਦਾ ਦੁਧ ਵਰਤਨ ਨਾਲ, ਕਾਬੂ ਪਾਇਆ ਜਾ ਸਕਦਾ ਹੈ। ਵਰਨੀਅਰ ਅਨੁਸਾਰ ਲਗਾਤਾਰ ਗਊ ਦਾ ਦੁਧ ਪੀਣ ਦਾ ਮਤਲਬ ਹੈ, ਬਿਮਾਰੀਆਂ ਤੋਂ ਬਚਾਉ। ਵੀਰਜ ਤੇ ਮਾਨਸਕ ਦੁਖਾਂ ਦੀ ਨਵਿਰਤੀ ਲਈ ਵੀ ਗਊ ਦੇ ਦੁਧ ਨੂੰ ਉਹ ਅੰਮ੍ਰਿਤ ਸਮਾਨ ਗਿਣਦੇ ਹਨ। ਸਰੀਰ ਤੇ ਚਿਹਰੇ ਦਾ ਰੰਗ ਨਿਖਾਰਨ ਲਈ ਵੀ ਇਹ ਇਕ ਵਿਸ਼ੇਸ਼ ਵਸਤੂ ਹੈ।

ਇਹੀ ਕਾਰਨ ਹੈ ਕਿ ਇਕ ਬਦੇਸ਼ੀ ਡਾਕਟਰ ਦੇ ਸ਼ਬਦਾਂ ਵਿਚ 'ਉਹ ਕੌਮਾਂ, ਜਿਨਾਂ ਨੇ ਮਾਨਸਿਕ ਤੇ ਆਤਮਕ ਉਨਤੀ ਕੀਤੀ-ਗਊਆਂ ਪਾਲਦੀਆਂ ਤੇ ਖੇਤੀ ਬਾੜੀ ਕਰਦੀਆਂ ਸਨ। ਤੇ ਗਊ ਆਪਣੀ ਜਾਤ ਵਿਚ ਇਕ ਅਦਭੁਤ ਰਸਾਇਣ ਸ਼ਾਲਾ ਹੈ। ਇਹੋ ਕਾਰਨ ਹੈ ਕਿ ਵਰਤਮਾਨ ਭਾਰਤੀ ਕਿਨੇ ਹੀ ਵਰ੍ਹੇ, ਸੰਸਕ੍ਰਿਤ ਪੜਨ ਪਿਛੋਂ ਵੀ ਪੁਰਾਣੇ ਸਮੇਂ ਦੀਆਂ ਰਚਨਾਵਾਂ ਪੜਨੀਆਂ ਤਾਂ ਇਕ ਪਾਸੇ ਰਹੀਆਂ-ਸਗੋਂ ਉਨਾਂ ਨੂੰ ਸਮਝਣ ਦੀ ਯੋਗਤਾ ਵੀ ਨਹੀਂ ਰਖਦੇ ਕਿਉਂਕਿ ਡਾ: ਰੰਟੀ ਅਨੁਸਾਰ, ਉਸ ਸਮੇਂ ਗਊ ਦੇ ਦੁਧ, ਮਖਣ ਤੇ ਫਲਾਂ ਦੀ ਵਰਤੋਂ ਹੁੰਦੀ ਸੀ ਤੇ ਖੁਲੀ ਤੇ ਸ਼ੁਧ ਹਵਾ ਵਿਚ ਸਾਤਵਿਕ ਭੋਜਨ ਦੀ ਵਰਤੋਂ ਨਾਲ ਬੁਧੀ ਤੇਜ ਹੁੰਦੀ ਹੈ।

ਗਊ ਦੇ ਮੂਤਰ ਦੇ ਗੁਣਾਂ ਤੋਂ ਪੁਰਾਤਨ ਭਾਰਤੀ ਅਣਜਾਣ ਨਹੀਂ ਸਨ। ਉਹ ਔਰਤ ਨੂੰ ਬਚਾ ਹੋਣ ਤੋਂ ਪਿਛੋਂ ਕਈ ਵਾਰ ਗਊ ਮੂਤਰ ਪੀਣ ਨੂੰ ਦਿੰਦੇ ਸਨ ਜੋ ਇਨਾਂ ਦਿਨਾਂ ਵਿਚ ਹੋਣ ਵਾਲੀਆਂ ਅਨੇਕ ਬਿਮਾਰੀਆਂ ਤੋਂ ਉਨਾਂ ਦੀ ਰਖਿਆ ਕਰਦਾ ਸੀ। ਗਊ ਦਾ ਘਿਓ ਤੇ ਦੁਧ ਚੂਨ ਇਹ ਦਿਮਾਗੀ ਸ਼ਕਤੀ ਤੇ ਨਜ਼ਰ ਨੂੰ ਕਾਇਮ ਰਖਣ ਤੇ ਕਮਜ਼ੋਰ ਹੋ ਜਾਣ ਦੀ ਹਾਲਤ ਵਿਚ ਪਹਿਲਾਂ ਵਰਗੀ ਹਾਲਤ ਵਿਚ ਕਰਨ ਲਈ ਵਰਤੇ ਜਾਂਦੇ ਹਨ। ਪਰ ਅਸੀਂ ਬਹੁਤੇ ਭਾਰਤੀ, ਨਵੀਂ ਸਭਿਤਾ ਦੇ ਅਖਾਂ ਚੁੰਧਿਆਊ ਚਾਨਣੇ ਵਿਚ ਕੁਰਾਹੇ ਹਾਂ।

ਇਕ ਭਾਰਤੀ ਲੇਖਕ ਸ੍ਰੀ ਸ਼ਾਸਤਰੀ ਸ਼ੰਕਰ ਜੀ ਮਹਾਰਾਜ ਅਨੁਸਰ 'ਗਊ ਦਾ ਘਿਉ ਜੇ ਦਸ ਵਰ੍ਹੇ, ਪੁਰਾਣਾ ਹੋ ਜਾਇ ਤਾਂ ਬਹੁਤ ਚੰਗਾ

Sri Satguru Jagjit Singh Ji Elibrary NamdhariElibrary@gmail.com

ਹੁੰਦਾ ਹੈ। ਦਸ ਤੋਂ ਉਪਰ ਸਾਲਾਂ ਦਾ ਹੋਣ ਤੇ ਉਸ ਨੂੰ ੧੦੦, ੧੦੦੦ ਸਾਲ ਤਕ ਵੀ 'ਕੌਂਭ' ਕਿਹਾ ਜਾਂਦਾ ਹੈ। ਗਿਆਰਾ ਸੌ ਵਰੇ, ਪੁਰਾਣਾ ਹੋਣ ਤੇ 'ਮਹਾਂ ਘ੍ਰਿਤ' ਕਿਹਾ ਜਾਂਦਾ ਹੈ। ਇਹ ਜਿੰਨਾਂ ਵਧ ਪੁਰਾਣਾ ਹੋਇਗਾ ਉਨਾਂ ਹੀ ਗੁਣ-ਕਾਰੀ ਸਮਝਣਾ ਚਾਹੀਦਾ ਹੈ। ਗੋਕਾ ਘਿਉ ਅਨੇਕਾਂ ਹੀ ਬੀਮਾਰੀਆਂ ; ਜਿਵੇਂ-ਮੂਰਛਾ, ਖੰਘ, ਸੰਗ੍ਰਹਿਣੀ. ਨਜ਼ਲਾ, ਕੋੜ੍ਹ, ਉਨਮਾਦ, ਕ੍ਰਿਮ ਰੋਗ, ਜ਼ਹਿਰ, ਤ੍ਰਿਦੋਸ਼, ਯੋਨੀ ਰੋਗ, ਨੇਤ੍ਰ ਰੋਗ, ਕੰਨ ਤੇ ਜ਼ਖ਼ਮਾਂ ਦੇ ਇਲਾਜ ਲਈ ਅਤਿਅੰਤ ਲਾਭ ਦਾਇਕ ਹੈ। ਇਸ ਤੋਂ ਬਿਨਾਂ ਨਕਸੀਰ, ਦਾਦ ਸਰੀਕਾ, ਹਥ ਪੈਰਾਂ ਦੀ ਜਲਣ, ਸ਼ਰਾਬ ਦੇ ਕੁਪ੍ਰ-ਭਾਵ, ਰਕਤ ਵਿਕਾਰ, ਹਿਚਕੀ, ਉਦਰ ਰੋਗ, ਸਪ ਦੀ ਜ਼ਹਿਰ, ਤਿਲੀ ਰੋਗ ਤੇ ਮੁਰਦਾ ਗਰਭ ਨੂੰ ਬਾਹਰ ਕਢਣ ਲਈ ਵੀ ਗੋਕਾ ਘਿਉ ਵਰਤਣ ਦਾ ਵਿਧਾਨ ਆਯੁਰਵੈਦਿਕ ਵਿਚ ਹੈ ।

ਗਊ ਬੁਧ ਦਾ ਮੁਢ

ਭਾਵੇਂ ਗਊ ਬਧ ਦੇ ਸ਼ੁਰੂ ਹੋਣ ਦੀ ਕੋਈ ਪੱਕੀ ਮਿਤੀ ਨਹੀ ਮਿਥੀ ਜਾ ਸਕਦੀ ਪਰ ਸੰਭਵ ਇਹੋ ਹੈ ਕਿ ਮੁਸਲਮਾਨਾ ਨੇ ਹੀ ਇਸ ਪਾਸੇ ਪਹਿਲ ਕੀਤੀ ਹੋਵੇ ਕਿਉਂਕਿ ਉਹ ਆਪਣੇ ਧਰਮ ਅਨੁ-ਸਾਰ ਸੂਰ ਨੂੰ ਪਵਿਤਰ ਮੰਨਦੇ ਸਨ ਤੇ ਗਊ ਮਾਸ ਨੂੰ ਯੋਗ ਆਹਾਰ ਗਿਣਦੇ ਸਨ। ਪਰ ਅਕਬਰ ਦੇ ਹਿੰਦੂ ਧਰਮ ਵਲ ਝੁਕਾਉ ਨੇ ਉਸ ਦੇ ਰਾਜ ਕਾਲ ਵਿਚ ਗਊ ਹਤਿਆ ਨੂੰ ਰੋਕੀ ਰਖਿਆ ਤੇ ਉਸ ਦੇ ਪਰਚਾਰ ਕਾਰਨ ਹੀ ਬਹਾਦਰ ਸ਼ਾਹ ਜ਼ਫਰ ਦੇ ਸਮੇਂ ਤਕ ਗਊ ਹਤਿਆ ਬੰਦ ਰਹੀ। ਕਈ ਮੁਸਲਮਾਨ ਰਿਆਸਤਾਂਵਿਚਵੀ ਇਹੋ ਨੇਮਅਪਨਾ-ਇਆ ਗਿਆ। ਜੰਮੂ ਕਸ਼ਮੀਰ ਵਿਚ ਗਊ ਦੇ ਕਾਤਲ ਨੂੰ ਮਨੁਖੀ ਕਾਤਲ ਦੇ ਬਰਾਬਾਰ ਦੀ ਸਜ਼ਾ ਦਿਤੀ ਜਾਂਦੀ ਸੀ। ਕਹਿੰਦੇ ਹਨ ਕਿ ਮਹਾਰਾਜ ਰਣਜੀਤ ਸਿੰਘ ਅੰਗ੍ਰੇਜ਼ਾਂ ਨੂੰ ਇਕ ਰਾਤ ਤੋਂ ਵਧ ਆਪਣੇ ਰਾਜ ਵਿਚ ਨਹੀਂ ਸੀ ਰਹਿਣ ਦਿੰਦਾ। ਉਹ ਕਿਹਾ ਕਰਦਾ ਸੀ 'ਅੰਗਰੇਜ਼ ਗਾਂ ਦਾ ਮਾਸ ਖਾਂਦੇ ਹਨ । ਮੇਰੀ ਪਰਜਾ ਗਾਂ ਦਾ ਮਾਸ ਖਾਣ ਤੋਂ ਘਿਰਣਾ ਕਰਦੀ ਹੈ ਤੇ ਇਸਨੂੰ ਪਾਪ ਸਮਝਦੀ ਹੈ। ਸੋ ਮੇਰੇ ਰਾਜ ਵਿਚ ਅੰਗਰੇਜ਼ ਦਾਖਲ ਨਹੀਂ ਹੋ ਸਕਦੇ। ਜਦੋਂ ਮਹਾਰਾਜੇ ਦੀ ਮੌਤ ਪਿਛੋਂ ਸਿਖ ਆਗੂ ਇਸ ਘਿਰਣਾ ਤੇ 'ਪਾਪ ਤੋਂ ਲਾਂਭੇ ਹੋ ਗਏ ਤਦ ਉਨ੍ਹਾਂ ਦੇ ਸਹਿਯੋਗ ਨਾਲ ਅੰਗਰੇਜ਼ਾਂ ਨੇ ਪੰਜਾਬ ਵਿਚ ਰਾਜ ਸਥਾਪਤ ਕਰ ਲਿਆ ।

ਪੰਜਾਬ ਵਿਚ ਅੰਗ੍ਰੇਜ਼ਾਂ ਨੇ ਪੈਰ ਪਾਉਣ ਪਿਛੋਂ ੨੪ ਮਾਰਚ ੧੮੪੭ ਨੂੰ ਇਕ ਐਲਾਨ ਨਾਮੇਂ ਅਨੁਸਾਰ ਗਊ ਦੀ ਹਤਿਆ ਅਯੋਗ ਕਰਾਰ ਦਿਤੀ ਸੀ ਪਰ ਪੈਰ ਚੰਗੀ ਤਰਾਂ ਜਮ ਜਾਣ ਤੇ ੫ ਮਈ ੧੮੪੯ ਨੂੰ ਗਊ-ਬਧ ਦੀ ਖੁਲ ਦੇ ਦਿਤੀ। ਸ੍ਰੀ ਦਰਬਾਰ ਸਾਹਿਬ ਘੰਟਾ ਘਰ (ਅੰਮ੍ਰਿਤਸਰ) ਦੇ ਬਿਲਕੁਲ ਨਾਲ ਹੀ ਇਕ ਬੁਚੜਖਾਨਾ ਖੁਲਵਾ-ਇਆ ਕਿਉਂਕਿ ਅੰਗਰੇਜ ਗਊ ਮਾਸ ਖਾਂਦੇ ਸਨ। ਨਾਲ ਹੀ ਗਊ ਮਾਸ ਮੁਸਲਮਾਨਾ ਨੂੰ ਮਿਲਣਾ ਵੀ ਸ਼ੁਰੂ ਹੋ ਗਿਆ। ਹੌਲੀ ਹੌਲੀ ਹਿੰਦੂ ਮੁਸਲਮ ਸਿਖ ਦੀ ਫੁਟ ਦਾ ਕਾਰਨ ਇਹ ਬੁਚੜਖਾਨਾ ਬਣ ਗਿਆ। ਸਾਰੇ ਲੋਕ, ਮੁਸਲਮਾਨਾ ਨੂੰ ਛਡਕੇ , ਇਸ ਤੇ ਤੰਗ ਸਨ ਪਰ ਕਿਸੇਦਾ ਹੌਸਲਾ ਨਹੀਂ ਸੀ ਪੈਂਦਾਂ ਕਿ ਉਹ ਇਸ ਜ਼ਾਬਰ ਦਾ ਟਾਕਰਾ ਕਰੇ । ਅਤੇ ਨਾਮਧਾਰੀ ਸਿਖਾਂ ਨੇ ਇਸ ਖਾਤਰ ਸੀਸ ਦਿਤੇ ਕੈਦਾ ਕਟੀਆਂ ।

ਪਹਿਲਾਂ ਤਾਂ ਅੰਗ੍ਰੇਜ਼ਾਂ ਨੂੰ ਮਾਸ ਖੁਆ-ਉਣ ਦੇ ਖਿਆਲ ਨਾਲ ਇਹ ਬੁਚੜਖਾਨੇ ਖੁਲੇ ਸਨ ਪਰ ਫਿਰ ਹੌਲੀ ਹੌਲੀ ਵਪਾਰਕ ਦ੍ਰਿਸ਼ਟੀ ਕੋਣ ਵਾਲੇ ਅੰਗਰੇਜਾਂ ਨੇ ਗਊਆਂ ਦੀਆਂ ਖਲਾਂ ਤੋਂ ਆਮਦਨ ਕਰਨ ਦੇ ਮੰਤਵ ਨਾਲ ਗਊਆਂ ਦਾ ਵਡੇ ਪੈਮਾਨੇ ਤੇ ਘਾਤ ਕਰਨਾ ਸ਼ੁਰੂ ਕਰ ਦਿਤਾ। ਇਹ ਗਿਣਤੀ ਹਰ ਸਾਲ ਵਧਦੀ ਹੀ ਗਈ। ਪਹਿਲਾਂ ਪਹਿਲਾਂ ਇਹ ਵਪਾਰ ਮੁਲਤਾਨ ਵਲ ਹੁੰਦਾ ਸੀ। ਪਰ ਉਧਰ ਗਊਆਂ ਨਾ, ਜਾਂ ਘਟ ਹੋਣ ਕਾਰਨ ਭੇਡ ਬਕਰੀਆਂ ਦੀ ਹੀ ਵਰਤੋਂ ਹੁੰਦੀ ਸੀ। ੧੯੨੨ ਵਿਚ ਖਲਾਂ ਦੀ ਮੰਗ ਬਹੁਤ ਵਧ

Sri Satguru Jagjit Singh Ji Elibrary NamdhariElibrary@gmail.com

ਜਾਣ ਕਾਰਨ ਇਕ ਵਪਾਰੀ ਮੁਲਤਾਨ ਤੋਂ ਦਿਲੀ ਤਕ ਪੁਜਾ। ਦਿਲੀ ਵਿਚ ਇਸ ਦੀ ਰੋਜਾਨਾ ਔਸਤ ੧੫੦੦੯ ਸੀ ਇਸ ਲਈ ੧੯ ਕੋਠੜੀਆਂ ਦੀ ਵਰਤੋਂ ਹੁੰਦੀ ਸੀ।

ਗਊ ਹਤਿਆ ਦੇ ਮੰਤਵ

-ਭਾਵ ਗਊ ਹਤਿਆ ਨੂੰ ਬੰਦ ਕਰਨ ਦੀ ਗਲ ਬਹੁਤ ਚਿਰ ਪਹਿਲਾਂ ਅੰਗਰੇਜ਼ਾਂ ਦੇ ਰਾਜ ਸਮੇਂ ਹੀ ਸੋਚੀ ਗਈ ਸੀ ਤੇ ਸੁਤੰਤਰਤਾ ਅੰਦੋਲਨ ਸਮੇਂ ਦਿਲੀ ਪਟੌਦੀ ਹਾਊਸ ਵਿਚ, ਡਾ: ਰਾਜਿੰਦਰ ਪ੍ਰਸ਼ਾਦ ਜੀ ਦੀ ਪ੍ਰਧਾਨਗੀ ਵਿਚ ਇਕ ਮੀਟਿੰਗ ਹੋਈ ਸੀ ਜਿਸ ਵਿਚ ਮੌਲਾਨਾ ਅਬੁਲ ਕਲਾਮ ਅਜਾਦ ਵੀ ਸ਼ਾਮਲ ਸਨ। ਉਸ ਮੀਟਿੰਗ ਵਿਚ ਇਕ ਪ੍ਰਸਤਾਵ ਪਾਸ ਕੀਤਾ ਗਿਆ ਸੀ ਕਿ ਅੰਗਰੇਜ਼ੀ ਰਾਜ ਵਿਚ ਗਊ ਬਧ ਹੁੰਦਾ ਹੈ। ਸੋ ਅੰਗਰੇਜ਼ਾਂ ਦਾ ਸਾਥ ਨਹੀਂ ਦੇਣਾ ਚਾਹੀਦਾ। ਲੋਕ ਮਾਨਯ ਤਿਲਕ ਵੀ ਕਿਹਾ ਕਰਦੇ ਸਨ ਕਿ ਅਜਾਦੀ ਮਿਲਣ ਪਿਛੋਂ ਕਲਮ ਦੀ ਇਕੋ ਨੋਕ ਨਾਲ ਹੀ ਗਊ ਬਧ ਬੰਦ ਕਰ ਦਿਆਂਗੇ ਪਰ ਹੁਣ ਦੇਸ ਦੀ ਸੁਤੰਤਰਤਾ ਦੀ ਉਮਰ ਵੀਹ ਸਾਲਾਂ ਦੀ ਹੋ ਗਈ ਹੈ ਫਿਰ ਵੀ ਗਊ ਦੇ ਗਲੇ ਤੋਂ ਛੁਰੀ ਨਹੀਂ ਲਥੀ। ਸਾਡੀ ਸਰਕਾਰ ਇਸ ਸਬੰਧ ਵਿਚਸਲਾਹ ਦਿੰਦੀਹੈਕਿ ਗਊਮਾਸ ਤੇਖਲਾਂਦੀ ਵਿਕਰੀ ਨਾਲ ਬਦੇਸ਼ੀ ਸਿਕਾ ਕਮਾਇਆ ਜਾਂਦਾ ਹੈ। ਪਰ ਬਦੇਸੀ ਸਿਕਾ ਕਮਾਉਣ ਦੇ ਤਾਂ ਹੋਰ ਵੀ ਅਨੇਕਾਂ ਸਾਧਨ ਹਨ। ਜੇ ਗਊ ਦੇ ਸਿਰੋਂ ਹੀ ਬਿਦੇਸੀ ਸਿਕਾ ਕਮਾਉਣਾ ਹੈ ਤਾਂ ਗਊ ਨਸਲ ਨੂੰ ਉਨਤ ਕਰਕੇ ਵੀ ਇਹ ਕੰਮ ਹੋ ਸਕਦਾ ਹੈ। ਹਾਲੈਂਡ ਤੇ ਡੈਨਮਾਰਕ ਆਦਿ ਦੇਸਾਂ ਨੇ ਆਪਣੇ ਆਪ ਨੂੰ ਇਸੇ ਤਰਾਂ ਹੀ ਉਨਤ ਤੇ ਪ੍ਰਸਿਧ ਕਰ ਲਿਆ ਹੈ। ਗਊ ਬਧ ਰਾਹੀਂ ਜੋ ਸਿਕਾ ਸਾਡਾ ਦੇਸ਼ ਕਮਾਉਂਦਾ ਵੀ ਹੈ। ਕੋਲ ਫਿਰ ਵੀ ਨਹੀਂ ਰਹਿੰਦਾ। ਗਊ ਦਾ ਦੁਧ ਨਾ ਮਿਲਣ ਕਰਕੇ ਜੋ ਰੋਗ ਜਨਤਾ ਨੂੰ ਲਗਦੇ ਹਨ ਉਹਨਾਂ ਦੇ ਇਲਾਜ ਲਈ ਦਵਾਈਆਂ ਵੀ ਬਿਦੇਸ਼ਾਂ ਤੋਂ ਆਉਂਦੀਆਂ ਹਨ ਤੇ ਇਹ ਸਾਰੀ ਕਮਾਈ ਉਧਰ ਲਗ ਜਾਂਦੀ ਹੈ। ਫਿਰ ਭਾਰਤੀ ਕਮਾਈ ਖਾਨਿਆ ਦੀ ਹਾਲਤ ਵੀ ਇਨੀ ਭੈੜੀ ਹੈ ਕਿ ਜੋ ਮਾਸ ਤਿਆਰ ਕੀਤਾ ਜਾਂਦਾ ਹੈ ਉਹ ਰੋਗਾਂ ਦਾ ਕਾਰਨ ਸਮਝਕੇ ਬਿਦੇਸ਼ਾਂ ਵਿਚ ਸਵੀਕਾਰ ਨਹੀਂ ਕੀਤਾ ਜਾਂਦਾ ਇਸ ਤੋਂ ਸਪਸ਼ਟ ਹੈ ਕਿ ਜਿਸ ਮੰਤਵ ਲਈ ਸਰਕਾਰ ਗਊ ਬਧ ਚਾਲੂ ਰਖਣਾ ਚਹੁੰਦੀ ਹੈ ਉਸ ਵਿਚ ਇਹ ਸਫਲ ਵੀ ਨਹੀਂ ਤਾਂ ਫਿਰ ਗਊ ਘਾਤ ਕਿਓਂ?

ਇਹ ਤਾਂ ਪਹਿਲਾਂ ਦਸਿਆ ਹੀ ਜਾ ਚੁਕਾ ਹੈ ਕਿ ਚਮੜੇ ਦੀ ਪ੍ਰਾਪਤੀ ਲਈ ਗਊਆਂ ਮਾਰਨੀਆਂ ਅਰੰਭੀਆਂ ਗਈਆਂ। ਪਰ ਇਕ ਵਧੀਆ ਕਿਸਮ ਦਾ ਚਮੜਾ ਜਿਸ ਨੂੰ ਕ੍ਰੋਮ ਕਿਹਾ ਜਾਂਦਾ ਹੈ-- ਪ੍ਰਾਪਤ ਕਰਨ ਲਈ ਖੱਲਾਂ ਵੀ ਵਧੀਆ ਹੀ ਖਰੀਦੀਆਂ ਜਾਂਦੀਆਂ ਹਨ। ਜਿੰਨਾਂ ਵਧੀਆ ਚਮੜਾ ਹੋਇਗਾ ਉਨ੍ਹਾਂ ਹੀ ਬਹੁਤਾ ਜ਼ੁਲਮ ਕੀਤਾ ਜਾਂਦਾ ਹੈ। ਇਸ ਸਬੰਧ ਵਿਚ ਡਾ: ਨੀਲਪਰਨ ਨੇ ਆਪਣੇ ਇਕ ਲਿਖਤੀ ਬਿਆਨ ਵਿਚ ਕਿਹਾ ਸੀ "ਇਹ ਮੈਂ ਕਹਿ ਦੇਣਾ ਚਾਹੁੰਦਾ ਹਾਂ ਕਿ ਕਰੋਮ ਨਾਮੀ ਵਧੀਆ ਚਮੜਾ ਤਿਆਰ ਕਰਨ ਲਈ ਸਾਨੂੰ ਉਤਮ ਸ਼੍ਰੇਣੀ ਚਮੜੇ ਤੇ ਖੱਲਾਂ ਦੀ ਲੋੜ ਹੁੰਦੀ ਹੈ ਜੋ ਆਮ ਕਰਕੇ ਬੁਚੜਖਾਨਿਆਂ ਤੋਂ ਮਿਲਦੇ ਹਨ। ਬੰਗਾਲ ਦੇ ਕਰੋਮ ਚਮੜਾ ਤਿਆਰ ਕਰਨ ਵਾਲਿਆਂ ਨੂੰ ਜੇ ਇਓਂ ਖਲਾਂ ਵਖੋ ਵਖ ਬੁਚੜਖਾਨਿਆਂ ਤੋਂ ਉਨ੍ਹਾਂ ਦੀ ਲੋੜ ਅਨੁਸਾਰ ਮਿਲਦੇ ਰਹਿਣ ਦੀ ਕੋਈ ਨਿਸਚਿਤ ਢੰਗ ਹੋ ਸਕੇ ਤਾਂ ਉਨ੍ਹਾਂ ਨੂੰ ਬਹੁਤ ਵਧੇਰੇ ਲਾਭ ਹੋਇਗਾ।"

ਇਸ ਤੋਂ ਬਿਨਾਂ ਚਮੜੇ ਦੀਆਂ ਹੋਰ ਵੀ ਅਨੇਕਾਂ ਕਿਸਮਾਂ ਹਨ। ਹਰ ਕਿਸਮ ਆਪਣੇ ਗੁਣਾਂ ਅਨੁਸਾਰ ਵਖੋ ਵਖ ਥਾਂਈਂ ਵਰਤੀ ਜਾਂਦੀ ਹੈ। ਜਿਵੇਂ ਮੇਮਣੇ ਦੀ ਖੱਲ ਨੂੰ ਦਸਤਾਨੇ ਆਦਿ ਲਈ ਤੇ ਸਿਰ ਤੇ ਲੈਣ ਵਾਲੀਆਂ ਟੋਪੀਆਂ ਲਈ ਵਰਤਿਆ ਜਾਂਦਾ ਹੈ। ਜੁਤੀਆਂ, ਚਪਲਾਂ, ਸੂਟ-ਕੇਸਾਂ ਆਦਿ ਲਈ ਰੇਸਲਾ (ਜੋ ਗਰਭਵਤੀ ਗਊ ਦੇ ਪੇਟ ਵਿਚੋਂ ਹੀ ਵਛਾ ਕਢ ਕੇ ਪ੍ਰਾਪਤ ਕੀਤਾ ਜਾਂਦਾ ਹੈ) ਲਾਭਦਾਇਕ ਸਮਝਿਆ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਵਡੀਆਂ ਵਡੀਆਂ ਟਿਊਬਾਂ, ਪਾਣੀ ਦੇ ਥੈਲੇ, ਆਦਿ ਕਰਾਉਨ ਚਮੜੇ ਦੇ ਬਣਦੇ ਹਨ।

ਵਪਾਰੀ ਲੋਕ ਕਿਸ ਤਰਾਂ ਲਾਲਚ,ਦੇ ਕੇ ਚਮੜਾਕਿਵੇਂ ਪ੍ਰਾਪਤਕਰਦੇਨੇ?ਇਸਦਾਉਤਰਸੁਰਗਜਿ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸਾਦ ਜੀ ਦੀ ਜ਼ਬਾਨੀ ਹੀ ਸੁਣੋ—"ਮੈਂ ਸੁਣਿਆਂ ਹੈ ਕਿ ਪਿੰਡ ਵਿਚ ਇਹ ਰਿਵਾਜ਼ ਪ੍ਰਚਲਤ ਹੈ ਕਿ ਜਦੋਂ ਗਊ ਵੇਚਣੀ ਚਾਹੁੰਦਾ ਹੈ ਤਾਂ ਖਰੀਦਦਾਰ ਨੂੰ ਉਸਦਾ ਰੱਸਾ ਵੜਾ ਦਿੰਦਾ ਹੈ। ਬਜ਼ਾਰਾਂ ਅਤੇ ਮੇਲਿਆਂ ਵਿਚ ਕਸਾਈ ਦੇ ਹਥ ਰੱਸਾ ਨਹੀਂ ਫੜਾਉਂਦਾ ਸਗੋਂ ਰੱਸਾ ਜ਼ਮੀਨ ਤੇ ਸੁਟ ਦਿੰਦਾ ਹੈ ਅਤੇ ਉਸੇ ਤਰ੍ਹਾਂ ਕਸਾਈ ਵੀ ਰੁਪਏ ਉਹਦੇ ਹਥ ਵਿਚ ਨਾ ਫੜਾ ਕੇ ਧਰਤੀ ਤੇ ਰਖ ਦਿੰਦਾ ਹੈ ਜਿਨ੍ਹਾਂ ਨੂੰ ਵੇਚਣ ਵਾਲਾ ਚੁਕ ਲੈਂਦਾ ਹੈ ਅਤੇ ਕਸਾਈ ਰੱਸਾ ਫੜ ਲੈਂਦਾ ਹੈ।"

ਚਮੜੇ ਪ੍ਰਾਪਤ ਕਰਨ ਦੇ ਦੁਖ-ਦਾਈ ਢੰਗ

੧੯੦੮ ਵਿਚ ਇੰਗਲੈਂਡ ਦੇ ਲੀ ਕਮਿਸ਼ਨ ਦੀ ਰਿਪੋਰਟ ਵਿਚ ਇਹ ਕਿਹਾ ਗਿਆ ਸੀ ਕਿ ਜਾਨਵਰ ਦਾ ਖ਼ੂਨ ਬਹਾਉਣ ਤੋਂ ਪਹਿਲਾਂ ਬੇਹੋਸ਼ ਕਰ ਲੈਣਾ ਚਾਹੀਦਾ ਹੈ ਤਾ ਕਿ ਉਸ ਨੂੰ ਪੀੜਾ ਰਹਿਤ ਕਤਲ ਵਿਚ ਗਿਣਿਆ ਜਾ ਸਕੇ ਫਿਰ ਕੀ ਆਦਮੀਆਂ ਨੂੰ ਬੇ ਹੋਸ਼ ਕਰ ਕੇ ਜਾਂ ਗੋਲੀ ਨਾਲ ਮਾਰ ਦੇਣਾ ਯੋਗ ਹੋਇਗਾ? ਜੇ ਇਕ ਪਲ ਭਰ ਲਈ ਵੀ ਕਮਿਸ਼ਨ ਦੀ ਸਫਾਰਸ਼ ਨੂੰ ਯੋਗ ਗਿਣ ਵੀ ਲਿਆ ਜਾਵੇ ਤਦ ਕੀ ਭਾਰਤੀ ਕਸਾਈ-ਖਾਨਿਆਂ ਵਿਚ ਪੀੜਾ ਰਹਿਤ ਕਤਲ ਹੁੰਦੇ ਹਨ।

ਤੁਸੀਂ ਸੁਣਕੇ ਦੰਗ ਰਹਿ ਜਾਓਗੇ। ਜੋ ਜੁਤੀਆਂ, ਬੂਟ, ਚਪਲਾਂ, ਬਕਸ ਆਦਿ ਲਈ ਚਮੜਾ ਵਰਤਿਆ ਜਾਂਦਾ ਹੈ ਉਸ ਦੀਪ੍ਰਾਪਤੀ ਲਈ ਬੁਢੀ ਗਊ ਜਾਂ ਬਲਦ ਨੂੰ ਪਾਣੀ ਦੀ ਟੂਟੀ ਹੇਠਾਂ ਖੜਾ, ਕਰ ਦਿਤਾ ਜਾਂਦਾ ਹੈ। ਉਸਦਾ ਮੂੰਹ, ਸਿਰ ਲਤਾਂ ਆਦਿ ਰੱਸੀ ਨਾਲ ਬੰਨ੍ਹ, ਦਿਤੇ ਜਾਂਦੇ ਹਨ। ਬੱਸ ਫਿਰ ਟੂਟੀ ਵਿਚੋਂ ਪਾਣੀ ਡਿਗਦਾ ਰਹਿੰਦਾ ਹੈ ਤੇ ਕੁਛ ਬੁਚੜਾਂ ਦੀਆਂ ਬੈਂਤਾਂ ਪਸ਼ੂ ਦੇ ਸਰੀਰ ਤੇ ਵਰਦੀਆਂ ਰਹਿੰਦੀਆਂ ਹਨ। ਜਦੋਂ ਇਸ ਮਾਰਕੁਟ ਨਾਲ ਖੱਲ ਫੁਲ ਜਾਂਦੀ ਹੈ ਤੇ ਉਸ ਵਿਚ ਖ਼ੂਨ ਆ ਜਾਂਦਾ ਹੈ ਤਦ ਇਕ ਬੁਚੜ ਛੁਰੇ ਨਾਲ ਗਊ ਜਾ ਬਲਦ ਨੂੰ ਪਾਰ ਬੁਲਾਉਂਦਾ ਹੈ ਤੇ ਖੱਲ ਉਧੇੜ ਲੈਂਦਾ ਹੈ।

ਇਸ ਤੋਂ ਵੀ ਵਧੀਆ ਕਿਸਮ ਦੇ ਚਮੜੇ ਖਾਤਰ ਜੁਆਨ ਗਊ ਜਾਂ ਵਛੇ ਨੂੰ ਰੱਜਵੇਂ ਪੱਠੇ ਚਾਰਕੇ ਫਿਰ ਉਸਦੇ ਮੂੰਹ—ਸਿਰ ਤੇ ਲੱਤਾਂ ਪੈਰ ਬੰਨ੍ਹਕੇ ਉਬਲਦਾ ਹੋਇਆ ਪਾਣੀ ਉਨ੍ਹਾਂ ਤੇ ਪਾਇਆ ਜਾਂਦਾ ਹੈ ਤਾਂ ਕਿ ਖੱਲ ਉਪਰਲੇ ਵਾਲ ਜਲ ਜਾਣ। ਪਾਣੀ ਨਾਲ ਮਲ ਮਲ ਕੇ ਵਾਲ ਉਖੇੜ ਦਿਤੇ ਜਾਂਦੇ ਹਨ ਤੇ ਖੱਲ ਲਾਲ ਹੋ ਜਾਂਦੀ ਹੈ। ਤਦ ਉਸ ਪਸ਼ੂ ਨੂੰ ਮਾਰਕੇ ਉਸਦੀ ਖੱਲ ਪ੍ਰਾਪਤ ਕਰ ਲਈ ਜਾਂਦੀ ਹੈ।

ਇਸਤੋਂ ਵੀ ਅਗਲੀ ਵਧੀਆ ਕਿਸਮ ਦੇ ਚਮੜੇ ਦੀ ਖਾਤਰ ਵਿਚਾਰੇ ਵਛੇ ਨੂੰ ਪਹਿਲਾਂ ਸਾਬਣ ਨਾਲ ਨਹਾਇਆ ਜਾਂਦਾ ਹੈ। ਫਿਰ ਬੈਂਤਾਂ ਮਾਰ ਮਾਰ ਕੇ ਉਸ ਦੀ ਖੱਲ ਫੁਲਾਈ ਜਾਂਦੀ ਹੈ। ਵਿਚਾਰਾ ਵਛਾ ਮਾਂ ਮਾਂ ਕਰਦਾ ਹੀ ਮਰ ਜਾਂਦਾ ਹੈ ਪਰ ਉਸ ਦੀ ਖੱਲ ਨੂੰ ਇਸ ਢੰਗ ਨਾਲ ਲਾਹਕੇ ਬਹੁਤਾ ਧਨ ਕਮਾਇਆ ਜਾਂਦਾ ਹੈ।

ਬਹੁਤਾ ਧਨ ਉਨ੍ਹਾਂ ਖੱਲਾਂ ਤੋਂ ਕਮਾਇਆ ਜਾਂਦਾ ਹੈ ਜੋ ਪਸ਼ੂ ਦੇ ਸੂਣ ਤੋਂ ਪਹਿਲਾਂ ਗਰਭ ਵਿਚੋਂ ਹੀ ਵਛੇ ਆਦਿ ਕਢਕੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਏਥੇ ਸਿਰਫ਼ ਗਊ ਹੀ ਨਹੀਂ ਸਗੋਂ ਮੇਮਣੇ ਤੇ ਭੇਡ ਆਦਿ ਨੂੰ ਵੀ ਵਰਤਿਆ ਜਾਂਦਾ ਹੈ। ਇਕ ਮਹੀਨੇ ਤੋਂ ਲੈਕੇ ਪੈਦਾ ਹੋਣ ਦੇ ਸਮੇ ਤਕ ਵਖ ਵਖ ਹਾਲਤਾਂ ਵਿਚ ਖੱਲ ਦਾ ਮੁਲ ਵੀ ਵਖ ਵਖ ਹੁੰਦਾ ਹੈ। ਇਸ ਪ੍ਰਾਪਤੀ ਲਈ ਆਮ ਕਰਕੇ ਤਿੰਨ ਚਾਰ ਢੰਗ ਵਰਤੇ ਜਾਂਦੇ ਹਨ(੧)ਜਾਂ ਤਾਂ ਗਰਭਵਤੀ ਮਾਂ ਨੂੰ ਮਾਰ ਕੇ ਬਚਾ ਕਢ ਲਿਆ ਜਾਂਦਾ ਹੈ। (੨) ਜਾਂ ਉਸਨੂੰ ਕੁਛ ਅਜਿਹੀਆਂ ਦੁਆਈਆਂ ਦਿਤੀਆ ਜਾਂਦੀਆਂ ਹਨ ਜਿਨ੍ਹਾਂ ਨਾਲ ਗਰਭਪਾਤ ਹੋ ਜਾਂਦਾ

Sri Satguru Jagjit Singh Ji Elibrary NamdhariElibrary@gmail.com

ਹੈ। (੩) ਜਾਂ ਫਿਰ ਬਚੇ ਨੂੰ ਪੈਦਾ ਹੁੰਦਿਆ ਹੀ ਮਾਰ ਦਿਤਾ ਜਾਂਦਾ ਹੈ ਤੇ (੪)ਜਾਂ ਫਿਰ ਗਰਭਵਤੀ ਮਾਂ ਨੂੰ ਸੂਣ ਤੋਂ ਪਹਿਲਾਂ ਸਾਬਣ ਆਦਿ ਘੋਲ ਕੇ ਗਰਮ ਪਾਣੀ ਪਿਲਾਇਆ ਜਾਂਦਾ ਹੈ।

ਅੰਗਰੇਜ਼ਾਂ ਦੇ ਸਮੇ ਇਸ ਚਮੜਾ ਵਪਾਰ ਨੇ ਜਨਮ ਲਿਆ ਤੇ ਉਨਤੀ ਕੀਤੀ ਫਿਰ ਦਿਨੋ ਦਿਨ ਇਹ ਵਾਧੇ ਤੇ ਹੀ ਰਿਹਾ। ਹਰ ਸਾਲ ਲਖਾਂ ਕਰੋੜਾਂ ਦੀਆਂ ਖੱਲਾਂ ਧਾਰਮਕ ਭਾਵਨਾ ਵਾਲੇ ਦੇਸ ਤੋਂ ਬਾਹਰ ਜਾਣੀਆਂ, ਉਹ ਵੀ ਉਪਰੋਕਤ ਦੁਖਦਾਈ ਢੰਗਾਂ ਨਾਲ ਪ੍ਰਾਪਤ ਕਰਨ ਪਿਛੋਂ, ਸਾਡੇ ਦੇਸ ਲਈ ਕਲੰਕ ਨਹੀਂ ਤਾਂ ਹੋਰ ਕੀ ਹੈ? ਬਾਹਰ ਨੂੰ ਜਾਣ ਵਾਲੀਆਂ ਖੱਲਾਂ ਦੀ ਕੁਛ ਗਿਣਤੀ ਮਿਣਤੀ ਇਸ ਪ੍ਰਕਾਰ ਹੈ। ਥਾਂ ਦੀ ਥੁੜ ਕਾਰਨ ਅੰਕੜੇ ਕੁਛ ਚੋਣਵੇਂ ਵਰ੍ਹਿਆਂ ਦੇ ਹੀ ਦਿਤੇ ਜਾ ਰਹੇ ਹਨ:

ਵਰ੍ਹਾ	ਖੱਲਾਂ ਦਾ ਵਜ਼ਨ	ਮੁਲ (ਰੁਪਿਆਂ ਵਿਚ)
੧੯੫੪–੫੫	੨੩੫੪੨੩ ਹੰਡਰਡਵੇਟ	੭੦੭੧੦੪੩੬
੧੯੫੭	੧੮੦੦੨੬ ,,	੪੫੦੨੫੦੫੭
੧੯੫੮	੨੧੩੩੬੪ ,,	੬੭੭੩੫੧੬੯
੧੯੬੦–੬੧	੮੪੭੭੭੬੩ ਕਿਲੋਗ੍ਰਾਮ	੫੧੧੬੨੬੭੬
੧੯੬੩-੬੪	੬੩੪੭੩੧੯	੩,੭੨੪੩੧੩੭
੧੯੬੪-੬੫	੬੦੭੧੯੫੭ ,,	੩,੨੯੮੦੬੮੫

ਗਊਆਂ ਤੇ ਵਛਿਆਂ ਆਦਿ ਦੀਆਂ ਖੱਲਾਂ

੧੯੫੪-੫੫	੩੫੮੨੭ ਹੰਡਰਡਵੇਟ	੧੩੩੦੧੫੨੮ ਰੁਪਏ
੧੯੫੭	੧੮੦੨੧ ,,	੭੬੩੧੬੩੧ ਰੁਪਏ
੧੯੫੯	੨੨੭੩੨ ,,	੧੧੯੪੯੯੮੦ ਰੁਪਏ
੧੯੬੦-੬੧	੮੪੯੯੨੦ ਕਿਲੋਗ੍ਰਾਮ	੮੬੧੫੫੪੪ ਰੁਪਏ
੧੯੬੩-੬੪	੮੭੮੫੭੪ ,,	੮੨੫੪੪੮੨ ਰੁਪਏ
੧੯੬੪-੬੫	੨੮੨੩੯੧ ,,	੬੮੩੬੦੮੩ ਰੁਪਏ

ਮੱਝਾਂ ਦੀਆਂ ਖੱਲਾਂ ਵੀ ਘਟ ਨਹੀਂ

੧੯੫੪-੫੫	੧੭੮੭੧ ਹੰਡਰਡਵੇਟ	੩੮੦੮੫੪ ਰੁਪਏ
੧੯੫੭	੮੦੪੨ ,,	੧੬੮੦੨੩੯ ਰੁਪਏ
੧੯੫੯	੧੦੬੨੩ ,,	੨੭੮੪੮੦੦ ਰੁਪਏ
੧੯੬੦-੬੧	੪੬੮੪੨੨ ਕਿਲੋਗ੍ਰਾਮ	੨੨੨੫੨੮੧ ਰੁਪਏ
੧੯੬੩-੬੪	੧੫੭੬੪ ,,	੮੧੨੯੯੭ ਰੁਪਏ
੧੯੬੪-੬੫	੧੨੪੫੦੭ ,,	੬੧੦੩੫੭ ਰੁਪਏ

ਕੱਟੇ ਜਾਂ ਕੱਟੀਆਂ ਦੀਆਂ ਖੱਲਾਂ

੧੯੫੧	੨੫੭੩੧ ਹੰਡਰਡਵੇਟ	੭੮੩੨੯੧੧ ਰੁਪਏ
੧੯੫੯	[illegible]੮੫੧[illegible] ,,	੧੫[illegible]੩੦੧੧ ਰੁਪਏ

Sri Satguru Jagjit Singh Ji Elibrary NamdhariElibrary@gmail.com

੧੯੬੦-੬੧	੧੪੬੭੨੪੧ ਕਿਲੋਗ੍ਰਾਮ	੧੦੧੭੪੧੨੯ ਰੁਪਏ
੧੯੬੩-੬੪	੨੧੧੧੭੪੭ ,,	੧੮੧੧੦੫੨੫ ਰੁਪਏ
੧੯੬੪-੬੫	੨੧੫੧੨੬੭ ,,	੧੬੭੬੧੩੪੧ ਰੁਪਏ

ਬੱਕਰੀ ਦੀਆਂ ਖੱਲਾਂ ਦਾ ਵੇਰਵਾ

੧੯੫੪-੫੫	੮੩੩੨੯ ਹੰਡਰਡਵੇਟ	੬੧੩੦੭੪੫੫ ਰੁਪਏ
੧੯੫੭	੯੬੦੫੭ ,,	੭੫੭੨੯੩੦੧ ਰੁਪਏ
੧੯੫੯	੮੫੭੭੮ ,,	੮੪੨੮੬੧੯੯ ਰੁਪਏ
੧੯੬੦-੬੧	੪੦੯੮੩੬੬ ਕਿਲੋਗ੍ਰਾਮ	੮੧੧੫੮੭੨੭ ਰੁਪਏ
੧੯੬੩-੬੪	੫੧੦੬੨੬੭ ,,	੯੬੩੭੪੫੧੭ ਰੁਪਏ
੧੯੬੪-੬੫	੫੯੬੬੪੩੨ ,,	੧੧੦੦੫੮੭੩੧ ਰੁਪਏ

ਭੇਡਾਂ ਵੀ ਇਸ ਸਜ਼ਾ ਤੋਂ ਮੁਕਤ ਨਹੀਂ

੧੯੫੪-੫੫	੫੮੪੧੭ ਹੰਡਰਡਵੇਟ	੪੫੫੪੩੩੭੯ ਰੁਪਏ
੧੯੫੭	੬੩੦੬੩ ,,	੬੨੧੪੯੨੦੪ ਰੁਪਏ
੧੯੫੯	੬੮੯੪੪ ,,	੭੪੩੮੫੧੪੫ ਰੁਪਏ
੧੯੬੦-੬੧	੩੦੫੫੯੩੨ ਕਿਲੋਗ੍ਰਾਮ	੭੩੯੦੬੮੯੧ ਰੁਪਏ
੧੯੬੩-੬੪	੩੦੦੬੭੦੮ ,,	੫੬੧੬੪੪੯੧ ਰੁਪਏ
੧੯੬੪-੬੫	੩੩੮੫੮੩੪ ,,	੭੪੦੩੯੨੪੧ ਰੁਪਏ

ਛੋਟੇ ਜਾਨਵਰਾਂ ਦੀਆਂ ਖੱਲਾਂ ਦੀ ਉਨਤੀ ਹੇਠ ਲਿਖੇ ਵੇਰਵੇ ਤੋਂ ਸਪਸ਼ਟ ਹੋ ਸਕੇਗੀ:

੧੯੫੭	੩੫੩੮ ਹੰਡਰਡਵੇਟ	੮੭੦੪੯੭ ਰੁਪਏ
੧੯੫੯	੪੦੨੩ ,,	੧੨੬੨੨੨੧ ਰੁਪਏ
੧੯੬੦-੬੧	੨੮੫੪੫੩ ਕਿਲੋਗ੍ਰਾਮ	੧੭੯੭੬੭੧ ਰੁਪਏ
੧੯੬੩-੬੪	੧੬੫੩੦੮ ,,	੧੨੦੭੯੭੮ ਰੁਪਏ
੧੯੬੪-੬੫	੧੯੫੪੦੩ ,,	੧੨੦੫੫੧੫ ਰੁਪਏ

ਗਊ-ਹਤਿਆ ਦੇ ਸਮਰਥਕ ਇਹ ਕਹਿੰਦੇ ਹਨ ਕਿ ਬੁਚੜਖਾਨਿਆਂ ਵਿਚ ਸਿਰਫ ਨਕਾਰਾ ਜਾਂ ਨਿਕੰਮੇ ਪਸ਼ੂ ਹੀ ਕਤਲ ਕੀਤੇ ਜਾਂਦੇ ਹਨ। ਪਰ ਸਰਕਾਰੀ ਅੰਕੜਿਆਂ ਅਨੁਸਾਰ ਹੀ ਇਹ ਗੱਲ ਗਲਤ ਹੈ। ਪਸ਼ੂ ਮਾਸ-ਪ੍ਰਾਪਤੀ ਲਈ ਕਤਲ ਹੁੰਦੇ ਹਨ ਤੇ ਮਾਸ ਨਕਾਰਾ ਜਾਂ ਬੁਢਿਆਂ ਤੋਂ ਉਨਾਂ ਵਧ ਤੇ ਵਧੀਆ ਨਹੀਂ ਮਿਲਦਾ ਜਿੰਨਾ ਚੰਗਿਆਂ ਤੋਂ। ਸਵਰਗੀ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ ਜੀ ਨੇ ਵੀ ਇਹ ਮੰਨਿਆ ਸੀ: "ਅਕਸਰ ਦੇਖਿਆ ਜਾਂਦਾ ਹੈ ਕਿ ਅਜਿਹੀਆਂ ਗਊਆਂ ਵੀ ਕਤਲ ਹੁੰਦੀਆਂ ਹਨ ਜੋ ਬਚੇ ਤੇ ਦੁਧ ਦੇਣ ਲਈ ਸਮਰਥ ਹਨ। ਉਨ੍ਹਾ ਦੇ ਕਤਲ ਦਾ ਕਾਰਨ ਇਹ ਹੈ ਕਿ ਜਦੋਂ ਉਹ ਗਭਣਾਂ ਹੋ ਕੇ ਦੁਧ ਦੇਣਾ ਬੰਦ ਕਰ ਦਿੰਦੀਆ ਹਨ ਤਦ ਉਹ ਆਦਮੀ ਜੋ ਉਸਦੇ ਦੁਧ ਤੋਂ ਹੀ ਮੁਨਾਫਾ ਕਰਨਾ ਚਾਹੁੰਦਾ ਹੈ ਉਨ੍ਹਾਂ ਨੂੰ ਪਾਲਣਾ ਬੇਕਾਰ ਸਮਝਦਾ ਹੈ ਫਿਰ ਉਹ ਉਨ੍ਹਾ ਨੂੰ ਕਤਲ ਲਈ ਵੇਚ ਦਿੰਦਾ ਹੈ।..... ਇੰਨਾਂ ਹੀ ਨਹੀਂ ਕਿ ਸਿਰਫ ਦੁਧੋਂ ਰਸੀਆਂ ਗਊਆਂ ਦਾ ਕਤਲ

Sri Satguru Jagjit Singh Ji Elibrary NamdhariElibrary@gmail.com

ਹੁੰਦਾ ਹੈ—ਗੈਰਭ ਗਊਆਂ ਦਾ ਵੀ, ਜਾਣ ਬੁਝ ਕੇ, ਪੇਟ ਦੇ ਬਚੇ ਦੀ ਨਰਮ ਖੱਲ ਤੇ ਮਾਸ ਦੀ ਖਾਤਰ ਵਡੀ ਗਿਣਤੀ ਵਿਚ ਬਧ ਹੁੰਦਾ ਹੈ।" ਸਰਕਾਰੀ ਅੰਕੜਿਆਂ ਅਨੁਸਾਰ ੧੯੫੬ ਵਿਚ ਗੋਧਨ ਦੀ ਕੁਲ ਸੰਖਿਆ੧੫੮੬੫੦੬੨੬ਸੀ, ਇਨ੍ਹਾਂ ਵਿਚੋਂ ਨਕਾਰਾ ਪਸ਼ੂ ੨੭੬੩੦੪੬ ਸਨ, ੧੯੬੧ ਵਿਚ ਗੋਧਨ ਦੀ ਸਾਰੀ ਗਿਣਤੀ ੧੭੫੬੭੧੪੮੧ ਸੀ ਤੇ ਨਕਾਰਾ ਪਸ਼ੂ ਸਨ ੨੬੫੦੭੩੫। ਇਨ੍ਹਾਂ ਅਨੁਸਾਰ ਦੇਸ਼ ਵਿਚ ਨਕਾਰਾ ਪਸ਼ੂ ਸਿਰਫ ਦੋ ਪ੍ਰਤੀਸ਼ਤ ਵੀ ਨਹੀਂ। ਪਰ ਚੰਗੇ ਪਸ਼ੂ ਬੁਚੜਖਾਨੇ ਜਾਣ ਤੋਂ ਪਿਛੋਂ ਜੋ ਪਿਛੇ ਬਚ ਰਹਿੰਦੇ ਹਨ ਉਹ ਤਾਂ ਨਕਾਰਾ ਹੁੰਦੇ ਹੀ ਹਨ। ਇਹ ਵੀ ਸਰਕਾਰੀ ਅੰਕੜਿਆਂ ਦੇ ਅਧਾਰ ਤੇ ਠੀਕ ਸਿਧ ਹੋਇਆ ਹੈ। ਕਿਉਂਕਿ ਜਿਨ੍ਹਾਂ ਸੂਬਿਆਂ ਵਿਚ ਗਊ ਬਧ ਹੁੰਦਾ ਹੈ ਉਥੇ ਨਕਾਰਾ ਪਸ਼ੂ ਬਹੁਤੇ ਹਨ ਤੇ ਗਊ-ਬਧ ਨਾ ਕਰਨ ਵਾਲੇ ਇਲਾਕਿਆਂ ਵਿਚ ਘਟ।ਉਦਾਹਰਣਾ-ਰਥ ਇਨ੍ਹਾਂ ਪ੍ਰਦੇਸ਼ਾਂ ਵਿਚ ਗਊ ਬਧ ਬੰਦ ਹੈ ਤੇ ਨਕਾਰਾ ਪਸ਼ੂ ਇਸ ਗਿਣਤੀ ਵਿਚ ਹਨ:

ਜੰਮੂ ਕਸ਼ਮੀਰ	੦-੭੭
ਰਾਜਸਥਾਨ	੧-੨੨
ਬਿਹਾਰ	੧-੬੨
ਮਧ ਪ੍ਰਦੇਸ਼	੨-੫੧
ਮੈਸੂਰ	੨-੧੫
ਪੰਜਾਬ	੦-੭
ਉਤਰ ਪ੍ਰਦੇਸ਼	੦-੭੮

ਪਰ ਜਿਥੇ ਗਊ ਬਧ ਹੁੰਦਾ ਹੈ ਉਥੋਂ ਦੀ ਗਿਣਤੀ ਦਾ ਟਾਕਰਾ ਕਰੋ:

ਆਸਾਮ	੪-੩੮
ਮਦਰਾਸ	੫-੨੮
ਆਂਧਰਾ ਪ੍ਰਦੇਸ਼	੩-੩੪
ਬੰਗਾਲ	੨-੪੭

ਫਿਰ ਵੀ ਨਕਾਰਾ ਪਸ਼ੂ ਘਾਟੇ ਵਿਚ ਨਹੀਂ। ਪ੍ਰਾਪਤ ਅੰਕੜਿਆਂ ਅਨੁਸਾਰ ਹੀ ੧੯੬੧ ਵਿਚ ਨਕਾਰਾ ਪਸ਼ੂ ੨੬੫੦੭੩੫ ਸਨ। ਮਾਹਿਰਾਂ ਦੀ ਰਾਇ ਅਨੁਸਾਰ ਇਨ੍ਹਾਂ ਦੇ ਪਾਲਨ ਤੇ ਸਾਰਾ ਖਰਚ ੯੫੪੨੬੪੩੦ ਰੁਪਏ ਆਉਂਦਾ ਹੈ ਜਦ ਕਿ ਗੋਹੇ ਮੂਤਰ ਤੋਂ ਆਮਦਨ ੧੨੭੨੩੫੨੪੦ ਰੁਪਏ ਹੁੰਦੀ ਹੈ। ਇਸ ਤਰ੍ਹਾਂ ਨਕਾਰਾ ਪਸ਼ੂਆਂ ਤੋਂ ਵੀ ੩੧੮੦੮੮੨੦ ਰੁਪਏ ਦੀ ਆਮਦਨ ਹੋਈ। ਮਾਹਿਰਾਂ ਦੀ ਰਿਪੋਰਟ ਅਨੁਸਾਰ ਇਕ ਇਕਲੇ ਨਿਕੰਮੇ ਪਸ਼ੂ ਤੋਂ ਵੀ ੪੮ ਰੁਪਏ ਆਮਦਨ ਹੁੰਦੀ ਹੈ ਜਦ ਕਿ ਉਸ ਤੇ ਖਰਚ ੩੬ ਰੁਪਏ ਹੁੰਦਾ ਹੈ।

ਅਜ ਪਛਮੀ ਵਿਚਾਰਧਾਰਾ ਨੂੰ ਅਪਨਾਉਣ ਵਾਲੇ ਭਾਰਤੀਆਂ ਦਾ ਵਿਚਾਰ ਇਹੋ ਹੈ ਕਿ ਜਾਂ ਤਾਂ ਗਊ ਨੂੰ ਖਾਓ ਨਹੀਂ ਤਾਂ ਗਊ ਤੁਹਾਨੂੰ ਖਾ ਜਾਇਗੀ। ਪਰ ਡਾ: ਰਾਜਿੰਦਰ ਪ੍ਰਸਾਦ ਜੀ ਨੇ ੩ ਮਾਰਚ ੧੯੫੧ ਦੀ ਪਸ਼ੂ–ਪ੍ਰਦਰਸ਼ਨੀ ਤੇ ਇਨਾਮ ਵੰਡਣ ਸਮੇ ਇਸ ਸਮਸਿਆ ਸਬੰਧੀ ਆਪਣ ਵਿਚਾਰ ਪਰਗਟ ਕਰਦਿਆਂ ਆਖਿਆ ਸੀ: "ਸਿਆਣਪ ਇਸ ਗਲ ਵਿਚ ਹੈ ਕਿ ਕਮਜ਼ੋਰ ਨਸਲ ਨੂੰ ਵਖਕਰਦਿਤਾ ਜਾਵੇਤੇਕੇਵਲ ਚੰਗੀ ਨਸਲ ਨੂੰ ਹੀ ਵਧਾਇਆ ਜਾਵੇ।............ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਜਦ ਤਕ ਬੇਫਾਇਦਾ ਪਸ਼ੂਆਂ ਦਾ ਨਾਸ਼ ਨਹੀਂ ਕੀਤਾ ਜਾਂਦਾ—ਚੰਗੀਆਂ ਨਸਲਾਂ ਨਹੀਂ ਬਣਾਈਆਂ ਜਾ ਸਕਦੀਆਂ। ਕੁਝ ਹੀ ਸਮਾਂ ਪਹਿਲਾਂ ਭਾਰਤ ਅੰਨ ਤੇ ਦੁਧ ਸਬੰਧੀ ਆਪਣੇ ਪੈਰੀਂ ਖੜਾ ਸੀ ਤੇ ਹੁਣ ਵੀ ਜੇ ਲਗਨ, ਸਿਆਣਪ ਤੇ ਵਿਉਂਤਬੰਦੀ ਨਾਲ ਕੰਮ ਕੀਤਾ ਜਾਵੇ ਤਾਂ ਇਹ ਗਲ ਤੁਰਤ ਭਵਿਖ ਵਿਚ ਹੀ ਸੰਭਵ ਹੋ ਸਕਦੀ ਹੈ।"

ਮਹਾਤਮਾ ਗਾਂਧੀ ਜੀ ਨੇ ੧੯੪੨ ਦੇ 'ਹਰੀਜਨ' ਵਿਚ ਲਿਖਿਆ ਸੀ: "ਜੋ ਅਰਥ-ਸ਼ਾਸ਼ਤਰ ਨੂੰ ਧਰਮ ਤੇ ਨੈਤਿਕ ਤਥਾ ਮਾਨਵੀ ਦ੍ਰਿਸ਼ਟੀਕੋਣ ਤੇ ਪਹਿਲ ਦਿੰਦੇ ਹਨ ਉਹ ਗਲਾ ਪਾੜ ਪਾੜ ਕੇ ਚਿਲਾਉਂਦੇ ਹਨ ਕਿ ਕਿਸਾਨ ਨੂੰ ਉਸਦੇ ਗੋ-ਪਸ਼ੂ ਖਾ ਰਹੇ ਹਨ ਕਿਉਂਕਿ ਜਿੰਨੀ ਉਹ ਉਪਜ ਦਿੰਦੇ ਹਨ ਉਸਦੇ ਮੁਕਾਬਲੇ ਤੇ ਬਹੁਤਾ ਖਾ ਜਾਂਦੇ ਹਨ। ਅਜਿਹੇ ਲੋਕਾਂ ਦਾ ਕਹਿਣਾ ਹੈ ਕਿ ਸਭ ਨਿਰਉਪਯੋਗੀ ਡੰਗਰਾਂ ਨੂੰ ਨਾ ਮਾਰ ਮੁਕਾਉਣਾ ਬੇਵਕੂਫੀ ਹੈ।.........ਗੋਧਨ ਦਾ ਅਰਥਸ਼ਾਸ਼ਤਰੀ

Sri Satguru Jagjit Singh Ji Elibrary NamdhariElibrary@gmail.com

ਇਕ ਪ੍ਰਸਿਧ ਵਿਅਕਤੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ : "ਅਰੰਭਕ ਗਿਣਤੀ ਤੋਂ ਇਹ ਪਰਗਟ ਹੁੰਦਾ ਹੈ ਕਿ ਪ੍ਰਤੀ ਕਿਲੋਗ੍ਰਾਮ ਦੁਧ ਠੋਸ ਪਦਾਰਥ ਉਤਪੰਨ ਕਰਨ ਲਈ ਇਕ ਦੇਸੀ ਗਊ ਨੂੰ ੦,੨੫ ਏਕੜ ਧਰਤੀ ਤੇ ਪੈਦਾ ਹੋਏ ਦਾਣੇ ਦੀ ਜ਼ਰੂਰਤ ਪੈਂਦੀ ਹੈ, ਇਕ ਮਝ ਨੂੰ ੦,੨੮ ਏਕੜ ਭੂਮੀ ਤੇ ਅਮਰੀਕੀ ਗਊ ਨੂੰ ੦,੦੩ ਏਕੜ ਤੇ ਉਪਜੇ ਦਾਣੇ ਚਾਰੇ ਦੀ ।" ਇਸ ਤੋਂ ਪਛਮ ਵਿਚ ਫਲਸਰੂਪ ਲੋਕਾਂ ਦੀ ਇਹ ਆਮ ਚਰਚਾ ਹੈ—ਤੇ ਇਸ ਤੋਂ ਸਾਡੀ ਚਿੰਤਨ ਪਧਤੀ ਪ੍ਰਭਾਵਤ ਵੀ ਹੁੰਦੀ ਹੈ ਕਿ ਜਦੋਂ ਭਾਰਤ ਵਿਚ ਸਭਤੋਂ ਬਹੁਤੇ ਗੋ-ਪਸ਼ੂ ਹਨ ਉਨ੍ਹਾਂ ਦਾ ਦੁਧ ਉਤਪਾਦਨ ਸਭਤੋਂ ਘਟ ਹੈ। ਇਸ ਲਈ ਭਾਰਤ ਨੂੰ ਆਪਣੇ ਭਾਰੂ ਪਸ਼ੂਆਂ ਦੀ ਵਡੀ ਗਿਣਤੀ ਨੂੰ ਘਟ ਕਰਨਾ ਚਾਹੀਦਾ ਹੈ।.........ਪਰ ਸਾਡੀਆਂ ਸਮਸਿਆਵਾਂ ਨੂੰ ਨਾ ਤਾਂ ਪਛਮ ਵਾਲੇ ਤੇ ਨਾ ਹੀ ਉਹ ਜੋ ਪਛਮੀ ਵਿਚਾਰਧਾਰਾ ਤੋਂ ਪ੍ਰਭਾਵਿਤ ਹਨ-ਸੁਲਝਾ ਸਕਦੇ ਹਨ।"

ਦਸੰਬਰ ੧੯੫੩ ਵਿਚ ਪੰਡਤ ਨਹਿਰੂ ਜੀ ਨੇ ਵੀ ਇਹ ਮੰਨਿਆ ਸੀ ਕਿ "ਮੈਂ ਗਾਂਧੀ ਜੀ ਦੇ ਦ੍ਰਿਸ਼ਟੀਕੋਣ ਦੇ ਬਾਰੇ ਇਧਰ ਬਹੁਤਾ ਸੋਚਦਾ ਰਿਹਾ ਹਾਂ। ਇਹ ਕੁਛ ਅਣੋਖੀ ਗੱਲ ਲਗ ਸਕਦੀ ਹੈ ਕਿ ਇਸ ਵਿਸ਼ੇ ਤੇ ਮੈਂ ਗਾਂਧੀ ਜੀ ਦਾ ਨਾਂ ਲੈ ਰਿਹਾਹਾਂ ਜਦੋਂ ਕਿ ਮੈਂ ਆਧੁਨਿਕ ਜੰਤਰਾਂ ਦਾ ਪ੍ਰਸ਼ੰਸਕ ਹਾਂ ਤੇ ਵਧੀਆ ਤੋਂ ਵਧੀਆ ਮਸ਼ੀਨਾਂ ਤੇ ਤਕਨੀਕ ਇਥੇ ਲਿਆਉਣਾ ਚਾਹੁੰਦਾ ਹਾਂ। ਪਰ ਭਾਰਤ ਦੀ ਜੇਹੀ ਸਥਿਤੀ ਹੈ ਉਸ ਵਿਚ ਅਸੀਂ ਭਾਵੇਂ ਕਿੰਨੀ ਹੀ ਤੇਜ਼ੀ ਨਾਲ ਮਸ਼ੀਨੀ ਜੁਗ ਵਲ ਵਧੀਏ-ਅਤੇ ਨਿਸਚੇ ਹੀਂ ਅਸੀਂ ਵਧਾਂਗੇ—**ਇਹ** ਗੱਲ ਸਪਸ਼ਟ ਹੈ ਕਿ ਇਥੋਂ ਦੀ ਵਡੀ ਜਨਤਾ ਉਸਤੋਂ ਪ੍ਰਭਾਵਤ ਨਹੀਂ ਹੈ ਤੇ ਕਾਫ਼ੀ ਸਮੇ ਤਕ ਪ੍ਰਭਾਵਿਤ ਵੀ ਨਹੀਂ ਹੋਇਗੀ।............ਮੈਂ ਸਮਝਦਾ ਹਾਂ ਕਿ ਜਦ ਤਕ ਖੇਤੀ-ਬਾੜੀ ਦੇ ਕੰਮ ਨਾਲ ਕੋਈ ਹੋਰ ਕਿੱਤਾ ਨਹੀਂ ਜੋੜਿਆ ਜਾਂਦਾ ਉਨੀ ਤੇਜ਼ੀ ਨਾਲ ਉਨਤੀ ਨਹੀਂ ਹੋ ਸਕਦੀ। ਮੇਰੇ ਵਿਚਾਰ ਵਿਚ ਪਸ਼ੂ—ਪਾਲਨ ਹੀ ਇਕ ਅਜਿਹਾ ਕਿੱਤਾ ਹੈ ਜਿਸ ਵਿਚ ਉਨਤੀ ਕਰਨੀ ਹੈ ਤੇ ਜਿਸਨੂੰ ਖੇਤੀ ਬਾੜੀ ਦੇ ਕੰਮ ਨਾਲ ਜੋੜਿਆ ਜਾ ਸਕਦਾ ਹੈ।"

ਪਰ ਦੂਜੇ ਪਾਸੇ ਸ੍ਰੀ ਨਹਿਰੂ ਜੀ ਦੇ ਸਮੇ ਵਿਚ ਹੀ ਗਊ-ਬਧ ਨੇ ਵੀ ਉਨਤੀ ਕੀਤੀ ਹੈ। "੨੭-੮-੧੯੬੬ ਦੇ ਰੋਜ਼ਾਨਾ 'ਪ੍ਰਤਾਪ' ਦੀ ਇਕ ਖਬਰ ਅਨੁਸਾਰ ੧੯੪੭ ਵਿਚ ਦੇਸ ਵਿਚ ਸਿਰਫ਼ ੧੦੯੫ ਬੁਚੜਖਾਨੇ ਸਨ। ਪਰ ਆਜ਼ਾਦੀ ਪਿਛੋਂ, ਜਦੋਂ ਪਾਕਿਸਤਾਨ ਦਾ ਇਲਾਕਾ ਵੀ ਨਾਲੋਂ ਛੁਟ ਗਿਆ, ਜੰਮੂ ਕਸ਼ਮੀਰ ਨੂੰ ਛਡਕੇ ਵੀ ੨੮੩੩ ਬੁਚੜਖਾਨੇ ਹਨ।" ਉਹ ਆਪ ਇਸਦੇ ਹਾਮੀ ਹਨ। ਸੰਸਦ ਦੇ ਮੈਂਬਰ ਸੇਠ ਗੋਵਿੰਦ ਦਾਸ ਜੀ ਨੇ ੧੬ ਜੁਲਾਈ ੧੯੫੨ ਨੂੰ 'ਭਾਰਤੀ ਗੋ-ਵੰਸ਼ ਸੁਰਖਿਆ' ਬਿਲ ਪੇਸ਼ ਕੀਤਾ ਜਿਸ ਤੇ ੨੭ ਨਵੰਬਰ ੧੯੫੩ ਨੂੰ ਚਰਚਾ ਹੋਈ। ੧੧ ਦਸੰਬਰ ਨੂੰ ਫਿਰ ਚਰਚਾ ਹੋਈ—੨੬ ਫਰਵਰੀ ੧੯੫੪ ਨੂੰ ਇਸ ਤੇ ਫਿਰ ਬਹਿਸ ਹੋਈ। ਤਦ ਕਾਂਗਰਸੀ ਮੈਂਬਰਾਂ ਦੀ ਬਹੁ-ਗਿਣਤੀ ਇਸਦੇ ਹਕ ਵਿਚ ਸੀ ਤੇ ਜੇ ਕਾਂਗਰਸੀ ਆਗੂ ਉਨ੍ਹਾਂ ਮੈਂਬਰਾਂ ਨੂੰ ਬਾਹਰ ਕੋਰਮ ਪੂਰਾ ਨਾ ਹੋਣ ਦੇਣ ਲਈ ਬਾਹਰ ਜਾਣਦਾ ਹੁਕਮ ਨਾ ਦਿੰਦੇ ਤਦ ਇਹ ਪਾਸ ਵੀ ਹੋ ਜਾਣਾ ਸੀ। ਪਰ ਜਦੋਂ ਨਹਿਰੂ ਜੀ ਨੇ ਦੇਖਿਆ ਕਿ ਲੋਕ ਸਭਾ ਦਾ ਵਿਚਾਰ ਇਸ ਬਿਲ ਦੇ ਹਕ ਵਿਚ ਹੈ ਤਦ ਉਨ੍ਹਾਂ ਨੇ ਆਮਦਨੀ ਜਨਰਲ ਤੋਂ ਅਖਵਾ ਦਿਤਾ ਕਿ ਇਹ ਕੰਮ ਰਾਜ ਸਰਕਾਰਾਂ ਦਾ ਹੈ। ਜਦੋਂ ਇਸ ਬਿਆਨ ਨੂੰ ਪੰ: ਠਾਕੁਰ ਦਾਸ ਤੇ ਐਨ-ਸੀ. ਚੈਟਰਜੀ ਨੇ ਚੁਨੌਤੀ ਦਿਤੀ ਤਦ ਇਸ ਤੇ ਬਹਿਸ ਦੀ ਆਗਿਆ ਨਾ ਦਿਤੀ ਗਈ। ਫਿਰ ਨਹਿਰੂ ਜੀ ਨੇ ਲੋਕ ਸਭਾ ਦੇ ਕਾਂਗ੍ਰਸੀ ਮੈਂਬਰਾਂ ਨੂੰ ਇਹ ਸੂਚਨਾ ਦਿਤੀ ਕਿ ਉਹ

ਸੇਠ ਗੋਵਿੰਦ ਦਾਸ ਜੀ ਦੇ ਬਿਲ ਦੀ ਵਿਰੋਧਤਾ ਕਰਨ ਤੇ ਅੰਤ ਜਦੋਂ ਦਲੀਲਾਂ ਖਤਮ ਹੋ ਗਈਆਂ ਤਦ ਨਹਿਰੂ ਜੀ ਨੇ ਇਸ ਪ੍ਰਸ਼ਨ ਤੇ ਆਪਣਾ ਤਿਆਗਪਤਰ ਦੇਣ ਦੀ ਧਮਕੀ ਵੀ ਦਿਤੀ ਸੀ।

Sri Satguru Jagjit Singh Ji Elibrary NamdhariElibrary@gmail.com

ਸੁਤੰਤਰਤਾ ਪ੍ਰਾਪਤੀ ਪਿਛੋਂ ਜਦੋਂ ਗਊ—ਹਤਿਆ ਬੰਦ ਕਰਨ ਦੀ ਮੰਗ, ਪਹਿਲਾਂ ਦਿਤੇ ਪ੍ਰਣਾਂ ਅਨੁਸਾਰ ਵਧੀ ਤਾਂ ੧੯-੧੧—੧੯੪੭ ਨੂੰ ਇਸ ਸਬੰਧੀ ਇਕ 'ਗੋ-ਰਖਿਆ ਤੇ ਗੋਸੰਵਰਧਨ ਵਿਸ਼ੇਸ਼ਗਯ ਸਮਿਤੀ' ਬਣਾਈ ਗਈ ਸੀ ਜਿਸ ਨੇ ਆਪਣੀ ਰਿਪੋਰਟ ਵਿਚ ਲਿਖਿਆ ਸੀ :

"ਇਸ ਸਮਿਤੀ ਦੀ ਰਾਇ ਵਿਚ ਕਿਸੇ ਵੀ ਸਥਿਤੀ ਵਿਚ ਭਾਰਤ ਵਿਚ ਗਊ-ਬਧ ਹੋਣਾ ਲੋੜੀਂਦਾ ਨਹੀਂ ਤੇ ਗੋ-ਹਤਿਆ ਪਰ ਕਾਨੂੰਨੀ ਰੋਕ ਲਾਈ ਜਾਣੀ ਅਤਿਅੰਤ ਜ਼ਰੂਰੀ ਹੈ। ਭਾਰਤ ਦੀ ਸੁਖ ਸਮ੍ਰਧੀ ਬਹੁਤੀ ਗਊ ਵੰਸ ਤੇ ਨਿਰਭਰ ਹੈ ਤੇ ਦੇਸ਼ ਦੀ ਆਤਮਾ ਨੂੰ ਤਦ ਹੀ ਸੰਤੋਖ ਹੋ ਸਕਦਾ ਹੈ ਜਦ ਦੇਸ ਵਿਚ ਸੰਪੂਰਨ ਤੌਰ ਤੇ ਗਊ-ਹਤਿਆ ਬੰਦ ਹੋਵੇ ਤੇ ਗਊ ਵੰਸ ਦੀ ਵਰਤਮਾਨ ਮੰਦੀ ਅਵਸਥਾ ਨੂੰ ਉਨਤ ਕੀਤਾ ਜਾਵੇ।"

ਉਤਰ ਪ੍ਰਦੇਸ਼ ਵਿਚ ਵੀ ਇਸ ਸਮਸਿਆ ਤੇ ਰੁਛ ਅੜਿਕੇ ਪਾਏ ਜਾ ਰਹੇ ਸਨ ਪਰ ਡਾ: ਸੰਪੂਰਨਾ ਨੰਦ ਨੇ ਕੋਈ ਪ੍ਰਵਾਹ ਨਾ ਕਰਦਿਆਂ ਗਊ-ਬਧ ਬੰਦ ਕਰ ਦਿਤਾ ਸੀ। *ਹੁਣ ਆਗਰੇ ਦੇ ਨੇੜੇ ਹਜ਼ਰਤਪੁਰ ਵਿਚ ਨਵਾਂ ਮਸ਼ੀਨੀ ਬੁਚੜਖਾਨਾ ਖੋਲ੍ਹਿਆ ਜਾ ਰਿਹਾ ਹੈ ਜਿਸ ਤੇ ੩੨ ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ, ਮਸ਼ੀਨਰੀ ਡੈਨ-ਮਾਰਕ ਤੋਂ ਆਇਗੀ। ਇਸ ਵਿਚ ਤਿੰਨ ਹਜ਼ਾਰ ਤੋਂ ਲੈ ਕੇ ੧੫ ਹਜ਼ਾਰ ਪਸ਼ੂ ਰੋਜ਼ਾਨਾ ਕਤਲ ਹੋਇਆ ਕਰਨਗੇ। ਇਹ ਭਾਰਤ ਦੇ ਪਸ਼ੂ ਧਨ ਦਾ ਸਫਾਇਆ ਬਿਲਕੁਲ ਹੀ ਥੋੜੇ ਸਮੇ ਵਿਚ ਕਰਨ ਲਈ ਕਾਫ਼ੀ ਹੋਇਗਾ ਚੀਚਕ ਦਾ ਟੀਕਾ ਵੀ ਗਊ ਹਤਿਆ ਦਾ ਇਕ ਕਾਰਨ ਹੈ।§

*ਪੜ੍ਹੋ ਚੀਚਕ ਦੇ ਟੀਕੇ ਬਾਰੇ ਬਾਰਾਂ ਵਿਚਾਰ ਪ੍ਰਕਾਸ਼ਕ-ਅਕਾਡਮੀ ਆਫ ਨਾਮਧਾਰੀ ਕਲਚਰ ਸ਼ਾਹਪੁਰ (ਫਿਲੌਰ) ਮੁਲ ੨੦ ਪੈਸੇ।

§ਬਦੇਸਾਂ ਵਿਚ ਅਜਿਹੇ ਪ੍ਰਯੋਗ ਕੀਤੇ ਗਏ ਹਨ ਕਿ ਗਊ—ਸ਼ਾਲਾਵਾਂ ਵਿਚ ਮਿਠਾ ਸੰਗੀਤ ਆਯੋਜਨ ਕਰਨ ਨਾਲ ਗਊ ਦਾ ਦੁਧ ਵਧਾਇਆ ਗਿਆ ਹੈ। ਪਰ ਅਫਸੋਸ, ਭਾਰਤ ਵਿਚ ਦੁਧ ਦੀ ਸਮਸਿਆ ਨੂੰ ਸੁਲਝਾਉਣ ਲਈ ਬੁਚੜਖਾਨੇ ਖੁਲ੍ਹ ਰਹੇ ਹਨ। ਹੁਣ ਆਗਰੇ ਵਿਚ........।

ਗਊ ਤੇ ਦੁਧ :

ਅਜ ਸਾਰੀ ਦੁਨੀਆਂ ਦੇ ਪਸ਼ੂਆਂ ਦਾ ਲਗਪਗ ਪੰਜਵਾਂ ਹਿਸਾ ਭਾਰਤ ਵਿਚ ਹੈ। ਹਰ ਭਾਰਤੀ ਨੂੰ ਘਟੋ ਘਟ ੧੦ ਔਂਸ ਦੁਧ ਦੀ ਲੋੜ ਹੈ ਜਦਕਿਮਿਲਦਾਹੈਪਔਂਸਭ, ਰਤੀਗਊਔਸਤਨ੨੨੦ ਕਿਲੋ (ਪ੍ਰਤੀ ਵਰਸ਼) ਦੁਧ ਦਿੰਦੀ ਹੈਜਦ ਕਿ ਹਾਲੈਂਡ ਵਿਚ ਦੀ ਮਾਤਰਾ ੪੨੨੦ ਕਿਲੋ, ਡੈਨਮਾਰਕ ਵਿਚ ੩੭੦੦, ਜਰਮਨੀ ਵਿਚ ੩੪੦੦, ਇੰਗਲੈਂਡ ਵਿਚ ੨੮੯੦ ਤੇ ਰੂਸ ਵਿਚ ੧੭੭੦ ਕਿਲੋ ਹੁੰਦੀ ਹੈ। ਇਸਦਾ ਭਾਵ ਹੋਇਆ ਕਿ ਜਿਥੇ ਕਦੇ ਦੁਧ ਦੀਆਂ ਨਦੀਆਂ ਵਗਦੀਆਂ ਹੁੰਦੀਆਂ ਸਨ ਉਥੇ ਹੁਣ ਦੁਧ ਖਤਮ ਹੋ ਰਿਹਾ ਹੈ ਕਿਉਂਕਿ ਭਾਰਤ ਵਿਚ ਹੁਣ ਗਊ ਦੀ ਪੂਜਾ ਹੀ ਰਹਿ ਗਈ ਹੈ ਸੇਵਾ ਖੰਭ ਲਾ ਕੇ ਉਡ ਰਹੀ ਹੈ। ਜੇ ਸੇਵਾ ਹੈ ਤਾਂ ਨਾਮਧਾਰੀ ਪੰਥ ਵਿਚ, ਜਿਥੇ ਗਊ ਦੀ ਪੂਰੀ ਕਦਰ ਕੀਤੀ ਜਾਂਦੀ ਹੈ। ਇਸੇ ਕਾਰਨ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਡੇਅਰੀ ਫਾਰਮ ਦੀਆਂ ਗਊਆਂ ਹਰ ਵਰ੍ਹੇ ਭਾਰਤ ਭਰ ਦੇ ਦੁਧ ਮੁਕਾਬਲੇ ਵਿਚੋਂ ਪਹਿਲੇ ਨੰਬਰ ਪ੍ਰਾਪਤ ਕਰਦੀਆਂ ਹਨ। ਆਮ ਗਊ ਆਪਣੇ ਜੀਵਨ ਕਾਲ ਵਿਚ ੧੯੪੦੦ ਪੌਂਡ ਦੁਧ ਦਿੰਦੀ ਹੈ ਜਦ ਕਿ ਸ੍ਰੀ ਜੀਵਨ ਨਗਰ ਦੇ ਉਪਰੋਕਤ ਫਾਰਮ ਦੀ ਇਕ ਗਊ ਨੇ ਇਕੋ ਸੂਏ ਵਿਚ ਹੀ ੧੪੦੦੦ ਪੌਂਡ ਤੋਂ ਵਧ ਦੁਧ ਦਿਤਾ ਸੀ!

ਪੁਰਾਣੇ ਸਮੇ ਵਿਚ ਚਰਾਗਾਹਾਂ ਦਾ ਆਮ ਹੋਣਾ ਵੀ ਦੁਧ ਉਤਪਾਦਨ ਵਿਚ ਸਹਾਇਕ ਹੁੰਦਾ ਸੀ ਪਰ ਹੁਣ ਚਰਾਗਾਹਾਂ ਦੀ ਘਾਟ ਕਾਰਨ ਹੀ, ਮਾਹਿਰਾਂ ਦੀ ਰਾਇ ਅਨੁਸਾਰ ੨੦ ਤੋਂ ੩੦ ਪ੍ਰਤੀਸ਼ਤ ਗਊਆਂ ਬਾਂਝ ਹੋ ਜਾਂਦੀਆਂ ਹਨ। ਦੁਧ ਦੇ ਇਸ ਘਾਟੇ ਨੂੰ ਪੂਰਾ ਕਰਨ ਲਈ ਰੁਖਾਂ ਤੋਂ ਦੁਧ ਪ੍ਰਾਪਤ ਕਰਨ ਦੀਆਂ ਵਿਉਂਤਾਂ ਸੋਚੀਆਂ ਜਾ ਰਹੀਆਂ ਹਨ। ਪਰ ਭਾਰਤ ਵਿਚ ਰੁਖ ਵੀ, ਜੋ ਦੁਧ

Sri Satguru Jagjit Singh Ji Elibrary NamdhariElibrary@gmail.com

ਉਤਪਾਦਨ ਲਈ ਬਾਹਰਲੇ ਕਈ ਮੁਲਕਾਂ ਵਿਚ ਵਰਤੇ ਜਾਂਦੇ ਹਨ, ਸਫਲ ਨਹੀਂ ਹੋਏ। ਜਾਂ ਤੇ ਉਨ੍ਹਾਂ ਵਿਚੋਂ ਦੁਧ ਪ੍ਰਾਪਤ ਹੀ ਨਹੀਂ ਹੋ ਸਕਿਆ ਤੇ ਜੇ ਹੋਇਆ ਵੀ ਹੈ ਤਾਂ ਉਹ ਯੋਗ ਮਾਤਰਾ ਵਿਚ ਨਹੀਂ। ਧਨ ਦੇ ਲਾਲਚ ਲਈ ਪਸ਼ੂ-ਧਨ ਦਾ ਨਾਸ ਕਰਨਾ, ਉਸ ਕਮਾਏ ਹੋਏ ਧਨ ਨੂੰ ਦੁਆਈਆਂ ਲਈ ਵਰਤਣਾ ਤੇ ਦੁਧ ਲਈ ਰੁਖਾਂ ਅਗੇ ਮਿੰਨਤਾ ਕਰਨੀਆਂ ਕਿਧਰ ਦੀ ਸਿਆਣਪ ਹੈ ?

ਜਾਨ ਬਚਾਵਣੀ ਹੈ

ਕਾਕਾ ਦਰਸ਼ਨ ਸਿੰਘ ਜੀ.

ਭਾਰਤ ਦੇਸ਼ ਦਾ ਧਰਮ ਗਊ ਰਖਸ਼ਾ,
ਦੇਸ਼ ਸਾਡੇ ਨੂੰ ਇਹੋ ਸੁਹਾਂਵਦਾ ਏ।

ਜਿਹੜੇ ਦੇਸ਼ ਵਿਚ ਧਰਮ ਨਹੀਂ ਕਾਇਮ ਰਹਿੰਦਾ।
ਇਕ ਦਿਨ ਨੂੰ ਗਾਰਕ ਉਹ ਜਾਂਵਦਾ ਏ।

ਉਠੋ ਦੇਸ਼ ਦੇ ਵਾਸੀਓ ਕਰੋ ਚਾਰਾ।
ਦੇਸ਼ ਤਾਈਂ ਜੇ ਤੁਸਾਂ ਖੁਸ਼ਹਾਲ ਕਰਨਾ।

ਦੇਸ਼ ਵਿਚੋਂ ਕੰਗਾਲੀ ਜੇ ਦੂਰ ਕਰਨੀ।
ਪਹਿਲਾਂ ਗਊ ਨੂੰ ਪਊ ਨਿਹਾਲ ਕਰਨਾ।

ਅਣਖ ਰਖਣੀ ਮਾਤਾ ਦੀ ਤੁਸਾਂ ਨੇ ਹੀ।
ਆਪਾਂ ਦੇਸ਼ ਦੀ ਸੇਵਾ ਕਮਾ ਲਈਏ।

ਸਿਰ ਧੜ ਦੀ ਬਾਜੀ ਲਗਾਕੇ ਤੇ।
ਗਊ ਮਾਤਾ ਦੀ ਜਾਨ ਬਚਾ ਲਈਏ।

Sri Satguru Jagjit Singh Ji Elibrary NamdhariElibrary@gmail.com

ਭਾਰਤ ਤੇ ਗੋ ਧ ਨ ਦੀ ਰਖਿਆ

ਅਸ਼ੋਕ ਜੀ ਇਤਹਾਸ ਦੇ ਮਹਾਨ ਖੋਜੀ ਹਨ। ਇਹਨਾਂ ਨੇ ਸਚੀ ਲਗਨ ਨਾਲ ਪੰਜਾਬੀ ਮਾਂ ਦੀ ਸਾਰੀ ਉਮਰ ਨਿਗਰ ਸੇਵਾ ਕੀਤੀ। ਸਿਖ ਇਤਹਾਸ ਨੂੰ ਆਪਣੀ ਕਲਮ ਰਾਹੀਂ ਉਲੀਕ ਕੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਇਹਨਾਂ ਦੇ ਜੀਵਨ ਦਾ ਬਹੁਤਾ ਹਿਸਾ ਪੰਜਾਬੀ ਮਾਂ ਦੀ ਸੇਵਾ ਵਿਚ ਬੀਤ ਚੁਕਾ ਹੈ। ਅਤੇ ਅਗਲੇ ਜੀਵਨ ਨੂੰ ਆਪਣੇ ਪਿਆਰੇ ਦੇਸ਼ ਦੇ ਲੇਖੇ ਲਾ ਰਹੇ ਹਨ। ਜੋ ਔਣ ਵਾਲੀ ਨਸਲ ਲਈ ਇਕ ਰੋਸ਼ਨੀ ਦਾ ਪਾਵਰ ਹਾਊਸ ਹੋਵੇਗਾ। (ਸਾਜਨ.)

—ਸ੍ਰ: ਸ਼ਮਸ਼ੇਰ ਸਿੰਘ ਜੀ "ਅਸ਼ੋਕ"

ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਭਾਰਤ ਵਰਸ਼ ਦੀ ਆਜੀਵਕਾ ਮੂਲ ਸਾਧਨ ਗੋ-ਧਨ ਹੈ। ਉਹ ਇਸ ਕਰਕੇ ਕਿ ਏਥੇ ਗਊਆਂ ਦੇ ਨਾਲ ਹੀ ਪਹਿਲੇ ਪਹਿਲ ਖੇਤੀ ਵਾੜੀ ਦਾ ਮੁਢ ਬਝਿਆ ਸੀ। ਬੈਲਾਂ ਦੀ ਜੋੜੀ ਲੈਕੇ ਕਿਸਾਨਾਂ ਨੇ ਅਨਾਜ ਉਪਜ ਨਿਪਜ ਲਈ ਖੇਤ ਵਾਹੁਣੇ, ਬੀਜਣੇ ਤੇ ਸਿੰਜਣੇ ਸ਼ੁਰੂ ਕੀਤੇ ਤੇ ਫੇਰ ਜਦ ਖੇਤੀ ਪੱਕਣ ਤੇ ਆਉਂਦੀ ਤਾਂ ਗਾਹ—ਗਹਾਈ ਕਰਕੇ ਦਾਣੇ ਕਢਣੇ ਤੇ ਗਡਿਆਂ ਉਤੇ ਲੱਦ ਕੇ ਘਰ ਲਿਆਉਣੇ ਆਦਿ ਸਾਰੇ ਕੰਮ ਬੈਲਾਂ ਦੇ ਤੁਫ਼ੈਲ ਨਾਲ ਹੀ ਹੋਣ ਲਗੇ। ਇਸਤੋਂ ਬਿਨਾਂ ਗਊਆਂ ਦਾ ਦੁਧ ਪਵਿਤ੍ਰ ਮੰਨਕੇ, ਜੋ ਕਿ ਮੱਝਾਂ ਦੇ ਦੁਧ ਦੇ ਮੁਕਾਬਲੇ ਤੇ ਬਹੁਤਾ ਹੌਲਾ ਗੁਣਕਾਰੀ ਤੇ ਜਲਦੀ ਹਜ਼ਮ ਹੋਣ ਵਾਲਾ ਹੁੰਦਾ ਹੈ, ਭਾਰਤੀ ਪਰਿਵਾਰਾਂ ਦੀ ਰੋਜ਼ਾਨਾ ਜ਼ਿੰਦਗੀ ਵਿਚ ਕੰਮ ਆਉਣਾ ਸ਼ੁਰੂ ਹੋਇਆ। ਨਾਲੇ ਗਊ ਨਾਲੋਂ ਮੱਝ ਦਾ ਦੁਧ ਭਾਰਾ ਤੇ ਘੂਕੀ ਚਾੜ੍ਹਨ ਵਾਲਾ ਹੁੰਦਾ ਹੈ। ਇਸਤੋਂ ਨੀਚੇ ਉਤਰ ਕੇ ਦੂਜਾ ਦੁਧ ਹੁੰਦਾ ਹੈ ਬਕਰੀਆਂ, ਭੇਡਾਂ ਤੇ ਊਠਣੀ ਆਦਿ ਦਾ ਇਨ੍ਹਾਂ ਵਿਚ ਵੀ ਕੁਝ ਵਖੋ ਵਖ ਸਿਫ਼ਤਾਂ ਹਨ ਜੋ ਗਊ ਦੇ ਦੁਧ ਦੇ ਮੁਕਾਬਲੇ ਤੇ ਗੁਣਾਂ ਵਿਚ ਖਰੀਆਂ ਨਹੀਂ ਉਤਰਦੀਆਂ। ਇਸਤੋਂ ਬਿਨਾ ਇਕ ਸਭਤੋਂ ਵਡੀ ਖੂਬੀ ਗਊ ਦੇ ਦੁਧ ਵਿਚ ਇਹ ਵੀ ਹੈ ਕਿ ਇਸਦੇ ਪੀਣ ਲਈ ਦਿਮਾਗ਼ ਨੂੰ ਤਾਕਤ ਪਹੁੰਚਦੀ ਤੇ ਅਕਲ ਵਧਦੀ ਹੈ। ਇਹ ਸਿਫਤ ਇਸ ਮਿਕਦਾਰ ਵਿਚ ਹੋਰ ਦੁਧ ਵਿਚ ਨਹੀਂ ਹੈ। ਇਸਤੋਂ ਬਿਨਾ ਗਊ ਦੇ ਘੀ ਤ੍ਰੋਂ ਹਵਨ ਆਦਿ ਦੇ ਕੰਮ ਲਏ ਜਾਣ ਤੇ ਇਸਦੀ

Sri Satguru Jagjit Singh Ji Elibrary NamdhariElibrary@gmail.com

ਮਹਾਨਤਾ ਵਿਚ ਹੋਰ ਵੀ ਵਾਧਾ ਹੋਇਆ, ਤੇ ਜੱਗ 'ਚ ਇਸਦੀ ਆਹੂਤੀ ਨਾਲ ਨਾ ਕੇਵਲ ਦੇਵਤੇ ਹੀ ਪ੍ਰਸੰਨ ਹੋਣ ਲਗੇ, ਸਗੋਂ ਹਿੰਦੁਸਤਾਨੀ ਪੂਜਾ ਦੇ ਆਚਾਰ–ਵਿਹਾਰ ਵਿਚ ਵੀ ਕਈ ਵਾਧੇ ਅਕਲ ਨੂੰ ਹੈਰਾਨ ਕਰਨ ਵਾਲੇ ਹੋਏ। ਦਰ ਅਸਲ ਵੈਦਿਕ ਜੱਗ ਗਊ ਦੇ ਦੁਧ, ਘੀ, ਦਹੀਂ ਆਦਿ ਪਦਾਰਥਾਂ ਨਾਲ ਹੀ ਸੰਪੰਨ ਹੁੰਦੇ ਸਨ, ਜਿਸਤੋਂ ਗਊ ਦਾ ਰੁਤਬਾ ਵੈਦਿਕ ਰਿਖੀਆਂ ਦੇ ਦਿਲ ਵਿਚ ਵਧਿਆ।

ਯਾਸਕ ਦੀ ਨਿਰੁਕਤ ਦੇ ਅਨੁਸਾਰ ਗਊ ਤੇ ਪ੍ਰਿਥਵੀ ਦੋਵੇਂ ਸਮਾਨ ਅਰਥ ਰਖਣ ਵਾਸਤੇ ਸ਼ਬਦ ਹਨ। ਪ੍ਰਿਥਵੀ ਜਿਵੇਂ ਦੂਰ ਦੂਰ ਤਕ ਫੈਲੀ ਹੋਈ ਹੈ ਉਸੇਤਰਾਂ ਗਊ ਦਾ ਤੁਰਨ ਫਿਰਨ ਵੀ ਦੂਰ ਦੂਰ ਤਕ ਹੈ। ਉਹ ਕੋਈ ਜੰਗਲ ਬੇਲਾ, ਉਜਾੜ ਜਾਂ ਬਸਤੀ ਨਹੀਂ ਜਿਥੇ ਗਊ ਨਾ ਪਹੁੰਚਦੀ ਹੋਵੇ ਇਸ ਲਈ ਗਊ ਤੇ ਪ੍ਰਿਥਵੀ ਦੀ ਨਿਰੁਕਤ ਦੇ ਕਥਨ ਅਨੁਸਾਰ ਗੋ–ਸੰਗਯਾ ਹੈ।

ਖਾਸ ਕਰਕੇ ਕਿਸਾਨਾਂ ਲਈ, ਜਿਨ੍ਹਾਂ ਦਾ ਕੰਮ ਗਊਆਂ ਤੋਂ ਬਗੈਰ ਚਲ ਨਹੀਂ ਸਕਦਾ, ਗੋ-ਧਨ ਦੇ ਤੁਲ ਹੋਰ ਕੋਈ ਧਨ ਨਹੀਂ ਹੈ ਜਿਸ ਕਰਕੇ ਧਰਮ ਸਾਸਤਰਾਂ ਵਿਚ ਗੋ–ਧਨ ਨੂੰ ਧੰਨ ਕਹਿਕੇ ਸਤਕਾਰਿਆ ਹੈ। ਇਸੇ ਕਾਰਨ ਜੋ ਲੋਕੀਂ ਗਊਆਂ ਦੀ ਸੇਵਾ ਮਨ ਚਿਤ ਲਾਕੇ ਕਰਦੇ ਹਨ ਉਨ੍ਹਾਂ ਦੀ ਸ੍ਰੀ (ਲਛਮੀ) ਦਾ ਕੁਦਰਤੀ ਤੌਰਤੇ ਵਾਧਾ ਹੋਣਾ ਲਿਖਿਆ ਹੈ ਤੇ ਵੇਦ–ਮੰਤ੍ਰਾਂ ਵਿਚ ਤਾਂ ਗਊ ਨੂੰ "ਮਾਤਾ ਰੁਦ੍ਰਾਣਾ ਦੁਹਿਤਾ ਵਸੂਨਾਂ" ਅਰਥਾਤ ਇਹ ਗਊ ੧੨ ਰੁਦ੍ਰ ਦੇਵਤਿਆਂ ਦੀ ਮਾਤਾ ਤੇ ਅੱਠ ਵਸੂ ਦੇਵਤਿਆਂ ਦੀ ਪੁਤ੍ਰੀ ਕਹਿਕੇ ਸਨਮਾਨਿਆ ਹੈ। ਇਸ ਵੀ ਮਾਤਾਏਸੇ ਕਰਕੇ ਹੈ ਤੇ ਹਿੰਦੂਆਂ ਨੇ ਗਊ ਨੂੰ ਮਾਤਾਂ ਦਾ ਰੁਤਬਾ ਵੀ ਇਸੇ ਕਾਰਨ ਹੀ ਦਿਤਾ ਹੈ।

ਗੋ-ਧਨ ਦੀ ਇਤਨੀ ਮਹਾਨਤਾ ਦੇ ਬਾਵਜੂਦ ਵੀ ਜਿਥੋਂ ਤਕ ਦੇਖਣ ਵਿਚ ਆਉਂਦਾ ਹੈ ਹਿੰਦੂ–ਸਮਾਜ ਵਲੋਂ ਗਊਆਂ ਦੀ ਰਖਿਆ ਵਲ ਏਨਾ ਧਿਆਨ ਨਹੀਂ ਦਿਤਾ ਜਾਂਦਾ। ਪਟਿਆਲੇ, ਨਾਭੇ, ਲੁਧਿਆਣੇ ਆਦਿ ਸ਼ਹਿਰਾਂ ਵਿਚ ਜਿਵੇਂ ਕਿ ਕਈ ਵੇਰ ਵੇਖਿਆ ਗਿਆ ਹੈ, ਸੈਂਕੜੇ ਗਊਆਂ ਜੋ ਮਾਲਿਕਾਂ ਨੇ ਦੁਧ ਪੀ ਕੇ ਘਰੋਂ ਕਢ ਛਡੀਆਂ ਹੁੰਦੀਆਂ ਹਨ, ਬਾਜਾਰਾਂ ਵਿਚ ਸਬਜ਼ੀ ਦੇ ਡਿਗੇ ਹੋਏ ਪੱਤੇ ਤੇ ਜੂਠੇ ਛਿਲਕੇ ਚਬਦੀਆਂ ਤੇ ਲੋਕਾਂ ਤੋਂ ਡੰਡੇ ਖਾਂਦੀਆਂ ਫਿਰਦੀਆਂ ਹਨ। ਗਰਮੀਆਂ ਦੇ ਦਿਨਾਂ ਵਿਚ ਅਜਿਹੀਆਂ ਅਵਾਰਾ ਗਊਆਂ, ਕਈ ਵੇਰ ਲੋਕਾਂ ਦੇ ਹਥੋਂ ਡੰਡੇ ਖਾਕੇ ਤੇ ਪਾਣੀ ਖੁਣੋਂ ਤ੍ਰਿਹਾਈਆਂ ਬਾਜ਼ਾਰਾਂ ਵਿਚ ਡਿਗ ਕੇ ਤੇ ਗੋਡੇ ਰਗੜ ਕੇ ਬੁਰੀਤਰਾਂ ਮਰਦੀਆਂ ਵੀ ਦੇਖੀਆਂ ਹਨ। ਜੇ ਹਿੰਦੂ ਲੋਕ ਗੋ-ਧਨ ਨੂੰ ਸਚਮੁਚ ਹੀ ਮਾਤਾ ਦਾ ਦਰਜਾ ਦਿੰਦੇ ਹਨ ਤਾਂ ਇਸ ਤਰਾਂ ਉਨ੍ਹਾਂ ਦੀ ਹਤਿਆ ਹੋਣੀ, ਜੋ ਬੁਚੜਖਾਨਿਆਂ ਦੇ ਮੁਕਾਬਲੇ ਤੋਂ ਵੀ ਵਧੇਰੇ ਭਯਾਨਕ ਹਤਿਆ ਹੈ, ਕਿਸੇ ਤਰਾਂ ਵੀ ਉਚਿਤ ਨਹੀਂ ਹੈ।

ਚੰਗੀ ਨਸਲ ਦੀਆਂ ਗਊਆਂ ਰਖਣੀਆਂ ਤੇ ਉਨ੍ਹਾਂ ਦੀ ਪਾਲਣਾ ਠੀਕ ਉਸੇਤਰਾਂ ਹੋਣੀ ਚਾਹੀਏ ਜਿਸ ਤਰਾਂ ਕਿ ਨਾਮਧਾਰੀ ਦਰਬਾਰ ਵਲੋਂ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਆਦਿ ਸਥਾਨਾਂ ਪਰ ਅਜਿਹੇ ਦੇਸ਼-ਉਸਾਰੂ ਗੋ-ਧਨ ਦੀ ਰਖਿਆ ਲਈ ਚੰਗੇ ਤਰੀਕੇ ਅਪਣਾਏ ਜਾ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com

ਪਸ਼ੂ ਵਪਾਰੀਆਂ ਦੇ ਹਥ ਗਊ ਨਾ ਵੇਚੋ

--ਚੌਧਰੀ ਸੁਖਦੇਵ ਸਿੰਘ ਜੀ

ਚੌਧਰੀ ਸੁਖਦੇਵ ਸਿੰਘ ਜੀ ਗਊ - ਰਖਿਆ ਦੇ ਪਕੇ ਹਾਮੀ ਹਨ। ਆਪ ਜੀ ਨੇ ਆਪਣੇ ਅਜ ਤਕ ਦੇ ਜੀਵਨ ਦੀ ਪੂੰਜੀ ਇਹਨਾ ਹੀ ਪ੍ਯਤਨਾ ਵਿਚ ਗੁਜਾਰੀ ਹੈ ਆਪ ਹਿੰਦੀ ਦੇ ਮਾਸਕ ਪਤਰ ਗੋ-ਧਨ ਦੇ ਮੁਦਰਕ ਤੇ ਪ੍ਰਕਾਸ਼ਕ ਹਨ। ਗਊ ਹਮੈਤੀਆਂ ਨੂੰ ਸਮੇ ਸਮੇ ਸਿਰ ਅਹਿੰਸਾ ਦੇ ਰਾਹ ਤੇ ਤੁਰਨ ਲਈ ਪ੍ਰੇਰਨਾ ਦੇਂਦੇ ਹਨ। ਚੌਧਰੀ ਜੀ ਦਾ ਨਾਮਧਾਰੀ ਪੰਥ ਨਾਲ ਅਤੀ ਸਨੇਹ ਹੈ ਤੇ ਸਤਿਗੁਰੂਰਾਮ ਸਿੰਘ ਜੀ ਦੇ ਪਾਇ ਪੂਰਨਿਆਂ ਦੇ ਧਾਰਨੀ ਹਨ। ਗਊਆਂ ਦੀ ਖਤਮ ਹੋਈ ਨਸਲ ਨੂੰ ਬਚੌਣ ਦੇ ਸੁਝਾਅ ਪਾਠਕ ਹੇਠ ਪੜ੍ਹਨ। —ਸਾਜਨ

ਹਰਿਆਣਾ ਅਤੇ ਪੰਜਾਬ ਦੀ ਗਊ—ਨਸਲ ਸਾਰੇ ਦੇਸ਼ ਵਿਚ ਪ੍ਰਸਿਧ ਹੈ। ਪਰ ਅਜ ਦੇਸ਼ ਦੀ ਚੰਗੀ ਨਸਲ ਦੀ ਗਊਆਂ ਨੂੰ ਕਲਕਤਾ, ਬੰਬਈ ਆਦਿ ਵਡੇ ਨਗਰਾਂ ਵਿਚ ਲਿਜਾਕੇ ਆਮ ਤੌਰ ਤੇ ਵਛੇ ਵਛੀਆਂ ਇਕ ਮਹੀਨੇ ਦੇ ਵਿਚ ਵਿਰ ਅਤੇ ਗਊ ਦੁਧ ਘਟ ਹੋਣ ਤੇ ਕਸਾਈ ਦੀ ਛੁਰੀ ਥਲੇ ਦੇ ਦਿਤੀ ਜਾਂਦੀ ਹੈ।

ਸੰਸਾਰ ਦੇ ਉਹ ਦੇਸ਼ ਜਿਥੇ ਲੋਕ ਗਊ ਦਾ ਮਾਸ ਖਾਂਦੇ ਹਨ ਉਥੇ ਵੀ ਅਜੇਹੀ ਚੰਗੀ ਨਸਲ ਦੀਆਂ ਗਊਆਂ ਤੇ ਛੁਰੀ ਨਹੀਂ ਚਲਦੀ।

ਚੌਧਰੀ ਸਰ ਛੋਟੂ ਰਾਮ ਜੀ ਦੀ ਜ਼ਿਮੀਦਾਰਾ ਸਰਕਾਰ ਨੇ ਪੰਜਾਬ ਦੇ ਖੇਤੀ ਕਰਨ ਵਾਲਿਆਂ ਦੇ ਲਾਭ ਨੂੰ ਵੇਖਦੇ ਹੋਏ ੧੯ ਨਵੰਬਰ ੧੯੪੪ ਦੀ ਨੋਟੀਫਿਕੇਸ਼ਨ ਨੰਬਰ ੧੦੦੯ ਅਤੇ ੯੦੯੦। ੪੪ ਦੁਆਰਾ ਪੰਜਾਬ ਤੋਂ ਬਾਹਰ ਗਾਂ, ਵਛੀ ਆਦਿ ਲੈ ਜਾਣ ਤੇ ਰੋਕ ਲਾਈ ਸੀ। ਗ਼ੈਰ ਕਾਨੂੰਨੀ ਤੌਰ ਤੇ ਗਾਂ ਵੇਚਣ ਵਾਲੇ ਦੇ ਲਈ ਤਿੰਨ ਸਾਲ ਦੀ ਕੈਦ ਦੀ ਸਜ਼ਾ ਮੁਕਰਰ ਕੀਤੀ। ਪਰ ਦੂਜੇ ਮਹਾ ਯੁਧ ਦੇ ਦੇ ਬਾਦ ਇਹ ਕਾਨੂੰਨ ਸਮਾਪਤ ਹੋ ਗਿਆ।

੧੯੫੨ ਵਿਚ ਹਿਸਾਰ ਅਤੇ ਰੋਹਤਕ ਦੇ ਜ਼ਿਲਾ ਬੋਰਡ ਨੇ ਗਊ ਦੇ ਬਾਹਰ ਭੇਜਣ ਤੇ ਰੋਕ ਲਾਣ ਦਾ ਪ੍ਰਸਤਾਵ ਪਾਸ ਕੀਤਾ। ਸਰਕਾਰ ਨੇ ਗਊ—ਹਤਿਆਰਿਆਂ ਦੇ ਲਾਭ ਲਈ ਗਊਆਂ ਨੂੰ ਬਾਹਰ ਭੇਜਣਾ ਜਾਰੀ ਰਖਿਆ।

ਪਿਛਲੇ ੨੦ ਸਾਲਾਂ ਵਿਚ ਹਰਿਆਣਾ ਅਤੇ ਪੰਜਾਬ ਤੋਂ ਲਖਾਂ ਗਊਆਂ ਕਲਕਤਾ ਅਤੇ ਬੰਬਈ ਨੂੰ ਭੇਜੀਆਂ ਗਈਆਂ ਹਨ। ਜਿਹੜੀਆਂ ਗਊਆਂ ਇਥੇ ਰਹਿ ਕੇ ੧੦-੧੨ ਵਛੇ ਵਛੀਆਂ ਦੇਕੇ ਨਸਲ ਨੂੰ ਉਨਤ ਦੁਧ ਵਿਚ ਵਾਧਾ, ਚੰਗੇ ਬਲਦ ਦੇਂਦੀਆਂ ਸਨ, ਉਹ ਇਕ ਜਾਂ ਦੋ ਬਚੇ ਦੇਣ ਦੇ ਬਾਦ ਸ਼ਹਿਰਾਂ ਦੇ ਵਿਚ ਭੇਜਕੇ ਨਸ਼ਟ ਕਰ ਦਿਤੀਆਂ ਜਾਂਦੀਆਂ ਹਨ।

ਜੇਕਰ ਇਸ ਬਰਬਾਦੀ ਨੂੰ ਨਾ ਰੋਕਿਆ ਗਿਆ, ਗਊਆਂ ਦਾ ਬਾਹਰ ਜਾਣਾ ਜਾਰੀ ਰਿਹਾ

Sri Satguru Jagjit Singh Ji Elibrary NamdhariElibrary@gmail.com

ਤਾਂ ਨਾ ਤਾ ਖੇਤੀ ਦੇ ਲਈ ਬਲਦ ਮਿਲਣਗੇ ਤੇ ਨਾ ਹੀ ਦੁਧ ਵਿਚ ਵਾਧਾ ਹੋਵੇਗਾ। ਗਊਆਂ ਦੇ ਬਾਹਰ ਜਾਣ ਤੋਂ ਪੰਜਾਬ ਅਤੇ ਹਰਿਆਣਾ ਨੂੰ ਅਜੇਹਾ ਨੁਕਸਾਨ ਹੈ ਜਿਹੜਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਸਰਕਾਰ ਦੁਆਰਾ ਚਰਾਂਦ ਵਾਲੀ ਜ਼ਮੀਨ ਤੋੜਨ ਦੇ ਕਾਰਨ ਅਜ ਗਊ ਰਖਣੀ ਸੌਖੀ ਨਹੀਂ। ਪਸ਼ੂ ਵਿਪਾਰੀਆਂ ਨੂੰ ਗਊ ਵੇਚਣ ਬਦਲੇ ਇਕ ਵਾਰ ਲਾਭ ਤਾਂ ਮਿਲਦਾ ਹੈ, ਪਰ ਉਹ ਸਬਾਈ ਨੁਕਸਾਨ ਦੇ ਮੁਕਾਬਲੇ ਵਿਚ ਘਟ ਹੈ।

ਰਾਜਸਥਾਨ ਦੇ ਲਾਲ ਪਗੜ ਵਾਲੇ ਭਾਟ ਹਜਾਰਾਂ ਦੀ ਗਿਣਤੀ ਵਿਚ ਗਊ ਅਤੇ ਵਛੀਆਂ ਇਕਠੀਆਂ ਕਰਕੇ ਉਤਰ ਪ੍ਰਦੇਸ ਦੇ ਮੁਸਲਮਾਨਾਂ ਦੇ ਪਿੰਡਾਂ ਵਿਚ ਕਤਲ ਕਰਨ ਨੂੰ ਚੋਰੀ ਛਿਪੇ ਪਹੁੰਚਾਂਦੇ ਹਨ। ਇਹ ਵਛੀਆਂ ਅਤੇ ਬਿਨਾਂ ਸੂਈਆਂ ਗਊਆਂ ਨਸਲ ਸੁਧਾਰ ਅਤੇ ਜੰਗਲਾਂ ਵਿਚ ਚਰਾਨ ਦੇ ਲਈ ਨਹੀਂ ਕੇਵਲ ਕਤਲ ਦੇ ਲਈ ਲੈ ਜਾਈਆਂ ਜਾਂਦੀਆਂ ਹਨ।

ਮੇਰਾ ਇਹ ਪੱਕਾ ਯਕੀਨ ਹੈ ਕਿ ਜੇ ਗਊ ਨੂੰ ਕੋਈ ਬਚਾ ਸਕਦਾ ਹੈ ਤਾਂ ਉਹ ਕਿਸਾਨ ਹੀ ਹੈ। ਮੇਰੀ ਗ੍ਰਾਮ ਪੰਚਾਇਤਾਂ ਦੇ ਅਧਿਕਾਰੀਆਂ ਅਤੇ ਪਿੰਡ ਵਾਲੇ ਭਰਾਵਾਂ ਨੂੰ ਬੇਨਤੀ ਹੈ :

੧. ਬਿਪਾਰੀ ਜਾਂ ਅਨਜਾਣ ਗਾਹਕ ਦੇ ਹਥ ਕਿਸੇ ਵੀ ਕੀਮਤ ਤੇ ਗਊ ਨੂੰ ਨਾ ਵੇਚੋ।

੨. ਜਿਹੜੀਆ ਵਛੀਆਂ ਜਾਂ ਬਿਨਾਂ ਸੂਈਆਂ ਗਊਆਂ ਬੰਜਾਰੇ ਭਾਟ ਜਾਂ ਦੂਸਰੇ ਬਿਨਾਂ ਤਸੱਲੀ ਵਾਲੇ ਲੋਕ ਲੈ ਜਾਂਦੇ ਹਨ ਉਸਨੂੰ ਰੋਕਣ ਦੀ ਕੋਸ਼ਿਸ਼ ਕਰਨ।

੩. ਚੰਗੀ ਨਸਲ ਦੇ ਸਾਹਣ ਰਖਣ ਅਤੇ ਉਨ੍ਹਾਂ ਦੇ ਭੋਜਨ ਦੀ ਠੀਕ ਦੇਖ ਰੇਖ ਕਰਨਾ

੪. ਚਾਰੇ ਦੀ ਉਪਜ ਵਧਾਉਣ ਦੀ ਕੋਸ਼ਿਸ਼ ਕੀਤੀ ਜਾਵੇ, ਅਜਿਹੀ ਖੇਤੀ ਕਰਨ ਜਿਸਤੋਂ ਅਨਾਜ ਅਤੇ ਘਾਹ ਦੋਵੇਂ ਮਿਲਣ। ਜਿਥੇ ਚਰਾਗਾਹਾਂ ਹਨ ਉਨ੍ਹਾਂ ਦੀ ਦੇਖ ਭਾਲ ਕੀਤੀ ਜਾਵੇ। ਉਥੇ ਨਕੇ ਬੰਨ੍ਹ ਦਿਤੇ ਜਾਣ ਜਿਸਤੋਂ ਵਰਖਾ ਦਾ ਪਾਣੀ ਬਾਹਰ ਨਾ ਜਾ ਸਕੇ। ਜੇ ਹੋ ਸਕੇ ਤਾਂ ਵਰਖਾ ਤੋਂ ਪਹਿਲਾਂ ਉਸ ਵਿਚ ਹਲ ਚਲਾ ਦਿਤਾ ਜਾਵੇ।

੫. ਸਰਕਾਰ ਹੇਠ ਲਿਖੇ ਪ੍ਰਸਤਾਵ ਪੰਚਾਇਤਾਂ ਨੂੰ ਭੇਜੇ। ਜਿਸਤੋਂ ਗਊ—ਧਨ ਦੀ ਰਖਿਆ ਹੋ ਸਕੇ :

(ਕ) ਬਾਹਰ ਜਾਣ ਵਾਲੀਆਂ ਗਊਆਂ ਉਤੇ ਰੋਕ ਲਾਈ ਜਾਵੇ।

(ਖ) ਜਿਹੜੀ ਜ਼ਮੀਨ ਸਰਕਾਰੀ ਪੰਚਾਇਤਾਂ ਕੋਲ ਹੈ ਉਹ ਚਰਾਗਾਹਾਂ ਲਈ ਛੁਡਾਈ ਜਾਵੇ ਅਤੇ ਉਸਦੀ ਉਨਤੀ ਵਲ ਧਿਆਨ ਦਿਤਾ ਜਾਵੇ।

(ਗ) ਜਿਹੜੇ ਲੋਕ ਚੰਗੀਆਂ ਗਊਆਂ ਰਖਦੇ ਹਨ ਉਨ੍ਹਾਂ ਨੂੰ ਵਜੀਫੇ ਦਿਤੇ ਜਾਣ। ਪਸ਼ੂ ਪ੍ਰਦਰਸ਼ਨੀ ਕਰਕੇ ਇਨਾਮ ਦਿਤੇ ਜਾਣ।

(ਘ) ਚੰਗੀ ਨਸਲ ਦੇ ਸਾਹਣ ਵਧ ਤੋਂ ਵਧ ਸੰਖਿਆ ਵਿਚ ਤਿਆਰ ਕਰਨ ਦੀ ਖੇਚਲ ਕੀਤੀ ਜਾਵੇ

(ਙ) ਮੱਧ ਪ੍ਰਦੇਸ਼ ਆਦਿਦੀਆਂਉਹ ਥਾਵਾਂ ਜਿਥੇ ਅਰਬਾਂ ਮਣ ਚਾਰਾ ਬਰਬਾਦ ਹੋ ਜਾਂਦਾ ਹੈ, ਉਥੇ ਪੰਜਾਬ ਅਤੇ ਹਰਿਆਣਾ ਦੇ ਪਸ਼ੂ—ਪਾਲਕਾਂ ਨੂੰ ਧਰਤੀ ਦਿਵਾ ਕੇ ਵਛੀਆਂ ਅਤੇ ਗਊਆਂ ਰਖਣ ਅਤੇ ਉਨਤ ਕਰਨ ਦਾ ਕੰਮ ਕੀਤਾ ਜਾਵੇ।

ਅਨੁਵਾਦਕ :

ਮਹਿੰਦਰ ਸਿੰਘ 'ਰਾਣਾ' ਸਿਰਸਾ।

Sri Satguru Jagjit Singh Ji Elibrary NamdhariElibrary@gmail.com



''ਚੰਦਰਮਣੀ'' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਹ ਗਊ ਜੋ ਹਰਿਆਣਾ ਨਸਲ ਦੀ ਸੁੰਦਰਤਾ ਵਿਚ ਅਤੇ ਦੁਧ ਵਿਚ ਖਾਸ ਯੋਗਤਾ ਰਖਦੀ ਸੀ । ਇਸ ਦਾਂ ਦੁਧ ੨੮੫ ਦਿਨਾਂ ਵਿਚ ੭੩੯੫ ਪੌਂਡ ਹੋਇਆ ਹੈ ।

Sri Satguru Jagjit Singh Ji Elibrary NamdhariElibrary@gmail.com



"ਮੀਨਾਂ" ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਹ ਗਊ ਜਿਸਨੇ ੩00 ਦਿਨ ਵਿਚ ੧੨000 ਪਾਊਂਡ ਤੋਂ ਵਧ ਦੁਧ ਦਿਤਾ ਅਤੇ ਜਿਸਦੀ ਸਾਰੇ ਸੂਏ ਦੀ ਰੋਜ਼ਾਨਾ ਔਸਤ ੨੩$\frac{1}{4}$ ਪਾਊਂਡ ਸੀ ।

Sri Satguru Jagjit Singh Ji Elibrary NamdhariElibrary@gmail.com

ਗਊ ਰਖਿਆ ਧਰਮ ਹੈ

ਸ੍ਰੀ ਓ. ਪੀ. ਖੋਸਲਾ

ਸ੍ਰੀ ਪ੍ਰੋਫੈਸਰ ਓ. ਪੀ. ਖੋਸਲਾ ਡਬਲ ਐਮ. ਏ. ਹਨ ਤੇ ਸਿਰਸਾ ਨੈਸ਼ਨਲ ਕਾਲਜ ਦੇ ਇੰਗਲਿਸ਼ ਡਿਪਾਰਟਮੈਂਟ ਦੇ ਹੈਡ ਹਨ ਇਹਨਾਂ ਦਾ ਆਪਣੀ ਯੋਗਤਾ ਨੂੰ ਆਪਣੇ ਸ਼ਗਿਰਦ ਵਿਦਿਆਰਥੀਆਂ ਵਿਚ ਭਰਣ ਦਾ ਬੜਾ ਸੁਚਾ ਤੇ ਸੋਹਣਾ ਪਿਆਰ ਭਰਿਆ ਤਰੀਕਾ ਹੈ। ਹਰ ਇਕ ਨਾਲ ਪਿਆਰ ਕਰਨਾ ਇਹਨਾਂ ਨੂੰ ਵਿਰਸੇ ਵਿਚੋਂ ਦਾਤ ਮਿਲੀ ਹੈ। ਆਪਣੀ ਡਿਊਟੀ ਤੋਂ ਇਲਾਵਾ ਆਪ ਜੀ ਨੂੰ ਕੂਕਾ ਮੂਵਮੈਂਟ ਦੇ ਅਸਲੀ ਪੂਰਨਿਆਂ ਦੀ ਖੋਜ ਵਾਸਤੇ ਦੀਰਘ ਇਛਾ ਹੈ। ਆਪ ਦਿਨ ਰਾਤ ਇਤਿਹਾਸ ਨੂੰ ਪੜਨ ਵਾਸਤੇ ਇਕ ਕਰ ਰਹੇ ਹਨ। ਇਹਨਾਂ ਦਾ ਨਾਮਧਾਰੀ ਪੰਥ ਨਾਲ ਸਚਾ ਸੁਚਾ ਪਿਆਰ ਹੈ। ਇਹਨਾਂ ਦੀ ਯੋਗਤਾ ਦੀ ਤਾਰੀਫ ਇਹਨਾਂ ਦਾ ਇਹ ਛੋਟਾ ਜਿਹਾ ਲੇਖ ਹੀ ਪੇਸ਼ ਕਰ ਦੇਵੇਗਾ।

—'ਸਾਜਨ'

ਮਹਾਂ ਭਾਰਤ ਵਿਚ ਇਕ ਕਥਾ ਆਉਂਦੀ ਹੈ ਕਿ ਕੁਝ ਮਾਛੀਗੀਰ ਮੱਛੀਆਂ ਫੜਨ ਗਏ ਅਤੇ ਸਵੇਰ ਤੋਂ ਸ਼ਾਮ ਤੀਕ ਆਪਣਾ ਜਾਲ ਪਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਕੋਈ ਮੱਛੀ ਹੱਥ ਨਾ ਲਗੀ। ਵਿਚਾਰੇ ਭੁਖਣ-ਭਾਣੇ ਇੰਤਜ਼ਾਰ ਵਿਚ ਬੈਠੇ ਰਹੇ। ਸ਼ਾਮ ਵੇਲੇ ਜਦੋਂ ਪਰਤਣ ਦਾ ਵੇਲਾ ਹੋਇਆ ਉਨ੍ਹਾਂ ਮਹਿਸੂਸ ਕੀਤਾ ਜਿਵੇਂ ਜਾਲ ਕੁਝ ਭਾਰਾ ਭਾਰਾ ਹੋਵੇ। ਬੜੇ ਖੁਸ਼ ਸਨ ਕਿ ਕੋਈ ਵਡੀ ਮਛਲੀ ਹੱਥ ਲਗੀ ਹੈ। ਹੌਲੀ ਹੌਲੀ ਡੋਰੀ ਨੂੰ ਖਿਚਿਆ ਅਤੇ ਜਿਉਂ ਜਿਉਂ ਜਾਲ ਕੰਢੇ ਵਲ ਆਇਆ ਉਹਨਾਂ ਦੀ ਖੁਸ਼ੀ ਵਧਦੀ ਗਈ ਪਰ ਜਾਲ ਵਿਚ ਇਕ ਰਿਖੀ ਆ ਫਸਿਆ ਸੀ ਜਿਹੜਾ ਆਪਣੀ ਉੱਘੀ ਤਪਸਿਆ ਦੇ ਕਾਰਨ ਬੜੀ ਮਾਨਤਾ ਤੇ ਕਰਨੀ ਵਾਲਾ ਸਮਝਿਆ ਜਾਂਦਾ ਸੀ। ਮਾਛੀ ਪੈਰੀਂ ਪੈ ਗਏ ਅਤੇ ਕਹਿਣ ਲਗੇ ਕਿ "ਹੇ ਮਹਾਰਾਜ ! ਸਾਨੂੰ ਖਿਮਾਂ ਕਰੋ।" ਪਰ ਰਿਖੀ ਨੇ ਆਖਿਆ : 'ਤੁਸੀਂ ਆਪਣੀ ਰੋਜ਼ੀ ਦਾ ਨੁਕਸਾਨ ਕਿਉਂ ਕਰਦੇ ਹੋ, ਮੈਨੂੰ ਵੇਚ ਦਿਉ ਅਤੇ ਜੋ ਵਟਿਆ ਜਾਵੇ ਉਹਦੇ ਨਾਲ ਬਚਿਆਂ ਦੀ ਪਾਲਨਾ ਕਰੋ' ਭਾਣਾ ਅਜਿਹਾ ਵਰਤਿਆ ਕਿ ਕੁਝ ਚਿਰ ਪਿਛੋਂ ਉਥੋਂ ਦਾ ਰਾਜਾ ਘੋੜੇ ਤੇ ਲੰਘਿਆ, ਜਦੋਂ ਰਿਖੀ ਨੂੰ ਜਾਲ ਵਿਚ ਵੇਖਿਆ ਤਾਂ ਹੈਰਾਨ ਹੋਕੇ ਉਸਨੇ ਆਖਿਆ : 'ਮੁਨੀਵਰ ! ਮੈਂ ਆਪਦੀ ਕੀ ਸੇਵਾ ਕਰ ਸਕਦਾ ਹਾਂ।' ਰਿਸ਼ੀ ਨੇ ਨਰੇਸ਼ ਨੂੰ ਬੇਨਤੀ ਕੀਤੀ ਕਿ : "ਮੈਨੂੰ ਖ੍ਰੀਦ ਲਵੋ।" ਰਾਜਾ ਇਕ ਹਜ਼ਾਰ ਮੁਹਰਾਂ ਤੁਰੰਤ ਦੇਣ ਲਈ ਤਿਆਰ ਹੋ ਗਿਆ ਪਰ ਰਿਖੀ ਦੇ ਇੰਨਾ ਕਹਿਣ ਤੇ ਕਿ "ਰਾਜਨ ਮੇਰਾ ਇੰਨਾ ਹੀ ਮੁਲ ਪਾਂਦੇ ਹੋ ?" ਰਾਜੇ ਨੇ ਮੁਹਰਾਂ ਦੀ ਗਿਣਤੀ ਇਕ ਲੱਖ ਕਰ ਦਿਤੀ ਪਰ ਫੇਰ ਵੀ ਰਿਸ਼ੀ ਦੀ ਤਸੱਲੀ ਨਾ ਹੋਈ। ਰਾਜਾ ਆਪਣਾ ਅੱਧਾ ਰਾਜ ਪਾਟ ਰਿਸ਼ੀ ਦੇ ਨਾ ਤੇ

Sri Satguru Jagjit Singh Ji Elibrary NamdhariElibrary@gmail.com

ਮਛੇਰਿਆਂ ਨੂੰ ਦੇਣ ਲਈ ਤਿਆਰ ਹੋ ਗਿਆ। ਪਰ ਰਿਖੀ ਜੀ ਫਿਰ ਵੀ ਖੁਸ਼ ਨਾ ਹੋਏ,ਅਚੰਭੇ ਵਿਚ ਪੈਕੇ ਰਾਜੇ ਨੇ ਇਕ ਦੋ ਹੋਰ ਰਿਸ਼ੀਆਂ ਨਾਲ ਸਲਾਹ ਕੀਤੀ। ਉਨ੍ਹਾਂ ਜਵਾਬ ਦਿਤਾ ਕਿ ਹੋਮ ਯੱਗ ਲਈ ਵੇਦ ਮੰਤਰਾਂ ਅਤੇ ਹਾਵੀ ਦੀ ਲੋੜ ਪੈਂਦੀ ਹੈ, ਜੇ ਤੂੰ ਯੱਗ ਸੰਪੂਰਨ ਕਰਨਾ ਚਾਹੁੰਦਾ ਹੈਂ ਤਾਂ ਰਿਸ਼ੀ ਦੇ ਬਰਾਬਰ ਵਸਤੂ ਦੇਣ ਲਈ ਗਊ ਤੋਂ ਚੰਗੀ ਚੀਜ਼ ਨਹੀਂ ਹੋ ਸਕਦੀ। ਇਸ ਤਰ੍ਹਾਂ ਰਾਜੇ ਨੇ ਮਾਛੀਗੀਰਾਂ ਨੂੰ ਇਕ ਦੋ ਚੰਗੀਆਂ ਗਊਆਂ ਦੇਕੇ ਰਿਸ਼ੀ ਦਾ ਮੁਲ ਪਾ ਦਿਤਾ। ਸਾਖੀ ਕਹਿਣ ਦਾ ਭਾਵ ਇਹ ਹੈ ਕਿ ਗਊ ਦੀ ਆਦਿ ਕਾਲ ਤੋਂਹੀ ਭਾਰਤ ਵਿਚ ਮਾਨਤਾ ਹੈ। ਕੋਈ ਯੱਗ ਗਾਂ ਜਾਂ ਗਾਂ ਦੇ ਦੁਧ, ਗੋਬਰ ਅਤੇ ਇਨ੍ਹਾਂ ਤੋਂ ਬਣੀ ਵਸਤੂ ਤੋਂ ਬਿਨਾਂ ਸੰਪੂਰਨ ਨਹੀਂ ਮੰਨਿਆ ਜਾਂਦਾ।

'ਗਊ—ਮਾਤਾ' ਕਹਿਕੇ ਭਾਰਤ ਵਿਚ ਸਤਿਕਾਰਿਆ ਜਾਂਦਾ ਹੈ। ਅਜ ਵੀ ਡਾਕਟਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਬਚੇ ਦੇ ਲਹੂ-ਮਿੱਝ ਦੇ ਵਧਣ ਫੁਲਣ ਲਈ ਮਾਤਾ ਦੇ ਦੁਧ ਤੋਂ ਪਿਛੋਂ ਗਊ ਦੇ ਦੁਧ ਦਾ ਹੀ ਸਥਾਨ ਹੈ। ਇਸਨੂੰ ਸੰਤੁਲਤ ਭੋਜਨ ਕਿਹਾ ਜਾਂਦਾ ਹੈ ਜੋ ਵਿਟਾਮਨ ਗਊ ਦੇ ਦੁਧ ਵਿਚ ਸੰਤੁਲਤ ਰੂਪ ਵਿਚ ਇਕਠੇ ਹੋਏ ਹਨ ਕਿਤੇ ਹੋਰ ਨਹੀਂ ਲਭਦੇ। ਅਜ ਵੀ ਅਨੇਕਾਂ ਬਿਮਾਰੀਆਂ ਗਾਂ ਦੇ ਦੁਧ ਨੂੰ ਦਵਾਈ ਦੇ ਤੌਰਤੇ ਵਰਤਕੇ ਹੀ ਠੀਕ ਕੀਤੀਆਂ ਜਾ ਸਕਦੀਆਂ ਹਨ। ਗਊ ਦਾ ਗੋਬਰ ਵੀ ਯੂਨਾਨੀ ਤੇ ਵੈਦਿਕ ਦਾਰਸ਼ਨਿਕਤਾ ਅਨੁਸਾਰ ਬੜੀ ਲਾਭਦਾਇਕ ਵਸਤੂ ਹੈ। ਖੇਦ ਦੀ ਗੱਲ ਹੈ ਕਿ ਜਿਥੇ ਅਸੀਂ ਅਜ ਗਊ ਦੇ ਦੁਧ ਨੂੰ ਤਰਸਦੇ ਹਾਂ ਉਥੇ ਥੋੜਾ ਬਹੁਤ ਗੋਬਰ ਜੋ ਸਾਨੂੰ ਮਿਲਦਾ ਹੈ ਉਸਦਾ ਅਸੀਂ ਸਦ—ਉਪਯੋਗ ਨਹੀਂ ਕਰਦੇ। ਇਹ ਵਧੇਰੇ ਅਗਿਆਨਤਾ ਕਾਰਨ ਹੀ ਹੈ। ਗੋਹੇ ਦੀਆਂ ਪਾਥੀਆਂ ਬਨਾਕੇ ਅਗਨ—ਦੇਵਤੇ ਦੀ ਭੇਟਾ ਕੀਤੀਆਂ ਜਾਂਦੀਆਂ ਹਨ। ਜੇਕਰ ਇਹੀ ਗੋਬਰ ਦੀ ਕੰਪੋਸਟ ਖਾਦ ਤਿਆਰਕਰਕੇ ਖੇਤੀ—ਯੋਗ ਲਾਈ ਜਾਵੇ ਤਾਂ ਸਾਡੀ ਖੇਤੀ ਦੀ ਘਟ ਉਪਜਾਇਕਤਾ ਦੀ ਸਮਸਿਆ ਹੱਲ ਹੋ ਸਕਦੀ ਹੈ। ਅਜ ਦੀਆਂ ਵਿਗਿਆਨਕ ਖਾਦਾਂ ਦੀ ਬੜੀ ਲੋੜ ਹੈ ਅਤੇ ਗੋਬਰ ਨੂੰ ਸਿਆਣਪ ਨਾਲ ਵਰਤਣ ਦੀ ਲੋੜ ਵੀ ਹੈ। ਮਿਸਾਲ ਲਵੋ ਜਾਪਾਨ,ਡੈਨਮਾਰਕ ਤੇ ਸਵੀਡਨ ਦੀ। ਉਥੋਂ ਦੇ ਲੋਕਾਂ ਨੇ ਪਸ਼ੂਆਂ ਦੇ ਗੋਬਰ ਨੂੰ ਖਾਦ ਵਜੋਂ ਇਸਤੇਮਾਲ ਕਰਕੇ ਉਪਜ ਨੂੰ ਸਾਂਵੇ ਤੋਲ ਵਿਚ ਬੰਨ੍ਹ ਦਿਤਾ ਹੈ। ਕੀ ਕਾਰਨ ਹੈ ਕਿ ਭਾਰਤ ਵਿਚ ਗਊਆਂ ਦੀ ਪੰਜ ਕਰੋੜ ਦੇ ਨੇੜੇ ਗਿਣਤੀ ਹੁੰਦਿਆਂ ਹੋਇਆਂਵੀ ਅਸੀਂ ਦੁਧ ਘਿਉ ਲਈ ਤਰਲੇ ਲੈਂਦੇ ਹਾਂ ਅਤੇ ਦੂਜੇ ਪਾਸੇ 'ਗਊ—ਮਾਤਾ' ਦੀ ਜੋ ਦੁਰਦਸ਼ਾ ਹੁੰਦੀ ਹੈ ਉਹ ਕਿਸੇ ਤੋਂ ਛੁਪੀ ਨਹੀਂ।

ਇਸਦਾ ਮੂਲ ਕਾਰਨ ਸਾਡੇ ਦੇਸ਼ ਦੀ ਪਖੋਂ ਆਰਥਿਕ ਡਾਵਾਂਡੋਲਤਾ ਹੈ। ਸ਼ਹਿਰਾਂ ਵਿਚ ਲੋਕਾਂ ਨੂੰ ਗਊ—ਰਖਿਆ ਦੀਆਂ ਸਹੂਲਤਾਂ ਘਟ ਹਨ ਅਤੇ ਪਿੰਡਾਂ ਵਿਚ ਆਧੁਨਿਕ ਵਿਗਿਆਨਕ ਔਜ਼ਾਰਾਂ ਦੇ ਵਾਧੇ ਨਾਲ ਪਸ਼ੂਆਂ ਦੀ ਕਦਰ ਘਟ ਗਈ ਹੈ। ਕਾਰਨ ਇਹ ਹੈ ਕਿ ਪਿੰਡਾਂ ਵਿਚ ਸ਼ਾਮਲਾਟ ਜ਼ਮੀਨਾਂ ਦੇ ਕਾਗਜ਼ੀ ਪ੍ਰਬੰਧਾਂ ਦੀ ਦੇਖ ਰੇਖ ਵਿਚ ਆ ਜਾਣ ਨਾਲ ਪੇਟ ਦੇ ਤੰਦੂਰ ਲਈ ਅੰਨ ਉਪਜਾਣ ਲਈ ਵਰਤਿਆ ਗਿਆ ਹੈ ਅਤੇ ਇਸੇ ਸਦਕਾ ਹੀ ਪਸ਼ੂਆਂ ਦੀ ਚਰਾਂਦ ਲਈ ਥਾਂ ਘਟ ਲਭਦੀ ਹੈ। ਵਿਚਾਰੇ ਖੇਤਾਂ ਵਿਚ ਹੀ ਰੁਲਦੇ ਫਿਰਦੇ ਹਨ। ਅਜ ਦੇ ਗਊ—ਸ਼ਾਲਾ ਕੇਵਲ ਦੇਖਣ—ਮਾਤਰ ਹੀ ਹਨ ਪਸ਼ੂਆਂ ਦੀ ਸੰਭਾਲ ਅਤੇ ਚਾਰੇ ਦਾ ਪ੍ਰਬੰਧ ਢਿੱਲਾ ਅਤੇ ਨਿੰਦਨੀਯ ਹੈ। ਜਿੰਨੀ ਦੇਰ ਤਕ ਪਸ਼ੂ ਥਲੇ ਦੁਧ ਹੈ ਉਨ੍ਹਾਂ ਚਿਰ ਮਾਲਕ ਸੰਭਾਲ ਕਰਦਾ ਹੈ ਪਿਛੋਂ ਡੰਡਾ ਮਾਰਕੇ ਗਲੋਂ ਰੱਸਾ ਲਾਹ ਦਿਤਾ ਜਾਂਦਾ ਹੈ। ਅਜਿਹੀ ਹਾਲਤ ਵਿਚ ਜੋ ਜਾਨਵਰ, ਬੁਚੜਾਂ ਦੇ ਹੱਥ ਲਗ ਜਾਂਦੇ ਹਨ ਤਾਂ ਸਾਡਾ ਖੂਨ ਖੌਲਣ ਲਗ ਪੈਂਦਾ ਹੈ। ਦਿਲੋਂ ਅਸੀਂ ਨਹੀਂ ਚਾਹੁੰਦੇ ਕਿ ਪਸ਼ੂ ਬੁਚੜਾਂ ਕੋਲ ਜਾਣ ਪਰ ਪਸ਼ੂਆਂ ਦੇ ਜਿੰਦੇ—ਜੀ ਅਸੀਂ ਉਨ੍ਹਾਂ ਦੀ ਸੰਭਾਲ ਦਾ ਯਤਨ ਨਹੀਂ ਕਰਦੇ। ਅਸੀਂ ਗਊ ਗਰੀਬ ਦੀ ਰਖਿਆ ਦੀਆਂ ਅਰਦਾਸਾਂ ਕਰਦੇ ਹਾਂ ਪਰ ਸਾਡੇ ਮਨ ਵਿਚ ਦੋਹਾਂ ਲਈ ਕੋਈ

Sri Satguru Jagjit Singh Ji Elibrary NamdhariElibrary@gmail.com

ਤਰਸ ਨਹੀਂ। ਇਕ ਪੂੰਜੀ ਪਤੀ ਆਦਮੀ ਜਿਹੜਾ ਕਿ ਵਿਲਾਸ਼ਤਾ ਦੀ ਗੋਦ ਵਿਚ ਪਲ ਰਿਹਾ ਹੈ ਇਕ ਗਰੀਬ ਦੇ ਦੁਖ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕਰਦਾ, ਇਸੇ ਤਰ੍ਹਾਂ ਪਸ਼ੂ ਧਨ ਸਾਡਾ ਗਰੀਬ–ਧਨ ਹੈ। ਅਸੀਂ ਮਨੁਖੀ ਸਰੀਰ ਦਾ ਅਨਮੋਲ ਚੋਲਾ ਪਾਕੇ ਵੀ ਪਸ਼ੂਆਂ ਦੀ ਰਖਿਆ ਦਾ ਯਤਨ ਨਹੀਂ ਕਰਦੇ। ਵੇਲਾ ਆ ਗਿਆ ਹੈ ਕਿ ਭਾਰਤ ਦੇ ਮਨੁਖੀ ਜੀਵਾਂ ਨੂੰ ਇਹ ਤਾਨਾਸ਼ਾਹੀ ਛਡਕੇ ਗਊ ਧਨ ਦੀ ਰਖਿਆ ਨੂੰ ਅਮੀਰ ਕਰਨਾ ਚਾਹੀਦਾ ਹੈ।

§§§§-§§§§

ਗਊ ਬਾਝ ਨਹੀਂ
ਦੇਸ਼ ਖੁਸ਼ਹਾਲ ਹੋਣਾ।

ਸ੍ਰੀ ਜੁਗਿੰਦਰ ਸਿੰਘ ਜੀ ਮੁਕਤਾ

ਖਾਏ ਘਾਹ ਤੇ ਦਏ ਅਥਾਹ ਅੰਮ੍ਰਿਤ ਹਦੋਂ ਵਧ ਕੁਰਬਾਨੀ ਹੈ ਗਾਂ ਕਰਦੀ।
ਕਰੇ ਸੇਵਾ ਇਹ ਰੋਗੀ ਤੇ ਬੁਢਿਆਂ ਦੀ ਸੇਵਾ ਬਚੇ ਦੀ ਜਿਸਤਰਾਂ ਮਾਂ ਕਰਦੀ।
ਅੰਮ੍ਰਿਤ ਦੁਧ ਦੇ ਪਾਲ ਦੀ ਉਮਰ ਸਾਰੀ ਪਾਲਾ ਧੁਪ ਸਹਿ ਭੁਖ ਨਹੀ ਨਾ ਕਰਦੀ।
ਪੁਤ ਇਹਦੇ ਖਰਾਸ ਖੂਹ ਵਗਣ ਗਡੇ ਭਲਾ ਦਸੋ ਇਹ ਕਿਹੜਾ ਗੁਨਾਹ ਕਰਦੀ।

ਦਏ ਜਾਨ ਸੰਤਾਨ ਇਹ ਦੇਸ ਖਾਤਰ ਬੰਜਰ ਪੁਟਦਾ ਏਸ ਦਾ ਲਾਲ ਸੋਹਨਾ।
ਅੰਨ ਧਨ ਇਹ ਅਸਾਂ ਲਈ ਕਰੇ ਪੈਦਾ ਗਊ ਬਾਝ ਨਹੀਂ ਦੇਸ਼ਖੁਸ਼ਹਾਲ ਹੋਣਾ।

ਸੋਨ ਚਿੜੀ ਦਾ ਤੈਨੂੰ ਖਿਤਾਬ ਮਿਲਿਆ ਪਰ ਖੋਖਾ ਮੈਨੂੰਅਜ ਤੇਰਾ ਕਲਬੂਤ ਦਿਸੇ।
ਅਮਨ ਅਮਨ ਪੁਕਾਰੇ ਸਰਕਾਰ ਸਾਡੀ ਉਤੋਂ ੨ ਇਹ ਕਰਦੀ ਸਲੂਕ ਦਿਸੇ।
ਖਿਦੋ ਫੋਲਿਆਂ ਨਿਕਲ ਹੁਣ ਪੈਣ ਲੀਰਾਂ ਮਿਤਰ ਘਾਤ ਪਰ ਉਤੋਂ ਮਲੂਕ ਦਿਸੇ।
ਬੁਚੜ ਖਾਨੇ ਜੇ ਬੰਦ ਹੋ ਜਾਣ ਸਾਰੇ ਦੁਨੀਆਂ ਵਿਚ ਹੀ ਜਨਤ ਦਾ ਰੂਪ ਦਿਸੇ।

ਫਿਰੇਂ ਮੰਗਦਾ ਇਸੇ ਲਈ ਭੀਖ ਹਰ ਦਮ ਕਾਰਨ ਇਹੋ ਹੈ ਤੇਰਾ ਕੰਗਾਲ ਹੋਣਾ।
ਆਓ ਹਿੰਦੀਓ ਧਨ ਬਚਾ ਲਈਏ ਗਊ ਬਾਝ ਨਹੀਂ ਦੇਸ਼ ਖੁਸ਼ਹਾਲ ਹੋਣਾ।

ਲਸੀ ਮਖਣ ਨਾ ਰਜ ਕੇ ਕਦੀ ਮਿਲਿਆ ਨੌਜਵਾਨਾਂ ਲਈ ਇਹੋ ਗਜਾ ਰਹਿ ਗਈ।
ਪਾਈਆ ਦੁਧ ਹੁਣ ਬੜਾ ਪ੍ਰਵਾਰ ਜੋਗਾ ਤਨ ਫੂਕਣੀ ਚੰਦਰੀ ਚਾਹ ਰਹਿ ਗਈ।
ਖੁਰਾਕ ਘਟ ਤੇ ਵਿਸ਼ੇਵਿਕਾਰ ਜਿਆਦਾ ਮਸਾਂ ਹਿਲਣੇਜੋਗੀ ਹੁਣ ਵਾਹ ਰਹਿ ਗਈ।
ਉਮਰ ਸੈਂਕੜੇ ਸਾਲ ਦੀ ਭੋਗਦੇ ਸਨ ਅਜ ਸੌ ਚੋਂ ਕੁਲ ਪੰਜਾਹ ਰਹਿ ਗਈ।

ਚਿਟੇ ਪਾਣੀ ਦੇ ਵਾਂਗਰਾਂ ਰੰਗ ਹੋਇਆ ਕਦੇ ਹੁੰਦਾ ਸੀ ਲਾਲਾ ਗੁਲਾਲ ਸੋਹਣਾ।
'ਮੁਕਤਾ' ਸਚ ਹੈ ਸੈਂਟ ਪਰਸੈਂਟ ਸੋਚੋ ਗਊ ਬਾਝ ਨਹੀਂ ਦੇਸ਼ ਖੁਸ਼ਹਾਲ ਹੋਣਾ।

Sri Satguru Jagjit Singh Ji Elibrary NamdhariElibrary@gmail.com

ਇਕ ਸਚੀ ਕਹਾਣੀ

ਗਊ ਸੇਵਾ

ਦਾ

ਚਮਤਕਾਰ.

ਮਾਸਟਰ ਨਿਹਾਲ ਸਿੰਘ ਜੀ

ਮਾਸਟਰ ਨਿਹਾਲ ਸਿੰਘ ਜੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਂ ਵਿਦਿਆਲਾ, ਸ੍ਰੀ ਜੀਵਨ ਨਗਰ ਦੇ ਹੈਡ ਮਾਸਟਰ ਹਨ। ਆਪ ਜੀ ਨੇ ਆਪਣਾ ਸਮੁਚਾ ਜੀਵਨ ਹੀ ਨਾਮਧਾਰੀ ਪੰਥ ਨੂੰ ਅਰਪਣ ਕੀਤਾ ਹੋਇਆ ਹੈ। ਵਿਦਿਆਲੇ ਵਿਚੋਂ ਉਚ ਵਿਦਿਆ ਦੇ ਕੇ ਬਚਿਆਂ ਨੂੰ ਦੇਸ਼ ਦੇ ਹੀਰੇ ਬਨਾਣ ਦੀ ਇਹਨਾ ਅੰਦਰ ਪ੍ਰਬਲ ਇਛਾ ਹੈ। ਆਪ ਪਾਕਿਸਤਾਨ ਬਣਨ ਤੋਂ ਪਹਿਲਾਂ ਲਾਇਲਪੁਰ ਖਾਲਸਾ ਸਕੂਲ ਵਿਚ ਹੈਡ ਮਾਸਟਰ ਰਹੇ ਅਤੇ ਫਿਰ ਸਤਿਗੁਰੂ ਜੀ ਦੇ ਚਰਨਾਂ ਵਿਚ ਜੀਵਨ ਬਿਤਾਣ ਦੀ ਠਾਣ ਲਈ। ਕੁਝ ਚਿਰ "ਸਤਿਜੁਗ" ਦੇ ਸੰਪਾਦਕ ਵੀ ਰਹੇ ਹਨ। ਅਤੇ ਹੁਣ ਕੇਂਦਰੀ ਨਾਮਧਾਰੀ ਵਿਦਿਅਕ ਜਥੇ ਦੇ ਪਰਧਾਨ ਹਨ। ਸਤਿਜੁਗ ਦੇ ਪਾਠਕ ਮਾਸਟਰ ਜੀਦੀ ਲੇਖਨੀ ਤੋਂ ਚੰਗੀ ਤਰਾਂ ਜਾਣੂ ਹਨ। ਅਤੇ ਹੁਣ ਹੋਰ ਇਕ ਵਨਗੀ ਭੇਟ ਕਰ ਰਹੇ ਹਾਂ। —'ਸਾਜਨ'

"ਗਊ ਮਾਤਾ ! ਹੇ ਗਊ ਮਾਤਾ !! ਬਹੁੜੀ ਕਰ।" ਇਹ ਸ਼ਬਦ ਮੈਂ ਅੱਖਾਂ ਮੀਟੀ ਕਹੀ ਜਾ ਰਿਹਾ ਸਾਂ ਕਿ ਇਕ ਦਮ ਕੜਾਕਾ ਹੋਇਆ। ਅਖਾਂ ਖੁਲ੍ਹੀਆਂ ਤਾਂ ਕੀ ਤਕਿਆ ਕਿ ਮਕਾਨ ਦਾ ਸ਼ਹਿਤੀਰ ਟੁਟਾ ਹੋਇਆ ਹੈ, ਇਕ ਪਾਸਾ ਕੰਧ ਨਾਲ ਅਟਕਿਆ ਦੂਜਾ ਧਰਤੀ ਨਾਲ ਆ ਲਗਾ ਹੈ। ਚੁਫੇਰੇ ਧੂੜ ਦੇ ਬਦਲ ਨਜ਼ਰ ਆਏ, ਘੱਟਾ ਉਡਿਆ। ਇਹ ਕਹਿੰਦਿਆਂ ੨ ਬਾਬੇ ਦੀਆਂ ਅੱਖਾਂ ਤਰ ਹੋ ਗਈਆਂ, ਇਕ ਦੋ ਤੇਪੇ ਕਰੜ ਬਰੜ ਕਤਰੀ ਦਾੜ੍ਹੀ ਤੋਂ ਤਿਲਕਦੇ ਉਸਦੀ ਕਮੀਜ਼ ਤੇ ਡਿਗੇ ਤੇ ਨਾਲ ਹੀ ਇਕ ਲੰਮਾ ਹੌਕਾ ਲਿਇਆ ਤੇ ਆਖਿਆ:'ਮਹਾਰਾਜ ਜੀ ! ਮੌਤ ਬੁਰੀ ਬਲਾ ਏ, ਮੌਤ ਦਾ ਨਾਉਂ ਸੁਣ ਵਡੇ ਵਡੇ ਖਾਨ ਖਾਨੀਆਂ ਦੇ ਪ੍ਰਾਣ ਖੁਸ਼ਕ ਹੋ ਜਾਂਦੇ ਹਨ। ਫੌਜਾਂ ਦੇ ਮਾਲਕ, ਵਡੇ ਵਡੇ ਜਰਨੈਲ, ਬੁਲ੍ਹਾਂ ਤੇ ਜੀਭ ਫੇਰਨ ਲਗ ਪੈਂਦੇ ਹਨ। ਕਈ ਵੇਰੀ ਤਕਿਆ ਏ ਕਿ ਭਾਵੇਂ ਕੋਈ ਕਿੰਨਾ ਬੁਢਾ ਹੋਵੇ, ਲੱਤਾਂ ਵਿਚ ਤਾਣ ਨਾ ਹੋਵੇ, ਉਠਣ ਲਗਿਆਂ ਉਹ ਲੜਖੜਾਂਦੀਆਂ ਹੋਣ ਦੁਪਹਿਰ ਵੇਲੇ ਵੀ ਨਜ਼ਰ ਨਾ ਆਉਂਦਾ ਹੋਵੇ, ਸਰੀਰ ਰੋਗੀ ਰਹਿੰਦਾ ਹੋਵੇ। ਦੁਖੀ ਹੋ ਅਨੇਕ ਵਾਰੀ ਕਹਿ ਚੁਕਾ ਹੋਵੇ। "ਹੇ ਰੱਬਾ !

Sri Satguru Jagjit Singh Ji Elibrary NamdhariElibrary@gmail.com

ਇਸ ਪਾਪੀ ਨੂੰ ਕਿਸੇ ਦੀ ਆਈ ਲੈ ਚਲੋ।" ਮਗਰ ਜਦ ਰਾਹ ਜਾਂਦਿਆਂ ਅਗੇ ਕੋਈ ਟਰੱਕ ਜਾ ਮੋਟਰ ਦੀ ਘੂਕਰ ਸੁਣਾਈ ਦੇਵੇ ਤਾਂ ਉਹ ਆਤਰ ਤੁੜੇ ਪੈਰੀਂ ਲੱਤਾਂ ਘਸੀਟ ਘਸੀਟ ਇਕ ਪਾਸੇ ਹੋਣ ਦਾ ਜਤਨ ਕਰਦਾ ਏ, ਮਗਰ ਮਹਾਰਾਜ ਜੀ ! ਮੌਤ ਠੀਕ ਬੜੀ ਭਿਆਨਕ ਏ। ਜਿਸ ਵੇਲੇ ਮਕਾਨ ਡਿਗਾ ਤਾਂ ਸਾਡੇ ਸ਼ਕਾਰੀ ਜਿਹੜੇ ਕਈਆਂ ਦੇ ਲਹੂ ਨਾਲ ਹੱਥ ਰੰਗ ਚੁਕੇ ਸਨ, ਜਿਧਰ ਕਿਸੇ ਨੂੰ ਰਾਹ ਮਿਲਿਆ ਸਿਰ ਤੇ ਪੈਰ ਰਖਕੇ ਉਠ ਦੌੜੇ। ਉਨ੍ਹਾਂ ਮੇਰੇ ਸਾਹਮਣੇ ਮੇਰਾ ਪੁਤ, ਮੇਰਾ ਭਰਾ ਤੇ ਮੇਰੀ ਔਰਤ ਦੇ ਸਿਰ ਧੜਾਂ ਨਾਲੋਂ ਵਖਰੇ ਕੀਤੇ ਸਨ। ਉਨ੍ਹਾਂ ਹੋਰ ਕਈਆਂ ਦਾ ਘਣ ਬਚਾ ਘਣ ਪੀੜਿਆ ਸੀ, ਮਗਰ ਇਹ ਆਵਾਜ਼ ਉਨ੍ਹਾਂ ਨੂੰ ਦੋਜ਼ਖਾਂ ਦੀ ਆਵਾਜ਼ ਭਾਸੀ। ਮਗਰ ਥੋੜੇ ਚਿਰ ਪਿਛੋਂ ਜੰਮ ਮੁੜ ਆ ਗਏ ਕਿ ਮਤੇ ਅੰਦਰ ਕੋਈ ਦੀਨਦਾਰ ਲੁਕਿਆ ਨਾ ਰਹਿ ਗਇਆ ਹੋਵੇ। ਉਨ੍ਹਾਂ ਅੱਗ ਲਾ ਦਿਤੀ।

ਮਹਾਰਾਜ ਜੀ! ਹੁਣ ਮੇਰੇ ਅਗੇ ਪਿਛੇ ਧੂਆਂ ਸੀ। ਧੂਏਂ ਦੇ ਵਰੋਲੇ ਬਣ ੨ ਉਠਦੇ ਸਨ, ਮਗਰ ਅੱਗ ਅਜੇ ਲਾਗੇ ਨਹੀਂ ਆਈ ਸੀ। ਕੇਵਲ ਧੂਆਂ ਹੀ ਫੇਰੀਆਂ ਲੈ ਰਿਹਾ ਸੀ। ਪਰ ਵਾਹ ਅੱਲਾ ਸੁਬਹਾਨ ਤੇਰੀ ਕੁਦਰਤ ! ਹਨੇਰੇ ਵਿਚੋਂ ਇਕ ਗਊ ਸਾਹਮਣੇ ਆ ਖਲੋਤੀ। ਗਊ ਵੀ ਉਹ, ਗੋਰੀ ਸਿਰੋਂ ਘੋਨੀ, ਪੂਛਲ ਲੱਮੀ ਅਖਾਂ ਮੋਟੀਆਂ ਜਿਸਨੂੰ ਮੋਇਆਂ ਕੁਝ ਸਮਾਂ ਹੋ ਗਇਆਸੀ,ਤੇ ਹੁਣ ਜਿਸਦੀ ਵਛੀ ਦੀ ਪਾਲਨਾ ਕਰ ਰਿਹਾ ਸਾਂ। ਉਸਦੀ ਪੂਛਲ ਇਤਨੀ ਤੇਜੀ ਨਾਲ ਘੁੰਮਣੀ ਸ਼ੁਰੂ ਹੋਈ ਕਿ ਧੂਆਂ ਮੇਰੇ ਨੱਕ ਮੂੰਹ ਤੇ ਅਖਾਂ ਤੋਂ ਬਹੁਤ ਦੂਰ ਹਟ ਗਇਆ। ਅੱਗ ਵੀ ਆਪੇ ਹੀ ਬਲਕੇ ਬੁਝ ਗਈ। ਜਦ ਜਰਾ ਘੁਸ ਮੁਸਾ ਹੋਇਆ ਤਾਂ ਨਿਕਲਣ ਦੀ ਸਕੀਮ ਬਨਾਈ। ਅੱਲਾ ਦੀ ਆਸ ਲੈਕੇ ਨਿਕਲ ਟੁਰਿਆ। ਪਰ ਹੈਰਾਨੀ ਦੀ ਹੱਦ ਓਦੋਂ ਹੋਈ ਜਦ ਉਹ ਅਰਸ਼ੋ ਉਤਰੀ ਗਊ ਮੇਰੇ ਨਾਲ ਹੀ ਹੋ ਟੁਰੀ। ਮੈਂ ਜਿਧਰ ਜਾਵਾਂ, ਉਹ ਉਧਰੇ ਮੇਰੇ ਨਾਲ। ਕੁਝ ਦੂਰ ਜਾਕੇ ਮੈਂ ਇਕ ਝਾੜੀ ਉਹਲੇ ਬਹਿ ਗਿਆ। ਏਨੇ ਨੂੰ ਕੁਝ ਹੋਰ ਬੁਰਛੇ, ਹਥਾਂ ਵਿਚ ਛਵੀਆਂ, ਭਾਲੇ ਲਈ ਲੰਘੇ। ਜਾਣਿਆਂ : 'ਮੂਸਾ ਨੱਠਾ ਮੌਤ ਤੋਂ ਅਗੇ ਮੌਤਖੜੀ।'ਪਰ ਮਹਾਰਾਜਜੀ ! ਅੱਲਾ ਦੀ ਸੌਂਹ ਮੇਰਾ ਮਨ ਮੰਨ ਗਇਆ ਏ ਕਿ ਮਾਰਨ ਵਾਲੇ ਨਾਲੋਂ ਰਖਣ ਵਾਲਾ ਵਧੇਰੇ ਤਗੜਾ ਏ। ਉਹਚਾਹੇਤਾਂਵਰ੍ਹਦੀਆਂਤਲਵਾਰਾਂਅੱਗਦੇਲਾਂਬੂਆਂਹੱੜ੍ਹ ਆਏ ਦਰਿਆ, ਸ਼ੇਰਾਂ ਦੇ ਜਬਾੜਿਆਂ ਵਿਚੋਂ ਫਸਿਆਂ ਨੂੰ ਸਹਿਜੇ ਹੀ ਬਚਾ ਸਕਦਾ ਹੈ। ਵਾਲ ਵਿੰਗਾ ਨਹੀਂ ਹੋ ਸਕਦਾ। ਸੋ ਠੀਕ ਸਿਧ ਹੋਇਆ। ਉਹ ਆਏ ਅਤੇ ਨਿਕਲ ਗਏ। ਪਰ ਗਊ ਮਾਤਾ ਮੇਰੇ ਕੋਲ। ਮੇਰੇ ਨਾਲ ਨਾਲ, ਜਿਧਰ ਮੈਂ ਜਾਵਾਂ।

'ਬਾਬਾ ਤਾਂ ਤੂੰ ਮੁਸਲਮਾਨ ਏਂ ?'

'ਅੱਲਾ ਖੈਰ ਕਰੇ ! ਹਾਂ, ਮਹਾਰਾਜ ਜੀ।'

'ਤੇਰਾ ਨਾਉਂ ? ਤੇਰਾ ਥਾਂ ਟਿਕਾਣਾ ?'

'ਜੀ ਨਾਉਂ ਮੇਰਾ ਖੈਰਾ। ਪਿਉ ਦਾ ਨਾਉਂ ਮਾਮੂੰ ਉਮਰ ੫੦ ਸਾਲ ਦੇ ਲਗਭਗ। ਪਿੰਡ ਤਪਾ, ਪਰ ਮੇਰੇ ਪਿਉ ਦਾਦੇ ਰਾਣੀਆਂ ਜ਼ਿਲਾ ਹਿਸਾਰ ਦੇ ਰਹਿਣ ਵਾਲੇ ਸਨ।'

'ਕਲਮਾਂ ਔਂਦਾ ਈ ?'

'ਜੀ ਹਜ਼ੂਰ।'

'ਰੋਜ਼ੇ ਰਖਦਾ ਹੁੰਦਾ ਏਂ।

'ਹਾਂ, ਜਨਾਬ।'

'ਸੁਣਾ ਕਲਮਾ।'

ਬਿਸਮਿੱਲਾ ਰਹਿਮਾਨ ਉਲਰਹੀਮ। ਮੁਹੰਮਦ ਮਸੂਲੇ ਅੱਲਾ।

'ਕੰਮ ਕੀ ਕਰਨਾ ਏ ?'

'ਹਜ਼ੂਰ ਖੇਤੀ।'

'ਤਪੇ ਕਿਵੇਂ ਆ ਗਇਆ ?'

ਹੁਣ ਬਾਬੇ ਲੰਮਾ ਸਾਹ ਭਰਿਆ ਤੇ ਕਹਿਆ : "ਹਜ਼ੂਰ ਨਿਕਿਆਂ ਹੁੰਦਿਆਂ ਮੇਰੀ ਮਾਂ ਮਰ ਗਈ। ਕਿਸੇ ਠੀਕ ਕਹਿਆ ਏ, ਮਾਵਾਂ ਠੰਢੀਆਂ ਛਾਵਾਂ ਨਿਕਿਆਂ ਹੁੰਦਿਆਂ ਜਿਨ੍ਹਾਂ ਦੀਆਂ

Sri Satguru Jagjit Singh Ji Elibrary NamdhariElibrary@gmail.com

ਮਰੀਆਂ ਮਾਵਾਂ ਉਨ੍ਹਾਂ ਦੇ ਹਥੋਂ ਟੁਕੜੇ ਖੋਹ ਲਏ ਕਾਵਾਂ। ਹਜ਼ੂਰ ਮੁੜ ਮੇਰੇ ਨਾਨਕੇ ਮੈਨੂੰ ਲੈ ਆਏ। ਮੈਂ ਨਾਨਕੀ ਪਲਿਆ ਤੇ ਏਥੇ ਹੀ ਵਿਆਹਿਆ ਵਰਿਆ ਗਿਆ। ਉਨ੍ਹਾਂ ਕੋਲ ਗਊਆਂ ਸਨ। ਮੈਨੂੰ ਵੀ ਗਊ ਸੇਵਾ ਦੀ ਚੇਟਕ ਲਗ ਗਈ।"

"ਬਾਬਾ ਕਈ ਮੁਸਲਮਾਨ ਤਾਂ ਗਊ ਮਾਰਨ ਵਿਚ ਸਵਾਬ ਸਮਝਦੇ ਹਨ, ਤੂੰ ਗਊ ਭਗਤ ਬਣ ਕਿਵੇਂ ਗਿਆ।"

"ਭੋਲੇ ਬਾਦਸ਼ਾਹੋ ! ਨਿਮਾਜ਼ ਗਊ ਸੇਵਾ ਨੂੰ ਨਹੀਂ ਰੋਕਦੀ। ਫੇਰ ਗਊ ਮਾਰਨਾ ਕੁਰਾਨ ਵਿਚ ਕਿਤੇ ਸਵਾਬ ਨਹੀਂ। ਕਲਮਾਂ ਭਲੇ ਕੰਮਾਂ ਤੋਂ ਨਹੀਂ ਮੋੜਦਾ ਫੇਰ ਇਹਦੇ ਨਾਲ ਤਾਂ ਵਾਹੀ ਖੇਤੀ ਨੂੰ ਫੈਦਾ ਪੁਜਦਾ ਏ, ਪਰ ਮੈਨੂੰ ਮੱਝ ਨਾਲੋਂ ਗਊ ਨਾਲ ਵਧੇਰੇ ਪਿਆਰ ਹੈ। ਮੈਨੂੰ ਇਹ ਪਤਾ ਨਹੀਂ ਸੀ ਕਿ ਇਸਦਾ ਫਲ ਦੁਧ ਨਾਲੋਂ ਵੀ ਵਧੇਰੇ ਮਿਠਾ ਹੁੰਦਾ ਏ। ਇਕ ਵੇਰ ਮੈਂ ਇਕਲਾ ਈ ਖੇਤਾਂ ਵਿਚ ਪਾਣੀ ਲਾ ਰਿਹਾ ਸਾਂ ਕਿ ਮਹਾਰਾਜ ਦੇ ਸੇਵਕ ਬੋਹੜਾਂ ਹੇਠਾਂ ਗਊਆਂ ਲਈ ਖੜੇ ਸਨ। ਉਹ ਬਲ੍ਹਾੜੇ ਵਲ ਜਾ ਰਹੇ ਸਨ। ਮੈਂ ਗਊਆਂ ਕੋਲ ਆਇਆ। ਇਹ ਗਊ ਜਿਹਦੀ ਮੈਂ ਗਲ ਕਰ ਰਿਹਾ ਹਾਂ, ਇਸ ਦੀਆਂ ਅੱਖਾਂ ਵਿਚ ਅਥਰੂ ਤਕੇ। ਮੈਂ ਜਾਣਿਆ ਅੱਲਾ ਖ਼ੈਰ ਕਰੇ। ਇਹ ਬੁਚੜਾਂ ਨੂੰ ਵੇਚਣ ਜਾ ਰਹੇ ਹਨ। ਮੈਂ ਪੁਛਿਆ ?

"ਗਊ ਵੇਚਨੀ ਜੇ ? ਅਗੋਂ ਹਸਦਿਆਂ ਹਸਦਿਆਂ ਉਤਰ ਮਿਲਿਆ : "ਖੈਰਿਆ ! ਇਹ ਮੂੰਹ ਤੇ ਮਸਰਾਂ ਦੀ ਦਾਲ। ਜਾ ਅਪਨਾ ਕੰਮ ਕਰ।"

ਮੈਂ ਕਹਿਆ : 'ਮੂੰਹੋਂ ਮੰਗਿਆ ਦਿਆਂਗਾ।'

ਉਨ੍ਹਾਂ ਪੰਜੀ ਰੁਪੈ ਮੁਲ ਕੀਤਾ। ਮੈਂ ਇਕ ਦੁਕਾਨਦਾਰ ਤੋਂ ਹੁਦਾਰ ਮੰਗੇ ਪੰਜੀ ਅਗੇ ਲਿਆ ਰਖੇ। ਚਾਰ ਆਨੇ ਉਨ੍ਹਾਂ ਛੋਟ ਕੀਤੀ। ਮੈਂ ਗਊ ਬੰਨ੍ਹ ਲਈ। ਚਵਾਨੀ ਦੇ ਪਤਾਸੇ ਵੰਡ ਦਿਤੇ। ਮਾਮੇ ਨੂੰ ਬਿਨਾਂ ਦਸੇ ਗਊ ਲੈ ਬਾਹਰ ਹੀ ਪੱਠੇ ਪਾਉਣੇ ਤੇ ਬਾਹਰ ਹੀ ਬੰਨ੍ਹ ਔਣਾ। ਜਦ ਮੇਰੇ ਮਾਮਿਆਂ ਨੂੰ ਪਤਾ ਲਗਾ ਤਾਂ ਮੈਂ ਨਵੇਂ ਪਿੰਡ ਮਹਿਤੇ ਕੋਲ ਚਲਾ ਗਿਆ। ਮੇਰਾ ਮਾਮਾ ਮੈਨੂੰ ਲਭਣ ਵਾਸਤੇ ਨਵੇਂ ਪਿੰਡ ਗਇਆ ਤੇ ਦਿਲਾਸਾ ਦੇਕੇ ਘਰ ਲੈ ਆਇਆ ?"

"ਮੈਂ ਗਊ ਦੀ ਰਜਕੇ ਸੇਵਾ ਕੀਤੀ ! ਗਊ ਵੀ ਰਜਵਾਂ ਦੁਧ ਦਿਤਾ। ਸਾਡੇ ਘਰ ਉਹ ਦੋ ਤਿੰਨ ਵਾਰੀ ਸੂਈ। ਅੰਤ ਨੂੰ ਉਸਦੇ ਦਿਨ ਪੂਰੇ ਹੋ ਗਏ। ਖੈਰ ਬਹੁਤੀਆਂ ਗਲਾਂ ਛਡੋ ਦੇਸ਼ ਵਿਚੋਂ ਗੁਲਾਮੀ ਦੀ ਰਾਤ ਮੁਕੀ, ਆਜ਼ਾਦੀ ਦੀ ਸਵੇਰ ਹੋਈ। ਮਗਰ ਆਜ਼ਾਦੀ ਕਾਹਦੀ ਆਈ ਬਰਬਾਦੀ ਆਈ। ਭਰਾ ਭਰਾ ਦਾ ਵੈਰੀ ਬਣ ਖਲੋਤਾ। ਸਦੀਆਂ ਤੋਂ ਵਸਦੇ ਰਸਦੇ ਹਮਸਾਏ, ਮਾਂ ਪਿਉ ਜਾਇਆਂ ਨੇ ਜਮਾਂ ਦਾ ਰੂਪ ਧਾਰਨ ਕਰ ਲਿਆ। ਕੀ ਹਿੰਦੂ, ਕੀ ਮੁਸਲਮਾਨ ਸਭ ਹਲਕਾਏ ਗਏ। ਭਾਰਤ ਤੇ ਸ਼ੈਤਾਨ ਦਾ ਰਾਜ ਹੋ ਗਿਆ। ਬੇ-ਦੋਸ਼ਿਆਂ ਦਾ ਲਹੂ ਵੀਟਿਆ ਗਿਆ। ਘਰ ਫੂਕੇ ਗਏ। ਸਤੀਆਂ ਦੇ ਸਤ ਭੰਗ ਹੋਏ। ਦੁਧ ਪੀਂਦੇ ਮਾਵਾਂ ਦੇ ਬਚਿਆਂ ਨੂੰ ਛਾਤੀਆਂ ਨਾਲੋਂ ਧਰੂ ਧਰੂ ਉਨ੍ਹਾਂ ਨੂੰ ਸਦਾ ਦੀ ਨੀਂਦਰੇ ਸੁਲਾ ਦਿਤਾ। ਇਕਲੇ ਸਾਡੇ ਘਰ ਦੇ ਅਠਾਰਾਂ ਜੀ ਸਨ। ਅਠਾਰਾਂ ਦੇ ਅਠਾਰਾਂ ਹੀ ਸਵਰਗਾਂ ਨੂੰ ਟੋਰ ਦਿਤੇ ਗਏ। ਮਗਰ ਮੇਰੀ ਜ਼ਿੰਦਗੀ ਗਊ ਮਾਤਾ ਨੇ ਬਚਾਈ। ਜੇ ਮੈਨੂੰ ਪਤਾ ਹੁੰਦਾ ਤਾਂ ਗਊ ਨੂੰ ਪਹਿਲਾਂ ਯਾਦ ਕਰ ਲੈਂਦਾ। ਮੈਨੂੰ ਕਈਆਂ ਸਲਾਹ ਦਿਤੀ ਏ ਕਿ ਮੈਂ ਦੀਨ ਭਾਈਆਂ ਕੋਲ ਪਾਕਿ-ਸਤਾਨ ਚਲਾ ਜਾਵਾਂ, ਮਗਰ ਮੈਂ ਕਸਮ ਖਾ ਲਈ ਏ ਕਿ ਮੈਂ ਹਿੰਦੁਸਤਾਨ ਖਾਤਰ ਜੀਆਂ ਗਾ, ਹਿੰਦੁ-ਸਤਾਨ ਖਾਤਰ ਮਰਾਂਗਾ, ਤੇ ਜਿਨਾਂ ਚਿਰ ਦੇਹ ਵਿਚ ਪ੍ਰਾਨ ਹਨ ਗਊ ਦੀ ਸੇਵਾ ਕਰਾਂਗਾ।"

Sri Satguru Jagjit Singh Ji Elibrary NamdhariElibrary@gmail.com

ਗਊ ਅਤੇ ਭਾਰਤੀ ਸਭਿਆਚਾਰ

ਸ੍ਰੀ ਰਤਨ ਸਿੰਘ ਜੀ

ਸ੍ਰੀ ਰਤਨ ਸਿੰਘ ਨਾਮਧਾਰੀ ਇਤਿਹਾਸ ਨੂੰ ਦੁਨੀਆਂ ਵਿਚ ਪੇਸ਼ ਕਰ ਦੇਣ ਵਾਲਾ ਕ੍ਰਿਸ਼ਮਾ ਨਜ਼ਰ ਆ ਰਿਹਾ ਹੈ, ਸਿਰਸਾ ਨੈਸ਼ਨਲ ਕਾਲਜ ਵਿਚ ਆਪਣੀ ਪੜ੍ਹਾਈ ਦੀ ਮੰਜ਼ਲ ਨੂੰ ਮੇਹਨਤ ਤੇ ਸ਼ੌਕ ਨਾਲ ਪੂਰਿਆਂ ਕਰ ਰਿਹਾ ਹੈ, ਕਈ ਕਿਸਮਾਂ ਦੇ ਮਹੌਲ 'ਚ ਰਹਿੰਦਿਆਂ ਹੋਇਆਂ ਵੀ ਕੁਸੰਗਤ ਤੋਂ ਬਚਣਾ ਸਿਨੇਮਾ ਤੇ ਚਾਹ ਵਰਗੀ ਨਾ ਮੁਰਾਦ ਬਿਮਾਰੀ ਤੋਂ ਅਲੇਪ ਰਹਿਣਾ ਇਸਦੇ ਜਿੰਦਾ ਦਿਲ ਹੋਣ ਦੀ ਮਿਸਾਲ ਹੈ,ਨਾਮਧਾਰੀ ਡਰੈਸ ਇਸਦੇ ਜੀਵਨ ਦਾ ਸਹਾਰਾ ਬਣ ਗਿਆ ਹੈ। ਪੜ੍ਹਾਈ ਦੇ ਨਾਲ ਨਾਲ ਆਪਣੀ ਕਲਮ ਦੇ ਜੌਹਰ ਸਤਿਜੁਗ ਅਖਬਾਰ ਰਾਹੀਂ ਪਾਠਕਾਂ ਨੂੰ ਭੇਟ ਕਰਦਾ ਹੀ ਰਹਿੰਦਾ ਹੈ। ਇਸ ਲੇਖ ਵਿਚ ਗਊ ਤੇ ਸਭਿਆਚਾਰ ਦੀ ਜਿਹੜੀ ਤਸਵੀਰ ਉਲੀਕੀ ਗਈ ਹੈ ਇਸ ਵਿਚੋਂ ਪਾਠਕਾਂ ਨੂੰ ਰਤਨ ਸਿੰਘ ਦੀ ਆਤਮਾ ਵਿਖਾਲੀ ਦੇਵੇਗੀ। —'ਸਾਜਨ'

ਗਊ-ਰਖਿਆ ਦਾ ਸਵਾਲ ਅਜ ਇਕ ਅਹਿਮ ਜਿਹਾ ਸਵਾਲ਼ ਬਣਗਿਆ ਹੈ ਅਤੇ ਪਿਛਲੇਰੇ ਕਾਲ ਵਿਚ ਹੜਤਾਲਾਂ, ਜਲੂਸਾਂ ਤੇ ਅੰਦੋਲਨਾਂ ਨੇ ਇਸ ਨੂੰ ਹੋਰ ਵੀ ਪੇਚੀਦਾ ਬਨਾ ਦਿਤਾ ਹੈ। ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿਚ ਅਸ਼ਾਂਤੀ ਦੀ ਹਵਾ ਰੁਮਕ ਰਹੀ ਹੈ। ਗਊ-ਰਖਿਆ ਅੰਦੋਲਨ ਸੁਤੰਤਰਤਾ ਮਿਲਨ ਤੋਂ ਤ਼ਤ-ਫਟ ਪਿਛੋਂ ਹੀ ਚਲ ਪਿਆ। ਪਹਿਲਾਂ ਲੋਕਾਂ ਨੇ ਸ਼ਾਂਤਮਈ ਤਰੀਕਾ ਹੀ ਅਖਤਿਆਰ ਕਰੀ ਰਖਿਆ ਪਰ ਜਦੋਂ ਇਸ ਤੇ ਵੀ ਸਾਡੀ ਕੌਮੀ ਸਰਕਾਰ ਦੇ ਕੰਨਾਂ ਤੇ ਜੂੰ ਨਾ ਸਰਕੀ ਤਾਂ ਫਿਰ ਦੂਜਾ ਤਰੀਕਾ ਅਖਤਿਆਰ ਕੀਤਾ ਗਿਆ ਉਹ ਸੀ ਹੜਤਾਲਾਂ ਦਾ, ਜਲੂਸਾਂ ਦਾ, ਤੇ ਮਰਨ ਵਰਤਾਂ ਦਾ। ਅਜੇ ਪਿਛਲੇ ਸਾਲ ਦੀ ਹੀ ਗਲ ਹੈ ਕਿ ਦਿਲੀ ਵਿਚ ਦਸ ਲਖ ਲੋਕਾਂ ਦਾ ਜਲੂਸ ਨਿਕਲਿਆ ਸੀ ਜਿਸ ਨੂੰ ਸਰਕਾਰ ਨੇ ਗੋਲੀਆਂ ਨਾਲ ਠੰਢਾ ਕਰਨਾ ਚਾਹਿਆ ਸੀ ਤੇ ਬੇ-ਕਸੂਰ ਜਿੰਦਾਂ ਨੂੰ ਗਊ-ਰਖਿਆ ਲਈ ਤਰਲੇ ਲੈਂਦਿਆਂ ਨੂੰ ਗੋਲੀਆਂ ਨਾਲ ਭੁਨ ਦਿਤਾ ਸੀ। ਪੁਰੀ ਦੇ ਜਗਤ-ਗੁਰੂ ਸ਼ੰਕਰਾਚਾਰੀਆ ਨੇ ਮਰਨ ਵਰਤ ਰਖਲਿਆ ਤਾਂ ਜਾਕੇ ਕੇਂਦਰੀ ਸਰਕਾਰ ਨੂੰ ਪਤਾ ਲਗਾ ਕਿ

Sri Satguru Jagjit Singh Ji Elibrary NamdhariElibrary@gmail.com

ਗਊਆਂ ਦੀ ਭਾਰਤ ਵਿਚ ਕੀ ਅਹਿਮੀਅਤ ਹੈ। ਤੇ ਸਰਕਾਰ ਨੇ ਸਕੰਜੇ ਵਿਚ ਆਇਆਂ ਗਊ-ਰਖਿਆ ਲਈ ਯਤਨ ਕਰਨ ਦਾ ਐਲਾਨ ਕਰ ਦਿਤਾ ਜਿਸ ਤੇ ਅਜ ਬਿਲਕੁਲ ਹੀ ਅਮਲ ਨਹੀਂ ਹੋ ਰਿਹਾ।

ਵਖ ਵਖ ਦੇਸ਼ਾਂ ਦੀਆਂ ਆਪਣੀਆਂ ਆਪ-ਣੀਆਂ ਪ੍ਰੰਪਰਾਵਾਂ ਹੁੰਦੀਆਂ ਹਨ, ਜਿੰਨ੍ਹਾਂ ਅਨੁਸਾਰ ਕਿ ਉਸ ਦੇਸ਼ ਦਾ ਸਮਾਜੀ ਢਾਂਚਾ ਉਸਰਿਆ ਹੁੰਦਾ ਹੈ। ਵਖਰੇ ਵਖਰੇ ਰੀਤਾਂ ਰਿਵਾਜ ਹੁੰਦੇ ਹਨ ਅਤੇ ਵਖਰਾ ਹੀ ਸ੍ਰੇਸ਼ਠ ਸਮਾਜ ਹੁੰਦਾ ਹੈ। ਦੇਸ਼ ਦੇ ਹਾਲਤਾਂ ਦੇ ਅਨੁਕੂਲ ਹੀ ਆਪਣੇ ਇਸ਼ਟ ਦੇਵ ਦੀ ਅਰਾਧਨਾ ਕੀਤੀ ਜਾਂਦੀ ਹੈ, ਮੰਦਰਾਂ ਬੁਤਾਂ, ਗੋਰਾਂ ਤੇ ਜਾਨਵਰਾਂ ਨੂੰ ਪੂਜਿਆ ਜਾਂਦਾ ਹੈ ਅਤੇ ਠੀਕ ਹਿੰਦੂ-ਵੇਲਡ ਵੀ ਅਜ ਗਊ-ਰਖਿਆ ਲਈ ਜਤਨ ਵੀ ਇਸੇ ਆਧਾਰ ਤੇ ਹੀ ਕਰ ਰਿਹਾ ਹੈ ਜਿਵੇਂ ਕਿ ਇਸਾਈ 'ਲੇਲੇ, ਲਈ ਤੇ ਮੁਸਲਮਾਨ 'ਸੂਰ, ਲਈ ਕਰਦੇ ਹਨ। ਹਿੰਦੂ ਧਰਮ ਗਊ ਮਾਰਨਾਂ ਸਭ ਤੋਂ ਵਡਾ ਪਾਪ ਮੰਨਦਾ ਹੈ ਅਤੇ ਇਸ ਨੂੰ ਉਸ ਦੁਧ ਧੋਤੇ ਦਰਜੇ ਤੇ ਰਖਦਾ ਹੈ ਜਿਥੇ ਕਿ ਜਗਤ-ਜਨਨੀ ਨੂੰ ਰਖਿਆ ਜਾਂਦਾ ਹੈ ਤੇ ਕਹਿੰਦਾ ਹੈ:—

"ਗਊ ਮਾਤਾ"

ਬਦ-ਕਿਸਮਤੀ ਸਾਡੀ ਉਦੋਂ ਹੀ ਸੀ ਜਦੋਂ ਕਿ ਅਸੀਂ ਸਦੀਆਂ ਤਕ ਗੁਲਾਮੀ ਦੀ ਭਾਰੀ ਪੰਡ ਨੂੰ ਸਿਰ ਤੇ ਚੁਕੀ ਰਖਿਆ। ਬਦੇਸ਼ੀ ਹੁਕਮਰਾਨਾ ਨੇ ਸਾਡੇ ਸਭਿਆਚਾਰ ਦਾ ਚੰਗੀ ਤਰ੍ਹਾਂ ਮੌਜੂ ਉਡਾ-ਇਆ। ਮੁਗਲ ਆਏ, ਉਨ੍ਹਾਂ ਮੰਦਰਾਂ ਨੂੰ ਲੁਟਣਾ ਉਜਾੜਨਾ ਸ਼ੁਰੂ ਕਰ ਦਿਤਾ। ਫਿਰ ਇਸਾਈ (ਅੰਗਰੇਜ਼) ਆਏ, ਉਨ੍ਹਾਂ ਰਾਜਨੀਤੀ ਦੇ ਨਾਲ ਨਾਲ ਫਿਰਕੂ ਜ਼ਹਿਰਾਂ ਵੀ ਖਿਲਾਰਨੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਦਾ ਕੰਮ ਸੀ, ਇਕ ਭਾਰਤ ਨੂੰ ਲੁਟਣਾ ਦੂਜਾ ਇਥੋਂ ਦੇ ਸਭਿਆਰ ਨੂੰ ਮਿਟੀ ਵਿਚ ਰੋਲਣਾ। ਪਹਿਲੇ ਪਾਦਰੀ ਇਥੇ ਪੈਰ ਹੀ ਪਕੇ ਕਰਦੇ ਰਹੇ ਤੇ ਬਾਦ ਵਿਚ ਮੌਕਾ ਲਗਨ ਤੇ ਉਨ੍ਹਾਂ ਦੂਜਾ ਹਥ ਵੀ ਸ਼ੁਰੂ ਕਰ ਦਿਤਾ ਥਾਂ ਥਾਂ ਤੇ ਬੁਚੜ-ਖਾਨੇ ਖੁਲ ਗਏ, ਮੰਦਰਾਂ ਮਸੀਤਾਂ ਦੀ ਕਦਰ ਘਟ ਗਈ, ਵੇਦਾਂ, ਕੁਰਾਨਾਂ, ਤੇ ਗ੍ਰੰਥਾਂ, ਨੂੰ ਅਲਮਾਰੀਆਂ ਵਿਚ ਹੀ ਸਿਓਂਕ ਲਗ ਗਈ। ਤੇ ਭਾਰਤ ਦੂਹਰਾ ਗੁਲਾਮ ਹੋ ਗਿਆ, ਇਕ ਰਾਜਨੀਤਕ ਪਖੋਂ ਅਤੇ ਦੂਜਾ ਸਭਿਆਚਾਰਕ ਪਖੋਂ। ਸਮੇਂ ਸਮੇਂ ਬਦੇਸ਼ੀ ਜੂਲਾ ਭੰਨਣ ਲਈ ਇਨਕਲਾਬ ਔਂਦੇ ਰਹੇ ਪਰ ਉਹ ਅੰਗਰੇਜ਼ ਦੀ 'ਪਾੜੋ ਤੇ ਰਾਜ ਕਰੋ' ਨੀਤੀ ਵਿਚ ਆਕੇ ਇਕ ਮੁਠ ਨਾ ਹੋ ਸਕੇ। ਦੇਸ਼ ਦੀ ਅਸਲੀ ਹੂਕ ਦਾ ਉਦੋਂ ਪਤਾ ਲਗਾ ਜਦੋਂ ਕਾਂਗ-ਰਸ ਜਥੇਬੰਦ ਹੋ ਗਈ। ਕਾਂਗਰਸ ਦੀਆਂ ਕਾਰਜ-ਵਿਧੀਆਂ ਨਾਲ ਦੇਸ਼ ਕੁਝ ਕੁਝ ਅੰਗੜਾਈਆਂ ਲੈਣ ਲਗਾ। ਪਰ ਫਿਰ ਵੀ ਸਰਕਾਰ ਦਾ ਵਿਰੋਧ ੧੯੧੯ ਤੋਂ ਪਹਿਲਾਂ ਬਹੁਤ ਘਟ ਸੀ। ੧੯੧੯ ਤੇ ੧੯੩੫ ਦੇ ਭਾਰਤੀ ਐਕਟਾਂ ਅਨੁਸਾਰ ਕੁਝ ਅਕਾਰ ਧਿਭਾਰਤੀਆਂ ਨੂੰ ਦਿਤੇ ਗਏ। ਗਊ-ਰਖਿਆ ਉਸ ਵੇਲੇ ਦੀ ਅਸਲੀ ਹੂਕ ਸੀ ਜੋ ਕਿ ਜਨਤਾ ਉਠਾ ਨਹੀਂ ਸੀ ਸਕਦੀ।

ਤੇ ਕੁਰਬਾਨੀਆਂ ਦੇ ਅਣਮਿਣੇ ਹੜ ਨਾਲ ਦੇਸ਼ ਸੁਤੰਤਰ ਹੋ ਗਿਆ। ਜਨਤਾ ਦੀਆਂ ਪਵਿਤਰ ਇਛਾਵਾਂ ਮੂਰਤੀਮਾਨ ਹੋਣ ਲਗੀਆਂ। ਜਨਤਾ ਨੂੰ ਆਸ ਸੀ ਕਿ ਸਾਡੀ ਕੌਮੀ ਜਮਹੂਰੀ ਸਰਕਾਰ ਲੋਕਾਂ ਅੰਦਰਲੀਆਂ ਹੂਕਾਂ ਸੁਣੇਗੀ ਪਰ ਅਜ ਹਾਲਾਤ ਕੁਝ ਹੋਰ ਹੀ ਹਨ। ਸਾਡੀਆਂ ਇਛਾਵਾਂ ਇਛਾਵਾਂ ਹੀ ਰਹਿ ਗਈਆਂ ਹਨ। ੨੧ ਸਾਲਾਂ ਦਾ ਪਲਿਆ ਭਾਰਤੀ ਗਣਰਾਜੀ ਸ਼ਾਸ਼ਨ ਥਾਂ ਥਾਂ ਤੇ ਅੰਦੋਲਨਾਂ ਦਾ ਮੁਕਾਬਲਾ ਕਰ ਰਿਹਾ ਹੈ ਅਤੇ ਅਜ ਸਭ ਤੋਂ ਵਡਾ ਅੰਦੋਲਨ ਹੈ ਗਊ-ਰਖਿਆ ਦਾ। ਜਦੋਂ ਦੇਸ਼ ਅਜ਼ਾਦ ਹੋਇਆ ਸੀ ਤਾਂ ਉਸ ਵੇਲੇ ਗਊ-ਰਖਿਆ ਦੀ ਮੰਗ ਜਬਰਦਸਤ ਸੀ ਪਰ ਹਾਲਾਤ ਆਗਿਆ ਨਹੀਂ ਸਨ ਦਿੰਦੇ। ਇਸ ਤੋਂ ਵੀ ਵਡੀਆਂ ਮੁਸ਼ਕਲਾ ਦੇਸ਼ ਦੇ ਸਾਹਮਣੇ ਸਨ। ਦੇਸ਼ ਦੇ ਸਾਧਨ ਸੀਮਤ ਸਨ, ਇਸ ਮੰਗ ਨੂੰ ਸੰਵਿਧਾਨ ਵਿਚ ਉਨ੍ਹਾਂ ਇਛਾਵਾਂ ਵਿਚ ਰਖ ਦਿਤਾ ਜੋ ਕਿ ਰਾਜ ਨੇ ਪੂਰੀਆਂ ਕਰਨੀਆਂ

Sri Satguru Jagjit Singh Ji Elibrary NamdhariElibrary@gmail.com

ਸਨ। ਉਹ ਸਨ ਗਣਤੰਤਰਾਤਮਿਕ ਸੰਵਿਧਾਨ ਦੇ ਚੌਥੇ ਖੰਡ ਵਿਚ ਦਿਤੇ ਰਾਜ ਦੇ ਨੀਤੀ ਨਿਰਦੇਸ਼ਕ-ਤਤ ਅਤੇ ਇਸੇ ਖੰਡ ਦੀ ਧਾਰਾ ਪੰਧ ਹੀ ਹੈ। ਜਿਸ ਦਾ ਕਿ ਅਜ ਝਗੜਾ ਹੈ। ਇਸ ਵਿਚ ਸਪਸ਼ਟ ਲਿਖਿਆ ਹੈ ਕਿ-ਰਾਜ ਗਊਆਂ ਅਤੇ ਦੁਧਾਰੂ ਪਸ਼ੂਆਂ ਦੀ ਦੇਖ ਰੇਖ ਦਾ ਯਤਨ ਕਰੇਗਾ।

ਹਿੰਦੁਸਤਾਨ ਨੂੰ ਦੇਵਤਿਆਂ ਦੀ ਧਰਤੀ ਕਿਹਾ ਗਿਆ ਹੈ। ਇਥੇ ਸਚਮੁਚ ਹੀ ਵੇਦਾਂ ਸਿਮ੍ਰਤੀਆਂ ਦੀ ਹੋਂਦ ਦਿਸੀ। ਰਾਮ ਬੁਧ ਤੇ ਨਾਨਕ ਇਸ ਧਰਤੀ ਤੇ ਹੀ ਇਲਾਹੀ ਰਮਜ਼ਾਂ ਦਾ ਪ੍ਰਚਾਰ ਕਰਦੇ ਰਹੇ। ਰੂਹਾਨੀ ਤਾਕਤ ਨੂੰ ਜਿੰਨਾ ਇਸ ਧਰਤੀ ਤੇ ਨਿਵਾਜਿਆ ਗਿਆ ਹੈ ਸ਼ਾਇਦ ਹੀ ਦੁਨਿਆਂ ਦੀ ਕਿਸੇ ਹੋਰ ਥਾ ਤੇ ਉਨਾਂ ਹੋਵੇ । ਮਨੁਖ ਵਿਚਲੀ ਤਾਕਤ ਨੂੰ ਚੰਗੀ ਤਰਾਂ ਘੋਖਿਆ ਗਿਆ ਹੈ। ਸਾਰੀ ਦੁਨੀਆ ਦੇ ਸਭ ਤੋਂ ਵਡੇ ਬੁਧ ਧਰਮ ਤੇ ਚੌਥੇ ਦਰਜੇ ਤੇ ਹਿੰਦ ਧਰਮ ਦਾ ਇਥੋਂ ਹੀ ਵਿਕਾਸ ਹੋਇਆ ਸੀ। ਪੀਰਾਂ ਪੈਗੰਬਰਾਂ ਨੇ ਸਮੁਚੀ ਕਾਇ-ਨਾਤ ਵਿਚਇਕੋ ਹੀ ਨੂਰ ਦੀ ਚਾਨਣੀ ਦਰਸਾਈ ਹੈ। ਤੇ ਇਸੇ ਸਦਕਾ ਹੀ ਪਛਮੀ ਲੋਕ ਪੂਰਬ ਦੇ ਤੇ ਖਾਸ ਕਰ ਭਾਰਤ ਦੇ ਦਾਸ ਹਨ ਕਿਉਂ ਕਿ ਉਨ੍ਹਾ ਨੂੰ ਮਨ ਦੀ ਭਟਕਨਾ ਦੀ ਇਥੋਂ ਸ਼ਾਂਤੀ ਮਿਲਦੀ ਹੈ। ਨੈਤਕ ਵਾਦ ਨੂੰ ਅਖੋਂ ਪਰੋਖੇ ਕਰ ਚੁਕੀਆਂ ਕੌਮਾਂ ਮੁੜ ਉਸੇ ਮੁਹਾਨੇ ਵਲ ਆਰਹੀਆਂ ਹਨ ਤੇ ਭਾਰਤ ਨੂੰ ਇਸ ਭਾਵਤ ਦਾ ਗੜ੍ਹ ਕਹਿ ਲਈਏ ਤਾਂ ਸ਼ਾਇਦ ਠੀਕ ਹੀ ਹੋਵੇਗਾ ਅਤੇ ਸ਼ਾਇਦ ਇਸੇ ਸਦਕਾਹੀਸਾਰੇ ਸੰਸਾਰ ਵਿਚ ਇਕੋ ਇਕ ਕੇਂਦਰ ਭਾਰਤ ਵਿਚ ਹੀ ਹੈ ਜਿਥੇ ਕਿ ਅਧਿਆਤਮਵਾਦ ਸ਼ਕਤੀ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਉਹ ਕੇਂਦਰ ਰਾਜਸਥਾਨ ਵਿਚ ਜੈਪੁਰ ਵਿਚ ਸਥਿਤ ਹੈ।

ਅਜ ਜੇ ਪਛੱਮ ਨਿਰੋਲ ਪਦਾਰਥਵਾਦ ਦੀ ਜਵਾਲਾ ਵਿਚ ਸੜਦਾ ਪੂਰਬ ਦੀ ਸ਼ਰਨ ਆਉਂਦਾ ਹੈ ਤਾਂ ਚਾਹੀਦਾ ਤਾਂ ਇਹ ਸੀ ਕਿ ਸਾਡੇ ਦੇਸ਼ ਵਿਚ ਪੂਰਨ ਸ਼ਾਕਾਹਾਰੀ ਲੋਕ ਹੁੰਦੇ ਤੇ ਸਾਡੇ ਦੇਸ਼ ਦੀ ਪੁਰਾਤਨਤਾ ਮੁੜ ਚਮਕ ਪੈਂਦੀ ਜਦੋਂ ਅਸੀਂ ਗੁਰੂ ਨਾਨਕ ਪੀਰ ਦਾ: "ਏਕ ਨੂਰ ਤੇ ਸਭ ਜਗ ਉਪਜਿਆ।" ਦਾ ਹੋਕਾ ਘਰ ਘਰ ਵੰਡਦੇ,ਪਰ ਜੇ ਸਾਡੀ ਇੰਨੀ ਸਮਰਥਾ ਨਹੀਂ ਸੀ, ਸਾਡਾ ਇਖ਼ਲਾਕ ਇੰਨਾ ਉੱਚਾ ਨਹੀਂ ਸੀ ਉਠ ਸਕਿਆ ਤਾਂ ਸਾਨੂੰ ਘਟੋ ਘਟ ਇਹ ਤਾਂ ਜ਼ਰੂਰ ਚਾਹੀਦਾ ਸੀ ਕਿ ਅਸੀਂ ਆਪਣੇ ਹੱਥ ਆਈ ਤਾਕਤ ਨੂੰ ਗਊ ਰਖਿਆ ਲਈਤਾਂ ਜ਼ਰੂਰਵਰਤਦੇ। ਅਜਚਾਹੀਦਾ ਸੀ ਕਿ ਸਾਡੇ ਦੇਸ਼ ਵਿਚ ਗਊ—ਹਤਿਆ ਕਾਨੂੰਨਨ ਬੰਦ ਹੁੰਦੀ ਤੇ ਸਾਡੀ ਗਊ ਜਿਸਨੂੰ ਕਿ ਅਸੀਂ ਮਾਤਾ ਕਹਿਕੇ ਸਤਕਾਰਦੇ ਹਾਂ ਉਸਦਾ ਚਮੜਾ ਬਦੇਸ਼ਾ ਦੀਆਂ ਮੰਡੀਆਂ ਵਿਚ ਤੇ ਨਾ ਵਿਕਦਾ।

ਜ਼ਿਆਦਾ ਦੂਰ ਨਾ ਜਾਂਦੇ ਹੋਏ, ਇਹ ਤੇ ਹੈ ਰਾਜ ਦਾ ਦ੍ਰਿਸ਼ਟੀਕੋਣ, ਪਰ ਇਥੇ ਅਸੀਂ ਵੇਖਣਾ ਹੈ ਕਿ ਗਊ ਦੀ ਰਖਿਆ ਭਾਰਤ ਵਿਚ ਕਿਉਂ ਜ਼ਰੂਰੀ ਹੈ ਅਤੇ ਸਾਨੂੰ ਆਪਨੇ ਹਠ ਤੇ ਕਿਉਂ ਡਟੇ ਰਹਿਣਾ ਚਾਹੀਦਾਹੈ।

ਜੇ ਹਿੰਦੂ ਪਿਛੋਕੜ ਨੂੰ ਧਿਆਨ ਨਾਲ ਘੋਖਿਆ ਜਾਵੇ ਤਾਂ ਸਾਨੂੰ ਸਾਡੇ ਸਵਾਲ ਦਾ ਸਹੀ ਉਤਰ ਮਿਲ ਜਾਵੇਗਾ। ਆਦਿ ਕਾਲ ਤੋਂ ਧਾਰਮਿਕ ਵੇਦ ਤੇ ਗ੍ਰੰਥ ਇਸ ਗਲ ਦੀ ਪੁਸ਼ਟੀ ਕਰਦੇ ਹਨ। ਸਭ ਤੋਂ ਪਹਿਲਾਂ ਕ੍ਰਿਸ਼ਨ ਮਹਾਰਾਜ ਦੀ ਮਿਸਾਲ ਲਵੋ। ਹਿੰਦੂ ਤਾਂ ਉਸਨੂੰ ਆਪਣਾ ਪੈਗੰਬਰ ਕਹਿਕੇ ਸਤਕਾਰਦੇ ਹਨ ਪਰ ਉਨ੍ਹਾਂ ਦੇ ਸਾਰੇ ਜੀਵਨ ਦੀ ਖੁਸ਼ੀ ਇਨ੍ਹਾਂ ਗਊਆਂ ਦੀ ਟਹਿਲ ਸੇਵਾ ਵਿਚ ਹੀ ਸੀ ਅਤੇ ਇਥੋਂ ਤਕ ਕਿ ਮਹਾਂ-ਭਾਰਤ ਦੇ ਬੁਧ ਨੂੰ ਜਿਤਣ ਲਈ ਵੀ ਗਊ ਦੀ ਪੂਜਾ ਕੀਤੀ ਗਈ ਸੀ। ਗਊਆਂ ਦਾ ਸੇਵਕ ਹੋਣ ਦੇ ਨਾਤੇ ਹੀ ਉਨ੍ਹਾਂ ਨੂੰ 'ਮੁਰਲੀਧਰ ਗੋ-ਪਾਲ' ਕਿਹਾ ਜਾਂਦਾ ਹੈ। ਮੰਨੂ ਦੀਆਂ ਸਿਮਰਤੀਆਂਫੋਲ ਲਵੋ,ਹਿੰਦੂਆਂਦੇ(ਆਰੀਆ ਦੇ) ਚਾਰੇ ਵੇਦ ਰਿੱਗ ਵੇਦ, ਆਯੁਰ ਵੇਦ, ਸਾਮਯ ਵੇਦ ਤੇ ਯੁਜ਼ਰ ਵੇਦ ਨੂੰ ਘੋਖਿਆ ਜਾਵੇ ਉਪਨਿਸ਼ਦਾਂ ਦਾ ਪਾਠ ਕੀਤਾ ਜਾਵੇ, ਗੀਤਾ ਪੜ੍ਹੀਏ, ਆਦਿ

Sri Satguru Jagjit Singh Ji Elibrary NamdhariElibrary@gmail.com

ਗ੍ਰੰਥ ਪੜ੍ਹੀਏ, ਸਾਰਿਆਂ ਵਿਚੋਂ ਹੀ ਜੀ-ਘਾਤ ਦਾ ਵਿਰੋਧ ਅਤੇ ਗਊ-ਪੂਜਾ ਦਾ ਆਦੇਸ਼ ਮਿਲਦਾ ਹੈ। (ਵੈਸੇ ਸਾਰੇ ਧਰਮ ਜੀ--ਦਇਆ ਦਾ ਹੀ ਪ੍ਰਚਾਰ ਕਰਦੇ ਹਨ।) ਗਊ ਮਾਰਨ ਨੂੰ ਛੇ ਵਡੇ ਪਾਪਾਂ ਵਿਚ ਗਿਣਿਆ ਗਿਆ ਹੈ ਜੋ ਕਿ ੯੬ ਕਰੋੜ ਹੋਰ ਪਾਪ ਕਰਨ ਦੇ ਬ੍ਰਾਬਰ ਅਤੇ ਗਊ ਦਾਨ ਕਰਨਾ ਸਭਤੋਂ ਵਡਾ ਸਵਾਬ ਗਿਣਿਆ ਗਿਆ ਹੈ ਤੋਂ ਫਿਰ ਕੀ ਜਿਨ੍ਹਾਂ ਵੇਦਾਂ ਤੇ ਹਿੰਦੂ ਧਰਮ ਦੀਆਂ ਬੁਨਿਆਦਾਂ ਖੜੀਆਂ ਹੋਈਆਂ ਹਨ ਕੀ ਉਹ ਵੇਦ ਗਲਤ ਹਨ ਜਾਂ ਵੇਦ-ਪੂਜਕ ਗਲਤ ਹਨ ?

ਬੁਧ ਧਰਮ ਦੀ ਮਿਸਾਲ ਹੈ। ਇਹ ਧਰਮ ਮੁਕੰਮਲ ਅਹਿੰਸਾ ਨੂੰ ਮੰਨਦਾ ਹੈ। ਮਾਸ ਖਾਣਾ ਜਾਂ ਕਿਸੇ ਜਾਨਵਰ ਨੂੰ ਦੁਖ ਦੇਣਾ ਧਰਮ ਦੇ ਖਿਲਾਫ ਹੈ। ਜੈਨ ਧਰਮ ਤਾਂ ਜੀ—ਦਇਆ ਵਿਚ ਬਹੁਤ ਹੀ ਅਗਾਂਹ ਵਧੂ ਵੇਖਿਆ ਜਾ ਸਕਦਾ ਹੈ। ਤਾਂ ਫਿਰ ਭਾਰਤੀ ਧਰਤੀ ਤੇ ਵਸਣ ਵਾਲੇ ਇਨ੍ਹਾਂ ਧਰਮਾਂ ਵਿਚ ਗਊਆਂ ਦਾ ਘਾਤ ਕਿਵੇਂ ਹੋ ਸਕਦਾ ਹੈ।

ਮੋਹੰਜੋਦੜੋ, ਨੀਲ ਤੇ ਸਿੰਧ ਘਾਟੀ ਦੀ ਖੁਦਾਈ ਸਮੇ ਵਿਚੋਂ ਨਿਕਲੀਆਂ ਮੂਰਤੀਆਂ ਤੇ ਸਿਕਿਆਂ ਉਤੇ ਖੁਦੀਆਂ ਗਊਆਂ ਤੇ ਸਾਨ੍ਹਾਂ ਦੀਆਂ ਮੂਰਤੀਆਂ ਨੇ ਸਿਧ ਕਰ ਦਿਤਾ ਹੈ ਕਿ ਪੁਰਾਤਨ ਭਾਰਤ ਵਿਚ ਗਊ ਦੀ ਤੇ ਸਾਨ੍ਹ ਦੀ ਦੇਵਤਿਆਂ ਵਾਂਗ ਹੀ ਪੂਜਾ ਹੁੰਦੀ ਸੀ!

ਮੱਧ ਕਾਲ ਵਿਚ 'ਭਗਤੀ ਲਹਿਰ' ਚਲੀ ਸੀ ਇਸਦੇ ਬਾਨੀ, ਗੁਰੂ ਨਾਨਕ ਨੂੰ ਮੰਨਿਆ ਜਾਂਦਾ ਹੈ। ਇਸ ਲਹਿਰ ਦੇ ਸਾਰੇ ਪ੍ਰਚਾਰਕਾਂ ਦਾ ਤੱਤ ਇਕੋ ਹੀ ਸੀ ਜਦੋਂ ਕਿ ਗੁਰੂ ਨਾਨਕ ਨੇ 'ਜੀ—ਦਇਆ ਪ੍ਰਵਾਣ' ਲਿਖ ਦਿਤਾ ਸੀ। ਇਹ ਲਹਿਰ ਅੰਤਰ—ਆਤਮੇ ਦੀ ਸੁਧੀ ਲਈ ਪ੍ਰਚਾਰ ਕਰਦੀ ਸੀ।

ਹੋਰ ਮਿਸਾਲ ਲਵੋ ਅਜ ਤੋਂ ਕੋਈ ਅੱਠ ਨੌਂ ਸਦੀਆਂ ਪਹਿਲਾਂ ਮੁਸਲਮਾਨਾਂ ਨੇ ਈਰਾਨ ਨੂੰ ਹਰਾ ਦਿਤਾ।ਮੁਸੀਬਤ ਬਣੀ ਨੂੰ ਉਥੋਂ ਦੇ ਜ਼ਰਦਸ਼ਤ ਪੈਗੰਬਰ ਦੇ ਚਲਾਏ ਪਾਰਸੀ ਮੱਤ ਦੇ ਸ਼ਰਧਾਲੂ ਧਰਮ—ਰਖਿਆ ਦੀ ਖਾਤਰ ਵੱਖ ਵੱਖ ਦੇਸ਼ਾਂ ਨੂੰ ਨਿਕਲ ਤੁਰੇ। ਉਨ੍ਹਾਂ ਵਿਚੋਂ ਕੁਝ ਹਿੰਦੁਸਤਾਨ ਵੀ ਆਏ। ਇਥੋਂ ਦੇ ਰਜਵਾੜਿਆਂ ਨੇ ਉਨ੍ਹਾਂ ਨੂੰ ਖੁਲ੍ਹ ਦਿਲੀ ਨਾਲ 'ਜੀ ਆਇਆਂ' ਆਖਿਆ ਪਰ ਉਨ੍ਹਾਂ ਦੇ ਇਥੇ ਟਿਕਣ ਲਈ ਹੇਠ ਲਿਖੀਆਂ ਤਿੰਨ ਪ੍ਰਮੁਖ ਸ਼ਰਤਾਂ ਸਨ:

੧. ਪਾਰਸੀ ਆਪਣੇ ਸ਼ਸਤਰ ਉਤਾਰ ਦੇਣਗੇ।

੨. ਹਿੰਦੁਸਤਾਨੀ ਬਸਤਰ ਪਹਿਨਣ।

੩. ਗਊ ਦੇ ਮਾਰਨ ਤੋਂ ਪ੍ਰਹੇਜ਼ ਕਰਨਗੇ।

ਇਸਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਿਵੇਂ ਭਾਰਤ ਵਿਚ ਆਦਿ ਕਾਲ ਤੋਂ ਹੀ ਗਊ—ਰਖਿਆ ਤੇ ਜ਼ੋਰ ਦਿਤਾ ਹੈ।

ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਦੇਗ 'ਚ ਉਬਾਲੇ ਖਾ ਲਏ, ਤੱਤੀਆਂ ਲੋਹਾਂ ਥਲੇ ਬਲਦੀਆਂ ਲਾਟਾਂ ਨੂੰ ਬ੍ਰਦਾਸ਼ਤ ਕਰ ਲਿਆ ਪਰ ਜਦੋਂ ਸ਼ਾਹੀ ਫੁਰਮਾਨ ਇਹ ਜਾਰੀ ਹੋਇਆ ਕਿ ਸਰੀਰ ਦੁਆਲੇ ਗਊ ਦਾ ਚਮੜਾ ਮੜ੍ਹਿਆ ਜਾਵੇਗਾ ਤਾਂ ਫਿਰ ਕੀ ਸੀ? ਨਿਰੰਕਾਰ ਨਾਲ ਨਿਰਾਕਾਰ ਹੋ ਜਾਣਾ ਬਿਹਤ੍ਰ ਸੀ ਪਰ ਇਹ ਕਿਉਂ ? ਕੌਮ ਦੀ ਜ਼ਿਮੇਵਾਰੀ ਸਮਝਦਾ ਇਕ ਮਹਾਂ ਪੁਰਸ਼ ਆਪਣੀ ਸੰਸਕ੍ਰਿਤੀ ਦੀ ਮਿਟੀ ਰੋਲਣਾ ਜਰ ਨਹੀਂ ਸੀ ਸਕਦਾ।

ਗੁਰੂ ਗੋਬਿੰਦ ਸਿੰਘ ਜੀ ਦੀ ਮਿਸਾਲ ਲਵੋ। ਹਿੰਦੂ ਸੰਸਕ੍ਰਿਤੀ ਦੇ ਹੋ ਰਹੇ ਪਤਨ ਨੂੰ ਠਲ੍ਹ ਪਾਣ ਵਾਲਾ ਉਹ ਇਕ ਉੱਤਰੀ ਭਾਰਤ ਦਾ ਸਭ ਤੋਂ ਮਹਾਨ ਸੂਰਬੀਰ ਸੀ। ਸਾਰੀ ਉਮਰ ਕਿਸੇ ਗ਼ੈਰ ਦੀ ਅੱਖ ਥਲੇ ਨਹੀਂ ਆਇਆ। ਅਣਖੋ ਭਿੜੇ ਹਿੰਦੂ ਰਾਜਿਆਂ ਨਾਲ ਸਾਂਵੇਂ ਵਟੇ ਤੋਲਦਾ ਭਿੜਿਹਾ, ਪਰ ਜਦੋਂ ਆਟੇ ਦੀ ਗਊ ਬਨਾਕੇ ਪਹਾੜੀ ਰਾਜਿਆਂ ਨੇ ਚਾਲ ਚਲੀ ਤਾਂ ਗੁਰੂ ਜੀ ਨੇ ਮਜ਼ਬੂਰੀ ਅਨੰਦਪੁਰ ਛਡ ਦਿਤਾ ਕਿਉਂ ਛਡਿਆ ? ਇਹ ਹੈ ਸਵਾਲ। ਇਸਦਾ ਜਵਾਬ ਇਹੀ ਹੋ ਸਕਦਾ ਹੈ

Sri Satguru Jagjit Singh Ji Elibrary NamdhariElibrary@gmail.com

ਕਿ ਉਸ ਧਰਤੀ ਦੇ ਸਚੇ ਸਪੂਤ ਦੀਆਂ ਰਗਾਂ ਵਿਚ ਪੁਰਾਣੀਆਂ ਨਸਲਾਂ ਦਾ ਖ਼ੂਨ ਲਰਜ਼ੇ ਲੈ ਰਿਹਾ ਸੀ। ਨੈਣਾਂ ਦੇਵੀ ਦੀ ਪਹਾੜੀ ਤੇ ਸਵਾ ਲੱਖ ਰੁਪਏ ਦੀ ਲਾਗਤ ਨਾਲ ਕੀਤੇ ਹਵਨ ਤੋਂ ਬਾਦ ਗਊ ਦੀ ਭਲਾਈ ਮੰਗਦਿਆਂ ਆਖਿਆ ਸੀ:

'ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।'

ਤੇ ਅੰਤ ਆਜ਼ਜ ਤੇ ਨੰਗਿਆਂ ਦੀ ਰਖਿਆ ਕਰਦਾ ਹੋਇਆ ਉਹ ਬੀਰ-ਦਿਲ ਬਾਦਸ਼ਾਹ ਕਹਿੰਦਾ ਸੀ:

ਯਹੀ ਕਾਜ ਧਰਾ ਹਮ ਜਨਮੰ।

ਅਮਰ ਨਾਮੇ ਵਿਚ ਵੀ ਗਊ-ਰਖਿਆ ਦੀ ਤਾਈਦ ਕੀਤੀ ਗਈ ਹੈ।

੧੮੫੭ ਦੇ ਜੰਗੇ-ਅਜ਼ਾਦੀ ਮੋਰਚੇ ਵਿਚ ਭਾਵੇਂ ਸਾਰੇ ਦੇਸ ਵਿਚ ਹੀ ਅਜ਼ਾਦੀ ਦੀ ਚਿੰਗਾੜੀ ਸੁਲਗ ਰਹੀ ਸੀ, ਫਿਰ ਵੀ ਭਾਂਬੜ ਇਥੋਂ ਹੀ ਮਚੇ ਸਨ, ਕਿ ਸੰਗੀਨਾਂ ਦੇ ਚਲਾਣ ਲਈ ਕਾਰਤੂਸਾਂ ਤੇ ਗਊ ਤੇ ਸੂਰ ਦੀ ਚਰਬੀ ਲੱਗੀ ਹੋਈ ਸੀ। ਇਹ ਗਲ ਸਪਸ਼ਟ ਹੋ ਚੁਕੀ ਹੈ, ਇਸਦਾ ਸਿੱਟਾ ਇਹੀ ਨਿਕਲਦਾ ਹੈ ਕਿ ਧਰਮ- ਰਖਿਆ ਲਈ ਇੱਕ ਵਡੇ ਤੋਂ ਵੱਡਾ ਵੀ ਸੰਘਰਸ਼ ਹੋ ਸਕਦਾ ਹੈ। ਅਵਧ ਤੇ ਝਾਂਸੀ ਵਾਲੇ ਗਊ- ਹਤਿਆ ਨੂੰ ਵੀ ਗ਼ਦਰ ਦਾ ਕਾਰਨ ਸਮਝਦੇ ਸਨ।

ਬ੍ਰਹਮੂ ਸਮਾਜ ਵਿਚ ਜੇ ਵੇਖਿਆ ਜਾਵੇ ਤਾਂ ਰਾਜਾ ਰਾਮ ਮੋਹਨ ਰਾਏ ਦੇ ਦੋ ਵੱਡੇ ਤੇ ਨਿਗਰ ਕੰਮ ਇਹੀ ਸਨ ਇਕ ਤਾਂ ਲਾਰਡ ਬੈਂਟਿੰਗ ਨਾਲ ਮਿਲਕੇ ਸਤੀ ਦੀ ਰਸਮ ਬੰਦ ਕਰਨਾ, ਦੂਜਾ ਗਊ-ਰਖਿਆ ਲਈ ਯਤਨ। ਉਹ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਸਨ ਕਿ ਗਊ-ਰਖਿਆ ਤੋਂ ਬਿਨਾਂ ਦੇਸ਼ ਜ਼ਿੰਦਾ ਨਹੀਂ ਰਹਿ ਸਕਦਾ।

ਇਸ ਤੋਂ ਪਿਛੋਂ ਕੂਕਿਆਂ ਦਾ ਰਕੜ ਆ ਜਾਂਦਾ ਹੈ। ਗੁਰਮੁਖ ਸਿੰਘ ਫਰਵਾਹੀ ਵਿਚਾਰਾ ਮਾਮਲਾ ਤਾਰਨ ਜਾ ਰਿਹਾ ਹੈ। ਰਾਹ ਵਿਚ ਇਕ ਬਲਦ ਤੇ ਚੜ੍ਹਿਆ ਮੁਸਲਮਾਨ ਨਜ਼ਰੀਂ ਆਇਆ। ਤੇ ਉਸਨੂੰ ਕਿਹਾ ਕਿ 'ਭਾਈ ਤੂੰ ਇਸਤੋਂ ਹੇਠਾ ਉਤਰ ਜਾਹ'। ਭਲਾ ਉਸਨੇਂ ਕਿਸੇ ਊਠ, ਘੋੜੇ ਜਾਂ ਕਿਸੇ ਹੋਰ ਜਾਨਵਰ ਉਤੇ ਚੜ੍ਹੇ ਨੂੰ ਕਿਉਂ ਨਾ ਹੇਠਾਂ ਉਤਰਨ ਲਈ ਕਹਿ ਦਿਤਾ। ਕਾਰਨ ਕਿ ਉਨ੍ਹਾਂ ਮਹਾਂ ਪੁਰਸ਼ਾਂ ਦੇ ਖ਼ੂਨ ਵਿਚ ਗਊ ਦੀ ਜਿੰਦ ਦੀ ਰਾਖੀ ਦੇ ਜਜ਼ਬੇ ਉਤਰੇ ਹੋਏ ਸਨ। ਇਸ ਤੋਂ ਪਿਛੋਂ ਜੱਗ ਜਾਨਦਾ ਹੈ ਕਿ ਕਿਵੇਂ ਬਿਨਾਂ ਮੁਕਦਮਾ ਚਲਾਏ ਹੀ ਸੰਸਕ੍ਰਿਤੀ ਦੇ ਰਖਵਾਲਿਆਂ ਨੂੰ ਕੋਟਲੇ ਦੇ ਰਕੜ ਵਿਚ ਤੂੰਬਾ ਤੂੰਬਾ ਉਡਾ ਦਿਤਾ ਗਿਆ, ਅਤੇ ਕਿਵੇਂ ਰਾਏਕੋਟ ਤੇ ਅੰਮ੍ਰਿਤਸਰ ਵਿਚ ਗਊ-ਹਤਿਆ ਦੀ ਮੁਖ਼ਾਲਫਤ ਕਰਦੇ ਇਲਾਹੀ ਵਜਦ ਵਿਚ ਆ ਕੇ ਫਾਂਸੀ ਤੇ ਝੂਟੇ ਸਨ। ਗਿਆਨੀ ਰਤਨ ਸਿੰਘ ਢਿੱਲੋ ਨੂੰ ਵੰਗਾਰ ਕੇ ਕਹਿੰਦਾ ਸੀ ਕਿ ਜਦੋਂ ਤੱਕ ਤੂੰ ਗਊ ਗਰੀਬ ਕੇ ਗਲੋਂ ਛੁਰੀ ਨਹੀਂ ਚੁਕਦਾ ਉਨ੍ਹਾਂ ਚਿਰ ਹੀ ਮੈਂ ਕਿਸੇ ਮਾਂ ਦੀ ਕੁੱਖ ਵਿਚੋ ਆ ਆਕੇ ਤੇਰੇ ਸਿਰ ਤੇ ਤਲਵਾਰ ਵਾਂਗ ਲਟਕਦਾ ਰਹਾਂਗਾ'। ਹੋ ਸਕਦਾ ਹੈ ਕਿ ਜੇ ਉਸ ਵੇਲੇ ਅਮੋਲਕ ਜਿੰਦਾਂ ਦੀ ਪ੍ਰਵਾਹ ਕਰਕੇ ਕੂਕੇ ਅੰਗਰੇਜ਼ ਦੀਆਂ ਅਖਾਂ ਵਿਚ ਸੇਹ-ਤਕਲੇ ਵਾਂਗ ਨਾ ਵਜਦੇ ਤਾਂ ਸਾਡਾ ਦੇਸ ਅਜ਼ਾਦੀ ਦੇ ਦੀਪ ਨੂੰ ਜਗਾਣ ਲਈ ਪ੍ਰਾਣਾ ਦੀ ਅਹੂਤੀ ਪਾਣ ਦੀ ਲੀਹ ਤੇ ਨਾ ਤੁਰਦਾ ਅਤੇ ਨਾ ਹੀ ਕਦੀ ਸੁੱਤਾ ਭਾਰਤ ਇੰਨੀ ਛੇਤੀ ਅਜ਼ਾਦੀ ਦੀਆਂ ਅੰਗੜਾਈਆਂ ਲੈ ਸਕਦਾ।

ਤੇ ਸਭਤੋਂ ਪਿਛਲੇਰਾ ਕਾਲ ਆਉਂਦਾ ਹੈ ਕਾਂਗਰਸ ਦਾ। ਇਸਨੂੰ ਦੋ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ, ਤਿਲਕ ਕਾਲ ਤੇ ਗਾਂਧੀ ਕਾਲ। ਇਹ ਠੀਕ ਹੈ ਕਿ ਇਸ ਵਕਤ ਭਾਰਤ ਵਿਚ ਬੁਚੜਖਾਨੇ ਖੁਲ੍ਹੇ ਸਨ ਪਰ ਇਹ ਵੀ ਠੋਸ ਸਚਾਈ ਹੈ ਕਿ ਇਨ੍ਹਾਂ ਦੋਹਾਂ ਕਾਲਾਂ ਵਿਚ ਗਊ ਰਖਿਆ ਲਈ ਯਤਨ ਹੁੰਦਾ ਰਿਹਾ। ਬਾਲ ਗੰਗਾ ਧਰ ਤਿਲਕ ਆਪ ਵੀ ਭਾਰਤੀ ਸੰਸਕ੍ਰਿਤੀ ਦੇ ਸ਼ਰਧਾਲੂ ਸਨ ਅਤੇ ਉਨ੍ਹਾ ਦਾ ਪਰਚਾਰ ਵੀ ਇਸ ਗਲ ਦੀ ਗਵਾਹੀ ਹੈ। ਭਾਰਤੀ ਸੰਵਿਧਾਨ ਦਾ ਵਿਕਾਸ ਤੇ ਰਾਸ਼ਟਰੀ ਅੰਦੋਲਨ ਦੇ

Sri Satguru Jagjit Singh Ji Elibrary NamdhariElibrary@gmail.com

ਸਫਾ ੩੯੩ ਤੇ ਕਰਤਾ ਆਰ. ਸੀ. ਅਗਰਵਾਲ ਲਿਖਦੇ ਹਨ ਕਿ ਉਨ੍ਹਾਂ ਨੇ (ਤਿਲਕ ਨੇ) ਮਹਾ-ਰਾਸ਼ਟਰ ਵਿਚ ਅਨੇਕਾਂ ਹੀ ਗੌ-ਬਧ ਵਿਰੋਧੀ ਸਮਿਤੀਆਂ, ਅਖਾੜੇ ਅਤੇ ਲਾਠੀ ਕਲਬਾਂ ਖੋਲ੍ਹੀਆਂ। ਕਾਂਗਰਸ ਦੇ ਗਰਮ ਧੜੇ ਤੇ ਨਰਮ ਧੜੇ ਦੋਹਾਂ ਗਰੁਪਾਂ ਦੇ ਲੀਡਰ ਹਿੰਦੂ ਸਭਿਆਚਾਰ ਨੂੰ ਤਰਜੀਹ ਦਿੰਦੇ ਸਨ। ਮਸਲਨ ਗਊ-ਰਖਿਆ ਦੀ ਖਾਤਰ ਗਰਮ ਧੜੇ ਦੇ ਨੇਤਾ ਲਾਜਪਤ ਰਾਇ ਤੇ ਨਰਮ ਧੜੇ ਦੇ ਨੇਤਾ ਮਦਨ ਮੋਹਨ ਮਾਲਵੀਯ ਇਕਠੇ ਮਿਲ ਗਏ ਅਤੇ ਭਾਰਤੀ ਕਲਚਰ ਨੂੰ ਉਤਮ ਦਸਕੇ ਲੋਕ-ਜਾਗ੍ਰਿਤੀ ਲਿਔਣ ਦੀ ਖਾਤਰ ਹਿੰਦੂ ਮਹਾਂ ਸਭਾ ਦੇ ਮੈਂਬਰ ਬਣ ਗਏ।

ਦੂਜਾ ਕਾਲ ਹੈ ਗਾਂਧੀਵਾਦ ਦਾ। ਗਾਂਧੀ ਦਾ ਫਲਸਫਾ ਤੇ ਸਪਸ਼ਟ ਹੀ ਹੈ। ਗਾਂਧੀ ਨੂੰ ਸਚਾਈ ਤੇ ਅਹਿੰਸਾ ਦਾ ਅਵਤਾਰ ਮੰਨਿਆ ਜਾਂਦਾ ਹੈ। ਦੇਸ਼ ਦੇ ਰਾਸ਼ਟਰੀ ਅੰਦੋਲਨ ਦੀ ਵਾਗਡੋਰ ਹੱਥ ਆ ਜਾਣ ਨਾਲ ਉਨ੍ਹਾਂ ਮੁਕੰਮਲ ਅਹਿੰਸਾ ਅਤੇ ਸ਼ਾਂਤਮਈ ਤਰੀਕਾ ਅਖਤਿਆਰ ਕਰੀ ਰਖਿਆ। ਫਿਰ ਸਵਾਲ ਹੀ ਪੈਦਾ ਨਹੀਂ ਹੁੰਦਾਂ ਕਿ ਅਹਿੰਸਾ ਦਾ ਪੁਜਾਰੀ ਕਦੀ ਅਜ਼ਾਦ ਭਾਰਤ ਵਿਚ ਗਊ ਹਤਿਆ ਵੇਖ ਸਕਦਾ ਸੀ। ਗਾਂਧੀ ਜੀ ਨੇ ਸੰਸਾਰ ਸਾਂਹਵੇਂ ਇਹ ਸਪਸ਼ਟ ਕੀਤਾ ਹੈ ਕਿ ਸੂਖਮ ਤੇ ਸਥੂਲ, ਨਰ ਤੇ ਮਾਦਾ, ਉਚੀਆਂ ਨੀਵੀਆਂ ਸਭ ਜ਼ਿੰਦਾ ਚੀਜ਼ਾਂ ਵਿਚ ਇਕ ਪ੍ਰਮਾਤਮਾ ਦੀ ਜੋਤ ਹੈ ਅਤੇ ਇਸ ਅਮਰ ਜੋਤ ਨੂੰ ਨਾਸ਼ ਕਰਨਾ ਇਨਸਾਨੀਅਤ ਦੇ ਉਲਟ ਹੈ। ਅਜ ਸੰਸਾਰ ਉਨ੍ਹਾਂ ਦਾ ਕਾਇਲ ਇਸੇ ਸਦਕਾ ਹੀ ਹੈ ਕਿ ਉਹ ਸਪਸ਼ਟ ਕਹਿੰਦੇ ਸਨ ਕਿ ਮਨੁਖ ਵਿਚਲੇ ਅੰਤਰ-ਆਤਮੇ ਦੀ ਦਰਦ—ਪੀੜਾਂ ਕੁਦਰਤ ਨੂੰ ਵੀ ਤੜਫਾਂਦੀ ਹੈ। ਇਹ ਠੀਕ ਹੈ ਕਿ ਉਹ ਰਾਜਨੀਤਿਕ ਲੀਡਰ ਸਨ ਪਰ ਅਧਿਆਤਮ ਵਾਦ ਵਿਚ ਉਹ ਇਕ ਮਾਹਿਰ ਇਨਸਾਨ ਸਨ ਸਾਰੇ ਸੰਸਾਰ ਦਾ ਇਤਿਹਾਸ ਫੋਲਿਆਂ ਕੇਵਲ ਚਾਰ ਇਨਸਾਫ ਹੀ ਅਜਿਹੇ ਦਿਸਦੇ ਹਨ ਜਿੰਨ੍ਹਾਂ ਨੇ ਕਿ ਕਿ ਧਰਮ ਨੂੰ ਰਾਜਨੀਤੀ ਨਾਲ ਜੋੜਿਆ ਅਤੇ ਅੰਤ ਇਸਨੂੰ ਵਧਦਾ ਫੁਲਦਾ ਤੇ ਫਲਦਾ ਵੀ ਵਿਖਾ ਦਿਤਾ। ਪਹਿਲਾਂ ਸੀ ਅਸ਼ੋਕ। ਕਾਲਿੰਗਾ ਦੀ ਲੜਾਈ ਤੋਂ ਬਾਦ ਮਨੁਖ ਵਿਚੋਂ ਪ੍ਰਮਾਤਮਾ ਦੀ ਅਵਾਜ਼ ਪਛਾਨਕੇ ਜਨ-ਪ੍ਰੇਮੀ ਹੋ ਗਿਆ ਅਤੇ ਬੁਧ ਮੱਤ ਨੂੰ ਦੂਰ ਦੂਰ ਤਕ ਫੈਲਾ ਦਿਤਾ। ਦੂਜਾ ਸੀ ਗੁਰੂ ਗੋਬਿੰਦ ਸਿੰਘ, ਉਹ ਇਕ ਅਜਿਹਾ ਲੀਡਰ ਸੀ ਜਿਸਨੇ ਕਿ ਬਦੇਸ਼ੀ ਜੂਲੇ ਦੇ ਵਿਚ ਵੀ ਆਪਣੇ ਆਪ ਦੇ ਜਿਉਂਦੇ ਹੋਣ ਦਾ ਅਹਿਸਾਸ ਕਰਕੇ ਭਾਰਤੀ-ਲੋਕਾਂ ਨੂੰ ਹਲੂਣਾ ਦਿਤਾ, ਅਤੇ ਤੀਜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿੰਨ੍ਹਾਂ ਧਰਮ ਪਰਚਾਰ ਦੇ ਨਾਲ ਨਾਲ ਦੇਸ਼ ਅਜ਼ਾਦੀ ਦੀ ਅੱਗ ਬਾਲੀ। ਚੌਥੇ ਮਨੁਖ ਸੀ ਮਹਾਤਮਾ ਗਾਂਧੀ। ਧਰਮ ਤੇ ਰਾਜਨੀਤੀ ਨੂੰ ਜੋੜਕੇ ਰਖਣ ਲਈ,ਮਧ ਕਾਲ ਵਿਚ ਚਰਚਾਂ ਵਾਲਿਆਂ ਨੇ ਵੀ ਕੀਤਾ ਸੀ ਪਰ ਸਫਲ ਨਹੀਂ ਸਨ ਹੋ ਸਕੇ। ਦੋਹਾਂ ਵਿਚ ਝਗੜਾ ਚਲ ਪਿਆ ਸੀ ਅਤੇ ਅੰਤ ਧਰਮ ਅਤੇ ਰਾਜਨੀਤੀ ਵਖਰੇ ਵਖਰੇ ਹੋ ਗਏ। ਧਾਰਮਿਕ ਮੁਖੀਆ ਰਾਜਾ ਨਹੀਂ ਸੀ ਮੰਨਿਆ ਜਾਂਦਾ। ਪਰ ਇਹ ਉਪਰਲੇ ਲੀਡਰ ਕਾਮਯਾਬ ਕਿਉਂ ਹੋਏ? ਕਿਉਂਕਿ ਇਹ ਭਾਰਤ ਵਿਚ ਜੀ-ਹਤਿਆ ਜਾਂ ਅਜਿਹੇ ਹੋਰ ਕੁਝ ਰਸਮ ਰਿਵਾਜਾਂ ਤੋਂ ਪਰੇਰੇ ਰਹਿਕੇ ਲੋਕਾਂ ਦਾ ਨੈਤਿਕ ਪਧਰ ਉੱਚਾ ਕਰ ਚੁਕੇ ਸਨ।

ਮੁੱਕਦੀ ਗੱਲ, ਕਿ ਜੇ ਇਥੇ ਪਾਰਸੀ ਆਏ, ਉਨ੍ਹਾਂ ਨੂੰ ਵੀ ਗਊ-ਹਤਿਆ ਛਡਨੀ ਪਈ, ਮੁਗਲ ਆਏ, ਮੁਸਲਮਾਨ ਆਏ, ਯਹੂਦੀ ਆਏ, ਡੱਚ; ਫਰਾਂਸੀਸੀ ਆਏ ਤੇ ਇਸਾਈ ਆਏ ਇਨ੍ਹਾਂ ਸਾਰਿਆਂ ਵਿਚ ਹੀ ਭਾਰਤੀ ਖੂਨ ਭਰਿਆ ਗਿਆ ਅਤੇ ਉਹ ਹਿੰਦੂ ਬਣਕੇ ਗਊ-ਹਤਿਆ ਨੂੰ ਭੁਲ ਗਏ। ਜੋਆਪਣੀ ਆਦਤਤੇ ਡੱਟੇ ਰਹੇ ਉਨ੍ਹਾਂ ਨਾਲ ਭਾਰਤੀਆਂ ਦਾ ਹਮੇਸ਼ਾਂ ਰੁੱਖਾ ਸਲੂਕ-ਹੀ ਰਿਹਾ। ਇਸ ਦੇਸ਼ ਵਿਚ ਜੰਮੇ, ਪਲੇ ਤੇ ਜਵਾਨ ਹੋਏ ਧਰਮਾਂ ਨੇ ਗਊ-ਰਖਿਆ ਤੇ ਜੋਰ ਦਿਤਾ ਤਾਂ ਫਿਰ ਦਸੋ ਕਿ ਸਾਡੀ ਆਪਣੀ ਸਰਕਾਰ ਗਊ-ਹਤਿਆ ਲਈ ਨਿਤ ਨਵੇਂ ਸੂਰਜ ਬੁਚੜ-ਖਾਨੇ ਕਿਉਂ ਖੋਲ੍ਹ ਦਿੰਦੀ ਹੈ?

Sri Satguru Jagjit Singh Ji Elibrary NamdhariElibrary@gmail.com

ਜੇ ਆਪਣੇ ਹੱਥ ਰਾਜਨੀਤਕ ਤਾਕਤ ਆ ਗਈ ਹੈ ਤਾਂ ਕੀ ਆਪਣੇ ਸਭਿਆਚਾਰ ਦੀ ਹਥੀਂ ਮਿੱਟੀ ਪਲੀਤ ਕਰਨਾਂ ਇਨਸਾਨੀਅਤ ਹੈ? ਕੀ ਇਹ ਕੁਲ-ਘਾਤ, ਕੌਮ–ਘਾਤ ਤੇ ਦੇਸ਼–ਘਾਤ ਨਾ ਸਾਬਤ ਹੋਵੇਗਾ ?

ਅਜ ਜੇ ਸਾਡੀ ਨਿਰੋਲ ਸਰਮਾਏਦਾਰ ਸਰਕਾਰ ਸਮਾਜਵਾਦ ਦਾ ਥੋਥਾ ਢੰਡੋਰਾ ਪਿਟਦੀ ਗਊ-ਰਖਿਆ ਕਰਨੀ ਆਪਣੀ ਮਜਬੂਰੀ ਦਸਦੀ ਹੈ ਤਾਂ ਕੀ ਉਹ ਸਰਕਾਰ ਰਾਜ ਪ੍ਰਬੰਧ ਚਲਾਣ ਦੇ ਯੋਗ ਹੈ ? ਮੈਂ ਪੁਛਦਾ ਹਾਂ ਕਿ ਜਿਸ ਦੇਸ਼ ਵਿਚ ਸਦੀਆਂ ਤੋਂ ਗਊ-ਪੂਜਾ ਹੁੰਦੀ ਚਲੀ ਆ ਰਹੀ ਹੈ, ਗਊ ਨੂੰ ਉਚੇ ਤੇ ਸੁਚੇ ਦਰਜੇ ਤੇ ਰਖਿਆ ਗਿਆ ਹੈ, ਇਸ ਦੀ ਮੰਦਰਾਂ, ਬੁਤਾਂ, ਸਿਕਿਆਂ ਤੇ ਘਰਾਂ ਵਿਚ ਪੂਜਾ ਹੁੰਦੀ ਆ ਰਹੀ ਹੈ ਤਾਂ ਕੀ ਉਹ ਦੇਸ਼ ਗਊਆਂ ਦੇ ਗਲ ਤੇ ਛੁਰੀ ਨੂੰ ਸਹਾਰ ਸਕਦਾ ਹੈ। ਅਜ ਕੌਮ ਦਾ ਖੂਨ ਤਾਂ ਉਹੀ ਹੈ ਜੋ ਕਿ ਗਊ-ਜਾਏ ਤੇ ਚੜੇ ਨੂੰ ਨਹੀਂ ਸੀ ਸਹਾਰ ਸਕਿਆ ਪਰ ਤੋਪਾਂ ਦੇ ਗੋਲੇ ਹਸ ਹਸ ਕੇ ਸਹਿ ਗਿਆ ਸੀ, ਭਲਾ ਦਸੋ ਕਿ ਜਿਹੜਾ ਦੇਸ਼ ਗਊ ਆਸਰੇ ਹੀ ਅਧਿਆਤਮਕ ਫਲਸਫੇ ਦਾ ਵਿਸ਼ਲੇਸ਼ਣ ਕਰ ਸਕਦਾ ਹੈ। ਆਪਣੀ ਸੰਸਕ੍ਰਿਤੀ ਦਾ ਪ੍ਰਚਾਰ ਕਰ ਸਕਦਾ ਹੈ, ਆਪਣੇ ਮਾਹੌਲ ਨੂੰ ਉਸਾਰ ਸਕਦਾ ਹੈ, ਸਮਾਜੀ ਢਾਂਚੇ ਨੂੰ ਉਚਾ ਚੁਕ ਸਕਦਾ ਹੈ ਤਾਂ ਕੀ ਉਸੇ ਦੇਸ਼ ਵਿਚ ਹੀ ਗਊ-ਹਤਿਆ ਹੋਣੀ ਵਾਜਬ ਹੈ ?

ਸਰਕਾਰ ਆਪਣੀਆ ਥੋਥੀਆਂ ਮਜਬੂਰੀਆਂ ਦਸਦੀ ਹੈ ਕਿ ਗਊਆਂ ਦੀ ਗਿਣਤੀ ਵਧ ਜਾਵੇਗੀ, ਨਸਲ-ਸੁਧਾਰ ਨਹੀਂ ਹੋ ਸਕਦਾ, ਚੰਗੀਆਂ ਗਊਆਂ ਨਹੀਂ ਰਹਿਸਕਦੀਆਂ ਇਤਿਆਦ। ਪਰ ਅਜ ਬੁਚੜਖਾਨਿਆਂ ਵਿਚ ਤਾਂ ਚੰਗੀ ਚੰਗੀ ਨਸਲ ਦੀਆਂ ਗਊਆਂ ਤੇ ਦੁਧ ਦਿੰਦੀਆਂ ਵੀ ਜਾ ਰਹੀਆਂ ਹਨ। ਅਸਲ ਵਿਚ ਇਹ ਉਹੀ ਅੰਗਰੇਜ ਭਗਤੀ ਹੈ ਕਿ ਜਿਹੜਾ ਅੰਗਰੇਜ਼ ਸਾਡੀਆਂ ਅਖਾਂ ਵਿਚ ਘਟਾ ਪਾਕੇ ਸਾਡੇ ਇਤਿਹਾਸ ਦੀ, ਸਾਡੇ ਸਭਿਆਚਾਰ ਦੀ, ਮਿਟੀ ਪਲੀਤ ਕਰਦਾ ਇਹ ਕਹਿੰਦਾ ਸੀ ਕਿ 'ਗਊ ਨੂੰ ਖਾ ਜਾਉ ਨਹੀ ਤੇ ਇਹ ਤੁਹਾਨੂੰ ਖਾ ਜਾਵੇਗੀ'।

ਇਕ ਹੋਰ ਪਖੋਂ ਵੇਖੋ ਕਿ ਸਾਡੇ ਖੇਤਾਂ ਦੇ ਆਕਾਰ ਬਹੁਤ ਛੋਟੇ ਛੋਟੇ ਹਨ ਆਮ ਕਿਸਾਨ ਟ੍ਰੈਕਟਰ ਆਦਿ ਨਹੀਂ ਲੈ ਸਕਦਾ ਤੇ ਉਹ ਇਕ ਬਲਦਾਂ ਦੀ ਜੋਗ ਹੀ ਰਖ ਸਕਦਾ ਹੈ ਤੇ ਬਲਦ ਖੇਤੀ ਦੇ ਕੰਮ ਵਿਚ ਚੰਗੇ ਹੁੰਦੇ ਹਨ ਇਸ ਲਈ ਭਾਰਤੀ ਖੇਤੀ ਨੂੰ ਪ੍ਰਫੁਲਿਤ ਕਰਨ ਲਈ ਬਲਦਾਂ ਦੀ ਸੰਭਾਲ ਜਰੂਰੀ ਹੈ ਅਤੇ ਇਹ ਬਲਦਾਂ ਦੀ ਰਖਿਆ ਗਊਆਂ ਦੀ ਰਖਿਆ ਨਾਲ ਹੀ ਹੋ ਸਕਦੀ ਹੈ ਇਸੇ ਆਧਾਰ ਤੇ ਹੀ ਅਸੀਂ ਮੰਨਦੇ ਹਾਂ ਕਿ ਬਲਦ ਨੇ ਸਾਰੀ ਧਰਤੀ ਦਾ ਭਾਰ ਚੁਕਿਆ ਹੋਇਆ ਹੈ।

ਜੇ ਸਰਕਾਰ ਇਹ ਕਹਿੰਦੀ ਹੈ ਕਿ ਗਊਆਂ ਦੀ ਗਿਣਤੀ ਬਹੁਤ ਵਧ ਜਾਵੇਗੀ ਤਾਂ ਮੈਂ ਤਾਂ ਇਥੋਂ ਤਕ ਵੀ ਕਹਿਣ ਨੂੰ ਤਿਆਰ ਹਾਂ ਕਿ ਗਊ ਵਾਸਤੇ ਛੁਰੀ ਨਾਲੋਂ ਪੰਜਾਲੀ ਚੰਗੀ ਹੈ। ਜੇ ਅਯੋਗ ਗਊ ਨੂੰ ਬੁਚੜਖਾਨੇ ਵਿਚ ਲਿਜਾਣ ਨਾਲੋਂ ਪੰਜਾਲੀ ਵਿਚ ਨਥਕੇ ਵਿਹਲੀ ਕਿਰਤ ਤੇ ਵਿਹਲੀ ਜਮੀਨ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇ ਤਾਂ ਇਹ ਬਿਹਤਰ ਹੈ ਅਤੇ ਭਾਰਤ ਦੀ ਰਾਸ਼ਟਰੀ ਆਮਦਨ ਵਿਚ ਵੀ ਸਹਾਇਕ ਹੋਵੇਗਾ।

ਇਕ ਹੋਰ ਅੰਦਾਜਾ ਹੈ ਕਿ ਸਾਡੇ ਦੇਸ਼ ਵਿਚ ਦੁਧ ਦੀ ਘਾਟ ਹੈ ਅਤੇ ਦੂਜੇ ਪਾਸੇ ਚਾਰੇ ਦੀ ਵੀ ਕਮੀਂ ਹੈ। ਇਸ ਕਸਵਟੀ ਤੇ ਵੀ ਗਊ-ਲਾਭਦਾਇਕ ਰਹਿੰਦੀ ਹੈ। ਤਿੰਨ ਗਊਆਂ ਦਾ ਦੁਧ ਦੋ ਮਝਾਂ ਤੋਂ ਜਿਆਦਾ ਹੋ ਜਾਂਦਾ ਹੈ। ਪਰ ਤਿੰਨ ਗਊਆਂ ਦੀ ਖੁਰਾਕ ਦੋ ਮਝਾਂ ਜਿਤਨੀ ਵੀ ਨਹੀਂ ਹੁੰਦੀ। ਗਊ ਦਾ ਦੁਧ ਮਾਨਸਿਕ ਪਖੋਂ ਵੀ ਜਿਆਦਾ ਲਾਭਦਾਇਕ ਰਹਿੰਦਾ ਹੈ ਅਤੇ ਵਿਗਿਆਨਕ ਕਸਵਟੀਆਂ ਗਊ ਦੇ ਦੁਧ ਨੂੰ ਸਭ ਤੋਂ ਉਤਮ ਸਿਧ ਕਰਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

ਫਿਰ ਇਸਦੇ ਫਾਇਦੇ ਹੋਣ ਤੇ ਵੀ ਸਰਕਾਰ ਗਊ-ਰਖਿਆ ਕਾਨੂੰਨ ਕਿਓਂ ਨਹੀਂ ਬਨਾਉਂਦੀ ਉਤਰ ਇਹੀ ਹੋ ਸਕਦਾ ਹੈ ਕਿ ਇਹ ਇਕ ਆਮਦਨੀ ਦਾ ਵਸੀਲਾ ਹੈ। ਹਰਸਾਲ ਕਰੋੜਾਂ ਦੀ ਆਮਦਨ ਚਮੜਾ ਵੇਚਕੇ ਹੀ ਹੋ ਰਹੀ ਹੈ ਪਰ ਕੀ ਕਦੀ ਲੋਕਾਂ ਦੇ ਹਿਤ ਵੇਚਕੇ ਵੀ ਪੈਸਾ ਕਮਾਇਆ ਜਾ ਸਕਦਾ ਹੈ ? ਕੀ ਇਸ ਕਾਂਗਰਸ ਸਰਕਾਰ ਨੂੰ ਉਸੇ ਹੀ ਬਾਪੂ ਦੀ ਪੁਠ ਚੜ੍ਹੀ ਹੋਈ ਹੈ ਜਿਹੜਾ ਕਿ ਜੀ ਹਤਿਆ ਨੂੰ ਪਾਪ ਸਮਝਦਾ ਸੀ। ਚੌਰਾ ਚੌਰੀ ਦੇ ਥਾਂ ਤੇ ਇਕ ਨਿਕੀ ਜਿਹੀ ਹਿੰਸਕ ਕਾਰਵਾਈ ਹੋਣ ਤੇ ਸਾਰੇ ਦੇਸ਼ ਵਿਚ ਚਲ ਰਿਹਾ ਨਾ-ਮਿਲਵਰਤਨ ਅੰਦੋਲਨ ਬੰਦ ਕਰ ਦਿਤਾ ਸੀ। ਜਿਸ ਬਾਪੂ ਦਾ ਫਲਸਫਾ ਅਹਿੰਸਾ ਦੇ ਆਲੇ ਦੁਆਲੇ ਹੀ ਘੁਮ ਰਿਹਾ ਹੈ ਕੀ ਉਹੀ ਪਾਰਟੀ ਹਕੂਮਤ ਹਥ ਵਿਚ ਆ ਜਾਣ ਤੇ ਬਾਪੂ ਦੇ ਸੁਪਨਿਆਂ ਨੂੰ ਪੂਰਾ ਕਰ ਰਹੀ ਹੈ ?

ਅੰਤ ਵਿਚ, ਭਾਰਤ-ਪਾਕਿਸਤਾਨ ਦੀ ਵੰਡ ਧਰਮ ਦੇ ਅਧਾਰ ਤੇ ਹੀ ਕੀਤੀ ਗਈ ਸੀ। ਭਾਰਤ ਨੂੰ ਬਹੁ-ਸੰਖਿਅਕ ਹਿੰਦੂ ਦੇਸ਼ ਕਿਹਾ ਜਾਂਦਾ ਹੈ। ਅਤੇ ਜੇ ਗਊ-ਰਖਿਆ ਹਿੰਦੂਆਂ ਦੇ ਹਿਤਾਂ ਦੇ ਅਨਕੂਲ ਹੈ ਤਾਂ ਗਊ-ਰਖਿਆ ਲਾਜਮੀ ਹੋਣੀ ਚਾਹੀਦੀ ਹੈ। ਨਹੀਂ ਤਾਂ ਕਿਤੇ ਅਜਿਹਾ ਹੀ ਨਾ ਹੋਵੇ ਕਿ ਪਹਿਲੇ ਸਮਿਆਂ ਵਾਂਗ ਕੋਈ ਹੋਰ ਉਪਦਰ ਖੜਾ ਹੋ ਜਾਵੇ।

** **

ਗਊ ਦੇ ਦੁਧ ਦੀ ਸਿਫਤ

ਸ੍ਰੀ ਸਰਧਾ ਸਿੰਘ ਜੀ ਨਿਮਾਣਾ

ਸਭ ਦੁਧਾਂ ਚੋਂ ਗਊ ਦਾ ਦੁਧ ਚੰਗਾ, ਮਨ ਮਤ ਨੂੰ ਮੁਢੋਂ ਪੁਟਾਂਵਦਾ ਹੈ ।
ਖਿੜਿਆ ਰਹੇ ਦਿਮਾਗ ਗੁਲਾਬ ਵਾਂਗੂੰ,ਚੇਹਰਾ ਚੰਦ੍ਰਮਾ ਵਾਂਗ ਸੁਹਾਂਵਦਾਹੈ।
ਜਿਨ੍ਹਾਂ ਮੁਢ ਤੋਂ ਗਊ ਦਾ ਦੁਧ ਪੀਤਾ,ਸਾਰੀ ਉਮਰ ਹੀ ਸੁਖ ਦਿਵਾਂਵਦਾ ਹੈ।
ਦੁਧ ਗਊ ਦਾ ਮਨ ਨੂੰ ਸ਼ਾਂਤ ਬਖਸੇ, ਕੰਮਾਂ ਖੋਟਿਆਂ ਵਲੋਂ ਹਟਾਂਵਦਾ ਹੈ ।
ਦੁਧ ਗਊ ਦਾ ਰਬਨੂੰ ਮਿਲਨਦੇਲਈ,ਸਿਧੇ ਰਾਹਜਗਿਆਸੂ ਨੂੰ ਪਾਂਵਦਾਹੈ ।
ਸਾਰੀ ਦੇਹਦਾ ਬੰਦੇ ਦਾ ਮੂਲ ਮੰਤਰ, ਜੋਤ ਅਖਾਂ ਦੀ ਦੁਧ ਵਧਾਂਵਦਾ ਹੈ ।
ਦੁਧ ਕੁਲ ਨਿਆਮਤਾਂ ਬਖਸ਼ਦਾ ਹੈ ਮਨ ਆਤਮਾਂ ਸੁਧ ਕਰਾਂਵਦਾ ਹੈ।
ਝੂਠ ਦਗਾ ਫਰੇਬ ਨਾ ਔਣ ਨੇੜੇ ਮੁਖੋਂ ਸਚ ਹੀ ਸਚ ਅਲਾਂਵਦਾ ਹੈ।
ਨਿਰਮਲ ਬੁਧ ਹੋਵੇ ਗੰਗਾਨੀਰ ਵਾਂਗੂ ਬੰਦਾ ਦੇਵਤਾਹੀ ਨਜ਼ਰ ਆਂਵਦਾ ਹੈ।
ਗਊ ਦਾ ਦੁਧ ਹੰਕਾਰ ਨੂੰ ਮਾਰਦਾ ਹੈ ਵਕਤ ਵਾਂਗ ਨਿਮਾਣੇ ਟਪਾਵਦਾ ਹੈ।

Sri Satguru Jagjit Singh Ji Elibrary NamdhariElibrary@gmail.com

ਗਊ ਰਖਿਆ

ਤੋਂ

ਹੀ

ਦੇਸ਼ ਰਖਿਆ

ਹਿੰਦੂ ਧਰਮ ਦਾ ਚਿੰਨ ਗਊ ਦੀ ਰਾਖੀ ਲਈ ਤੇ ਹਿੰਦੁਸਤਾਨ ਚੋਂ ਬੁਚੜਖਾਨੇ ਬੰਦ ਕਰੌਣ ਲਈ ਗਊ ਦੇ ਸਚੇ ਸਪੂਤਾਂ ਦੀ ਇਕ ਸਭਾ ਸੰਗਠਤ ਹੈ । ਜੋ ਜਿਸਤਰਾਂ ਵੀ ਹੋ ਸਕੇ ਗਊ ਦੀ ਸੇਵਾ ਕਰਨ ਲਈ ਤਿਆਰ ਰਹਿੰਦੇ ਹਨ । ਸ੍ਰੀ ਰਾਮ ਜੀ ਸ਼ਰਮਾਂ ਆਰਯੋਪਦੇਸ਼ਕ ਉਸ ਸਭਾ ਦੇ ਮੈਂਬਰ ਹਨਜੋ ਤਨੋਮਨੋ ਗਊਦੇ ਭਲੇ ਵਾਸਤੇ ਆਪਣੇ ਜੀਵਨ ਦੀਆਂ ਘੜੀਆਂ ਲੇਖੇ ਲਾ ਰਹੇ ਹਨ । ਇਹਨਾਂ ਦੀ ਇਛਾ ਗਊ ਨੂੰ ਸੁਖੀ ਵੇਖਣ ਦੀ ਹੈ । ਆਪ ਇਤਿਹਾਸ ਦੇ ਚੰਗੇ ਮਾਹਰ ਹਨ । ਪਾਠਕ ਜਨ ਇਹਨਾਂ ਦੀ ਸੂਝ ਸਿਆਣਪ ਤੋਂ ਇਸ ਲੇਖ ਰਾਹੀਂ ਜਾਣੂ ਹੋਣਗੇ । 'ਸਾਜਨ'

ਸ੍ਰੀ ਰਾਮ ਸ਼ਰਮਾ ਆਰਯੋਪਦੇਸ਼ਕ ਸਿਰਸਾ

ਗਊ ਧਨ.........ਹਰੇਕ ਦੇਸ਼ ਦਾ ਇਹੋ ਜਿਹਾ ਧਨ ਹੈ ਜਿਸਤੇ ਓਥੋਂ ਦਾ ਜਨਤਾ ਦਾ ਭਵਿਖ ਨਿਰਭਰ ਹੁੰਦਾ ਹੈ ।

ਸੋਨਾ, ਚਾਂਦੀ, ਹੀਰੇ, ਜਵ੍ਹਾਰਾਤ ਆਦਿ ਵੀ ਧਨ ਹਨ, ਪਰ ਉਹ ਗਊ ਧਨ ਦੇ ਮੁਕਾਬਲੇ ਵਿਚ ਸੱਭ ਤੁੱਛ ਹਨ । ਜਿਸ ਰਾਸ਼ਟ੍ਰ ਕੋਲ ਇਹ ਧਨ ਨਹੀਂ ਹੁੰਦਾ, ਉਸਦਾ ਵਿਨਾਸ਼ ਜਰੂਰ ਹੁੰਦਾ ਹੈ ।ਇਸ ਵੇਲੇ ਇਹ ਬਦ ਕਿਸਮਤੀ ਹੈ ਕਿ ਦੁਰਭਾਗਵਸ਼ ਇਥੋਂ ਦੀ ਪਰਜਾ ਤੇ ਸਰਕਾਰ ਗਊ- ਧਨ ਦੀ ਰਖਿਆ ਨਹੀਂ ਕਰ ਰਹੀ । ਪਰ ਥੋੜੇ ਹੀ ਸਮੇ ਪਿੱਛੇ ਇਸ ਵੱਡੀ ਮੂਰਖਤਾ ਦਾ ਭਿਆਨਕ ਫਲ ਭੁਗਤਨਾ ਪਵੇਗਾ ।

ਜਿਸ ਮਹਾਨ ਹਿੰਦੁਸਤਾਨ ਵਿਚ ਨੌਂ ਨੌਂ ਲਖ ਗਊਆਂ ਰਖਦੇ ਹੋਏ ਨੰਦ ਦੀ ਪਦਵੀ ਪ੍ਰਾਪਤ ਕਰਨ ਵਾਲੇ ਸਜਨ ਸਨ..............ਜਿਸ ਮਹਾਨ ਦੇਸ਼ ਵਿਚ ਦੁਧ ਦੀਆਂ ਨਦੀਆਂ ਵਹਿੰਦੀਆਂ ਸਨ । (ਦੂਜਿਆਂ ਸ਼ਬਦਾਂ ਵਿਚ ਜਿਥੇ ਪਾਣੀ ਮੰਗਿਆਂ ਦੁਧ ਮਿਲਦਾ ਸੀ ।)............ਅਜ ਉਸੇ ਦੇਸ਼ ਵਿਚ ਲੋਕ ਚਾਹ ਨੂੰ ਤਰਸਦੇ ਹਨ। ਇਸਦਾ ਕਾਰਨ ਸੈਂਕੜੇ ਗਊਆਂ ਦਾ ਰੋਜਾਨਾ ਕਤਲ ਹੋਣਾ ਹੀ ਹੈ। ਜਿਸ ਵਾਸਤੇ ਸਰਕਾਰ ਨੇ ਕਈ ਕਾਰਖਾਨੇ ਖੋਲ੍ਹੇ ਹਨ ।

ਜਿਸ ਦੇਸ਼ ਵਿਚ ਯੋਗ ਯੋਗੇਸ਼ਵਰ ਮਹਾਰਾਜ ਸ੍ਰੀ ਕ੍ਰਿਸ਼ਨ ਆਪ ਗਊਆਂ ਚਰਾਈਆਂ ਹੋਣ : 'ਨਿਜ ਕਰ ਬਘੁਰਨ ਘਾਸ ਖਵਾਵਤ ਗੋਕੁਲ ਮੇਂ ਗੋਬਿੰਦਾ' ਦੇ ਇਤਿਹਾਸ ਹੋਣ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਆਖਿਆ ਹੈ :

ਗਾਵੋਂ ਮੇ ਅਗ੍ਰਤ ਸੰਤ,
ਗਾਵੋਂ ਮੇਂ ਸੰਤੁ ਪ੍ਰਿਸ਼ਠਤ: ।
ਗਾਵੋਂ ਮੇ ਪਾਰਸ਼ਵਤ: ਸੰਤੁ
ਗਵਾਮਧਿਏ ਵਸਾਮਿਯਹਮ ।

ਹੇ ਅਰਜੁਨ, ਗਊਆਂ ਮੇਰੇ ਅਗੇ ਹੋਣ, ਗਊਆਂ ਮੇਰੇ ਪਿਛੇ ਹੋਣ ਅਤੇ ਗਊਆਂ ਮੇਰੇ ਸਜੇ ਖਬੇ ਖਲੋਂਦੀਆਂ ਹੋਣ, ਇਸ ਤਰ੍ਹਾਂ ਮੈਂ ਗਊਆਂ ਵਿਚ ਰਹਿੰਦਾ ਹੋਇਆ, ਬਹੁਤ ਖੁਸ਼ ਹੁੰਦਾ ਹਾਂ ।

ਸ੍ਰੀ ਕ੍ਰਿਸ਼ਨ ਜੀ ਨੇ ਤਾਂ ਇਥੋਂ ਤਕ ਆਖ ਦਿਤਾ ਹੈ :

ਗਾਵੋ ਪਸ਼ਿਆਮਯਹ ਨਿਤਯਮ,
ਗਾਵ ਪਸ਼ਿਅੰਤੂ ਮਾਮ ਸਦਾ ।
ਗਾਵੋ ਸਮਾਕਮ ਵਯਮ ਤਾਸਾਮ,
ਯਤੋ ਗਾਵਸਤਤੋ ਵਯਮ ।

ਭਾਵ : ਗਊਆਂ ਸਦਾ ਹੀ ਮੈਨੂੰ ਵੇਖਣ ਅਤੇ ਮੈਂ ਸਦਾ ਗਊਆਂ ਨੂੰ ਵੇਖਾਂ । ਗਊਆਂ

Sri Satguru Jagjit Singh Ji Elibrary NamdhariElibrary@gmail.com

ਮੇਰੀਆਂ ਹਨ, ਮੈਂ ਗਊਆਂ ਦਾ ਹਾ। ਜਿਥੇ ਗਊਆਂ ਹਨ ਉਥੇ ਮੈਂ ਹਾਂ। ਪਿਆਰੇ ਪਾਠਕੋ, ਜ਼ਰਾ ਕੁ ਵਿਚਾਰ ਕਰਨ ਦੀ ਲੋੜ ਹੈ ਕਿ ਆਖਿਰ ਇਸ ਵਿਚ ਕੀ ਰਾਜ਼ ਹੈ। ਉਹ ਸਮਝਦੇ ਸਨ ਕਿ ਗਊ—ਧਨ ਹੀ ਦੇਸ਼ ਦੀ ਦੌਲਤ ਤੇ ਸੰਪਤੀ ਹੁੰਦੀ ਹੈ। ਵੇਦ, ਜਿਹੜੀ ਸਾਖਿਆਤ ਭਗਵਾਨ ਦੀ ਬਾਣੀ ਹੈ, ਉਹ: "ਉਦਸ਼ਾਦਾਧਾਰ ਪਰਿਥਵੀਮਦਿਆਮ ਮੁਤੇਮਾਮ।" ਆਖਕੇ ਬੌਲਦ ਨੂੰ ਸਾਰੀ ਧਰਤੀ ਦਾ ਅਧਾਰ-ਸਤੰਭ ਦਸਿਆ ਹੈ।

ਮਹਾ ਰਿਸ਼ੀ ਵੇਦ ਵਿਆਸ ਜੀ ਮਹਾ-ਭਾਰਤ ਵਿਚ ਲਿਖਦੇ ਹਨ:

ਨਿਵਿਸ਼ਟਮ ਗੋਕੁਲੰ ਯਤ੍ਰ,
ਸਵਾਸੰ ਮੁੰਚਤਿ ਨਿਰਭਯਮ੍।
ਵਿਰਾਂਜਯਤਿ ਤੰ ਦੇਸ਼ੰ ਪਾਪੰ,
ਚਾਸਿਆਪਕਰਸ਼ਤਿ।

ਭਾਵ, ਜਿਥੇ ਗਊ-ਵੰਸ਼ ਆਪਣੀ ਖੁਰਾਕ ਨਾਲ ਤਰਿਪਤ ਹੋਕੇ ਨਿਰਭੈਤਾ ਪੂਰਣ ਸਾਹ ਲੈਂਦਾ ਹੈ, ਉਥੇ ਉਸ ਦੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਹ ਦੇਸ਼ ਖੁਸ਼ਹਾਲ ਹੋ ਉਠਦਾ ਹੈ।

ਪਰ ਅਜ ਇਥੇ ਰਾਜਾ ਤੇ ਪ੍ਰਜਾ ਦੀ ਅਕਲ ਤੇ ਇਹੋ ਜਿਹਾ ਪੜਦਾ ਪਿਆ ਹੈ ਕਿ ਗਊ—ਧਨ ਦੇ ਮਹੱਤਵ ਉਤੇ ਧਾਰਮਿਕ ਅਤੇ ਆਰਥਿਕ ਕਿਸੇ ਨਜ਼ਰ ਨਾਲ ਨਹੀਂ ਵੇਖ ਰਹੇ ਹਨ। ਇਧਰ ਤੇ ਲੋਕ ਆਪਣੇ ਘਰਾਂ ਵਿਚ ਗਊਆਂ ਨਾ ਰਖਕੇ ਦੁਧ, ਦਹੀਂ ਮੱਖਨ ਅਤੇ ਲੱਸੀ ਦੇ ਬਿਨਾਂ ਬੁਧੀ, ਬਲ ਅਤੇ ਅਵਸਥਾ ਤੋਂ ਹੀਨ ਹੁੰਦੇ ਜਾ ਰਹੇ ਹਨ। ਉਧਰ ਭਾਰਤ ਸਰਕਾਰ ਆਪਣਾ (ਸਵਰਾਜ) ਹੋਇਆਂ ਭੀ ਤੀਹ-ਤੀਹ ਹਜ਼ਾਰ ਗਊਆਂ ਰੋਜ਼ਾਨਾ ਮਰਵਾ ਕੇ ਆਪਣੀ ਅਤੇ ਆਪਣੀ ਪ੍ਰਜਾ ਦੀਆਂ ਜੜ੍ਹਾਂ ਕਟ ਰਹੀ ਹੈ।

ਹਰੇਕ ਦੀ ਬੁਧੀ ਭਰਿਸ਼ਟ ਹੋ ਰਹੀ ਹੈ, ਇਹ ਸਰਕਾਰ ਇਹ ਨਹੀਂ ਸੋਚਦੀ ਕਿ ਜਿਸ ਦੇਸ਼ ਵਿਚ ਬੌਲਦ ਦੇ ਇਲਾਵਾ ਖੇਤੀ ਹੋ ਹੀ ਨਹੀਂ ਸਕਦੀ ਅਤੇ 'ਜ਼ਿਆਦਾ ਅੰਨ ਉਪਜਾਉ' ਦੀ ਮੁਹਿੰਮ ਚਲ ਰਹੀ ਹੈ, ਤਾਂ ਗਊਆਂ ਨੂੰ ਮਾਰਨ ਨਾਲ ਇਹ ਸਭ ਕਿਸ ਤਰ੍ਹਾਂ ਸਫਲ ਹੋ ਸਕਦਾ ਹੈ? ਅੰਨ ਦੀ ਕਮੀ ਹੋਣ ਦੇ ਕਾਰਨ ਕਦੋਂ ਤਕ ਅਸੀਂ ਦੂਸਰੇ ਦੇਸ਼ ਦੇ ਅਗੇ ਅੰਨ ਵਾਸਤੇ ਝੋਲੀਵਛਾਵਾਂਗੇ? ਦੂਜੇ ਦੇਸ਼ ਕਦੋਂ ਤਕ ਅੰਨ ਦੀ ਕਮੀ ਪੂਰੀ ਕਰਨਗੇ? ਭਾਰੀ ਦੁਖ ਹੈ ਕਿ ਜਿਹੜਾ ਦੇਸ਼ ਅੰਨ ਦਾ ਭੰਡਾਰ ਸੀ ਅਜ ਉਹ ਦਾਣੇ-ਦਾਣੇ ਦਾ ਮੁਹਤਾਜ ਹੋ ਰਿਹਾ ਹੈ। ਇਸ ਵਾਸਤੇ ਸਰਕਾਰ ਤੇ ਜਨਤਾ ਨੂੰ ਚਾਹੀਦਾ ਹੈ ਕਿ ਉਹ ਗਊ-ਵੰਸ਼ ਦੀ ਰਖਿਆ ਕਾਰਨ ਘਿਉ ਅਤੇ ਦੁਧ ਦੀ ਪੂਰੀ ਖੁਰਾਕ ਮਿਲਣ ਨਾਲ ਅੰਨ ਘਟ ਖਰਚ ਹੋਵੇਗਾ। ਦੇਸ਼ ਦੇ ਜਵਾਨਾਂ ਵਿਚ ਨਵਾਂ ਖੂਨ ਉਤਪੰਨ ਹੋਵੇਗਾ ਅਤੇ ਉਹ ਬਲਵਾਨ ਤੇ ਵਿਦਵਾਨ ਬਣ ਸਕਣਗੇ। ਕਿਰਸਾਨ ਖੁਸ਼ ਅਤੇ ਅਮੀਰ ਬਣਨਗੇ। ਇਸ ਤਰ੍ਹਾਂ ਹੋਣ ਨਾਲ ਹੀ "ਜੈ ਜਵਾਨ, ਜੈ ਕਿਸਾਨ" ਦਾ ਨਾਹਰਾ ਬੁਲੰਦ ਹੋ ਸਕੇਗਾ। ਨਹੀਂ ਤੇ ਇਹ ਥੋਥੇ ਨਾਹਰੇ ਰੇਡੀਓ ਤੇ ਜਲਸੇ—ਜਲੂਸਾਂ ਵਿਚ ਹੀ ਖਤਮ ਹੋ ਜਾਇਆ ਕਰਨਗੇ।

ਜੇਕਰ ਅਸੀਂ ਗਊ ਰਖਿਆ ਕੀਤੀ ਤਾਂ ਸਾਡੀ ਰਖਿਆ ਗਊ-ਧਨ ਢਾਲ ਬਣਕੇ ਕਰੇਗਾ।

ਭਾਰਤ ਭਾਰਤੀ ਦੇ ਅਨੁਸਾਰ ਇਹ ਚੇਤਾਵਨੀ ਦਿਤੀ ਗਈ ਹੈ:

ਜਾਰੀ ਰਹਾ ਕ੍ਰਮ ਯਦਿ ਯਹਾਂ,
ਯੋਂ ਹੀ ਗਊ ਕੇ ਨਾਸ਼ ਕਾ।
ਤੋ ਅਸਤ ਸਮਝੋ ਸੂਰਯ,
ਭਾਰਤ ਭਾਗ ਕੇ ਆਕਾਸ਼ ਕਾ।
ਜੋ ਤਨਿਕ ਹਰਿਯਾਲੀ ਰਹੀ,
ਵਹ ਭੀ ਨ ਰਹਿਨੇ ਪਾਏਗੀ।
ਯਹ ਸਵਰਣ ਭਾਰਤ-ਭੂਮੀ ਬਸ,
ਮਰਘਟ ਮਹਿ ਬਨ ਜਾਏਗੀ।

ਇਸ ਲਈ ਸਾਵਧਾਨ ਹੋ ਜਾਵੋ! ਜਾਗੋ, ਵਿਸ਼ਾਲ ਭਾਰਤ ਵਰਸ਼ ਦੇ ਵਾਸੀਓ! ਗਊ—ਧਨ ਦੀ ਰਖਿਆ ਕਰੋ। ਗਊ ਰਖਿਆ ਨਾਲ ਹੀ ਦੇਸ਼ ਦੀ ਰਖਿਆ ਹੋ ਸਕੇਗੀ।

—ਅਨੁਵਾਦਕ-ਬੂਟਾ ਸਿੰਘ 'ਕੰਵਲ'
ਸ੍ਰੀ ਜੀਵਨ ਨਗਰ।

Sri Satguru Jagjit Singh Ji Elibrary NamdhariElibrary@gmail.com

ਧਰਮ ਵਿਚ :

ਪਸ਼ੂਆਂ ਦੇ ਅਧਿਕਾਰ

—ਮਾਨਯੋਗ ਪਾਂਦਰੀ ਆਰ. ਸੀ. ਆਰ. ਐਡਕਿਨ ਐਮ. ਏ.

ਇਹ ਲੇਖ ਯੂਰਪ ਦੇ ਮਸ਼ਹੂਰ ਸ਼ਹਿਰ ਸ਼ਿਵਲ ਸਟੋਨ (ਡੇਵਨ) ਵਿਚ ਸਾਊਥ ਪੂਲ ਦੇ ਪਾਦਰੀ ਸਾਹਿਬ ਸ੍ਰੀ ਆਰ. ਸੀ. ਆਰ. ਐਡ ਕਿਨ ਐਮ. ਏ. ਜੀ ਵਲੋਂ ਪਾਠਕਾਂ ਦੀ ਭੇਟ ਕ ਤਾ ਗਿਆ ਹੈ। ਇਹਨਾਂ ਥੋੜੇ ਜਿਹੇ ਅਖਰਾਂ ਤੋਂ ਪਤਾ ਲਗਦਾ ਹੈ ਕਿ ਈਸਾਈ ਧਰਮ ਵਿਚ ਜਾਨਵਰਾਂ ਨੂੰ ਮਾਰਨ ਲਈ ਓਹਨਾਂ ਦੇ ਪੈਗੰਬਰਾਂ ਵਲੋਂ ਕਿਨੀ ਮਨਾਹੀ ਹੈ। ਅਤੇ ਈਸਾਈ ਪੈਗੰਬਰ ਜੀਵ ਹਤਿਆ ਨੂੰ ਕਿਨਾਂ ਬੁਰਾ ਮੰਨਦੇ ਹਨ। ਅਤੇ ਰਖਿਆ ਕਰਨ ਲਈ ਉਹਨਾਂ ਦੇ ਕੀ ਪਾਕ ਹੁਕਮ ਹਨ ਪਾਦਰੀ ਸਾਹਿਬ ਜੀ ਨੇ ਜੀਵਾਂ ਦੇ ਭਲੇ ਵਾਸਤੇ ਸੋਚਣ ਕਰਨ ਵਾਲਿਆਂ ਨੂੰ ਭਾਰੀ ਸਹਿਯੋਗ ਦਿਤਾ ਹੈ। ਅਤੇ ਸ੍ਰੀ ਕੇ. ਐਸ. ਭਮਰਾਹ ਜੀ ਨੇ ਲੇਖ ਸਾਡੇ ਤਕ ਪਹੁੰਚਾ ਕੇ ਸਾਨੂੰ ਚੰਗਾ ਸਹਿਯੋਗ ਦਿਤਾ ਹੈ। ਪਾਠਕ ਜਨ ਪੜ੍ਹਨ ਅਤੇ ਅਨੰਦ ਮਾਨਣ। 'ਸਾਜਨ'

ਇਸ ਸੰਸਾਰ ਸਾਗਰ ਵਿਚ ਕੋਈ ਵੀ ਨਾ ਜਾਨਵਰ ਹੈ ਅਤੇ ਨਾ ਹੀ ਪਰਾਂ ਨਾਲ ਉਡੱਦਾ ਪੰਛੀ ਹੈ ਸਗੋਂ ਉਹ ਵੀ ਮਨੁਖ ਵਰਗੇ ਹੀ ਲੋਕ ਹਨ। ਕਿਉਂਕਿ ਸਭ ਜੀਵ-ਜੰਤ ਸਰਬ ਸ਼ਕਤੀ ਮਾਨ ਪ੍ਰਮਾਤਮਾ ਦੇ ਇਕ ਪ੍ਰਵਾਰ ਵਾਂਗ ਹੀ ਹਨ। ਮੁਹੰਦਮ ਰਸੂਲ ਉਦਾਹਰਨਾ ਸਾਹਿਤ ਇਸ ਸਚਾਈ ਦੀ ਪੁਸ਼ਟੀ ਕਰਦੇ ਹਨ ਕਿ ਅਸੀਂ ਮਨੁਖ ਅਤੇ ਜਾਨਵਰ ਸਾਰੇ ਹੀ ਪ੍ਰਭੂ ਦੇ ਪ੍ਰਵਾਰ ਦਾ ਇਕ ਹਿਸਾ ਹਾਂ। ਇਸ ਲਈ ਉਸ ਪ੍ਰਵਾਰ ਦੇ ਕਿਸੇ ਵੀ ਪ੍ਰਾਣੀ ਦੀ ਦਰਦ-ਪੀੜਾ ਨਾ ਕੇਵਲ ਪ੍ਰਮਾਤਮਾ ਦੇ ਦਿੱਲ ਤੇ ਹੀ ਸੱਟ ਮਾਰਦੀ ਹੈ ਸਗੋਂ ਕਿ ਸਾਰੇ ਪ੍ਰਵਾਰ ਦੇ ਰੰਗ ਰਾਗ ਹੀ ਕੋਹੇ ਜਾਂਦੇ ਹਨ। ਅੱਜ ਅਸੀਂ ਇਸਕਥਨਨੂੰ ਭੁਲਦੇ ਜਾਪਦੇਹਾਂ ਪਰ ਸਾਡੇ ਬਜ਼ੁਰਗ ਇਸ ਗਲ ਨੂੰ ਕਦਾਚਿਤ ਵੀ ਅਖੋਂ ਉਹਲੇ ਨਹੀਂ ਸਨ ਕਰ ਸਕਦੇ।

ਮੰਨੂੰ ਸਿਮਰਤੀ ਦੇ ਪੰਜਵੇਂ ਭਾਗ ਵਿਚੋਂ ਉਦਾਹਰਨ ਲੈ ਕੇ ਅਸੀਂ ਵੇਖ ਸਕਦੇ ਹਾਂ ਕਿ ਉਹ ਇਨਸਾਨ ਜਿਹੜਾ ਕਿ ਖਾਹਿਸ਼ ਦਾ ਗੁਲਾਮ ਹੋਕੇ ਸਰੀਰਕ ਸੁਖ ਲਈ ਬੇ-ਕਸੂਰ ਜਿੰਦਾਂ ਨੂੰ ਕੁਰਬਾਨੀ

Sri Satguru Jagjit Singh Ji Elibrary NamdhariElibrary@gmail.com

ਦੇ ਬਕਰੇ ਬਨਾ ਦਿੰਦਾ ਹੈ। ਉਸਨੂੰ ਕਦੀ ਵੀ ਨਾ ਜਿਉਂਦਿਆ ਅਤੇ ਨਾ ਹੀ ਮਰਨ ਤੋਂ ਬਾਦ ਸੁਖ ਨਸੀਬ ਹੋ ਸਕਦਾ ਹੈ ਅਤੇ ਜਿਹੜਾ ਹਰੇਕ ਜੀਵ ਵਿਚ ਇਕੋ ਰੌਸ਼ਨੀ ਵੇਖਕੇ ਜੀਵਾਂ ਨੂੰ ਮਾਰਨ ਤੋਂ ਪ੍ਰਹੇਜ਼ ਕਰਦਾ ਹੈ ਉਹ ਸਦਾ ਹੀ ਸੁਖੀ ਰਹਿੰਦਾ ਹੈ।

ਜਦੋਂ ਅਸੀਂ ਧਰਮ ਦੀ ਮਦਦ ਨਾਲ ਜੀ ਹਤਿਆ ਨੂੰ ਥੋਥਾ ਕਰਕੇ ਰੱਖ ਦਿੰਦੇ ਹਾਂ ਤਾਂ ਅਸੀਂ ਸਿਰਫ ਇਸ ਲਈ ਨਹੀਂ ਕਰਦੇ ਕਿ ਜੀ ਹਤਿਆ ਨਾਲ ਸਾਡੇ ਆਪਣੇ ਦੋਸਤ ਜਾਨਵਰਾਂ ਨੂੰ ਮਾਨਸਿਕ ਪੀੜ ਹੁੰਦੀ ਹੈ ਸਗੋਂ ਕਿ ਅਸੀਂ ਤਾਂ ਇਸ ਲਈ ਜੀਵ-ਹਤਿਆ ਤੋਂ ਵਰਜਦੇ ਹਾਂ ਕਿ ਆਦਮੀ ਅਤੇ ਔਰਤਾਂ ਕਠੋਰ ਜਾਂ ਨਿਰਦਈ ਨਾ ਬਣ ਜਾਣ ਅਤੇ ਆਪਣੀ ਨੈਤਕਤਾ ਨੂੰ ਖਤਮ ਨਾ ਕਰ ਲੈਣ।

ਸਾਨੂੰ ਤਜਰਬਾ ਕਰਕੇ ਵੇਖ ਲੈਣਾ ਚਾਹੀਦਾ ਹੈ ਅਤੇ ਜ਼ਰੂਰ ਕਰਨਾ ਚਾਹੀਦਾ ਹੈ ਕਿ ਆਪਣੀ ਖੁਸ਼ੀ ਪਸ਼ੂਆਂ ਦੇ ਹੱਕਾਂ ਨੂੰ ਜਿਉਂਦੇ ਜਾਗਦੇ ਰਖਣ ਨਾਲ ਹੀ ਹੋ ਸਕਦੀ ਹੈ। ਅੰਗਰੇਜ਼ੀ ਦੇ ਪ੍ਰਸਿਧ ਵਿਲੀਅਮ ਬਲੇਕ ਦੇ ਸਬਦਾਂ ਵਿਚ, ਕਿ "ਮਹਾਂ ਪੁਰਸ਼ ਅਜਿਹੇ ਨੀਚ ਕੰਮ ਨਹੀਂ ਕਰਦੇ"

ਸੱਚੀ ਗੱਲ ਇਹ ਹੈ ਕਿ ਜਿਹੜਾ ਧਰਮ ਪਸ਼ੂਆਂ ਦੇ ਇਨ੍ਹਾਂ ਹੱਕਾਂ ਦੀ ਪੈਰਵੀ ਨਹੀਂ ਕਰਦਾ ਉਹ ਧਰਮ ਹੀ ਨਹੀਂ ਸਮਝਿਆ ਜਾ ਸਕਦਾ। ਸਿੱਖ ਪੰਥ ਦੇ ਪਵਿਤਰ ਗ੍ਰੰਥ ਸ੍ਰੀ ਆਦਿ ਗ੍ਰੰਥ ਵਿਚ ਸਪਸ਼ਟ ਸ਼ਬਦਾਂ ਵਿਚ ਮੂਰਤੀਮਾਨ ਹੁੰਦਾ ਹੈ ਕਿ "ਜਿਸਦੇ ਦਿਲ ਵਿਚ ਹਰ ਜੀਵ ਲਈ ਦਰਦ ਹੈ ਉਹ ਹੀ ਧਰਮ ਦੇ ਅਸਲੀ ਨਿਸ਼ਾਨੇ ਨੂੰ ਸਮਝਦਾ ਹੈ"

ਜਦੋਂ ਅਸੀਂ ਵੱਡੇ ਵੱਡੇ ਧਰਮਾਂ ਦੇ ਪਿਛੋਕੜ ਇਤਹਾਸ ਤੇ ਨਿਗਾਹ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਉਹਨਾਂ ਬਾਨੀਆ ਦੇ "ਸੌ ਸਿਆਣੇ ਤੇ ਇਕੋ ਮਤ" ਵਾਂਗ ਕਈ ਥਾਂਈ ਵਿਚਾਰਾਂ ਤੇ ਉਪਦੇਸ਼ਾਂ ਦਾ ਤੱਤ ਇਕ ਹੀ ਨਿਕਲ ਦਾ ਹੈ ਅਤੇ ਇਹ ਵੀ ਸਿਰਫ ਇਸੇ ਨੁਕਤੇ ਤੇ ਕਿ ਇਹ ਸਾਡਾ ਇਖਲਾਕੀ ਫਰਜ਼ ਹੈ ਕਿ ਅਸੀਂ ਜਾਨਵਰਾਂ ਨਾਲ ਹਮਦਰਦੀ ਰਖੀਏ ਅਤੇ ਪਸ਼ੂ-ਉਸਾਰਨ ਦੀ ਸ਼ਰਤ ਤੇ ਹੀ ਪ੍ਰਮਾਤਮਾ ਨਾਲ ਪਿਆਰ ਕਰਨ ਦਾ ਚਾਰਾ ਕਰੀਏ।

ਮਸਲਨ ਈਸਾ ਮਸੀਹ ਜੀ ਦੇ ਸ਼ਬਦਾਂ ਵਿਚ "ਅਸੀਂ ਕੋਈ ਉਹ ਪੰਜ ਚਿੜੀਆਂ ਤਾਂ ਨਹੀਂ ਜੋ ਦੋ ਪੈਸੇ ਵਿਚ ਹੀ ਵਿਕ ਗਈਆਂ ਹੋਣ, ਰੱਬ ਦੇ ਦਰਬਾਰ ਵਿਚ ਕਿਸੇ ਨੂੰ ਵੀ ਨਹੀਂ ਭੁੱਲਿਆ ਜਾ ਸਕਦਾ"।

ਹਿੰਦੂ ਧਰਮ ਦੀ ਮਧ ਭਾਗਵਤ ਗੀਤਾ ਅਨੁਸਾਰ "ਬੁਧੀਮਾਨ ਲੋਕ ਮਨੁਖੀ ਅੰਤਰ-ਆਤਮੇ ਵਿਚਲੀ ਕਿਰਨ ਨੂੰ ਹੀ ਬ੍ਰਹਮਾਂ ਵਿਚ ਵੇਖਦੇ ਹਨ ਉਸਨੂੰ ਹੀ ਕੀੜਿਆਂ ਮਕੌੜਿਆ ਵਿਚ, ਸ਼ੂਦਰਾਂ, ਕੁੱਤਿਆਂ, ਹਾਥੀ, ਘੋੜਿਆਂ ਵਿਚ, ਮੁਕਦੀ ਗੱਲ ਕਿ ਹਰ ਜੀਵ ਵਿਚ ਉਸੇ ਹੀ ਕਿਰਨ ਨੂੰ ਵੇਖਦੇ ਹਨ।

ਜੈਨ ਮਤ ਅਨੁਸਾਰ, (ਮਨੁੱਖ ਨੂੰ) ਜਿੰਦਾ ਚੀਜ਼ ਨੂੰ ਦੁਖ ਨਹੀਂ ਦੇਣਾ ਚਾਹੀਦਾ, ਭਾਵੇਂ ਉਹ ਹਿਲਦੀ ਹੋਵੇ ਜਾਂ ਨਾ, ਭਾਵੇਂ ਉੱਚੀ ਹੋਵੇ ਜਾਂ ਨੀਵੀਂ, ਜਮੀਨ ਉੱਤੇ ਹੋਵੇ, ਕਿਉਂਕਿ ਇਸੇ ਪਾਬੰਦੀ ਨੂੰ ਹੀ ਤਾਂ ਨਿਰਵਾਨ ਜਾਂ ਸ਼ਕਤੀ ਦਾ ਦਰਜਾ ਦਿਤਾ ਹੈ।

ਯਹੂਦੀ ਮੱਤ ਮਤਾਂਤਰ ਦਸਦੇ ਹਨ ਕਿ "ਜਿੰਦੇ ਜਾਨਵਰਾਂ ਨੂੰ ਦੁੱਖ ਦੇਣਦਾ ਕਾਰਨ ਬਣਨਾ ਇਕ ਵੱਡਾ ਪਾਪ ਹੈ ਜਿਸ ਨੂੰ ਕਿ ਲੱਖਾਂ ਕਾਨੂੰਨਾ ਰਾਹੀਂ ਰੋਕਿਆ ਜਾਣਾ ਚਾਹੀਦਾ ਹੈ।"

ਸਰ ਐਡਵਿਨ ਐਰਨੋਲਡ ਦੀ ਲਿਖੀ ਪੁਸ-ਤਕ 'ਏਸ਼ੀਆ ਦਾ ਚਾਨਣ' ਵਿਚ ਅਸੀਂ ਪੜ੍ਹਦੇ

Sri Satguru Jagjit Singh Ji Elibrary NamdhariElibrary@gmail.com

ਹਾਂ ਕਿ "ਪਰਿੰਦੇ ਅਤੇ ਹੋਰ ਚੌਪਾਏ ਜਾਨਵਰਾਂ ਵਿਚ ਬੁੱਧ ਦੇ ਦੇਵ ਦਾ ਖਿਲਾਰਿਆ ਪਿਆ ਪਿਆਰ ਚਮਕਦਾ ਹੈ"।

ਪੁਸਤਕ 'ਬੁਧਿਸਟ ਮੈਤਾ ਸੁਤਾ' ਨੂੰ ਪੜ-ਚੋਲਿਆ ਜਾਏ ਤਾਂ ਪਤਾ ਲਗਦਾ ਹੈ ਕਿ "ਮਾੜੀਆਂ ਤਕੜੀਆਂ, ਉਚੀਆਂ ਨੀਵੀਆਂ, ਛੋਟੀਆਂ ਵਡੀਆਂ, ਸੂਖਮ ਜਾਂ ਸਥੂਲ ਦੂਰ ਨੇੜੇ ਸਭ ਜਿੰਦਾਂ ਚੀਜ਼ਾਂ ਸਭ ਜਿਉਣ ਲਈ ਹੀ ਆਈਆਂ ਹਨ। ਸੋ ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਖੁਸ਼ੀ ਨਾਲ ਦਿਨ ਕੱਟਣ ਦਈਏ"।

ਅਜਿਹੀਆਂ ਮਿਸਾਲਾਂ ਹੋਰ ਵੀ ਬਹੁਤ ਦਿਤੀਆਂ ਜਾ ਸਕਦੀਆਂ ਹਨ। ਪਰ ਥਾਂ ਦੀ ਥੁੜੋਂ ਮਜਬੂਰੀ ਨਾਲ ਲਿਖ ਨਹੀਂ ਸਕਦਾ। ਅੰਤ ਔਕੜ ਇਸ ਗਲ ਦੀ ਹੈ ਕਿ ਅਸੀਂ ਮਹਾਂ ਪੁਰਸ਼ਾਂ ਜਾਂ ਗੁਰੂਆਂ ਪੀਰਾਂ ਦੇ ਉਪਦੇਸ਼ ਦੀ ਉੱਕੀ ਪ੍ਰਵਾਹ ਹੀ ਨਹੀਂ ਕਰਦੇ। ਅਸੀਂ ਬੜੀ ਛੇਤੀ ਭੁੱਲ ਜਾਂਦੇ ਹਾਂ। ਅਤੇ ਇਸੇ ਸਦਕਾ ਹੀ ਸਾਨੂੰ ਯਾਦ ਨਹੀਂ ਰਹਿੰਦਾ ਕਿ ਮੁਹੰਮਦ ਰਸੂਲ ਕਹਿ ਗਏ ਸਨ ਕਿ ਪ੍ਰਮਾਤਮਾ ਦਾ ਸਭ ਤੋਂ ਅਨਿੰਨ ਭਗਤ ਉਹੀ ਹੋ ਸਕਦਾ ਹੈ ਜਿਹੜਾ ਕਿ ਉਸਦੇ ਜੀਆਂ ਦੀ ਭਲਾਈ ਦਾ ਧਿਆਨ ਰਖਦਾ ਹੈ ਅਤੇ ਜੀ-ਦਇਆ ਨਾਲ ਜਿਹੜਾ ਸਭ ਤੋਂ ਵੱਡਾ ਪ੍ਰਭੂ-ਭਗਤ ਹੋ ਸਕਦਾ ਹੈ ਇਸਤੋਂ ਵੱਡੀ ਹੋਰ ਪਤਾ ਨਹੀਂ ਕੀ ਆਸੀਰਵਾਦ ਹੋ ਸਕਦੀ ਹੈ?

ਜਾਨਵਰ ਸਾਡੇ ਤੋਂ ਮਦਦ ਦੀ ਆਸ ਰਖਦੇ ਹਨ ਪਰ ਸਾਨੂੰ ਉਨ੍ਹਾਂ ਲਈ ਅਤੇ ਆਪਣੀ ਆਤਮਾਂ ਦੀ ਸਵੱਛਤਾ ਲਈ ਆਪਣੇ ਕਰਤਵ ਤੋਂ ਡਿਗਣਾ ਨਹੀਂ ਚਾਹੀਦਾ ਅਤੇ ਈਸਾ ਉਪਨਿਸ਼ਦ ਦੇ ਵਾਕ ਚੇਤੇ ਰਖਣੇ ਚਾਹੀਦੇ ਹਨ ਕਿ "ਜੋ ਸਾਰੇ ਪ੍ਰਾਣੀਆਂ ਨੂੰ ਰੱਬ-ਰੂਪ ਵੇਖਦਾ ਹੈ ਅਤੇ ਉਨ੍ਹਾਂ ਵਿਚਲੀਆਂ ਆਤਮਾਵਾਂ ਨੂੰ ਇਕੋ ਜਿਹੀਆਂ ਹੀ ਵੇਖਦਾ ਹੈ, ਉਹ ਕਦੇ ਵੀ ਘ੍ਰਿਣਾਂ ਅਤੇ ਨਫਰਤ ਦੇ ਜਾਲ ਵਿਚ ਨਹੀਂ ਫਸ ਸਕਦਾ"

ਦੋ ਰੁਬਾਈਆਂ

—ਗ. ਸ. ਨਾਮਧਾਰੀ

ਮਾਂ ਦੀ ਮਮਤਾ ਗਾਂ ਦੀ ਰਹਿਮਤ ਦੋ ਪਲੜੇ ਹਨ ਸਾਵੇਂ।
ਸ਼ੀਰ ਦੋਹਾਂ ਦੇ ਦੀ ਸ਼ਕਤੀ ਥੀਂ ਜਗ ਦੀ ਕਾਰ ਚਲਾਵੇਂ।
ਮਾਂ, ਗਾਂ ਵਿਚ ਫਰਕ ਨਾ ਮਾਸਾ ਉਹ ਜਨਮੇ ਉਹ ਪਾਲੇ:
ਦੇਣ ਦੋਹਾਂ ਦਾ ਦੇ ਨ ਸਕੇਂ ਲਖ ਅਹਿਸਾਨ ਚੁਕਾਵੇਂ॥

ਤੇਰੇ ਲਈ ਦੋਹਾਂ ਦੇ ਦਿਲ ਵਿਚ ਭਰੀਆਂ ਲਖ ਮੁਰਾਦਾਂ।
ਮਾਂ ਪਿਆਰ ਪਲੋਸ ਸਵਾਰੇ ਤੇ ਦੇਵੇ ਲਖ ਦਾਦਾਂ।
ਗਾਂ ਤੇਰੇ ਜੀਵਨ ਭਰ ਦੇ ਲਈ ਹੈ ਭੰਡਾਰ ਰੋਜ਼ੀ ਦਾ:
ਬਿਰਧ ਅਵਸਥਾ ਵਿਚ ਸੇਵਾ ਲਈ ਰਖ ਸਾਂਭ ਦਿਲ ਯਾਦਾਂ।

Sri Satguru Jagjit Singh Ji Elibrary NamdhariElibrary@gmail.com

ਗਊ ਧਨ

ਸ੍ਰੀ ਹਰਸਾ ਸਿੰਘ ਜੀ "ਚਾਤਰ"

ਹਰਸਾ ਸਿੰਘ ਜੀ ਚਾਤਰ, ਜਿਸਦਾ ਨਾਮ ਸੁਣਦਿਆਂ ਪੰਜਾਬ ਦੇ ਬਚੇ ਬੁਢੇ ਦਾ ਖ਼ੂਨ ਖੌਲ ਉਠਦਾ ਹੈ ਚਾਤਰ ਜੀ ਦੀ ਹਰ ਰਗ ਵਿਚੋਂ ਆਪਣੇ ਦੇਸ਼ ਪਰਤੀ ਸਰਧਾ ਤੇ ਅਣਖੀ ਭਾਵਨਾਂ ਡੁਲ੍ਹ ਡੁਲ੍ਹ ਪੈਂਦੀ ਹੈ। ਚਾਤਰ ਜੀ ਨੂੰ ਜੁਆਨੀ ਵਸਾਰ ਚੁਕੀ ਹੈ ਪਰ ਵਾਰਾਂ ਦੇ ਧਨੀ ਅੰਦਰੋਂ ਜੁਆਨੀ ਦਾ ਜ਼ੋਸ਼ ਖ਼ਤਮ ਨਹੀਂ ਹੋਇਆ। ਇਹਨਾਂ ਦੀ ਕਵਿਤਾ 'ਚੋਂ ਬੀਰ ਰਸ ਉਛਾਲੇ ਮਾਰਦਾ ਨਜ਼ਰ ਅਉਂਦਾ ਹੈ। ਜਿਥੇ ਚਾਤਰ ਜੀ ਬੀਰ ਰਸ ਦੇ ਪ੍ਰਧਾਨ ਹਨ ਓਥੇ ਗਊ ਗ਼ਰੀਬ ਪਰਤੀ ਇਹਨਾਂ ਦੇ ਦਿਲ ਵਿਚ ਤਰਸ ਦਾ ਹੜ੍ਹ ਵੀ ਹੈ।

-ਸਾਜਨ

ਪਸ਼ੂ-ਧਨ ਵਿਚੋਂ ਗਊ ਵੀ ਇਕ ਖਾਸ ਕਿਸਮ ਦਾ ਧਨ ਹੈ। ਇਸਦਾ ਦੁਧ ਹਰ ਵਡੇ ਛੋਟੇ ਤੇ ਮਰੀਜ ਨੂੰ ਮੁਆਫਕ ਹੈ ਜਿਸਤੋਂ ਸਿਹਤ ਚੰਗੀ ਤੇ ਦਿਮਾਗ ਆਲਾ ਬਣਦਾ ਹੈ। ਗਊ ਦੇ ਪਾਲਣ ਤੋਂ ਗੋਪਾਲ ਜਾਂ ਗੁਵਾਲੇ ਤੇ ਗੁਜਰ ਪ੍ਰਸਿਧ ਹਨ। ਜਿਥੇ ਗਊ ਦਾ ਦੁਧ ਅੰਮ੍ਰਿਤ ਵਰਗੀ ਸ਼ਕਤੀ ਦੇ ਸੁਆਦ ਦਾ ਮਾਲਕ ਹੈ ਓਥੇ ਇਸਦਾ ਮੂਤਰ ਵੀ ਵਿਅੰਮ ਸਮੇ ਵਰਤਿਆ ਜਾਂਦਾ ਹੈ ਜਿਸ ਨਾਲ ਸਾਰੀ ਆਂਬਲ ਦੂਰ ਹੋਕੇ ਜਨਾਨੀ ਅਰੋਗ ਹੋ ਜਾਂਦੀ ਹੈ। ਇਸਦੇ ਗੋਹੇ ਦਾ ਪੋਚਾ ਤੇ ਪਾਥੀਆਂ ਤੋਂ ਇਲਾਵਾ ਖੇਤਾਂ ਵਿਚ ਖਾਦ ਦਾ ਕੰਮ ਵੀ ਦੇ ਜਾਂਦਾ ਹੈ। ਗਊ ਜਿਸ ਵਿਹੜੇ ਵਿਚ ਬੱਧੀ ਹੋਵੇ ਓਹ ਵਿਹੜਾ ਫਬਦਾ ਹੈ ਤੇ ਇਸਦੀ ਸੇਵਾ ਦੇ ਬਹਾਨੇ ਉਦਮ ਵੀਬਣਿਆਰਹਿੰਦਾ ਹੈ। ਇਸਦਾਰੰਗ ਡਬ ਖੜਬਾ, ਲਾਲ ਕਾਲਾ, ਚਿਤਰ ਮਿਤਰਾ, ਚਿਟਾ ਵੀ ਹੁੰਦਾ ਹੈ। ਲਾਲ ਰੰਗ ਦੀ ਗਾਂ ਨੂੰ ਗੋਰੀ ਗਾਂ ਤੇ ਕਾਲੇ ਰੰਗ ਦੀ ਨੂੰ ਕਾਮਧੇਨ ਆਖਿਆ ਜਾਂਦਾ ਹੈ। ਲੰਮੇ ਦੀ ਨਸਲ ਕਾਫੀ ਹਦ ਸਲਾਹੀ ਗਈ ਹੈ ਜਿਸਦੀਆਂ ਅਖਾਂ ਮੋਟੀਆਂ ਮਸਤ ਚਾਲ, ਲੰਮੀ ਪੂਛ, ਚੰਦਰਮਾਂ ਦੀ ਪ੍ਰਭਾ ਵਰਗੇ ਦੋ ਸਿੰਗ, ਮਾਸੂਮ ਬੂਥੀ ਹੈ। ਅਗਰ ਇਸਦੀ

Sri Satguru Jagjit Singh Ji Elibrary NamdhariElibrary@gmail.com

ਇਸਦੀ ਸੇਵਾ ਕੀਤੀ ਜਾਵੇ ਤਾਂ ਇਹ ਦੁਧ ਦੀ ਲਹਿਰ ਬਹਿਰ ਲਾ ਦੇਂਦੀ ਹੈ। ਕਹਿੰਦੇ ਸੀ ਕਿ ਜਿਸਦੀ ਗਊ ਵਛੇ ਦੇਵੇ ਮਹੀਂ ਕਟੀਆਂ ਤੇ ਜਨਾਨੀ ਬਚੇ ਜਨਮੇ (ਭਾਵ ਮੁੰਡੇ) ਤਾਂ ਓਹਛੇਤੀ ਹੀਭਾਗਵਾਨ ਹੋ ਜਾਂਦਾਹੈ ਇਸਦਾ ਹਵਾਨਾਂ ਘੜੇ ਵਰਗਾ ਤੇ ਥਣ ਕੇਲੇ ਦੀਆਂ ਫਲ਼ੀਆਂ ਵਰਗੇ ਸ਼ੋਭਾ ਦਿੰਦੇ ਹਨ।

ਅਜ ਦਾ ਭਾਰਤੀ ਇਸਦੇ ਗੁਣਾਂ ਨੂੰ ਭੁਲਕੇ ਇਸਦੀ ਖਲ਼ ਤੋਂ ਪੈਸਾ ਕਮਾਣ ਲਈ ਇਸਦੀ ਜਾਨ ਗਵਾ ਰਿਹਾ ਹੈ। ਜਿਸ ਨਾਲ ਭਾਰਤ ਦੀ ਹਾਲਤ ਕਮਜੋਰ ਹੋ ਰਹੀ ਹੈ। ਜਦੋਂ ਮਸ਼ੀਨਰੀ ਦਾ ਯੁਗ ਨਹੀਂ ਸੀ ਓਦੋਂ ਗਊ ਦਾਜਾਇਆ ਸੰਸਾਰ ਦਾ ਥੰਮ ਗਿਣਿਆ ਜਾਂਦਾ ਸੀ ਜਿਥੇ ਸੰਢਿਆਂ ਵਰਗੇ ਬਲੀ ਪਸ਼ੂ ਹੁਸ ਜਾਂਦੇ ਓਥੇ ਬੌਲਦਾਂ ਦੀ ਜੋੜੀ ਛਣ ਛਣ ਕਰਦੀ ਪੈਲੀ ਨੂੰ ਵਾਹੁੰਦੀ ਤੇ ਅਨਾਜ ਦਾ ਵਨਜਾਰੇ ਜਾਂ ਸੁਦਾਗਰ ਲੋਕ ਬੈਲਾਂ ਤੇ ਹੀ ਇਕ ਥਾਂ ਤੋਂ ਦੂਸਰੀ ਥਾਂ ਤੇ ਭਾਰ ਢੁਵਾਈ ਦਾ ਕੰਮ ਕਰਦੇ, ਬੈਲਾਂ ਦੀ ਕਾਰਗੁਜਾਰੀ ਵੇਖਕੇ ਹੀ ਕਿਸੇ ਕਿਹਾ ਹੈ: 'ਧੰਨ ਗਊ ਦਾ ਜਾਇਆ ਜਿਨ ਸਾਰਾ ਮੁਲਕ ਵਸਾਇਆ।' ਗਊ ਰਕਸ਼ਾ ਵਾਲੇ ਕੂਕਿਆਂ ਬਾਰੇ ਪੜ੍ਹਕੇ ਵੇਖਣ ਕਿ ਕਿਸਤਰਾਂ ਗਊ ਰਕਸ਼ਾ ਲਈ ਓਹਨਾ ਨੇ ਘਾਲ ਘਾਲੀ ਅਖੀਰ ਤੋਪਾਂ ਦੇ ਸਾਹਮਣੇ ਖਲੋਕੇ ਗੁਰੂ ਤੇਗ ਬਹਾਦਰ ਜੀ ਦੇ ਪੂਰਨੇ ਉਪਰ ਪੂਰੀਤਰਾਂ ਅਖਰ ਪਾ ਦਿਤੇ ਜੋ ਸੰਸਾਰ ਦੇ ਇਤਿਹਾਸ 'ਚ ਸਦਾ ਚਮਕਦੇ ਰਹਿਣ ਗੇ। ਅਜ ਗਊ ਦੇ ਨਾਮ ਉਤੇ ਗਊ-ਸ਼ਾਲਾ ਵਿਚ ਹਜਾਰਾਂ ਹੇਰ ਫੇਰ ਹੁੰਦੇ ਹਨ ਜਿਨ੍ਹਾਂ ਨੇਗਊ ਦੀ ਖ਼ੁਰਾਕ ਅਧ ਪਚਧੀ ਵੇਚਕੇ ਪੀ ਖਾ ਜਾਣੀ ਹੈ ਓਨ੍ਹਾਂ ਦੀ ਗਊ ਰਕਸ਼ਾ ਦੇ ਕੀ ਅਰਥ?

ਸ੍ਰੀ ਮਾਨ ਮਹਾਨ ਨੇਤਾ ਪੰਡਤ ਮਦਨ ਮੋਹਨ ਮਾਲਵੀਯਾ ਜੀ ਦੀ ਹਿੰਦੂ ਮੁਸਲਮਾਨਾਂ ਦੇ'੨੦ ਸਾਲ ਸਮੇਂ ਅੰਮ੍ਰਿਤਸਰ ਦੇ ਇਕ ਜਲਸੇ ਵਿਚ ਇਹ ਤਕਰੀਰ ਕਰਨੀ (ਹਿੰਦੂਓ ਅਗਰ ਤੁਸੀਂ ਸਵੈਮਾਨ ਨਾਲ ਜਿੰਦਗੀ ਬਸਰ ਕਰਨੀ ਚਾਹੁੰਦੇ ਹੋ ਤਾਂ ਹਰ ਘਰ ਵਿਚੋਂ ਇਕ ਸਿਖ ਪੈਦਾ ਕਰੋ, ਤੇ ਹਰ ਘਰ ਵਿਚ ਘਟ ਤੋਂ ਘਟ ਇਕ ਗਊ ਰਖੋ, ਜਿਸਤੇ ਕੁਝ ਅਮਲ ਵੀ ਹੋਇਆ ਮਗਰ ਮੁਸੀਬਤ ਟਲ ਜਾਣ ਤੋਂ ਮੁੜ ਓਹੋ ਹਾਲ ਹੋਗਿਆ ਕੋਠਾ ਉਸਰਿਆ ਤੇ ਤਰਖਾਨ ਵਿਸਰਿਆ ਵਾਲੀ ਗਲ ਬਣੀ, ਕਲਕਤੇ ਦੀ ਮੰਡੀ ਨੇ ਕਾਫੀ ਹਧ ਤਕ ਗਊਆਂ ਦਾ ਸਫਾਇਆ ਕਰ ਦਿਤਾ ਹੈ ਹੁਨ ਤਾਂ ਪੰਜਾਬ ਵਿਚ ਗਊ ਘਟ ਹੈ ਗੋਕਾ ਦੁਧ ਬਹੁਤਾ ਬਨਾਉਣ ਵਾਲਿਆਂ ਦੇ ਵਾਰੇ ਵਾਰੇ ਜਾਈਏ ਆਪ ਹਰ ਭਾਂਡੇ ਤੇ ਗੋਕਾ ਤੇ ਹਰ ਦੁਧ ਵਾਲੀ ਹਟੀ ਤੇ ਗੋਕਾ ਦੁਧ ਲਿਖਿਆ ਪੜ੍ਹ ਸਕਦੇ ਹੋ। ਧਰਮ ਸਾਸ਼ਤਰਾਂ ਵਿਚ ਗਊ ਮੇਧ ਯਗ ਵੀ ਲਿਖਿਆ ਹੈ ਜਿਸ ਵਿਚ ਗਊ ਦੀ ਬਲੀ ਦਿਤੀ ਜਾਂਦੀ ਰਹੀ ਹੈ ਆਯੁਰ ਵੇਦ ਤੇ ਮਖਜਨ ਹਿਕਮਤ ਵਿਚ ਗਊ ਦੇ ਮਾਸ ਨੂੰ ਸੁਆਦੀ ਤੇ ਸਿਹਤ ਯਾਬ ਦਸਿਆ ਹੈ। ਜਿਹੜਾ ਮੁਸਲਮਾਨ ਹਿੰਦੂ ਨੂੰ ਚੜਾਉਣ ਵਾਸਤੇ ਗਊ ਖਾਂਦਾ ਸੀ ਓਹੋ ਹੀ ਅਜ ਪਾਕਸਤਾਨ ਵਿਚੋਂ ਆਖਦਾ ਹੈ ਕਿ ਇਕ ਮਝਦੇ ਮੁਕਾਬਲੇ ਉਤੇ ਦੋ ਗਊਆਂ ਦਾ

Sri Satguru Jagjit Singh Ji Elibrary NamdhariElibrary@gmail.com

ਪਾਲਣ ਵਧੇਰੇ ਫਾਇਦੇ ਮੰਦ ਹੈ ਤੇ ਖਰਚ ਘਟ ਆਉਂਦਾ ਹੈ।

ਦੁਧ ਦੀ ਡਿਗਰੀ ਘਟ ਹੋ ਜਾਣ ਦਾ ਇਕ ਇਹ ਵੀ ਕਾਰਨ ਹੈ ਕਿ ਅਗੇ 'ਦੁਧ ਵੇਚਿਆ ਤੇ ਪੁਤ ਵੇਚਿਆ' ਇਕੋ ਜਿਹਾ ਹੀ ਹੁੰਦਾ ਹੈ। ਅਗੇ ਦੁਧ ਗਾਹੜਾ ਕਰਨ ਦੀਆਂ ਤਰਕੀਬਾਂ ਸੋਚਦੇ ਸਾਂ ਤੇ ਹੁਨ ਬਹੁਤਾ ਕਰਨ ਦੀਆਂਵਲੈਤੀ ਗਊਆਂ ਕਾਫੀ ਮਿਕਦਾਰ ਵਿਚ ਦੁਧ ਦੇਂਦੀਆਂ ਹਨ । ਸਰਕਾਰ ਪਸ਼ੂਆਂ ਦੀ ਸੇਵਾ ਸੰਭਾਲ ਵਾਲਿਆਂ ਨੂੰ ਮੇਲ ਮਸਾਧਿਆਂ ਉਤੇ ਇਨਾਮ ਵੀ ਵੰਡਦੀ ਹੈ। ਪਰ ਉਹ ਇਨਾਮ ਖਰਚ ਨਾਲੋਂ ਕਿਤੇ ਥੋੜ੍ਹਾ ਹੁੰਦਾ ਹੈ ਇਸੇ ਲਈ ਬਹੁਤੇ ਲੋਕ ਇਸ ਪਾਸੇ ਧਿਆਨ ਨਹੀ ਦਿੰਦੇ ਗਊ ਬਰਕਤ ਤੋਂ ਮਾਤਾ ਤੇ ਗਊ ਦਾ ਜਾਇਆ ਕੰਮ ਤੋਂ ਥੰਮ ਪ੍ਰਤੀਕ ਹਨ।

ਗੋ ਅਸ਼ਟਮੀ ਦਾ ਤਿਉਹਾਰ ਖਾਸ ਕਰਕੇ ਗਊ ਦਾ ਤਿਉਹਾਰ ਹੈ। ਜਿਸ ਵਿਚ ਗਊ ਨੂੰ ਮੈਂਧੀ ਮੌਲੀ ਨਾਲ ਸ਼ਿੰਗਾਰਿਆ ਜਾਂਦਾ ਹੈ, ਤੇ ਆਟੇ ਦੇ ਪੇੜੇ ਨਾਲ ਪੂਜਾ ਹੁੰਦੀ ਹੈ।

ਭਾਰਤ ਵਰਸ਼ ਵਿਚ ਕਦੇ ਗਊ ਧਨ ਕਾਫੀ ਮਾਤਰਾ ਵਿਚ ਸੀ, ਜਿਵੇਂ ਕ੍ਰਿਸ਼ਨ ਦੀਆਂ ਗਊਆਂ, ਜਾਂ ਰਾਜੇ ਵੈਰਾਟ ਦੀਆਂ, ਜਾਂ ਹੋਰ ਜਾਗੀਰ ਦਾਨਾਂ ਦੀਆਂ, ਮਗਰ ਅਜ ਉਹ ਪਰੰਪਰਾ ਨਹੀਂ। ਲੋਕੀ ਮਝਦਾ ਦੁਧ ਪਸੰਦ ਕਰਦੇ ਹਨ ਜਿਸ ਕਰਕੇ ਅਕਲ ਮੋਟੀ ਹੁੰਦੀ ਜਾਂਦੀ ਹੈ। ਦੂਰ ਦੀ ਸੋਚ ਦੀ ਬਜਾਏ ਅਸੀਂ ਫਾਹ ਸੋਟਾ ਮਾਰ ਦਿੰਦੇ ਹਾਂ। ਪਸ਼ੂ ਮਰਕੇ ਵੀ ਦਸ ਕੰਮ ਆ ਜਾਂਦਾ ਹੈ ਪਰ ਅਫਸੋਸ ਆਦਮੀ ਮੋਇਆ ਕਿਸੇ ਕੰਮ ਨਹੀਂ ਆਉਂਦਾ।

ਦੋ
ਰੁਬਾਈਆਂ

ਸ੍ਰੀ ਰਛਪਾਲ ਸਿੰਘ ਜੀ ਪੰਨੂੰ

ਅੰਨ ਉਪਜਦੀ ਸਮਸਿਆ ਦਾ ਹਲ ਸੁਆਲ ਨਹੀਂ ਹੋਣਾਂ।
ਭੁਖੀਆਂ ਨਾੜਾਂ ਨੂੰ ਜੋ ਚੂੰਡੇ ਦੂਰ ਕਾਲ ਨਹੀਂ ਹੋਣਾ।
ਗਊ ਮਾਤਾ ਦੇ ਗਲ ਤੋਂ ਜੇਕਰ ਛੁਰੀ ਗਈ ਨਾ ਚੁਕੀ।
ਲਖ ਕਰੀਏ ਪ੍ਰਵਾਰ ਨਿਯੋਜਨ ਦੇਸ ਖੁਸ਼ਹਾਲ ਨਹੀਂ ਹੋਣਾ।

ਇੰਜ ਭਾਰਤ ਨੂੰ ਸਵੈਮਾਨ ਦਾ ਕਦੇ ਖਿਆਲ ਨਹੀਂ ਹੋਣਾ।
ਸਿਰ ਸਾਡੇ ਤੇ ਪਏ ਕਰਜੇ ਦਾ ਦੂਰ ਜਾਲ ਨਹੀਂ ਹੋਣਾ।
ਅਮਰੀਕਾ ਦੇ ਦਰ ਤੋਂ ਸਾਡਾ ਠੂਠਾ ਮੂਲ ਨਹੀਂ ਰੁਕਣਾ:
ਗਊ ਕਤਲਾਮ ਜੇ ਬੰਦ ਨਾ ਹੋਈ ਦੇਸ਼ ਖੁਸ਼ਹਾਲ ਨਹੀਂ ਹੋਣਾ॥

Sri Satguru Jagjit Singh Ji Elibrary NamdhariElibrary@gmail.com

ਗਊ ’ਚ ਹੀ ਦੇਸ਼ ਕਲਿਆਣ ਕਲਿਆਣ

ਸ੍ਰੀ ਨਿਰੰਜਨ ਸਿੰਘ ਜੀ “ਤਾਂਘੀ”

ਤਾਂਘੀ ਜੀ ਦੀਆਂ ਲਿਖਤਾਂ ਤੋਂ ਸਤਿਜੁਗ ਦੇ ਪਾਠਕ ਚੰਗੀ ਤਰਾਂ ਵਾਕਫ ਹਨ। ਇਹਨਾਂ ਦਾ ਨਾਮਧਾਰੀ ਪੰਥ ਨਾਲ ਸਰਧਾ ਭਰਪੂਰ ਪਿਆਰ ਹਰ ਹਰਫ ਵਿਚੋਂ ਨਜ਼ਰ ਆਉਂਦਾ ਹੈ। ਆਪ ਨੀਲੋ ਖੇੜੀ ਵਿਚ ਸਰਕਾਰੀ ਮਸ਼ੀਨਰੀ ਨੂੰ ਚੰਗੀ ਤਰਾਂ ਚਲਾਉਣ ਲਈ ਵਧੀਆ ਪੁਰਜ਼ੇ ਤਿਆਰ ਕਰਦੇ ਹਨ। ਭਾਵ ਨੌਜਵਾਨਾ ਨੂੰ ਕੰਮ ਕਰਨ ਦੀ ਟ੍ਰੇਨਿੰਗ ਦੇ ਕੇ ਦੇਸ਼ ਸੇਵਾ ਕਰਨ ਦੇ ਯੋਗ ਬਨਾਉਂਦੇ ਹਨ। ਟਰੇ-ਨਿੰਗ ਔਫੀਸਰ ਦੀ ਪਦਵੀ ਤੇ ਹੁੰਦਿਆਂ ਹੋਇਆਂ ਵੀ ਆਪ ਨਿਰਮਾਣਤਾ ਮਿਠਾਸ ਦੇ ਭੰਡਾਰ ਹਨ। ਆਪ ਜੀ ਦਾ ਗਊ ਨਾਲ ਅੰਦਰੂਨੀ ਪਿਆਰ ਹੈ। ਇਸ ਅੰਕ ਵਿਚ ਤਾਂਘੀ ਜੀ ਆਪਣੇ ਲੇਖ “ਗਊ ਕਲਿਆਣ ’ਚ ਹੀ ਦੇਸ਼ ਕਲਿਆਣ” ਵਿਚ ਆਪਣੇ ਤਜਰਬੇ ਨੂੰ ਪਾਠਕਾਂ ਤਕ ਪਹੁੰਚਾਇਆ ਹੈ॥

— ‘ਸਾਜਨ’

ਭਾਰਤ ਵਰਸ਼ ਇਕ ਖੇਤੀ ਬਾੜੀ-ਪ੍ਰਧਾਨ ਸ਼ ਹੈ। ਏਥੋਂ ਦੇ ਰਹਿਣ ਵਾਲੇ ਲੋਕ ਸੌ ਵਿਚੋਂ ~ਗ ਪਗ ਅਸੀ ਖੇਤੀ ਬਾੜੀ ਦੇ ਕੰਮ ਕਾਰ ਨਾਲ ਸਬੰਧਤ ਹਨ। ਅਤੇ ਖੇਤੀ ਬਾੜੀ ਕਰਨ ਦਾ ਵਡਾ ਸਾਧਨ ਹਨ ਬਲਦ। ਭਾਂਵੇਂ ਅਜ ਕਲ ਟਰੈਕਟਰਾਂ ਨਾਲ ਵਾਹੀ ਕਰਨ ਤੇ ਜ਼ੋਰ ਦਿਤਾ ਜਾ ਰਿਹਾ ਹੈ ਪਰ ਅਮਲੀ ਤੌਰ ਤੇ ਸਮੂਹਕ ਰੂਪ ਵਿਚ ਸਾਡੇ ਦੇਸ਼ ਵਿਚ ਇਹ ਤਰੀਕਾ ਸਫਲ ਨਹੀਂ ਹੈ। ਇਸ ਦਾ ਪਹਿਲਾ ਕਾਰਨ ਇਹ ਹੈ ਕਿ ਭਾਰਤ ਵਿਚ ਕੁਝ ਗਿਣਤੀ ਦੇ ਵਡੇ ਵਡੇ ਲੈਂਡ-ਲਾਰਡਾਂ ਨੂੰ ਛਡਕੇ

Sri Satguru Jagjit Singh Ji Elibrary NamdhariElibrary@gmail.com

ਬਾਕੀ ਆਮ ਕਿਸਾਨ ਪ੍ਰਵਾਰ-ਪ੍ਰਤੀ ਸਿਰਫ ਔਸਤਨ ਪੰਜ ਛੇ ਏਕੜ ਬਲਕਿ ਇਸ ਤੋਂ ਭੀ ਘਟ ਜਮੀਨ ਹਿਸੇ ਔਂਦੀ ਹੈ। ਸੋ ਏਨੀ ਥੋੜੀ ਜਮੀਨ ਦੇ ਮਾਲਕ ਕਿਸਾਨ ਲਈ ਖੇਤੀ ਕਰਨ ਵਾਸਤੇ, ਮਹਿੰਗੇ ਮੁਲ ਦੀ ਖੇਤੀ ਮਸ਼ੀਨਰੀ ਖਰੀਦ ਸਕਣੀ ਸੰਭਵ ਨਹੀਂ ਹੈ ਅਤੇ ਜੇ ਇਹ ਆਖਿਆ ਜਾਇ ਕਿ ਕੁਝ ਇਕ ਕਿਸਾਨ ਮਿਲਕੇ ਮਿਲਵਰਤਣੀ ਲੀਹਾਂ ਤੇ ਚਲਕੇ ਮਸ਼ੀਨੀ-ਖੇਤੀ ਕਰ ਸਕਦੇ ਹਨ ਤਾਂ ਮੈਂ ਬਿਨਾ ਝਿਜਕ ਆਪਣੇ ਤਜਰਬੇ ਦੀ ਬਿਨਾ ਤੇ ਕਹਿ ਸਕਦਾ ਹਾਂ ਕਿ ਹੋਰ ਕਿਸੇ ਅਗਾਂਹ-ਵਧੂ ਖਿਆਲਾਂ ਵਾਲੇ ਦੇਸ਼ ਵਿਚ ਇਹ ਤਜਰਬਾ ਭਾਵੇਂ ਕਾਮਯਾਬ ਹੋਵੇ ਤਾਂ ਹੋਵੇ ਪਰ ਘਟੋ ਘਟ ਭਾਰਤ ਵਿਚ ਜਿਥੋਂ ਦਾ ਕਿ ਆਮ ਕਿਸਾਨ ਅਜ ਭੀ ਅਨਪੜ੍ਹ ਅਤੇ ਪੁਰਾਣੀਆਂ ਰਹੁ ਰੀਤਾਂ ਦਾ ਧਾਰਨੀ ਹੈ, ਮਿਲਵਰਤਣੀ ਲੀਹਾਂ ਤੇ ਖੇਤੀ ਬਾੜੀ ਦਾ ਤਜਰਬਾ ਕਾਮਯਾਬ ਨਹੀਂ ਹੋ ਸਕਦਾ, ਸਾਡੇ ਦੇਸ਼ ਦਾ ਕਿਸਾਨ ਜਰਾ ਜਿਨੀ ਹਲ ਪਿਛੇ ਮਰਨ ਮਾਰਨ ਲਈ ਤਿਆਰ ਹੋ ਜਾਂਦਾ ਹੈ। ਕਚਹਿਰੀਆਂ ਵਿਚ ਸੌ ਵਿਚੋਂ ਨਬੇ ਮੁਕਦਮੇ ਜਿਮੀਦਾਰਾਂ ਦੇ ਹੁੰਦੇ ਹਨ ਅਤੇ ਉਹ ਭੀ ਬਹੁਤ ਜਮੀਨ ਦੇ ਝਗੜਿਆਂ ਬਾਰੇ। ਅਜਿਹੀ ਹਾਲਤ ਵਿਚ ਜਿਮੀਂਦਾਰ ਪਾਸੋਂ ਮਿਲਵਰਤਣੀ ਲੀਹਾਂ ਤੇ ਮਸ਼ੀਨੀ-ਖੇਤੀ ਦੀ ਆਸ ਕਰਨੀ ਹੀ ਵਿਅਰਥ ਹੈ। ਮੇਰਾ ਆਪਣਾ ਸਬੰਧ ਖੇਤੀ ਬਾੜੀ ਵਿਭਾਗ ਨਾਲ ਹੈ। ਮੈਂ ਜਦ ਕਦੀ ਪਿੰਡਾਂ ਵਿਚ ਜਾਕੇ ਕਿਸਾਨਾ ਨੂੰ ਖੇਤੀ ਬਾੜੀ ਕਰਨ ਵਾਲੇ ਕਿਸੇ ਮਹਿੰਗੇ ਪਰ ਸਫਲ ਔਜਾਰ ਨੂੰ ਰਲ ਮਿਲਕੇ ਖਰੀਦਣ ਦੀ ਪ੍ਰੇਰਨਾ ਕੀਤੀ ਹੈ ਤਾਂ ਮੈਨੂੰ ਕਿਸਾਨਾਂ ਵਲੋਂ ਆਮ ਤੌਰ ਤੇ ਇਹੀ ਉਤਰ ਮਿਲਿਆ ਹੈ ਕਿ 'ਸਾਂਝੀ ਚੀਜ ਨੂੰ ਹਰ ਇਕ ਭਾਈਵਾਲ ਪਹਿਲੋਂ ਆਪਣਾ ਕੰਮ ਕਰਨ ਵਾਸਤੇ ਵਰਤਣਾ ਚਾਹੇਗਾ, ਦੂਜੇ ਦਾ ਭਾਵੇਂ ਨੁਕਸਾਨ ਹੀ ਕਿਉਂ ਨਾ ਹੋ ਜਾਵੇ ਜਿਸਦਾ ਨਤੀਜਾ ਆਪਸ ਵਿਚ ਝਗੜੇ ਬਾਜੀ ਸ਼ੁਰੂ ਹੋ ਜਾਏਗੀ ਅਤੇ ਕਚਹਿਰੀਆਂ ਵਿਚ ਰੁਲਣਾ ਪਵੇਗਾਤੇਕੰਮਪਹਿਲੋਂ ਜਿਨਾਂ ਭੀ ਨਹੀਂ ਹੋਵੇਗਾ ਸੋ ਅਸੀਂ ਅਜਿਹੀ ਸਾਂਝ ਤੋਂ ਬਿਨਾਂ ਹੀ ਚੰਗੇ ਹਾਂ। ਅਮਲੀ ਤੌਰ ਤੇ ਬਾਹਦ ਦੇ ਹੁੰਦੇ ਤਕ ਇਹ ਗਲ ਹੈ ਭੀ ਠੀਕ ਕਿ ਮਿਲਵਰਤਣੀ ਲੀਹਾਂ ਤੇ ਭਾਰਤੀ-ਕਿਸਾਨ ਨੂੰ ਖੇਤੀ ਕਰਨ ਦੀ ਸਲਾਹ ਦੇਣ ਦਾ ਮਤਲਬ ਹੈ ਆਪਸੀ ਝਗੜੇ ਅਤੇ ਮੁਕਦਮੇ-ਬਾਜੀ ਦਾ ਅਰੰਭ। ਜਿਸਦਾ ਨਤੀਜਾ ਸਿਵਾਇ ਬਰਬਾਦੀ ਦੇ ਹੋਰ ਕੁਛ ਨਹੀਂ ਹੋ ਸਕਦਾ, ਮਿਲਵਰਤਣੀ ਲੀਹਾਂ ਤੇ ਸਰਲ ਮਸ਼ੀਨ-ਖੇਤੀ ਲਈ ਪਹਿਲੀ ਸ਼ਰਤ ਹੀ ਇਹ ਹੈ ਕਿ ਆਪਣਾ ਨੁਕਸਾਨ ਕਰਕੇ ਭੀ ਦੂਸਰੇ ਸਾਥੀ ਨੂੰ ਲਾਭ ਪਹੁੰਚਾਣ ਦਾ ਜਤਨ ਕਰਨਾ, ਆਪ ਦੁਖ ਝਲਕੇ ਭੀ ਦੂਸਰੇ ਨੂੰ ਸੁਖੀ ਵੇਖਣ ਦੀ ਰੀਝ ਰਖਣਾ ਅਤੇ ਵੇਖਕੇ ਭੀ ਅਣਡਿਠ ਕਰਨਾ। ਕੀ ਅਜ ਦੇ ਭਾਰਤੀ ਕਿਸਾਨ ਵਿਚ ਇਸ ਭਾਵਨਾ ਦਾ ਕਿਣਕਾ ਮਾਤਰ ਹੀ ਵੇਖਣ ਨੂੰ ਹੈ ? ਨਹੀਂ ਤੇ ਬਿਲਕੁਲ ਨਹੀਂ ! ਜੇ ਸਾਡਾ ਕਿਸਾਨ ਸਚ-ਮੁਚ ਏਡਾ ਉਚਾ-ਆਦਮੀਂ ਹੋ ਜਾਇ ਤਾਂ ਦੇਸ਼ ਦੀਆਂ ਕਚਹਿਰੀਆਂ ਲਗ ਪਗ ਬੰਦ ਹੋ ਜਾਣ, ਲਖਾਂ ਰੁਪਏ ਜੋ ਇਸ ਦੀ ਜੇਬ 'ਚੋਂ ਨਿਕਲਕੇ ਵਕੀਲਾਂ ਦੀਆਂ ਕੋਠੀਆਂ ਤੇ ਲਗਦੇ ਹਨ, ਇਹ ਵੀ ਆਪਣੀ ਬਹਿਬੂਦੀ ਅਤੇ ਬੇਹਤਰੀ ਲਈ ਖਰਚ ਦੇ ਕੰਮ ਔਣ ਅਤੇ ਫੇਰ ਇਹ ਬਿਨਾਂ ਮਿਲਵਰਤਣੀ-ਲੀਹ ਤੇ ਮਸ਼ੀਨੀ ਖੇਤੀ ਕੀਤਿਆਂ ਭੀ ਥੋੜੀ ਭੋਂਏ ਵਿਚੋਂ ਈ ਸਧਾਰਨ ਢੰਗ ਨਾਲ ਖੇਤੀ ਕਰਕੇ ਕਰਾਮਾਤਾਂ ਕਰਕੇ ਵਿਖਾ ਸਕਦਾ ਹੈ, ਪਰ ਇਹ ਅਵਸਥਾ ਅਗੇ ਸੁਪਨਾ ਹੀ ਹੈ।

ਸਫਲ ਮਸ਼ੀਨੀ—ਖੇਤੀ ਦੀ ਦੂਸਰੀ ਜਰੂਰ ਸ਼ਰਤਹੈ ਕਿਸਾਨ ਦਾ ਆਪ ਇਸ ਹਦਤਕ ਮਕੈਨਿਕ ਹੋਣਾ ਕਿ ਕੋਈ ਭੀ ਮਸ਼ੀਨ ਦੀ ਟੁਟ ਭਜ ਉਹ ਆਪ ਹੀ ਕਿਸੇ ਦੀ ਮਦਦ ਬਿਨਾ ਠੀਕ ਕਰ ਸਕੇ। ਅਮਰੀਕਾ ਅਤੇ ਇੰਗਲੈਂਡ ਆਦ ਦੇ ਵਡੇ ਵਡੇ ਲੈਂਡ—ਲਾਰਡ ਜੋ ਮਸ਼ੀਨੀ—ਖੇਤੀ ਕਰਦੇ ਹਨ, ਉਨ੍ਹਾਂ ਦੀਆਂ ਆਪਣੇ ਫਾਰਮਾਂ ਵਿਚ, ਜਰੂਰੀ ਕਲ-ਪੁਰਜੇ ਆਦ ਟੈਕਨੀਕਲ ਸਮਾਨ ਸਮੇਤ ਛੋਟੀਆਂ ਛੋਟੀਆਂ ਵਰਕਸ਼ਾਪਾਂ ਹਨ, ਜਿਸ ਵਿਚ ਕਿਸੇ ਭੀ ਖੇਤ-ਮਸ਼ੀਨ ਦਾ ਕੋਈ ਕਲ ਪੁਰਜਾ ਖਰਾਬ ਹੋ ਜਾਣ ਤੇ

Sri Satguru Jagjit Singh Ji Elibrary NamdhariElibrary@gmail.com

ਉਹ ਆਪ ਆਪਣੇ ਹਥੀਂ ਫੌਰਨ ਠੀਕ–ਠਾਕ ਕਰਕੇ ਬਿਨਾਂ ਕਿਸੀ ਬਾਹਰਲੀ ਮਦਦ ਦੇ ਇੰਤਜਾਰ ਕਰਨ ਦੇ, ਬਿਨਾਂ ਸਮਾਂ ਅਜਾਈਂ ਗਵਾਇ ਦੇ, ਆਪਣਾ ਕੰਮ ਆਪ ਚਲਾ ਲੈਂਦੇ ਹਨ। ਇਸਦੇ ਮੁਕਾਬਲੇ ਸਾਡੇ ਦੇਸ਼ ਵਿਚ ਗਲਤ ਇਹ ਹੈ ਕਿ ਸਾਡੇ ਜਿਨਾਂ ਕਿਸਾਨਾਂ ਪਾਸ ਟਰੈਕਟਰ ਆਦ ਖੇਤੀ ਕਰਨ ਲਈ ਮਸ਼ੀਨੀ ਸਾਧਨ ਮੌਜੂਦ ਭੀ ਹਨ, ਉਨ੍ਹਾਂ ਦਾ ਜਦੋਂ ਕਿਤੇ ਖੇਤ ਵਿਚ ਚਲਦਾ ਚਲਦਾ ਟਰੈਕਟਰ ਕਿਸੇ ਜਰਾ ਜਿੰਨੇ ਨੁਕਸ ਕਾਰਨ ਚਲਣੋਂ ਬੰਦ ਹੋ ਜਾਵੇ ਉਹ ਸਾਰਾ ਕੰਮ ਵਿਚੇ ਛਡਕੇ ਨੇੜੇ ਤੇੜੇ ਦੇ ਕਿਸੇ ਸ਼ਹਿਰ ਵਿਚ ਟਰੈਕਟਰ–ਮਕੈਨਿਕ ਦੇ ਪਿਛੇ ਭਜੇ ਫਿਰਦੇ ਹਨ, ਅਤੇ ਜਦ ਤਕ ਟਰੈਕਟਰ ਦੁਬਾਰਾ ਚਲਣ ਦੇ ਯੋਗ ਹੁੰਦਾ ਹੈ ਉਦੋਂ ਤਕ ਕਈ ਵਾਰ ਖੇਤ ਦੀ ਵੱਤਰ ਈ ਖਤਮ ਹੋ ਜਾਂਦੀ ਹੈ ਅਤੇ ਫੇਰ ਨੁਕਸ ਭਾਵੇਂ ਮਾਮੂਲੀ ਹੋਵੇ ਪਰ ਮਕੈਨਿਕ ਹੋਰਾਂ ਜਾਣ–ਬੁਝਕੇ ਮੁਰੰਮਤ ਦੇ ਕੰਮ ਨੂੰ ਲਮਕਾਈ ਜਾਣਾ ਤਾਂਕਿ ਠੀਕ ਕਰਨ ਨੂੰ ਜਿੰਨਾਂ ਸਮਾ ਬਹੁਤਾ ਲਗੇ ਓਨਾ ਬਹੁਤਾ ਭਾਰਾ ਮੁਰੰਮਤ ਦਾ ਬਿਲ ਬਣਾਇਆ ਜਾ ਸਕੇ। ਜਰਾ ਜਿਨੇ ਨੁਕਸ ਦੇ ਜਿਥੇ ਸੈਂਕੜੇ ਰੁਪਏ ਦੇਣੇ ਪੈਂਦੇ ਹਨ ਅਤੇ ਜੋ ਕੀਮਤੀ ਸਮੇ ਦਾ ਨੁਕਸਾਨ ਅਤੇ ਪ੍ਰੇਸ਼ਾਨੀ ਹੁੰਦੀ ਹੈ ਉਹ ਵੱਖ ਹੈ। ਇਹ ਨਿਤ–ਵਰਤੋਂ ਵਿਚ ਔਣ ਵਾਲੀਆਂ ਸਹੀ ਗਲਾਂ ਹਨ। ਅਸੀਂ ਦੂਸਰੇ ਮੁਲਕਾਂ ਵਿਚ ਹੋ ਰਹੀ ਮਸ਼ੀਨੀ–ਖੇਤੀ ਦੀ ਰੀਸ ਤਾਂ ਕਰਨੀ ਚੌਂਹਦੇ ਹਾਂਪਰ ਅਸੀਂ ਭੁਲਜਾਂਦੇ ਹਾਂ ਕਿ ਮਸ਼ੀਨੀਖੇਤੀ ਲਈ ਜੋ ਸਾਧਨ ਅਤੇ ਹਾਲਾਤ ਦੂਸਰੇ ਦੇਸ਼ਾਂ ਵਿਚ ਹਨ ਉਹ ਸਾਧਨ ਅਤੇ ਹਾਲਾਤ ਸਾਡੇ ਦੇਸ਼ ਵਿਚ ਨਹੀਂ ਹਨ। ਸਫਲ ਮਸ਼ੀਨੀ–ਖੇਤੀ ਵਾਲੇ ਮੁਲਕਾਂ ਦੇ ਕਿਸਾਨ ਦੇ ਪਾਸ ਨ ਸਿਰਫ ਜਮੀਨ ਈ ਕਾਫੀ ਹੈ ਸਗੋਂ ਉਥੋਂ ਦਾ ਕਿਸਾਨ ਇਕ ਚੰਗਾ ਮਕੈਨਿਕ ਭੀ ਹੈ ਅਤੇ ਲੋੜ ਪੈਣ ਤੇ ਉਹ ਆਪਣੀਆਂ ਮਸ਼ੀਨਾਂ ਸਵਾਰ ਸਕਦਾ ਹੈ, ਪਰ ਭਾਰਤ ਵਿਚ ਜਿਮੀਂਦਾਰ ਦਾ ਤਾਂ ਮਕੈਨਿਕ ਹੋਣਾ ਇਕ ਪਾਸੇ ਰਿਹਾ, ਪਿੰਡ ਵਿਚ ਜਿਹੜਾ ਕਾਰੀਗਰ, ਪੀੜ੍ਹੀ ਦਰ ਪੀੜ੍ਹੀ ਸਦੀਆਂ ਤੋਂ ਕਿਸਾਨ ਦੇ ਹਲ ਪੰਜਾਲੀ ਆਦ ਬਣੌਂਦਾ ਚਲਿਆ ਆ ਰਿਹਾ ਹੈ, ਉਹ ਜਮਾਂਦਰੂ ਮਕੈਨਿਕ ਹੁੰਦਾ ਹੋਯਾ ਭੀ ਅਜੇ ਤਕ ਸਧਾਰਨ ਹਲ-ਪੰਜਾਲੀ ਬਣੌਣ ਤੋਂ ਉਪਰ ਨਹੀਂ ਉਠ ਸਕਿਆ। ਖੇਤੀ— ਮਸ਼ੀਨਰੀ ਦੇ ਨੁਕਸਾਂ ਨੂੰ ਦੂਰ ਕਰਨ ਦੀ ਗਲ ਤਾਂ ਦੂਰ ਰਹੀ ਅਜੇ ਪਿੰਡ ਦਾ ਕਾਰੀਗਰ ਮਿਟੀ ਪਲਟਣ ਵਾਲੇ ਹਲ ਬਣੌਣ ਜੋਗੀ ਭੀ ਯੋਗਤਾ ਨਹੀਂ ਰਖਦਾ। ਮੈਂ ਆਪ ਏਧਰ ਹਰਿਆਣਾ ਦੇ ਪਿੰਡਾਂ ਵਿਚ ਜਾ ਕੇ ਵੇਖਿਆ ਹੈ। ਇਕ ਇਕ ਪਿੰਡ ਵਿਚ ਦਰਜਨਾਂ ਮਿਟੀ ਪਲਟਣ ਵਾਲੇ ਹਲ, ਜਿਨ੍ਹਾਂ ਦਾ ਕਿ ਅਜ ਕਲ ਪਿੰਡਾਂ ਵਿਚ ਆਮ ਵਰਤਣ ਦਾ ਰਿਵਾਜ ਹੈ, ਸਿਰਫ ਇਸ ਕਰਕੇ ਬੇਕਾਰ ਪਏ ਹਨ ਕਿਉਂਕਿ ਉਨ੍ਹਾਂ ਵਿਚ ਪਏ ਕਿਸੇ ਮਾੜੇ ਮੋਟੇ ਨੁਕਸ ਨੂੰ ਪਿੰਡ ਦਾ ਕਾਰੀਗਰ ਠੀਕ ਕਰਨ ਦੀ ਯੋਗਤਾ ਨਹੀਂ ਰਖਦਾ ਅਤੇ ਕਈ ਮੀਲ ਪੈਦਲ ਚਲਕੇ ਸ਼ਹਿਰ ਥਾਂ ਤੇ ਲਿਜਾਕੇ ਉਸਨੂੰ ਠੀਕ ਕਰਾਣ ਲਈ ਜਿਮੀਦਾਰ ਨੂੰ ਸਮਾਂ ਨਹੀਂ ਮਿਲਦਾ। ਜਿਸ ਦੇਸ਼ ਵਿਚ ਅਜੇ ਟੈਕਨੀਕਲ ਯੋਗਤਾ ਦਾ ਇਹ ਹਾਲ ਹੋਵੇ ਉਥੇ ਮਸ਼ੀਨੀ–ਖੇਤੀ, ਜਿਸ ਵਾਸਤੇ ਕਿ ਕਿਸਾਨ ਦਾ ਖੁਦ-ਮਕੈਨਿਕ ਹੋਣਾ ਲਾਜ਼ਮੀ ਹੈ, ਦੀਆਂ ਸਕੀਮਾਂ ਬਣੌਣੀਆਂ ਹਾਸੋਹੀਣੀ ਗੱਲ ਹੈ।

ਉਪਰ ਦਿਤੇ ਖਿਆਲਾਂ ਨੂੰ ਪੜ੍ਹਕੇ ਇਹ ਭਲੀ-ਭਾਂਤ ਸਿਧ ਹੋ ਜਾਂਦਾ ਹੈ ਕਿ ਭਾਰਤੀ ਕਿਸਾਨ ਨੂੰ ਅਜ ਦੇ ਹਾਲਾਤ ਅਨੁਸਾਰ ਖੇਤੀ-ਬਾੜੀ ਕਰਨ ਲਈ ਮਸ਼ੀਨਾਂ ਦੀ ਨਹੀਂ ਸਗੋਂ ਚੰਗੇ ਅਤੇ ਨਰੋਇ ਬਲਦਾਂ ਦੀ ਲੋੜ ਹੈ। ਹਾਂ, ਬਲਦਾਂ ਨਾਲ ਚਲਣ ਵਾਲੇ ਖੇਤੀ ਬਾੜੀ ਦੇ ਸੰਦਾਂ ਵਿਚ ਇਸ ਢੰਗ ਨਾਲ ਨਵੀਨਤਾ ਲਿਆਈ ਜਾ ਸਕਦੀ ਹੈ ਕਿ ਜਿਨ੍ਹਾਂ ਦੀ ਵਰਤੋਂ ਕੀਤਿਆਂ ਪ੍ਰਤੀ ਏਕੜ ਉਪਜ ਵਿਚ ਮੁਨਾਸਬ ਵਾਧਾ ਹੋ ਸਕੇ ਅਤੇ ਮਸ਼ੀਨੀ–ਖੇਤੀ ਦੇ ਸਮਾਨ ਨਤੀਜੇ ਕਢੇ ਜਾ ਸਕਣ। ਇਸਤਰਾਂ ਕਰ ਸਕਣਾ ਕੋਈ ਅਨਹੋਣੀ ਗੱਲ ਨਹੀਂ ਹੈ ਸਗੋਂ ਬਹੁਤ ਹਦ ਤਕ ਤਾਂ ਪੁਰਾਣੀ ਕਿਸਮ ਦੇ ਖੇਤੀ ਬਾੜੀ ਦੇ ਸੰਦਾਂ ਦੀ ਥਾਂ ਨਵੀਂ ਸੁਧਰੀ ਹੋਈ ਕਿਸਮ ਦੇ ਬੈਲਾਂ ਨਾਲ ਚਲਣ ਵਾਲੇ ਔਜਾਰ ਪਰਚਲਤ ਭੀ

Sri Satguru Jagjit Singh Ji Elibrary NamdhariElibrary@gmail.com

ਹੋਗਏ ਹਨ ਅਤੇ ਦਿਨ ਬਦਿਨ ਏਨ੍ਹਾਂ ਦੀ ਬਣਤਰ ਅਤੇ ਵਰਤੋਂ ਵਿਚ ਵਾਧਾ ਹੋ ਰਿਹਾ ਹੈ। ਅਸਲ ਵਿਚ ਖੇਤੀ-ਬਾੜੀ ਿ ਪੁਰਾਣੀ ਕਿਸਮ ਦੇ ਔਜ਼ਾਰਾਂ ਦੀ ਥਾਂ, ਹੱਥ ਅਤੇ ਬੈਲਾਂ ਨਾਲ ਵਰਤਣ ਵਾਲੇ ਨਵੀਨ ਅਤੇ ਸੁਧਰੀ ਹੋਈ ਕਿਸਮ ਦੇ ਸਸਤੀ ਕੀਮਤ ਵਾਲੇ ਵਾਹੀ ਵਾਲੇ ਸੰਦ ਤਿਆਰ ਕਰਕੇ ਕਿਸਾਨ ਨੂੰ ਵਰਤਣ ਵਾਸਤੇ ਦੇਣੇ, ਭਾਰਤੀ ਕਿਸਾਨ ਦੀ ਅਉਹਰ ਦਾ ਅਸਲੀ ਇਲਾਜ ਹੈ।

ਹੁਣ ਜਦ ਇਹ ਸਾਫ ਹੋ ਗਿਆ ਕਿ ਭਾਰਤੀ ਕਿਸਾਨ ਲਈ ਮੌਜੂਦਾ ਹਾਲਾਤ ਅਨੁਸਾਰ ਖੇਤੀ ਬਾੜੀ ਦਾ ਮੁਖ ਸਾਧਨ ਮਸ਼ੀਨਾ ਨਹੀਂ, ਸਗੋਂ ਬਲਦ ਈ ਹਨ ਤਾਂ ਫਿਰ ਇਸ ਬਾਰੇ ਭੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਚੰਗੇ ਬੈਲਾਂ ਦੀ ਪ੍ਰਾਪਤੀ ਵਾਸਤੇ ਸਾਨੂੰ ਗਊਆਂ ਦੀ ਨਸਲ ਨੂੰ ਸਿਰਫ ਬਚੌਣਾ ਈ ਨਹੀਂ ਚਾਹੀਦਾ, ਸਗੋਂ ਇਸ ਵਿਚ ਹਰ ਮੁਮਕਿਨ ਤਰੀਕੇ ਨਾਲ ਵਾਧਾ ਕਰਨਾ ਹੋਵੇਗਾ। ਇਹ ਤਾਂ ਹੋ ਨਹੀਂ ਸਕਦਾ ਕਿ ਗਊਆਂ ਦੀ ਨਸਲ-ਕਸ਼ੀ ਹੁੰਦੀ ਵੇਖਕੇ ਅਸੀਂ ਅੱਖਾਂ ਮੀਟੀ ਰਖੀਏ ਅਤੇ ਚੰਗੇ ਬਲਦਾਂ ਦੀ ਪ੍ਰਾਪਤੀ ਦੀ ਆਸ ਭੀ ਰਖੀਏ। ਗਊਆਂ ਨਹੀਂ ਹੋਣਗੀਆਂ ਤਾਂ ਬਲਦ ਕਿਥੋਂ ਔਣਗੇ? ਬਲਦ ਨਹੀਂ ਹੋਣਗੇ ਤਾਂ ਖੇਤੀ-ਬਾੜੀ ਕਿਸਤਰਾਂ ਹੋ ਸਕੇਗੀ? ਖੇਤੀ-ਬਾੜੀ ਸਫਲ ਤਰੀਕੇ ਨਾਲ ਨਹੀਂ ਹੋਵੇਗੀ ਤਾਂ ਅਨਾਜ ਦੀ ਥੁੜ ਨੂੰ ਅਸੀਂ ਕਿਸਤਰਾਂ ਪੂਰਿਆ ਕਰ ਸਕਾਂਗੇ? ਜਿਸ ਦੇਸ਼ ਪਾਸ ਖਾਣ ਜੋਗਾ ਅੰਨ ਭੀ ਨਹੀਂ ਹੋਵੇਗਾ ਉਸਦੀ ਆਜ਼ਾਦੀ ਬੇ-ਅਮਨੀ ਹੋਕੇ ਰਹਿ ਜਾਂਦੀ ਹੈ, ਅਜਿਹੀ ਆਜ਼ਾਦੀ ਨੂੰ ਹਰ ਵੇਲੇ ਖਤਰਾ ਈ ਖਤਰਾ ਹੈ। ਜਿਸ ਦੇਸ਼ ਦੇ ਅੱਸੀ ਫੀਸਦੀ ਲੋਕ ਖੇਤੀ-ਬਾੜੀ ਕਰਦੇ ਹੋਣ ਅਤੇ ਉਹ ਦੇਸ਼ ਖਾਣ ਲਈ ਅੰਨ ਵਾਸਤੇ ਦੂਸਰੇ ਦੇਸ਼ਾਂ ਅਗੇ ਹੱਥ ਅਡੇ, ਇਹ ਉਸਨੂੰ ਸੋਭਾ ਨਹੀਂ ਦਿੰਦਾ, ਇਹ ਗੈਰਤ ਵਾਲੀ ਗੱਲ ਨਹੀਂ ਹੈ। ਫੇਰ ਦੂਸਰੇ ਦੇਸ਼ ਮਦਦ ਭੀ ਕਿਹੜਾ ਐਵੇਂ ਕਰਦੇ ਹਨ, ਇਕ ਤਾਂ ਸਾਨੂੰ ਕਰੋੜਾਂ ਰੁਪਏ ਦਾ ਬਦੇਸ਼ੀ ਸਿੱਕਾ ਹਰ ਸਾਲ ਇਸਤਰਾਂ ਦੂਜੇ ਦੇਸ਼ਾਂ ਨੂੰ ਦੇਣਾ ਪੈਂਦਾ ਹੈ,ਅਤੇ ਦੂਸਰੇ ਕਈ ਕਿਸਮ ਦੀਆਂ ਗੈਰ-ਜ਼ਰੂਰੀ ਸ਼ਰਤਾਂ ਸਾਨੂੰ ਮਜ਼ਬੂਰੀ ਮੰਨਣੀਆਂ ਪੈਂਦੀਆਂ ਹਨ। ਫੇਰ ਆਮ ਤੌਰਤੇ ਅਨਾਜ ਭੀ ਦੂਜੇ ਦੇਸ਼ਾਂ ਵਲੋਂ ਏਡਾ ਘਟੀਆ ਸਪਲਾਈ ਕੀਤਾ ਜਾਂਦਾ ਹੈ ਕਿ ਜਿਸਨੂੰ ਖੁਸ਼ੀ ਨਾਲ ਕੋਈ ਭੀ ਖਾਣਾ ਪਸੰਦ ਨਹੀਂ ਕਰਦਾ। ਅਸਲ ਵਿਚ ਭਾਰਤ ਵਰਸ਼ ਦੀਆਂ ਲਗਭਗ ਸਾਰੀਆਂ ਅਹੁਰਾਂ ਦਾ ਕਾਰਨ ਇਕੋ ਈ ਹੈ ਕਿ ਅਸੀਂ ਗਊ ਦੀ ਮਹਾਨਤਾ ਨੂੰ ਸਮਝਿਆ ਈ ਨਹੀਂ, ਅਸੀਂ ਗਊ ਨੂੰ ਪੂਜਣ ਯੋਗ ਬੇਸ਼ਕ ਸਮਝਦੇ ਹਾਂ ਪਰ ਗਊ ਦੀ ਪਾਲਣਾ ਨਹੀਂ ਕਰਦੇ। ਸਾਡੇ ਦੇਸ਼ ਵਿਚ ਅਖੌਤੀ ਗਊ—ਭਗਤ ਤਾਂ ਬਥੇਰੇ ਹਨ ਪਰ ਅਸਲੀ ਗਊ-ਪਾਲ ਵਿਰਲੇ ਹਨ। ਜਿਸ ਦਿਨ ਭਾਰਤ ਗਊ ਦੀ ਮਹਾਨਤਾ ਨੂੰ ਸਮਝ ਕੇ ਉਸ ਉਤੇ ਸਹੀ ਲਫਜ਼ਾਂ ਵਿਚ ਅਮਲ ਭੀ ਕਰਨ ਲਗ ਪਿਆ, ਉਸ ਦਿਨ ਇਸਦੀਆਂ ਸਾਰੀਆਂ ਅਹੁਰਾਂ ਦਾ ਖਾਤਮਾ ਹੋ ਜਾਵੇਗਾ। ਗਊ ਦੇ ਨਾਮ ਤੇ ਕਈ ਪੁਲੀਟੀਕਲ ਪਾਰਟੀਆਂ ਸਰਬ ਦੇਸ਼ ਵਿਆਪੀ ਪਰ ਅਸਫਲ ਮੂਵਮੈਂਟਾਂ ਚਲਾਕੇ ਆਪਣੇ ਖੁਸ ਚੁਕੇ ਵਕਾਰ ਨੂੰ ਬਹਾਲ ਕਰਨ ਲਈ ਤਾਂ ਲੱਖਾਂ ਰੁਪਏ ਵਿਅਰਥ ਗਵਾ ਸਕਦੀਆਂ ਹਨ ਪਰ ਅਮਲੀ ਤੌਰਤੇ ਗਊ ਦੀ ਪਾਲਣਾ ਹਿਤ ਅਜਿਹੀਆਂ ਪਾਰਟੀਆਂ ਕੱਖ ਭੰਨਕੇ ਦੂਹਰਾ ਨਹੀਂ ਕਰ ਰਹੀਆਂ। ਇਹ ਸਟੰਟ ਖਤਮ ਹੋਣੇ ਚਾਹੀਦੇ ਹਨ ਇਸ ਕੰਮ ਲਈ ਕੋਈ ਨਿਗਰ ਅਤੇ ਸਫਲ ਕਦਮ ਪੁਟਣੇ ਚਾਹੀਦੇ ਹੈਨ।

ਗਊ ਦਾ ਦੁਧ ਤਾ ਭਲਾ ਹੈ ਈ ਅੰਮ੍ਰਿਤ, ਪਰ ਇਸਦਾ ਗੋਬਰ ਅਤੇ ਪੇਸ਼ਾਬ ਭੀ ਕਈ ਇਕ ਬੀਮਾਰੀਆਂ ਨੂੰ ਦੂਰ ਕਰਨ ਦੀ ਕੁਦਰਤ ਰਖਦੇ ਹਨ। ਅਜ ਕਲ ਪੱਛਮੀ ਤਹਿਜ਼ੀਬ ਦੇ ਅਸਰ ਹੇਠਾਂ ਆਏ ਭਾਵੇਂ ਬਹੁਤੇ ਘਰਾਂ ਦੇ ਰਸੋਈ ਘਰ ਦੇ ਚੁਲ੍ਹੇ ਚੌਂਕੇ ਪਕੇ ਸੀਮਿੰਟ ਨਾਲ ਬਣਨ ਲਗ ਪਏ ਹਨ ਪਰ ਅਜੇ ਭੀ ਬਥੇਰੇ ਘਰ ਅਜਿਹੇ ਹਨ ਜਿਥੇ ਸਵੇਰੇ ਉਠਕੇ ਘਰ ਦੀ ਸਵਾਣੀ ਗਾਂ ਦੇ ਗੋਬਰ ਨਾਲ ਚੁਲ੍ਹੇ—ਚੌਂਕੇ ਤੇ ਪੋਚਾ ਦੇਵੇਗੀ ਅਤੇ ਫੇਰ

Sri Satguru Jagjit Singh Ji Elibrary NamdhariElibrary@gmail.com

ਖਾਣ ਪਕਾਣ ਦਾ ਕੰਮ ਕਰੇਗੀ—ਦਸਿਆ ਜਾਂਦਾ ਹੈ ਕਿ ਗਾਂ ਦੇ ਗੋਬਰ ਵਿਚ ਅਜਿਹੇ ਕੀਟਾਣੂੰ ਹਨ ਜਿਨਾਂ ਦੀ ਇਸਤਰਾਂ ਰੋਜ ਦੀ ਸੁਵਰਤੋਂ ਸਦਕਾ ਤਪਦਿਕ ਆਦ ਬੀਮਾਰੀਆਂ ਤਕ ਦੇ ਜਰਾਸੀਮ ਖਤਮ ਹੋ ਜਾਂਦੇ ਹਨ ਅਤੇ ਅਜਿਹੇ ਘਰ ਕਈ ਭਿਆਨਕ ਬੀਮਾਰੀਆਂ ਤੋਂ ਬਚੇ ਰਹਿੰਦੇ ਹਨ। ਬਚਾ ਪੈਦਾ ਹੋਣ ਸਮੇ ਜੱਚਾ ਨੂੰ ਗਊ ਦਾ ਮੂਤਰ ਪਿਲਾਣ ਦਾ ਅਜੇ ਤਾਂਈ ਭੀ ਬਹੁਤੀ ਥਾਂਈਂ ਰਿਵਾਜ ਹੈ। ਨਵਾਂ ਪੋਚ ਇਸਦੀ ਵਰਤੋਂ ਤੋਂ ਭਾਵੇਂ ਨੱਕ ਮੂੰਹ ਚਾੜ੍ਹੇ, ਪਰ ਇਹ ਇਕ ਅਜਮਾਈ ਹੋਈ ਸਚਾਈ ਹੈ ਕਿ ਅਜਿਹੇ ਨਾਜ਼ਕ ਸਮੇ ਗਊ-ਪਿਸ਼ਾਬ ਦੀ ਚੁਲ੍ਹੀ ਜੱਚਾ ਨੂੰ ਕਈ ਇਕ ਕਿਸਮ ਦੇ ਹੋ ਸਕਣ ਵਾਲੇ ਰੋਗਾਂ ਤੋਂ ਬਚਾਓ ਕਰਦੀ ਹੈ।

ਅਜ ਕਲ ਖੇਤੀ-ਬਾੜੀ ਲਈ ਰਸਾਇਣਕ ਖਾਦਾਂ ਦੀ ਵਰਤੋਂ ਤੇ ਬਹੁਤ ਜੋਰ ਦਿਤਾ ਜਾਂਦਾ ਹੈ ਪਰ ਦੀਰਘ—ਦਰਿਸ਼ਟੀ ਨਾਲ ਵੀਚਾਰਕੇ ਦੇਖਿਆ ਜਾਇ ਤਾਂ ਜੋ ਲਾਭ ਗੋਬਰ ਦੀ ਖਾਦ ਵਿਚ ਦਿਸੇਗਾ ਉਹ ਦੂਸਰੀਆਂ ਤਿਆਰ ਕੀਤੀਆਂ ਰਸਾਇਣਕ ਖਾਦਾਂ ਵਿਚ ਨਹੀਂ ਹੈ। ਗੋਬਰ ਨੂੰ ਅਜੇ ਤਕ ਸਿਰਫ ਖਾਦ ਯਾ ਬਾਲਣ ਦੀ ਥਾਂ ਈ ਪਾਥੀਆਂ ਬਣਾਕੇ ਵਰਤਿਆ ਜਾਂਦਾ ਰਿਹਾ ਹੈ ਅਤੇ ਇਸ ਹਕੀਕਤ ਦਾ ਸ਼ਾਇਦ ਬਹੁਤ ਘਟ ਪਾਠਕਾਂ ਨੂੰ ਪਤਾ ਹੋਵੇਗਾ ਕਿ ਤਾਜੇ ਗੋਬਰ ਵਿਚ ਇਕ ਅਜਿਹੀ ਗੈਸ ਹੁੰਦੀ ਹੈ ਜਿਸਦੀ ਅਗਰ ਇਕ ਖਾਸ ਅਤੇ ਯੋਗ ਢੰਗ ਨਾਲ ਵਰਤੋਂ ਕੀਤੀ ਜਾਇ ਤਾਂ ਇਸ ਗੈਸ ਨਾਲ ਘਰ ਖਾਣਾ ਬਨਾਣ ਅਤੇ ਰੋਸ਼ਨੀ ਕਰਨ ਦਾ ਕੰਮ ਲਿਆ ਜਾ ਸਕਦਾ ਹੈ ਅਤੇ ਵਾਧਾ ਇਹ ਕਿ ਗੋਹੇ ਵਿਚੋਂ ਗੈਸ ਦੀ ਵਰਤੋਂ ਕਰਨ ਉਪਰੰਤ ਭੀ, ਗੋਹਾ ਮੁੜ ਸਾਰੇ ਦਾ ਸਾਰਾ ਖਾਦ ਦੇ ਕੰਮ ਆ ਜਾਂਦਾ ਹੈ। ਇਸ ਮਕਸਦ ਲਈ ਇਕ ਚਾਰ ਪੰਜ ਫੁਟ ਚੌੜੇ ਮੂੰਹ ਦਾ ਅਠ ਕੁ ਫੁਟ ਡੂੰਘਾ ਪੱਕਾ ਖੂਹ ਜਿਹਾ ਬਣਾਇਆ ਜਾਂਦਾ ਹੈ ਅਤ ਉਸਨੂੰ ਅੱਧ ਤਕ ਤਾਜ਼ੇ ਗੋਹੇ ਨਾਲ ਭਰਕੇ ਉਪਰ ਲੋਹੇ ਦਾ ਢੋਲ ਜਿਹਾ ਬਣਾਕੇ ਮੂਧੇ ਮੂੰਹ ਰਖ ਦਿਤਾਜਾਂਦਾਹੈ। ਗੋਹੇਦੇਂ ਸਾੜ ਵਿਚੋਂ ਗੈਸ ਉਠਦੀ ਹੈ ਜਿਸਨੂੰ ਗੋਹੇ ਉਪਰ ਪਏ ਡਰੰਮ ਦੇ ਨਾਲ ਲਗੀਆਂ ਨਾਲੀਆਂ ਰਾਹੀਂ ਬਾਹਰ ਕਢਕੇ ਯੋਗ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ। ਇਕ ਮਣ ਦੇ ਲਗਪਗ ਰੋਜ ਗੋਹਾ ਇਸ ਵਿਚ ਪੌਣ ਨਾਲ, ਚਾਰ ਪੰਜ ਜੀਆਂ ਦੇ ਟਬਰ ਦੇ ਖਾਣ ਪਕਾਣ ਜੋਗੀ ਗੈਸ ਇਸ ਵਿਚੋਂ ਮਿਲ ਸਕਦੀ ਹੈ ਇਹ ਇਕ ਵਖਰਾ ਮਜ਼ਮੂਨ ਹੈ ਅਤੇ ਏਥੇ ਮੈਂ ਇਸਦਾ ਨਾਮ ਮਾਤਰ ਜ਼ਿਕਰ ਇਸ ਕਰਕੇ ਕੀਤਾ ਹੈ ਤਾਂਕਿ ਜਿਹੜੇ ਲੋਕ ਇਹ ਕਹਿੰਦੇ ਹਨ ਕਿ ਦੁਧ—ਰਹਿਤ ਗਾਈਆਂ ਕਿਸ ਕੰਮ ਹਨ, ਉਨ੍ਹਾਂ ਨੂੰ ਇਸ ਗਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਗਾਂ ਦੇ ਗੋਬਰ ਵਿਚੋਂ, ਗਾਂ ਨੂੰ ਦਿਤੀ ਜਾਂਦੀ ਖੁਰਾਕ ਦੇ ਮੁਲ ਨਾਲੋਂ ਵਧ ਲਾਭ ਲਿਆ ਜਾ ਸਕਦਾ ਹੈ। ਬਸ਼ਰਤੇਕਿ ਅਸੀਂ ਇਹ ਲਾਭ ਲੈਣਾ ਚਾਹੀਏ ਅਤੇ ਸਾਨੂੰ ਇਹ ਲਾਭ ਲੈਣ ਦੀ ਜਾਚ ਹੋਵੇ। ਗੋਬਰ ਵਿਚੋਂ ਗੈਸ ਪੈਦਾ ਕਰਕੇ ਉਸ ਨਾਲ ਖਾਣਾ ਤਿਆਰ ਕਰਨਾ ਅਤੇ ਰੋਸ਼ਨੀ ਕਰਨ ਦਾ ਸਫਲ ਤਜਰਬਾ ਅਸੀਂ ਆਪ ਨੀਲੋਖੇੜੀ ਵਿਖੇ ਕਰ ਚੁਕੇ ਹਾਂ ਅਤੇ ਜਿਹੜਾ ਕਿ ਕਈ ਕਾਰਨਾ ਕਰਕੇ ਅਸੀਂ ਅਗੋਂ ਭਾਵੇਂ ਜਾਰੀ ਨਹੀਂ ਰਖ ਸਕੇ ਪਰ ਦੇਸ਼ ਦੇ ਕਈ ਇਕ ਦੂਸਰੇ ਥਾਈਂ ਇਹ ਗੈਸ ਤਜਰਬੇ ਅਜੇ ਭੀ ਜਾਰੀ ਹਨ। ਸਗੋਂ ਮੈਨੂੰ ਪਤਾ ਲਗਾ ਹੈ ਕਿ ਇਕ ਹੋਰ ਥਾਂ ਤੇ ਇਸਤਰਾਂ ਗੋਬਰ ਦੀ ਗੈਸ ਨਾਲ ਇੰਜਣ ਚਲਾਕੇ ਉਸਤੋਂ ਕਈ ਕੰਮ ਲਏ ਜਾਂਦੇ ਹਨ। ਪਰ ਇਹ ਸਾਰੇ ਲਾਭ ਅਸੀਂ ਤਦ ਈ ਲੈ ਸਕਦੇ ਹਾਂ ਜੇਕਰ ਦੇਸ਼ ਵਿਚੋਂ ਖਤਮ ਹੋ ਰਹੇ ਗਊ—ਧਨ ਦੀ ਰਖਵਾਲੀ ਦੇ ਯੋਗ ਪ੍ਰਬੰਧ ਕੀਤੇ ਜਾਣ।

ਦੇਸ਼ ਵਿਚੋਂ ਤੇਜੀ ਨਾਲ ਖਤਮ ਹੋ ਰਹੇ ਗਊ ਧਨ ਦੀ ਜੇਕਰ ਸਮੇਂ ਸਿਰ ਯੋਗ ਰੋਕ ਥਾਮ ਨਾ ਕੀਤੀ ਗਈ ਤਾਂ ਇਹ ਦੇਸ਼ ਲਈ ਇਕ ਬੜੀ ਬਦ-ਕਿਸਮਤੀ ਵਾਲੀ ਗਲ ਹੋਵੇਗੀ। ਗਊ-ਰਖਿਆ ਦੇ ਹਕ ਵਿਚ ਲੋਕ ਰਾਇ ਨੂੰ ਏਨਾਂ ਉਚਿਆਂ ਕਰਨਾ ਚਾਹੀਦਾ ਹੈ ਕਿ ਕੌਮੀ-ਸਰਕਾਰ ਗਊ-ਕਤਲ ਦੇ ਦੋਸ਼ ਨੂੰ, ਇਨਸਾਨੀ ਕਤਲ ਦੇ ਦੋਸ਼ ਦੇ ਬਰਾਬਰ

[redacted]ail.com

ਸਮਝਕੇ ਇਸ ਨੂੰ ਕਾਨੂੰਨੀ ਹਿਫਾਜਤ ਦੇਣ ਲਈ ਰਜਾਮੰਦ ਹੋ ਜਾਇ। ਗਊ ਨੂੰ ਮਾਤਾ ਕਹਿਣ ਵਾਲੇ ਭਾਰਤ ਵਾਸੀ ਪੁਤਰਾਂ ਲਈ ਅਜ ਇਮਤਿਹਾਨ ਦੀ ਘੜੀ ਹੈ, ਜਿਸ ਵਿਚੋਂ ਸੁਰਖਰੂ ਹੋਕੇ ਨਿਕਲਣਾ ਸਭ ਦਾ ਪਰਮ ਧਰਮ ਹੈ। ਅਜ ਦੇਸ਼ ਵਿਚ ਲੋਕਾਂ ਦੀ ਆਪਣੀ ਸਰਕਾਰ ਹੈ। ਕੋਈ ਭੀ ਲੋਕ-ਸਰਕਾਰ ਲੋਕ-ਰਾਇ ਨੂੰ ਬਹੁਤ ਸਮਾਂ ਅਖਾਂ ਤੋਂ ਉਹਲੇ ਨਹੀਂ ਕਰ ਸਕਦੀ, ਲੋੜ ਸਿਰਫ ਇਸ ਯੋਗ ਮੰਗ ਨੂੰ ਯੋਗ ਢੰਗ ਨਾਲ ਇਕ ਮੁਠ ਹੋਕੇ ਪੇਸ਼ ਕਰਨ ਦੀ ਹੈ। ਐਜੀਟੇਸ਼ਨਾ ਇਸ ਮਸਲੇ ਦਾ ਹਲ ਨਹੀਂ ਹੈ। ਨਾਲੇ ਬੇਲੋੜਾ ਸਮਾਂ ਅਤੇ ਧਨ ਨਸ਼ਟ ਹੁੰਦਾ ਹੈ ਅਤੇ ਮਸਲੇ ਦਾ ਹਲ ਸੁਲਝਣ ਦੀ ਥਾਂ ਹੋਰ ਬਹੁਤਾ ਉਲਝਕੇ ਰਹਿ ਜਾਂਦਾ ਹੈ। ਸਰਕਾਰ ਅਤੇ ਸਰਕਾਰੀ ਕਰਮਚਾਰੀ ਸਾਡੇ ਆਪਣੇ ਵਿਚੋਂ ਗਏ ਹੋਇ, ਸਾਡੇ ਆਪਣੇ ਚੁਣੇ ਹੋਇ ਪ੍ਰਤੀਨਿਧ ਹਨ, ਉਨ੍ਹਾਂ ਨਾਲ ਗਲ ਬਾਤ ਕਰਕੇ ਉਨ੍ਹਾਂ ਦੇ ਦਿਲ ਵਿਚ ਗਾਂ ਰੂਪੀ ਮਾਂ ਪਿਆਰ ਦੀ ਮਘ ਰਹੀ ਚਿਣਗ ਨੂੰ ਦਲੀਲ ਰੂਪੀ ਹਵਾ ਦੇਕੇ ਪਰਚੰਡ ਕਰਨ ਦੀ ਲੋੜ ਹੈ। ਪਰ ਸਰਕਾਰ ਦਾ ਇਸ ਪਖ ਵਲ ਧਿਆਨ ਖਿਚਣ ਤੋਂ ਪਹਿਲੋਂ ਅਮਲੀ ਤੌਰ ਤੇ ਜਨਤਕ–ਸਹਿਯੋਗ ਪ੍ਰਾਪਤ ਕਰਨ ਦੀ ਲੋੜ ਹੈ। ਗਊ-ਭਲਾਈ ਵਿਚ ਹੀ ਸਾਡੀ ਆਰਥਕ, ਰਾਜਨੀਤਕ ਅਤੇ ਹੋਰ ਸਮੂੰਹ ਪਰਕਾਰ ਦੀ ਦੇਸ਼-ਭਲਾਈ ਦੇ ਭੇਦ ਛੁਪੇ ਹੋਇ ਹਨ। ਗਊ ਦੀ ਕਲਿਆਣ ਤੋਂ ਬਿਨਾ ਦੇਸ਼ ਦੀ ਕਲਿਆਣ ਨਹੀਂ ਹੋ ਸਕਦੀ, ਭਾਰਤ ਵਰਗੇ ਧਰਮ-ਪ੍ਰਧਾਨ ਦੇਸ਼ ਦੇ ਵਾਸੀ ਜਿੰਨੀ ਛੇਤੀ ਇਸ ਨੁਕਤੇ ਨੂੰ ਸਮਝ ਲੈਣਗੇ, ਉਨਾ ਹੀ ਇਨ੍ਹਾਂ ਲਈ ਲਾਹੇ ਵੰਦਾ ਹੈ।

****

ਗਊ ਦਾ ਦੁਧ !

—ਸ੍ਰੀ ਹਜ਼ਾਰਾ ਸਿੰਘ ਜੀ ਪਿੰਡ ਭੰਗੂਰ

ਦੁਧ ਗਊ ਦਾ ਪੀਤਿਆਂ ਹੋਵੇ ਉਜਲ ਬੁਧ।
ਵਿਸ਼ੇ ਵਿਕਾਰੋਂ ਰੋਕ ਕੇ ਕਰੇ ਆਤਮਾ ਸੁਧ।
ਕਰੇ ਆਤਮਾ ਸੁਧ ਦੂਈ ਦੀ ਮੈਲ ਗਵਾਵੇ।
ਤਰਸ ਖਿਮਾ ਉਪਕਾਰ ਦਇਆ ਦਾ ਸਬਕ ਸਿਖਾਵੇ।
ਕਹੇ ਹਜ਼ਾਰਾ ਸਿੰਘ ਰੋਗ ਨਾ ਲਗੇ ਤੁਧ !
ਧਨ ਧੀਰਜ ਤੇ ਧਰਮ ਬਖਸ਼ਦਾ ਗਊ ਦਾ ਦੁਧ !
ਸਿਰ ਸਾਡੇ ਤੇ ਗਊ ਦੇ ਲਖਾਂ ਹਨ ਅਹਿਸਾਨ।
ਇਸਦੀ ਬਰਕਤ ਨਾਲ ਹੀ ਵਸੇ ਕੁਲ ਜਹਾਨ।
ਵਸੇ ਕੁਲ ਜਹਾਨ ਬਾਦਸ਼ਾਹ ਤੇ ਵਣਜਾਰਾ।
ਕਦੇ ਨਿਖੁਟੇ ਨਹੀਂ ਦੁਧ ਪੁਤ ਦਾ ਭੰਡਾਰਾ।
ਕਹੇ ਹਜ਼ਾਰਾ ਸਿੰਘ ਗਊਧਨ ਘਰ ਜਿਨਾਂ ਚਿਰ !
ਸੁਖ ਸੰਪਤਾ ਵਧੇ ਕਰਜ਼ ਨਾ ਪੈ ਸਾਡੇ ਸਿਰ !

Sri Satguru Jagjit Singh Ji Elibrary NamdhariElibrary@gmail.com

ਗਊ-ਸ਼ਲਾਵਾਂ ਅਤੇ ਗੋਸੰਵਰ

ਪਿਛਲੇ ੧੦੦ ਸਾਲਾਂ ਵਿਚ ਅਵਾਰਾਂ ਪਸ਼ੂਆਂ ਦੀ ਰਖਿਆ ਲਈ ਗਊ-ਸ਼ਾਲਾਵਾਂ ਨੇ ਆਪਣਾ ਧਰਮ ਚੰਗੀ ਤਰ੍ਹਾਂ ਨਿਭਾਇਆ ਹੈ। ਜਦੋਂ ਤਕ ਗਊਆਂ ਦੇ ਚਰਨ ਵਾਸਤੇ ਜ਼ਮੀਨ ਕਾਫੀ ਸੀ, ਆਮ ਤੌਰਤੇ ਵਡੇ ਸ਼ਹਿਰਾਂ ਵਿਚ ਜ਼ਿਆਦਾ ਅਬਾਦੀ ਨਹੀਂ ਸੀ, ਤਦੋਂ ਤਕ ਦੁਧ ਦੇਣ ਵਾਲੇ ਪਸ਼ੂਆਂ ਦਾ ਪਾਲਣ ਘਰਾਂ ਦੇ ਵਿਚ ਹੀ ਹੋ ਜਾਂਦਾ ਸੀ। ਗਊਆਂ ਦੇ ਚਰਨ ਦੀ ਭੂਮੀ ਦੀ ਕਮੀ ਹੋਣ ਦੇ ਕਾਰਨ ਅਵਾਰਾ ਪਸ਼ੂਆਂ ਦੀ ਸੰਖਿਆ ਵਧ ਗਈ। ਅਜ ਤੇ ਇਹ ਹਾਲਤ ਹੈ ਕਿ ਸਾਰੇ ਅਵਾਰਾ ਪਸ਼ੂਆਂ ਦੀ ਰਖਿਆ ਕਰਨਾ ਗਊ-ਸ਼ਾਲਾਵਾਂ ਦੇ ਵਸ ਵਿਚ ਨਹੀਂ ਹੈ। ਹੁਣ ਤੇ ਜ਼ਰੂਰਤ ਹੈ ਕਿ ਇਸ ਮਸਲੇ ਤੇ ਬੁਨਿਆਦੀ ਤਰੀਕੇ ਨਾਲ ਸੋਚਿਆ ਜਾਵੇ ਤੇ ਬੇਕਾਰ ਪਸ਼ੂਆਂ ਦਾ ਉਤਪਾਦਨ ਗੋ-ਸੰਵਿਧਾਨ ਜਾਂ ਕੰਟਰੋਲ ਬ੍ਰੀਡਿੰਗ ਜਿਹੇ ਅਧਿਐਨ-ਪੂਰਨ ਤਰੀਕਿਆਂ ਦਾ ਸਹਾਰਾ

ਲੈਕੇ ਰੋਕਿ
ਪਸ਼ੂ ਵਧਾਏ
ਦੌੜ ਵਿਚ ੲ
ਗਊ-ਸ
ਹਥਾਂ ਨਾਲ
ਬਹੁਤੀਆਂ ਰ
ਤੇ ਜਾਇਦਾਦ
ਮੰਡੀਆਂ ਵਿ
ਚਾਲੂ ਹੈ, ਜਿ
ਦਨੀ ਦਾ ਜ਼ਿ
ਦੇ ਮਨਾਂ 'ਚ
ਪਿਆ ਹੈ
ਅਤੇ ਸਹਾਇ
ਜਾਂਦੀ ਹੈ: -
ਹੁੰਦਾ ਹੈ ?
ਬਹੁਤ ਜ਼ਿਆ
ਵਨਾ ਘੱਟ
ਪ੍ਰਾਪਤ ਹੁੰਦ

Sri Satguru Jagjit Sin[redacted]mail.com

ਉਪਯੋਗ ਕਰਨ ਦਾ ਤਰੀਕਾ ਲੱਭਣਾ ਚਾਹੀਦਾ ਹੈ ।

ਗਊ ਪਾਲਨ ਅਤੇ ਖ਼ੇਤੀ ਦਾ ਸਬੰਧ ਅਭਿਨ ਹੈ। ਖੇਤੀ ਤੋਂ ਗਊ ਨੂੰ ਖ਼ੁਰਾਕ ਮਿਲਦੀ ਹੈ। ਅਤੇ ਗਊ ਤੋਂ ਖੇਤੀ ਨੂੰ ਖਾਦ ਮਿਲਦੀ ਹੈ, ਜੁਤਾਈ ਹੁੰਦੀ ਹੈ। ਇਸ ਤਰ੍ਹਾਂ ਦੋਵੇਂ ਇਕ ਦੂਜੇ ਨੂੰ ਪਾਲਣ ਵਾਲੇ ਹਨ। ਇਹ ਜ਼ਰੂਰੀ ਹੈ ਕਿ ਜਿਥੇ ਖੇਤੀ ਹੋਵੇ ਓਥੇ ਗਊ ਰਵੇ ਅਤੇ ਜਿਥੇ ਗਊ ਨੂੰ ਰਖਣਾ ਹੋਵੇ ਓਥੇ ਖੇਤੀ ਜ਼ਰੂਰੀ ਹੋਵੇ। ਇਸ ਗਲ ਨਾਲ ਗਊ-ਸ਼ਲਾਵਾਂ ਦੇ ਕੋਲ ਖੇਤੀ ਦੀ ਅਤੇ ਗਊਆਂ ਦੇ ਚਰਨ ਦੀ ਜ਼ਮੀਨ ਹੋਣੀ ਜ਼ਰੂਰੀ ਹੈ। ਇਸੇ ਤਰਾਂ ਜਿਨ੍ਹਾਂ ਕ੍ਰਿਸਾਨਾਂ ਦੇ ਕੋਲ ਜ਼ਮੀਨ ਹੈ, ਜੇ ਉਹਨਾਂ ਕਿਰਸਾਨਾਂ ਤੋਂ ਗਊ ਪਾਲਣ ਦਾ ਕੰਮ ਕਰਾਇਆ ਜਾਵੇ ਤਾਂ ਇਹ ਬਹੁਤ ਹੀ ਜ਼ਿਆਦਾ ਸਫਲ ਹੋਵੇ ਗਾ ।

ਗਊ-ਸ਼ਲਾਵਾਂ ਆਪ ਹੀ ਬਹੁਤ ਵਡੀ ਸੰਖਿਆ ਵਿਚ ਕੰਮ ਨਹੀਂ ਕਰ ਸਕਦੀਆਂ ਹਨ। ਉਹ ਕੰਮ ਤਾਂ ਗਊ-ਪਾਲਨ ਅਤੇ ਕਿਰਸਾਨ ਹੀ ਕਰ ਸਕਣ ਗੇ ਇਸਲਈ ਇਹ ਜ਼ਰੂਰੀ ਹੈ ਕਿ ਗਊ ਸ਼ਲਾਵਾਂ ਨੂੰ ਆਪਣੇ ਕੰਮ ਦਾ ਖੇਤਰ ਵਧਾਉਣਾ ਚਾਹੀਦਾ ਹੈ, ਯਾਨੀ ਕਿ ਗਊ ਸ਼ਲਾਵਾਂ ਦੇ ਨਾਲ ਨਾਲ ਗਊ ਪਾਲਕਾਂ ਵਿਚ ਵੀ ਆਪਣੇ ਕੰਮ ਦਾ ਦਾਇਰਾ ਵਧਾਉਣਾ ਚਾਹੀਦਾ ਹੈ। ਗਊ-ਪਾਲਕਾਂ ਨਾਲ ਸਬੰਧ ਰਖਣ ਦਾ ਇਕ ਤਰੀਕਾ ਹੈ ਅਤੇ ਕਿਰ-ਸਾਨਾਂ ਨਾਲ ਸਬੰਧ ਰਖਣ ਦਾ ਦੂਸਰਾ ਤਰੀਕਾ ਹੈ। ਗਊ-ਪਾਲਕ ਉਸਨੂੰ ਆਖਦੇ ਹਨ ਜਿਸ ਦਾ ਮੁਖ ਧੰਧਾ ਗਊ-ਪਾਲਨ ਦਾ ਹੋਵੇ ਅਤੇ ਖੇਤੀ ਮਦਦ ਵਾਸਤੇ । ਕਿਰਸਾਨ ਉਸਨੂੰ ਆਖਦੇ ਹਨ ਜਿਸ ਦਾ ਮੁਖ ਧੰਧਾ ਖੇਤੀ ਹੋਵੇ ਤੇ ਨਾਲ ਦੋ-ਚਾਰ ਗਊਆਂ ਵੀ ਰਖਦਾ ਹੋਵੇ।

ਸਧਾਰਨ ਤੌਰ ਤੇ ਗਊ-ਸ਼ਲਾਵਾਂ ਸ਼ਹਿਰਾਂ ਵਿਚ ਹੀ ਚੱਲ ਰਹੀਆਂ ਹਨ । ਬਹੁਤੀਆਂ ਗਊ-ਸ਼ਲਾਵਾਂ ਜ਼ਿਲਾ ਜਾਂ ਤਸੀਲ ਦੇ ਕੇਂਦਰ ਤੇ ਚਲਦੀਆਂ ਹਨ। ਇਹੋ ਜਿਹੀਆਂ ਥਾਵਾਂ ਤੇ ਗਊ ਭੰਡਾਰ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਯਾਨੀ ਕਿ ਗਊ ਪਾਲਕਾਂ ਦੇ ਘਰਾਂ ਚੋਂ ਦੁਧ ਖਰੀਦਿਆ ਜਾਵੇ। ਉਹ ਅਤੇ ਗਊ-ਸ਼ਾਲਾ ਦਾ ਦੁਧ ਸ਼ਹਿਰ ਦੇ ਭੰਡਾਰ ਵਿਚ ਵੇਚਿਆ ਜਾਵੇ। ਇਸਨੂੰ ਗਊ ਰਸ ਭੰਡਾਰ ਕਹਿੰਦੇ ਹਨ। ਸ਼ੁਰੂ ਤੋਂ ਤੇ ਗਊ-ਪਾਲਕਾਂ ਤੋਂ ਖਰਾ ਦੁਧ ਲੈਣ ਦੇ ਵਿਚ ਬਹੁਤ ਮੁਸ਼ਕਲ ਹੁੰਦੀ ਹੈ ਪਰ ਸ਼ਹਿਰਾਂ ਤੋਂ ਜਿੰਨੀ ਦੂਰੀ ਤੋਂ ਦੁਧ ਲਿਆ ਜਾਵੇਗਾ ਉਨਾ ਹੀ ਮਿਲਾਵਟ ਦਾ ਡਰ ਘਟ ਹੁੰਦਾ ਜਾਵੇ ਗਾ। ਇਸ ਤਰ੍ਹਾਂ ਦਾ ਕੰਮ ਸਾਲ, ਦੋ ਸਾਲ ਦੇ ਵਿਚ ਬਿਨਾਂ ਘਾਟੇ ਚਲ ਸਕਦਾ ਹੈ । ਗਊ ਪਾਲਕਾਂ ਨੂੰ ਉਹਨਾਂ ਦੇ ਘਰ ਤੇ ਮਝ ਦੇ ਦੁਧ ਦੇ ਬਰਾਬਰ ਪੈਸੇ ਮਿਲ ਜਾਂਦੇ ਹਨ। ਤੇ ਉਹਨਾਂ ਦੀ ਗਊ ਪਾਲਨ ਦੀ ਰੁਚੀ ਵਧ ਜਾਂਦੀ ਹੈ। ਇਸ ਤਰੀਕੇ ਦਾ ਪਿਛਲੇ ਚਾਰ, ਪੰਜ ਸਾਲਾਂ ਤੋਂ ਰਾਜਸਥਾਨ ਵਿਚ ਅਨੁਭਵ ਕੀਤਾ ਗਿਆ। ਜਿਹੜਾ ਕਿ ਬਹੁਤ ਹੀ ਆਸ਼ਾ ਜਨਕ ਰਿਹਾ ।

ਕਿਰਸਾਨਾਂ ਨਾਲ ਸੰਬੰਧ ਸਥਾਪਤ ਕਰਨ ਦਾ ਦੂਸਰਾ ਤਰੀਕਾ ਹੈ। ਉਹ ਇਹ ਹੈ ਕਿ ਚੰਗੇ ਸ੍ਥਾਨ ਤੇ ਚੰਗੀਆਂ

Sri Satguru Jagjit Singh Ji Elibrary NamdhariElibrary@gmail.com

ਵਛੀਆਂ ਪੈਦਾ ਕਰਨ ਵਾਸਤੇ ਉਹਨਾਂ ਨੂੰ ਉਤਸ਼ਾਹਤ ਕੀਤੀ ਜਾਵੇ। ਸਾਹਨ ਪੈਦਾ ਕਰਨ ਦਾ ਕੰਮ ਕਿਸੇ ਹਦ ਤਕ ਗਊ ਸ਼ਾਲਾਵਾਂ ਆਪ ਹੀ ਕਰ ਸਕਦੀਆਂ ਹਨ ਪਰ ਪੂਰੀ ਤਰਾਂ ਤਾਂ ਕੰਮ ਕਿਰਸਾਨਾਂ ਰਾਹੀਂ ਹੀ ਹੋਵੇਗਾ। ਉਸ ਸਾਰੇ ਇਲਾਕੇ ਦੇ ਵੱਛੇ ਵੱਛੀਆਂ ਦੀ ਇਕ ਪਰਦਰਸ਼ਨੀ ਕੀਤੀ ਜਾਵੇ ਅਤੇ ਉਹਨਾਂ ਵਿਚੋਂ ਜਿੰਨੇ ਵੀ ਵੱਛੇ ਵੱਛੀਆਂ ਚੰਗੇ ਆਉਣ, ਉਹਨਾਂ ਨੂੰ ਇਨਾਮ ਦਿਤੇ ਜਾਣ। ਆਮ ਤੌਰ ਤੇ ਇਕ ਗਊ ਨੂੰ ਤਿਆਰ ਕਰਨ ਵਿਚ ਸਾਢੇ ਤਿੰਨ ਸਾਲ ਵਿਚ ਘਟ ਤੋਂ ਘਟ ਸਤ ਜਾਂ ਸਾਢੇ ਸਤ ਸੌ ਰੂਪੈ ਦਾ ਖਰਚ ਆਉਣਾ ਚਾਹੀਦਾ ਹੈ। ਪੰਜ ਸੌ ਰੁਪੈ ਤਕ ਤਾਂ ਉਸ ਗਾਂ ਦੀ ਕੀਮਤ ਮਿਲ ਸਕਦੀ ਹੈ, ਜੇ ਇਹ ਮੰਨੀਏ ਤਾਂ ਉਸ ਗਾਂ ਨੂੰ ਤਿੰਨ ਸਾਲ ਦੇ ਵਿਚ ਦੋ ਜਾਂ ਢਾਈ ਸੌ ਰੁਪਈਆਂ ਦੀ ਮਦਦ ਪਹੁੰਚਉਣੀ ਜ਼ਰੂਰੀ ਹੈ। ਏਨਾ ਹੋਣ ਨਾਲ ਕਿਰਸਾਨਾਂ ਵਿਚ ਚੰਗੀਆਂ ਗਾਵਾਂ ਤਿਆਰ ਕਰਨਦੀ ਪਰ-ਵਿਰਤੀ ਵਧੇਗੀ। ਜੇ ਇਹ ਕੰਮ ਗਊ ਸ਼ਾਲਾਵਾਂ ਕਰਨਗੀਆਂ ਤਾਂ ਇਹ ਦੂਣ ਖਰਚੇ ਦੇ ਵਿਚ ਵੀ ਨਹੀਂ ਪੂਰਾ ਹੋਵੇਗਾ।

ਉਤੇ ਲਿਖੀਆਂ ਸਾਰਿਆਂ ਗਲਾਂ ਤੇ ਵਿਚਾਰ ਕਰਨ ਤੋਂ ਯਾਦ ਮੈਂ ਇਹ ਸੁਝਾਅ ਰਖਦਾ ਹਾਂ:—'ਗਊ ਸ਼ਾਲਵਾਂ ਨੂੰ ਦਾਨ ਨਾਲ ਜਾਂ ਲਾਗ ਬਾਗ ਨਾਲ ਵੀ ਆਮਦਨੀ ਹੋਵੇ ਉਸ ਵਿਚੋਂ ਪੰਜਾਹ ਫੀਸਦੀ ਲੂਲ੍ਹੇ ਲੰਗੜੇ ਅਤੇ ਬੁਢੇ ਸੇਵਾ ਵਿਭਾਗ ਦੇ ਪਸ਼ੂਆਂ ਲਈ ਰਖੀ ਜਾਵੇ। ਅਧੀ ਆਮਦਨੀ ਗੋਸੰ-ਵਰਧਨ ਦੇ ਕੰਮ ਲਈ ਰ੍ਹਵੇ ਇਸ ਅਧੀ ਵਿਚੋਂ ਅਧੀ ਗਊ—ਸ਼ਾਲਾ ਆਪਣੇ ਵਾਸਤੇ ਖਰਚ ਕਰੇ ਅਤੇ ਅਧੀ ਗਊ ਪਾਲਕਾਂ ਜਾਂ ਕਿਰਸਾਨਾਂ ਦੇ ਰਾਹੀਂ ਗਊ ਸੰਵਰਧਨ ਕਰਾ-ਉਣ ਵਿਚ ਲਾਵੇ ਯਾਨੀ ਕੇ ਆਮਦਨੀ ਦਾ ਪੰਜਾਹ ਫੀਸਦੀ ਸੇਵਾ ਵਿਭਾਗ ੨੪—੨੫ ਫੀਸਦੀ ਗਊ ਸ਼ਾਲਾ ਵਿਚ ਸੰਵਰਧਨ ਵਿਭਾਗ ਅਤੇ ਪੰਜੀ ਫੀਸਦੀ ਕਿਰਸਾਨ ਜਾਂ ਗਊ ਪਾਲਕਾਂ ਰਾਹੀਂ ਸੰਵਰਧਨ ਕਰਵਾਉਣ ਲਈ ਉਹਨਾਂ ਲੋਕਾਂ ਨੂੰ ਇਨਾਮਾਂ ਦੇ ਰੂਪ ਵਿਚ ਦਿਤਾ ਜਾਵੇ ਇਹ ਇਕ ਸੁਝਾਓ ਆਪਦੇ ਸਾਹਮਣੇ ਪ੍ਰਸਤੁਤ ਹੈ। ਖਰਚੇ ਦਾ ਪਰਣਾਮ ਆਪਣੀ ਆਪਣੀ ਸਥਿਤੀ ਦੇ ਅਨੁਸਾਰ ਘਟ ਵਧ ਵੀ ਕੀਤਾ ਜਾ ਸਕਦਾ ਹੈ।

ਮੁਖ ਗਲ ਇਹ ਸੋਚਣ ਦੀ ਹੈ ਕਿ ਕੀ ਗੋ-ਸ਼ਲਾਵਾਂ ਆਪਣਾ ਕੰਮ ਕਰਨ ਦਾ ਖੇਤ੍ਰ ਗਊ—ਪਾਲਕਾਂ ਜਾਂ ਕਿਰਸਾਨਾਂ ਵਿਚ ਵਧਾਉਣਾ ਚਾਹੁੰਦੀ ਹੈ। ਪਰਤਖ ਅਨੁਭਵ ਨਾਲ ਇਹਵੇਖਣ ਵਿਚ ਆਇਆ ਹੈ ਕਿ ਜਿੰਨੇ ਖਰਚੇ ਵਿਚ ਗਊ-ਸ਼ਲਾਵਾਂ ਆਪਣੇ ਆਪ ਗੋਸੰਵਰਧਨ ਦਾ ਕੰਮ ਕਰੌਨਗੀਆਂ; ਉਨੇ ਖਰਚੇ ਵਿਚ ਕਿਰਸਾਨਾਂ ਅਤੇ ਗਊ ਪਾਲਕਾਂ ਰਾਹੀਂ ਦੂਣਾ ਕੰਮ ਕਰਾ ਸਕਣ-ਗੀਆਂ।

library@gmail.com

ਭਾਰਤੀ ਜੀਵਨ ਵਿਚ ਗਊ ਦੀ ਮਹਾਨਤਾ

ਸ੍ਰੀ ਸਵਰਨ ਸਿੰਘ ਜੀ 'ਵਿਰਕ'

ਸ੍ਰੀ ਸਵਰਨ ਸਿੰਘ ਜੀ ਵਿਰਕ ਨਾਮਧਾਰੀ ਪੰਥ ਦਾ ਹੋਣ ਹਾਰ ਨੌਜਵਾਨ ਹੈ। ਇਸਨੂੰ ਗੁਰੂ ਘਰ ਨਾਲ ਸਰਧਾ ਪਿਆਰ ਵਿਰਸੇ ਚੋਂ ਮਿਲਿਆ ਹੈ। ਨਾਮਧਾਰੀ ਇਤਿਹਾਸ ਦੀ ਖੋਜ ਤੇ ਅਨ ਲਿਖਤੀ ਕਥਾਵਾਂ ਇਹਨਾਂ ਨੂੰ ਆਪਣੇ ਪਿਤਾ ਜੀ ਪਾਸੋਂ ਕਾਫੀ ਪ੍ਰਾਪਤ ਹੋਈਆਂ ਹਨ ਇਸ ਵੇਲੇ ਸਿਰਸਾਂ ਨੈਸ਼ਨਲ ਕਾਲਜ ਵਿਚ ਪੜ੍ਹਾਈ ਸਾਧਨਾ ਲਈ ਤਪਸਵੀ ਦੇ ਰੂਪ ਵਿਚ ਜੁਟੇ ਹੋਏ ਹਨ। ਕਾਲਜੀਏਟ ਸਾਥੀਆਂ ਤੇ ਉਸਤਾਦ ਸਾਹਿਬਾਂ ਵਿਚ ਇਹਨਾਂ ਦੇ ਗੁਣਾਂ ਦੀ ਕਾਫੀ ਕਦਰ ਹੈ। ਉਮੀਦ ਹੈ ਇਹਨਾਂ ਦੀ ਮੇਹਨਤ ਲਗਨ ਮੰਜ਼ਲ ਦੀ ਸਿਖਰ ਨੂੰ ਛੂਹ ਲਵੇਗੀ। 'ਸਾਂਜਨ'

ਕਦੇ ਸਮਾਂ ਸੀ ਜਦੋਂ ਆਰੀਆ ਦੇ ਦੇਸ਼, ਹਿੰਦੁਸਤਾਨ ਜਾਂ ਭਾਰਤ ਵਰਸ਼ ਨੂੰ 'ਸੋਨ-ਚਿੜੀ' ਆਖਿਆ ਜਾਂਦਾ ਸੀ। ਪਰ ਸਮੇ ਦੀ ਰਫਤਾਰ ਨੇ ਇਕ ਪਲਟਾ ਖਾਧਾ ਤਾਂ ਉਹੋ ਦੇਸ 'ਮੰਗਤਿਆਂ ਦਾ ਦੇਸ਼' ਬਣਕੇ ਰਹਿ ਗਿਆ। ਕੀ ਉਹ ਮੁਲਕ 'ਮੰਗਤਾ' ਅਖਵਾਂਉਣ ਵਿਚ ਸ਼ਰਮ ਮਹਿਸੂਸ ਕਰੇਗਾ, ਜਿਹਦੇ ਆਗੂ ਨਿਤ ਨਵੇ ਸੂਰਜ ਬਦੇਸ਼ਾਂ ਵਲ, ਕਿਸੇ "ਸਖੀ ਸਰਵਰ ਦੀ ਖੈਰ" ਦੀਆਂ ਟਾਹਰਾਂ ਲਾਉਂਦੇ ਫਿਰਦੇ ਹਨ, ਰੋਟੀ ਲਈ ਗਜਾ ਕਰਦੇ ਫਿਰਦੇ ਹਨ। ਕਿਸੇ ਸਮੇ ਸਾਡੀ ਹਾਲਤ ਇਹੋ ਜਹੀ ਨਹੀਂ ਸੀ। ਸਗੋਂ ਅਸੀਂ ਆਪਣੇ ਆਪ ਵਿਚ ਇਕ ਖਾਂਦੇ ਪੀਂਦੇ ਮੁਲਕ ਦੇ ਬਸ਼ਿੰਦੇ ਸਾਂ। ਏਥੇ ਦੁਧ ਘਿਓ ਦੀਆਂ ਨਹਿਰਾਂ ਵਗਦੀਆਂ ਸਨ। ਅਨਾਜਾਂ ਦੇ ਗੁਦਾਮ ਭਰੇ ਰਹਿੰਦੇ ਸਨ। ਬੰਗਾਲ, ਬਿਹਾਰ ਤੇ ਹੋਰਨਾਂ ਸੂਬਿਆਂ ਵਿਚ ਪਏ ਕਾਲਾਂ ਨੇ ਇਹ ਸਿਧ ਕਰ ਦਿਤਾ ਹੈ ਕਿ ਭਾਰਤ ਦੀ ਖੁਰਾਕ ਸਮਸਿਆ ਇਸ ਤਰੀਕੇ ਹੱਲ ਨਹੀਂ ਹੋ ਸਕਦੀ, ਜਿਸ ਤਰੀਕੇ ਸਾਡੀ 'ਸਿਆਣੀ ਸਰਕਾਰ' ਕਰਨਾ ਚਾਹੁੰਦੀ ਹੈ। ਕੀ ਵਜ੍ਹਾ ਹੈ ਕਿ ਅਜ ਅਸੀਂ ਰੋਟੀ ਤੋਂ ਵੀ ਆਤਰ ਹਾਂ? ਕੀ ਕਾਰਨ ਹੈ ਕਿ ਅਜ ਘਰ ਘਰ ਵਿਚ 'ਡਾਲਡਾ ਪ੍ਰਧਾਨ' ਹੈ? ਇਸ ਸਭਦਾ ਜੁਆਬ ਹੈ: 'ਗਊ-ਹਤਿਆ' ਜਦੋਂ ਇਸੇ ਦੇਸ਼ ਵਿਚ 'ਗਊ-ਰਖਿਆ' ਦਾ ਨਾਹਰਾ ਲਾਇਆ ਜਾਂਦਾ ਸੀ, ਓਦੋਂ ਇਹੋ ਦੇਸ਼ ਹਰ ਪਖੋ ਉਨਤੀ ਦੀ ਚੋਟੀ ਸੀ ਤੇ ਜਦੋਂ ਇਸੇ ਦੇਸ਼ ਦੇ 'ਚਾਨਣ ਮੁਨਾਰਿਆਂ' ਨੇ 'ਗਊ-ਹਤਿਆ' ਦੀ ਨੀਤੀ ਵਰਤੀ

Sri Satguru Jagjit Singh Ji Elibrary NamdhariElibrary@gmail.com

ਲਖਨਊ ਵਿਖੇ ਸਨ ੧੯੫੦ ਵਿਚ ਸਰਬ ਹਿੰਦ ਪਸ਼ੂ ਪ੍ਰਦਰਸ਼ਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਨੇ ਜੇਤੂ ਪਸ਼ੂਆਂ ਨਾਲ ।



,,ਨੌ ਲੱਖੀ'' ਸ੍ਰੀ ਸਤਿਗੁਰੂ ਪ੍ਰਤਪ ਸਿੰਘ ਜੀ ਦੇ ਘਰ ਪੈਦਾ ਹੋਈ ਸਾਹੀਵਾਲ ਨਸਲ ਦੀ ਗਊ ਜਿਸਨੇ ੩੦੦ ਦਿਨ ੧੪੧੫੦ ਪਾਊਂਡ ੧ ਦਿਨ ਵਿਚ ਵਧ ਤੋਂ ਵਧ ੭੪ ੩/੪ ਪਾਊਂਡ ਅਤੇ ਸਾਰੇ ਸੂਏ ਵਿਚ ੨੪ ੧/੪ ਪਾਊਂਡ ਰੋਜ਼ਾਨਾ ਔਸਤ ਦੁਧ ਦਿਤਾ । ਇਕ ਦਿਨ ਵਿਚ ੨ ਸੇਰ ਮਖਣ ਅਤੇ ੧ ਸੇਰ ੧੦ ਛਟਾਂਕ ਘਿਉ ਵੀ ਇਸ ਨੇ ਦਿਤਾ



''ਹੁਕਮੀ'' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਪੈਦਾ ਕੀਤੀ ਹੋਈ ਉਹ ਗਊ ਜਿਸ ਨੇ ਸੁੰਦਰਤਾ ਵਿਚ ਅਤੇ ਦੁਧ ਦੇਣ ਵਿਚ ਭਾਰੀ ਸੋਭਾ ਪ੍ਰਾਪਤ ਕੀਤੀ। ਉਤਰੀ-ਖੇਤਰ ਪਸ਼ੂ ਪ੍ਰਦਰਸ਼ਨੀ ਵਿਚ ਸਰਵੋਤਮ ਪਸ਼ੂ ਹੋਣ ਕਾਰਨ ੧੦੦੦ ਰੁਪੈ ਨਕਦ ਅਤੇ ੫ ਕੱਪ ਇਨਾਮ ਵਿਚ ਜਿਤੇ। ੩੦੬ ਦਿਨਾਂ ਵਿਚ ੯੫੦੨ ਪਾਊਂਡ ਦੁਧ ਅਤੇ ਸਾਰੇ ਸੂਏ ਵਿਚ ੧੬ ਪਾਊਂਡ ਰੋਜ਼ਾਨਾਂ ਔਸਤ ਦੁਧ ਦਿਤਾ।

ਤਾਂ ਇਸੇ ਦੇਸ਼ ਦਾ ਬੇੜਾ ਤਬਾਹ ਹੋ ਗਿਆ। ਜਿਸ ਬਾਰੇ ਜਿਆਦਾ ਵਿਸਥਾਰ ਵਿਚ ਜਾਣ ਦੀ ਲੋੜ ਮੈਂ ਮਹਿਸੂਸ ਨਹੀਂ ਕਰਦਾ, ਪ੍ਰਤਖ ਨੂੰ ਪ੍ਰਮਾਣ ਕੀ?

ਸਵਾਲ ਪੈਦਾ ਹੁੰਦਾ ਹੈ ਕਿ ਗਊ ਨੂੰ ਹੀ ਏਨੀ ਮਹਾਨਤਾ ਹਾਸਲ ਕਿਉਂ ਹੈ? ਕਿਸੇ ਹੋਰ ਪਸ਼ੂ ਨੂੰ ਵੀ ਤਾਂ ਇੰਜ ਸਤਿਕਾਰਿਆ ਜਾ ਸਕਦਾ ਸੀ। ਇਸਦੇ ਵੀ ਕੁਝ ਖਾਸ ਕਾਰਨ ਹਨ ਜੋ ਹੇਠਾਂ ਮੈਂ ਵਖੋ ਵਖਰੇ ਪੱਖਾਂ ਤੋਂ ਲੈਂਦਾ ਹਾਂ।

੧. ਧਾਰਮਕ ਮਹਾਨਤਾ। ੨. ਆਰਥਿਕ ਮਹਾਨਤਾ। ੩. ਵੈਦਿਕ ਮਹਾਨਤਾ ਹੈ:

ਸ਼ਾਸਤਰਾਂ ਵਿਚ ਲਿਖਿਆ ਹੈਕਿ ਗਊ ਦੇਸਰੀਰਵਿਚ ੩੩ ਕਰੋੜ ਦੇਵਤੇ ਨਿਵਾਸ ਕਰਦੇ ਹਨ। ਇਕ ਗਊ ਦੀ ਸੇਵਾ ਕੀਤਿਆਂ ੩੩ ਕਰੋੜ ਦੇਵਤਿਆਂ ਦੀ ਸੇਵਾ ਹੋ ਜਾਂਦੀ ਹੈ। ਇਹ ਸਭ ਗਊ ਦੇ ਮਹਾਨ ਉਪਕਾਰਾਂ ਦੇ ਸਦਕਾ ਹੀ ਹੈ ਜੋ ਰੁਸਨੂੰ ਏਡੀ ਵਡੀ ਮਹਾਨਤਾ ਸਾਡੇ ਬਜ਼ੁਰਗਾਂ ਨੇ ਦਿਤੀ। ਰਾਜੇ ਦਲੀਪ ਦੇ ਘਰ ਪੁਤਰ ਨਹੀਂ ਸੀ ਹੁੰਦਾ। ਉਹਨੂੰ ਰਿਖੀਆਂ ਨੇ ਕਿਹਾ ਕਿ ਤੂੰ ਇਕ ਗਊ ਦੀ ਸੇਵਾ ਕਰ। ਉਹਨੂੰ ਇਕ 'ਕਾਮਧੇਨ ਗਊ' ਸੌਂਪ ਦਿਤੀ ਗਈ। ਰਾਜਾ ਉਹਨੂੰ ਲੈਕੇ ਜੰਗਲ ਵਿਚ ਚਲਾ ਗਿਆ। ਬੜੀ ਸੇਵਾ ਕਰਿਆ ਕਰੇ। ਇਕ ਦਿਨ ਅਕਾਲ ਪੁਰਖ ਨੇ ਉਹਦੀ ਪ੍ਰੀਖਿਆ ਲਈ ਮਾਯਾ ਦਾ ਇਕ ਸ਼ੇਰ ਬਣਾਕੇ, ਉਸ ਦੁਆਰਾ ਗਊ ਤੇ ਹਮਲਾ ਕਰਵਾ ਦਿਤਾ। ਦਲੀਪ ਨੇ ਸਾਰੇ ਸ਼ਸ਼ਤਰਾਂ ਦਾ ਪ੍ਰਯੋਗ ਕੀਤਾ ਪਰ ਉਹ ਸ਼ੇਰ ਦੇ ਟਾਕਰੇ ਤੇ ਨਿਰਾਰਥਕ ਸਿਧ ਹੋਏ। ਅਖੀਰ ਉਹ ਸ਼ੇਰ ਦੇ ਸਾਹਮਣੇ ਹਥਿਆਰ ਸੁਟਕੇ ਕਹਿਣ ਲਗਾ: "ਐ ਜੰਗਲ ਦੇ ਰਾਜੇ। ਤੂੰ ਮੈਨੂੰ ਖਾਕੇ ਆਪਣੀ ਭੁਖ ਮਿਟਾ ਲੈ, ਪਰ ਇਸ ਗਊ ਨੂੰ ਜਾਣ ਦੇ।" ਐਨਾਂ ਕਹਿਣ ਦੀ ਦੇਰ ਸੀ ਕਿ ਉਹ ਸਾਰੀ ਮਾਯਾ ਅਲੋਪ ਹੋ ਗਈ। ਭਗਵਾਨ ਨੇ ਖੁਸ਼ ਹੋਕੇ ਕਿਹਾ ਤੇਰੀ ਗਊ ਭਗਤੀ ਪੂਰਨ ਹੋਈ ਤੇ ਫਿਰ ਉਸੇ ਦਲੀਪ ਦੇ ਘਰ ਪੁਤਰ ਜਨਮਿਆ ਸੀ ਗਾਂ ਦੀ ਰਖਿਆ ਲਈ ਆਪਣੇ ਪ੍ਰਾਣਾਂ ਦਾ ਤਿਆਗ ਕਰ ਦੇਣਾ,ਕੋਈ ਮਾਮੂਲੀ ਗੱਲ ਨਹੀਂ ਹੈ।

ਭਗਵਾਨ ਰਾਮਚੰਦਰ ਨੇ ਜਦੋਂ ਕਿਸੇ ਸਮੇ ਪੰਡਤਾਂ ਨੂੰ ਦਾਨ ਦਿਤਾ ਸੀ ਤਾਂ ਉਹ ਗਊਆਂਦੇ ਰੂਪ ਵਿਚ ਹੀ ਸੀ। ਕਿਉਂ ਜੋ ਰੁਪੈ ਪੈਸੇ ਆਦਿ ਦੇ ਰੂਪ ਵਿਚ ਦਿਤਾ, ਦਾਨ ਤਾਂ ਛੇਤੀ ਖਤਮ ਹੋ ਸਕਦਾ ਹੈ ਗਊ ਦੇ ਰੂਪ ਵਿਚ ਦਿਤਾ ਦਾਨ ਚਿਰ ਸਥਾਈ ਹੁੰਦਾ ਹੈ ਤੇ ਪੀੜ੍ਹੀਆਂ ਤਕ ਇਕੋ ਗਊ ਦੀਆਂ ਨਸਲਾਂ ਤੁਰੀਆਂ ਜਾਂਦੀਆਂ ਹਨ।

ਭਗਵਾਨ ਕ੍ਰਿਸ਼ਨ ਦਾ ਗਊ ਪ੍ਰਤੀ ਪ੍ਰੇਮ ਕਿਸ ਹਿੰਦੁਸਤਾਨੀ ਨੂੰ ਭੁਲਿਆ ਹੋਇਆ ਹੈ।ਗਊਆਂ ਦੀ ਰਖਿਆ ਕਰਨ ਕਾਰਨ ਹੀ ਉਹਨਾਂ ਨੂੰ 'ਗੋਪਾਲ' ਕਿਹਾ ਜਾਂਦਾ ਹੈ।ਜੇ ਗਊ ਦੇ ਵਿਚ ਕੋਈ ਵਿਲੱਖਣਤਾ ਨਾ ਹੁੰਦੀ ਤਾਂ ਪੁਰਾਤਨ ਰਿਸ਼ੀ ਮੁਨੀ ਇਸਨੂੰ ਆਪਣੇ ਆਸ਼੍ਰਮਾਂ ਵਿਚ ਨਾ ਰਖਦੇ ਜਿਸਦਾ ਸਬੂਤ ਪੁਰਾਤਨ ਗ੍ਰੰਥਾਂ ਵਿਚੋਂ ਮਿਲਦਾ ਹੈ। ਉਹਨਾਂ ਵਿਚ ਕਿਤੇ ਵੀ ਇਸ ਗੱਲ ਦਾ ਜ਼ਿਕਰ ਨਹੀਂ ਆਉਂਦਾ ਹੈ ਕਿ ਫਲਾਣੇ ਰਿਸ਼ੀ ਕੋਲ ਐਨੀਆਂ ਮੱਝਾਂ ਸਨ ਸਗੋਂ ਗਊਆਂ ਦੀ ਸੰਖਿਆ ਦਾ ਹੀ ਜ਼ਿਕਰ ਆਉਂਦਾ ਹੈ।

ਗਊ ਨੂੰ ਮਾਤਾ ਕਿਹਾ ਜਾਂਦਾ ਹੈ। ਕਈ ਸਜਣ ਇਸ ਗੱਲ ਤੇ ਹਾਸਾ ਠੱਠਾ ਸ਼ੁਰੂ ਕਰ ਦੇਂਦੇ ਹਨ ਕਿ ਯਾਰ ਗਾਂ ਸਾਡੀ ਮਾਂ ਕਿਸ ਤਰ੍ਹਾਂ ਹੋਈ। ਬਾਲ ਅਵਸਥਾ ਵਿਚ ਜਦ ਮਾਂ ਦਾ ਦੁਧ ਘਟਦਾ ਜਾਂਦਾ ਹੈ ਤਾਂ ਉਸ ਵਜ੍ਹਾ ਕਾਰਨ ਬਚੇ ਦੀ ਭੁਖ ਵਧਦੀ ਜਾਂਦੀ ਹੈ ਤੇ ਸਿਰਫ ਮਾਂ ਦਾ ਦੁਧ ਪੀਣ ਨਾਲ ਹੀ ਉਹਦਾ ਖਾਲੀ ਪੇਟ ਭਰਦਾ ਨਹੀਂ।ਜਿਥੋਂ ਤਕ ਅਨਾਜ ਦਾ ਸਬੰਧ ਹੈ ਉਹ ਅਜੇ ਦੰਦਾਂ ਦੀ ਦਾਤ ਨਾ ਮਿਲਣ ਕਾਰਨ ਖਾਧਾ ਨਹੀਂ ਜਾ ਸਕਦਾ ਤੇ ਫਿਰ ਬਚੇ ਦੇ ਜੀਵਨ ਲਈ ਲੋੜੀਂਦੀ ਸ਼ੈ ਰਹਿ ਜਾਂਦੀ ਹੈ, ਗਾਂ ਦਾ ਦੁਧ। ਮੱਝ ਦਾ ਦੁਧ ਭਾਰਾ ਹੁੰਦਾ ਹੈ ਤੇ ਛੇਤੀ ਹਜ਼ਮ ਨਹੀਂ ਹੁੰਦਾ ਪਰ ਗਊ ਦਾ ਦੁਧ ਇਹ ਘਾਟ ਪੂਰੀ ਕਰ ਦੇਂਦਾ ਹੈ। ਸੋ ਜਿਸ ਗਊ ਦਾ ਦੁਧ ਬਚਪਨ ਵਿਚ ਪੀਂਦੇ ਹਾਂ, ਉਹ ਗਊ ਸਾਡੀ ਮਾਤਾ ਦਾ ਦਰਜਾ ਕਿਉਂ ਨਹੀਂ ਲੈ ਸਕਦੀ ਜੋ ਮਾਤਾ ਸਮਾਨ ਪਾਲਣਾ ਕਰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਗਊ ਭਾਰਤ ਦੇ ਧਾਰਮਕ ਜੀਵਨ ਦਾ ਇਕ ਅਨਿਖੜਵਾਂ ਅੰਗ ਬਣ ਚੁਕੀ ਹੈ। ਪੁਰਾਤਨ ਹਿੰਦੂ ਵਿਆਹ ਸਮੇ 'ਕੰਨਿਆ-ਦਾਨ' ਦੇ ਨਾਲ 'ਗਊ—ਦਾਨ' ਵੀ ਅਤੀ ਜ਼ਰੂਰੀ ਸਮਝਿਆ ਕਰਦੇ ਸਨ। ਇਕ ਮਰ ਰਹੇ ਹਿੰਦੂ ਦੇ ਦਿਲ ਵਿਚ ਵੀ ਇਹ ਖਾਹਿਸ਼ ਰਹਿੰਦੀ ਸੀ ਕਿ ਉਹ ਇਕ ਗਊ ਕਿਸੇ ਨੂੰ ਦਾਨ ਕਰ ਦੇਵੇ। ਹਿੰਦੂਆਂ ਅਤੇ ਮੁਸਲਮਾਨਾਂ ਦੇ ਜੰਗਾਂ ਵਿਚ ਗਊ ਭਗਤ ਹਿੰਦੂਆਂ ਨੇ ਹਾਰ ਕਬੂਲ ਲਈ ਪਰ ਗਊ ਦੀ ਧਾਰਮਕ ਮਹੱਤਤਾ ਨੂੰ ਧੱਬਾ ਨਹੀਂ ਲਗਣ ਦਿਤਾ। ਸੋਮਨਾਥ ਦੇ ਵਿਸ਼ਾਲ ਮੰਦਰ ਦੀ ਲੁਟ ਦਾ ਕਾਰਨ ਸਿਰਫ 'ਗਊ-ਭਗਤ' ਹੀ ਸੀ। ਮੁਸਲਮਾਨਾ ਦੀਆਂ ਫੌਜਾਂ ਦੇ ਅਗੇ ਵਿਸ਼ਾਲ ਗਊਆਂ ਦੇ ਝੁੰਡ ਸਨ ਤੇ ਮਗਰ ਮਗਰ ਉਹ ਆ ਰਹੇ ਸਨ। ਹਿੰਦੂ ਯੋਧਿਆ ਨੇ ਸ਼ਸਤਰ ਤਾਂ ਹੀ ਨਾਂ ਵਰਤੇ ਕਿ ਗਊ ਮਾਤਾ ਨੂੰ ਵਜਣਗੇ, ਭਾਵੇਂ ਉਹਨਾਂ ਦੀ ਸਦੀਆਂ ਦੀ ਇਕਠੀ ਕੀਤੀ ਧਨ ਸੰਪਤੀ ਤੇ ਉਹ ਹੂੰਝਾ ਫੇਰ ਗਏ। ਸਿਵਾਣਾ (ਰਾਜਸਥਾਨ) ਦੇ ਕਿਲੇ ਤੇ ਅਲਾਉਦੀਨ ਖਿਲਜੀ ਸੱਤ ਵਰ੍ਹੇ ਘੇਰਾ ਪਾਈ ਬੈਠਾ ਰਿਹਾ ਪਰ ਜਿਤ ਉਸਤੋਂ ਕੋਹਾਂ ਦੂਰ ਰਹੀ। ਅਖੀਰ ਉਹਨੇ ਕਿਲੇ ਦੀ ਪਾਣੀ ਪੀਣ ਵਾਲੀ ਜਗ੍ਹਾ ਡਿੱਘੀ, ਛੱਪੜ ਵਗ਼ੈਰਾ 'ਚ ਗਾਈਆਂ ਦੇ ਅੰਗ ਤੇ ਤੇ ਲਹੂ ਸੁਟਾ ਦਿਤਾ। ਬਹਾਦਰ ਸੂਰਬੀਰਾਂ ਨੇ ਉਹ ਪਾਣੀ ਨਹੀਂ ਪੀਤਾ, ਸਗੋਂ ਇਸਤਰੀਆਂ ਨੇ 'ਜੌਹਰ' ਦੀ ਰਸਮ ਅਦਾ ਕੀਤੀ ਤੇ ਮਰਦਾਂ ਨੇ ਕੇਸਰੀ ਬਾਣੇ ਪਾਕੇ ਕਿਲੇ ਦਾ ਬੂਹਾ ਖੋਹਲ ਦਿਤਾ ਤੇ ਰਣ ਵਿਚ ਖੇਤ ਹੋ ਗਏ। ਭਾਰਤ ਦੇ ਉਤਰਾਰਧ ਦੇ ਇਤਿਹਾਸ ਵਿਚੋਂ ਅਜਿਹੀਆਂ ਅਨੇਕਾਂ ਉਦਾ-ਹਰਣਾ ਇਕਤਰ ਕੀਤੀਆਂ ਜਾ ਸਕਦੀਆਂ ਹਨ।

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਨੇ ਰਾਵੀ ਵਿਚ ਟੁਭੀ ਲਾਕੇ ਪੰਜ ਭੌਤਕ ਸਰੀਰ ਤਿਆਗ ਦੇਣਾ ਚੰਗਾ ਸਮਝਿਆ ਸੀ ਨਿਸਬਤ ਗਊ ਦੇ ਕੱਚੇ ਚਮੜੇ ਵਿਚ ਮੜ੍ਹੀਚ ਕੇ ਆਪਣਾ ਪੈਤ੍ਰਿਕ ਧਰਮ ਤਿਆਗਣਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗਊ—ਘਾਤਕਾਂ ਦਾ ਸਫਾਇਆ ਕਰਨ ਤੇ ਤੁਲੇ ਹੋਏ ਸਨ। ਹਜ਼ੂਰ ਦਾ ਮੁਖ ਵਾਕ ਏ :

"ਯਹੀ ਆਸ ਪੂਰਨ ਕਰੋ ਤੁਮ ਹਮਾਰੀ।
ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।"

ਗਊ ਭਗਤੀ ਦੀ ਅਦੁਤੀ ਮਿਸਾਲ ਕਾਇਮ ਕੀਤੀ ਸੀ ਉਹਨਾਂ ਦੇਸ਼ ਭਗਤ ਕੂਕਿਆਂ ਨੇ ਜਿਹਨਾਂ ਸ੍ਰੀ ਅੰਮ੍ਰਿਤਸਰ, ਰਾਮਬਾਗ ਵਾਲੇ ਬੋਹੜ ਨਾਲ ਫਾਂਸੀ ਦੇ ਰਸੇ ਗਲੀਂ ਪਾਕੇ ਹਸਦਿਆਂ ਹਸਦਿਆਂ ਝੂਟੇ ਲਏ ਸਨ। ਜਿਨਾਂ ਰਾਇਕੋਟ ਵਿਚ ਇਸ ਨਾਸਵਾਨ ਸਰੀਰ ਨੂੰ ਗਊ ਲੇਖੇ ਲਾਕੇ ਅਮਰ ਕਰ ਦਿਤਾ ਸੀ। ਜਿਨਾਂ ਲੁਧਿਆਣੇ ਦੇ ਕਿਲੇ ਵਿਚ ਮੌਤ ਦੀ ਰੱਸੀ ਗਲ ਪਾਈ ਸੀ ਤੇ ਜਿਨਾਂ ਮਲੇਰ ਕੋਟਲੇ ਦੇ ਖੂਨੀ ਰੱਕੜ ਵਿਚ, ਅੱਗ ਉਗਲਦੀਆਂ ਤੋਪਾਂ ਦੇ ਸੌਹਵੇਂ ਬਜਰ ਛਾਤੀਆਂ ਡਾਹੀਆਂ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਤਾਂ ਆਏ ਹੀ ਗਊ—ਗਰੀਬ ਦੀ ਰਖਿਆ ਕਰਨ ਸਨ। ਸੰਤ ਧਿਆਨ ਸਿੰਘ ਜੀ 'ਕਾਦਰਾਬਾਦ' ਦੇ ਸਤਿਗੁਰੂ ਬਿਲਾਸ ਵਿਚੋਂ ਹੇਠਲਾ ਸਵੈਯਾ ਹੀ ਵੰਨਗੀ ਮਾਤ੍ਰ ਕਾਫੀ ਏ :

"ਸੀਸ ਦੀਯੋ ਅਰ ਸੀ ਨਾ ਕਰੀ ਜਿਨ,
ਸਿਖਨ ਤਾਹਿ ਕੋ ਮੈ ਬਲਿਹਾਰੀ।
ਗੋ–ਹਿਤ ਗੋ ਇਤਨੀ ਸਹਿ ਕਰ ਜਿਨ,
ਬੁਚੜ ਮਾਰ ਕੇ ਧੇਨ ਉਭਾਰੀ।
ਤੇ ਸਿਖ ਵਾ ਗੁਰ ਕੇਹਰ ਰਾਮ ਕੋ,
ਧਿਆਨ ਮਰਗਿੰਦ ਕਰੋਰ ਜੁਹਾਰੀ।
ਗੋਇ ਗਰੀਬਨ ਪਾਲਨ ਕੇ ਹਿਤ,
ਰਾਮ ਮਰਗਿੰਦ ਆਯੋ ਤਨ ਧਾਰੀ।"

ਸ੍ਰੀ ਗੁਰੂ ਜੀ ਨੇ ਪ੍ਰਦੇਸ ਵਿਚੋਂ ਹੁਕਮਨਾਮੇ ਲਿਖਕੇ ਭੇਜੇ, ਗਊਆਂ ਤੇ ਹੁੰਦੇ ਅਤਿਆਚਾਰਾਂ ਦਾ ਵਰਣਨ ਕਰਦਿਆਂ ਹੋਇਆ ਦੂਰ ਦਰਸ਼ੀ ਗ੍ਰੀਬ ਨਿਵਾਜ਼ ਜੀ ਨੇ ਭਾਂਪ ਲਿਆ ਸੀ ਕਿ ਗਊ ਬੰਸ ਦਾ ਖਾਤਮਾ ਹਿੰਦੁਸਤਾਨ ਦਾ ਖਾਤਮਾ ਸਾਬਤ ਹੋਵੇਗਾ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਅੰਗ-

Sri Satguru Jagjit Singh Ji Elibrary NamdhariElibrary@gmail.com

ਹੀਨ ਤੇ ਅਵਾਰਾ ਤੁਰੀਆਂ ਫਿਰਦੀਆਂ ਗਊਆਂ ਨੂੰ ਬੁਚੜਖਾਨਿਆਂ ਵਿਚ ਜਾਣ ਤੋਂ ਬਚਾਉਣ ਲਈ ਹੀ ਤਾਂ ਸਰਹਿੰਦ ਵਾਲੀ ਨਹਿਰ ਦੇ ਕਿਨਾਰੇ ਡੇਰਾ ਅਸਥਾਪਨ ਕੀਤਾ ਸੀ, ਜਿਥੇ ਚੰਗਾ ਘਾਹ ਤੇ ਨਿਰਮਲ ਜਲ ਮਿਲਣ ਕਾਰਨ ਸੈਂਕੜੇ ਗਊਆਂ ਦੀ ਪਾਲਣਾ ਹੁੰਦੀ ਸੀ। ਬਾਬਾ ਸੁੰਦਰ ਸਿੰਘ ਜੀ,ਬਾਬਾ ਵੀਰ ਸਿੰਘ ਜੀ 'ਜਹਾਨ'।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗਊ ਪਾਲਣ ਦੇ ਪਿਤਾ-ਪੁਰਖੀ ਵਿਰਸੇ ਨੂੰ ਛਡਿਆ ਨਹੀਂ ਸਗੋਂ ਇਹਨੂੰ ਹੋਰ ਵਧਾਇਆ। ਚੰਗੇਰੀ ਨਸਲ ਦੀਆਂ ਗਊਆਂ ਪਾਲਕੇ ਉਹਨਾਂ ਇਕ ਰੀਕਾਰਡ ਕਾਇਮ ਕਰ ਦਿਤਾ। ਪਟਿਆਲੇ ਦੇ ਇਕ ਬਜਾਰ ਵਿਚ ਸ੍ਰ: ਅਮਰ ਸਿੰਘ ਜੀ ਐਮ. ਏ. ਨਾਮੀ ਇਕ ਸਜਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਿਲਿਆ ਤੇ ਆਖਣ ਲਗਾ : "ਤੁਸੀਂ ਗਊ ਰਖਿਆ ਤੇ ਜੋਰ ਦਿੰਦੇ ਹੋ ਪਰ ਭਾਰਤ ਵਿਚ ਅਗੇ ਹੀ ਬੜੇ ਲੋਕ ਭੁਖੇ ਮਰ ਰਹੇ ਹਨ। ਉਹਨਾਂ ਦੀ ਜ਼ਿੰਦਗੀ ਨਾਲੋਂ ਗਾਂ ਦੀ ਜ਼ਿੰਦਗੀ ਕੀਮਤੀ ਹੈ ਜੋ ਅਵਾਰਾ ਗਊਆਂ ਨੂੰ ਬੁਚੜਖਾਨਿਆਂ ਦੀ ਥਾਂ ਦਾਣਾ ਪੱਠਾ ਪਾਇਆ ਜਾਏ।" ਸ੍ਰੀ ਹਜ਼ੂਰ ਨੇ ਫੁਰਮਾਯਾ ਕਿ ਭਾਰਤ ਵਾਸੀ ਭੁਖੇ ਤਾਂ ਹੀ ਮਰ ਰਹੇ ਹਨ ਜੇ ਗਊ ਭੁਖੀ ਮਰ ਰਹੀ ਹੈ ਤਾਂ। ਜੇ ਗਊ ਨੂੰ ਬਚਾਇਆ ਜਾਵੇ ਤਾਂ ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਕੋਈ ਵਜ੍ਹਾ ਨਹੀਂ ਭਾਰਤ ਵਿਚ ਭੁਖ ਨੰਗ ਰਹੇ।

ਮਹਾਤਮਾਂ ਗਾਂਧੀ ਜੀ ਦੀ **ਆਤਮ–ਕਥਾ** ਪੜ੍ਹਕੇ ਵੇਖੋ! ਉਹਨਾਂ ਗਾਂ ਦਾ ਦੁਧ ਪੀਣਾ ਸਿਰਫ ਇਸੇ ਲਈ ਤਿਆਗਿਆ ਸੀ ਕਿ ਦੇਸ਼ ਵਿਚ ਗਊ ਦਾ ਤਿਰਸਕਾਰ ਕੀਤਾ ਜਾ ਰਿਹਾ ਹੈ। ਉਹਦੇ ਗਲ ਤੇ ਛੁਰੀ ਲਟਕੀ ਹੋਈ ਹੈ। ਇਸੇ ਗਊ ਨੂੰ ਉਹਨਾਂ ਇਕ ਵੇਰ ਦਯਾ ਦੀ ਮੂਰਤੀ ਆਖਿਆ ਸੀ। ਉਹਨਾਂ ਫਰਵਰੀ ੧੯੪੨ ਵਿਚ ਇਕ ਲੇਖ 'ਚ ਲਿਖਿਆ ਸੀ, ਅਜ ਤਾਂ ਗਾਂ ਮੌਤ ਦੇ ਕੰਢੇ ਖੜੀ ਹੈ ਤੇ ਮੈਨੂੰ ਵੀ ਇਹ ਯਕੀਨ ਨਹੀਂ ਕਿ ਸਾਡੇ ਯਤਨ ਅਖੀਰੀ ਇਹਨੂੰ ਬਚਾ ਸਕਣਗੇ। ਪਰ ਇਹ ਖਤਮ ਹੋ ਗਈ ਤਾਂ ਉਹਦੇ ਨਾਲ ਹੀ ਅਸੀਂ ਵੀ ਅਰਥਾਤ ਸਾਡੀ ਸਭਿਅਤਾ ਤੇ ਸੰਸਕ੍ਰਿਤੀ ਵੀ ਨਾਸ ਹੋ ਜਾਏਗੀ।

(੨) ਆਰਥਕ ਮਹਾਨਤਾ—ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਏਥੇ ੮੦ ਫੀਸਦੀ ਲੋਕ ਖੇਤੀ ਬਾੜੀ ਤੇ ਨਿਰਭਰ ਹਨ। ਤੇ ਜਿਆਦਾ ਕਿਸਾਨ ਖੇਤੀ ਕਰਨ ਵਾਸਤੇ ਬੈਲਾਂ ਤੇ ਨਿਰਭਰ ਹਨ। ਮਸ਼ੀਨੀ ਸੰਦ ਜਿਹਾ ਕਿ ਟਰੈਕਟਰ ਆਦਿ ਭਾਰਤ ਜਹੇ ਦੇਸ਼ ਵਿਚ ਕਾਮਯਾਬ ਨਹੀਂ ਹੋ ਸੱਕਦੇ ਉਹ ਦੇਸ ਵਿਚ ਜਿਥੇ ਕਿ ਲੋਕਾਂ ਦੀ ਮਾਲਕੀ ਆਮ ਤੌਰ ਤੇ ਥੋਹੜੀ ਹੈ ਉਹ ਟਰੈਕਟਰ ਦਾ ਮੁਲ ਤਾਰ ਕੇ ਉਹ ਨੂੰ ਖਰੀਦਣ ਦੀ ਸਮਰਥਾ ਵੀ ਨਹੀਂ ਰਖਦੇ ਤੇ ਫਿਰ ਇਕ ਛੋਟੇ ਰਕਬੇ ਲਈ ਟਰੈਕਟਰ ਦੀ ਵਰਤੋਂ ਦੀ ਲੋੜ ਕੁਝ ਦਿਨ ਹੀ ਪੈਂਦੀ ਹੈ ਬਾਅਦ ਵਿਚ ਤਾਂ ਉਹ ਕੇਵਲ ਘਰ ਦੀ ਸਜਾਵਟ ਬਣਕੇ ਰਹਿ ਜਾਂਦਾ ਹੈ। ਸੋ ਨਤੀਜਾ ਇਹ ਨਿਕਲਿਆ ਕਿ ਭਾਰਤੀ ਕਿਰਸਾਨ ਗਊ ਦਿਆਂ ਜਾਇਆਂ ਤੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ। ਗੁਰੂ ਰਾਮ ਸਿੰਘ ਜੀ ਦੇ ਕਹੇ ਹੋਏ ਬਚਨ ਅਜ ਜਿਉਂ ਦੇ ਤਿਉਂ ਪੂਰੇ ਹੋ ਰਹੇ ਹਨ। ਉਨਾਂ ਕਿਹਾ ਸੀ ਕਿ ਗਾਂਈਂ ਤਾਂ ਬਿਲੇ ਖਾਇ ਜਾਣਗੇ ਦੇਸ਼ ਵਿਚ ਕਾਲ ਪੈ ਜਾਵੇਗਾ। ਕਾਲ ਤਾਂ ਪੈਣਾਂ ਹੀ ਸੀ ਜਦ ਗਾਂਈਆਂ ਨਾ ਰਹੀਆਂ ਤਾਂ ਬਲਦ ਕਿਥੋਂ ਆਉਣਗੇ ਤੇ ਬਲਦਾਂ ਤੋਂ ਬਿਨਾ ਅਨਾਜ ਦੀ ਸੰਭਾਵਨਾ ਹੀ ਨਹੀਂ ਕੀਤੀ ਜਾ ਸਕਦੀ। ਸੋ ਪਹਿਲਾਂ ਤਾਂ ਫਰੰਗੀਆਂ ਨੇ ਗਊਆਂ ਖਾਧੀਆਂ ਤੇ ਹੁਣ ਵੀਹ ਵਰੇ ਹੋ ਗਏ ਨੇ 'ਰਾਮ ਰਾਜ' ਦੇ ਨਾਹਰੇ ਬਲੰਦ ਕਰਨ ਵਾਲੇ ਕਾਂਗਰਸੀਆਂ ਨੂੰ ਗਊਆਂ ਮਰਵਾਂਦਿਆਂ ਨੂੰ ਫਲ, ਸਰੂਪ ਦੇਸ਼ ਕਾਲ ਦੀ ਭਿਆਨਕ ਪਕੜ ਵਿਚ ਆ ਗਿਆਂ ਹੈ।

ਬਦੇਸ਼ ਤੋਂ ਦੁਧ ਦੇ ਪਾਊਡਰ ਦੇ ਡਬੇ ਆਉਂਦੇ ਹਨ ਉਹ ਸਾਡੇ ਬਚਿਆਂ ਨੂੰ ਮੁਫਤ ਪੀਣ ਲਈ ਭੇਜਦੇ ਹਨ। ਪਰ ਸਾਨੂੰ ਉਹਨਾਂ ਦਾ ਅਹਿ-

Sri Satguru Jagjit Singh Ji Elibrary NamdhariElibrary@gmail.com

ਸਾਨ ਕਬੂਲਣ ਲਗਿਆਂ ਸ਼ਰਮ ਆਉਣੀ ਚਾਹੀਦੀ ਹੈ ਕਿ ਅਸੀਂ ਆਪਣੀਆਂ ਗਊਆਂ ਦੀ ਯੋਗ ਸੇਵਾ ਕਰੀਏ ਤੇ ਉਹਨਾ ਦੀ ਨਸਲ ਵਧਾਕੇ ਚੰਗਾ ਦੁਧ ਪ੍ਰਾਪਤ ਕਰਕੇ ਮੁੜ ਇਸ ਦੇਸ ਵਿਚ ਦੁਧ ਘਿਓ ਦੀਆਂ ਨਦੀਆਂ ਵਗਾ ਦੇਈਏ। ਸਰਕਾਰ ਅੰਨ ਸਮਸਿਆ ਹਲ ਕਰਨ ਲਈ ਰੋਜ ਢੋਰੂ ਖੜਕਾਉਂਦੀ ਹੈ ਪਰ ਅੰਨ ਸਮਸਿਆ ਦੂਰ ਆਪੇ ਹੋ ਜਾਵੇਗੀ ਜੇ ਬੁਚੜਖਾਨੇ ਬੰਦ ਹੋ ਜਾਣ ਤਾਂ। ਦੁਧ ਘਿਓ ਦੀ ਤਰਾਵਤ ਰਹੇ ਤਾਂ ਆਦਮੀ ਥੋੜੀ ਰੋਟੀ ਨਾਲ ਹੀ ਗੁਜਾਰਾ ਕਰ ਲੈਂਦਾ ਹੈ ਸਾਂਦਲਬਾਰ ਵਿਚ ਸਾਡੇ ਵਡੇਰੇ ਕਣਕਾ ਨਹੀਂ ਬੀਜਦੇ ਸਨ ਸਗੋਂ ਮਝਾਂ ਗਾਂਈ ਹੀ ਚਾਰਦੇ ਸਨ ਤੇ ਇੰਜ ਦੁਧ ਪੀਕੇ ਤੇ ਜੰਗਲਾਂ ਦੇ ਫਲ ਫੁਲ ਖਾਕੇ ਹੀ ਉਹ ਬੜੀਆਂ ਲੰਮੀਆਂ ਉਮਰਾਂ ਭੋਗਿਆ ਕਰਦੇ ਸਨ। ਪਰ ਪਤਾ ਨਹੀਂ ਹਿੰਦ ਸਰਕਾਰ ਅੰਨ ਸਮਸਿਆ ਹਲ ਕਰਨ ਲਈ ਮਾਸ ਅੰਡੇ ਆਦਿ ਦੀ ਵਰਤੋਂ ਤੇ ਜੋਰ ਕਿਉਂ ਦੇ ਰਹੀ ਹੈ ਨਿਸਬਤ ਦੁਧ ਦੀ ਵਰਤੋਂ ਦੇ, ਜਦ ਕਿ ਆਚਾਰੀਆ ਵਿਨੋਬਾ ਭਾਵੇਂ ਜੀ ਲਿਖਦੇ ਹਨ— 'ਮਨੁਖੀ ਸਭਿਅਤਾ ਵਿਚ ਮਾਸਾਹਾਰ ਦਾ ਸਥਾਨ ਕਦੇ ਭੀ ਮਾਨਯੋਗ ਨਹੀਂ ਰਿਹਾ'।

'ਭਾਰਤੀ ਅਰਥ ਸ਼ਾਸਤਰ ਵਿਚ ਪਸ਼ੂ' (ਅੰਗਰੇਜ਼ੀ) ਪੁਸਤਕ ਵਿਚ ਦਸਿਆ ਹੈ ਕਿ ਗਊ ਦੇ ਪੁਤਰਾਂ ਦੁਆਰਾ ਜੋ ਸ਼ਕਤੀ ਕਿਸਾਨ ਨੂੰ ਹਲ ਵਾਹੁਣ ਵਿਚ ਮਿਲਦੀ ਹੈ ਉਹ ਬਿਜਲੀ ਦੇ ੪੦ ਅਰਬ ਕਿਲੋ ਵਾਟ ਦੇ ਬਰਾਬਰ ਹੁੰਦੀ ਹੈ ਤੇ ਬਾਲਣ ਦੇ ਰੂਪ ਵਿਚ ੨੨ ਅਰਬ ਗੈਲਨ ਡੀਜ਼ਲ ਤੇਲ ਦੇ ਬਰਾਬਰ ਹੁੰਦੀ ਹੈ ਜਿਸਦਾ ਮੁਲ ੪੮੫ ਕਰੋੜ ਰੁਪੇ ਸਲਾਨਾ ਹੁੰਦਾ ਹੈ। ਇਸ ਤੋਂ ਇਲਾਵਾ ਜੇ ਉਹ ਦੀ ਖਾਦ ਦੀ ਪੂਰੀ ਵਰਤੋਂ ਕੀਤੀ ਜਾਏ ਤਾਂ ਸਿੰਦਰੀ ਜਹੇ ੯ ਕਾਰਖਾਨਿਆਂ ਦੇ ਬਰਾਬਰ ਹੋਵੇਗਾ। ਦੇਸ਼ ਨੂੰ ਇਸੇ ਜੀਵ ਤੇ ੫੫ ਫੀਸਦੀ ਦੁਧ ਲਈ ਨਿਰਭਰ ਹੋਣਾ ਪੈਂਦਾ ਹੈ। ਸੋ ਤੁਸੀਂ ਵੇਖ ਸਕਦੇ ਹੋ ਕਿ ਸਾਡੇ ਅਰਥ ਚਾਰੇ ਵਿਚ ਗਊ ਦੀ ਕਿਨੀ ਮਹਾ—ਨਤਾ ਹੈ।

ਵੈਦਿਕ ਮਹਾਨਤਾ—ਆਯੁਰ-ਵੇਦ ਦੇ ਗਰੰਥ 'ਸਾਸ਼ਰੁਤ-ਸੰਹਿਤਾ ਦੇ ਸੂਤਰ ਸਥਾਨ ਦੇ ੪੫ ਵੇਂ ਅਧਿਆਇ ਦੇ ੫੦ ਵੇਂ ਸਲੋਕ ਵਿਚ ਗਾਂ ਦੇ ਦੁਧ ਦੇ ਗੁਣਾਂ ਦਾ ਵਰਨਣ ਕਰਦਿਆਂ ਹੋਇਆਂ ਲਿਖਿਆ ਹੈ—ਗਾਂ ਦਾ ਦੁਧ ਕਫ ਨੂੰ ਨਹੀਂ ਵਧਾਉਂਦਾ। ਉਹ ਚਿਕਨਾ, ਟਿਕਾਊ, ਰਕ-ਪਿਤ,-ਵਾਤ ਅਤੇ ਪਿਤ ਨਾਸ਼ਕ, ਰਸਾਇਨ (ਬੁਢਾਪਾ ਤੇ ਬਿਮਾਰੀ ਨੂੰ ਦੂਰ ਕਰਨ ਵਾਲਾ) ਮਿਠੇ ਰਸ ਵਾਲਾ, ਛੇਤੀ ਪਚਣ ਵਾਲਾ, ਠੰਢਾ ਤੇ ਉਮਰ ਵਧਾਊ ਹੈ। ਉਸੇ ਪ੍ਰਸੰਗ ਵਿਚ ਹੀ ਮਝ ਦੇ ਦੁਧ ਦੇ ਗੁਣਾਂ ਦਾ ਵਰਨਣ ਕੀਤਾ ਹੈ— ਮਾਝਾ ਦੁਧ ਬਹੁਤ ਕਫ ਕਾਰਕ, ਮਿਠੇ ਰਸ ਵਾਲਾ, ਨੀਂਦ ਲਿਆਊ ਠੰਢਾ ਅਤੇ ਟਿਕਾਊ ਹੈ। ਬਕਰੀ ਦੇ ਦੁਧ ਨੂੰ ਗਾਂ ਦੇ ਦੁਧ ਨਾਲ ਮਿਲਦਾ ਜੁਲਦਾ ਦਸਿਆ ਹੈ। ਹੁਣ ਤਿੰਨਾਂ ਦੁਧਾਂ ਦੇ ਗੁਣਾਂ ਤੇ ਵਿਚਾਰ ਕਰੀਏ। ਭਾਂਵੇਂ ਬਕਰੀ ਦਾ ਦੁਧ ਚੰਗਾ ਹੈਪਰ ਫਿਰ ਵੀ ਗਾਂ ਦੇ ਦੁਧ ਵਿਚਜੋ ਰਸਾਇਣ ਨਾਮੀਂ ਗੁਣ ਹੁੰਦਾ ਹੈ ਉਹ ਉਸ ਵਿਚ ਨਹੀਂ ਹੁੰਦਾ। ਗਾਂ ਦਾ ਦੁਧ ਟਿਕਾਊ ਹੈ ਜਦੋਂ ਕਿ ਬਕਰੀ ਦਾ ਦੁਧ ਹਲਕਾ ਹੈ ਤੇ ਉਸ ਨੂੰ ਪੀਣ ਬਾਅਦ ਭੁਖ ਛੇਤੀ ਹੀ ਲਗ ਪੈਂਦੀ ਹੈ।

ਆਯੁਰ ਵੈਦਿਕ ਦੀਆਂ ਬਹੁਤੀਆਂ ਦਵਾ-ਈਆਂ ਗਊ ਦੇ ਮੂਤਰ ਤੋਂ ਹੀ ਬਣਦੀਆਂ ਹਨ। ਇਸ ਦੇ ਦੁਧ ਅਤੇ ਘਿਓ ਦਾ ਸੇਵਨ ਕਰਨ ਨਾਲ ਘਟ ਹੋ ਚੁਕੀ ਨਜ਼ਰ ਵੀ ਤੇਜ ਹੋ ਜਾਂਦੀ ਹੈ। ਗਊ ਦੇ ਗੋਹੇ ਵਿਚ ਫੀਨੋਲ ਨਾਮੀਂ ਪਦਾਰਥ ਹੁੰਦਾ ਹੈ ਜੋ ਕਿਰਮ ਨਾਸ਼ਕ ਹੁੰਦਾ ਹੈ। ਇਸ ਲਈ ਇਸ ਦਾ ਪੋਚਾ ਫੇਰਨਾ ਚੰਗਾ ਸਮਝਿਆ ਜਾਂਦਾ ਹੈ। ਹਿਕਮਤ ਦੇ ਅਨੇਕਾਂ ਗਰੰਥਾਂ ਵਿਚੋਂ ਗਊ ਦੇ ਦੁਧ ਦੇ ਅਸੰਖਾਂ ਹੀ ਫਾਇਦੇ ਮਿਲਦੇ ਹਨ।

ਅੰਤ ਵਿਚ ਆਪਾਂ ਕਹਿ ਸਕਦੇ ਹਾਂ ਕਿ ਗਊ ਹੀ ਇਕ ਅਜਿਹਾ ਪਸ਼ੂ ਹੈ ਜੋ ਸਹੀ ਹਾਲਤ ਵਿਚ ਭਾਰਤੀ ਜੀਵਨ ਦੀ ਤਰਜਮਾਨੀ ਕਰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਸਾਰਾ ਦੇਸ਼ ਇਸ ਦਾ ਕਰਜਾਈ ਹੈ ਤੇ ਉਹਦੇ ਮਹਾਨ ਉਪਕਾਰਾਂ ਦਾ ਬਦਲਾ ਅਸੀਂ ਕਦੇ ਵੀ ਚੁਕਾ ਨਹੀਂ ਸਕਦੇ। ਉਹ ਆਪਣੇ ਬਚੇ ਨੂੰ ਪਰ੍ਹਾਂ ਹਟਾ ਕੇ ਸਾਡਾ ਪੇਟ ਭਰਦੀ ਹੈ ਓਹਦਾ ਬਚਾ ਸਾਡਿਆਂ ਹਲਾਂ ਅੱਗੇ ਜੁਪਦਾ ਹੈ। ਲਿਹਾਜ ਅਸੀਂ ਉਹਦਾ ਨਹੀਂ ਕਰਦੇ ਡੰਡੇ ਮਾਰ ਕੇ ਪੁੜੇ ਪਾ ਦਿੰਦੇ ਹਾਂ! ਕੰਨ੍ਹ ਪਿਆ ਹੋਵੇ ਤਾਂ ਵੀ ਜੂਲਾ ਓਥੇ ਹੀ ਰੱਖਦੇ ਹਾਂ। ਤੇ ਜਦੋਂ ਗਾਂ ਜਾਂ ਢੱਗਾ ਨਿਕਾਰਾ ਹੋ ਜਾਵੇ ਤਾਂ ਫਿਰ ਉਹ ਬੁੱਚੜ ਖਾਨਿਆਂ ਨੂੰ ਤੋਰ ਦਿ ਜਾਂਦੇ ਹਨ। ਅੱਜ ਲੋੜ ਹੈ ਗਊ ਦੀ ਇਸ ਦਰਨਾਕ ਹਾਲਤ ਨੂੰ ਸੁਧਾਰਨ ਦੀ। ਹਿੰਦ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਛੇਤੀ ਤੋਂ ਛੇਤੀ ਗਊ-ਹਤਿਆ ਵਰੋਧੀ ਕਨੂੰਨ ਪਾਸ ਕਰਵਾਕੇ, ਕਰੋੜਾਂ ਲੋਕਾਂ ਦੀਆਂ ਖੁਸ਼ੀਆਂ ਲਵੇ ਤੇ ਇਸ ਤਰ੍ਹਾਂ, ਸਹੀ ਅਰਥਾਂ ਵਿਚ ਆਪਣੇ ਰਾਜ ਦੀ ਧਰਮ—ਨਿਰਪੱਖਤਾ' ਵਾਲੀ ਨੀਤੀ ਦਾ ਸਬੂਤ ਦੇਵੇ।

ਗਊ ਦੇ ਅਹਿਸਾਨ

ਸ੍ਰੀ ਗੋਪਾਲ ਸਿੰਘ ਜੀ ਔਲਖ

ਜਾਇਆ ਛਡ ਅਪਣਾ ਪਰਾਏ ਤਾਈਂ ਸ਼ੀਰ ਦੇਣਾ ਗਊ ਨਾਲੋਂ ਵਧ ਕਿਹੜਾ ਪਰ ਉਪਕਾਰੀ ਏ।
ਬੁਧਵਾਨ ਬਲਵਾਨ ਸ਼ੀਰ ਇਦ੍ਹਾ ਬੀਰ ਕਰੇ ਬੁਢਿਓਂ ਜਵਾਨ ਬਣੇ ਐਸਾ ਗੁਣਕਾਰੀ ਏ।
ਗਾਂ ਦੁਧ ਮਾਂ ਨਾਲੋਂ ਰਖਦਾ ਵਿਸ਼ੇਸ਼ ਗੁਣ ਚਲੇ ਨਾ ਦਵਾਈ ਜਿਥੇ ਕਟੇ ਉਹ ਬਿਮਾਰੀ ਏ।
ਛਤੀਆਂ ਪਦਾਰਥਾਂ 'ਚ ਇਸਦਾ ਸਵਾਦ ਆਵੇ ਸੇਵਾ ਤਾਂ ਹੀ ਕਰਦੇ ਸੀ ਜਾਣ ਮਹਿਤਾਰੀ ਏ।
ਪੁਤ ਦੇ ਕੇ ਅਸਾਂ ਤਾਈ ਚਾੜਦੀ ਅਹਿਸਾਨ ਹੋਰ ਵਾਹੀ ਨੂੰ ਚਲਾਵੇ ਜਿਹੜੀ ਕਾਰ ਜਾਪੇ ਭਾਰੀ ਏ।
ਸੀਨਾ ਪਾੜ ਧਰਤੀ ਦਾ ਕਰਦੇ ਅਨਾਜ ਪੈਦਾ ਰੋਜੀ ਜਿਥੋਂ ਖਾਵਣੇ ਨੂੰ ਕੁਲ ਸੰਸਾਰੀ ਏ।
ਕਰੜੀ ਮੁਸ਼ਕਤ ਥੀਂ ਜੰਗਲ ਅਬਾਦ ਕਰ ਹਠ ਹੀਲੇ ਨਾਲ ਕਾਰ ਜਗ ਦੀ ਸੰਭਾਰੀ।
ਸਿਖਰ ਦੁਪਹਿਰੇ ਗਹੁਣਾ ਖੂਹ ਵਹੁਣਾ ਕਕਰਾਂ 'ਚ ਥਕਦਾ ਨ ਅਕਦਾ ਇਹ ਕਿੰਨਾ ਬਲਕਾਰੀ ਏ।
ਗਊ ਸੰਤਾਨ ਗੁਣਵਾਨ ਇਨਸਾਨ ਲਈ ਪਰ ਇਨਸਾਨ ਕਾਰ ਅਗੋਂ ਕੀ ਗੁਜ਼ਾਰੀ ਏ।
ਬਚੇ ਇਹਦੇ ਖਸੀ ਕਰ ਬੀਜ ਨਾਸ ਕਰੇ ਇਹਦਾ ਆਪਣੇ ਸਵਾਰਥਾਂ ਲਈ ਬਣਦਾ ਸ਼ਿਕਾਰੀ।
ਜੀਊਂਦੀ ਨੂੰ ਕੋਹ ਕੋਹ ਖਲੜੀ ਉਧੇੜਦੇ ਨੇ ਕਤਲਗਾਹਾਂ ਵਿਚ ਗਲ ਫੇਰਦੇ ਕਟਾਰੀ ਏ।
ਜ਼ੁਲਮ ਤੇ ਤਸੀਹੇ ਝਲ ਫਿਰਦੀ ਨਿਮਾਣੀ ਹੋ ਕਰਦੀ ਪੁਕਾਰ ਰਹੇ ਗਰੀਬੜੀ ਵਿਚਾਰੀ ਏ।

Sri Satguru Jagjit Singh Ji Elibrary NamdhariElibrary@gmail.com

ਗਊਆਂ ਦਾ ਵਾਪਾਰ

ਮਹੰਤ ਆਤਮਾਂ ਸਿੰਘ ਜੀ ਸਨਖਤਰਾ

ਸਨਖਤਰਾ ਜੀ ਨੂੰ ਨਾਮਧਾਰੀ ਦਰਬਾਰ ਦੇ ਸਕਤਰ ਹੋਣ ਦਾ ਮਾਨ ਮਿਲਿਆ ਹੋਇਆ ਹੈ। ਆਪ ਨਾਮਧਾਰੀ ਦਰਬਾਰ ਦੀ ਇਸ ਸੌਂਪੀ ਹੋਈ ਜ਼ਿੰਮੇਵਾਰੀ ਨੂੰ ਚੰਗੀ ਤਰਾਂ ਨਿਭਾ ਰਹੇ ਹਨ। ਆਪ ਇਕ ਉਚ ਕੋਟੀ ਦੇ ਕਵੀ ਤੇ ਲਿਖਾਰੀ ਹੋਣ ਤੋਂ ਇਲਾਵਾ ਨਾਮਧਾਰੀ ਮੇਲਿਆਂ ਵਿਚ ਹੋਣ ਵਾਲੇ ਅਨੰਦ ਕਾਰਜਾਂ ਤੇ ਪਾਠਾਂ ਦੇ ਭੋਗ ਪੈਣ ਦੇ ਪ੍ਰਬੰਧਕ ਵੀ ਹਨ। ਪੰਥਕ ਸੇਵਾ ਇਹਨਾਂ ਦਾ ਇਸ਼ਕ ਹੈ। ਨਿਮਰਤਾ ਮਿਠਾਸ ਇਹਨਾਂ ਦੇ ਸਰੀਰ ਦਾ ਜ਼ਰੂਰੀ ਅੰਗ ਬਣ ਚੁਕੀ ਹੈ। 'ਸਾਜਨ'

ਗਊ ਦਾ ਸਾਰੀ ਖਲਕਤ ਨਾਲ ਤਕਰੀਬਨ ਉਹੋ ਸਬੰਧ ਹੈ ਜੇਹੜਾ ਮਾ ਦਾ ਪੁਤ੍ਰ ਨਾਲ ਹੋਇਆ ਕਰਦਾ ਹੈ, ਭਾਰਤ ਵਰਸ਼ ਦੀ ਸਭਿਯਤਾ ਵਿਚ ਸਮੁਚੇ ਤੌਰ ਤੇ ਤਿੰਨ ਮਾਵਾਂ ਤਸੱਵਰ ਕੀਤੀਆਂ ਹਨ: ਧਰਤੀ ਮਾਤਾ, ਗਊ ਮਾਤਾ ਤੇ ਜਨਨੀ ਮਾਤਾ, ਧਰਤੀ ਮਾਤਾ ਇਕ ਅਜਿਹਾ ਤਤ ਹੈ ਜੇਹੜਾ ਸੰਸਾਰ ਦੀ ਹਰ ਪੈਦਾਇਸ਼ ਨਾਲ ਸਬੰਧ ਰਖਦਾ ਹੋਇਆ ਭੀ ਕਿਸੇ ਦੀ ਸੰਭਾਲ ਅਥਵਾ ਪਾਲਨ ਪੋਸਨ ਦੀ ਅਜੇਹੀ ਲੋੜ ਨਹੀਂ ਰਖਦਾ ਜਿਸਤਰਾਂ ਚੈਤੰਨਤਾ ਸੱਤਾ ਰਖਨ ਵਾਲੀਆਂ ਸਾਰੀਆਂ ਜੋਨੀਆਂ। ਮਨੁਖ ਵੰਸ਼ ਦੀ ਜਨਨੀ ਮਾਤਾ ਭਾਵੇਂ ਸਮਾਜਕ ਤੌਰ ਤੇ ਮਨੁਖਤਾ ਦੇ ਅਧੀਨ ਹੀ ਮੰਨੀ ਗਈ ਹੈ—ਪਰ ਇਸਦੀਆਂ ਸਭ ਪ੍ਰਕਿਰਤੀਆਂ ਮਨੁਖ ਵਾਲੀਆਂ ਹੀ ਹਨ ਏਹ ਆਪਨੇ ਹਕ ਆਪਣੇ ਪਾਲਨ ਪੋਸ਼ਨ ਆਪਨੀ ਹਿਫਾਜ਼ਤ ਆਪਨਾ ਰਹਿਨ ਸਹਿਨ ਆਪਣੀ ਮਰਜ਼ੀ ਮੁਤਾਬਕ ਆਪਣੇ ਪਰਵਾਰ ਦਾ ਨਿਰਬਾਹ ਵਗੈਰਾ ਸਭ ਕੁਝ ਜੇ ਕਿਸੇ ਕਾਰਨ ਮਨੁਖ ਨ ਭੀ ਹੋਵੇ ਤਾਂ ਆਪ ਕਰ ਸਕਦੀ ਹੈ ਤੇ ਬਾਵਜੂਦ ਪੁਤੰਤ੍ਰ (ਮਨੁਖ ਦੇ ਅਧੀਨ) ਹੋਣ ਦੇ ਭੀ ਸਵੈਤੰਤਰ ਸ਼ਕਤੀ ਦੀ ਮਾਲਕ ਹੈ ਤੇ ਕਈ ਵਾਰੀ ਪਰਵਾਰ, ਕੁਟੰਬ, ਦੇਸ ਦੀ ਰਖਵਾਲੀ ਮਨੁਖ ਨਾਲੋਂ ਵਧੇਰੇ ਭੀ ਕਰ ਸਕਦੀ ਹੈ।

ਪਰ ਗਊ ਇਕ ਮਾਤਾ ਦੀ ਹੈਸੀਅਤ ਰਖਦਿਆਂ ਹੋਇਆਂ ਭੀ ਐਸੀ ਜੋਨੀ ਵਿਚ ਹੈ, ਜੋ ਪਰ ਅਧੀਨ ਹੈ ਤੇ ਖਾਸ ਕਰਕੇ ਮਨੁਖ ਜ਼ਾਤੀ ਦੇ ਰਹਿਮ ਤੇ ਹੈ। ਕਿਸੇ ਦੇਸ਼ ਪ੍ਰਦੇਸ਼ ਦਾ ਕੋਈ ਅਜੇਹਾ ਡਾਕਟਰ ਨਹੀਂ ਜੇਹੜਾ ਗਊ ਦੇ ਦੁਧ ਘਿਉ ਦਹੀਂ ਪਨੀਰ ਆਦਕ ਪਦਾਰਥਾਂ ਦਾ ਮਨੁਖ ਜਾਤੀ ਦੀ

Sri Satguru Jagjit Singh Ji Elibrary NamdhariElibrary@gmail.com

ਅਰੋਗਤਾ ਦਾ ਜਨਨੀ ਮਾਤਾ ਦੇ ਦੁਧ ਸਮਾਨ ਸੌ ਫੀ ਸਦੀ ਮੁਜਬ ਨ ਦਸੇ : ਕੁਦਰਤ ਨੇ ਗਊ ਦੇ ਦੁਧ ਵਿਚ ਉਹ ਸਾਰੇ ਗੁਣ ਪਾਏ ਹੋਏ ਹਨ ਜੋ ਹਰ ਮੁਲਕ ਦੇ ਹਰ ਮਨੁਖ ਵਾਸਤੇ ਹਰ ਅਵਸਥਾ (ਰੋਗੀ ਤੇ ਤੰਦੁਰਸਤ) ਵਿਚ ਲਾਭਵੰਦ ਹੀ ਸਾਬਤ ਹੋਣ, ਤੇ ਮਨੁਖ ਦੇ ਦਿਲ ਦਿਮਾਗ ਤੇ ਅਰੋਗਤਾ ਅਰ ਤਾਕਤ ਦੀ ਬ੍ਰਿਧੀ ਦੇ ਸਹਾਇਕ ਬਣਨ। ਕਾਸ਼! ਕਦੇ ਕੁਦਰਤ ਗਊ ਨੂੰ ਮਨੁਖ ਗੋਚਰਾ ਨ ਬਣਾਉਂਦੀ! ਜੇ ਕਦੇ ਇਸਨੇ ਇਸ ਤਰਾਂ ਹੀ ਕਰਨਾ ਸੀ ਤਾਂ ਮਨੁਖ ਦੇ ਅੰਦਰ ਅਕ੍ਰਿਤਘਣਤਾ ਦੀ ਫਿਤਰਤ ਹੀ ਨ ਪੈਦਾ ਕਰਦੀ ਪਰ ਏਹ ਦੋਵੇਂ ਗਲਾਂ ਅਨਹੋਣੀਆਂ ਸਨ—ਜੋ ਨਾ ਹੋਈਆਂ। ਵੈਸੇ ਪੁਰਾਤਨ ਸਿਆਣਿਆਂ ਲੋਕਾਂ ਤੇ ਸਮੁਚੇ ਤੌਰ ਤੇ ਆਰਯਾ ਕੌਮ ਨੇ ਆਪਨੀ ਕੌਮ ਦੀ ਬ੍ਰਿਧੀ ਤੇ ਸ਼ਕਤੀ ਵਾਸਤੇ ਗਊ ਨੂੰ ਸਰਵ ਗੁਨ ਸਪੰਨ ਵੇਖਕੇ ਜੀਵਨ ਦਾ ਖਾਸ ਹਿਸਾ ਤਸਵਰ ਕੀਤਾ ਤੇ ਜਿਵੇਂ ਆਪਣੇ ਸਰੀਰ ਦਾ ਛੋਟੇ ਤੋਂ ਲੈਕੇ ਵਡੇ ਤਕ ਕੋਈ ਅੰਗ ਕਟਕੇ ਦੇਣਾ ਨਾ-ਮੁਨਾਸਿਬ ਸਮਝਿਆ, ਇਸੇਤਰਾਂ ਗਊ ਦੇ ਸਰੀਰ ਨੂੰ ਭੀ ਸਮਝਦੇ ਰਹੇ ਤੇ ਸਗੋਂ ਗਊਆਂ ਵਾਸਤੇ ਸਭ ਮੁਲਕਾਂ ਵਿਚ ਚਰਗਾਹਾਂ ਵਕਫ ਰਖਦੇ।

ਆਰਯਾ ਸਾਹਿਤਯ ਦੇ ਪੜ੍ਹਿਆਂ ਪਤਾ ਲਗਦਾ ਹੈ ਕਿ ਕਈ ਵੇਰਾਂ ਆਰਯਾ ਰਜਵਾੜਿਆਂ ਵਿਚ ਗਊਆਂ ਦੀਆਂ ਚਰਾਂਦ-ਗਾਹਾਂ ਨੂੰ ਕਾਬਜ ਕਰਨ ਅਥਵਾ ਉਜਾੜਨ ਦੇ ਕਾਰਨ ਵਡੀਆਂ ੨ ਲੜਾਈਆਂ ਹੋਜਾਂਦੀਆਂ ਰਹੀਆਂ।

ਜਿਥੋਂ ਤਕ ਗਊਆਂ ਦੇ ਪਾਲਨ ਪੋਸਨ ਤੇ ਰਖਵਾਲੀ ਦਾ ਤੁਅਲਕ ਹੁੰਦਾ ਉਹ ਰਾਜਿਆਂ ਦੇ ਜੁਮੇ ਹੋਇਆ ਕਰਦਾ ਅਰ ਗਊਆਂ ਦੀ ਪਰਵਰਸ਼ ਕਰਵੌਣ ਦਾ ਪ੍ਰਬੰਧ ਆਚਾਰਯ (ਸ੍ਰੇਸ਼ਟ) ਬ੍ਰਾਹਮਣਾਂ ਦਾ ਹੁੰਦਾ ਆਮ ਲੋਕ ਪੰਡਤਾਂ ਨੂੰ ਮੋਖ ਦੇ ਰੂਪ ਵਿਚ ਘਟ ਤੋਂ ਘਟ ਟਕਿਆ ਦੇ ਰੂਪ ਵਿਚ ਕੁਝ ਮਥਾ ਟੇਕਕੇ ਲੈ ਜਾਂਦੇ ਤੇ ਲਵੇਰੇ ਤੋਂ ਬਾਦ ਮੁੜ ਓਸੇ ਵਗ ਵਿਚ ਉਸਨੂੰ ਛਡ ਜਾਂਦੇ—ਰਜਾ ਲੋਕ ਹਰ ਰੋਜ਼ ਗਊ-ਦਾਨ ਕਰਨਾ ਆਪਣਾ ਇਕ ਖਾਸ ਨੇਮ ਸਮਝਦੇ—ਸ੍ਰੀ ਮਦ ਭਾਗਵਤ ਪੁਰਾਨ ਵਿਚ ਜ਼ਿਕਰ ਔਂਦਾ ਹੈ ਕਿ ਭਗਵਾਨ ਕ੍ਰਿਸ਼ਨ ਹਰ ਰੋਜ਼ ਇਕ ਹਜ਼ਾਰ ਗਊ-ਦਾਨ ਕਰਿਆ ਕਰਦੇ ਸਨ। ਏਹੋ ਵਜ੍ਹਾ ਸੀ ਕਿ ਭਗਵਾਨ ਅਣਗਿਣਤ ਗਊਆਂ ਦੇ ਮਾਲਕ ਸਨ ਅਰ ਗਊਆ ਨੂੰ ਚਾਰਨਾ ਤੇ ਭਿਆਨਕ ਬਾਰਸ਼ ਵਿਚ ਗੋਵਰਧਨ ਪਰਬਤ ਤੇ ਗਊਆਂ ਦੀ ਸੰਭਾਲ ਕਰਨੀ ਉਨ੍ਹਾਂ ਆਪਣਾ ਫਰਜ਼ ਬਣਾ ਰਖਿਆ ਸੀ ਜਿਸ ਕਰਕੇ ਭਗਵਾਨ ਨੂੰ ਗੋਪਾਲ ਆਖਣਾ ਅਜ ਭੀ ਖਾਸ ਮਾਨਤਾ ਰਖਦਾ ਹੈ।

ਗਊਆਂ ਆਰਯਾ ਵਕਤ ਵਿਚ ਇਕ ਓਹ ਅਸਥਾਨ ਰਖਦੀਆਂ ਸਨ ਜੇਹੜਾ ਨ ਧਰਤੀ ਮਾਤਾ ਤੇ ਜਨਨੀ ਮਾਤਾ ਨੂੰ ਪ੍ਰਾਪਤ ਸੀ ਇਕ ਦੂਸਰੇ ਨੂੰ ਗਊਆਂ ਦੇਣ ਦਾ ਸਿਸਟਮ ਭੀ ਏਸੇਤਰਾਂ ਸੀ ਜਿਵੇਂ ਸਾਊ ਘਰਾਣਿਆਂ ਵਿਚੋਂ ਧੀਆਂ ਨੂੰ ਟੋਰਨ ਦਾ ਹੋਇਆ ਕਰਦਾ ਹੈ, ਲੋੜਵੰਦ ਨੂੰ ਗਊ-ਦਾਨ ਵਜੋਂ ਜਾਂ ਲੋੜ ਨੂੰ ਅਨੁਭਵ ਕਰਕੇ ਹਮਦਰਦੀ ਵਜੋਂ ਅਥਵਾ ਸੁਗਾਤ ਵਜੋਂ ਜਾਂ ਅਹਿਸਾਨ ਵਜੋਂ ਦਿਤੀ ਜਾਂਦੀ ਸੀ।

ਜਿਵੇਂ ਧੀ ਦਾ ਪੈਸਾ ਲੈਣਾ ਗੁਨਾਹ ਸਮਝਿਆ ਜਾਂਦਾ ਸੀ ਤਿਵੇਂ ਆਰਯਾ ਵਕਤ ਵਿਚ ਗਊ ਨੂੰ ਵੇਚਣਾ ਜਾਣਿਆ ਜਾਂਦਾ ਸੀ ਜਿਥੇ ਅਜ ਗਊਆਂ ਘਟ ਤੇ ਉਨ੍ਹਾਂ ਤੋਂ ਦੁਧ ਵਧ ਪ੍ਰਾਪਤ ਕਰਨ ਦੇ ਸਾਧਨ ਸੋਚੇ ਜਾ ਰਹੇ ਹਨ, ਉਥੇ ਉਸ ਵਕਤ ਗਊਆਂ ਵਧ ਤੋਂ ਵਧ ਰਖਨ ਤੇ ਦੁਧ ਘਟ ਤੋਂ ਘਟ ਚੋਣ ਦੇ ਕਰਤਵਯ ਨੂੰ ਫਖਰ ਸਮਝਿਆ ਜਾਂਦਾ ਸੀ। ਸਾਡੇ ਸਨਖਤਰੇ ਇਕ ਸਾਧੂ ਅਸਾਂ ਅੱਖੀਂ ਵੇਖਿਆ ਹੈ ਜੋ ਕੇਵਲ ਗਊਆਂ ਪਾਲਨ ਪੋਸਨ ਵਾਸਤੇ ਦਰਜਨਾਂ ਦੀ ਤਾਦਾਦ ਵਿਚ ਰਖਦਾ ਪਰ ਉਨ੍ਹਾਂ ਦਾ ਦੁਧ ਚੋਣ ਤੋਂ ਉਕਾ ਗਰੇਜ਼ ਕਰਦਾ ਸੀ—ਜਦ ਕੋਈ ਵਛਾ ਵਡਾ ਹੋਵੇ ਤਾਂ ਉਸਨੂੰ ਸਾਨ੍ਹ ਛਡ ਦੇਂਦਾ ਜਾਂ ਮੁਨਾਸਬ ਕੀਮਤ ਤੇ ਵੇਚ ਛਡਦਾ ਪਰ ਵਛੀਆਂ ਮੁਫਤ ਭਾਵੇਂ ਕਿਸੇ ਸੇਵਾ ਕਰਨ

Sri Satguru Jagjit Singh Ji Elibrary NamdhariElibrary@gmail.com

ਵਾਲੇ ਨੂੰ ਦੇ ਦੇਵੇ ਪਰ ਮੁਲ ਨਹੀਂ ਵੇਚਦਾ ਸੀ ਤੇ ਆਪ ਸਾਰਾ ਸਾਰਾ ਦਿਨ ਗਰਮੀਆਂ ਸਰਦੀਆਂ ਵਿਚ ਨੰਗੇ ਪੈਰੀਂ ਗਊਆਂ ਚਾਰਦਾ ਰਹਿੰਦਾ ਸੀ ਮੇਰੇ ਉਪ੍ਰੋਕਤ ਲਿਖੇ ਭਾਵਾਂ ਦੀ ਉਸ ਸਾਧ ਦੀ ਮਿਸਾਲ ਹੁਣ ਤਕ ਪ੍ਰਤਖ ਮੂਰਤੀਮਾਨ ਹੈ।

ਥੋੜਾ ਥੋੜਾ ਕਰਦਿਆਂ ਭੀ ਦੁਧ ਘਿਉ ਦੀ ਇਤਨੀ ਬਹੁਲਤਾ ਸੀ ਕਿ ਆਰਯਾ ਵਕਤ ਵਿਚ ਪ੍ਰਨਾਲਿਆਂ ਰਾਹੀਂ ਘਿਉ ਦੀਆਂ ਅਹੂਤੀਆਂ ਪੈਣ ਵਾਲੇ ਅਨੇਕਾਂ ਯੱਗ ਹਵਨ ਸੁਭਾਵਕ ਤੌਰ ਤੇ ਕੀਤੇ ਜਾਂਦੇ ਸਨ। ਹਵਨ ਵਿਚ ਖਪਤ ਹੋਣ ਵਾਲਾ ਘਿਉ ਨਿਓਂਦਰੇ ਭਾਜੀਆਂ ਦੇ ਢੰਗ ਨਾਲ ਇਕ ਦੂਸਰੇ ਯੱਗ ਕਰਨ ਵਾਲੇ ਨੂੰ ਭੇਜਿਆ ਜਾਂਦਾ, ਇਨ੍ਹਾ ਪਦਾਰਥਾਂ ਦੀ ਕੀਮਤ ਪ੍ਰਾਪਤ ਕਰਨ ਵਾਲੇ ਨੂੰ ਛੋਟੀ ਸ਼ਰੇਣੀ ਦਾ ਮਨੁਖ ਤਸੱਵਰ ਕੀਤਾ ਜਾਂਦਾ ਸੀ ਸਚਮੁਚ ਉਸ ਵਕਤ ਗਊ ਨੂੰ ਸਹੀ ਅਰਥਾਂ ਵਿਚ ਮਾਤਾ ਹੀ ਸਮਝਿਆ ਜਾਂਦਾ ਸੀ।

ਆਹ! ਉਹ ਸਮਾ ਬਦਲ ਗਿਆ ਜਿਥੇ ਗਊ ਅੰਸ਼ ਦੇ ਦੁਧ ਘੀ ਵਿਚ ਪੈਹਲੇ ਗੁਣ ਬਦਸਤੂਰ ਮੌਜੂਦ ਰਹੇ, ਓਥੇ -ਗੋਪਾਲਕਾਂ ਦੇ ਕਰਤਵਾਂ ਵਿਚ ਗਿਰਾਵਟ ਔਣੀ ਸ਼ੁਰੂ ਹੋ ਗਈ ਤੇ ਉਹ ਹੁਣ ਕਿਥੋਂ ਤਕ ਆਗਈ ਹੈ ਇਸ ਦਾ ਵਰਨਨ ਕਰਨਾ ਮੁਸ਼ਕਲ ਹੋ ਗਿਆ ਹੈ ਜਿਥੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਕਿਸੇ ਬ੍ਰਹਮਣ ਮਹਰੇਰ (ਕਸਟਮ ਕਲਰਕ) ਨੂੰ ਨੌਕਰੀ ਪੇਸ਼ੇ ਵਿਚ ਬਾਬਰ ਦੀ ਹਕੂਮਤ ਸਮੇ ਕਿਸੇ ਕਾਨੂੰਨ ਦੇ ਮੁਤਾਬਕ ਗਊਆਂ ਲਿਜਾਣ ਵਾਲੇ ਬ੍ਰਾਹਮਣਾਂ ਤੋਂ ਕਰ (ਟੈਕਸ) ਵਸੂਲ ਕਰਨ ਵਾਲੇ ਨੂੰ ਤਾੜਨਾ ਤੇ ਉਪਦੇਸ਼ ਦੇਂਦਿਆਂ ਫੁਰਮਾਇਆ ਕਿ 'ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ' ਅਰ ਸ੍ਰੀ ਗੁਰੂ ਹਰਗੋਬਿੰਦ ਜੀ ਆਪਣੇ ਵਡੇ ਸਪੁਤ੍ਰ ਬਾਬੇ ਗੁਰਦਿਤੇ ਨੂੰ ਉਨ੍ਹਾਂ ਪਾਸੋਂ ਭੁਲੇਖੇ ਨਾਲ ਗਊ ਨੂੰ ਤੀਰ ਵਜਨ ਕਰਕੇ ਉਸਦੇ ਮਰ ਜਾਣ ਤੋਂ ਸਰਾਪ ਦੇ ਦਿਤਾ ਹਾਲਾਂਕ ਗਊ ਨੂੰ ਭੀ ਆਪਨੇ ਆਤਮਕ ਬਲ ਨਾਲ ਜਿੰਦਾ ਕਰ ਦਿਤਾ ਸੀ। ਸਗੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਟੇ ਦੀ ਗਊ ਦਾ ਹੀ ਸਵਾਗਤ ਕਰਦਿਆਂ ਅਨੰਦ-ਪੁਰ ਦਾ ਕਿਲਾ ਖਾਲੀ ਕਰ ਦਿਤਾ ਤੇ ਨਾ ਦਸੀਆਂ ਜਾਣ ਵਾਲੀਆਂ ਤਕਲੀਫਾਂ ਨੂੰ ਬ੍ਰਦਾਸ਼ਤ ਕਰਲਿਆ।

ਉਥੇ ਆਰਜਾ ਵਰਤ ਵਿਚ ਗਊ ਇਕ ਵਾਪਾਰ ਦਾ ਪੇਸ਼ਾ ਜਾਂ ਹਾਸੋ ਹੀਣੀ ਚੀਜ ਬਣੀ ਹੋਈ ਹੈ।

ਗਊਆਂ ਦੇ ਹਡਾਂ ਗਊਆਂ ਦੇ ਚਮੜੇ ਤੇ ਮਿਟੀ (ਮਾਸ) ਨੂੰ ਜੋ ਹਾਨੀ ਅਜ ਭਾਰਤ ਵਿਚ ਭਾਰਤੀਆਂ ਹਥੋਂ ਪੁਜ ਰਹੀ ਹੈ ਉਸ ਦੀ ਮਿਸਾਲ ਕਿਸੇ ਗੈਰ ਦੇਸ਼ ਵਿਚੋਂ ਭੀ ਨਹੀਂ ਮਿਲਦੀ।

ਅਜ ਭਾਰਤ ਹਿੰਦੂ ਜਾਂ ਸਿਖ ਅਜੇ ਉਗਲਾਂ ਉਤੇ ਗਿਣਨ ਜੋਗੇ ਭਾਂਵੇਂ ਹੋਣ ਜੋ ਗਊ ਨੂੰ ਉਸ ਰੂਪ ਵਿਚ ਤਾਂ ਨਹੀਂ ਜੇਹੜਾ ਮੈਂ ਪੁਰਾਤਨ ਕਾਲ ਦਾ ਦਸਿਆ ਹੈ, ਪਰ ਗਊ ਦੇ ਗੁਣਾਂ ਨੂੰ ਅਨੁਭਵ ਕਰਦੇ ਹੋਏ ਨਸਲ ਬੰਦੀ ਦੇ ਲਿਹਾਜ ਨਾਲ ਬਹੁਤਾ ਦੁਧ ਤੇ ਘਟ ਖੇਚਲ ਦੇ ਲਿਹਾਜ਼ ਨਾਲ ਆਪਨੇ ਫਾਰਮਾਂ ਵਿਚ ਰਖ ਰਹੇ ਹੋਣ ਤੇ ਉਨਾਂ ਦੀ ਪਾਲਨਾਂ ਜੋਗ ਢੰਗ ਨਾਲ ਕਰ ਰਹੇ ਹੋਣ ਜਾਂ ਪਿੰਡਾਂ ਵਿਚ ਅਜੇਹੇ ਬੰਦੇ ਹੋਣਗੇ ਜੋ ਵਛਿਆਂ ਦੇ ਲਾਲਚ ਤੇ ਜਿਆਦਾ ਕੀਮਤ ਪ੍ਰਾਪਤ ਕਰਨ ਵਾਸਤੇ ਕੁਝ ਇਕ ਦੋ ਗਊਆਂ ਰਖਦੇ ਹੋਣ ਵਰਨਾ ਆਮਤੌਰ ਤੇ ਸ਼ਹਿਰਾਂ ਕਸਬਿਆਂ ਵਿਚ ਜੋ ਗਊ ਦੀ ਹਾਲਤ ਹੈ ਉਹ ਅਤੀ ਤਰਸ ਯੋਗ ਹੈ।

ਕੋਈ ਦੁਧ ਦੇਣ ਵਾਲੀ ਗਊ ਨੂੰ ਘਰ ਬੰਨ੍ਹਦਾ ਹੈ ਤੇ ਨਾ ਕੋਈ ਫੰਡਰ ਨੂੰ. ਗਊਆਂ ਗਲੀਆਂ ਬਜ਼ਾਰਾਂ ਵਿਚ ਗੰਦੇ ਕਾਗਜ਼ ਤੇ ਲੀਰਾਂ ਅਰ ਕੂੜਾ ਕਰਕਟ ਖਾਂਦੀਆ ਫਿਰਦੀਆਂ ਹਨ, ਆਮ ਲੋਕ ਕੈਲੰਡਰਾਂ ਉਤੇ ਜਾਂ ਪਥਰ ਦੀਆਂ ਮੂਰਤੀਆਂ ਤੇ ਫੁਲ ਚਾੜ੍ਹਦੇ ਤਾਂ ਵੇਖੇ ਜਾਂਦੇ ਹਨ-ਪਰ ਗਊ ਰਖਕੇ ਉਸਦੀ ਸੇਵਾ ਕਰਨ ਨੂੰ ਗੁਨਾਹ ਜਾਂ ਖੇਚਲ ਸਮਝਦੇ ਹਨ, ਏਹ ਸਭ ਕੁਝ ਕਿਉਂ ਹੈ, ਹੁਣ ਕੇਵਲ ਇਸਤੇ ਵਿਚਾਰ ਕਰਨੀ ਬਾਕੀ ਹੈ।

Sri Satguru Jagjit Singh Ji Elibrary NamdhariElibrary@gmail.com

ਜਿਥੇ ਗਊ ਇਕ ਅਮੋਲ ਵਸਤੂ ਤੇ ਕੇਵਲ ਪੂਜਨ ਤੇ ਮਾਨ ਯੋਗ ਮਾਤਾ ਸਮਝੀ ਜਾਂਦੀ ਸੀ। ਉ ਅਜ ਗਊ ਬਾਕੀ ਵਸਤੂਆਂ ਵਾਂਗ ਵਪਾਰ ਦਾ ਇਕ ਖਾਸ ਅੰਗ ਬਣ ਗਈ ਹੈ। ਜਿਥੇ ਆਪੋ ਆਪਣੇ ਰਜਵਾੜਿਆਂ ਵਿਚ ਹਰ ਮਹਾਰਾਜ ਵਧ ਤੋ' ਵਧ ਗਊਆਂ ਦੀ ਹੋਂਦ ਨੂੰ ਆਪਨਾ ਗੌਰਵ ਸਮਝਦਾ ਸੀ। ਉਥੇ ਅਜ ਦੇ ਭਾਰਤੀ ਰਾਜ ਵਿਚ ਅਜੇਹੇ ਸਰਬ ਗੁਣ ਸਪੰਨ ਪਸ਼ੂ ਨਾਲੋਂ ਮੱਛੀਆਂ, ਆਂਡਿਆਂ, ਤੇ ਮਾਸ ਦੇ ਬੰਦ ਡਬਿਆਂ ਨੂੰ ਬਹੁਲਤਾ ਉਪਜ ਦੇਣ ਵਿਚ ਜਿਆਦਾ ਪਸੰਦ ਕੀਤਾ ਜਾਂਦਾ ਹੈ।

ਜਿਥੇ ਕਦੇ ਗਊ ਦਾ ਮੋਖ ਲੈਣਾ ਦੇਣਾ ਕੇਵਲ ਭਾਵਨਾ ਤੇ ਆਧਾਰਤ ਸੀ। ਉਥੇ ਅਜ ਗਊ ਦੀ ਵਧ ਤੋਂ ਵਧ ਕੀਮਤ ਲੈਣ ਤੇ ਦੇਣ ਨੂੰ ਆਪਣੀ ਸਿਆਣਪ ਤੇ ਚਲਾਕੀ ਸਮਝਿਆ ਜਾਂਦਾ ਹੈ। ਅਜ ਦੋ ਸੌ ਤੋਂ ਦੋ ਹਜ਼ਾਰ ਤਕ ਗਊ ਦੀ ਕੀਮਤ ਬਜ਼ਾਰ ਵਿਚ ਵੇਖਣ ਵਿਚ ਆ ਰਹੀ ਹੈ ਪਰ ਇਸਦੇ ਨਤੀਜੇ ਨੂੰ ਕਦੀ ਕਿਸੇ ਨੇ ਸੋਚਨ ਦੀ ਖੇਚਲ ਨਹੀਂ ਕੀਤੀ ਕਿ ਇਸਤਰਾਂ ਕਰਨ ਨਾਲ ਮਾੜੀਆਂ ਤੇ ਆਮ ਗਊਆਂ ਦਾ ਕੀ ਬਣੇਗਾ, ਗਊਆਂ ਨੂੰ ਘਰੋਂ ਦੇਣ ਵੇਲੇ ਧੀਆਂ ਦੀ ਮਿਸਾਲ ਅਤੇ ਪਾਲਨ ਪੋਸਨ ਵੇਲੇ ਮਾਤਾ ਦੇ ਸ਼ਬਦ ਦੀ ਵਰਤੋਂ ਕਰਨ ਦਾ ਬਿਲਕੁਲ ਖਿਆਲ ਹੀ ਭੁਲ ਚੁਕਾ ਹੈ—ਅਰ ਅਜ ਗਊ ਮਾਇਆਧਾਰੀ ਵਾਸਤੇ ਸ਼ੁਗਲ ਦੇ ਤੌਰਤੇ ਮੰਡੀ ਦੀ ਸੁਗਾਤ ਬਣ ਗਈ ਹੈ। ਇਤਿਆਦਕ ਹਾਲਾਤਾਂ ਵਿਚ ਗਊ-ਅੰਸ ਦੀ ਬ੍ਰਿਧੀ ਅਜ ਅਸੰਭਵ ਹੋ ਗਈ ਹੈ ਤੇ ਅਗੋਂ ਜਿਤਨਾ ਚਿਰ ਉਪ੍ਰੋਕਤ ਕਾਰਨਾਂ ਵਲ ਗਊ-ਭਗਤ ਤੇ ਸਾਰੇ ਭਾਰਤ ਵਰਸੀ ਤੇ ਰਾਜ ਪਾਲਕ (ਹਕੂਮਤ) ਧਿਆਨ ਨ ਦੇਣਗੇ ਗਊ ਨੇਸਤੋ ਨਾਬੂਦ ਤੇ ਭਾਵੇਂ ਨ ਹੋ ਸਕੇ, ਪਰ ਗਊ "ਮਾਤਾ" ਦੇ ਆਦਰਸ਼ ਤੋਂ ਵੰਚਿਤ ਜਰੂਰ ਹੋ ਜਾਵੇਗੀ। ਗਊ ਨੂੰ ਵਾਪਾਰ ਦੇ ਮਿਆਰ ਤੋਂ ਕੇਵਲ ਮੋਖ ਦੇ ਪਧਰ ਉਤੇ ਕਿਵੇਂ ਲਿਆਂਦਾ ਜਾ ਸਕਦਾ ਹੈ ਇਸਨੂੰ ਸੋਚਨਾ ਤੇ ਅਮਲ ਕਰਨਾ ਕਰਵੌਣਾ ਹਰ ਗੋ-ਰਖਯਕ ਦਾ ਇਕ ਜਰੂਰੀ ਕੰਮ ਹੈ।

* ਬਰਕਤ *

ਨਿਰਭਰ ਬਰਕਤ ਏਸਦੀ ਤੇ ਜਗਦਾ ਧੰਦਾ —ਸ੍ਰੀ
ਖਾਂਦਾ ਇਹਦਾ ਖਟਿਆ ਚੰਗਾ ਤੇ ਮੰਦਾ। ਨਰਿੰਦਰ
ਹਿੰਮਤ ਇਸਨੂੰ ਰਬ ਨੇ ਬਖਸ਼ੀ ਅਨਮੁਲੀ। ਸਿੰਘ
* § ਪੈਦਾ ਕਰਦਾ ਸਭ ਲਈ ਗੁਲੀ ਤੇ ਜੁਲੀ। ਜੀ,
ਵਿਚ ਏਸਦੇ ਰਤੀ ਨਹੀਂ ਆਲਸ ਦੀ ਰਤੀ।
ਰੇਤ ਦੇ ਵਿਚੋਂ ਰੋਲ ਦਏ ਪਦਾਰਥ ਛਤੀ।
ਫੋਲ ਫੋਲ ਕੇ ਧਰਤੀ ਨੂੰ ਸਰਘੀਂ ਫੁਰਤੀਲਾ।
** §§ ਰੋਜ਼ੀ ਦਾ ਦਿਨ ਚੜ੍ਹਨ ਨੂੰ ਕਰ ਦਏ ਵਸੀਲਾ।
ਕਹਿਰਾਂ ਦੀ ਸਹਾਰਕੇ ਗਰਮੀ ਤੇ ਸਰਦੀ।
ਰਿਜਕ ਪੁਚਾਵੇ ਰਾਓ ਰੰਕ ਨੂੰ ਧਰਮੀ ਦਰਦੀ।
ਭਾਰ ਪ੍ਰਿਥਵੀ ਦਾ ਏਸ ਬਲ ਆਪਣੇ ਚਾਇਆ
*** §§§ ਧਨ ਮਾਂ ਹੈ ਏਸਦੀ ਧਨ ਗਊਦਾ ਜਾਇਆ।

Sri Satguru Jagjit Singh Ji Elibrary NamdhariElibrary@gmail.com

'ਉਸਦਾ ਉਤਮ ਉਪਦੇਸ਼ ਵਿਚਾਰਿਆ ਨਹੀਂ'

[ਉਤਮ ਸਿੰਘ 'ਉਤਮ' ਜਗਾਧਰੀ.

ਜੀਹਦੇ ਜਨਮ ਦੀ ਜਗਤ ਨੂੰ ਖੁਸ਼ੀ ਹੋਈ।
ਅਤੇ ਕੰਮ ਦੇ ਵਾਸਤੇ ਗਮੀਆਂ ਸੀ।

ਜਿਸ ਮਾਰਦੇ ਵੈਰੀ ਸਨ ਆਪ ਮਰ ਗਏ।
ਜਤਨਾਂ ਵਿਚ ਨਾ ਛਡੀਆਂ ਕਮੀਆਂ ਸੀ।

ਜਿਸਨੂੰ ਰਖਿਆ ਪ੍ਰਭੂ ਨੇ ਹਥ ਦੇ ਕੇ।
ਉਮਰਾਂ ਧੁਰੋਂ ਹੀ ਲਿਖੀਆਂ ਲੰਮੀਆਂ ਸੀ।

ਜਿਸਨੇ ਪਾਲੀ ਸੀ ਲਾਜ ਦ੍ਰੋਪਤਾ ਦੀ।
ਜਾਬਰ ਲੱਭਕੇ ਆਕੜਾਂ ਭੰਨੀਆਂ ਸੀ।

ਜਿਸਨੇ ਫਿਕਾ ਅਲੂਣਾ ਹੀ ਸਾਗ ਖਾ ਕੇ।
ਬਿਦਰ ਭਗਤ ਨੂੰ ਮੁਖੋਂ ਵਿਸਾਰਿਆ ਨਹੀਂ।

ਅਸਾਂ ਪ੍ਰੇਮ ਦੇ ਭੁੱਖੇ ਨੂੰ ਯਾਦ ਕਰਕੇ।
ਉਸਦਾ ਉਤਮ ਉਪਦੇਸ਼ ਵਿਚਾਰਿਆ ਨਹੀਂ।

ਉਹਦੀ ਬੰਸਰੀ ਮੋਹਿਆ ਸੀ ਜਗਤ ਸਾਰਾ।
ਸੀ ਉਹ ਲੱਗਦਾ ਬਰਸੇ ਪਿਆ ਨੂਰ ਜਿਹਾ।

ਉਹਦੇ ਰਾਗਾਂ ਦੀ ਦਸਣੀ ਸਿਫ਼ਤ ਔਖੀ।
ਸੁਣਕੇ ਆਉਂਦਾ ਸੀ ਗ਼ੈਬੀ ਸਰੂਰ ਜਿਹਾ।

ਸਿਆਮ ਰੰਗ ਸੀ ਚਿਹਰਾ ਜਲਾਲ ਵਾਲਾ।
ਐਡਾ ਸੋਹਣਾ ਜਿਉਂ ਹੀਰਾ ਕੋਹਨੂਰ ਜਿਹਾ।

ਹਿਰਦਾ ਉਹਦਾ ਸੀ ਦਰਦ ਪਿਆਰ ਵਾਲਾ।
ਰਾਖਾ ਭਗਤਾਂ ਦਾ ਹਰ ਦਮ ਭਰਪੂਰ ਜਿਹਾ।

Sri Satguru Jagjit Singh Ji Elibrary NamdhariElibrary@gmail.com

ਸੋਲਾਂ ਕਲਾਂ ਸਮਰਥ ਅਵਤਾਰ ਹੋਕੇ।
ਫਿਰਵੀ ਗਊਆਂਦਾ ਕਦਰ ਵਿਸਾਰਿਆ ਨਹੀਂ।

ਜਗਤ ਸੇਵਾ ਭਗਵਾਨ ਦੀ ਸਮਝ ਕੇ ਤੇ।
ਅਸਾਂ 'ਉਤਮ' ਉਪਦੇਸ਼ ਵਿਚਾਰਿਆ ਨਹੀਂ।

ਗਊਆਂ ਕਰਦੀਆਂ ਵਗਣ ਲਈ ਬੈਲ ਪੈਦਾ।
ਅਤੇ ਲੱਸੀਆਂ ਦੁਧ ਪਿਲਾਂਦੀਆਂ ਨੇ।

ਘੋਏ ਖੀਰਾਂ ਮਲਾਈ ਤੇ ਦਹੀਂ ਭੱਲੇ।
ਮਖਣ ਅੰਮ੍ਰਿਤ ਸਮਾਨ ਖਿਲਾਂਦੀਆਂ ਨੇ।

ਲਾ ਕੇ ਘਰਾਂ ਵਿਚ ਲਹਿਰ ਤੇ ਬਹਿਰ ਸਦਾ।
ਸਭ ਨਿਆਮਤਾਂ ਹੋਰ ਪਲਾਂਦੀਆਂ ਨੇ।

ਸਾਥੋਂ ਪੁੱਜਦੇ ਜਿਹੇ ਜਿਹੇ ਕੱਖ ਸੁਕੇ।
ਉਹੀ ਖਾ ਕੇ ਸ਼ੁਕਰ ਮਨਾਂਦੀਆਂ ਨੇ।

ਫ਼ਾਇਦਾ ਇਨ੍ਹਾਂ ਦੇ ਗੁਣਾਂ ਤੋਂ ਪਾ ਪਾ ਕੇ।
ਕਰਜ਼ਾ ਸ਼ਾਮ ਬਿਨ ਕਿਸੇ ਉਤਾਰਿਆ ਨਹੀਂ।

ਅਸੀਂ ਅਕ੍ਰਿਤਘਣ ਬਣੇ ਅਗਿਆਨਤਾ ਵਿਚ।
ਉਤਮ ਗਊ ਉਪਕਾਰ ਵਿਚਾਰਿਆ ਨਹੀਂ।

ਸਮਝਦਾਰ ਬੰਦਾ ਜੰਡ ਛਡਕੇ ਤੇ।
ਬਾਲਣ ਵਾਸਤੇ ਅੰਬ ਨੂੰ ਕੱਟਦਾ ਨਹੀਂ।

ਕਿੱਕਰ ਵਣ ਫਰਵਾਂ ਨੂੰ ਪਾਲਕੇ ਤੇ।
ਫਲਦਾਰ ਦਰਖਤਾਂ ਨੂੰ ਪੁਟਦਾ ਨਹੀਂ।

ਪੱਲੇ ਬੰਨ ਕੇ ਘੁੱਟਕੇ ਕੱਚ ਝੂਠਾ।
ਹੀਰਾ ਖੋਲਕੇ ਵਹਿਣੀ ਵਿਚ ਸੁੱਟਦਾ ਨਹੀਂ।

ਇਕ ਧੇਲੇ ਤੋਂ ਵੇਚ ਅਮਾਲ ਨਾਵਾਂ।
ਬਦੀਆਂ ਧਰਮ ਉਤੋ ਸਾਵੀ ਵੱਟਦਾ ਨਹੀਂ।

ਜਿਸਨੇ ਗ਼ਰੀਬ ਸੁਦਾਮੇ ਦੇ ਚੋਲ ਚੱਬੇ।
ਬਹਿਕੇ ਤਖਤ ਉਤੇ ਫਿਰ ਹੰਕਾਰਿਆ ਨਹੀਂ।

ਗਊਆਂ ਪੱਲੇ ਦੇ ਨਾਲ ਦੇ ਜੋ ਚਾਰਦਾ ਸੀ।
ਉਹਦਾ 'ਉਤਮ' ਉਪਦੇਸ਼ ਵਿਚਾਰਿਆ ਨਹੀਂ।

Sri Satguru Jagjit Singh Ji Elibrary NamdhariElibrary@gmail.com

ਗਊ ਤੇ ਗਰੀਬ ਤੇਰੇ ਆਇਆਂ ਸੁਖ ਪਾਵੇਗਾ

ਸ੍ਰੀ ਪਰਮ ਜੀਤ ਸਿੰਘ ਜੀ "ਰਾਜ਼"

ਕਿੰਨਾਂ ਚਿਰ ਧਰਤੀ ਇਹ ਭਾਰ ਚੁਕੂ ਪਾਪੀਆਂ ਦਾ,
ਕਿੰਨਾ ਚਿਰ ਧੌਲ ਭਾਰ ਇਹਦਾ ਸਿਰ ਚੁਕੇਗਾ?
ਕਿੰਨਾ ਚਿਰ ਬੀਤ ਗਿਆ ਰਾਹ ਤੇ ਰਾਹ ਵਿੰਹਦਿਆਂ ਨੂੰ,
ਕਿੰਨਾਂ ਚਿਰ ਤਕ ਦਸ ਪੰਧ ਤੇਰਾ ਮੁਕੇ ਗਾ?
ਕਿੰਨਾ ਚਿਰ ਅਸੀਂ ਹੋਰ ਬੈਠਾਂਗੇ ਉਡੀਕ ਲਾ ਕੇ,
ਕਿੰਨਾ ਚਿਰ ਸਾਹ ਸਾਡਾ ਹਉਕਿਆਂ 'ਚ ਸੁਕੇਗਾ?
ਕਿੰਨਾਂ ਚਿਰ ਪਾਪ ਸਫਾ ਆਪਣੀ ਵਿਛਾਈ ਰਖੂ,
ਕਿੰਨਾਂ ਚਿਰ ਤਕੜਾ ਗ਼ਰੀਬ ਵੇਖ ਲੁਟੇਗਾ?

ਨਿਤ ਇਹੋ ਆਖਦੇ ਹਾਂ ਅਜ ਆਇਆ ਕਲ ਆਇਆ,
ਅਉਣ ਵਾਲਾ ਦਸ ਸਾਨੂੰ ਦਿਨ ਕਦ ਆਵੇਗਾ।
ਤੇਰੇ ਬਿਨ ਵਾਤ ਕੋਈ ਪੁਛੇ ਨਾ ਨਿਮਾਣਿਆਂ ਦੀ,
ਗਊ ਤੇ ਗ਼ਰੀਬ ਤੇਰੇ ਆਇਆਂ ਸੁਖ ਪਾਵੇਗਾ।

ਕਿੰਨਾਂ ਚਿਰ ਦੋਜ਼ਖਾਂ 'ਚ ਸੜੇਗਾ ਇਹ ਜਗ ਸਾਰਾ,
ਕਿੰਨਾਂ ਚਿਰ ਪਾਪਾਂ ਵਾਲਾ ਬੂਟਾ ਵਧੇ ਫੁਟੇਗਾ?
ਕਿੰਨਾਂ ਚਿਰ ਗਊ ਤੇ ਗ਼ਰੀਬ ਦੁਖ ਝਲਣਗੇ,
ਕਿੰਨਾਂ ਚਿਰ ਪਾਪੀਆਂ ਦਾ ਲਾਵਾ ਹੋਰ ਫੁਟੇਗਾ?
ਕਿੰਨਾਂ ਚਿਰ ਹੋਰ ਬੇੜੀ ਭਰਦੀ ਰਹੂ ਪਾਪ ਵਾਲੀ,
ਕਿੰਨਾ ਚਿਰ ਪਾਪੀ ਹੋਰ ਗਲਾ ਗਊ ਦਾ ਘੁਟੇਗਾ?
ਕਿੰਨਾਂ ਚਿਰ ਦਸ ਤੂੰ ਵੀ ਬਹੇਂਗਾ ਸਬਰ ਕਰ,
ਕਿੰਨਾਂ ਚਿਰ ਹੋਰ ਤੇਰਾ ਸਬਰ ਨਾ ਟੁਟੇਗਾ?

ਹਰ ਸਾਲ ਲੰਘਦੀ ਬਸੰਤ ਸਾਨੂੰ ਆਖ ਜਾਂਦੀ,
ਆਉਂਦੇ ਸਾਲ ਮਾਹੀ ਤੁਹਾਡਾ ਨਾਲ ਮੇਰੇ ਆਵੇਗਾ।
ਇਕੋ ਗਲ ਤੇਰੇ ਤਾਂਈ "ਰਾਜ਼" ਦੀ ਮੈਂ ਆਖਦਾ ਹਾਂ,
ਗਊ ਤੇ ਗ਼ਰੀਬ ਤੇਰੇ ਆਇਆਂ ਸੁਖ ਪਾਵੇਗਾ।

Sri Satguru Jagjit Singh Ji Elibrary NamdhariElibrary@gmail.com

ਕਹਾਣੀ :

ਬੇ-ਜ਼ਬਾਨ

ਸ੍ਰੀ ਸੰਤੋਖ ਸਿੰਘ 'ਸਾਜਨ'

ਅੜੀਏ ! ਮੇਰਾ ਮਾਲਕ ਜਿੰਨਾਂ ਮੈਨੂੰ ਪਿਆਰ ਕਰਦਾ ਸੀ ਸ਼ੈਦ ਹੀ ਦੁਨੀਆਂ ਵਿਚ ਕੋਈ ਹੋਵੇਗੀ ਜਿੰਨੂੰ ਪਿਆਰ ਘੁਟਾਂ ਦਾ ਅਨੰਦ ਮਿਲਿਆ ਹੋਵੇ। ਮੇਰੀ ਬੂਥੀ ਨੂੰ ਫੜ ਜਦੋਂ ਵੀ ਆਪਣੇ ਗਲ ਨਾਲ ਲਾਂਦਾ ਮੈਨੂੰ ਆਪਣੇ ਆਪ ਦੀ ਹੋਸ਼ ਨਾ ਰਹਿੰਦੀ ਤੇ ਮੇਰਾ ਜੀ ਕਰਦਾ, ਮੈਂ ਇਸਤੋਂ ਇਕ ਪਲ ਵੀ ਨਾ ਵਿਛੜਾਂ। ਸਮਾਂ ਬੀਤਦਾ ਗਿਆ ਤੇ ਹਰ ਦਿਨ ਸਜਰੇ ਉਤਸ਼ਾਹ ਨਾਲ ਚੜ੍ਹਦਾ ਰਿਹਾ, ਉਹ ਪਹਿਲਾ ਦਿਨ ਸੀ, ਜਦੋਂ ਮੇਰੇ ਦਿਲ ਨੇ ਕੁਝ ਡਰ ਮਹਿਸੂਸ ਕੀਤਾ ! ਪਰ ਉਹ ਵੀ ਬਦਲਾਂ ਦੀ ਪਰਛਾਈ ਵਾਂਗ ਮੇਰੀਆਂ ਅਖਾਂ ਅਗੋਂ ਅਲੋਪ ਹੋ ਗਿਆ। ਜਦੋਂ ਮੇਰੇ ਬਚੇ ਨੂੰ ਉਸਨੇ ਮੇਰੇ ਨਾਲੋਂ ਵੀ ਵਧ ਉਤਸ਼ਾਹ ਨਾਲ ਤਕਿਆ ਤੇ ਉਹਦੇ ਨਿਕੇ ਜਿਹੇ ਮੂੰਹ ਵਿਚ ਗੁੜ ਪਾਕੇ ਮੁੜ ਮੁੜ ਉਹਦੀ ਕੰਡ ਤੇ ਹਥ ਫੇਰ ਰਿਹਾ ਸੀ, ਉਸ ਵੇਲੇ ਮੈਨੂੰ ਪਤਾ ਨਾ ਲਗਾ ਕਿ ਮੈਂ ਇਸਨੂੰ ਇਸਦੇ ਬਦਲੇ ਵਿਚ ਕੀ ਦੇਵਾਂ। ਤੇ ਮੈਂ ਨਿਮਾਣੀ ਦੇ ਵੀ ਕੀ ਸਕਦੀ ਸਾਂ। ਉਹ ਤਾਂ ਸਗੋਂ ਉਲਟਾ ਮੈਨੂੰ ਪਰਸੰਨ ਕਰਨ ਵਿਚ ਲਗਾ ਹੋਇਆ ਸੀ। ਤੇ ਮੈਨੂੰ ਇਹ ਪਤਾ ਨਾ ਲਗਦਾ ਕਿ ਆਖਰ ਇਹਦੀ ਮੇਰੀ ਸਾਂਝ ਕੀ ਹੈ। ਇਹ ਕਿਉਂ ਮੈਨੂੰ ਇਨਾਂ ਪਿਆਰ ਕਰਦਾ ਏ। ਆਖਰ ਮੈਂ ਵੀ ਸੋਚ ਲਿਆ ਸੀ ਕਿ ਮੇਰੇ ਬਚੇ ਨੂੰ ਜੇ ਇਹ ਆਪਣੇ ਬਚਿਆਂ ਨਾਲੋਂ ਵਧ ਪਿਆਰ ਕਰਦਾ ਹੈ ਤਾਂ ਮੈਂ ਵੀ ਇਹਦੇ ਬਚਿਆਂ ਨੂੰ ਆਪਣੇ ਲਾਲ ਕਿਉਂ ਘਟ ਸਮਝਾਂ। ਬਸ ਮੇਰੇ ਦਿਲ ਵਿਚ ਇਹ ਖਾਹਸ਼ ਘਰ ਕਰ ਗਈ, ਤੇ ਨਾਲੇ ਮੈਂ ਨਿਮਕ ਹਰਾਮ ਥੋੜੀ ਸਾਂ ਮੈਨੂੰ ਆਪਣਾ ਤੇ ਆਪਣੇ ਮਾਸੂਮ ਬਚੇ ਦਾ ਕੋਈ ਫਿਕਰ ਨਾ ਰਹਿੰਦਾ। ਸਾਰਾ ਦਿਨ ਭਾਵੇਂ ਮੈਂ ਕਿਥੇ ਪਈ ਫਿਰਾਂ, ਪਰ ਦਿਨ ਛਿਪਣ ਤੋਂ ਪਹਿਲਾਂ ਹੀ ਇਕ ਲਿੱਲ ਮੈਨੂੰ ਬੇ-ਵਸ ਕਰ ਦੇਂਦੀ, ਮੈਨੂੰ ਰੁਖਾ ਸੁਕਾ ਖਾਣ ਦਾ ਵੀ ਕੋਈ ਖਿਆਲ ਨਾ ਰਹਿੰਦਾ ਤੇ ਮੈਂ ਘਰ ਨੂੰ ਨਸ ਤੁਰਦੀ। ਕਿਉਂਕਿ ਮੇਰੇ ਮਾਲਕ ਦੇ ਬਚਿਆਂ ਦ ਦੁਧ ਪੀਣ ਦਾ ਉਹ ਵਕਤ ਹੁੰਦਾ ਸੀ। ਇਓਂ ਸਾਡਾ ਸਮਾਂ ਲੰਘਦਾ ਗਿਆ ਕਦੀ ਕਿਸੇ ਨੂੰ ਕੋਈ ਗਿੱਲਾ ਨਾ ਆਇਆ। ਮੇਰਾ ਦੂਸਰਾ ਬਚਾ ਵੀ ਜੁਆਨ ਹੋ ਚੁਕਾ ਸੀ ਤੇ ਤੀਸਰਾ ਮੇਰੀ ਮਮਤਾ ਦੀ ਲੜੀ ਨੂੰ ਪੂਰੀ ਕਰੀ ਰਖਦਾ। ਇਕ ਦਿਨ ਦੀ ਗਲ ਹੈ ਕਿ ਮੇਰੇ ਮਾਲਕ ਦੇ ਨਾਲ ਉਸਦਾ ਇਕ ਦੋਸਤ ਉਹਦੇ ਘਰ ਆਇਆ। ਮੇਰੇ ਬਚੇ ਉਨ੍ਹਾਂ ਦੋਹਾਂ ਦੇ ਅਗੇ ਸਾਂਵੇਂ ਇਕ ਚਾਲ ਤੁਰੇ ਆਉਂਦੇ ਮੇਰੇ ਕੋਲ ਹੀ ਆਨ ਖਲੋਤੇ। ਮੇਰੇ ਮਾਲਕ ਨੇ ਆਪਣੇ ਦੋਸਤ ਨੂੰ ਉਨ੍ਹਾਂ ਦੇ ਗਲੋਂ ਪੰਜਾਲੀ ਲਾਹੁੰਦਿਆਂ ਆਖਿਆ ਇਹ ਦੋਵੇਂ ਬਲਦ ਇਸ ਗਊ ਦੇ ਪੁਤਰ ਹਨ। ਸਾਨੂੰ ਤਾਂ ਇਹਨਾਂ ਦਾ ਹੀ ਆਸਰਾ ਹੈ। ਇਹਨਾਂ ਗਊ ਦਿਆਂ ਜਾਇਆਂ ਕਦੇ ਨਾਂਹ ਨਹੀਂ ਕੀਤੀ। ਇਹਨਾਂ ਦੀ ਹਿੰਮਤ ਨਾਲ ਮੇਰੀ ਪੈਲੀ ਵਿਚੋਂ ਲਖਾਂ ਯਤੀਮਾਂ ਲਈ ਅਨਾਜ ਪੈਦਾ ਹੋਇਆ ਹੈ। ਅਤੇ ਕਈ ਵਿਧਵਾਵਾਂ ਦੀ ਪਤ ਢਕਣ ਲਈ ਨਰਮਿਆਂ ਨੂੰ ਫੁਲ ਲਗੇ ਹਨ। ਇਹਨਾਂ ਨੇ ਸੁਕਾ ਖਾ ਕੇ ਵੀ ਪੋਹ ਦੀ ਕਕਰੀਲੀ ਰਾਤ ਅਤੇ ਜੇਠ ਦੀ ਦੁਪਹਿਰ ਨੂੰ ਟਿਚ ਸਮਝਿਆ। ਅਤੇ ਮੇਰੇ ਦੁਖੀ ਜੀਵਨ ਵਿਚ ਹਰ ਰੋਜ ਦਿਵਾਲੀ ਲੈ ਆਂਦੀ ਹੈ। ਐਸ ਗਊ ਨੇ ਮੇਰੇ ਮਸੂਮ ਬਚਿਆਂ ਨੂੰ ਮੇਰੀ ਮਾਂ ਦੀ ਘਾਟ ਮਹਿਸੂਸ ਨਹੀਂ ਹੋਣ ਦਿਤੀ।

ਮੇਰਾ ਮਨ ਉਦੋਂ ਅਤੀ ਪਰਸੰਨ ਸੀ ਕਿ ਮੇਰੇ ਬਚੇ ਮਾਲਕ ਦੀ ਸੇਵਾ ਕਰ ਰਹੇ ਹਨ। ਮੈਂ ਆਪਣੇ ਮਾਸੂਮ ਬਚੇ ਦੀ ਕੋਈ ਪਰਵਾਹ ਨਾ ਕੀਤੀ ਤੇ ਆਪਣੇ ਮਾਲਕ ਦੇ ਡੋਲ੍ਹੇ ਨੂੰ ਦੁਧ ਨਾਲ ਉਛਾਲ ਦਿਤਾ, ਬਚਿਆਂ ਨੂੰ ਥਣਾਂ ਚੋਂ ਡੇਕੇ ਦੇਕੇ ਤੇ ਜ਼ਬਾਨ ਨਾਲ ਚੱਟਕੇ ਹੀ ਉਹਨਾਂ ਦੀਆਂ ਭੁਖਾਂ ਨੂੰ ਸਦਾ

Sri ~~Satguru Jagjit~~ Singh Ji Elibrary NamdhariElibrary@gmail.com

ਲਈ ਖਤਮ ਕਰ ਦਿਤਾ ਅਤੇ ਆਖਿਆ : ਸ਼ਾਬਾਸ਼ ਪੁਤਰ ਮਾਲਕ ਦੀ ਸੇਵਾ ਕਰਨ ਵਿਚ ਹੀ ਭਲਾ ਹੈ। ਸਾਰੀ ਜੁਆਨੀ ਤਾਂ ਪਤਾ ਨਹੀਂ ਕੀ ਹੋ ਗਿਆ ਸੀ ਉਹ ਤਾਂ ਮੇਰੇ ਮਾਲਕ ਦਿਆਂ ਹਥਾਂ ਵਿਚ ਇਉਂ ਬੀਤ ਗਈ ਜਿਉਂ ਸੁਹਾਗ ਦੀ ਰਾਤ ਦਾ ਪਤਾ ਨਹੀਂ ਲਗਦਾ। ਆਖਰ ਮੇਰੇ ਮਾਲਕ ਮੇਰੇ ਤੇ ਬੁਢੇਪਾ ਆ ਪਰਬਲ ਹੋਇਆ ਮੇਰੀ ਖੱਲ ਢਿਲਕ ਗਈ ਤੇ ਦੁਧ ਦੇਣ ਵਾਲੀਆਂ ਨਾੜਾਂਸੁੰਗੜ ਗਈਆਂ ਮੇਰੇ ਥਣ ਹੁਣ ਚਿਚੜਾਂ ਦਾ ਆਸਰਾ ਬਣ ਗਏ। ਮੇਰਾ ਮਾਲਕ ਜੋ ਮੈਨੂੰ ਪਿਆਰ ਕਰਦਾ ਸੀ ਮੇਰੇ ਵਲ ਤਕਦਾ ਵੀ ਨਾ। ਮੈਂ ਆਪਣੇ ਪੁਤਰਾਂ ਦੀ ਖੁਰਲੀ ਵਿਚੋਂ ਕਢਕੇ ਸੁਟੇ ਹੋਏ ਕੱਖਾਂ ਨੂੰ ਖਾਕੇ ਢਿਡ ਭਰ ਲੈਂਦੀ, ਕਈ ਵਾਰ ਸੁਕੀ ਟੋਟੀ ਮੇਰੇ ਤਾਲੂ ਵਿਚ ਜਾ ਖੁਭਦੀ ਤੇ ਮੈਂ ਪੀੜ ਨਾਲ ਵਿਆਕੁਲ ਹੋ ਉਠਦੀ ਕਿਉਂਕਿ ਮੇਰੇ ਮੂੰਹ ਵਿਚ ਦੰਦ ਨਹੀਂ ਸਨ। ਜੇ ਮੈਂ ਕਦੇ ਭੁਲ ਭੁਲੇਖੇ ਭੁਹਾੜੇ ਵਿਚ ਪਏ ਚੰਗੇ ਪਠਿਆਂ ਨੂੰ ਮੂੰਹ ਜਾ ਮਾਰਦੀ ਤਾਂ ਮੈਨੂੰ ਪਿਆਰ ਕਰਨ ਵਾਲਾ ਮਾਲਕ ਮੇਰੇ ਸੁਕੇ ਪਿੰਜਰ ਤੇ ਆਪਣੇ ਪੂਰੇ ਤਾਣ ਨਾਲ ਸੋਟਾ ਮਾਰਦਾ ਜਿਸਦੀ ਪੀੜ ਮੇਰੇ ਧੁਰ ਦਿਲ ਤਕ ਪਹੁੰਚਦੀ। ਪਰ ਮੇਰੇ ਅੰਦਰੋਂ ਉਸਲਈ ਇਕਵੀਬੁਰਾਲਫਜ਼ਨਾ ਨਿਕਲਦਾ ਕਿਉਂਕਿ ਮੈਂ ਗਊ ਜੋ ਹੋਈ। ਪਰ ਮੈਨੂੰ ਪਤਾ ਲਗ ਚੁਕਾ ਸੀ ਕਿ ਮੇਰਾ ਮਾਲਕ ਮੈਨੂੰ ਪਿਆਰ ਨਹੀਂ ਸੀ ਕਰਦਾ ਮੇਰੇ ਦੁਧ ਪੁਤ ਨੂੰ ਪਿਆਰ ਕਰਦਾ ਸੀ।

ਆਪਣੇ ਸਰੀਰ ਦਾ ਬਲ ਅਪਣੇ ਦੁਧ ਰਾਹੀ ਮੈਂ ਉਹਦੇ ਬਚਿਆਂ ਨੂੰ ਬਖਸ਼ ਕੇ ਬਲਵਾਨ ਬਣਾ ਦਿਤਾ ਸੀ। ਤੇ ਓਹਦੀ ਸਦਾ ਲਈ ਭੁਖ ਮਿਟਾਨ ਲਈ ਅਪਣੇ ਲਾਲ ਬਖਸ਼ ਦਿਤੇ ਸਨ।ਪਰ ਉਹ ਮੇਰੀ ਬੁਢੀ ਉਮਰ ਵਿਚ ਦੋ ਮੁਠ ਕਖਾਂ ਨਾਲ ਮੇਰੀ ਭੁਖ ਨੂੰ ਖਤਮ ਨਾ ਕਰ ਸਕਿਆ। ਮੇਰੇ ਭੁਖੀ ਤੇ ਓਹਨੂੰ ਤਰਸ ਆਇਆ ਤਾਂ ਉਸਨੇ ਗਲ ਚੋਂ ਰਸਾ ਲਾਹ ਦਿਤਾ ਕਿ ਮੈਂ ਅਪਣੀ ਪੇਟ ਪ੍ਰਸਤੀ ਕਰ ਲਵਾਂ। ਮੈਂ ਲੋਕਾਂ ਦੀਆਂ ਪੈਲੀਆਂ ਵਿਚ ਭੁਖੀਆਂ ਆਂਦਰਾਂ ਨੂੰ ਧਰਵਾਸ ਦੇਣ ਜਾਂਦੀ, ਪਰ ਮੇਰੀ ਕਿਸਮਤ ਵਿਚ ਹਰ ਪਾਸਿਉਂ ਡੰਡੇ ਹੀ ਸਨ। ਮੈਨੂੰ ਆਪਣੀ ਮਾਰ ਦਾ ਕੋਈ ਫਿਕਰ ਨਹੀਂ ਸੀ। ਦੁਖ ਦੀ ਗਲ ਏਹ ਸੀ ਕਿ ਮੈਨੂੰ ਜਦੋਂ ਵੀ ਕੋਈ ਮਾਰਦਾ ਉਹ ਨਾਲ ਆਖਦਾ—ਸਾਂਈ ਮਰੀ ਖੁਲੀ ਛਡਣ ਵਾਲਾ। ਤੇ ਮੇਰੇ ਕੰਨ ਇਹ ਸੁਣ ਕੇ ਸਹਾਰ ਨਾ ਸਕਦੇ ਮੈਂ ਮੁੜ ਮਾਲਕ ਦੇ ਘਰ ਪਰਤ ਆਉਂਦੀ, ਮੇਰੇ ਭਾਗ! ਮੇਰੇ ਮਾਲਕ ਨੇ ਮੇਰੇ ਬਚਿਆਂ ਤੇ ਉਸ ਘਰ ਨਾਲੋ ਜਿਥੇ ਮੈਂ ਪੁਤਰਾਂ ਤੇ ਪੁਤਰਾਂ ਤੋਂ ਪਿਆਰੇ ਮਾਲਕ ਦੇ ਬਚਿਆਂ ਨੂੰ ਪਾਲਿਆ ਸੀ ਮਾਲਕ ਦਾ ਪਿਆਰ ਤੇ ਮਾਰ ਦੋਵੇਂ ਮਾਣੇ ਸਨ। ਭਾਂਵੇਂ ਮੈਂ ਇਥੇ ਸੁਖੀ ਨਹੀਂ ਸਾਂ ਪਰ ਫਿਰ ਵੀ ਮੇਰਾ ਜੀ ਨਾ ਕਰਦਾ ਕਿ ਮੈਂ ਇਥੋਂ ਜਾਵਾਂ ਮੇਰੀਆਂ ਆਖਾਂ ਵਿਚੋਂ ਗਰਮ ਅਥਰੂ ਵਹਿ ਤੁਰੇ, ਮੇਰੀ ਮਮਤਾ ਮੈਨੂੰ ਪੈਰ ਨਾ ਪੁਟਣ ਦੇਂਦੀ ਤੇ ਮੇਰਾ ਦਿਲ ਪਲ ਪਲ ਨਿਘਰਦਾ ਜਾਂਦਾ। ਮੇਰੀ ਜਬਾਨ ਹੁੰਦੀ ਤਾਂ ਮੈਂ ਮਾਲਕ ਨੂੰ ਜਰੂਰ ਕਹਿ ਦੇਂਦੀਕਿਮੈਨੂੰ ਕਖਨਾਂ ਪਾਈਂ ਪਰ ਮੈਨੂੰ ਇਥੋਂ ਤੋਰ ਨਾ।

ਪਰ ਕੀ ਕਰਦੀ ਮੈਂ ਇਕ ਬੇਜ਼ਬਾਨ ਗਊ ਸਾਂ। ਕੁਛ ਵੀ ਆਖ ਨਾ ਸਕੀ ਤੇ ਸਾਰੀ ਉਮਰ ਦੇ ਬਣਾਏ ਆਪਣੇ ਘਰ ਨੂੰ ਸਦਾ ਛਡ ਕੇ ਤੁਰ ਪਈ। ਕਿਉਂਕਿ ਮੇਰੇ ਗਲ ਦਾ ਰਸਾ ਕਿਸੇ ਦੂਸਰੇ ਦੇ ਹਥ ਸੀ। ਤੇ ਮੇਰੇ ਮਾਲਕ ਦੇ ਬੋਝੇ ਵਿਚ ਦੋ ਦਮੜੀਆਂ ਪੈ ਚੁਕੀਆਂ ਸਨ। ਮੈਨੂੰ ਨਵਾਂ ਮਾਲਕ ਖਿਚੀ ਲਈ ਤੁਰਿਆ ਜਾ ਰਿਹਾ ਸੀ ਪਰ ਮੈਂ ਫਿਰ ਵੀ ਇਕ ਵਾਰੀ ਓਸੇ ਘਰ ਨੂੰ ਆਖਰੀ ਵਾਰ ਤਕਿਆ ਤੇ ਅੜਿੰਗ ਕੇ ਆਪਣੇਂ ਮਾਲਕ ਨੂੰ 'ਸੁਖੀ ਰਹੋ' ਆਖਿਆ—ਤੇ ਪੁਤਰਾਂ ਨੂੰ ਸਮਝਾਇਆ ਕੇ ਤੁਸੀਂ ਨਿਮਕ ਹਰਾਮ ਨਹੀਂ ਹੋਣਾਂ। ਮੈਨੂੰ ਹੁਣ ਇਸ ਵਲਗਣ ਵਿਚ ਤੁਹਾਡੇ ਨਾਲ ਭੁਖੀ ਖਲੋਤੀ ਨੂੰ ਅਜ ੧੫ ਦਿਨ ਬੀਤ ਚੁਕੇ ਹਨ ਔਹ ਸਾਹਮਣੀ ਖੁਰਲੀ ਵਿਚ ਸਾਡੇ ਵਾਸਤੇ ਹੀ ਅਜ ਹਰੇ ਪਠੇ ਪਾਇ ਗਏ ਜਾਪਦੇ ਹਨ ਅਜ ਰਜ ਕੇ ਖਾਂਵਾਂ ਗੀਆਂ ਨਵਾਂ ਮਾਲਕ ਚੰਗਾ ਹੀ ਜਾਪਦਾ ਹੈ ਅਜ ਪਠੇ ਮਿਲੇ ਹਨ- ਇਨੇ ਨੂੰ ਬੁਚੜਖਾਨੇ ਦੀ ਛੁਰੀ ਨੇ ਗਊਆਂ ਦੀਆਂ ਧੌਣਾ ਲਾਹ ਸੁਟੀਆਂ-'ਹੈਂ ਇਹ ਕੀ' ਮੇਰੀ ਬੇ-ਜਬਾਨ ਗਊ ਦੀ ਵਢੀ ਧੌਣ ਵਿਚੋਂ ਜਬਾਨ ਬੋਲ ਰਹੀ ਸੀ।

Sri Satguru Jagjit Singh Ji Elibrary [redacted]@gmail.com

ਗਊ
ਸੇਵਾ
ਦਾ
ਫਲ

ਸ੍ਰੀ ਕਰਤਾਰ ਸਿੰਘ ਜੀ

ਸਿਮਰਨ ਕਰਨੇ ਨਾਲ ਕਾਮ ਧੇਨ ਗਊ ਦੀ ਪ੍ਰਾਪਤੀ ਹੈ ਜਿਸ ਤੋਂ ਇਛਾਵਾਂ ਤੇ ਕਾਮਨਾਵਾਂ ਪੂਰੀਆਂ ਹੁੰਦੀਆਂਹਨਸੋਈਸ਼ਵਰ ਦੀ ਕਿਰਪਾ ਨਾਲ ਜਿਸ ਗਊ ਦੀ ਅਸੀਂ ਸੇਵਾ ਕਰਾਂਗੇ ਉਹ ਗਊ ਕਾਮ ਧੇਨ ਹੋਕੇ ਸਭ ਇਛਾਵਾਂ ਸਾਡੀਆਂ ਪੂਰੀਆਂ ਕਰੇਗੀ। ਇਥੇ ਮੈਂ ਇਹ ਵੀ ਅਰਜ ਕਰ ਦੇਵਾਂ ਕਿ ਸ੍ਰੀ ਮਾਨ ਸੰਤ ਕੇਸਰ ਸਿੰਘ ਜੀ ਚੁਪ ਸੈਖਵਾਂ ਵਾਲੇ ਜਦ ਗੁਜਰਾ ਵਾਲੇ ਡੇਰੇ ਵਿਚ ਸੀ ਤੇ ਉਹ ਗਊਆਂ ਦੀ ਸੇਵਾ ਹਮੇਸ਼ਾ ਕਰਵਾਇਆ ਕਰਦੇ ਸੀ ਇਕ ਗਊ ਆਪਣੇ ਦੁਧ ਵਾਸਤੇ ਰਖਦੇ ਸੀ ਤੇ ਬਾਕੀ ਦੁਧ ਦੇਨ ਵਾਲੀਆਂ ਗਊਆਂ ਸਿਖਾਂ ਲੋੜ ਵੰਦਾਂ ਨੂੰ ਆਪਨੇ ਬਾਲ ਬਚਿਆਂ ਵਾਸਤੇ ਪਿੰਡਾਂ ਵਿਚ ਦੇ ਦਿੰਦੇ ਸੀ ਤੇ ਉਹ ਬਾਕੀ ਸੁਕੀਆਂ ਗਊਆਂ ਦੀ ਸੇਵਾ ਆਪਨੇ ਸੇਵਕਾਂ ਪਾਸੋਂ ਕਰਵਾਂਦੇ ਸੀ ਕਿਓਂ ਕਿ ਉਹ ਸ੍ਰੀ ਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ ਸੀ ਅਤੇ ਆਦਿ ਗਰੰਥ ਸਾਹਿਬ ਅੰਕ ੧੧੬੫ ਬਾਣੀ ਭਗਤ ਨਾਮ ਦੇਵ ਰਾਗ ਭੈਰਉ। ਵਿਚ ਲਿਖਿਆ ਹੈ:—

ਨਾਮਾ ਪ੍ਰਣਵੈ ਮਸੇਲ ਮੇਲ। ਗਊ ਦੁਹਾਈ ਬਛਰਾ ਮੇਲ। ਬਾਦਿਸ਼ਾਹੁ ਮਹਲ ਮਹਿ ਜਾਇ। ਅਉ ਘਟ ਕੀ ਘਟ ਲਾਗੀ ਆਇ। ਕਾਜੀ ਮੁਲਾਂ ਬਿਨਤੀ ਫੁਰਮਾਇ।

ਬਖਸੀ ਹਿੰਦੂ ਮੈਂ ਤੇਰੀ ਗਾਇ।

ਨਾਮ ਦੇਵ ਜੀ ਨੇ ਸੁਲਤਾਨ ਦੇ ਮਜਬੂਰ ਕਰਨੇ ਪਰ ਮੋਈ ਹੋਈ ਗਊ ਜਵਾਈ ਫਿਰ ਪਾਤਸ਼ਾਹ ਨੂੰ ਮਹਲ ਵਿਚ ਜਾਕੇ ਬਹੁਤ ਸ਼ਰੀਰਕ ਦੁਖ ਹੋਇਆ ਸੂਲ ਪਇਆਤੇ ਕਾਜੀ ਮੁਲਾਂ ਬੇਨਤੀਆਂ ਕਰਨ ਲਗੇ ਤੇ ਸੁਲਤਾਨ ਦੀ ਤਰਫੋਂ ਗਊ ਦਾ ਵਾਸਤਾ ਪਾਕੇ ਤਰਲੇ ਕੀਤੇ ਕੇ ਨਾਮ ਦੇਵ ਜੀ ਸੁਲਤਾਨ ਨੂੰ ਬਖਸ਼ੋ ਤੇ ਅਰੋਗ ਕਰੋ। ਭਾਈਗੁਰਦਾਸ ਜੀ ਲਿਖਦੇ ਹਨ—

ਲਖ ਨਿੰਦਕ ਲਖ ਬੇਮੁਖੀ ਦੂਤ ਦੁਸ਼ਟ ਲਖ ਲੂਣ ਹਰਾਮੀ। ਸੁਾਮੀ ਧਰੋਹੀ ਅਕਿਰਤ-

Sri Satguru Jagjit Singh Ji Elibrary NamdhariElibrary@gmail.com

ਘਣ ਚੋਰ ਜਾਰ ਲਖ ਲਖ ਪਹਿਨਾਮੀ ॥

ਬ੍ਰਹਮਣ ਗਾਂਈ ਵੰਸ ਘਾਤ ਲਾਇ ਤਬਾਰ ਹਜਾਰ ਅਸਾਮੀ

(ਗੁਨਾਹਗਾਰ)

ਅਰਥਾਤ ਬ੍ਰਹਮਣ ਤੇ ਗਊ ਦਾ ਮਾਰਣਾ ਹਜਾਰਾਂ ਗੁਨਾਹਾਂ ਦੇ ਬਰਾਬਰ ਹੈ –

ਬ੍ਰਾਹਮਣ ਪੂਜੈ ਦਵਤੇ ਧੰਨਾ ਗਊ ਚਰਾਵਣ ਆਵੈ। ਧਨੈ ਡਿਠਾ ਚਲਤ ਇਹ ਪੁਛੈ ਬਾਹਮਨ ਆਖ ਸੁਨਾਵੈ।

ਈਸ਼ਵਰ ਦੀ ਪੂਜਾ ਕਰਨੀ ਤੇ ਗਊ ਚਾਰਨ ਦੋਵੇਂ ਉਤਮ ਕਰਮ ਹਨ। ਭਾਈ ਗੁਰਦਾਸ ਜੀ ਫੁਰਮਾਂਦੇ ਹਨ–

ਬ੍ਰਹਮਣ ਗਾਂਈ ਵੰਸ ਘਾਤ ਅਪਰਾਧ ਕਰਾਰੇ। ਮਦ ਪੀ ਜੂਆ ਖੇਡਦੇ ਜੋਹਨ ਪਰ ਨਾਰੇ। ਮੋਹਨ ਪਰਾਈ ਲਛਮੀ ਠਗ ਚੋਰ ਦੰਗਾਰੇ। ਵਿਸ਼ਵਾਸ ਧਰੋਈ ਅਕਿਰਤ ਘਨ ਪਾਪੀ ਹਤਿਆਰੇ। ਲਖ ਕਰੋੜੀ ਜੋੜੀਅਨ ਅਨਗਿਨਤ ਅਪਾਰੇ। ਇਕਤ ਲੋਂਦੇ ਨ ਪੁਜਨੀ ਬੇਮੁਖ ਗੁਰਦਵਾਰੇ।

ਜਿਸ ਤੋਂ ਸਿਧ ਹੁੰਦਾ ਹੈ ਕਿ ਬ੍ਰਹਮਣ ਗਊ ਤੇ ਵੰਸ ਘਾਤ ਅਪਰਾਧ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਚੰਦੂ ਖਤਰੀ ਲਾਹੌਰ ਵਿਚ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਤੀਆਂ ਲੋਹਾਂ ਤੇ ਸੜਦੀਆਂ ਰੇਤਾਂ ਸਿਰ ਵਿਚ ਪਾਕੇ ਤੇ ਉਬਲਦੀਆਂ ਦੇਗਾਂ ਵਿਚ ਬਿਠਾਕੇ ਹਾਰ ਗਿਆ ਪਰ ਸਤਿਗੁਰੂ ਜੀ ਨੇ ਵੀ ਉਸ ਦੀ ਲੜਕੀ ਦਾ ਸਾਕ ਨਾ ਮਨਿਆ ਤਾਂ ਇਰਾਦਾ ਕੀਤਾ ਕਿ ਸਚੇ ਪਾਤਸ਼ਾਹ ਜੀ ਨੂੰ ਗਊ ਦੇ ਚਮੜੇ ਵਿਚ ਮੜ੍ਹਵਾਇਆ ਜਾਵੇ ਤਾਂ ਸਚੇਪਾਤਸ਼ਾਹ ਨੇਇਹ ਧਰਮਦੇ ਬਰਖਲਾਫ ਸਮਝਦਿਆਂ ਰਾਵੀ ਵਿਚ ਅਸ਼ਨਾਨ ਕਰਨ ਨੂੰ ਕਿਹਾ ਤੇ ਦੇਹ ਅਲੋਪ ਹੋ ਗਏ ਪਰ ਆਪਨਾ ਸਰੀਰ ਗਊ ਦੇ ਚਮੜੇ ਵਿਚ ਮੜਨ ਨਹੀਂ ਦਿਤਾ।

ਨਾਮਧਾਰੀ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਵਿਚ ਗਊ-ਬਧ ਨੂੰ ਰੋਕਨ ਵਾਸਤੇ ਬੁਚੜਾਂ ਨੂੰ ਮਾਰ ਮੁਕਾਇਆ ਤੇ ਫਿਰ ਖੁਦ ਸ਼ਹੀਦ ਹੋ ਗਏ ਤੇ ਗਊਆਂ ਦੀ ਰਖਿਆ ਕੀਤੀ ਇਹ ਸਭ ਨੂੰ ਚੰਗੀ ਤਰਾਂ ਮਾਲੂਮ ਹੈ, ਦੂਸਰੇ ਵੀ ਕਈ ਸਿੰਘ ਜੋ ਕਿ ਗੈਰ ਨਾਮਧਾਰੀ ਸਨ ਗਊ ਰਖਿਆ ਵਾਸਤੇ ਸ਼ਹੀਦ ਹੋਏ ੧੯੧੦ ਈਸਵੀ ਵਿਚ ਗੁਜਰਾਂਵਾਲੇ ਦੇ ਨਜ਼ਦੀਕ ਇਕ ਪਿੰਡ ਵਿਚ ਇਕ ਸਿੰਘ (ਜਿਸ ਦਾ ਨਾਮ ਸ੍ਰ: ਛਲਮਨ ਸਿੰਘ ਜੀ ਸੀ।) ਉਸਨੂੰ ਬਹੁਤੇ ਮੁਸਲਮਾਨਾਂ ਨੇ ਘੇਰੇ ਵਿਚ ਇਕਲੇ ਨੂੰ ਪਕੜ ਲਿਆ ਤੇ ਬਕਰੀਦ ਪੁਰ ਗਊ ਮਾਰਨੇ ਨੂੰ ਕਿਹਾ ਉਸਨੇ ਢੰਗ ਨਾਲ ਉਨ੍ਹਾਂ ਪਾਸੋਂ ਤਲਵਾਰ ਲੈ ਲਈ ਤੇ ਉਪਰਲੇ ਦਿਲੋਂ ਉਨ੍ਹਾਂ ਨੂੰ ਹਾਂ ਕਹਿ ਦਿਤੀ ਤੇ ਤਲਵਾਰ ਲੈਣ ਬਾਦ ਗਊ ਦੀ ਬਜਾਏ ਮੁਸਲਮਾਨਾਂ ਪਰ ਟੁਟ ਪਿਆ ਤੇ ਪੰਜ ਛੇ ਮੁਸਲਮਾਨ ਮਾਰ ਦਿਤੇ ਤੇ ਬਾਕੀ ਨਸ ਗਏ ਫਿਰ ਉਹ ਗਊ ਨੂੰ ਛੁੜਾਕੇ ਘਰ ਲੈ ਗਿਆ। ਕੇਸ ਚਲਨੇ ਪਰ ਉਸਨੂੰ ਫਾਂਸੀ ਮੌਤ ਦੀ ਸਜ਼ਾ ਸੁਨਾਈ ਗਈ, ਚਾਰ ਪੰਜ ਮਹੀਨੇ ਓਹ ਜੇਲ੍ਹ ਵਿਚ ਰਿਹਾ ਤੇ ਉਸਨੇ ਭਜਨ ਬੰਦਗੀ, ਪਾਠ, ਕੀਰਤਨ ਦਾ ਇਤਨਾ ਪਰਵਾਹ ਜਾਰੀ ਰਖਿਆ ਕਿ ਹਿੰਦੂ ਦਰੋਗਾ ਸਿਖੀ ਦਾ ਉਪਾਸ਼ਕ ਹੋ ਗਿਆ ਤੇ ਜਿਸ ਵਕਤ ਉਸਨੂੰ ਫਾਂਸੀ ਪਰ ਲਟਕਾਇਆ ਗਿਆ ਜੇਲ੍ਹ ਵਾਲੇ ਤੇ ਦਰੋਗਾ ਤੇ ਹੋਰ ਸਾਰੇ ਸ਼ਹਿਰ ਵਾਲੇ ਉਸਨੂੰ ਵੇਖਨ ਗਏ ਸੀ

Sri Satguru Jagjit Singh Ji Elibrary NamdhariElibrary@gmail.com

ਬੜਾ ਸ਼ੋਕ ਮਨਾਇਆ ਗਿਆ ! ਸਿਖਾਂ ਨੇ ਹੜਤਾਲ ਕੀਤੀ ਤੇ ਖਾਲਸਾ ਸਕੂਲ ਬੰਦ ਕੀਤਾ ਗਿਆ ਤੇ ਸ੍ਰ: ਲਛਮਨ ਸਿੰਘ ਜੀ ਖੁਸ਼ੀਰ ਫਾਂਸੀ ਦੇ ਤਖਤੇ ਪਰ ਅਪਨੀ ਹਥੀਂ ਰੇਸ਼ਮੀ ਰੱਸੀ ਨਾਲ ਸ਼ਹੀਦ ਹੋ ਗਿਆ ਚੂੜੇ ਪਾਸੋਂ ਤੰਦੀ ਨਹੀਂ ਪੁਵਾਈ। ਉਸਦੇ ਵਕਤ ਦੇ ਬਹੁਤ ਗੁਜਰਾਂਵਾਲੇ ਦੇ ਹਿੰਦੂ ਸਿਖਾਂ ਨੂੰ ਮਾਲੂਮ ਹੈ ਤਾਂ ਅਖੀਂ ਵੇਖਿਆ ਸੀ ਮੇਰਾ ਇਹ ਮਤਲਬ ਹੈ ਕਿ ਅਜ ਤੋਂ ੩੦ ਯਾ ੩੫ ਸਾਲਾਂ ਪਹਿਲਾਂ ਸਾਰੇ ਸਿਖ ਗਊ ਰਖਿਆ ਦੀ ਰੁਚੀ ਰਖਦੇ ਸੀ ਕੁਛ ਅੰਗਰੇਜ਼ ਰਾਜ ਦੇ ਜੋਰ ਕਰਕੇ ਇਹ ਉਲਟ ਖਿਆਲਾਂ ਦੇ ਦਾ ਹੋ ਗਏ ਹਨ।

ਮੇਰਾ ਪੰਥੀ ਸੰਪਰਦਾਏ ਦਾ ਇਕ ਪ੍ਰਸੰਗ ਹੇਠ ਲਿਖਦਾ ਹਾਂ ਜੋ ਅਖੀਂ ਵੇਖੀ ਗਊ ਦੇ ਬਾਰੇ ਵਿਚ ਹੈ ਕਿ ਉਹ ਵੀ ਗਊ ਰਖਸ਼ਕ ਪੂਰੇ ਹੈਨ।

ਮੈਂ ਝੰਗ ਦੇ ਜਿਲੇ ਵਿਚ ਸੀ ਉਥੇ ਇਕ ਅਡਾ ਨਗਰ ਗਰਾਂ ਕੋਈ ੩੦ ਮੀਲ ਝੰਗ ਤੋਂ ਹੈ ਤੇ ਹਿੰਦੂ ਤੇ ਮੁਸਲਮਾਨ ਸਾਰੇ ਸਾਂਝੇ ਰਹਿੰਦੇ ਸੀ ਸੇਵਾ ਪੰਥੀਆਂ ਦਾ ਇਕ ਬੜਾ ਗੁਰਦਵਾਰਾ ਸੀ ਜਿਸਦੇ ਮਹੰਤ ਸਾਹਿਬ ਚਾਰ ਪੰਜ ਪੀੜ੍ਹੀਆਂ ਤੋਂ ਬੜੇ ਭਜਨੀਕ ਤੇ ਉਚਕੋਟੀ ਦੇ ਮਹਾਤਮਾ ਸੀ ਤੇ ਸਿਖੀ ਸੇਵਕੀ ਉਨ੍ਹਾਂ ਦੀ ਬਹੁਤ ਚਲਦੀ ਸੀ ਉਨ੍ਹਾਂ ਦੇ ਉਸ ਵਕਤ ਦੇ ਮਹੰਤ ਸੀ ਸ੍ਰੀਮਾਨ ਭਾਈ ਸਾਹਿਬ ਕਰਮ ਚੰਦ ਸੀ ਤੇ ਉਨ੍ਹਾਂ ਨੇ ਮੈਨੂੰ ਪ੍ਰਸੰਗ ਵੀ ਸੁਨਾਇਆ ਤੇ ਮੈਂ ਉਸ ਗਊ ਨੂੰ ਅਖੀਂ ਵੇਖਿਆ ਸੀ ਓਹ ਗਊ ਇਕ ਵਾਰੀ ਸੂਈ ਤੇ ੨੦ ਸਾਲ ਦੇ ਕਰੀਬ ਦੁਧ ਦੇਂਦੀ ਰਹੀ ਬਚਾ ਇਕੋ ਵਾਰੀ ਹੋਇਆ ਪ੍ਰਸੰਗ ਇਸਤਰਾਂ ਹੈ ਕਿ ਓਹ ਗਊ ਇਕ ਹਿੰਦੂ ਘਰਾਣੇ ਵਿਚ ਗਭਨ ਸੀ ਤੇ ਉਸਨੂੰ ਬਚੇ ਦਾ ਪੈਦਾ ਹੋਣ ਵੇਲੇ ਵੀ ਬੜੀ ਤੰਗੀ ਹੋਈ ਤੇ ਉਨ੍ਹਾਂ ਹਿੰਦੂਆਂ ਨੇ ਮਹੰਤ ਜੀ ਦੇ ਬਾਬਾ ਗੁਰੂ ਨੂੰ ਜਾਕੇ ਕਿਹਾ ਅਸੀਂ ਹਿੰਦੂ ਹਾਂ ਤੇ ਬਚਾ ਨਹੀਂ ਪੈਦਾ ਹੋ ਰਿਹਾ ਗਊ ਬੜੀ ਤੰਗ ਹੈ ਤੇ ਸੂੰਦੀ ਨਹੀਂ ਮੁਸਲਮਾਨ ਤਾਂ ਕਈ ਭੈੜੀਆਂ ਤਜਵੀਜਾਂ ਦਸਦੇ ਹਨ ਪਰ ਹਿੰਦੂ ਹੁੰਦਿਆਂ ਮੰਨਣ ਨੂੰ ਤਿਆਰ ਨਹੀਂ ਹਾਂ ਤੇ ਕਿਰਪਾ ਕਰੋ ਗਊ ਦਾ ਛੁਟਕਾਰਾ ਹੋਵੇ ਤੇ ਬਚਾ ਪੈਦਾ ਹੋਵੇ ਮਹੰਤ ਜੀ ਉਨ੍ਹਾਂ ਦੀ ਅਰਜ ਮੰਨਕੇ ਉਨ੍ਹਾਂ ਦੇ ਘਰ ਗਏ ਤੇ ਜਾਕਰ ਅਰਦਾਸ ਕੀਤੀ। 'ਗਊ ਮਾਤਾ ਇਕ ਵਾਰੀ ਸਾਡੀ ਅਰਜ ਮੰਨ ਤੇ ਸੂ ਪਵੇ ਫਿਰ ਬੇਸ਼ਕ ਨਾ ਸੂਨਾ'।

ਮਹੰਤ ਜੀ ਪੂਰੇ ਭਜਨੀਕ ਸਾਧੂ ਸੀ ਉਨ੍ਹਾਂ ਦੀ ਅਰਦਾਸ ਵਿਚ ਤਾਂ ਕੋਈ ਬੋਲ ਸਕਿਆ ਤੇ ਅਰਦਾਸ ਪਿਛੋਂ ਫਿਰ ਘਰ ਵਾਲੇ ਮਹੰਤ ਜੀ ਨੂੰ ਕਹਿਨ ਲਗੇ ਕਿ ਮਹਾਰਾਜ ਇਕੋ ਵਾਰੀ ਸੂਵੇਗੀ ਤੇ ਫਿਰ ਦੁਧ ਨਾ ਦੇਵੇਗੀ ਤਾਂ ਬੁਚੜਾਂ ਪਾਸ ਜਾਵੇਗੀ ਉਨ੍ਹਾਂ ਨੇ ਕਿਹਾ: 'ਸਾਧ ਬਚਨ ਇਕੋ ਵਾਰ ਹੁੰਦਾ ਹੈ।' ਓਨਾਂ ਘਰ ਵਾਲਿਆਂ ਨੇ ਕਿਹਾ ਕਿ ਮਹਾਰਾਜ ਬੁਚੜਾਂ ਤੋਂ ਇਸ ਗਊ ਨੂੰ ਬਚਾਵਨ ਦਾ ਜਤਨ ਕਰਨਾ ਚਾਹਦਾ ਹੈ ਫਿਰ ਸੰਤ ਦਿਆਲ ਹੋਕੇ ਬੋਲੇ ਅਛਾ 'ਸੂਵੇਗੀ ਇਕੋ ਵਾਰੀ ਪਰ ਦੁਧ ਹਮੇਸ਼ਾ ਦੇਂਦੀ ਰਹੇਗੀ।' ਸੋ ਦਾਸ ਨੇ ਗਊ ਅਖੀਂ ਵੇਖੀ ਹੈ ਇਕੋ ਬਚਾ ਹੋਇਆ ਤੇ ਦੁਧ ਆਪਨੀ ਉਮਰ ਭਰ ਦੇਂਦੀ ਰਹੀ। ਮਹੰਤ ਜੀ ਨੇ ਓਸ ਗਊ ਨੂੰ ਆਪਨੇ ਡੇਰੇ ਆਪਨੇ ਵਡੇ ਦਾਦੇ ਗੁਰੂ ਜੀ ਦੀ ਯਾਦਗਾਰ ਰਖੀ ਹੋਈ ਸੀ ਤੇ ਸਿੰਗਾਂ

Sri Satguru Jagjit Singh Ji Elibrary NamdhariElibrary@gmail.com

ਤੇ ਖੁਰਾਂ ਨੂੰ ਚਾਂਦੀ ਦੇ ਹੈਂਕਲ ਟੋਪੀਆਂ ਤੇ ਜੰਜ਼ੀਰਾਂ ਨਾਲ ਸਜਾਇਆ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਖੀਆਂ ਇਕ ਪੁਸਤਕ ਬਿਜੇ ਮੁਕਤ ਵਿਚ ਹੇਠ ਲਿਖੀਆਂ ਹਨ। (ਟਾਇਪ ਦਾ ਛਾਪਾ ਬਿਜੈ ਮੁਕਤ ਧਰਮ ਸ਼ਾਸਤ੍ਰ ਜਿਸ ਕੋ ਹਸਬ ਫ਼ੁਰਮਾਇਸ਼ ਭਾਈ ਹਰੀ ਸਿੰਘ ਜੀ ਲਿਖਾਰੀ ਬੂੰਗਾ ਸਿੰਘ ਪੁਰੀਆਂ ਕੇ ਨਿਵਾਸੀ ਨੇ ਕੀਤੀ ਵਾਰ ਰਜਿਸਟਰੀ ਕਰਵਾ ਕੇ ਵਿਦਿਆ ਪ੍ਰੈਸ ਲਾਹੌਰ ਚੂਨੀ ਮੰਡੀ ਮੇਂ ਛਪਵਾਈ ਸੰਮਤ ਬਿਕਰਮੀ ੧੯੪੩ ਭਾਦਰੋਂ।)

ਆਪਣੀ ਬੀਤੀ ਅਰਜ ਕਰਦਾ ਹਾਂ ਕਿ ੧੯੫੪ ਈਸਵੀ ਵਿਚ ਦਾਸ ਭੋਪਾਲ ਸੀ ਤੇ ਤਿੰਨ ਚਾਰ ਮਹੀਨੇ ਬੀਮਾਰ ਰਿਹਾ ਇਕ ਪੰਡਤ ਪਾਕਸਤਾਨੀ ਸਿਆਲਕੋਟ ਦੇ ਜਿਲੇ ਦਾ ਮੇਰੇ ਪਾਸ ਖਬਰ ਸੁਰਤ ਲੈਣ ਆਇਆ ਕਰਦਾ ਸੀ ਬਚਨ ਕਰਦਿਆਂ ਉਸਨੇ ਮੈਨੂੰ ਸੁਨਾਇਆ ਕਿ ਇਕ ਰਾਜਾ ਨੂੰ ਕਸ਼ਟ ਸੀ ਉਸਨੇ ਗਊਆਂ ਦੀ ਪਾਲਨਾ ਕੀਤੀ ਤਾਂ ਉਸਦਾ ਕਸ਼ਟ ਦੂਰ ਹੋ ਗਿਆ ਸੀ ਉਸਦੀ ਗਲ ਮੇਰੇ ਦਿਲ ਵਿਚ ਖੁਭ ਗਈ ਮੈਂ ਵੀ ਇਕ ਗਊ ਲੀਤੀ ਤੇ ਸੇਵਾ ਕਰਨ ਲਗਾ : 'ਸਚੇ ਪਾਤਸ਼ਾਹ ਦੀ ਕਿਰਪਾ ਹੋਈ ਉਹ ਦੁਧ ਤਾਂ ਥੋੜਾ ਹੀ ਦੇਂਦੀ ਸੀ ਮੇਰੇ ਪੀਣ ਜੋਗਾ ਹੀ ਪਰ ਉਸਨੇ ਮੈਨੂੰ ਰਾਜੀ ਕਰ ਦਿਤਾ ਓਹ ਐਸੀ ਭਾਗਵਾਨ ਸਾਬਤ ਹੋਈ ਕਿ ਮੇਰੇ ਰੀਟਾਇਰ ਹੋਵਨ ਪਰ ਵੀ ਮੇਰੀ ਨੌਕਰੀ ਹੋਰ ਜਗ੍ਹਾ ਲਗ ਗਈ ਸੋ ਗਊ ਦੀ ਪਾਲਨਾ ਮੇਰੇ ਨਿਸਚੇ ਅਨੁਸਾਰ ਹਰ ਦੁਖ ਨੂੰ ਕਟਦੀ ਹੈ।

ਬਿਨਾ ਗਊ ਨਹੀਂ ਦੇਸ਼ ਖੁਸ਼ਹਾਲ ਹੋਣਾ

(ਵਰਿਆਮ ਸਿੰਘ ਪਿਆਸਾ ਸੰਤ ਨਗਰ.

ਗਊ ਘਾਤਕੋ ਛਾਤੀ ਤੇ ਮਾਰ ਵੇਖੋ ਪੈਰੋ ਪੈਰ ਈ ਜੇ ਮੰਦੇ ਹਾਲ ਹੋਣਾ।
ਵੇਖ ਸਕਨਾ ਨਹੀਂ ਮੂਹ ਸਫਲਤਾ ਦਾ ਜਿੰਨਾ ਚਿਰ ਹੈ ਗਊ ਹਲਾਲ ਹੋਣਾ।
ਭੁਖਨੰਗ ਰਹੇਗੀ ਪਾਕੇ ਛਾਉਣੀਆਂ ਨੂੰ ਨਹੀਂ ਕਦੇ ਤੁਸਾਂ ਮਾਲਾ ਮਾਲ ਹੋਣਾ।
ਗਊਮਾਤ ਕਹਿਕੇ ਜੇਨਹੀਂ ਤਰਸ ਕਰਦੇ ਤੁਹਾਡਾ ਗੁਰੂ ਨਹੀਂ ਕ੍ਰਿਸ਼ਨ ਗੋਪਾਲ ਹੋਣਾ।
ਧਨ ਜੋੜੋ ਉਪਕਾਰ ਦਾ ਜਗ ਅੰਦਰ ਜੋ ਧਨ ਹੈ ਲਾ ਜਵਾਲ ਹੋਣਾ।
ਨਾਲੇ ਕਹੋ ਮਾਤਾ ਨਾਲੇ ਛੁਰੀ ਫੇਰੋ ਕਿਸ ਤਰਾਂ ਹੈ ਤੁਸਾਂ ਦਾ ਹਾਲ ਹੋਣਾ।
ਇਲ ਆਪਣੀ ਜੜੀਂ ਜੇ ਆਪ ਪਾਂਦੇ ਨਾਲ ਤੁਸਾਂ ਦੇ ਦੁਖਾਂ ਨੇ ਨਾਲ ਹੋਣਾ।
ਵੰਗੇ ਕੰਮ ਨਾ ਕਰ ਦਿਖਲਾਓਜੇਕਰ ਖੁਸ਼ੀ ਕਦੇਨਹੀਂਪੁਰਖ ਅਕਾਲ ਹੋਣਾ।
ਭਾਵੇਂਕਈ ਬਣਾਓ ਪਏ ਯੋਜਨਾਂਵਾਂ ਸਹਿਕ ਅੰਨ ਨੂੰ ਤੁਸਾਂ ਦਾ ਨਾਸ ਹੋਣਾ।
ਫੋਲਾਂ ਆਨੇ 'ਪਿਆਸਾ' ਜੀ ਆਖਦਾ ਏ ਬਿਨਾਂ ਗਊ ਨਹੀਂ ਦੇਸ਼ ਖੁਸ਼ਹਾਲ ਹੋਣਾ।

Sri Satguru Jagjit Singh Ji Elibrary NamdhariElibrary@gmail.com

ਬਦੇਸ਼ ਅਤੇ ਗਊ ਅਤੇ ਅਸੀਂ

ਸ੍ਰੀ ਦਲੀਪ ਸਿੰਘ ਜੀ ਨਾਮਧਾਰੀ

ਸ੍ਰੀ ਦਲੀਪ ਸਿੰਘ ਜੀ ਇਕ ਅਗਾਂਹ ਵਧੂ ਨੌਜਵਾਨ ਹਨ। ਇਹਨਾਂ ਨੇ ਹੁਣੇ ਹੁਣੇ ਇੰਜੀਨੀਅਰਿੰਗ ਦਾ ਕੋਰਸ ਪਾਸ ਕੀਤਾ ਹੈ। ਵਿਦਿਆ ਦੇ ਮਾਹਿਰ ਉਤਸ਼ਾਹੀ ਅਤੇ ਨਿਆਲਕੇ ਏਨੇ ਹਨ ਕਿ ਪੰਥਕ ਸੇਵਾ ਵਿਚ ਦਿਨ ਰਾਤ ਇਕ ਕਰ ਦਿੰਦੇ ਹਨ। ਜਮਨਾ ਨਗਰ ਵਿਦਿਅਕ ਜਥੇ ਦੇ ਜਿੰਦਾ ਦਿਲ ਮੈਂਬਰ ਹਨ। ਨਾਮਧਾਰੀ ਸਾਹਿਤ ਲਿਖਣ ਦੀ ਪ੍ਰਬਲ ਇਛਾ ਹੈ। ਦਲੀਪ ਸਿੰਘ ਜੀ ਨੇ ਅਜ ਤੋਂ ਕਰੀਬ ੮ ਮਹੀਨੇ ਪਹਿਲਾਂ ਨਾਮਧਾਰੀ ਰਹਿਤ ਮਰਿਯਾਦਾ ਨਾ ਦਾ ਇਕ ਨਿਕਾ ਜਿਹਾ ਟਰੈਕਟ ਲਿਖਕੇ ਪੰਥ ਨੂੰ ਇਕ ਵਡੀ ਦੇਣ ਦਿਤੀ ਹੈ। ਇਹਨਾਂ ਦੇ ਸਾਹਿਤ ਨਾਲ ਪਿਆਰ ਤੋਂ ਸਾਨੂੰ ਨਾਮਧਾਰੀ ਪੰਥ ਦੇ ਸੁਚਜੇ ਲਿਖਾਰੀ ਬਣਨ ਦੀ ਆਸ ਹੈ। 'ਸਾਜਨ'

ਸਿਰਫ ਅਜ ਹੀ ਨਹੀਂ ਬਲਕਿ ਸਦੀਆਂ ਪੁਰਾਣੇ ਸਮੇਂ ਤੋਂ ਹੀ ਸੰਸਾਰ ਦੇ ਲਗ ਪਗ ਸਾਰੇ ਸਭਿਆ ਦੇਸ਼ਾਂ ਵਿਚ ਗਊ ਦਾ,ਜਾਂ ਗਉ–ਬੰਸ ਦਾ ਬੜਾ ਹੀ ਆਦਰ ਭਾਵ ਹੁੰਦਾ ਆ ਰਿਹਾ ਹੈ। ਉਹਨਾਂ ਦੀ ਇਸ ਭਾਵਨਾ ਦਾ ਪ੍ਰਗਟਾਵਾ ਉਨ੍ਹਾਂ ਦੀਆਂ ਹੀ ਕਲਾ, ਸਾਹਿਤ ਤੇ ਸਿਕਿਆਂ ਆਦਿ ਤੋਂ ਮਾਲੂਮ ਹੁੰਦਾ ਹੈ।

ਮਿਸਰ ਵਿਚ ਬਣੇ ਹੋਏ ਪ੍ਰਸਿਧ ਪਿਰਾ-ਮਿਡ (ਮੁਨਾਰੇ) ਅਤੇ ਅਨੇਕਾਂ ਪੁਰਾਤਨ ਖੁਦਾ–ਈਆਂ ਤੋਂ ਉਥੋਂ ਦੇ ਪੁਰਾਣੇ ਮੰਦਰਾਂ, ਸ਼ਿਲਾ–ਲੇਖਾਂ ਤੇ ਸਿਕਿਆਂ ਤੋਂ ਦੇਖਣ ਤੇ ਗਊ-ਬੰਸ ਦੀਆਂ ਹੀ ਤਸਵੀਰਾਂ ਦਾ ਝਲਕਾਰਾ ਮਿਲਦਾ ਹੈ। ਖੁਦਾ-ਈਆਂ ਤੋਂ ਪ੍ਰਾਪਤ ਹੋਏ ਸਿਕਿਆਂ ਤੇ ਬੈਲਾਂ ਦੀਆਂ ਤਸਵੀਰਾਂ ਅੰਕੀਆਂ ਹੋਈਆਂ ਮਿਲਦੀਆਂ ਹਨ। ਵਿਦਵਾਨਾਂ ਦਾ ਖਿਆਲ ਹੈ ਕਿ ਮਿਸਰ ਵਿਚ ਈਸਾ ਤੋਂ ਲਗ ਪਗ ੨੦੦ ਵਰ੍ਹੇ ਪਹਿਲਾਂ ਇਕ 'ਹਕੋਰ' ਨਾਮੀ ਦੇਵਤਾ ਹੁੰਦਾ ਸੀ ਜਿਸਦਾ ਮਸਤਕ ਗਊ ਦੇ ਸਿੰਗਾਂ ਨਾਲ ਸਜਾਇਆ ਜਾਂਦਾ ਸੀ। ਇਸ ਤੋਂ ਇਹੀ ਸਿਧ ਹੁੰਦਾ ਹੈ ਕਿ ਮਿਸਰ ਦੀ ਪ੍ਰਾਚੀਨ ਸਭਿਅਤਾ ਵਿਚ ਗਊ ਨੂੰ ਆਦਰਣੀਯ ਭਾਵ ਨਾਲ ਵੇਖਿਆ ਜਾਂਦਾ ਰਿਹਾ ਸੀ।

ਯੂਨਾਨੀ, ਰੋਮਨ ਅਤੇ ਨਾਰਡਿਕ ਆਦਿ ਜਾਤੀਆਂ ਵਿਚ ਪੁਰਾਤਨ ਖੁਦਾਈਆਂ ਤੋਂ ਇਹੀ ਅਨੁਭਵ ਹੋਇਆ ਹੈ ਕਿ ਇਨ੍ਹਾਂ ਦਾ ਗਊ-ਬੰਸ

Sri Satguru Jagjit Singh Ji Elibrary NamdhariElibrary@gmail.com

ਨਾਲ ਪਿਆਰ ਰਿਹਾ ਹੈ। ਦਸਿਆ ਗਿਆ ਹੈ ਕਿ ਇਨ੍ਹਾਂ ਜਾਤੀਆਂ ਦਾ ਮੁਖ ਅਹਾਰ ਦੁਧ ਹੀ ਹੁੰਦਾ ਸੀ ਅਤੇ ਦੁਧ ਦੀ ਪੈਦਾਇਸ਼ ਵਾਸਤੇ ਹੀ ਇਹਨਾਂ ਨੇ ਚਰਾ ਗਾਹਾਂ ਬਹੁਤ ਸਾਰੀਆਂ ਬਣਾ ਰਖੀਆਂ ਸਨ।

ਇੰਜੀਅਨ ਸਭਿਅਤਾ ਦੇ ਖੰਡਰਾਂ ਤੋਂ ਵੀ ਸਾਨੂੰ ਗਊ ਅਥਵਾ ਗਊ-ਬੰਸ ਨੂੰ ਆਦਰ ਦੇਣ ਦੀ ਭਾਵਨਾ ਦਾ ਸੰਕੇਤ ਮਿਲਦਾ ਹੈ। ਪੁਰਾਤਨ ਖੁਦਾਈਆਂ ਦੇ ਨਤੀਜੇ ਵਜੋਂ 'ਮਾਇਆ ਸਿਨੀ ਕਬਰ' ਵਿਚ ਚਾਂਦੀ ਨਾਲ ਬਣਾਏ ਇਕ ਬੈਲ ਦਾ ਸਿਰ ਪ੍ਰਾਪਤ ਹੋਇਆ ਹੈ। ਇਸ ਬੈਲ ਦੇ ਸਿੰਗ ਸੋਨੇ ਦੇ ਬਣਾਏ ਗਏ ਸਨ। ਉਸਦੇ ਮਸਤਕ ਨੂੰ ਸਜਾਣ ਵਾਲੇ ਫੁਲ ਵੀ ਸੋਨੇ ਦੇ ਲਗਾਏ ਗਏ ਸਨ। ਇਸ ਬੈਲ ਦਾ ਕਬਰ ਵਿਚ ਰਖਿਆ ਜਾਣਾ ਇਕ ਵਿਸ਼ੇਸ਼ ਮਹਾਨਤਾ ਵਲ ਇਸ਼ਾਰਾ ਕਰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇੰਜੀਅਨ ਲੋਕ ਵੀ ਹਿੰਦੂਆਂ ਵਾਂਗ ਗਊ-ਬੰਸ ਦਰਸ਼ਨ ਨੂੰ ਜਿਆਦਾ ਮਹਤਵ ਭਰਿਆ ਅਤੇ ਸ਼ੁਭ ਸੂਚਕ ਮੰਨਦੇ ਰਹੇ ਹੋਣ। ਅਤੇ ਇਸੇ ਲਈ ਮਿਰਤਕ ਸਰੀਰ ਨਾਲ ਚਾਂਦੀ ਘੜੇ ਬੈਲ ਦੀ ਪ੍ਰਤਿਸ਼ਟਾ ਕੀਤੀ ਗਈ ਹੋਵੇ। ਜੋ ਕੁਛ ਵੀ ਹੈ ਏਨਾਂ ਤਾਂ ਜ਼ਰੂਰ ਹੈ ਕਿ ਇੰਜੀਅਨ ਸਭਿਅਤਾ ਵਿਚ ਗਊ----ਬੰਸ ਦੀ ਬੜੀ ਮਹਾਨਤਾ ਵਾਲੀ ਥਾਂ ਰਹੀ ਹੈ।

ਸੁਮੇਰਿਅਨ ਤੇ ਹਿਰਾਇਟ ਸਭਿਅਤਾ ਵਿਚ ਵੀ ਗਊ ਸਬੰਧੀ ਪਰਮ ਆਦਰਣੀਯ ਭਾਵ ਸਪਸ਼ਟ ਕੀਤਾ ਗਿਆ ਹੈ। 'ਏਰੇਡੂ' ਸ਼ਹਿਰ ਵਿਚ 'ਈਆ' ਅਤੇ ਮੇਰੋਡਸ ਦੇਵਤਾ ਵਿਸ਼ਭ ਦੇਵਤਾ ਮੰਨੇ ਜਾਂਦੇ ਸਨ। 'ਵ੍ਰਿਸ਼ਭ' ਸ਼ਬਦ ਸੰਸਕ੍ਰਿਤ ਦਾ ਹੈ ਤੇ ਇਸ ਦੇ ਸਮਾਨ ਹੀ ਬੇਬੀ ਲੋਨੀ ਭਾਸ਼ਾ ਵਿਚ 'ਵੀਰ' ਅਥਵਾ ਸਮਰਥ ਹੁੰਦਾ ਸੀ। ਵ੍ਰਿਸ਼ਭ ਜਾਂ ਵੀਰ ਦਾ ਅਰਥ ਬੈਲ ਹੈ। ਸੁਮੇਰਿਅਨ ਵਿਚ ਪਖਯ ਅਥਵਾ ਖੰਭਾ ਵਾਲੇ ਬੈਲਾਂ ਨੂੰ ਚਿਤ੍ਰਤ ਕਰਨ ਦਾ ਆਮ ਰਵਾਜ਼ ਸੀ। ਅਨਿਸ਼ਟ ਦੇਵਤਿਆਂ ਤੋਂ ਰਖਿਆ ਕਰਨ ਦਾ ਕੰਮ ਇਨ੍ਹਾਂ ਬੈਲਾਂ ਰਾਹੀਂ ਨੇਪਰੇ ਚੜਦਾ ਸੀ, ਅਸੁਰ ਨਸਿਰ ਪਾਲ, ਦੇ ਰਾਜ ਮਹਿਲ ਦੇ ਪ੍ਰਵੇਸ਼-ਦੁਆਰ ਤੇ ਅਜੇਹੇ ਬੈਲਾਂ ਦੇ ਚਿਤਰ ਅੰਕਿਤ ਸਨ। ਸੁਮੇਰਿਅਨ ਅਖਰਾਂ ਦੇ ਚਿਨਾਂ ਨਾਲ ਜੋ ਤਸਵੀਰਾਂ ਬਣਾਇਆਂ ਜਾਂਦੀਆਂ ਸਨ ਉਨਾਂ ਵਿਚ ਗਊ ਅਤੇ ਬੈਲਾਂ ਦੇ ਚਿਤਰਾਂ ਦੀ ਬਹੁਤਾਤ ਸੀ। ਉਨਾਂ ਦੇ ਪੁਰਾਤਨ ਸਿਕਿਆਂ ਤੇ ਵੀ ਗਊ ਬੈਲਾਂ ਦੇ ਚਿਨ੍ਹ ਨਜ਼ਰ ਪੈਂਦੇ ਹਨ, ਸੁਮੇਰਿਅਨ ਭਾਸ਼ਾ ਵਿਚ 'ਗਊ' ਵਾਸਤੇ 'ਗੁ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ।

ਗਊ ਪੂਜਾ ਅਥਵਾ ਗਊ-ਬੰਸ ਦੇ ਸਬੰਧ ਵਿਚ ਧਰਮ ਗਰੰਥ (ਜਰਥੁਸ਼ਤ੍ਰ) ਜਾਂ ਧਾਰਮਿਕ ਕਿਰਤਾਂ ਵਿਚੋਂ ਅਨੇਕਾਂ ਪ੍ਰਮਾਣ ਮਿਲਦੇ ਹਨ। ਪਾਰਸੀਆਂ ਦੇ ਧਰਮ ਗਰੰਥ 'ਅਵੇਸਤਾਂ' ਆਰੀਯ ਆਦਿ ਦੇ ਧਾਰਮਿਕ ਗਰੰਥ 'ਰਿਗਵੇਦ' ਵਿਚ ਕਈ ਅਜੇਹੇ ਸ਼ਬਦ ਮਿਲਦੇ ਹਨ ਜਿਨਾਂ ਤੋਂ ਇਨਾਂ ਦੋਹਾਂ ਜਾਤੀਆਂ ਦੇ ਆਚਾਰ-ਵਿਹਾਰ ਵਿਚ ਸਹਿਜੇ ਹੀ ਸਮਾਨਤਾ ਕਾਇਮ ਕੀਤੀ ਜਾ ਸਕਦੀ ਹੈ। 'ਅਵੇ-ਸ਼ਤਾ' ਵਿਚ ਗਾਂ ਲਈ 'ਗੋ' ਸ਼ਬਦ ਆਉਂਦਾ ਹੈ ਇਸ ਦੀ ਉਤਪਤੀ 'ਗਿ' ਅਥਵਾ 'ਜਿ' 'ਜੇਨਾ' ਧਾਤੂ ਤੋਂ ਕੀਤੀ ਜਾਂਦੀ ਹੈ ਇਕ ਪਾਰਸੀ ਗਰੰਥ (ਅਰਦਾ ਵਿਗਫ ਨਾਮਾ) ਵਿਚ ਗਊ ਉਤੇ ਕੀਤੇ ਗਏ ਇਕ ਮਨੁਖ ਦੇ ਉਪਕਾਰਾਂ ਦਾ ਬਹੁਤ ਹੀ ਰੋਚਕ ਪ੍ਰਸੰਗ ਮਿਲਦਾ ਹੈ। ਇਸ ਗਰੰਥ ਵਿਚ ਨਰਕ ਅਤੇ ਸੁਰਗ ਦੇ ਅਡ ਅਡ ਨਜ਼ਾਰਿਆਂ ਦਾ ਬੜਾ ਹੀ ਦਿਲ ਚਸਪ ਵਰਨਣ ਕੀਤਾ ਗਿਆ ਹੈ। ਨਰਕ ਵਿਚ ਇਕ ਅਜੇਹੇ ਮਨੁਖ ਨੂੰ ਦਿਖਾਇਆ ਗਿਆ ਹੈ ਜਿਸਦਾ ਸਾਰਾ ਸਰੀਰ ਧਰਤੀ ਤੇ ਕੀਤੇ ਗਏ ਪਾਪਾਂ ਕਾਰਨ ਡਾਢਾ ਦੁਖੀ ਸੀ, ਉਸਦੇ ਸਜੇ ਪੈਰ ਨੂੰ ਇਸਤਰਾਂ ਦੇ ਦੁਖ ਤੋਂ ਬਿਲਕੁਲ ਨਿਰਲੇਪ ਦਿਖਾਇਆ ਗਿਆ ਹੈ, ਇਸ ਦਾ ਕਾਰਨ ਇਹ ਦਸਿਆ ਗਿਆ ਹੈ ਕਿ ਉਸ ਨੇ ਇਕ ਵਾਰ ਸੁਭਾ-ਵਕ ਹੀ ਆਪਣੇ ਸੱਜੇ ਪੈਰ ਨਾਲ ਰਾਹ ਤੇ ਤੁਰੀ ਜਾਂਦੀ ਗਊ ਦੇ ਕੋਲ ਘਾਹ ਦੀ ਇਕ ਛੋਟੀ ਜਿਹੀ

Sri Satguru Jagjit Singh Ji Elibrary NamdhariElibrary@gmail.com

ਗੰਢੜੀ ਖੋਲ੍ਹ ਦਿਤੀ ਸੀ। ਇਸ ਤਰਾਂ ਕੀਤੇ ਪੁੰਨ ਦੇ ਕਾਰਨ ਉਸਦਾ ਸੱਜਾ ਪੈਰ ਦੁਖ ਰਹਿਤ ਹੋ ਗਿਆ।

ਇਕ ਹੋਰ ਜਰਥੁਸ਼ਤ੍ਰ ਧਰਮ ਗਰੰਥ ਵਿਚ ਇਹ ਜ਼ਿਕਰ ਆਉਂਦਾ ਹੈ ਕਿ ਜਿਥੇ ਗਊਆਂ ਚਰਦੀਆਂ ਹਨ ਅਤੇ ਜਿਥੇ ਸੁਰਖਿਅਤ ਰਹਿੰਦੀਆਂ ਹਨ, ਉਥੋਂ ਦੀ ਧਰਤੀ ਸਦਾ ਪ੍ਰਸੰਨ ਰਹਿੰਦੀ ਹੈ ਅਤੇ ਪ੍ਰਿਥਵੀ ਦੀ ਆਤਮਾ ਉਨ੍ਹਾਂ ਲੋਕਾਂ ਨੂੰ ਸਰਾਪ ਦਿੰਦੀ ਹੈ ਜਿਹੜੇ ਚਰਾਂਦਾ ਅਤੇ ਖੇਤਾਂ ਨੂੰ ਕਬਰ-ਸਤਾਨ ਬਣਾ ਦਿੰਦੇ ਹਨ। ਪਾਰਸੀ ਧਰਮ ਗ੍ਰੰਥਾਂ ਰਾਹੀਂ ਪ੍ਰਾਚੀਨ ਈਰਾਨੀ ਰਵਾਜ਼ ਅਨੁਸਾਰ ਅਜ ਧਨਵਾਧ ਦੀਥਾਂ ਤੇ ਗਊਵਧੋ ਦੀਅਸ਼ੀਰਵਾਦ ਦਿਤੀ ਜਾਂਦੀਹੈ ਤੇ ਇਸ ਸਭ ਤੋਂ ਇਹੀ ਸਿਧ ਹੁੰਦਾ ਹੈ ਕਿ ਪਾਰਸੀ ਲੋਕ ਵੀ ਗਊਨੂੰਚੰਗੀ ਨਜਰਨਾਲਵੇਖਦੇ ਸੀ ਅਤੇ ਹੁਣ ਵੀ ਵੇਖਦੇ ਹਨ।

ਹਿੰਦੁਸਤਾਨ ਵਿਚ ਵੀ ਅਤਿ-ਪਰਾਤਨ ਕਾਲ ਤੋਂ ਹੀ ਗਊ—ਵੰਸ ਤੇ ਰਾਸ਼ਟਰੀ ਸਭਿਅਤਾ ਵਿਚ ਅਟੁਟ ਤੇ ਅਣਖਿੜਵਾਂ ਸਬੰਧ ਰਿਹਾ ਹੈ। ਗਊ ਨੇ ਭਾਰਤੀ ਸਭਿਅਤਾ ਦੇ ਵਿਕਾਸ ਤੇ ਪਰਸਾਰ ਵਿਚ ਡਾਢਾ ਮਹਾਨ ਹਿਸਾ ਪਾਇਆ ਹੈ। ਸਾਡੇ ਭਗਵਾਨ ਜਗਤ-ਪਾਲਕ ਵਿਸ਼ਨੂ ਜੀ, ਬ੍ਰਹਮਾ ਜੀ ਤੇ ਸ਼ੰਕਰ ਜੀ ਕਾਮਧੇਨ ਗਊ ਦੀ ਬੜੀ ਉਪਮਾ ਕਰਿਆ ਕਰਦੇ ਸੀ, ਉਸਦੀ ਉਸਤਤੀ ਵਿਚ ਇਹ ਮੰਤ੍ਰ ਕਿਹਾ ਗਿਆ ਹੈ:

ਤਵੰ ਮਾਤਾ ਸਰਵ ਦੇਵਾਨਾ ਤਵੰ
ਚ ਯਗਯਮਯ ਕਾਰਣਮ
ਤਵੰ ਤੀਰਥੰ ਸਰਵ ਤੀਰਥਾਨਾਂ
ਨਮਸਤੇ ਅਸਤੁਮਦਾਨਾਧ

—ਸਕੰਦ, ਤ੍ਰਸਭ ਬਰਮਾਹਣ
੧,੧੦,੧੯,੨੦

ਏਸੇਤਰ੍ਹਾ ਰਿਗ ਵੇਦ ਵਿਚ ਗਊ ਨੂੰ ਰੁਦਰਾਂ ਦੀ ਮਾਂ, ਵਸੂਆਂ ਦੀ ਪੁਤਰੀ, ਅਦਿਤੀ ਦੇ ਪੁਤ੍ਰਾਂ ਦੀ ਭੈਣ ਅਤੇ ਘਿਉ ਰੂਪੀ ਅੰਮ੍ਰਿਤ ਦਾ ਖਜ਼ਾਨਾ ਕਿਹਾ ਹੈ ਅਤੇ ਨਾਲ ਹੀ ਉਸਦੀ ਹਤਿਆ ਨ ਕਰਨ ਦੀ ਪ੍ਰਾਰਥਨਾ ਵੀ ਕੀਤੀ ਗਈ ਹੈ:

ਮਾਤ ਰੁਦ੍ਰਾਨਾਂ ਦੁਹਿਤਾ ਵਸੂਨਾਂ
ਸ੍ਵਸਾਅਦਿਤਜਾਨਾਮ ਅੰਮ੍ਰਿਤਸਯ ਨਾਭੀ
ਪ੍ਰਨੁ ਵੋਚੇ ਚਿਕਿਤੁਸੇ ਜ਼ਨਾਯਮਾ
ਗਾਮਨਾ ਗਾਮਦਿਤਿ ਵਧਿਸ਼ਟ

—ਰਿਗ ਵੇਦ

ਅਥਰਵ ਵੇਦ ਵਿਚ ਗਊ ਸਰਬ ਸੰਸਾਰ ਦੇ ਰੂਪ ਵਿਚ ਚਿਤ੍ਰੀ ਗਈ ਹੈ:

ਵਸ਼ਾਂ ਦੇਵਾ ਉਪਜੀਵੰਤਿ
ਵਸ਼ਾ ਮਨੁਸਯਾ ਉਤ੍ਰ
ਵਸ਼ੇਦੰ ਭਵਦ ਸਰਵਮ
ਯਾਵਤ ਸੂਯੂ ਵਿਪਸ਼ਯਤਿ।

—ਅਥਰਵ ਵੇਦ ੧੦,੧੦;੩੪

ਕੌਮੀ ਪ੍ਰਾਰਥਨਾ ਵਿਚ ਗਊ, ਘੋੜੇ ਅਤੇ ਬੈਲ ਦੀ ਮੁਖ ਰੂਪ ਵਿਚ ਪ੍ਰਾਰਥਨਾ ਕੀਤੀ ਗਈ ਹੈ। ਅਥਰਵ ਵੇਦ ਦੇ ਮੰਤ੍ਰ ਵਿਚ ਪੁਤਰ ਅਤੇ ਸਰੀਰਕ ਬਲ ਦੀ ਯਾਚਨਾ ਕਰਨ ਤੋਂ ਪਹਿਲਾਂ ਭਗਤ ਗਊ ਲਈ ਬੇਨਤੀ ਕਰਦਾ ਹੈ:

'ਗਾਵਹ ਸੰਤੂ ਪ੍ਰਜਾ:
ਸੰਤਵਯੋ ਅਸਤੂ ਤਨੂਵਲੰ।'

ਰਿਗ ਵੇਦ ਵਿਚ ਜਿਥੇ ਪਤਰ ਆਦਿ ਦੀ ਰਖਿਆ ਵਾਸਤੇ ਪ੍ਰਾਰਥਨਾ ਕੀਤੀ ਗਈ ਹੈ ਉਥੇ ਗਊ ਦੇ ਨਾ ਮਾਰਨ ਵਾਸਤੇ ਵੀ ਕੀਤੀ ਗਈ ਹੈ।

ਅਥਰਵ ਵੇਦ ਵਿਚ ਇਕ ਥਾਂ ਗਊ ਨੂੰ ਘਿਉ ਜਣਨੀ (ਮਾਂ) ਜਾਂ ਘਿਉ ਪੈਦਾ ਕਰਨ ਵਾਲੀ ਕਿਹਾ ਗਿਆ ਹੈ:

"ਗਵੋ ਘ੍ਰਿਤਸਯ ਮਾਤਰਹੁ।"

ਅਤੇ ਇਸੇ ਘਿਉ ਬਾਬਤ ਇਕ ਥਾਂ ਗੁਰੂ ਗੋਬਿੰਦ ਸਿੰਘ ਜੀ ਉਚਾਰਣ ਕਰਦੇ ਹਨ:

'ਤਿਤ ਘਿਇ ਹੋਮ ਜਗ ਸਦ ਪੂਜਾ।'
ਪਇਐ ਕਾਰਜ ਸੋਹੈ।

Sri Satguru Jagjit Singh Ji Elibrary NamdhariElibrary@gmail.com

ਇਸਤਰ੍ਹਾਂ ਦੀ ਉਸਤਤ ਦੇ ਵਰਨਣ ਦਾ ਮੁਖ ਕਾਰਨ ਉਸ ਵੇਲੇ ਦੇ ਹਿੰਦੂਆਂ ਦੀ ਗਊ ਵਲ ਆਦਰ ਦ੍ਰਿਸ਼ਟੀ ਅਤੇ ਨਾਲ ਹੀ ਉਨ੍ਹਾਂ ਦੀ ਆਪਣੀ ਆਰਥਿਕ ਸਵਾਰਥ ਭਾਵਨਾ ਵੀ ਸੀ।

ਗਊ ਦੁਧ ਤੇ ਗਊ ਘ੍ਰਿਤ ਨੂੰ ਕਾਫ਼ੀ ਮਿਕਦਾਰ ਵਿਚ ਪ੍ਰਾਪਤ ਕਰਨ ਦੀ ਉਤਸੁਕਤਾ ਦਾ ਇਕੋ ਇਕ ਕਾਰਨ ਉਸ ਵੇਲੇ ਦੇ ਹਿੰਦੂਆਂ ਦਾ ਗਊ ਦੁਧ ਅਤੇ ਗਊ ਘਿਉ ਲਈਕਈਪ੍ਰਕਾਰਦੇਗੁਣਾਂ ਤੋਂ ਵਾਕਫ਼ ਹੋਣ ਕਰਕੇ ਸੀ। ਇਨ੍ਹਾਂ ਗੁਣਾਂ ਦੇ ਕਾਰਨ ਹੀ ਸ਼ਾਇਦ ਗਊ ਨੂੰ 'ਨਿਰ-ਉਪਮਾ' ਕਿਹਾ ਗਿਆ ਹੈ :

ਬ੍ਰਹਮ ਸੂਰਯ ਸਮੰ ਜਿਯੋਤਿਰਦਿਓ:
ਸਮੁਦ੍ਰ ਸਮੂ ਸਰਹ।
ਇੰਦ੍ਰਹ ਪ੍ਰਿਥਵੀਯ ਵਾਰਸ਼ੀਯਾਨ
ਗੋਸਤੁ ਮਾਤ੍ਰ ਨ ਵਿਦਯਤੇ।
—ਯੁਜੁਰਵੇਦ ੧੩-੪੮

ਪੁਰਾਣਾਂ ਵਿਚ ਲਿਖਿਆ ਹੈ ਕਿ ਜਗਤ ਵਿਚ ਸਭ ਤੋਂ ਪਹਿਲਾਂ ਵੇਦ, ਅਗਨੀ, ਗਊ ਬ੍ਰਾਹਮਣ ਦੀ ਰਚਨਾ ਹੋਈ। ਅਗਨੀ ਰੂਪ ਮੁਖ ਤੋਂ ਦੇਵਤਿਆਂ ਨੂੰ ਯੱਗ ਦੀਆਂ ਅਹੂਤੀਆਂ ਪ੍ਰਾਪਤ ਹੁੰਦੀਆਂ ਹਨ। 'ਅਗਨਿ ਮੁਖਦਿ ਦੇਵਾ ਭਵੰਤਿ।' ਅਤੇ ਗਊ ਤੋਂ ਦੇਵਤਿਆਂ ਨੂੰ ਸਮਰਪਣ ਕਰਨ ਜੋਗ ਛਬ ਸ਼ੋਭਾ ਪ੍ਰਾਪਤ ਹੁੰਦੀ ਹੈ। ਇਸੇ ਲਈ ਗਊ ਨੂੰ 'ਹਵੀ ਦੁਰਧਾ' ਜਾਂ ਹਵੀ ਦੇਣ ਵਾਲੀ ਕਹਿੰਦੇ ਹਨ। ਏਨਾਂ ਹੀ ਨਹੀਂ ਯਗ ਵਿਚ ਜਿਸ ਅੰਨ ਦੀ ਜ਼ਰੂਰਤ ਹੁੰਦੀ ਹੈ ਉਸਨੂੰ ਪੈਦਾ ਕਰਨ ਵਿਚ ਗਊ-ਬੰਸ ਦੀ ਬਹੁਤ ਜ਼ਿਆਦਾ ਲੋੜ ਪੈਂਦੀ ਹੈ।

ਗਊ ਦੇ ਦੁਧ ਤੋਂ ਉਪਜੇ ਹੋਏ ਘਿਉ ਨਾਲ ਯਗ ਹੋਮ ਹੁੰਦੇ ਸਨ ਜਿਸਨੂੰ ਕੀਤਿਆਂ ਸਾਰੀ ਸ੍ਰਿਸ਼ਟੀ ਵਿਚ ਸੁਖ ਉਪਜਦਾ ਸੀ, ਬਰਖਾ ਹੁੰਦੀ ਸੀ, ਅੰਨ ਦੀ ਬਹੁਲਤਾ ਹੁੰਦੀ ਸੀ ਅਤੇ ਫਿਰ ਕਾਲ ਨਹੀਂ ਸੀ ਪੈਂਦਾ ਹੁੰਦਾ। ਜਿਸਨੂੰ ਕੀਤਿਆਂ ਸੂਰਵੀਰਤਾ ਪ੍ਰਗਟੀਂਦੀ ਸੀ, ਕਾਇਰ ਤੋਂ ਸ਼ੇਰ ਵਰਗੇ ਦਿਲ ਬਣ ਜਾਂਦੇ ਸਨ ਅਤੇ ਇਸਦੇ ਨਾਲ ਹੀ ਸੀਤਲਾ ਰੋਗ ਜੈਸੇ ਦੂਰ ਹੋ ਜਾਂਦੇ ਸਨ ਅਤੇ ਦਸਮੇਸ਼ ਪਿਤਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਇਸੇ ਯੱਗ ਹੋਮ ਦੀ ਬਾਬਤ ਪੰਡਿਤ ਕੇਸੋਦਾਸ ਨਾਲ ਹਵਨ ਬਾਬਤ ਹੋ ਰਹੀ ਗਲ ਬਾਤ ਵਿਚ ਦਸਦੇ ਹਨ :

"ਯਹ ਤੋ ਧਰਮ ਹਮਾਰਾ ਸਾਰ।
ਕਰਤ ਰਹੇ ਨ੍ਰਿਪ ਮੁਨਿ ਅਵਤਾਰ।
ਸੋ ਤੋ ਹਮ ਭੀ ਕਰਨਾ ਚੈਹੈਂ।
ਜਾਤੇ ਸਭ ਸ੍ਰਿਸਟੀ ਸੁਖ ਪੈ ਹੈਂ।
ਇਕ ਤੋ ਹੈ ਦੁਰਭਿਖ ਅਤਿ ਭਾਰੀ।
ਹੈ ਪੜਿ ਰਿਹੋ ਨਾ ਬਰਸਤ ਬਾਰੀ।
ਦੂਸਰ ਭਾਰਤ ਵਰਸ਼ ਮੰਝਾਰੇ।
ਮਹਾ ਮਰੀ ਪੜ ਰਹੀ ਅਪਾਰੇ।
ਤ੍ਰਿਤੀਏ ਜੋ ਨਰ ਨਾਰੀ ਆਰਜ।
ਹੋਇ ਰਹੇ ਨਿਜ ਧਰਮੋ ਖਾਰਜ।
ਪਾਪ ਕੁਕਰਮਨ ਮੈਂ ਅਤਿ ਲਾਗੇ।
ਇਸੀ ਹੇਤ ਬਨ ਰਹੇ ਅਭਾਗੇ।
ਜਗ ਹੋਮ ਲੌ ਸੁਕ੍ਰਿਤ ਜੋ ਹੈਂ।
ਹਾਕਮ ਤੁਰਕ ਕਰਨ ਨਹੀਂ ਦੈ ਹੈਂ।
ਹਮ ਜਬ ਹਵਨ ਯੱਗ ਕਰਵੈ ਹੈਂ।
ਖੁਸ਼ ਹੋ ਘਨ ਜਲ ਬਹੁ ਬਰਸੈ ਹੈਂ।
ਦੁਰਭਿਖ ਨਸੇ ਅੰਨ ਬਹੁ ਥੈ ਹੈਂ।
ਸੁਕ੍ਰਿਤ ਸਭ ਕਰਨੇ ਲਗ ਜੈ ਹੈਂ।
ਨਸੈ ਅਵਿਦਯਾ ਵਿਦਯਾ ਐਹੈ।
ਸੂਰਵੀਰਤਾ ਦ੍ਰਿੜ ਪ੍ਰਗਟੈ ਹੈ।
ਵਰਨ ਆਸਰਮੀ ਜਨ ਹੈ ਜੇਤੇ।
ਕਾਇਦਤਾ ਕਰ ਪੂਰਨ ਤੇਤੇ।
ਉਨੈ ਹਵਨ ਕੀ ਪਵਨ ਲਗੀ ਜਬ।
ਸ਼ੇਰ ਬਘਯਾੜਨ ਸੇ ਹਵੈ ਹੈ ਸਭ।
ਸੂਰਬੀਰਤਾ ਉਰ ਮੈ ਜਗ ਹੈ।
ਧਰਮ ਪੁਰਾਤਨ ਕਰਨੇ ਲਗ ਹੈ।
ਪ੍ਰਭਤਾ ਦੇਹ ਅਰੋਗ ਕ੍ਰਾਂਤੀ।
ਵਿਜਯ ਗਯਾਨਸੰਤਤਿ ਸੁਖਦਾਤੀ।

Sri Satguru Jagjit Singh Ji Elibrary NamdhariElibrary@gmail.com

ਨਿਰਭੈਤਾ ਜਸ ਗੁਨ ਦੈਵੀ ਸਭ।
ਹੋਹਿ ਪ੍ਰਾਪਤ ਗੁਰਘਰ ਮੈਂ ਤਬ।
ਬਾਲਿਕ ਭਗਵਾਨ ਪ੍ਰਗਟੈ ਹੈ।
ਰੋਗ ਸੀਤਲਾ ਆਦਿ ਨਸੈ ਹੈ।
ਕਾਮਾਦਿਕ ਜੋ ਅਸੁਰੀ ਸੰਪਤ।
ਯਗ ਹੋਮ ਕੋ ਪਿਖ ਕਰ ਕੰਪਤ।
ਉਤਮ ਗੁਣ ਸਤਿ ਆਦਿਕ ਜੋ ਹੈ।
ਬਾਵਨ ਕਹੇ ਵੇਦ ਰਿਗ ਮੋ ਹੈ।
ਸੋ ਅਵਸ਼ ਜਗ ਮੈਂ ਪ੍ਰਗਟੈ ਹੈ।
ਹੋਮ ਯਗ ਬਿਪਵਤ ਯਗ ਥੈ ਹੈ।

—ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ

ਇਸੇ ਗਊ ਦੀ ਰਖਿਆ ਵਾਸਤੇ ਹੀ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਕਾਲ ਪੁਰਖ ਅਗੇ ਇਸਤਰ੍ਹਾਂ ਬੇਨਤੀ ਵਾਚ ਕਦੇ ਹਨ:

"ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।
ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।

ਅਗੇ ਚਲਕੇ ਲਿਖਦੇ ਹਨ:

"ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਰ ਮਾਰਕਰ ਰੱਛ ਗਊਅਨ ਕਰੀਜੈ।"

—ਉਗ੍ਰਦੰਤੀ

ਅਤੇ ਫਿਰ ਇਸੇ ਗਊ ਦੀ ਰਖਿਆ ਕਰਨ ਵਾਸਤੇ ਹੀ ਤਾਂ ਕੂਕੇ ਜਾਂ ਨਾਮਧਾਰੀ ਸ਼ਹੀਦ ਪੈਦਾ ਹੋਏ ਸਨ, ਦਿਨ ਦੀਵੀਂ ਤੇ ਅੱਖਾ ਸਾਹਮਣੇ ਹੋ ਰਹੇ ਗਊ-ਘਾਤ ਨੂੰ ਨ ਸਹਾਰਦਿਆਂ ਹੋਇਆਂ ਉਨ੍ਹਾਂ ਨੇ ਆਪਣਾ ਆਪ ਕੁਰਬਾਨ ਕਰ ਦਿਤਾ, ਤੋਪਾਂ ਸਾਹਵੇਂ ਖੜੇ ਹੋਕੇ ਛਾਤੀਆਂ ਤੇ ਗੋਲੇ ਖਾ ਲਏ, ਫਾਂਸੀਆਂ ਦੇ ਰਸਿਆਂ ਨੂੰ ਚੁਮ ਕੇ ਗਲੇ ਵਿਚ ਪਾ ਲਿਆ, ਕਾਲੇ ਪਾਣੀ ਦੀ ਸਜਾਵਾਂ ਨੂੰ ਖਿੜੇ ਮਥੇ ਪ੍ਰਵਾਨ ਕਰ ਲਿਆ। ਇਹ ਸਭੋ ਕੁਝ ਉਸ ਗਊ ਜਾਂ ਗਊ-ਬੰਸ ਵਾਸਤੇ ਹੀ ਤਾਂ ਕੀਤਾ ਸੀ।

ਇਤਿਹਾਸ ਵਾਚਨ ਤੋਂ ਪਤਾ ਲਗਦਾ ਹੈ ਕਿ ਪੁਰਾਣੇ ਸਮਿਆਂ ਵੇਲੇ ਦੇ ਸਾਧੂ, ਸੰਤ, ਮਹਾਂ-ਪੁਰਖ ਤੇ ਅਵਤਾਰ ਗਊ ਨੂੰ ਪਿਆਰ ਦੀ ਨਜ਼ਰ ਨਾਲ ਤਕਦੇ ਰਹੇ ਹਨ। ਉਦੋਂ ਤਾਂ ਹਰੇਕ ਹਿੰਦੂ ਆਪਣੇ ਪਰਿਵਾਰ ਵਿਚ ਘ
ਪਾਲਣੀ ਆਪਣਾ ਜ਼ਰੂਰੀ ਕਰਤਵ ਸਮਝਦਾ ਸੀ। ਜਿਸਦੇ ਘਰ ਗਊਆਂ ਦੀ ਗਿਣਤੀ ਵਧੇਰੇ ਹੁੰਦੀ ਸੀ, ਉਹੋ ਧਨੀ ਮੰਨਿਆ ਜਾਂਦਾ ਸੀ ਤੇ ਸਮਾਜ ਵਿਚ ਉਸੇ ਦੀ ਪ੍ਰਤਿਸ਼ਠਾ ਹੁੰਦੀ ਸੀ ਅਤੇ ਜਿਸ ਘਰ ਗਊ ਨਹੀਂ ਸੀ ਹੁੰਦੀ ਉਹ ਆਪਣੇ ਆਪ ਨੂੰ ਹੀਣ ਪਰਿਵਾਰ ਹੀ ਸਮਝਦਾ ਸੀ। ਪੁਰਾਣੇ ਸਮਿਆਂ ਵਿਚ ਰਾਜੇ ਮਹਾਰਾਜੇ ਹਰ ਅਵਸਰ ਤੇ ਗਊਆਂ ਦਾ ਦਾਨ ਕਰਿਆ ਕਰਦੇ ਸੀ। ਉਸ ਵੇਲੇ ਹਰੇਕ ਹਿੰਦੂ ਗਊ ਨੂੰ ਮਾਤਾ ਦੇ ਤੁਲ ਸਮਝਦਾ ਸੀ। ਪਰ ਅਜ ਦਾ ਹਿੰਦੂ ਸਮਾਜ ਗਊ ਦੀ ਉਪਯੋਗਤਾ ਤੇ ਧਾਰਮਿਕ ਨਜ਼ਰੀਏ ਤੋਂ ਉਹਦੀ ਮਹਾਨ ਵਡਿਆਈ ਸਮਝਣ ਤੋਂ ਅਸਮਰਥ ਜਿਹਾ ਨਜ਼ਰ ਪੈਂਦਾ ਹੈ। ਇਸਦਾ ਪ੍ਰਮਾਣ ਨਿਤ ਇਕ ਕਸਾਈਖਾਨੇ ਦਾ ਖੁਲ੍ਹਣਾ। ਜਿਥੇ ਕਿ ਇਕ ਨਹੀਂ, ਦੋ ਨਹੀਂ ਬਲਕਿ ਹਜ਼ਾਰਾਂ ਦੀ ਗਿਣਤੀ ਵਿਚ ਚੰਗੀਆਂ ਭਲੀਆਂ ਗਾਈਆਂ ਨੂੰ ਕਤਲ ਕੀਤਾ ਜਾਂਦਾ ਹੈ ਅਤੇ ਇਹ ਸਭ ਕੁਝ ਹੋ ਰਿਹਾ ਹੈ ਉਸ ਦੇਸ਼ ਵਿਚ ਜਿਥੇ ਕਿ ਕਦੀ ਗਊ ਦੀ ਪੂਜਾ ਕੀਤੀ ਜਾਂਦੀ ਸੀ, ਗਊ ਨੂੰ ਮਾਤਾ ਸਮਾਨ ਸਮਝਿਆ ਜਾਂਦਾ ਸੀ, ਇਸਦੇ ਦੁਧ ਤੋਂ ਬਣੇ ਹੋਏ ਘਿਓ ਨਾਲ ਹੋਮ ਯੱਗ ਕੀਤੇ ਜਾਂਦੇ ਸਨ, ਪਰ ਅਜ ਉਸ ਪੀਰਾਂ ਪੈਗੰਬਰਾਂ, ਅਵਤਾਰਾ ਦੀ ਧਰਤੀ ਤੇ ਗਊਆਂ ਨੂੰ ਕਤਲ ਕਰਨ ਦਾ ਨੰਗਾਂ ਨਾਚ ਹੋ ਰਿਹਾ ਹੈ। ਜਿਹੜਾ ਹਿੰਦੂ ਬ੍ਰਾਹਮਣ ਕਦੇ ਇਸ ਗਊ ਨੂੰ ਮਾਤਾ ਸਮਝਕੇ ਪੂਜਾ ਕੀਤਾ ਕਰਦਾ ਸੀ, ਅਜ ਉਹੀ ਇਸ ਮਾਤਾ ਰੂਪੀ ਗਊ ਨੂੰ ਆਪ ਆਪਣੀ ਹਥੀਂ ਕਸਾਈਆਂ ਨੂੰ ਵੇਚਦਾ ਹੈ, ਉਸਦੇ ਮਾਸ ਅਤੇ ਹੱਡੀਆਂ ਦਾ ਉਹ ਆਪ ਵਪਾਰ ਕਰਨ ਲਗ ਪਿਆ ਹੈ ਅਤੇ ਉਸੇ ਨੂੰ ਹੜਪ ਕਰਨਾ ਸ਼ੁਰੂ ਕਰ ਦਿਤਾ ਹੈ। ਅਜ ਉਹੀ ਹਿੰਦੂ ਉੱਚੀ ਉੱਚੀ ਕਹਿ ਰਿਹਾ ਹੈ ਕਿ 'ਗਊ ਨੂੰ ਮਾਰੋ ਨਹੀਂ ਤੇ ਗਊ ਤੁਹਾਨੂੰ ਖਾ ਜਾਵੇਗੀ। ਖਵਰੇ ਉਨ੍ਹਾਂ ਦੀ ਮਤ ਨੂੰ ਕੀ ਹੋ ਗਿਆ ਹੈ ਜੋ ਇਹ ਨਹੀਂ ਵਿਚਾਰ ਕਰ ਸਕਦੇ ਕਿ ਗਊ ਦਾ ਪੁਜਾਰੀ ਭਾਰਤ ਕਦੇ ਵੀ ਗਊ ਤੋਂ ਬਗੈਰ ਜਿੰਦਾ ਨਹੀਂ ਰਹਿ ਸਕੇਗਾ। ਵੇਖਦੇ ਹੀ

Sri Satguru Jagjit Singh Ji Elibrary NamdhariElibrary@gmail.com

ਪਏ ਹਨ ਅਜ ਦੇ ਇਹ ਭਾਰਤ ਦੀ ਹਾਲਤ। ਜ਼ਰਾ ਤੁਲਨਾ ਤੇ ਕਰਕੇ ਵੇਖੋ ਉਸ ਭਾਰਤ ਨਾਲ ਜੋ ਸੋਨੇ ਦੀ ਚਿੜੀ ਅਖਵਾਉਂਦਾ ਸੀ,ਜਿਸ ਵਿਚ ਦੁਧ ਦੀਆਂ ਨਦੀਆਂ ਵਹਿੰਦੀਆਂ ਸਨ। ਜਿਸ ਵਿਚ ਅੰਨ ਦੀ ਘਾਟ ਪਿਛੇ ਸਭ ਦੀ ਤੌਬਾ ਹੋਈ ਪਈ ਹੈ, ਅਜ ਦੁਧ ਖੁਣੋਂ ਮਾਵਾਂ ਦੇ ਲਾਡਲੇ ਵਿਲਕਦੇ ਪਏ ਹਨ, ਅਜ ਦੇ ਜਵਾਨ ਭੁਸੇ ਤੇ ਹਲਦੀ ਰੰਗੇ ਚਿਹਰੇ ਲਈ ਬੈਠੇ ਹਨ ਜਿਨ੍ਹਾਂ ਨੇ ਕਲ ਨੂੰ ਮੈਦਾਨ ਵਿਚ ਜਾਕੇ ਦੁਸ਼ਮਣ ਨਾਲ ਲੋਹਾ ਲੈਣ ਲਈ ਖਲੋਣਾ ਹੈ। ਅਜ ਘਿਓ ਤੋਂ ਬਗੈਰ ਹੋਮ ਯੱਗ ਨਹੀਂ ਹੋ ਰਹੇ—ਜਦੋਂ ਹੋਮ ਯੱਗ ਕੀਤਿਆਂ, ਮੀਂਹ ਬਰਸਦਾ ਸੀ, ਅੰਨ ਉਪਜਦਾ ਸੀ, ਕਾਲ ਨਹੀਂ ਸੀ ਪੈਂਦਾ, ਸਭ ਪਾਸੇ ਖੇੜਾ ਹੁੰਦਾ ਸੀ—ਅਜ ਉਹ ਵੀ ਨਹੀਂ ਬਸ ਜਿਧਰ ਵੇਖੋ ਹਾਹਾਕਾਰ ਮੱਚੀ ਪਈ ਹੈ, ਬੇ-ਈਮਾਨੀ ਤੇ ਬਦ-ਅਮਨੀ ਫੈਲਦੀ ਹੀ ਜਾ ਰਹੀ ਹੈ—ਮੇਰੀ ਫ਼ਲਸਫ਼ੀ ਦੇ ਮੁਤਾਬਿਕ ਤਾਂ ਇਹ ਸਭੋ ਕੁਝ ਜੀਵ ਹਤਿਆ ਅਤੇ ਗਊ—ਹਤਿਆ ਹੀ ਹੈ। ਸ਼ਾਇਦ ਇਹ ਠੀਕ ਹੀ ਹੋਵੇ।

ਆਓ! ਜੇ ਫਿਰ ਇਸ ਭਾਰਤ ਅੰਦਰ ਖੇੜਾ ਲਿਆਉਣਾ ਏ, ਜੇ ਫੇਰ ਏਸ ਭਾਰਤ ਦੀ ਨੁਹਾਰ ਬਦਲਨੀ ਏ, ਇਸ ਨੂੰ ਸੋਨੇ ਰੂਪੀ ਚਿੜੀ ਬਨਾਉਣਾ ਏ, ਦੁਧ ਦੀਆਂ ਨਦੀਆਂ ਵਗਾਉਣੀਆਂ ਨੇ, ਵੀਰ ਹਨੂਮਾਨ, ਬੰਦਾ ਬਹਾਦੁਰ ਤੇ ਲਹਿਣਾ ਸਿੰਘ ਹੀਰਾ ਸਿੰਘ ਭੀਮ, ਅਰਜਨ, ਮਹਾਰਾਣਾ ਪ੍ਰਤਾਪ, ਸ਼ਿਵਾ ਜੀ ਵਰਗੇ ਬਲਵਾਨ ਤੇਜਸਵੀ ਬਨਣਾ ਜੇ—ਤਾਂ ਆਓ ਆਪਾਂ ਸਾਰੇ ਈ ਇਕਠੇ ਰਲਕੇ ਇਕ ਵਾਰੀ ਫੇਰ ਹੰਭਲਾ ਮਾਰੀਏਤੇਬਚਾਈਏ ਇਸ ਗਊਗ੍ਰੀਬੜੇ ਨੂੰ, ਇਸ ਗਊ ਦੇ ਜਾਏ ਬਛੜੇ ਨੂੰ। ਜੇ ਆਪਾਂ ਹੁਣ ਵੀ ਸੰਭਲ ਜਾਈਏ ਤਾਂ ਵੀ ਅਜੇ ਇਹੀ ਸਮਝ ਲਿਓ ਕਿ ਕੁਝ ਨਹੀਂ ਵਿਗੜਿਆ, ਜਿਸਤਰਾਂ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਆ ਜਾਏ ਤਾਂ ਉਸ ਨੂੰ ਭੁਲਿਆ ਨਹੀਂ ਕਹਿ ਸਕਦੇ। ਬਸ ਇਸੇ ਤਰਾਂ ਜੇ ਹੁਣ ਵੀ ਸੰਭਲ ਗਏ ਤਾਂ ਸਮਝੋ ਅਸੀਂ ਮੌਕੇ ਤੇ ਹੀ ਆਪ ਵੀ ਬਚ ਗਏ ਤੇ ਦੇਸ਼ ਵੀ ਬਚ ਗਿਆ।

ਭਲਾ ਪਤਾ ਜੇ ਜਿਸ ਗਊ ਨੂੰ ਅਸਾਂ ਬਚਾਣਾ ਹੈ, ਜਿਸਦੀ ਖਾਤਿਰ ਅਸਾਂ ਸੰਘਰਸ਼ ਕਰਨਾ ਹੈ ਉਸਦੇ ਦੁਧ ਵਿਚ ਕੀ ਕੀ ਗੁਣ ਹਨ। ਆਓ ਜਰਾ ਇਨਾਂ ਤੇ ਵੀ ਵਿਚਾਰ ਕਰ ਲਈਏ।

ਦੁਧ ਜੋ ਇਕ ਪੂਰਣ ਤੇ ਪਰੀਪੂਰਣ ਖੁਰਾਕ! ਇਸ ਵਿਚ ਸਭ ਪ੍ਰਕਾਰ ਦੇ ਵਿਟਾਮਨ ਮੌਜੂਦ ਰਹਿੰਦੇ ਹਨ, ਜਿਹੜੇ ਕਿ ਸਾਡੀ ਵਧੀਆ ਸਿਹਤ ਲਈ ਅਤਿ ਲੁੜੀਂਦੇ ਹਨ।

ਉਂਜ ਤਾਂ ਦੁਧ ਸਾਰੇ ਹੀ ਪਸ਼ੂਆਂ ਦਾ ਉਤਮ ਹੈ ਪਰ ਗਊ ਦਾ ਦੁਧ ਸਰਵੋਤਮ ਹੈ। ਗਊ-ਦੁਧ ਮਾਂ ਦੇ ਦੁਧ ਵਾਂਗ ਨਿਰੋਗ ਅਤੇ ਦੋਸ਼ ਰਹਿਤ ਮੰਨਿਆ ਗਿਆ ਹੈ। ਸਾਇੰਸ ਦਾਨਾ ਵੀ ਗਊ ਦੁਧ ਦੀ ਸ਼੍ਰੇਸ਼ਠਤਾ ਮੰਨ ਲਈ ਹੈ। ਸਾਡੇ ਧਰਮ ਗਰੰਥਾਂ ਵਿਚ ਵੀ ਗਊ-ਦੁਧ ਦੀ ਮਹਿਮਾਂ ਗਾਈ ਗਈ ਹੈ।

ਗਊ ਦੇ ਦੁਧ ਵਿਚ ਮਨੁਖ ਦੇ ਸਰੀਰ ਨੂੰ ਪੁਖਤਗੀ ਤੇ ਅਰੋਗਤਾ ਦੇਣ ਵਾਲੇ ਸਾਰੇ ਤਤ ਮੌਜੂਦ ਹਨ। ਜਿਵੇਂ ਸ੍ਰੀ ਸਤਿਗੁਰੂ ਜੀ ਫੁਰਮਾਇਆ ਕਰਦੇ ਹਨ ਕਿ ਇਕ ਸਿਖ ਜਿਸਦਾ ਨਾਂ (ਚਤਰ ਸਿੰਘ) ਹੈ ਉਸਦੀਆਂ ਅਖਾਂ ਦੀ ਜੋਤ ਘਟ ਗਈ ਅਤੇ ਇਸਤਰਾਂ ਦਿਸਣੋਂ ਘਟ ਗਿਆ, ਸੁਨਣ ਸ਼ਕਤੀ ਵੀ ਕਮਜੋਰ ਹੋ ਗਈ। ਜਦੋਂ ਉਸ ਨੇ ਆਪਣੇ ਪਿਆਰੇ ਦਾਤਾਰ ਅਗੇ ਅਰਜ਼ ਕੀਤੀ ਤਾਂ ਦੀਨ ਦਿਆਲ ਜੀ ਗਊ ਦਾ ਦੁਧ ਤੇ ਗਊ ਦਾ ਹੀ ਘਿਓ ਛਕਣ ਵਾਸਤੇ ਹੁਕਮ ਕੀਤਾ। ਦਸੀਦਾ ਹੈ ਕਿ ਜਿਉਂ ਜਿਉਂ ਦੁਧ ਘਿਓ ਵਰਤਦਾ ਗਿਆ ਉਸਦੀ ਨਜ਼ਰ ਤੇ ਸੁਨਣ ਸ਼ਕਤੀ ਵਧਦੀ ਗਈ ਅਤੇ ਉਹ ਚੰਗੀ ਤਰ੍ਹਾਂ ਪੜ੍ਹ ਵੀ ਲੈਂਦਾ ਹੈ ਤੇ ਸੁਣ ਵੀ ਸਭ ਕੁਝ ਲੈਂਦਾ ਹੈ। ਇਹੋ ਹੀ ਨਹੀਂ ਬਲਕਿ ਸ੍ਰੀ ਭੈਣੀ ਸਾਹਿਬ ਵਿਖੇ ਇਕ ਬਿਰਧ ਬਾਬਾ ਜੀ ਹਨ ਜਿਨ੍ਹਾਂ ਦੀ ਉਮਰ ਐਸ ਵੇਲੇ ਲਗਭਗ ੧੧੦ (ਇਕ ਸੌ ਦਸ) ਸਾਲ ਹੈ। ਉਨ੍ਹਾਂ ਦੇ ਦੰਦ ਮੁੜ ਉਗ ਪਏ ਹਨ, ਵਾਲ ਕਾਲੇ ਹੋ ਰਹੇ ਹਨ ਤੇ ਸਰੀਰ ਵੀ ਅਜੇ

Sri Satguru Jagjit Singh Ji Elibrary NamdhariElibrary@gmail.com

ਤਕੜਾਹੈ—ਮੇਰੀ ਜਾਚੇ ਤਾਂ ਇਹ ਸ੍ਰੀ ਪੂਜਯ ਸਤਿਗੁਰੂ ਜੀ ਦੀ ਹੀ ਮਿਹਰ ਸਦਕਾ ਹੈ ਪਰ ਨਾਲ ਇਹ ਵੀ ਕਹਿਣੋਂ ਨਹੀਂ ਝਿਜਕਦਾ ਕਿ ਇਹ ਸਭ ਕੁਝ ਗਊ ਦੇ ਦੁਧ ਘਿਓ ਕਰਕੇ ਭੀ ਹੈ।

ਦੁਧ ਤਾਂ (ਵਿਸ਼ੇਸ਼ ਕਰਕੇ ਗਊ ਦਾ) ਬੁਧੀ ਤੇ ਨਿਗ੍ਹਾ ਲਈ ਬਹੁਤ ਹੀ ਲਾਭਦਾਇਕ ਹੈ। ਡਾਕਟਰ ਹੈਂਸਟ ਵੈਂਡਟ ਇਸ ਖੁਰਾਕ ਬਾਰੇ ਆਪਣੀ ਪੁਸਤਕ 'ਕਰਿਸਟੋਫਰ ਦਾ ਬਾਗ' ਵਿਚ ਲਿਖਦੇ ਹਨ 'ਦੁਧ ਵਿਚ ਪ੍ਰੋਟੀਨ—ਐਮੀਨੋ ਐਸਿਡ ਨਾਲ ਰਲਵੀਂ ਹੁੰਦੀ ਹੈ। ਇਸ ਪ੍ਰੋਟੀਨ ਵਿਚ ਹੋਰਨਾ ਤਤਾ ਤੋਂ ਛੁਟ ਇਕ ਉਸਾਰੂ ਤਤ ਵੀ ਸਮਾਇਆ ਹੁੰਦਾ ਹੈ ਜੋ ਪਠਿਆਂ ਤੇ ਦਿਮਾਗ ਦਾ ਇਕ ਨਿਸ਼ਚਿਤ ਭੋਜਨ ਹੈ। ਮਨੁਖ ਭਾਂਵੇਂ ਉਹ ਛੋਟਾ ਹੋਵੇ ਜਾਂ ਵਡਾ, ਜੋ ਦੁਧ ਨੂੰ ਅਪਣਾ ਲੈਂਦਾ ਹੈ ਉਸ ਵਿਚ ਉਹੀ ਵਿਸ਼ੇਸ਼ਤਾਈਆਂ ਵਿਕਸਤ ਹੋ ਜਾਂਦੀਆਂ ਹਨ, ਜੋ ਉਸ ਦੁਧ ਨੇ ਕਰਨੀਆਂ ਹੁੰਦੀਆਂ ਹਨ। ਜੋ ਜੁਆਨ ਗਊ ਦਾ ਦੁਧ ਬਹੁਤਾ ਵਰਤਦੇ ਹਨ ਉਹ ਕੁਦਰਤੀ ਤੌਰ ਤੇ ਗਊ ਦੀ ਬੁਧੀ ਦੀ ਪਧਰ ਨੂੰ ਪੁਜ ਜਾਣਗੇ। ਨਾਲੇ ਉਹ ਸਰੀਰਕ ਤੌਰ ਤੇ ਵੀ ਬਹੁਤੇ ਵਧ ਤੇ ਛੇਤੀ ਤਕੜੇ ਹੋ ਜਾਂਦੇ ਹਨ।

ਗਊ ਦਾ ਦੁਧ ਸੁਆਦ ਵਿਚ ਮਿਠਾ, ਚਿਕਣਾ, ਠੰਢਾ, ਬਲਦਾਤਾ, ਵਾਯੂਪਿਤ ਤੇ ਰਕਤ ਵਿਕਾਰ ਨਾਸ਼ਕ ਅੰਮ੍ਰਿਤ ਵਰਗਾ ਪੀਣ ਵਾਲਾ ਪਦਾਰਥ ਹੈ। ਵੀਰਯ ਵਰਧਕ ਤੇ ਸਮੂਹ ਰੋਗਾਂ ਵਿਚ ਲਾਭਕਾਰੀ ਹੈ। ਮਾਂ ਦਾ ਦੁਧ ਨਾ ਹੋਣ ਤੇ ਬਚਿਆਂ ਨੂੰ ਗਊ ਦਾ ਦੁਧ ਪਿਆਇਆ ਜਾ ਸਕਦਾ ਹੈ।

ਦੁਧ ਵਿਚ ਕੈਲਸ਼ੀਅਮ, ਪੋਟਾਸ਼ੀਅਮ, ਸੋਡੀਅਮ, ਐਸੇ ਕਈ ਲੂਣ ਤੇ ਵਿਟਾਮਿਨ ਮੌਜੂਦ ਹਨ ਜੋ ਸਰੀਰ ਲਈ ਅਤੀ ਜ਼ਰੂਰੀ ਹਨ। ਨਾਲੋ ਹੀ ਇਸ ਵਿਚ ਆਇਓਡੀਨ, ਸੋਨਾ, ਤਾਂਬਾ ਆਦਿ ਧਾਤੂਆਂ ਵੀ ਸੂਖਮ ਮਾਤਰਾ ਵਿਚ ਪਾਈਆਂ ਜਾਂਦੀਆਂ ਹਨ। ਵਿਟਾਮਿਨ ਏ. ਸੀ. ਤੇ ਡੀ. ਦੀ ਮਾਤਰਾ ਵੀ ਕਾਫੀ ਮਿਲਦੀ ਹੈ ਤਥਾ ਬੀ. ਅਤੇ ਜੀ. ਵਿਟਾਮਿਨ ਵੀ ਥੋੜੀ ਮਿਕਦਾਰ ਵਿਚ ਪਾਏ ਜਾਂਦੇ ਹਨ। ਇਸ ਨਾਲ ਦੁਧ ਦੀ ਮਹਿਮਾ ਹੋਰ ਵੀ ਵਧ ਜਾਂਦੀ ਹੈ।

ਦੁਧ ਦੀ ਵਰਤੋਂ ਨਾਲ ਸਰੀਰ ਦੀ ਉਚਾਈ ਤੋਲ ਅਤੇ ਤਾਕਤ ਹੀ ਨਹੀਂ ਵਧਦੀ ਸਗੋਂ ਉਮਰਾ ਵੀ ਵਧਦੀ ਹੈ। ਅਗੇ ਜਿਥੇ ਸਾਡੇ ਦੇਸ਼ ਵਿਚ ਉਂਗਲਾ ਤੇ ਗਿਣੇ ਜਾਣ ਵਾਲੇ ਡਾ: ਤੇ ਵੈਦ ਵੇਖੇ ਜਾਂਦੇ ਸੀ ਓਥੇ ਅਜ ਇਹ ਦਸ਼ਾ ਹੈ ਕਿ ਇਹਨਾ ਦੀ ਇਕ ਪੂਰੀ ਫੌਜ ਹੈ। ਦਿਨੋ ਦਿਨ ਬੀਮਾਰੀਆਂ ਦਾ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਨਾਲ ਹੀ ਡਾ: ਦੀ ਵੀ ਭ ਮਾਰ ਹੁੰਦੀ ਜਾ ਰਹੀ ਹੈ। ਅਜ ਦੁਧ ਦੀ ਥਾਂ ਚਾਹ ਤੇ ਕਾਫੀ ਨੇ ਮਲ ਲਈ ਹੈ, ਜੋ ਸਰੀਰ ਨੂੰ ਤਾਜਗੀ ਦੇ ਦੀ ਥਾਂ ਉਸਦੇ ਸਰੀਰ ਨੂੰ ਹੀ ਹੜਪ ਜਾਂਦੀ ਹੈ, ਸਰੀਰ ਵਿਚ ਉਕਾ ਹੀ ਸਾਹ ਸਤ ਨਹੀਂ ਰਹਿਣ ਦਿੰਦੀ ਹਰ ਵਕਤ ਆਲਸ ਹੀ ਪਿਆ ਰਹਿੰਦਾ ਹੈ ਚੇਹਰੇ ਦੀ ਰੰਗਤ ਉਡ ਜਾਂਦੀ ਹੈ, ਪੇਟ ਦੀਆਂ ਬੀਮਾਰੀਆਂ ਵਿਚ ਵਾਧਾ ਹੋ ਜਾਂਦਾ ਹੈ, ਪੇਟ ਦੇ ਵਚ ਝਿਲੀ, ਆਂਤੜੀ ਦਿਲ ਤੇ ਮਸਾਨੇ ਆਦਿ ਤੇ ਸਿਧਾ ਅਸਰ ਕਰਦੀ ਹੈ, ਹਰ ਵਕਤ ਥਕਾਵਟ ਰਹਿਣੀ, ਸਰੀਰ ਭਜਾ ਟੁਟਾ, ਜਿਹਾ ਰਹਿਣਾ, ਵਕਤ ਸਿਰ ਨੀਂਦ ਦਾ ਨਾ ਆਉਣਾ ਅਤੇ ਸਰੀਰ ਹੁਸੜਿਆ ਹੁਸੜਿਆ ਜਿਹਾ ਰਹਿਣਾ ਇਹ ਸਭ ਕੁਝ ਚਾਹ ਦੇ ਕਰਕੇ ਹੀ ਤਾਂ ਹੈ। ਚਾਹ ਦੇ ਵਿਚ ਇਕ ਨਿਕੋਟੀਨ ਨਾਮਕ ਦਾ ਜਹਿਰ ਵੀ ਹੁੰਦਾ ਹੈ। ਇਹ ਵੀਰਯਦੋਸ਼ ਤੇ ਹੋਰ ਵਿਕਾਰਾਂ ਦਾ ਜਨਮ ਦਾਤਾ ਹੈ। ਚਾਹ ਇਕ ਉਤੇਜਿਕ ਪਦਾਰਥ ਹੈ ਜਿਸ ਨਾਲ ਬ੍ਰਹਮਚਰਯ ਕਦੀ ਵੀ ਨਹੀਂ ਰਹਿ ਸਕਦਾ। ਇਹੋ ਜਿਹੇ ਭੈੜੇ ਗੁਣਾ ਵਾਲੀ ਚੰਦਰੀ ਚਾਹ ਦਾ ਜੇ ਤੁਸੀਂ ਅਜੇ ਵੀ ਖਹਿੜਾ ਨਾ ਛਡੋਗੇ ਤਾਂ ਇਹ ਸਮਝ ਲਵੇ ਕਿ ਤੁਸੀਂ ਆਪਣੀ ਸਿਹਤ ਨਾਲ, ਆਪਣੇ ਇਸ ਜੀਵਨ ਨਾਲ ਅਨਿਆ ਕਰ ਰਹੇ ਹੋ।

ਦੁਧ ਦੀ ਉਤਮਤ ਦਾ ਇਕ ਹੋਰ ਮਹਤ ਤਵ ਪੂਰਨ ਕਾਰਨ ਹੈ। ਇਸਦੇ ਰਾਹੀਂ ਸਰੀਰ ਵਿਚ

Sri Satguru Jagjit Singh Ji Elibrary NamdhariElibrary@gmail.com

ਯੂਰਿਕ ਐਸਿਡ ਨਾਮ ਦੀ ਵਿਸ਼ੈਲੀ ਵਸਤੂ ਅਸਲੋਂ ਹੀ ਨਹੀਂ ਉਪਜਦੀ। ਆਮ ਕਰਕੇ ਇਹ ਵੇਖਣ ਵਿਚ ਆਉਂਦਾ ਹੈ ਕਿ ਕੁਝ ਲੋਕਾਂ ਦੇ ਪੇਸ਼ਾਬ ਵਿਚੋਂ ਤੇਜ਼ ਦੁਰਗੰਧ ਜਿਹੀ ਆਂਉਦੀ ਹੈ। ਇਸਦਾ ਕਾਰਨ ਉਨ੍ਹਾ ਦੇ ਸਰੀਰ ਵਿਚ ਯੂਰਿਕ ਐਸਿਡ ਦਾ ਜਿਆਦਾ ਮਿਕਦਾਰ ਵਿਚ ਹੋਣਾ ਇਹ ਅਨੇਕਾਂ ਰੋਗਾਂ ਦਾ ਕਾਰਨ ਹੈ।

ਯੋਰਪ ਦੇ ਬਹੁਤੇ ਦੇਸ਼ਾਂ ਵਿਚ ਸਾਡੇ ਦੇਸ਼ ਦੇ ਮੁਕਾਬਲੇ ਵਿਚ ਦੁਧ ਦੀ ਖਪਤ ਜਿਆਦਾ ਹੈ ਇਨ੍ਹਾਂ ਵਿਚੋਂ ਬਲਗਾਰੀਆ ਤੇ ਅਮਰੀਕਾ ਸਭ ਤੋਂ ਅਗੇ ਹਨ ਅਜ ਕਲ ਅਮਰੀਕਾ ਦੇ ਅਨੇਕਾਂ ਡਾ: ਸਿਰਫ ਦੁਧ ਰਾਹੀਂ ਹੀ ਇਲਾਜ ਕਰਦੇ ਹਨ। ਬਚਿਆਂ ਨੂੰ ਜਿਉਂਦੇ ਰਖਣ ਨਿਰਬਲਾ ਨੂੰ ਬਲਵਾਨ ਬਣਾਨ ਬੇਵਕਤਾ ਬੁਢਾਪਾ ਦੂਰ ਕਰਨ ਆਦਿ ਲਈ! ਕਈਪ੍ਰਕਾਰ ਦੇ ਰੋਗਾਂ ਨੂੰਦੂਰ ਕਰਨ ਦੀ ਜੈਸੀ ਤਾਕਤ ਦੁਧ ਵਿਚ ਹੈ ਐਸੀ ਹੋਰ ਕਿਸੇ ਪਦਾਰਥ ਵਿਚ ਨਹੀਂ।

ਅਜ ਜਦੋਂ ਅਸੀਂ ਆਪਣੇ ਦੇਸ਼ ਦੇ ਦੁਧ ਦੇਣ ਵਾਲੇ ਪਸ਼ੂਆਂ ਦੀ ਤੁਲਨਾ ਦੂਸਰੇ ਦੇਸ਼ ਦੇ ਪਸ਼ੂਆਂ ਨਾਲ ਕਰਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਾਡੇ ਦੇਸ਼ ਦੇ ਪਸ਼ੂਆਂ ਦੀ ਹਾਲਤ ਕਿੰਨੀ ਫਿਕਰ ਮੰਦ ਤੇ ਦਇਆ ਯੋਗ ਹੈ। ਸਾਡੇ ਦੇਸ਼ ਵਿਚ ਚੰਗੀ ਨਸਲ ਦੀ ਗਊ ਵੀ ਓਨਾ ਬਹੁਤਾ ਦੁਧ ਨਹੀਂ ਦੇਂਦੀ ਜਦੋਂ ਕਿ ਜਰਮਨੀ, ਇੰਗਲੈਂਡ, ਡੈਨਮਾਰਕ ਆਦਿ ਦੀਆਂ ਗਊਆਂ ਘਟੋ ਘਟ ਇਕ ਮਣ ਦੇਂਦੀਆਂ ਹਨ ਨਹੀਂ ਤੇ ਇਸ ਤੋਂ ਜਿਆਦਾ ਮਿਕ-ਦਾਰ ਵਿਚ ਹੀ ਦੇਂਦੀਆ ਹਨ। ਅਜ ਸਾਡੇ ਦੇਸ਼ ਵਿਚ ਖਾਲਿਸ ਦੁਧ ਘਿਓ ਆਸਾਨੀ ਨਾਲ ਪ੍ਰਾਪਤ ਨਹੀਂ ਹੋ ਸਕਦਾ। ਜੇ ਕੁਝ ਹੈ ਤਾਂ ਉਹ ਇੰਨਾਂ ਮਹਿੰਗਾ ਕਿ ਗਰੀਬ ਤੇ ਦਰਮਿਆਨੇ ਲੋਕ ਕਦੀ ਵੀ ਲੈਕੇ ਨਹੀਂ ਖਾ ਸਕਦੇ। ਇਸ ਸਭ ਕਾਸੇ ਦਾ ਇਕੋ ਇਕ ਕਾਰਣ ਹੈ ਕਿ ਅਮੀਰਾਂ ਦੀ ਇਸ ਪਾਸੇ ਤੋਂ ਲਾਪਰਵਾਹੀ ਤੇ ਗਰੀਬਾਂ ਦੀ ਮਜਬੂਰੀ।

ਅਜ ਸਾਡੇ ਦੇਸ਼ ਵਿਚ ਦੁਧ ਦੀ ਘਾਟ ਕਿਉਂ ਹੁੰਦੀ ਜਾ ਰਹੀ ਹੈ, ਅਜ ਕਿਉਂ ਦੁਧ ਦੀ ਥਾਂਵੇਂ ਲਸੀ ਵੀ ਪੀਣ ਨੂੰ ਨਹੀਂ ਮਿਲ ਰਹ, ਇਸਦੇ ਕੁਝ ਕੁ ਕਾਰਨ ਜੋ ਮੇਰੀ ਸਮਝ ਵਿਚ ਆਏ ਹਨ ਉਹ ਹੇਠਾਂ ਲਿਖਦਾ ਹਾਂ:—

੧: ਦੁਧ ਦੇਣ ਵਾਲੇ ਅਤੇ ਗਰਭਯੋਗ ਪਸ਼ੂਆਂ ਦੀ ਨਿਰੰਤਰ ਹਤਿਆ।

੨. ਚਰਾਗਾਹਾਂ ਦਾ ਨਾ ਹੋਣਾ। ਅਮਰੀਕਾ, ਸਵਿਟਜ਼ਰਲੈਂਡ, ਆਸਟਰੇਲੀਆ, ਇੰਗਲੈਂਡ, ਆਦਿ ਦੇਸ਼ਾਂ ਵਿਚ ਦੁਧ ਦੀ ਜ਼ਿਆਦਤੀ ਦਾ ਮੁਖ ਕਾਰਨ ਚਰਾਗਾਹਾਂ ਦਾ ਜਿਆਦਾ ਹੋਣਾ ਹੈ। ਇਸਦੇ ਉਲਟ ਸਾਡੇ ਦੇਸ਼ ਦੇ ਵਿਚ ਆਪਣੇ ਸੁਆਰਥ ਵਾਸਤੇ ਚਰਾਗਾਹਾਂ ਦੀ ਧਰਤੀ ਨੂੰ ਨਸ਼ਟ ਕੀਤਾ ਜਾ ਰਿਹਾ ਹੈ।

੩. ਚੰਗੀ ਨਸਲ ਦੇ ਸਾਹਨਾਂ ਦਾ ਨਾ ਹੋਣਾ।

੪.ਦੇਸ਼ ਵਿਚ ਚਾਰੇ ਦੀ ਕਮੀ। ਖਲ ਵਗੈਰਾ ਦੁਧ-ਵਧਾਊ ਵਸਤਾਂ ਦਾ ਬਦੇਸ਼ ਭੇਜਣਾ।

੫. ਗਊਆਂ ਪਾਲਨ ਵਾਸਤੇ ਸਿਖਿਆ ਦੇਣ ਵਾਲੀਆਂ ਸੰਸਥਾਵਾਂ ਦਾ ਨਾ ਹੋਣਾ।

੬. ਦੁਧ ਵਪਾਰ ਵਲੋਂ ਬੇ ਧਿਆਨੀ।

੭. ਪਸ਼ੂਆਂ ਦੇ ਹਸਪਤਾਲਾਂ ਦੀ ਕਮੀ ਤੇ ਯੋਗ ਡਾਕਟਰਾਂ ਦਾ ਨਾ ਹੋਣਾ।

੮. ਧਾਰਮਿਕ ਸਿਖਿਆ ਦੀ ਥੁੜੋਂ ਤੇ ਆਚਰਨਕ ਸਿਖਿਆ ਦਾ ਸੋਹਿਲਾ।

ਜੇ ਅਜ ਅਸੀਂ ਚਾਹੁੰਦੇ ਹਾਂ ਕਿ ਦੁਧ ਦੇ ਮਸਲੇ ਵਿਚ ਆਤਮ ਨਿਰਭਰ ਹੋ ਜਾਈਏ, ਅਸੀਂ ਬਲਵਾਨ ਅਤੇ ਅਰੋਗ ਬਣੀਏ, ਦੇਸ਼ ਦੇ ਨੌ-ਜਵਾਨਾਂ ਦੀ ਸਿਹਤ ਚੰਗੀ ਰਹੇ ਤਾਂ ਸਾਨੂੰ ਉਪਰਲਿਆਂ ਕਾਰਨਾਂ ਵਲ ਧਿਆਨ ਦੇਕੇ, ਉਹਨਾਂ ਦੇ ਖਾਤਮੇ ਦਾ ਉਪਾਉ ਕਰਨਾ ਹੋਵੇਗਾ।

ਸਭ ਤੋਂ ਪਹਿਲਾਂ ਸਾਨੂੰ ਗਊ ਹਤਿਆ ਵਰੁਧ ਅਵਾਜ ਉਠਾਣੀ ਚਾਹੀਦੀ ਹੈ। ਇਸ ਦਾ ਵਿਰੋਧ ਵਖਰਾ ਵਖਰਾ ਨਾ ਕਰਕੇ ਸਗੋਂ ਸਮੁਚੇ-

Sri Satguru Jagjit Singh Ji Elibrary NamdhariElibrary@gmail.com

ਰੂਪ ਵਿਚ ਹੋਣਾ ਚਾਹੀਦਾ ਹੈ। ਗਊ ਰਖਿਆ ਦੇ ਮਸਲੇ ਨੂੰ ਸਾਡਾ ਪਕਾ ਸਮਰਥਨ ਮਿਲਨਾ ਚਾਹੀਦਾ ਹੈ।

ਦੂਜੀ ਗਲ ਜੋ ਹੋਰ ਵੀ ਮਹਤਵ ਪੂਰਨ ਹੈ ਤੇ ਜਿਸ ਵਲ ਅਸਾਂ ਖਾਸ ਧਿਆਨ ਦੇਣਾ ਹੈ, ਉਹ ਹੈ ਚਰਾਗਾਹਾਂ। ਚਰਾਗਾਹਾਂ ਕਾਫੀ ਮਾਤਰਾ ਵਿਚ ਛਡੀਆਂ ਜਾਣੀਆਂ ਚਾਹੀਦੀਆਂ ਹਨ। ਅਤੇ ਇਹ ਕੰਮ ਸਰਕਾਰ ਦੇ ਸਹਿਯੋਗ ਤੋਂ ਬਿਨਾ ਅਸੰਭਵ ਹੈ। ਨਸਲਾਂ ਦੇ ਸੁਧਾਰ ਵਾਸਤੇ ਖਾਸ ਪਰਯਤਨ ਕਰਨਾ ਚਾਹੀਦਾ ਹੈ। ਅਤੇ ਸਭ ਤੋਂ ਜਰੂਰੀ ਗਲ ਹੈ ਕਿ ਧਾਰਮਿਕ ਸਿਖਿਆ ਦਾ ਪ੍ਰਚਾਰ ਤੇ ਇਸ ਦਾ ਪ੍ਰਸਾਰ, ਇਸ ਵਲ ਖਾਸ ਕਦਮ ਪੁਟਣਾ ਚਾਹੀਦਾ ਹੈ।

ਸਾਨੂੰ ਇਹ ਨਹੀ ਭੁਲਣਾ ਚਾਹੀਦਾ ਕਿ ਅਸੀਂ ਭਾਰਤੀ ਹਾਂ। ਵੀਰ ਭਾਰਤ ਦੀ ਉਲਾਦ ਹਾਂ। ਸਾਡਾ ਆਚਰਣ ਆਪਣੇ ਵਡ ਪੁਰਖਿਆਂ ਵਰਗਾ ਹੀ ਹੋਣਾ ਚਾਹੀਦਾ ਹੈ। ਸਾਡਾ ਮਾਣ ਏਮੇ ਵਿਚ ਹੈ। ਸਾਨੂੰ ਡਰ ਹੈ ਕਿ ਪਛਮੀ ਸਭਿਅਤਾ ਦੀ ਅੰਨੀ ਨਕਲ ਵਿਚ ਕਿਤੇ ਅਸੀਂ ਆਪਣੀ ਹੋਂਦ ਹੀ ਨਾ ਗਵਾ ਬਹੀਏ।

ਅਜ ਤਕ ਕਈ ਵਿਦੇਸ਼ੀ ਮਾਸ ਖਾਣ, ਚਾਹ ਪੀਣਾ, ਤੇ ਏਥੋਂ ਤਕ ਕਿ ਸਿਗਰਟ ਪੀਣਾ ਵੀ ਛਡ ਚੁਕੇ ਹਨ, ਅਤੇ ਅਸੀਂ ਭਾਰਤ ਦੇ ਲੋਕ ਮਾਸ ਖਾਣ, ਚਾਹ ਅਤੇ ਤਮਾਕੂ ਪੀਣ ਨੂੰ ਉਤ-ਸ਼ਾਹ ਦੇ ਰਹੇ ਹਾਂ, ਏਹ ਕਿਥੋਂ ਤਕ ਠੀਕ ਹੈ। ਇਸਦਾ ਅੰਦਾਜਾ ਤੁਹਾਡੇ ਸਾਹਮਣੇ ਹੈ। ਭਾਰਤ ਸਰਕਾਰ ਤੇ ਭਾਰਤੀ ਜਨਤਾ ਨੂੰ ਮਿਲਕੇ ਅਜਿਹੇ ਕਦਮ ਪੁਟਣੇ ਚਾਹੀਦੇ ਹਨ। ਜਿਸ ਨਾਲ ਸਾਡੇ ਦੇਸ਼ ਦਾ ਗਊ ਧਨ ਬਚ ਸਕੇ।

ਗਊ ਧਰਮ ਤੇ

ਸ੍ਰੀ ਲਖਬੀਰ ਸਿੰਘ ਜੀ "ਮਸ਼ੀਨਮੈਨ"

ਧਰਮ ਨਹੀਂ ਕਿ ਕਚੀਆਂ ਕੌਡੀਆਂ ਤੇ ਹਰ ਵਕਤ ਮਨੁਖੀ ਈਮਾਨ ਬਦਲੇ।
ਕਿਸੇ ਬੇ ਜਬਾਨ ਤੇ ਛੁਰੀ ਕਸੇ ਮਰਦ ਆਪਣੇ ਚਸਕੇ ਜਬਾਂਨ ਬਦਲੇ।

ਧੂਹੇ ਕਿਸੇ ਗਰੀਬ ਦੀਆਂ ਆਂਦਰਾਂ ਨੂੰ ਸੋਹਣਾ ਗਲ ਦਾ ਹਾਰ ਬਨਾਣ ਬਦਲੇ।
ਗਲਾ ਕਿਸੇ ਦਾ ਘੁਟ ਲੇ ਕਢ ਆਨੇ ਵਿਚ ਛਾਪ ਦੇ ਨਗ ਜੜਾਣ ਬਦਲੇ।

ਹੈ ਧਰਮ ਮੁਹਬਤ ਦੀ ਮਲਮ ਲਾਵੇ ਕਿਸੇ ਦੁਖੀ ਦਾ ਦਰਦ ਮਿਟਾਨ ਬਦਲੇ।
ਸਿਰ ਤੇ ਹਥ ਧਰ ਹੇਠਾਂ ਧਕੇਲ ਦੇ ਨਾ ਰਖੇ ਹਥ ਸਿਰ ਤੇ ਉਚਾ ਉਠਾਨ ਬਦਲੇ।

ਜਾਵੇ ਜਾਨ ਪਰ ਧਰਮ ਨਹੀਂ ਜਾਣ ਦੇਣਾ ਵੇਦਾਂ ਪੀਰਾਂਦੇ ਕਹੇ ਫੁਰਮਾਨ ਬਦਲੇ।
ਜੇਕਰ ਇਹ ਮਨੁਖ ਵਿਚ ਸ਼ਕਤ ਆਵੇ ਗਊ ਧਰਮ ਤੇ ਅਮਨ ਦੀ ਸ਼ਾਨ ਬਦਲੇ।

Sri Satguru Jagjit Singh Ji Elibrary NamdhariElibrary@gmail.com

ਦੁਧ ਪਾਲਕ ਕੌਣ

ਸ੍ਰੀ ਪਿਆਰਾ ਸਿੰਘ ਜੀ ਵਿਰਦੀ ਨਵੀਂ ਦਿੱਲੀ

'ਦੁਧ ਗਊ ਦਾ ਹੋ ਦੁਰਲਭ ਜਾਸੀ,
ਭੁਲ ਜਾਣਗੇ ਗਊ ਦਾ ਨਾ ਲੋਕੀਂ।'

ਮਾਸਟਰ ਦਰਸ਼ਨ ਸਿੰਘ ਨੇ ਬਚਿਆਂ ਨੂੰ ਪੜ੍ਹਾਂਦਿਆਂ ਹੋਇਆਂ 'ਸਤਿਜੁਗ' ਵਿਚੋਂ ਇਕ ਕਵੀ ਦੀ ਕਵਿਤਾ ਵਿਚੋਂ ਇਹ ਦੋ ਸਤਰਾਂ ਅਜੇ ਪੜ੍ਹੀਆਂ ਹੀ ਸਨ ਕਿ ਕਾਕਾ ਦਰਸ਼ਨ ਸਿੰਘ ਨੇ ਮਾਸਟਰ ਜੀ ਹੁਰਾਂ ਤੋਂ ਆਪਣੀ ਸ਼ੰਕਾ ਦੂਰ ਕਰਨ ਵਾਸਤੇ ਪੁਛ ਕੀਤੀ ਕਿ ਸਾਡੇ ਦੇਸ ਵਿਚ ਤਾਂ ਦੁਧ ਦੀਆਂ ਨਦੀਆਂ ਵਗਦੀਆਂ ਸਨ। ਮਾਸਟਰ ਅਜੀਤ ਸਿੰਘ ਨੇ ਸਾਨੂੰ ਦਸਿਆ ਸੀ ਪੜ੍ਹਾਂਦਿਆਂ ਹੋਇਆ, ਪਰ ਇਸ ਕਵਿਤਾ ਤੋਂ ਪਤਾ ਚਲਦਾ ਹੈ ਕਿ ਦੁਧ ਮਿਲੇਗਾ ਹੀ ਨਹੀਂ ਅਗੇ ਤੋਂ, ਕੀ ਕਵੀ ਦੀ ਕਲਪਣਾ ਹੀ ਹੈ ਜਾਂ ਠੀਕ ਹੈ ਜੇ ਇਹ ਠੀਕ ਹੀ ਹੈ ਤਾਂ ਇਸਦਾ ਕਾਰਨ ਸਾਨੂੰ ਸਮਝਾਓ। "ਇਹ ਠੀਕ ਹੈ।" ਮਾਸਟਰ ਜੀ ਕਿਹਾ। ਸੁਣੋ ਬਚੋ ਤੁਸੀ ਹੈਰਾਨ ਹੋਵੋਗੇ ਕਿ ਇਹ ਦੁਧ ਜਿਹੜਾ ਸਾਨੂੰ 'ਦਿਲੀ ਮਿਲਕ ਸਕੀਮ' ਦੇ ਰਹੀ ਹੈ ਇਹ ਦੁਧ ਖਾਲਸ ਮੱਝ ਜਾਂ ਗਊ ਦਾ ਨਹੀਂ ਹੈ। ਇਸ ਵਿਚ ਬਹੁਤਾ ਹਿਸਾ ਪਾਊਡਰ ਦੇ ਦੁਧ ਦਾ ਹੁੰਦਾ ਹੈ। ਇਹ ਪਾਊਡਰ ਸਾਨੂੰ ਬਦੇਸ਼ਾਂ ਵਿਚੋਂ ਆਉਂਦਾ ਹੈ ਤੇ ਪਤਾ ਨਹੀਂ ਇਹ ਕਿਸ ਕਿਸ ਜਾਨਵਰ ਦਾ ਦੁਧ ਜਮਾਇਆ ਹੋਇਆ ਹੁੰਦਾ ਹੈ, ਪਾਊਡਰ ਦੀ ਸ਼ਕਲ ਵਿਚ। ਤੁਸੀਂ ਆਪ ਹੀ ਦਸੋ ਕਿ ਇਸ ਪਾਊਡਰ ਦਾ ਦੁਧ ਪੀਕੇ ਤਾਕਤ ਕਿਥੋਂ ਆਏਗੀ, ਇਕ ਦਿਲ ਨੂੰ ਤਸਲੀ ਹੀ ਹੈ ਕਿ ਦੁਧ ਪੀਈਦਾ ਹੈ। ਤੁਸੀਂ ਦਸੋਗੇ ਇਸ ਅਸਲੀ ਦੁਧ ਨਾ ਮਿਲਣ ਦਾ ਕੌਣ ਜੁਮੇਵਾਰ ਹੈ। ਅਛਾ ਜੇ ਤੁਸੀਂ ਨਹੀਂ ਦਸ

Sri Satguru Jagjit Singh Ji Elibrary NamdhariElibrary@gmail.com

ਸਕਦੇ ਤਾਂ ਸੁਣੋ ਮੈਂ ਦਸਦਾ ਹਾਂ। 'ਇਸਦੇ ਜੁਮੇਵਾਰ ਅਸੀਂ। ਹਾਂ ਸਾਰੇ ਭਾਰਤੀ ਹੀ' 'ਉਹ ਕਿਸਤ੍ਹਾਂ।' ਕਾਕਾ ਹਰਬੰਸ ਸਿੰਘ ਨੇ ਪੁਛ ਕੀਤੀ। 'ਸੁਣੋ ਕਾਕਾ ਸੁਣੋ ਮੈਂ ਇਹ ਹੀ ਦਸਣ ਲਗਾ ਸੀ।' ਮਾਸਟਰ ਦਰਸ਼ਨ ਸਿੰਘ ਜੀ ਦਸਣਾ ਸ਼ੁਰੂ ਕੀਤਾ। ਲਓ ਧਿਆਨ ਦਿਓ।

'ਸਾਡਾ ਪਿਆਰਾ ਦੇਸ਼, ਰਿਸ਼ੀਆਂ ਮੁਨੀਆਂ ਦਾ ਦੇਸ਼ ਹੈ। ਗੁਰੂਆਂ ਦਾ ਦੇਸ਼ ਹੈ। ਦੇਵਤਿਆਂ ਦਾ ਦੇਸ਼ ਹੈ। ਇਹ ਵਰਿਆਮ ਸਿੰਘ ਸ਼ਹੀਦ ਦਾ ਦੇਸ਼ ਹੈ। ਬਿਸ਼ਨ ਸਿੰਘ ਸ਼ਹੀਦ ਦਾ ਦੇਸ਼ ਹੈ। ਇਹ ਸ਼ਹੀਦਾਂ ਦਾ ਦੇਸ਼ ਹੈ। ਦੁਨੀਆ ਦੇ ਹਰ ਦੇਸ਼ ਤੋਂ ਸਾਡਾ ਭਾਰਤ ਜ਼ਿਆਦਾ ਪਵਿਤਰ ਮੰਨਿਆ ਜਾਂਦਾ ਸੀ। ਸਾਡੇ ਦੇਸ਼ ਦੀ ਸਾਇੰਸ ਜਗਤ ਪਰਸਿਧ ਸੀ। ਹਰ ਜਗਤ ਵਾਸੀ ਦੀ ਨਜ਼ਰ ਮੇਰੇ ਅਗ੍ਰ-ਵਧੂ ਦੇਸ਼ ਭਾਰਤ ਤੇ ਸੀ। ਕਿਉਂਕਿ ਸਾਡੇ ਦੇਸ਼ ਦੀ ਹਰ ਸ਼ੈ ਦੁਨੀਆਂ ਨਾਲੋਂ ਅਨੋਖੀ ਹੀ ਨੁਹਾਰ ਰਖਦੀ ਸੀ! ਮੇਰੇ ਦੇਸ਼ ਦਾ ਪਾਣੀ ਵੀ ਦੂਜਿਆਂ ਦੇਸ਼ਾਂ ਨਾਲੋਂ ਜ਼ਿਆਦਾ ਤਾਕਤ ਰਖਦਾ ਸੀ। ਦੁਆਪਰ ਜੁਗ ਦੇ ਸਤਿਗੁਰੂ ਸ੍ਰੀ ਭਗਵਾਨ ਕ੍ਰਿਸ਼ਨ ਜੀ ਗਊ ਗਰੀਬ ਨਾਲ ਪਿਆਰ ਕਰਦੇ ਸਨ ਇਸ ਕਰਕੇ ਸਾਡੇ ਦੇਸ਼ ਨੂੰ ਗਊ—ਪਾਲਕ ਕਿਹਾ ਜਾਂਦਾ ਸੀ ਕਿਉਂਕਿ ਸ੍ਰੀ ਭਗਵਾਨ ਕ੍ਰਿਸ਼ਨ ਜੀ ਦੇ ਸਾਰੇ ਭਗਤ ਹੀ ਗਊਆਂ ਰਖਦੇ ਸਨ ਆਪਣੇ ਵਕਤ ਦੇ ਸਤਿ-ਗੁਰੂ ਨੂੰ ਰੀਝਾਨ ਵਾਸਤੇ ਤੇ ਵੈਸੇ ਵੀ ਸ੍ਰੀ ਭਗਵਾਨ ਜੀ ਦਾ ਹੁਕਮ ਵੀ ਸੀ।

ਇਸ ਕਰਕੇ ਇਹ ਜਗਤ ਪ੍ਰਸਿਧ ਹੈ ਕਿ ਭਾਰਤ ਵਿਚ ਦੁਧ ਦੀਆਂ ਨਦੀਆਂ ਵਗਦੀਆਂ ਸਨ। ਗਾਂ ਪਾਲਣਾ ਇਕ ਧਰਮ ਦਾ ਅੰਗ ਸੀ। ਕੀ ਗਰੀਬ ਤੇ ਕੀ ਅਮੀਰ ਹਰ ਘਰ ਵਿਚ ਗਊ ਸੀ। ਗਊਆਂ ਆਮ ਹੁੰਦੀਆਂ ਸਨ। ਇਥੋਂ ਤਕ ਕਿ ਗਊਆਂ ਦੇ ਇਜੜਾਂ ਦੇ ਇਜੜ ਪਿੰਡਾਂ ਵਿਚ, ਸ਼ਹਿਰਾਂ ਵਿਚ, ਬਸਤੀਆਂ 'ਚ ਫਿਰਦੇ ਰਹਿੰਦੇ ਸਨ ਜਿਨ੍ਹਾਂ ਦਾ ਨਾਮ 'ਰਾਮ ਗਊਆਂ' ਹੀ ਪ੍ਰਸਿਧ ਹੈ। ਜਿਸ ਦਾ ਦਿਲ ਕਰਦਾ ਉਸਨੂੰ ਪੱਠਾ ਦੇ ਦਿੰਦਾ, ਚਾਰਾ ਪਾ ਦਿੰਦਾ ਤੇ ਜੇ ਕਿਸੇ ਦਾ ਜੀ ਕਰਦਾ ਦੁਧ ਚੋਂ ਲੈਂਦਾ। ਹਰ ਭਾਰਤ ਵਾਸੀ ਵਿਚ ਫੌਲਾਦੀ ਤਾਕਤ ਸੀ। ਸੱਤ ਸੱਤ ਫੁਟੇ ਜੁਆਨ ਸਨ। ਬੀਮਾਰੀ ਦਾ ਕੋਈ ਨਾ ਨਹੀਂ ਸੀ ਜਾਣਦਾ ਕਈ ਕਈ ਸੌ ਸਾਲ ਆਯੂ ਹੁੰਦੀ ਸੀ ਉਸ ਵੇਲੇ ਦੇ ਗਭਰੂਆਂ ਦੀ। ਇਹ ਸਭ ਗਊ ਦੇ ਦੁਧ ਦੀਆਂ ਹੀ ਕਰਮਾਤਾਂ ਸਨ।

'ਉਹ ਗਊਆਂ ਹੁਣ ਕਿਧਰ ਗਈਆਂ।' ਕਾਕਾ ਹਰਬੰਸ ਸਿੰਘ ਨੇ ਫੇਰ ਆਪਣੇ ਅਧਿਆਪਕ ਤੋਂ ਪੁਛਿਆ।

ਸਤਿਜੁਗ ਤੋਂ ਬਾਦ ਦੁਆਪਰ, ਤ੍ਰੇਤੇ ਤੇ ਫੇਰ ਕਲਿਜੁਗ ਦਾ ਰਾਜ ਹੋਇਆ। ਇਸ ਭਿਆਨਕ ਕਲਿਜੁਗ ਵਿਚ ਉਹ ਕੁਝ ਹੋਇਆ ਅਤੇ ਹੋ ਰਿਹਾ ਹੈ ਕਿ ਜਿਸਦੀ ਕੋਈ ਉਮੀਦ ਵੀ ਨਹੀਂ ਸੀ ਕੀਤੀ ਜਾ ਸਕਦੀ। ਅਸੀਂ ਅਜ ਸਿਰਫ ਗਊ ਬਾਬਤ ਹ ਗਲ ਬਾਤ ਕਰਨੀ ਹੈ। ਮਾਸਟਰ ਦਰਸ਼ਨ ਸਿੰਘ ਜੀ ਮੁੰਡਿਆਂ ਨੂੰ ਸੰਬੋਧਨ ਕਰਕੇ ਕਹਿ ਰਹੇ ਸਨ ਸਾਡੇ ਸਿਖ ਗੁਰੂਆਂ ਨੇ ਥਾਂ ਥਾਂ ਤੇ ਗਊ-ਰਖਸ਼ਾ ਬਾਬਤ ਸਾਨੂੰ ਉਪਦੇਸ਼ ਦਿਤੇ ਹਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਸ੍ਰੀ ਆਸਾ ਜੀ ਦੀ ਵਾਰ ਵਿਚ ਸਾਨੂੰ ਬੇ-ਸਮਝ ਜੀਵਾਂ ਨੂੰ ਗਊ ਨੂੰ ਟੈਕਸ ਲਾਉਣ ਤੋਂ ਵੀ ਵਰਜਦੇ ਹਨ ਇਸਤੋਂ ਪਤਾ ਲਗਦਾ ਹੈ ਕਿ ਉਸ ਵੇਲੇ ਗਊ ਰਖਣ, ਪਾਲਣ ਵਾਲੇ ਨੂੰ ਕੁਝ ਟੈਕਸ ਵੀ ਦੇਣਾ ਪੈਂਦਾ ਸੀ। ਉਪਦੇਸ਼ ਇਸ ਪ੍ਰਕਾਰ ਦਿੰਦੇ ਹਨ :

'ਗਊ ਬਿਰਾਹਮਣ ਕਉ ਕਰੁ ਲਾਵਹੁ।
ਗੋਬਰਿ ਤਰਣੁ ਨ ਜਾਈ।'

ਸ੍ਰੀ ਸਤਿਗੁਰੂ ਰਾਮਦਾਸ ਜੀ ਵੀ ਸੋਰਠ ਰਾਗ ਵਿਚ ਕਥਨ ਕਰਦੇ ਹਨ :

ਆਪੇ ਗੋਪੀ ਕਾਨੁ ਹੈ ਪਿਆਰਾ।
ਬਨਿ ਆਪੇ ਗਊ ਚਰਾਹਾ।

ਇਥੇ ਹੀ ਬਸ ਨਹੀਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਸਮੇ ਬਹੁਤ ਯਤਨ ਕੀਤੇ ਕਿ

Sri Satguru Jagjit Singh Ji Elibrary NamdhariElibrary@gmail.com

ਕਸਾਈਆਂ ਹਥੋਂ ਗਊ ਬਚਾਈ ਜਾਵੇ । ਗਊ ਗਰੀਬ ਸੁਖੀ ਵਸਣ, ਪਰ ਇਹ ਕਲਿਜੁਗੀ ਜੀਵ ਕਿਥੇ ਮੰਨਣ ਵਾਲਾ ਸੀ ਬੇਸ਼ਕ ਉਹਨਾਂ ਬਹੁਤ ਸਾਰੇ ਕਈ ਾਵਰ ਸਾਨੂੰ ਗਊ–ਰਖਸ਼ਾ ਵਾਸਤੇ ਉਪਦੇਸ਼ ਦਿਤੇ ਹਨ। ਆਪ ਅਕਾਲ ਪੁਰਖ ਨੂੰ ਬੇਨਤੀ ਕਰਦੇ ਹਨ ਕਿ :

'ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।'

ਇਕ ਖਾਸ ਬੇਨਤੀ ਅਕਾਲ ਪੁਰਖ ਅਗੇ ਇਸ ਪ੍ਰਕਾਰ ਕੀਤੀ ਹੈ :

'ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਰ ਮਾਰ ਕਰ ਰਛ ਗਊਅਨ ਕਰੀਜੈ।'

ਅਗੇ ਸੁਣੋ :

'ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।
ਗਊ ਘਾਤ ਕਾ ਦੋਖ ਜਗ ਸਿਉ ਮਿਟਾਊਂ।'

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਅਕਾਲ ਪੁਰਖ ਅਗੇ ਅਰਦਾਸ ਸੀ। ਇਹ ਉਹਨਾਂ ਦੀ ਕਲਪਣਾ ਸੀ ਕਿ ਗਊ ਨੂੰ ਗਊ—ਘਾਤਕਾਂ ਤੋਂ ਛੁਡਾਇਆ ਜਾਵੇ। ਪਰ ਉਹ ਆਪ ਕਈ ਲੜਾਈਆਂ ਵਿਚ ਉਲਝਣ ਕਰਕੇ ਇਹ ਕੰਮ ਪੂਰਾ ਨਾ ਕਰ ਸਕੇ। ਵਕਤ ਬੀਤਦਾ ਗਿਆ। ਕਸਾਈ ਸਾਰੇ ਦੇਸ਼ ਵਿਚ ਵਧਦੇ ਗਏ। ਗਊਆਂ ਮੁਕਦੀਆਂ ਗਈਆਂ। ਨੰਗੇ ਭੁਖੇ ਰੋਟੀ ਦੀ ਭਾਲ ਵਿਚ ਆਪਣੇ ਦੇਸ਼ ਨੂੰ ਛਡ ਸਾਡੇ ਭਾਰਤ ਵਲ ਵਧੇ। ਸਾਡੇ ਭਾਰਤੀ ਬਹੁਤ ਲਾਲਚੀ ਸਾਬਤ ਹੋਇ ਉਹਨਾਂ ਨੂੰ । ਅੰਗਰੇਜ਼ ਚਾਲਕ ਸੀ । ਉਸ ਨੇ ਲਾਲਚੀਆਂ ਨੂੰ ਹਰ ਪਰਕਾਰ ਦੇ ਲਾਲਚ ਦਿਤੇ। ਇਥੇ ਤਕ ਕਿ ਉਹਨਾਂ ਆਪਣੀਆਂ ਧੀਆਂ, ਭੈਣਾਂ ਵੀ ਦੇਣੋ ਸੰਕੋਚ ਨਾ ਕੀਤਾ। ਇਹ ਸਾਰੇ ਹੀ ਯਤਨ ਉਸ ਬਿਲੇ ਦੇ ਸਨ ਸਾਡੇ ਭਾਰਤ 'ਸੋਨੇ ਦੀ ਚਿੜੀ' ਨੂੰ ਲੁਟਣ ਵਾਸਤੇ। ਆਖਰ ਉਹ ਇਸ ਵਿਚ ਸਫਲ ਹੋਇਆ। ਹੌਲੀ ਹੌਲੀ ਉਸ ਲਗਪਗ ਸਾਰੇ ਹੀ ਭਾਰਤ ਤੇ ਕਬਜਾ ਕਰ ਲਿਆ, ਪਰ ਪੰਜਾਬ ਮੇਰਾ ਸੂਬਾ ਅਜੇ ਉਸਦੇ ਪੰਜੇ ਵਿਚ ਨਹੀਂ ਸੀ ਆਇਆ। ਪੰਜਾਬ ਵਿਚ ਸ਼ੇਰੇ ਪੰਜਾਬ ਮਹਾਰਾਜਾ ਰੰਜੀਤ ਸਿੰਘ ਜੀ ਦਾ ਬੋਲ ਬਾਲਾ ਸੀ। ਉਧਰ ਅਜੇ ਸ਼ੇਰੇ ਪੰਜਾਬ ਨੇ ਅਖਾਂ ਮੀਟੀਆਂ ਉਧਰ ਬਿਲੇ ਨੇ ਮੇਰੇ ਹਸਦੇ ਵਸਦੇ ਖੁਸ਼ੀਆਂ ਵਿਚ ਖੇਲਦੇ ਮੱਲਦੇ, ਪੰਜਾਬੀ ਦੀ ਆਜ਼ਾਦੀ ਨੂੰ ਆ ਦਬੋਚਿਆ। ਉਸ ਪੰਜਾਬੀ ਸ਼ੇਰ ਨੂੰ ਗੁਲਾਮ ਬਨਾਣਾ ਚਾਹਿਆ, ਲਾਲਚ ਦੇਕੇ ਤੇ ਕੁਝ ਦਬਦਬਾ ਵਖਾ ਕੇ। ਇਸ ਵਿਚ ਉਹ ਕੁਝ ਕਾਮਯਾਬ ਵੀ ਹੋ ਗਿਆ।

"ਕੀ ਸਿਖ ਸਰਦਾਰ ਲਾਲਚ ਵਿਚ ਆਕੇ ਅੰਗਰੇਜ਼ ਦੇ ਨਾਲ ਮਿਲ ਗਏ ਸਨ ਕਿਉਂਕਿ ਬਜ਼ੁਰਗ ਦਸਦੇ ਹਨ ਕਿ ਗੁਰਦਵਾਰਿਆਂ ਵਿਚ ਇਹ ਪੜ੍ਹਿਆ ਜਾਂਦਾ ਸੀ।"

'ਜੁਗ ਜੁਗ ਰਾਜ ਸਵਾਇਆ
ਟੋਪੀ ਵਾਲੇ ਦਾ।'

ਪਿੰਡਾਂ ਦੇ ਸਿਆਣੇ ਆਦਮੀ ਇਹ ਵੀ ਕਹਿੰਦੇ ਸੁਣੇ ਸਨ ਕਿ ਸਿਖ ਸਰਦਾਰਾਂ ਨੇ ੧੮੫੭ ਦੇ ਗਦਰ ਸਮੇ ਅੰਗਰੇਜ਼ ਦਾ ਸਾਥ ਦਿਤਾ ਸੀ।" ਕਾਕਾ ਹਰਦੇਵ ਸਿੰਘ ਨੇ ਪੁਛ ਕੀਤੀ।

'ਇਹ ਕੁਝ ਸੱਚ ਵੀ ਹੈ ਤੇ ਕੁਝ ਝੂਠ ਵੀ।' ਮਾਸਟਰ ਦਰਸ਼ਨ ਸਿੰਘ ਇਸ ਕਿੱਸੇ ਨੂੰ ਅਗੇ ਤੋਰਦਿਆਂ ਕਿਹਾ :

ਸਹੀ ਇਸ ਕਰਕੇ ਕਿ ਕੁਝ ਵਡਿਆਂ ਵਡਿਆਂ ਸਰਦਾਰਾਂ, ਰਾਜਿਆਂ ਮਹਾਰਾਜਿਆਂ, ਪੈਸੇਤੇ ਜਾਗੀਰਾਂ ਦੇ ਲਾਲਚ ਵਿਚ ਆਕੇਹਾਕਮ ਬਿਲੇ ਅੰਗਰੇਜ਼ ਦਾ ਸਾਥ ਦਿਤਾ ਤੇ ਗਦਰ ਸਮੇ ਆਪਣੇ ਭਰਾਵਾਂ ਕਿਰਤੀ ਕਿਰਸਾਨਾਂ, ਗਰੀਬ ਜੰਤਾ ਦਾ ਵਿਰੋਧ ਕੀਤਾ ਤੇ ਬਾਹਰੋਂ ਆਇ ਭੁਖੇ ਨੰਗੇ ਬਿਲੇ ਨੂੰ ਜਿਤਾ ਕੇ ਭਾਰਤ ਤੇ ਰਾਜ ਕਰਨ ਦੇ ਕਾਬਲ ਬਣਾ ਦਿਤਾ।

ਪਰ ਦੂਜੇ ਪਾਸੇ ਅੰਗਰੇਜ਼ ਹਾਕਮ ਦਾ ਦਬਦਬਾ ਨਾ ਝਲਣ ਵਾਲੇ ਵਕਤ ਦੇ ਸ਼ਹਿਨਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਸੇਵਕ

Sri Satguru Jagjit Singh Ji Elibrary NamdhariElibrary@gmail.com

ਕੂਕਿਆਂ ਨੇ ਫੈਸਲਾ ਕਰ ਲਿਆ ਹਇਆ ਸੀ ਕਿ ਜਿਨਾਂ ਚਿਰ ਜਾਨ ਵਿਚ ਜਾਨ ਹੈ ਜ਼ਾਲਮ ਅੰਗਰੇਜ਼ ਦੇ ਗੁਲਾਮ ਬਣਕੇ ਨਹੀਂ ਰਹਿਣਾ। ਮੁਲਕ ਧਰੋਈ ਨਹੀਂ ਬਣਨਾ। ਉਸ ਚਾਲ-ਬਾਜ ਅੰਗਰੇਜ਼ ਦੇ ਲਾਲਚਾਂ ਨੂੰ ਆਪਣੀ ਜੁਤੀ ਦੀ ਨੋਕ ਨਾਲ ਠੁਕਰਾ ਦਿਤਾ ਤੇ ਗਜ ਵਜਕੇ ਅੰਗਰੇਜ਼ ਹਕੂਮਤ ਦਾ ਸਭਤੋਂ ਪਹਿਲਾਂ ਵਿਰੋਧ ਕੀਤਾ। ਇਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਆਜ਼ਾਦੀ ਹੈ ਜਿਸਦੇ ਕਾਰਨ ਕਿ ਅਸੀਂ ਅਜ ਆਪਣੇ ਆਪਨੂੰ ਅਜ਼ਾਦ ਸ਼ਹਿਰੀ ਕਹਿਲਾਉਣ ਦੇ ਹਕਦਾਰ ਹਾਂ।

ਸਾਡਾ ਅਜ ਦਾ ਮਜ਼ਮੂਨ ਗਊ ਰਖਿਆ ਬਾਬਤ ਹੈ। ਮਾਸਟਰ ਜੀ ਦੁਹਰਾਇਆ 'ਜਿਸ ਦਿਨ ਦਾ ਬਿਲਾ ਸਾਡੀ ਪਵਿਤਰ ਦੇਸ਼ ਦੀ ਧਰਤੀ ਤੇ ਆਇਆ ਹੈ ਓਸ ਦਿਨ ਤੋਂ ਗਊ ਦੀ ਪੁਕਾਰ ਵਧੀ। ਗਊਆਂਮੁਕਣੀਆਂ ਸ਼ੁਰੂ ਹੋ ਗਈਆਂ। ਭੁਖੇ ਬਿਲੇ ਨੇ ਗਊਆਂ ਮਰਵਾਣੀਆਂ ਸ਼ੁਰੂ ਕਰ ਦਿਤੀਆਂ ਸੀ। ਮਾਸਟਰ ਜੀ ਨੇ ਇਕ ਕਵੀ ਦੇ ਖਿਆਲ ਇਸਤਰਾਂ ਸੁਣਾਏ :

'ਗਲ ਬਿਲਿਆਂ ਦੀ ਇਕ ਹੋਰ ਮਾੜੀ,
ਮਾਸ ਗਊ ਦਾ ਨਿਤ ਜੋ ਖਾਂਵਦੇ ਸਨ।
ਖੱਲ ਗਊ ਦੀ ਸਾਲ ਵਿਚ ਲਾਹ ਕਾਫੀ,
ਮੁਫਤ ਆਪਣੇ ਦੇਸ਼ ਪੁਚਾਂਵਦੇ ਸਨ।

ਬਿਲੇ ਭੁਖੇ ਨੇ ਸਾਡੇ ਦੇਸ ਵਿਚ ਵੀ ਭੁਖ ਪਾ ਦਿਤੀ। ਸਾਡੇ ਦੇਸ਼ ਵਾਸੀਆਂ ਨੂੰ ਵੀ ਮਾਸ ਖਾਣ ਦੀ ਆਦਤ ਪਾ ਦਿਤੀ ਤੇ ਫੇਰ ਗਊ ਦਾ ਮਾਸ। ਸਾਡੇ ਭਰਾ ਮਾਸ ਖਾਣ ਦੇ ਆਦੀ ਹੋ ਗਏ ਜਿਸ ਦੇ ਕਾਰਨ ਅੰਗਰੇਜ਼ ਨੇ ਆਪਣੀ ਕਮਾਈ ਦੇ ਸਾਧਨ ਵਾਸਤੇ ਦੇਸ਼ ਦੇ ਕੋਨੇ ਕੋਨੇ ਵਿਚ ਬੁਚੜ ਖਾਨੇਂ ਖੋਲ ਦਿਤੇ। ਇਹ ਆਦਤ ਮੇਰੇ ਪੰਜਾਬੀ ਵੀਰਾਂ ਨੂੰ, ਸਿਖ ਸ੍ਰਦਾਰਾਂ ਨੂੰ ਵੀ ਪੈ ਚੁਕੀ ਸੀ। ਕਹਾਵਤ ਹੈ ਕਿ "ਮੂੰਹ ਨੂੰ ਮਾਸ ਲਗਾ ਛੁਟਦਾ ਨਹੀਂ।" ਸੋ ਇਸ ਵਕਤ ਪੰਜਾਬ ਦੀ ਧਰਤੀ, ਗੁਰੂਆਂ ਦੀ ਧਰਤੀ ਤੇ ਬੁਚੜ ਖਾਨਾ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਕੋਲ ਜਿਥੇ ਕਿ ਅਜ ਕਲ ਘੰਟਾ ਘਰ ਹੈ, ਬਣਾ ਦਿਤਾ। ਹੌਲੀ ਹੌਲੀ ਹੋਰ ਕਈ ਥਾਂ ਤੇ ਬੁਚੜਖਾਨੇ ਬਣਾ ਦਿਤੇ। ਉਹਨਾਂ ਗਊ—ਘਾਤਕ ਸਿਖਾਂ ਦੀ ਹਾਲਾਤ ਗਿਆਨੀ ਗਿਆਨ ਸਿੰਘ ਜੀ, ਪੰਥ ਪ੍ਰਕਾਸ਼ ਵਿਚ ਇਓਂ ਲਿਖਦੇ ਹਨ :

'ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ।
ਜਿੰਨੇ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ।
ਸਿਖੀ ਦਸਮੇਸ਼ ਕੀ ਸੁ ਕੀ ਅਪਰਦੇਸ ਕੀ।
ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੈ।

ਇਸਤਰਾਂ ਦੀ ਹਾਲਤ ਸ੍ਰੀ ਗੁਰੂ ਜੀ ਤੋਂ ਬੇ-ਮੁਖ ਹੋਈ ਸਿਖੀ ਦੀ। ਹੁਣ ਤੁਸੀਂ ਆਪ ਹੀ ਦਸੋ ਕਿ ਉਹਨਾਂ ਬੇ-ਮੁਖ ਸਿਖਾਂ ਨੂੰ,ਮਾਸ ਖਾਣਿਆਂ ਨੂੰ ਕੀ ਇਨਕਾਰ ਹੋ ਸਕਦਾ ਸੀ ਬੁਚੜਖਾਨਿਆਂ ਦਾ। ਚਾਹੇ ਓਹ ਕਿਸੇ ਵੀ ਧਰਮ ਅਸਥਾਨ ਤੇ ਬੁਚੜਖਾਨੇ ਬਣਾ ਦਿੰਦੇ। ਸ੍ਰੀ ਅੰਮ੍ਰਿਤਸਰ ਵਾਲਾ ਬੁਚੜਖਾਨਾ ਸ੍ਰੀ ਦਰਬਾਰ ਸਾਹਿਬ ਦੇ ਲਾਗੇ ਹੀ ਸੀ। ਇਲਾਂ, ਗਿਲਜਾਂ ਉਥੋਂ ਮਾਸ ਦੀਆਂ ਬੋਟੀਆਂ ਹੱਡੀਆਂ ਆਦਿ ਚੁਕਕੇ ਆਪਣੇ ਟਿਕਾਣੇ ਵਾਸਤੇ ਜਲਦੀ ਜਲਦੀ ਉਡਦੀਆਂ ਤੇ ਕਈ ਵੇਰ ਉਸ ਮਾਸ ਦੇ ਲੋਥੜੇ ਸਾਡੇ ਪਵਿਤਰ ਸਰੋਵਰ, ਸ੍ਰੀ, ਹਰਮੰਦਰ ਸਾਹਿਬ ਵਿਚ ਆਣ ਡਿਗਦੇ ਜਿਸ ਨਾਲ ਜਲ ਅਪਵਿਤਰ ਹੋ ਜਾਂਦਾ ਸਿਖ ਸਰਦਾਰ, ਗੁਰ-ਦਵਾਰੇ ਦੇ ਮਹੰਤ ਅੰਗਰੇਜ ਦੇ ਡਰ ਦੇ ਮਾਰੇ ਉਫ ਤਕ ਨਹੀਂ ਸੀ ਕਰਦੇ।

ਹਰ ਰੋਜ ਇਸਬੁਚੜਖਾਨੇ ਵਿਚ ਸੈਂਕੜਿਆਂ ਦੀ ਤਹਿਦਾਦ ਵਿਚ ਗਊਆਂ ਦੇ ਗਲੇ ਤੇ ਛੁਰੀ ਫਿਰਨ ਲਗੀ। ਸਮਾ ਬੀਤਦਾ ਗਿਆ। ਪੰਜਾਬ ਵਿਚ ਹੋਰ ਕਈ ਥਾਈਂ ਵੀ ਇਹੋ ਜਹੇ ਬੁਚੜਖਾਨੇ ਖੁਲ੍ਹ ਗਏ।

ਇਕ ਦਿਨ ਕੁਝ ਕੂਕੇ ਬੀਰ (ਨਾਮਧਾਰੀ) ਆਪਣੇ ਸਤਿਗੁਰੂ ਦੇ ਅਸਥਾਨ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਵਾਸਤੇ ਆਏ। ਸਰੋਵਰ ਤੇ

Sri Satguru Jagjit Singh Ji Elibrary NamdhariElibrary@gmail.com

ਅਸ਼ਨਾਨ ਕਰਕੇ ਆਪਣੀ ਤੁਛ ਭੇਟਾ ਗੁਰੂ ਦੇ ਦਰਬਾਰ ਅਰਪਣ ਕਰਕੇ ਅਰਦਾਸ ਕਰਕੇ ਜਾਣ ਦੀਆਂ ਤਿਆਰੀਆਂ ਵਿਚ ਹੀ ਸਨ ਕਿ ਹਰ ਰੋਜ ਵਾਂਗ, ਬੁਚੜਖਾਨੇ ਦੀਆਂ ਇੱਲਾਂ ਤੇ ਗਿਲਝਾਂ ਦੇ ਮੂੰਹ ਚੋਂ ਮਾਸ ਦੇ ਟੁਕੜੇ ਹਡੀਆਂ, ਪਵਿਤ੍ਰ ਸਰੋਵਰ ਵਿਚ ਡਿਗਦੇ ਤਕ ਕੇ ਹੈਰਾਨ ਰਹਿ ਗਏ ਤੇ ਸੋਚਨ ਲਗੇ ਇਸਦਾ ਇਲਾਜ ਕੀ ਹੋ ਸਕਦਾ ਹੈ। ਕਿਉਂਕਿ ਸਿਖ ਜੰਤਾ, ਗੁਰਦਵਾਰੇ ਦੇ ਮਹੰਤ ਤਾਂ ਪਹਿਲਾਂ ਹੀ ਅੰਗਰੇਜ਼ ਦੇ ਪਿਠੂ ਸਨ। ਅਕਲੇ ਦੁਕਲੇ ਦੀ ਵੀ ਕੋਈ ਸੁਣਾਈ ਨਹੀਂ ਸੀ ਕਿਸਤਰਾਂ ਕੀਤਾ ਜਾਵੇ। ਉਹਨਾਂ ਕੂਕਿਆਂ ਦਾਂ ਹਾਲਤ ਦੇਖਕੇ ਇਕ ਕਵੀ ਦੇ ਇਹ ਅਖਰ ਕਹੇ ਬਿਨਾ ਨਹੀਂ ਰਹਿ ਸਕਦਾ :

'ਬੇਜ਼ਬਾਨ ਗਊਆਂ ਜਿਬ੍ਹਾ ਹੁੰਦੀਆਂ ਵੇਖ,
ਦਿਲ ਤੜਪਿਆ ਸ਼ੀਂਹ ਮਸਤਾਨਿਆਂ ਦਾ।
ਉਹਨਾਂ ਕੂਕ ਕੇ ਆਖਿਆ ਗੋਰਿਆਂ ਨੂੰ,
ਤੈਨੂੰ ਪਤਾ ਨਹੀਂ ਕੂਕੇ ਦੀਵਾਨਿਆਂ ਦਾ।'

'ਇਹ ਲੈਕਚਰ ਸਾਰੇ ਬਚੇ ਬੜੇ ਗਹੁ ਨਾਲ ਸੁਣ ਰਹੇ ਸਨ ਕਿਉਂਕਿ ਇਹ ਸਚਾਈਆਂ ਸਕੂਲਾਂ ਦੀਆਂ ਕਿਤਾਬਾਂ ਵਿਚ ਅਜੇ ਤਕ ਨਹੀਂ ਛਪੀਆਂ। ਮਾਸਟਰ ਜੀ ਕਹਿੰਦੇ ਗਏ। ਤਦ ਫੇਰ ਸਤਿਗੁਰਾਂ ਦੇ ਪਿਆਰਿਆਂ ਗੁਰਸਿਖਾਂ ਨੇ ਇਸ ਪਰਕਾਰ (ਇਕ ਕਵੀ ਦੇ ਅਖਰਾਂ ਅਨੁਸਾਰ) ਅਰਦਾਸਾ ਸੋਧਿਆ, ਬੁਚੜਖਾਨੇ ਖਤਮ ਕਰਨ ਵਾਸਤੇ :

'ਅਸੀਂ ਸਿੰਘ ਹਾਂ ਸਤਿਗੁਰੂ ਰਾਮ ਸਿੰਘ ਦੇ,
ਅਤੇ ਗਊ ਦੇ ਨਾਮ ਤੇ ਮਰਨ ਵਾਲੇ।
ਸੀ ਆਰਿਆਂ ਹੇਠ ਨਾ ਕਰਨ ਵਾਲੇ,
ਸੀਸ ਆਪਣਾ ਤਲੀ ਤੇ ਧਰਨ ਵਾਲੇ।'

ਬਾਬਾ ਲਹਿਣਾ ਸਿੰਘ, ਸੰਤ ਫਤਹਿ ਸਿੰਘ, ਸੰਤ ਹਾਕਮ ਸਿੰਘ ਅਤੇ ਸੰਤ ਬੀਹਲਾ ਸਿੰਘ ਹੁਰਾਂ ਰਲਕੇ ਗੁਰਮਤਾ ਕੀਤਾ ਤੇ ਗਊ ਗਰੀਬ ਦੇ ਗਲੋ ਤੋਂ ਛੁਰੀ ਲਾਹਣ ਵਾਸਤੇ ਆਪਣਾ ਜੀਵਨ ਬਲੀਦਾਨ ਕਰਨ ਦਾ ਫੈਸਲਾ ਕੀਤਾ।

੧੪-੧੫ ਜੂਨ ਸੰਨ ੧੮੭੧ ਈਸ: ਦੀ ਵਿਚਕਾਰਲੀ ਰਾਤ ਨੂੰ ਇਹਨਾਂ ਮਨਚਲੇ ਸਿੰਘ ਸੂਰਮਿਆਂ ਕਮਰ ਕਸੇ ਕਰ ਕਿਰਪਾਨਾਂ ਲੈਕੇ ਬੁਚੜਖਾਨੇ ਤੇ ਚੜ੍ਹਾਈ ਕਰ ਦਿਤੀ। ਬੁਚੜ ਮਾਰ ਦਿਤੇ ਤੇ ਗਊਆਂ ਦੇ ਗਲਾਂ ਚੋ ਰਸੇ ਵਢ ਕੇ ਉਹਨਾਂ ਨੂੰ ਆਜ਼ਾਦ ਕਰ ਦਿਤਾ। ਆਪ ਸ੍ਰੀ ਭੈਣੀ ਸਾਹਿਬ ਪੁਜ ਗਏ। ਤੇ ਸਾਰੀ ਵਿਥਿਆ ਸਤਿਗੁਰਾਂ ਨੂੰ ਕਹਿ ਸੁਣਾਈ। ਉਧਰ ਅੰਮ੍ਰਿਤਸਰ ਵਿਖੇ ਸਿਖਾਂ, ਮਹੰਤਾਂ, ਨਿਹੰਗਾਂ ਦੀ ਲਗੀ ਫੜਾ ਫੜੀ ਹੋਣ ਤੇ ਕੁਟਾਪੇ ਪੈਣੇ ਸ਼ੁਰੂ ਹੋ ਗਏ। ਸਤਿਗੁਰਾਂ ਨੇ ਸਾਰੀ ਵਿਥਿਆ ਸੁਣ ਕੇ ਕਿਹਾ ਕਿ ਫਸਲ ਬੀਜੇ ਕੋਈ ਤੇ ਉਸ ਦੀ ਪੈਦਾਵਾਰ (ਫਲ) ਕੋਈ ਦੂਜਾ ਖਾ ਜਾਵੇ, ਇਹ ਚੰਗਾ ਨਹੀਂ। ਉਹਨਾਂ ਸਿਖਾਂ ਨੂੰ ਹੁਕਮ ਕੀਤਾ ਕਿ ਤੁਸੀਂ ਅਜ ਹੀ ਜਾਕੇ ਨਿਰਦੋਸ਼ਾਂ ਨੂੰ ਛੁਡਾਓ ਤੇ ਆਪਣਾ ਜੁਰਮ ਕਬੂਲ ਕਰੋ। ਉਹਨਾਂ ਇਸਤਰਾਂ ਹੀ ਕੀਤਾ। ਹਾਕਮ ਨੇ ਇਸ ਜੁਰਮ ਦੀ ਸਜਾ ਫਾਂਸੀ ਸੁਣਾਈ'। 'ਕੀ ਉਹਨਾਂ ਫਾਂਸੀ ਚੜ੍ਹਨ ਤੋਂ ਨਾਂਹ ਕਰ ਦਿਤੀ'। ਕਾਕਾ ਸੁਰਿੰਦਰ ਨੇ ਸਵਾਲ ਕੀਤਾ। 'ਨਹੀਂ ਇੰਜ ਨਹੀਂ ਹੋਇਆ'। ਮਾਸਟਰ ਦਰਸ਼ਨ ਸਿੰਘ ਜੀ ਨੇ ਸਮਝਾਇਆ। ਉਹਨਾਂ ਮਨਚਲਿਆਂ ਫਾਂਸੀ ਨੂੰ ਹਾਸੀ ਸਮਝਿਆ। ਉਹ ਖੁਸ਼ ਸਨ ਕਿ ਉਹਨਾਂ ਦੀ ਜਿੰਦਗੀ ਵੀ ਆਪਣੇ ਪਿਆਰੇ ਦੇਸ਼ ਦੇ ਕੰਮ ਆ ਰਹੀ ਹੈ ਪਰ ਉਹ ਦੁਨੀਆ ਦਾ ਰਵਈਆ ਬਦਲਣਾ ਚਾਹੁੰਦੇ ਸਨ। ਦੁਨੀਆਂ ਨੂੰ ਦਸਣਾ ਚਾਹੁੰਦੇ ਸਨ ਕਿ ਦੇਸ਼ ਵਾਸਤੇ ਕਿਸਤਰਾਂ ਹਸ ਹਸ ਫਾਂਸੀ ਦੇ ਰਸੇ ਗਲ ਵਿਚ ਪਾਈਦੇ ਹਨ ਗੁਰ ਸਿਖ ਹੋਣ ਦੇ ਨਾਤੇ ਚਮ ਦੀ ਰੱਸੀ ਗੱਲ ਵਿਚ ਨਹੀਂ ਸੀ ਪਾਉਣਾ ਚਾਹੁੰਦੇ। ਬਾਬਾ ਲਹਿਣਾ ਸਿੰਘ ਨੇ ਸਿਧੀ ਪਧਰੀ ਪੰਜਾਬੀ ਵਿਚ ਸੁਰ ਨਾਲ ਇਓਂ ਕਿਹਾ :

'ਅਸਾਂ ਚਮ ਨਹੀਂ ਗਲਾਂ ਵਿਚ ਪਾਉਣਾ'
ਰਸਾ ਲਾ ਦੇ ਰੇਸ਼ਮ ਦਾ।

ਇਹ ੧੫ ਸਤੰਬਰ ਸੰਨ ੧੮੭੧ ਦੀ ਗਲ ਹੈ। ਇਸ ਤੋਂ ਪਹਿਲਾਂ ਫਾਹੇ ਲਾਉਣ ਵਾਲਾ

Sri Satguru Jagjit Singh Ji Elibrary NamdhariElibrary@gmail.com

ਰਸਾ ਚਮੜੇ ਦਾ ਹੁੰਦਾ ਸੀ। ਰਸਾ ਰੇਸ਼ਮ ਦਾ ਪਾ ਦਿਤਾ ਗਿਆ। ਸ਼ਹੀਦਾਂ ਸਿੰਘਾਂ ਦਾ ਜਥਾ, ਸਿਰਾਂ ਤੇ ਕਫਣ ਬੰਨ ਕੇ ਢੋਲਕੀ ਛੈਣਿਆਂ ਨਾਲ ਸ਼ਬਦ ਪੜਦੇ ਆ ਗਏ। ਥੋੜੀ ਦੇਰ ਮਗਰੋਂ ਛਣਕਾਰ ਮਧਮ ਹੁੰਦੀ ਤੇ ਹੁੰਦੀ ਹੁੰਦੀ ਇਸ ਸੁਰ ਵਿਚ ਬਦਲ ਗਈ।

'ਕੀ ਓਏ ਜੁਲਮ ਕਮਾਉਂਦਾ ਏਂ ਬਿਲਿਆ।
ਇਹ ਰਾਜ ਸਦਾ ਨਹੀਂ ਰਹਿਣਾ।

ਛਣਕਾਰ ਫੇਰ ਤੇਜ ਹੋਈ। ਹੋਰ ਤੇਜ ਹੋਈ। ਫੇਰ ਜੈਕਾਰੇ ਦੀ ਆਵਾਜ ਗੂੰਜੀ ਤੇ ਹੌਲੀ ਹੌਲੀ ਛਣਕਾਰ ਮਧਮ ਹੁੰਦੀ ਗਈ, ਤੇ ਜੈਕਾਰੇ ਵੀ ਆਵਾਜ ਧੁੰਦਲੇ ਪਰਛਾਵੇਂ ਵਾਂਗ ਗੁੰਮ ਹੁੰਦੀ ਹੋਈ ਗੁੰਮ ਹੀ ਹੋ ਗਈ। ਉਹ ਚਾਰੇ ਸਿੰਘ ਸੂਰਮੇ ਗਊ-ਰਖਿਅਕ, ਸ੍ਰੀ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਜਾ ਨਿਵਾਜੇ। ਤੁਸੀਂ ਵੇਖਦੇ ਹੀ ਹੋ ਕਿ ਉਸ ਪਾਪੀ ਬਿਲੇ ਦਾ ਰਾਜ ਸਾਡੇ ਦੇਸ਼ ਵਿਚ ਨਹੀਂ ਰਿਹਾ ਪਰ ਗਊ ਵਾਸਤੇ ਦੇਸ਼ ਵਾਸਤੇ ਆਪਣਾ ਆਪ ਕੁਰਬਾਨ ਕਰਨ ਵਾਲਿਆਂ ਨਾਮ-ਧਾਰੀ (ਕੂਕੇ) ਸ਼ਹੀਦਾਂ ਦਾ ਨਾਮ ਸਦਾ ਹੀ ਅਟਲ ਰਹੇ ਗਾ।

ਇਥੇ ਹੀ ਬਸ ਨਹੀਂ। ਇਸ ਸਾਕੇ ਦੇ ਪਿਛੋਂ ਪਿੰਡ ਰਾਇ ਕੋਟ, ਜਿਲਾ ਲੁਧਿਆਣਾ ਵਿਖੇ ਵੀ ੧੫ ਜੁਲਾਈ ਸਨ ੧੮੭੧ ਨੂੰ ਚਾਰ ਪੰਜ ਹੋਰ ਮਨਚਲੇ ਨਾਮਧਾਰੀ ਵੀਰਾਂ ਨੇ ਬੁਚੜਖਾਨੇ ਤੇ ਹਮਲਾ ਕਰਕੇ, ਬੁਚੜ ਕਤਲ ਕੀਤੇ ਤੇ ਗਊਆਂ ਨੂੰ ਅਜ਼ਾਦ ਕਰਵਾਇਆ। ਇਸ ਤੋਂ ਬਾਦ ਹੋਰ ਕਈ ਥਾਂਵਾਂ ਇਹੋ ਜਹੀਆਂ ਵਾਰ ਦਾਤਾਂ ਹੋਈਆਂ ਤੇ ਸਭ ਤੋਂ ਵਡਾ ਸਾਕਾ ਮਲੇਰ ਕੋਟਲੇ ਵਿਖੇ ਹੋਇਆ ੧੭-੧੮ ਜਨਵਰੀ ਸੰਨ ੧੮੭੨ ਨੂੰ। ਦੁਨੀਆਂ ਦਾ ਸਭ ਤੋਂ ਵਡਾ ਸ਼ਹੀਦੀ ਦਿਨ ੧੭ ੧੮ ਜਨਵਰੀ ਹੈ ਜਿਸ ਦਿਨ ਦੇਸ਼ ਵਾਸਤੇ, ਗਊ ਗ਼ਰੀਬ ਦੀ ਰਖਿਆ ਵਾਸਤੇ ਨਾਮਧਾਰੀ ਵੀ ਆਪਣੀਆਂ ਹੀ ਸਿਖ ਰਿਆਸਤਾਂ ਦੀਆਂ ਤੋਪਾਂ ਨਾਲ ਉਡਾਏ ਗਏ। ਅਜ ਦਾ ਲੈਕਚਰ ਇਥੇ ਹੀ ਬਸ। ਬਾਦ ਫੇਰ ਮਾਸ਼ਟਰ ਦਰਸ਼ਨ ਸਿੰਘ ਜੀ ਕਿਹਾ। ,ਹੁਣ ਤੁਸੀਂ ਦਸੋ ਕਿ ਗਊ-ਪਾਲਕ ਕੌਣ ਹੋਇਆ ,। ਮਾਟਸਰ ਨੇ ਪੁਛ ਕੀਤੀ।

'ਨਾਮਧਾਰੀ (ਕੂਕੇ) ਵੀਰ'।

ਸਭ ਨੇ ਉਤਰ ਦਿਤਾ। ਇਕ ਕੋਨੇ ਵਿਚੋਂ ਇਸ ਤਰਾਂ ਆਵਾਜ ਆਈ।

ਸਭ ਤੋਂ ਪਹਿਲਾਂ ਦੇਸ਼ ਦੀ ਖਾਤਰ,
ਕੂਕੇ ਗਊ ਦੀ ਰਖਸ਼ਾ ਕੀਤੀ।

Sri Satguru Jagjit Singh Ji eLibrary NamdhariElibrary@gmail.com

ਗਊ ਰਖਿਆ

[ਮ : ਕਪੂਰ ਸਿੰਘ ਜੀ ਸ੍ਰੀ ਜੀਵਨ ਨਗਰ

ਮਾਸਟਰ ਕਪੂਰ ਸਿੰਘ ਜੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਂ ਵਿਦਿਆਲਾ ਦੇ ਮਾਸਟਰ ਹਨ। ਇਹਨਾਂ ਦੀ ਸਾਦਾ ਰਹਿਣੀ ਬਹਿਣੀ, ਨਿੰਮਰਤਾ ਸਤਿਕਾਰ ਹਰ ਮਨੁਖ ਨੂੰ ਕੀਲ ਲੈਂਦਾ ਹੈ। ਮਾ: ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੁਰਾਤਨ ਤੇ ਪੂਰੇ ਗੁਰ ਸਿਖਾਂ ਦਾ ਨਮੂਨਾ ਹਨ। ਨਾਮਧਾਰੀ ਰਹਿਤ ਮਰਿਆਦਾ ਦੇ ਪਕੇ ਧਾਰਨੀ ਹਨ। ਆਪ ਬਿੱਰਧ ਅਵੱਸਥਾ ਹੁੰਦਿਆਂ ਵੀ ਸੁਚ ਸੋਧ, ਦੇ ਨੇਮ ਨੂੰ ਹਛੀ ਤਰਾਂ ਨਿਭਾ ਕੇ ਆਪਣੇ ਸ਼ਗਿਰਦ ਬਚਿਆਂ ਨੂੰ ਜਾਚ ਦਸ ਰਹੇ ਹਨ। ਮਾਸਟਰ ਜੀ ਦੀ ਕਲਮ ਤੋਂ ਇਹ ਛੋਟਾ ਜਿਹਾ ਲੇਖ ਗਊ ਰਖਿਆ ਭੇਟ ਕਰ ਰਹੇ ਹਾਂ। 'ਸਾਜਨ'

ਗਊ ਚੌਧਵਾਂ ਰਤਨ ਹੈ,
ਕਾਮਧੇਨ ਤਿਹ ਨਾਮ।
ਪੂਜਨ ਸਭ ਅਵਤਾਰ ਤਿਹ,
ਕਰਕੇ ਮਾਤ ਸਮਾਨ।

ਭਾਰਤ ਵਰਸ਼ ਵਿਚ ਗਊ, ਤੁਲਸੀ ਅਤੇ ਪਿੱਪਲ ਦੀ ਪੂਜਾ ਸਿਵਾ ਆਮ ਮਸ਼ਹੂਰ ਗਲ ਸੀ। ਇਹ ਤਿੰਨੇ ਮਨੁਖ ਦੀ ਸਿਹਤ ਦੇ ਰਾਖੇ ਹਨ। ਤੁਲਸੀ ਦੇ ਤਿੰਨ ਚਾਰ ਪੱਤੇ ਰੋਜ ਖਾਣ ਨਾਲ ਬੁਖਾਰ ਨਹੀਂ ਚੜ੍ਹਦਾ। ਪਿੱਪਲ ਦੀ ਦਾਤਣ ਤੇਈਆ ਤਾਪ ਦੂਰ ਕਰ ਦੇਂਦੀ ਹੈ। ਲਹੌਰ ਮਲੇਰੀਆ ਆਮ ਫੈਲ ਜਾਂਦਾ ਸੀ ਜੋ ਇਕ ਅੰਗਰੇਜ਼ ਡਾਕਟਰ ਦੇ ਪਿੱਪਲ ਦੇ ਦਰਖਤ ਲਗਵਾਨ ਨਾਲ ਦੂਰ ਹੋ ਗਿਆ। ਪਿੱਪਲ ਦੀ ਟਹਿਣੀ ਤੋੜਨ ਵਾਲੇ ਨੂੰ ਉਹ ਸਜ਼ਾ ਦਿਵਾਂਦਾ ਸੀ। ਐਸੇ ਹੀ ਗਊ ਜਿਸਨੂੰ ਮਾਤਾ ਸ਼ਬਦ ਨਾਲ ਸਤਿਕਾਰਿਆ ਜਾਂਦਾ ਹੈ। ਮਾਂ ਮਰੀ ਵਲੇ ਬਚਿਆਂ ਨੂੰ ਅਪਨਾ ਦੁਧ ਪਿਲਾ ਪਾਲਦੀ ਹੈ। ਮਾਂ ਤੇ ਗਾਂ ਦਾ ਦੁਧ ਰਲਦਾ ਮਿਲਦਾ ਹੈ, ਇਸ ਲਈ ਇਸ ਨੂੰ "ਗਊ ਮਾਤਾ" ਸ਼ਬਦ ਨਾਲ ਪੁਕਾਰਨਾ ਕੋਈ ਵਾਧੂ ਸ਼ਬਦ ਨਹੀਂ।

ਸਾਡੇ ਬਜ਼ੁਰਗਾਂ ਜਿਥੇ ਇਹਨਾਂ ਦੀ ਪੂਜਾ ਕਰਦੇ ਓਥੇ ਸੇਵਾ ਅਤੇ ਰਖਸ਼ਾ ਵੀ ਤਨੋਂ ਮਨੋਂ ਕਰਦੇ ਸਨ। ਦਿਨ ਚੜ੍ਹੇ ਹੀ ਗਊਆਂ ਨੂੰ ਮੱਥਾ ਟੇਕਦੇ, ਚਰਨ ਧੋਂਦੇ, ਤਿਲਕ ਲਾਂਦੇ, ਅਤੇ ਪੇੜੇ ਦੇਂਦੇ। ਉਹ ਸ਼ਸਤਰ ਦੇ ਕਥਨ ਅਨੁਸਾਰ ਗਊ ਦਾ ਦਰਸ਼ਨ ਵੀ ਪੁਨ ਸਮਝਦੇ ਸਨ। ਪਿਛਲੇ ਜੁਗਾਂ 'ਚ ਗਊ ਦੀ ਰਖਸ਼ਾ ਅਤੇ ਪਾਲਨ ਪੋਸਣ

Sri Satguru Jagjit Singh Ji Elibrary NamdhariElibrary@gmail.com

ਠੀਕ ਤਰ੍ਹਾਂ ਹੁੰਦੀ ਰਹੀ। ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ੨੮ ਸਾਲ ਗਊਆਂ ਚਾਰਦਿਆਂ। ਜਿਸਦਾ ਸਬੂਤ ਗੁਰਬਾਣੀ ਚੋਂ ਮਿਲਦਾ ਹੈ:-

"ਬਿੰਦ੍ਰਾ ਬਨ ਮਨ ਹਰਨ ਮਨੋਹਰ
ਕਰਿਸਨ ਚਰਾਵਤ ਗਾਊ ਰੇ"

ਅਥਵਾ:—

"ਬੇਨੁ ਬਜਾਵੈ ਗੋਧਨੁ ਚਰੈ
ਨਾਮੇ ਕਾ ਸੁਆਮੀ ਆਨਦ ਕਰੈ।"

ਨੌ ਲਖ ਗਊਆਂ ਸਨ। ਹਿੱਕ ਤੇ ਹੱਥ ਮਾਰ ਕੇ ਆਪਣੇ ਆਪਨੂੰ ਭਗਵਾਨ ਕਹਿਣ ਵਾਲਾ "ਗਊ ਸੇਵਕ" ਬਣਿਆ ਰਿਹਾ।

ਕਾਜ਼ੀ ਰੁਕਨ ਦੀਨ ਉਤਰ ਲੈਣ ਲਈ ਸ੍ਰੀ ਸਤਿਗੁਰੂ ਨਾਨਕ ਦੇਵ ਪਾਸ ਸਵਾਲ ਕਰਦਾ ਹੈ:—

"ਰੁਕਨਲ ਆਖੈ ਨਾਨਕਾ
ਦੇਵਹੁ ਸੱਚਾ ਨੀਸਾਨ।
ਗਊ ਸੂਰ ਦੀ ਹਦ ਹੈ
ਹਿੰਦੂ ਮੁਸਲਮਾਨ।
ਹਿੰਦੂ ਗਊ ਨਾ ਖਾਵਣੀ
ਤੁਰਕ ਨਾ ਖਾਵਣ ਸੂਰ।
ਦੁਹਾਂ ਦਾਹਵਾ ਪਕੜਿਆ
ਸਚ ਲਿਖਿਆ ਕਿ ਕੂੜ।
ਇਹੁ ਕਿਉਂ ਰੱਦੇ ਆਪ ਵਿਚ
ਹੋਈ ਚੇਰ ਜਹਾਨ।
ਰੁਕਨਲ ਆਖੈ ਨਾਨਕਾ
ਮੁਸ਼ਕਲ ਕਰਹੁ ਅਸਾਨ।

ਜਵਾਬ ਨਾਨਕ ਸ਼ਾਹ ਸੂਰਾ:—

ਨਾਨਕ ਆਖੈ ਰੁਕਨ ਦੀਨ
ਲਿਖਿਆ ਵਿਚ ਕਿਤਾਬ।
ਗਊ ਸੂਰ ਨੂੰ ਮਾਰਿਆਂ
ਲਗਨ ਬਹੁਤ ਅਜਾਬ।
ਗਊ ਚਉਧਵਾਂ ਰਤਨ ਹੈ
ਕਮਧੇਨ ਤਿਹ ਨਾਮ।
ਪੂਜਨ ਸਭ ਅਵਤਾਰ ਤਿਹ
ਕਰਕੇ ਮਾਤ ਸਮਾਨ।
ਸ਼ੀਰ ਜਿਨਾ ਦਾ ਪੀਵੀਐ
ਤਿਸ ਮਾਰਿਆਂ ਬਹੁਤ ਅਜਾਬ।
ਨਾਨਕ ਆਖੈ ਰੁਕਨਦੀਨ
ਬਹੁ ਭੁਖਿਆ ਹੋਇ ਪਨਾਹ।

ਅਗੇ ਜਾਕੇ ਫੇਰ ਸਾਹਿਬ ਫੁਰਮਾਂਦੇ ਹਨ:-

ਤੁਟੀਆ ਰੋਮਾ ਗਊ ਦੀਆਂ
ਦੁਧ ਸਿਉ ਮਿਲਿਆ ਜੁ ਖਾਇ।
ਜਾ ਰਸਾਤਲ ਵਾਸ ਲੇਨ
ਜੋਨ ਸਰਪ ਕੀ ਪਾਇ।
ਪੁਣੇ ਬਿਨਾ ਦੁਧ ਗਊ ਦਾ
ਖਾਧਿਆ ਗਇਆ ਪਤਾਲ।
ਜੋ ਗਊ ਸੂਰ ਦਾ ਮਾਸ ਖਾਨ
ਤਿਨ੍ਹਾ ਵਡੇ ਜੰਜਾਲ।

ਗਊ ਦੁਧ ਬਨਿਸਬਤ ਹੋਰ ਦੁਧਾਂ ਨਾਲੋਂ ੫੦ ਗੁਨਾਂ ਜ਼ਿਆਦਾ ਵਿਟੇਮਨ ਰਖਦਾ ਹੈ। ਜ਼ਿਆਦਾ ਘਿਓ ਖਾਣ ਵਾਲੇ ਨਾਲੋਂ ਗਊ ਦੁਧ ਪੀਣ ਵਾਲਾ ਫੁਰਤੀਲਾ ਅਤੇ ਚਾਲਾਕ ਹੋਵੇ ਗਾ। ਗਊ ਦੁਧ ਹਲਕੀ ਖੁਰਾਕ ਹੈ ਭਾਰੀ ਖੁਰਾਕ ਖਾਣ ਨਾਲੋਂ ਹਲਕੀ ਖਰਾਕ ਜ਼ਿਆਦਾ ਮੁਫੀਦ ਹੈ। ਆਮ ਦੇਸੀ ਦਵਾਈਆਂ ਗਊ ਦੁਧ ਨਾਲ ਦਿਤੀਆਂ ਜਾਂਦੀਆਂ ਹਨ। ਗਊ ਦੁਧ ਬਜ਼ਾਤੇ ਖੁਦ ਦਵਾਈ ਅਖਾਂ ਦੀ ਰੋਸ਼ਨਾਈ ਕੈਮ ਰਖਣ ਲਈ ਗਊ ਦੁਧ ਅਤੇ ਘਿਓ ਬਹੁਤ ਲਾਜ਼ਮੀ ਹੈ, ਸਾਡੇ ਦੇਸ਼

Sri Satguru Jagjit Singh Ji Elibrary NamdhariElibrary@gmail.com

ਦੇ ਰਿਸ਼ੀ ਮੁਨੀਆਂ ਗਊ ਦੁਧ ਪੀਤਾ। ਲੱਖਾਂ ਬਰਸ ਵੇਦ ਮੰਤਰ ਜ਼ਬਾਨੀ ਯਾਦ ਰਖੇ। ਪੰਡਿਤ ਆਦਿਕਾਂ ਜੋਤਸ਼ ਲਾ, ਸੂਰਜ ਗਰਹਿਣ ਚੰਨ ਗਰਹਿਣ ਅਤੇ ਭੁੰਚਾਲ ਵਗੈਰਾ ਜਿਸ ਟੈਮ ਤੇ ਦੱਸੇ ਠੀਕ ਓਸੇ ਵਕਤ ਹੀ ਉਹ ਘਟਨਾਵਾਂ ਵਾਪਰਦੀਆਂ ਰਹੀਆਂ। ਮੁਸਲਮਾਨਾਂ ਗਊ ਮਾਸ ਵਰਤਿਆ ਚਨ ਚੜਨ ਦਾ ਪਤਾ ਨਹੀਂ ਲਾ ਸਕੇ। ਉਨਾਂ ਦਾ ਈਦ ਵਾਲਾ ਦਿਨ ਕਈ ਥਾਂਈ ਅਗੇ ਪਿਛੇ ਹੋ ਜਾਂਦਾ।

ਆਮ ਕਹਾਵਤ ਹੈ:—

ਜੈਸਾ ਅੰਨ ਵੈਸਾ ਮਨ,
ਜੈਸਾ ਦੁਧ ਵੈਸੀ ਬੁਧ।"

ਭੈਂਸ ਦਾ ਦੁਧ ਪੀਣ ਵਾਲੇ ਦੀ ਮਤ ਮੋਟੀ ਆਲਸੀ ਹੁੰਦਾ ਹੈ। ਭੈਸ ਦਾ ਦੁਧ ਪੀਣ ਵਾਲੇ ਭਰਾ ਆਪੋ ਵਿਚ ਲੜਦੇ। ਸੰਢੇ ਦੋ ਇਕ ਥਾਂ ਬੱਧੇ ਲੜਦੇ ਭਿੜਦੇ, ਪਰ ਬੈਲ ਇਕ ਖੁਰਲੀ ਤੇ ੧੦ ੧੫ ਬੱਧੇ ਵੀ ਨਹੀਂ ਭਿੜਦੇ।

ਦੇਸ਼ ਦੇ ਧਨੀ ਹੋਣ ਦੇ ਸਾਧਨਾਂ ਵਿਚੋਂ ਦੁਧੈਲ ਪਸ਼ੂਆਂ ਦਾ ਪਾਲਣ ਪੋਸਣ ਇਕ ਮਹਾਨ ਸਾਧਨ ਹੈ। ਇੰਗਲੈਂਡ ਅਤੇ ਡਨਮਾਰਕ ਵਿਚ ਚਰਾਗਾਹਾਂ ਹਨ। ਸਾਰਾ ਦਿਨ ਗਊਆਂ ਚਰਦੀਆਂ, ਸਿਰਫ ਦਾਣਾ ਖਾਣ ਲਈ ਖੁਰਲੀ ਤੇ ਆਉਂਦੀਆਂ। ਗਊਆਂ ਦੀ ਸੇਵਾ ਪਰਾ ਹੁਣਿਆਂ ਵਤ ਹੁੰਦੀ। ਡਨਮਾਰਕ ਦੇ ਰਹਿਣ ਵਾਲੇ ਗਊ ਦੁਧ ਦੀ ਉਪਜ ਵਧਨ ਕਰਕੇ ਮਾਲਾ ਮਾਲ ਖੁਸ਼ਹਾਲ ਹੋ ਗਏ ਹਨ ਸਾਡਾ ਦੇਸ਼ ਸੋਨੇ ਦੀ ਚਿੜੀ ਅਖਵਾਂਦਾ ਸੀ। ਗਊ ਰਖਸ਼ਾ ਅਤੇ ਪਾਲਣ ਪੋਸਣ ਸਹੀ ਤੋਰ ਤੇ ਸੀ, ਜਿਸ ਕਾਰਨ ਅੱਨ ਧਨ ਬਹੁਤ ਸੀ। ਪਰ ਅਜ ਭੁਖ ਹੈ, ਕਾਲ ਹੈ, ਕੁਝ ਨਹੀਂ ਦਿਸਦਾ। ਕਿਉਂ ਅਜ ਦੀ ਸਰਕਾਰ ਗਊ ਦੀ ਕਾਤਲ ਬਣ ਗਈ, ਜਿਥੋਂ ਦਾ ਮਹਾਰਾਜਾ ਰਣਜੀਤ ਸਿੰਘ ਗਊ ਕਾਤਲ ਨੂੰ ਮੌਤ ਦੀ ਸਜ਼ਾ ਦੇਂਦਾ ਸੀ। ਜਿਥੋਂ ਦਾ ਮੁਸਲਮਾਨ ਬਾਦਸ਼ਾਹ ਔਰੰਗਜ਼ੇਬ ਅਪਣੀ ਕਲਮ ਨਾਲ ਲਿਖਦਾ ਹੈ.—

"ਗਊ ਘਾਤਕ ਹਿੰਦੁਸਤਾਨ ਤੇ ਰਾਜ ਨਹੀਂ ਕਰ ਸਕਦਾ।" ਭਾਵ ਉਸ ਦਾ ਰਾਜ ਜਲਦੀ ਨਸ਼ਟ ਹੋਵੇਗਾ। ਬਿਲਕੁਲ ਔਰੰਗਜੇਬ ਦਾ ਵਿਚਾਰ ਸਹੀ ਨਿਕਲਿਆ।

ਅੰਗਰੇਜ਼ ਗਊ ਮਾਰਨ ਕਰਕੇ ਹੀ ਪੱਟੇ ਗਏ!

ਯੂਰਪ ਚੋਂ ਭਾਰਤੀ ਪੜ੍ਹਕੇ ਆਏ। ਕਹਿੰਦੇ ਹਨ ਗਾਂ ਖਾਓ ਨਹੀਂ ਤੇ ਗਾਂ ਤੁਹਾਨੂੰ ਖਾ ਜਾਵੇਗੀ। ਇਹ ਵਿਚਾਰ ਪੜ੍ਹਿਆਂ ਦੀ ਗ਼ਲਤ ਹੈ, ਗਊ ਕੋਈ ਨਕੱਮੀ ਨਹੀਂ ਅਸੀਂ ਆਪ ਸੇਵਾ ਕਰਨ ਵਾਲੇ ਨਕੱਮੇ ਹੋ ਗਏ ਹਾਂ। ਦੋਸ਼ ਗਾਂ ਦੇ ਮਥੇ ਥੱਪਦੇ ਹਾਂ। ਕੱਲਕਤੇ ਬੁਚੜਖਾਂਨੇ ਕਤਲ ਹੋਣ ਲਈ ਜਾਂਦੀਆਂ ਗਊਆਂ 'ਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗਊਆਂ ਮੁਲ ਆਂਦੀਆਂ। ਓਹਨਾਂ ੧੫–੧੫ ਕਿਲੋ ਦੁਧ ਦਿਤਾ। ਏਸ ਵਿਚਾਰ ਵਾਲੀ ਸਰਕਾਰ ਸਾਡੀ ਦੀ ਕਿਸੇ ਗਊ ਕਿਸੇ ਡੇਹਿਰੀ ਹਿੰਦੁਸਤਾਨ ਦੀ ਵਿਚੋਂ ਸ੍ਰੀ ਜੀਵਨ ਨਗਰ ਦੀ ਗਊ ਨਾਲੋਂ ਵੱਧ ਦੁਧ ਨਹੀਂ ਦਿਤਾ। ਇਨ ਮ ਸ੍ਰੀ ਜੀਵਨ ਨਗਰ ਦੀਆਂ ਗਊਆਂ

Sri Satguru Jagjit Singh Ji Elibrary NamdhariElibrary@gmail.com

ਲੇ ਹਨ। ਸਗੁਤਿਰ ਦੀ ਗਊ ਨੇ ੩੫ ਸੇਰ ਦੁਧ ਦਿਤਾ। ਜਿਸ ਦਾ ਰਿੜਕਿਆਂ ੩੨ ਛਟਾਂਕ ਮਖਣ ਤੇ ਤਾਇਆ ਹੋਇਆ ੧ ਸੇਰ ੧੦ਛਟਾਂਕ ਘਿਓ ਇਕ ਦਿਨ ਦਾ ਹੋਇਆ।

ਗਊ ਨੂੰ ਮਾਰਨਾ ਭਾਰੀ ਹਤਿਆ ਹੈ ਅਤੇ ਹਤਿਆ ੯੬ ਕਰੋੜ ਪਾਪ ਸਮਾਨ ਹੁੰਦੀ ਹੈ ਇਸਦਾ ਅਦਬ ਜ਼ਰੂਰੀ ਹੈ ਪੰਡਿਤ ਮਨਸਾ ਰਾਮ, ਪਿੰਡ ਰਾਈਆਂ, ਜ਼ਿਲਾ ਲੁਦਿਹਾਣਾ ਵਾਲੇ ਹੱਥਾਂ ਦੀਆਂ ਉਂਗਲਾਂ ਕੋੜ੍ਹ ਨਾਲ ਝੜ ਗਈਆਂ ਸਨ। ਗਊ ਸੇਵਾ ਨਾਲ ਰਵ੍ਹਾਂ ਦੀਆਂ ਫਲੀਆਂ ਵਰਗੀਆਂ ਹੋ ਗਈਆਂ। ਪੱਲੇ ਨਾਲ ਗਊਆਂ ਨੂੰ ਚਾਰਨ ਸਮੇਂ ਮੋੜਦੇ। ਸੁੰਦਰ ਸਿੰਘ ਲੱਖਾ ਸਿੰਘ ਪਿੰਡ ਝੁਰਜ ਜ਼ਿਲਾ ਲੁਦਿਹਾਣਾ ਗਊਆਂ ਨੂੰ ਰੱਸਾ ਨਾ ਪਾਂਦੇ ਪੱਲੇ ਨਾਲ ਮੋੜਦੇ। ਅਜ ਉਹ ਅਦਬ ਅਤੇ ਅਣਖ ਧਰਮ ਦੀ ਸਾਡੇ ਵਿਚ ਨਹੀਂ ਰਹੀ, ਜੋ ਸੀ ਸਾਡੇ ਵਿਚ, "ਮਰ ਮਿਟਣਾ ਗਊ ਬਦਲੇ।"

ਵੇਦਾਂ ਵਿਚ ਪਸ਼ੂਆਂ ਅਤੇ ਜਾਨਵਰਾਂ ਦਾ ਮਾਰਨਾ ਸਖਤ ਮਨਾਂ ਹੈ। ਅਥਰਵ ਵੇਦ ਵਿਚ ਲਿਖਿਆ ਹੈ ਕਿ ਮਨੁਖ ਪਸ਼ੂਆਂ ਨੂੰ ਓਦੋਂ ਹੀ ਮਾਰਦਾ ਹੈ ਜਦੋਂ ਇਸਦੀ ਅਕਲ ਟਿਕਾਣੇ ਨਹੀਂ ਰਹਿੰਦੀ (੨੬-੨੮-੩) ਰਿਗ ਵੇਦ (੧੬-੮੭-੧੦) ਵਿਚ ਰਾਜੇ ਨੂੰ ਵਸ਼ੇਸ਼ ਹੁਕਮ ਦਿਤਾ ਗਿਆ ਹੈ, ਕਿ ਉਹ ਪਸ਼ੂਆਂ ਦੇ ਕਾਤਲਾਂ ਨੂੰ ਸਜ਼ਾ ਦੇਵੇ। ਹਿੰਦੂ ਧਰਮ ਵਿਚ ਗਊ ਨੂੰ ਮਾਰਨਾ ਮਹਾਂ ਪਾਪ ਹੈ। ਹਰ ਜੀਵ ਨੂੰ ਮਾਰਨਾ ਤਾਂ ਹਿੰਦੂ ਧਰਮ ਦੀ ਉਲੰਘਨਾ ਕਰਨ ਹੈ ਇਦੂ ਵੱਡਾ ਹੋਰ ਕੋਈ ਪਾਪ ਨਹੀਂ। ਸਾਨੂੰ ਸਭ ਨੂੰ ਪਤਾ ਹੈ, ਕਿ ਗਊ ਨਾ ਮਾਰਨਾ ਸਾਡਾ ਧਰਮ ਹੈ, ਪਰ ਫੇਰ ਵੀ ਸਾਡੇ ਹਿੰਦ-ਸਤਾਨ ਵਿਚ ਸਾਡੀ ਗੌਰਮਿੰਟ ਦੀ ਪਾਲਿਸੀ ਅਨਸਾਰ ਬੰਬਈ, ਕਲਕੱਤੇ ਅਤੇ ਮਦਰਾਸ ਵਗੈਰਾ ਵਿਚ ਕਈ ਹਜ਼ਾਰ ਗਊਆਂ ਰੋਜ ਕਤਲ ਹੁੰਦੀਆਂ ਹਨ। ਪਰ ਪਾਕਿਸਤਾਨ ਵਿਚ ਸੂਰ ਮਾਰਨ ਵਾਸਤੇ ਇਕ ਵੀ ਕਾਰਖਾਨਾ ਨਹੀਂ ਚਲ ਰਿਹਾ। ਪਾਕਿਸਤਾਨ ਵਾਲੇ ਸੂਰ ਮਾਰਨ ਵਾਲੇ ਨੂੰ ਕਦੀ ਮੁਆਫ਼ ਨਹੀਂ ਕਰਦੇ। ਇੰਗਲੈਂਡ ਵਿਚ ਕੁਤਾ ਨਹੀਂ ਕੋਈ ਮਾਰਦਾ ਅਮ੍ਰੀਕਾ ਵਿਚ ਘੋੜਾ ਨਹੀਂ ਕੋਈ ਮਾਰਦਾ ਰੂਸ ਵਿਚ ਕਬੂਤਰ ਨਹੀਂ ਕੋਈ ਮਾਰਦਾ, ਪਾਕਿਸਤਾਨ ਵਿਚ ਸੂਰ ਨਹੀਂ ਕੋਈ ਮਾਰਦਾ, ਪਰ ਇਕ ਹਿੰਦੋਸਤਾਨ ਹੈ ਜਿਸ ਵਿਚ ਗਊ ਬੱਧ ਅਜੇ ਤਕ ਬੰਦ ਨਹੀਂ ਹੋਈ।

ਗਊ ਦੀ ਰਖਸ਼ਾ ਸਾਡੀ ਅਪਨੀ ਜਿਸਮਾਨੀ, ਦਿਮਾਗੀ ਅਤੇ ਮੁਲਕੀ ਰਖਸ਼ਾ ਹੈ। ਦੁਧ ਦੀ ਉਪਜ ਵੱਧ ਹੋਣ ਨਾਲ ਸਾਡੇ ਬੱਚੇ ਬਲਵਾਨ ਹੋਣਗੇ ਜੋ ਜਵਾਨ ਹੋ ਮੁਲਕ ਦੀ ਰਖਸ਼ਾ ਕਰਨ ਅਤੇ ਬਹੁਤ ਅੰਨ ਧਨ ਪੈਦਾ ਕਰਨ ਵਿਚ ਸਫਲ ਹੋਣਗੇ। ਗਊ ਜਿਥੇ ਦੁਧ ਦੇਂਦੀ ਹੈ ਓਥੇ ਦੇਸ਼ ਦੇ ਲਈ ਅੰਨ ਉਪਜ ਲਈ ਵਛੇ ਦੇਂਦੀ ਹੈ। ਸਾਡਾ ਦੇਸ਼ ਖੇਤੀ ਪਰਧਾਨ ਦੇਸ਼ ਹੈ ਇਸ ਵਿਚ ਬੈਲ ਦੀ ਬੇਹਦ ਜਰੂਰਤ ਹੈ। ਇਸ ਲਈ ਗਊ ਰਖਸ਼ਾ ਅਤੇ ਗਊ ਪਾਲਣ ਹਰ ਹਿੰਦੁਸਤਾਨੀ ਲਈ ਲਾਜਮੀ ਹੈ।

Sri Satguru Jagjit Singh Ji Elibrary NamdhariElibrary@gmail.com

ਸਰਕਾਰ ਪੂਰੀ ਤਰ੍ਹਾਂ ਗਊ–ਵੰਸ਼ ਦੀ ਹਤਿਆ ਤੇ ਪਾਬੰਦੀ ਲਾਏ।

—ਸ੍ਰੀ ਯੂ. ਐਨ. ਢੇਬਰ

ਸ੍ਰੀ ਢੇਬਰ ਜੀ, ਦੇਸ਼ ਦੀਆਂ ਉਹਨਾਂ ਮਹਾਨ ਵਿਅਕਤੀਆਂ ਚੋਂ ਹਨ ਜੋ ਦੇਸ਼ ਨੂੰ ਉਨਤ ਤੇ ਖੁਸ਼ਹਾਲ ਕਰਨ ਲਈ ਆਪਣੇ ਤਨ ਮਨ ਨੂੰ ਕੁਰਬਾਨ ਕਰਨਾ ਸੁਭਾਗਾ ਸਮਝਦੇ ਹਨ। ਆਪ ਕੁਝ ਚਿਰ ਕਾਂਗਰਸ ਪਾਰਟੀ ਦੇ ਪਰਧਾਨ ਰਹਿ ਚੁਕੇ ਹਨ। ਅਤੇ ਗੋ ਸਵਰਧਨ ਜਥੇ ਬੰਦੀ ਦੇ ਕਾਫੀ ਚਿਰ ਚੇਅਰ ਮੈਨ ਵੀ ਰਹੇ ਹਨ। ਗਊ ਰਖਿਆ ਦੇ ਪਕੇ ਹਾਮੀ ਹਨ, ਤੇ ਗਊ ਨੂੰ ਭਾਰਤੀ ਸੰਸਕ੍ਰਿਤ ਦਾ ਮੂਲ ਮੰਨਦੇ ਹਨ। ਆਪ ਸਰਕਾਰ ਨੂੰ ਗਊਰਖਿਆ ਲਈ ਸਮਾਗਮਾ ਤੇ ਅਪੀਲਾਂ ਰਾਹੀਂ ਹਮੇਸ਼ਾ ਜ਼ੋਰ ਦਿੰਦੇ ਹਨ। ਆਪ ਜੀ ਦੇ ਵਿਚਾਰ ਇਸ ਲੇਖ ਰਾਹੀਂ ਪਾਠਕਾਂ ਦੇ ਹਾਜ਼ਰ ਹਨ।

ਸੰਪਾਦਨ

ਦੇਸ਼ ਵਰਤਮਾਨ ਸਮੇਂ ਵਿਚ ਅਨੇਕਾਂ ਕਠਿਨ ਸਮਸਿਆਵਾਂ ਦੇ ਬਾਵਜੂਦ ਮੈਂ ਇਸ ਫੈਸਲੇ ਤੇ ਪਹੁੰਚਿਆ ਹਾਂ ਕਿ ਸਰਕਾਰ ਨੂੰ ਉਮਰ ਦਾ ਤਕਾਜ਼ਾ ਕੀਤੇ ਬਗੈਰ ਹੀ ਸਮੂਹ ਗਊ ਨਸਲ ਦੀ ਹਤਿਆ ਤੇ ਪਾਬੰਦੀ ਲਾਉਣ ਦੀ ਮੰਗ ਨੂੰ ਪੂਰਿਆਂ ਕਰਨਾ ਚਾਹੀਦਾ ਹੈ। ਮੈਂ ਆਪਣਾ ਇਹ ਫਰਜ਼ ਸਮਝਦਾ ਹਾਂ ਕਿ ਆਪਣੇ ਇਸ ਵਿਚਾਰ ਨੂੰ ਠੀਕ ਸਿਧ ਕਰਨ ਵਿਚ ਸਮਿਤੀ ਦੇ ਸਾਹਮਣੇ ਠੀਕ ਢੁਕਵਾਂ ਕਾਰਨ ਪੇਸ਼ ਕਰਾਂ ਅਤੇ ਇਸ ਸਮਸਿਆ ਨੂੰ ਹਲ ਕਰਨ ਲਈ ਠੀਕ ਸੁਝਾ ਪੇਸ਼ ਕਰਾਂ ਤਾ ਕਿ ਇਸ ਸਬੰਧ ਵਿਚ ਠੀਕ ਕਾਨੂੰਨ ਬਨਾਉਣ ਵਿਚ ਸੌਖ ਹੋ ਜਾਵੇ। ਮੈਂ ਰਾਜਨੀਤਿਕ, ਸਮਾਜਿਕ ਅਤੇ ਆਰਥਕ ਤਿੰਨਾਂ ਕਾਰਨਾਂ ਕਰਕੇ ਸਾਰੀ ਗਊ–ਨਸਲ ਦੀ ਹਤਿਆ ਤੇ ਪਾਬੰਦੀ ਲਾਉਣਾ ਜਰੂਰੀ ਸਮਝਦਾ ਹਾਂ। ਰਾਜਨੀਤਿਕ ਨਜ਼ਰੀਏ ਨਾਲ ਜੇਕਰ ਦੇਖਿਆ ਜਾਵੇ ਤਾਂ ਇਹ ਠੀਕ ਹੋਵੇਗਾ ਕਿ ਦੇਸ਼ ਵਿਚ ਇਸ ਮੰਗ ਦਾ ਬਹੁਤ ਹੀ ਜ਼ਿਆਦਾ ਜ਼ੋਰ ਨਾਲ ਸਮਰਥਨ ਹਾਸਲ ਹੋਇਆ ਹੈ। ਇਹ ਠੀਕ ਹੈ ਕਿ ਸਾਰੇ ਸੂਬਿਆਂ ਵਿਚ ਇਸ ਮੰਗ ਦਾ ਇਕੋ ਜਿਹਾ ਸੁਰ ਨਹੀਂ ਮਿਲਿਆ। ਮੈਂ ਇਹ ਵੀ ਮੰਨਦਾ ਹਾਂ ਕਿ ਦੇਸ਼ ਦੇ ਪੂਰਬ ਤੇ ਦੱਖਣੀ ਹਿਸੇ ਵਿਚ ਇਸ ਮੰਗ ਨੂੰ ਬਹੁਤ ਹੀ ਘਟ ਸਮਰਥਨ ਮਿਲਿਆ ਹੈ ਅਤੇ ਆਸਾਮ ਤੇ ਮਦਰਾਸ ਵਿਚ ਤਾਂ ਬਿਲਕੁਲ ਹੀ ਨਹੀਂ ਦੇ ਬਰਾਬਰ ਚਾਲ ਰਹੀ ਹੈ। ਮੇਰੀ ਨਜ਼ਰ ਵਿਚ ਇਸਤਰ੍ਹਾਂ ਦੇ ਭਲੇ ਹਿਤ ਵਾਲੀ ਮੰਗ ਨੂੰ ਰਾਜਸਤਾ ਤੇ ਤੋਲਨਾ ਠੀਕ ਨਹੀਂ। ਇਹ ਜ਼ਿਆਦਾ ਫਾਇਦੇ-ਮੰਦ ਹੋਵੇਗਾ ਕਿ ਜੇਕਰ ਐਸੀ ਮੰਗ ਨੂੰ ਜਿਸਦਾ ਰਾਜ-ਮੱਤਾ ਜਾਂ ਕਿਸੇ ਧਰਮ ਦੇ ਨਾਲ ਵਿਰੋਧ ਨਹੀਂ

Sri Satguru Jagjit Singh Ji Elibrary NamdhariElibrary@gmail.com

ਹੈ, ਸਮੂਹਿਕ ਦੇਸ਼ ਦੇ ਭਲੇ ਦੀ ਨਜ਼ਰ ਨਾਲ ਦੇਖਿਆ ਜਾਏ ਅਤੇ ਰਾਸ਼ਟਰ ਦੀ ਇਛਾ ਦੇ ਮੁਤਾਬਿਕ ਸਵੀਕਾਰ ਕਰ ਲਿਆ ਜਾਵੇ । ਬਹੁ-ਗਿਣਤੀ ਦੁਆਰਾ ਮੰਗੀ ਹੋਈ ਇਸ ਮੰਗ ਨੂੰ ਬਿਲਕੁਲ ਸਹੀ ਤੌਰਤੇ ਸਰਕਾਰ ਦੁਆਰਾ ਮੰਨੀ ਜਾਣਦੇ ਕਾਬਿਲ ਹੈ। ਮੈਂ ਨਹੀਂ ਸਮਝਦਾ ਕਿ ਜਨਤਾ ਦਾ ਵਿਆਪਕ ਸਮਰਥਨ ਪ੍ਰਾਪਤ ਕਰਨ ਵਾਲੀ ਇਕ ਤੋਂ ਬਿਨਾ ਕੋਈ ਹੋਰ ਮੰਗ ਹੋਵੇਗੀ । ਇਹ ਮੰਗ ਸਾਡੀ ਪ੍ਰਜਾਤੰਤਰ ਦੀ ਕਸੌਟੀ ਹੈ। ਮੇਰਾ ਇਹ ਵਿਸ਼ਵਾਸ਼ ਹੈ ਕਿ ਇਸ ਮੰਗ ਨੂੰ ਸਵੀਕਾਰ ਕਰਕੇ ਸਾਡੇ ਲੋਕ-ਰਾਜ ਦੀ ਤਾਕਤ ਹੋਰ ਵਧੇਗੀ।

ਸਮਾਜਿਕ ਨਜ਼ਰੀਏ ਨਾਲ ਵਿਚਾਰ ਕਰੀਏ ਤਾਂ ਮੈਂ ਇਹ ਸਮਝਦਾ ਹਾਂ ਕਿ ਇਹ ਮੰਗ ਅਸਮਾਜਿਕ ਨਹੀਂ ਹਰ ਇਕ ਸਮਾਜ ਦਾ ਸੋਚਨ ਵਿਚਾਰਨ ਦਾ ਆਪਣਾ ਤਰੀਕਾ ਹੁੰਦਾ ਹੈ। ਮਨੁਖ ਸਿਰਫ਼ ਰੋਟੀ ਤੇ ਹੀ ਜਿੰਦਾ ਨਹੀਂ ਹੈ। ਅਸਲ 'ਚ ਮਨੁਖ ਨੂੰ ਸਿਰਫ ਰੋਟੀ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਸਾਇੰਸ ਤੇ ਤਕਨੀਕ ਦੇ ਇਸ ਯੁਗ ਵਿਚ ਵੀ ਇਸ ਸੰਬੰਧ ਵਿਚ ਭਾਰਤੀਯ ਵਿਚਾਰਧਾਰਾ ਦਾ ਅਸਾਧਾਰਨ ਰੂਪ ਹੈ। ਜਿਸ ਤਰ੍ਹਾਂ ਸਮਾਜ ਦੇ ਲਈ ਆਰਥਿਕ ਤਰੱਕੀ ਜਰੂਰੀ ਹੈ ਇਸੇਤਰ੍ਹਾਂ ਸੰਸਕ੍ਰਿਤਕ ਤਰੱਕੀ ਵੀ ਜਰੂਰੀ ਹੈ।ਮਨੁਖ ਦੇ ਵਿਕਾਸ ਲਈ ਦੋਹਾਂ ਪ੍ਰਕਾਰ ਦੀ ਤਰੱਕੀ ਜਰੂਰੀ ਹੈ। ਜੇਕਰ ਸੰਸਕ੍ਰਿਤਕ ਤਰੱਕੀ ਦੇ ਲਈ ਕੁਝ ਜ਼ਿਆਦਾ ਜ਼ੋਰ ਦਿਤਾ ਜਾਂਦਾ ਹੈ ਤਾਂ ਇਹ ਇਸ ਲਈ ਕਿ ਮਨੁਖ ਜ਼ਿਆਦਾ ਖਬਰਦਾਰ ਹੋਕੇ ਸਮਾਜ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿਚ ਖਾਸ ਹਿਸਾ ਪਾ ਸਕੇਗਾ। ਭਾਰਤ ਦੇ ਸਾਹਮਣੇ ਅਸਲੀ ਸਵਾਲ ਸਿਰਫ ਭੌਤਿਕ ਵਿਕਾਸ ਦੇ ਹੋ ਰਹੇ ਕੰਮ ਨੂੰ ਹੋਰ ਤੇਜ਼ ਕਰਨਾ ਹੀ ਨਹੀਂ ਪ੍ਰੰਤੂ ਐਸੇ ਸਮਾਜ ਦਾ ਬਨਾਉਣਾ ਹੈ ਜੋ ਸੰਸਕ੍ਰਿਤਕ ਬਣਕੇ ਆਪਣੀ ਜੀਵ ਮਾਤਰ ਦੇ ਭਲੇ ਦੇ ਲਈ ਵਰਤਿਆ ਜਾ ਸਕੇ।

ਮੇਰੇ ਖਿਆਲ ਮੁਤਾਬਿਕ ਸਹੀ ਨਜ਼ਰੀਆ ਇਹ ਹੈ ਕਿ ਭਾਰਤੀ ਸਭਿਅਤਾ ਵਿਚ ਇਹੋ ਜਿਹੇ ਅਨੇਕਾਂ ਹੀ ਮਾਨ ਬਿੰਦੂ ਹਨ ਜੋ ਸ਼ੁਰੂ ਤੋਂ ਹੀ ਸਾਡੇ ਰਾਹ ਵਿਖਾਵੇ ਰਹੇ ਹਨ । ਨਿਡਰ, ਅਹਿੰਸਾ ਅਪਰਗ੍ਰਹ ਅਤੇ ਅਨਾਸਕਤ ਇਸਤਰ੍ਹਾ ਦੇ ਗੁਣਾਂ ਦੇ ਤੱਤ ਹਨ ਕਿ ਜਿਨ੍ਹਾਂ ਦੇ ਆਧਾਰ ਤੇ ਭਾਰਤੀਯ ਸੰਸਕ੍ਰਿਤੀ ਅਤੇ ਵਿਚਾਰਧਾਰਾ ਫੈਲੀ । ਸਾਇੰਸ ਅਤੇ ਅਰਥਸ਼ਾਸ਼ਤਰ ਕੀ ਭਾਰਤੀ ਜੀਵਨ ਦੇ ਨਿਡਰਤਾ ਤੇ ਅਨਾਸਕਤ ਦੇ ਗੁਣਾਂ ਨੂੰ ਚੈਲੰਜ ਕਰ ਸਕਦੇ ਹਨ? ਨਾ ਇਹ ਅਹਿੰਸਾ ਨੂੰ ਹੀ ਚੈਲੰਜ ਕਰ ਸਕਦੇ ਹਨ। ਅਹਿੰਸਾ ਗਊ-ਰਖਿਆ ਦੀ ਮੰਗ ਦਾ ਆਧਾਰ ਹੈ।

ਗਾਂ ਦੇ ਵਲ ਸਾਡੇ ਸਮਾਜ ਵਿਚ ਜੋ ਪੂਜਾ ਦੀ ਭਾਵਨਾ ਹੈ ਉਸਦੇ ਬਹੁਤ ਸਾਰੇ ਕਾਰਨ ਹਨ । ਇਸੇ ਹੀ ਭਾਵਨਾ ਦੇ ਨਾਲ ਹੀ ਵਿਵੇਕ ਵੀ ਹੈ। ਗਊ-ਮਾਸ ਦਾ ਵਰਤਣਾ ਮਨ੍ਹਾ ਹੈ, ਇਹ ਸਾਨੂੰ ਕਿਸੇ ਬਾਹਰਲੀ ਤਾਕਤ ਨੇ ਨਹੀਂ ਸਿਖਾਇਆ, ਸਦੀਆਂ ਦੇ ਅਨੁਭਵ ਅਤੇ ਚਿੰਤਤ ਤੋਂ ਇਹ ਸਿਧ ਹੋਇਆ ਹੈ ਕਿ ਗਊ-ਧਨ ਦੀ ਰਖਿਆ ਨਾਲ ਹੀ ਸਮਾਜ ਦਾ ਸੁਖੀ ਹੋਣਾ ਹੈ। ਗਾਂ ਹੀ ਇਕ ਐਸਾ ਜੀਵ ਹੈ ਕਿ ਜਿਸਦੇ ਆਧਾਰ ਤੇ ਅਸੀਂ ਅੰਨ, ਕਪੜੇ ਜਾਂ ਹੋਰ ਜ਼ਿੰਦਗੀ ਦੀ ਸਹੂਲਤ ਵਾਲੀਆਂ ਚੀਜ਼ਾਂ ਦੇ ਲਈ ਕਿਸੇ ਬਾਹਰਲੇ ਸਾਧਨ ਅਤੇ ਸ਼ਕਤੀ ਦੇ ਸਹਾਰੇ ਨਾ ਬਣ ਸਕੀਏ । ਦੂਸਰੀ ਵਡੀ ਜੰਗ ਤਕ ਗਾਂ ਹੀ ਸਾਡੇ ਜੀਵਨ ਦਾ ਇਕ ਮਾਤਰ ਸਹਾਰਾ ਰਿਹਾ ਅਤੇ ਅਜ ਵੀ ਗਾਂ ਕਰਕੇ ਰਾਸ਼ਟਰ ਨੂੰ ਜ਼ਮੀਨ ਤੋਂ ੬੦੦੦ ਤੋਂ ੭੦੦੦ ਕਰੋੜ ਰੁਪਏ ਤਕ ਦੀ ਆਮਦਨੀ ਹੁੰਦੀ ਹੈ। ਇਹੋ ਜਿਹਾ ਸ਼ਾਇਦ ਹੀ ਕੋਈ ਅਭਾਗਾ ਮਨੁਖ ਹੋਵੇਗਾ ਜੋ ਦੇਸ਼ ਦੇ ਹੋਰ ਪ੍ਰਬਲ ਸਵਾਲਾਂ ਦਾ ਪਖ ਕਰਦਾ ਹੋਇਆ ਇਹ ਚਾਹੇ ਕਿ ਸਾਨੂੰ ਸਭਤੋਂ ਪਹਿਲਾਂ ਦੇਸ਼ ਵਿਚ ਮਸ਼ੀਨਾ ਰਾਹੀਂ ਖੇਤੀ ਕਰਨ ਤੇ ਜ਼ੋਰ ਲਾਉਣਾ ਚਾਹੀਦਾ ਹੈ। ਜਿਸਤਰ੍ਹਾਂ ਮਸ਼ੀਨੀ ਕੰਮਾਂ ਤੋਂ ਹੋਣ ਵਾਲੀ ਆਮਦਨੀ ਦਾ ਠੀਕ ਠੀਕ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਤਰ੍ਹਾਂ ਖੇਤੀ ਦੇ ਸੰਬੰਧ ਵਿਚ ਨਹੀਂ ਕੀਤਾ ਗਿਆ। ਫਿਰ ਵੀ ਇਸ ਸਬੰਧ ਵਿਚ ਜੋ ਮੋਟਾ ਅੰਦਾਜ਼ਾ ਲਾਇਆ ਗਿਆ ਹੈ, ਉਹ ਇਸਤਰ੍ਹਾਂ ਹੈ :

Sri Satguru Jagjit Singh Ji Elibrary NamdhariElibrary@gmail.com

(੧) ਭਾਰਤ ਦੇ ਪਸ਼ੂ—ਧਨ ਦਾ ਮੁਲ।

੧੭ ਕਰੋੜ੫੦ਲਖ ਗਊ ਨਸਲਦੀ ਕੀਮਤ ੭੦੦੦ ਕਰੋੜ ਰੁਪਏ।

੫ ਕਰੋੜ ਮੱਝ ਨਸਲ ਦੀ ੩੦੦੦ ਕਰੋੜ ਰੁਪਏ।

(੨)ਇਸਤੋਂ ਇਲਾਵਾ ਸਲਾਨਾ ਆਮਦਨੀ

੧. ਸਲਾਨਾ ਵਾਧਾ ੭੦ ਕਰੋੜ ਰੁਪੈ।

੨. ਹੇਠਾਂ ਲਿਖੇ ਆਧ ਰ ਤੇ ਜੋਤਰ ਜਾਂ ਟਰੈਕ-ਟਰ ਜਾਂ ਸ਼ਕਤੀ।

੭ ਕਰੋੜ ਬਲਦ

੪ ਕਰੋੜ ਹਲ ਗਡੀਆਂ

੧.੨ ਕਰੋੜ ਗਨੇ ਦੇ ਵੇਲਨੇ ਲਈ

੬ ਲਖ ਕਰੈਸ਼ਰ ਬਲਦਾਂ ਵਾਲੇ

੨.੫ ਲਖ ਘਾਣੀਆਂ ਤੇਲ

ਹਾਰਸ ਪਾਵਰ ਦੇ ਰੂਪ ਵਿਚ ਗਿਣਤੀ ਕੀਤੀ ਜਾਵੇ ਤਾਂ ਇਕ ਸਾਲ ਵਿਚ ਹਰੇਕ ੧੦੦੦ ਘੰਟੇ ਟਰੈਕਟਰ ਜਾਂ ਬਿਜਲੀ ਰਾਹੀਂ:—

[੩੫੦੦ ਲਖ ਕਿਲੋਵਾਟ ਘੰਟਾ ਜਾਂ ੨੫੦੦ ਲਖ ਗੈਲਨ ਡੀਜ਼ਲ ਤੇਲ ਦੇ ਮੁਲ ਦੇ ਬਰਾਬਰ ਹੋਵੇਗੀ।] ੩੫੦ ਕਰੋੜ

ਬਿਜਲਈ ਸ਼ਕਤੀ ਦਾ ਅੰਦਾਜ਼ਾ	੬੦੧	ਕਰੋੜ	ਰੁਪੈ
ਮੁਲ ਮਾਸ ਦੇ ਮੁਤਾਬਕ	੩.੨	,,	,,
ਸ੍ਰੀ ਨਿਵਾਸ ਦੇ ਮੁਤਾਬਕ	੧੦੦੦	,,	,,
ਡਾ: ਰਾਈਟ ਦੇ ਅਨੁਸਾਰ	੨੭੦	,,	,,

ਇਹਨਾਂ ਅਨੁਮਾਨਾਂ ਅਨੁਸਾਰ ਮਝ ਊਠ ਅਤੇ ਹੋਰ ਦੂਜੇ ਪਸ਼ੂਆਂ ਦੀ ਮਿਹਨਤ ਵੀ ਸ਼ਾਮਲ ਹੈ

(੩)ਦੁਧ ਤੋਂ ਬਣੇ ਹੋਏ ਪਦਾਰਥਾਂ ਜਿਨਾਂ ਵਿਚ ਗਊ ੪੦ ਪ੍ਰਤੀਸ਼ਤ ਹੈ ੩੫੦ ਕਰੋੜ ਰੁਪੈ।

ਸਾਰਿਆਂ ਪਸ਼ੂਆਂ ਦਾ ਦੁਧ ਅਤੇ ਦੁਧ ਤੋਂ ਬਣੇ ਹੋਏ ਪਦਾਰਥਾਂ ਦਾ ਮੁਲ ੮੩੦ ਕਰੋੜ ਰੁਪੈ।

ਗਾਂ ਦਾ ਦੁਧ ੨੦ ਲਖ

ਮਝ ਦਾ ਦੁਧ ੧੨੫ ਲਖ

(੧੯੬੧ ਦੀ ਲੋਕ ੧੩ ਦੇ ਅਨੁਸਾਰ।)

[੪]ਖਾਦ ੧੭੫ ਲਖ

ਗਊ ਨਸਲ ਪ੍ਰਤੀ ਪਸ਼ੂ ਪ੍ਰਤੀਸਾਲ੧੦੦੦ ਕਿ: ਗ੍ਰ: ਜਿਸਤੋਂ ੭.੫ ਲਖ ਟਨ ਨਾਈਟਰੋਜਨ ੩੭.੫ ਪੋਟਾਸ਼ੀਅਮ ਮਿਲਦਾ ਹੈ।

[ਮੁਲਾਸ, ਸ੍ਰੀ ਨਿਵਾਸ ਤੇ ਡਾਕਟਰ ਰਾਈਟ ਦੇ ਅੰਦਾਜ਼ੇ ਅਨੁਸਾਰ।] ੪੦੦ ਕਰੋੜ

੫. ਖਲ ਹਡੀਆਂ ਅਤੇ ਹੋਰ ਸਮਾਨ।

ਗਊ ਨਸਲ ਦੀ ਮਰਨ ਦੀ ਗਿਣਤੀ ੧੪ ਲਖ ਪ੍ਰਤੀ ਸਾਲ ਅਰਥਾਤ ੮ ਪ੍ਰਤੀਸ਼ਤ

੫੦ ਰੁਪੈ ਮਰੇ ਹੋਏ ਪਸ਼ੂ ਦੇ ੭੦ ਕਰੋੜ ਰੁਪੈ।

ਇਸ ਤਰਾਂ੭੦ ਅਰਬ ਦੀ ਪੂੰਜੀ ਨਾਲ ੧੨ ਅਰਬ ਦਾ ਹਰ ਸਾਲ ਆਮਦਨੀ ਰਾਸ਼ਟਰ ਨੂੰ ਗਊ ਨਸਲ ਤੋਂ ਹੁੰਦੀ ਹੈ। ਇਸ ਤੇ ਵੀ ਗਊ ਨਸਲ ਨੂੰ ਨਾ ਕਿਸੇ ਤਰਾਂ ਦਾ ਸੁਖ ਅਰਾਮ ਦਿਤਾ ਜਾਂਦਾ ਹੈ ਤੇ ਨਾ ਹੀ ਕੋਈ ਇਸ ਲਈ ਥਾਂ ਬਣਾਈ ਗਈ ਹੈ।

ਇਹੋ ਜਿਹੇ ਦੇਸ਼ ਭੁਲੇ ਵਾਲੀ ਗਊ ਨਸਲ ਦਾ ਮੁਕਾਬਲਾ ਕੋਈ ਬਾਹਰੀ ਤਾਕਤ ਹੀ ਕਰ ਸਕਦੀ ਹੈ। ਪਰ ਮੈਂ ਜੋ ਖਾਸ ਤੌਰ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਗਊ ਨਸਲ ਦੇ ਇਸ ਮਹਾਨ ਯੋਗਦਾਨ ਨੂੰ ਸਿਰਫ ਭਾਰਤ ਦਾ ਮੁਕਦਰ ਹੀ ਆਖ ਕੇ ਨਹੀਂ ਟਾਲਿਆ ਜਾ ਸਕਦਾ।

ਭਾਰਤ ਹੀ ਇਕ ਐਸਾ ਦੇਸ਼ ਹੈ ਜਿਸ ਨੇ ਪਸ਼ੂ ਜਗਤ ਦੇ ਕਰਜ਼ੇ ਨੂੰ ਮਨਜ਼ੂਰ ਕੀਤਾ ਹੈ ਅਤੇ ਇਹ ਜਿੰਦਗੀ ਦੇ ਸੰਸਾਰ ਦੇ ਮਸ਼ਹੂਰ ਸਿਧਾਂਤ ਦੀ ਮਾਨਤਾ ਤੇ ਅਧਾਰਤ ਹੈ। ਇਹ ਕੋਈ ਅੰਧ ਵਿਸ਼ਵਾਸ ਵਾਲੀ ਗਲ ਨਹੀਂ। ਅਸੀਂ ਇਥੇ ਇਹੋ ਜਿਹੀ ਸਮਸਿਆ ਨੂੰ ਸੁਲਝਾਉਣਾ ਚਾਹੁੰਦੇ ਹਾਂ ਜਿਸ ਨੂੰ ਧਰਮ ਦਾ ਸਮਰਥਨ ਪ੍ਰਾਪਤ ਹੈ।

ਸੰਪੂਰਨ ਗਊ ਹਤਿਆ ਬੰਦੀ ਦੇ ਰਸਤੇ ਵਿਚ ਤਿੰਨ ਗਲਾਂ ਰੋਕ ਪਾਂਦੀਆਂ ਦਸੀਦੀਆਂ ਹਨ। ਇਕ ਦੇਸ਼ ਦੇ ਸਾਧਨਾਂ ਤੋਂ ਬਾਹਰ ਹੋਣਾ ਦੂਸਰਾ ਇਹ ਕਿ ਇਸ ਤੋਂ ਗਊ ਧਨ ਦੇ ਵਿਕਾਸ ਵਿਚ ਰੁਕਾਵਟ ਪਵੇਗੀ ਅਤੇ ਤੀਸਰਾ ਇਹ ਕਿ ਬੁਢੇ

Sri Satguru Jagjit Singh Ji Elibrary NamdhariElibrary@gmail.com

ਬਲਦਾਂ ਦੀ ਰਖਿਆ ਕਰਨ ਦਾ ਇਹ ਕੋਈ ਸਹੀ ਤਰੀਕਾ ਨਹੀਂ ਹੈ। ਪਹਿਲੇ ਕਾਰਨ ਦੇ ਬਾਰੇ ਕਿਹਾ ਜਾਂਦਾ ਹੈ ਕਿ ਜਨ ਸੰਖਿਆ ਦੇ ਅਨੁਪਾਤ ਵਿਚ ਦੇਸ਼ ਦੀ ਜਮੀਨ ਘਟ ਹੈ। ਦੇਸ਼ ਵਿਚ ਪਸ਼ੂ ਸੰਖਿਆ ਵਧ ਰਹੀ ਹੈ ਅਤੇ ਇਸ ਦੇ ਨਾਲ ਚਾਰੇ ਦਾਨੇ ਦੀ ਕਮੀ ਹੈ ਪਰ ਦੇਸ਼ ਵਿਚ ਇਨੀ ਬੇਕਾਰ ਜਮੀਨ ਪਈ ਹੈ ਕਿ ਉਸ ਵਿਚ ਲੋੜ ਮੁਤਾਬਕ ਚਾਰਾ ਉਗਾਇਆ ਜਾ ਸਕਦਾ ਹੈ। ਭਾਰਤ ਵਿਚ ਪ੍ਰਤੀ ਏਕੜ ਉਪਜ ਦੂਜਿਆਂ ਦੇਸ਼ਾਂ ਦੇ ਮੁਕਾਬਲੇ ਵਿਚ ਘਟ ਹੈ। ਸਾਡੇ ਜੰਗਲ ਵੀ ਬਹੁਤ ਘਟ ਉਪਜਾਊ ਹਨ। ਬਕਰੀਆਂ ਜੋ ਘਾਹ ਤੇ ਹੀ ਗੁਜਾਰਾ ਕਰਦੀਆਂ ਹਨ ਉਹਨਾਂ ਤੇ ਪਾਬੰਦੀ ਨਹੀਂ ਹੈ। ਸਾਡੇ ਕੋਲ ੩੨ ਲਖ ਏਕੜ ਚਰਾਗਾਹ ਹੈ। ਅਸੀਂ ਇਨ੍ਹਾਂ ਨੂੰ ਉਨਤ ਕਰਨ ਵਲ ਬਹੁਤ ਘਟ ਧਿਆਨ ਦਿਤਾ ਹੈ। ਪਸ਼ੂ ਖੁਰਾਕ ਦੀ ਕਮੀ ਦੇ ਬਾਵਜੂਦ ਖੱਲ ਦਾ ਵਾਪਾਰ ਵਧਿਆ ਹੈ। ੧੯੫੫-੫੬ ਵਿਚ ਅਸੀਂ ੫ ਕਰੋੜ ੩੦ ਲਖ ਰੁਪਏ ਦੀ ਖੱਲ ਬਾਹਰ ਭੇਜੀ ਪਰੰਤੂ ੧੯੬੫-੬੬ ਵਿਚ ੩੪ ਕਰੋੜ ੬੦ ਲਖ ਰੁਪਏ ਦੀ ਖੱਲ ਬਾਹਰ ਭੇਜੀ ਹੈ। ਸਾਡੇ ਕੋਲ ਜੇਕਰ ਸਾਧਨਾਂ ਦੀ ਕਮੀ ਹੈ ਤਾਂ ਉਸਦੀ ਠੀਕ ਠੀਕ ਵਰਤੋਂ ਨਾ ਹੋਣਾ ਹੈ। ਜੇਕਰ ਹੇਠਾਂ ਲਿਖੇ ਤਰੀਕੇ ਵਰਤੇ ਜਾਣ ਤਾਂ ਚਾਰੇ ਦਾਣੇ ਦੀ ਕਮੀ ਦੂਰ ਹੋ ਸਕਦੀ ਹੈ।

੧. ਅਣ-ਸੁਰਖਿਅਤ ਜੰਗਲਾਂ ਅਤੇ ਬੰਜਰ ਜ਼ਮੀਨਾਂ ਵਿਚ ਚਾਰਾ ਪੈਦਾ ਕੀਤਾ ਜਾਵੇ।

੨. ਭੇਡਾਂ, ਬਕਰੀਆਂ ਨੂੰ ਘਰਾਂ ਵਿਚ ਹੀ ਚਰਾਇਆ ਜਾਵੇ।

੩. ਬਿਜਾਈ ਦੀ ਜ਼ਮੀਨ ਦੀ ਮਿਲੀ ਜੁਲੀ ਖੇਤੀ ਕੀਤੀ ਜਾਏ।

੪. ਨਦੀਆਂ ਅਤੇ ਸੜਕਾਂ ਦੇ ਨਾਲ ਦੀ ਜ਼ਮੀਨ ਵਿਚ ਪਸ਼ੂ ਚਾਰੇ ਵਾਲੇ ਦਰਖਤ ਲਾਏ ਜਾਣ।

੫. ਪਿੰਡਾਂ ਦੀਆਂ ਚਰਾਂਦਾ ਨੂੰ ਉਨਤ ਕੀਤਾ ਜਾਵੇ।

੬. ਖੱਲ ਦਾ ਦੇਸ਼ ਤੋਂ ਬਾਹਰ ਜਾਣਾ ਰੋਕਿਆ ਜਾਏ।

੭. ਮਸ਼ੀਨੀ ਕੰਮਾਂ ਵਿਚ ਚਾਰੇ ਦਾ ਵਰਤਣਾ ਬੰਦ ਕੀਤਾ ਜਾਏ।

੮. ਮਸ਼ੀਨਾਂ ਦੁਆਰਾ ਤੇਲ ਕਢਕੇ ਖੱਲ ਦਾ ਪਸ਼ੂਆਂ ਦੇ ਲਈ ਅਭੱਖ ਬਨਾਉਣਾ ਰੋਕਿਆ ਜਾਵੇ।

੯. ਅਵਾਰਾ, ਪੁਰਾਣੇ ਤਥਾ ਕਿਸੇ ਕੰਮ ਨਾ ਆ ਸਕਣ ਵਾਲੇ ਪਸ਼ੂਆਂ ਲਈ ਗਊ-ਸਦਨ ਖੋਲ੍ਹੇ ਜਾਣ।

ਇਨ੍ਹਾਂ ਗਲਾਂ ਦੇ ਨਾਲ ਪਸ਼ੂਆਂ ਦੇ ਚਾਰੇ ਦਾਣੇ ਦੀ ਸਮਸਿਆ ਹਲ ਹੋ ਸਕਦੀ ਹੈ।

ਅਨੁਵਾਦਕ :
ਦਲੀਪ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

ਚੰਗੀ ਕਿਸਮ ਦੀ ਗਊ ਤੇ ਛੁਰੀ ਚਲਦੀ ਹੈ

ਸ੍ਰੀ ਵਿਨੋਭਾ ਭਾਵੇ ਜੀ

ਸ੍ਰੀ ਵਿਨੋਭਾ ਭਾਵੇ ਜੀ ਅਜ ਦੇ ਮਹਾਨ ਪੁਰਸ਼ਾਂ ਵਿਚੋਂ ਇਕ ਹਨ। ਆਪ ਦੇਸ਼ਾਂ ਬਦੇਸ਼ਾਂ ਵਿਚ ਪੈਦਲ ਚਲ ਕੇ ਲੋਕਾਂ ਨੂੰ ਧਰਮ ਦੇ ਰਾਹ ਤੇ ਚਲਣ ਲਈ ਪ੍ਰੇਰਦੇ ਹਨ। ਆਪ ਗਾਂਧੀ ਜੀ ਦੇ ਕਟੜ ਪੈਰੋਕਾਰ ਹਨ ਅਤੇ ਹਿੰਸਾ ਦੇ ਕਟੜ ਵਿਰੋਧੀਹਨ ਤੇ ਗਊ ਰਖਿਆ ਲਈ ਇਹਨਾਂ ਅੰਦਰ ਭਾਰੀ ਦਰਦ ਹੈ। ਆਪ ਚਾਹੁੰਦੇ ਹਨ ਕਿ ਦੁਨੀਆਂ ਵਿਚੋਂ ਅਜਿਹਾ ਵਾਤਾਵਰਨ ਇਕ ਦਮ ਖਤਮ ਹੋ ਜਾਵੇ ਜੋ ਕਿਸੇ ਦੀ ਮਸੂਮ ਆਤਮਾ ਲਈ ਦੁਖਾਂਤ ਪੈਦਾ ਕਰਦਾ ਹੈ। ਆਪ ਧਰਮ ਦੀ ਭਾਵਨਾ ਆਰਥਕ ਤੇ ਵਿਗਿਆਕ ਪਖੋਂ ਗਊ ਰਖਿਅਕਾਂ ਦੇ ਮੋਢੀ ਹਨ। ਇਹਨਾਂ ਦੀ ਰੀਝ ਹੈ ਕਿ ਭਾਰਤ ਵਿਚ ਕਦੇ ਵੀ ਗਊ ਦਾ ਵਿਨਾਸ਼ ਨਾ ਹੋਵੇ ਤੇ ਦੇਸ਼ ਖੁਸ਼ਹਾਲੀ ਵੰਡਦਾ ਅਗੇ ਵਧੇ। ਪਾਠਕ ਇਹਨਾਂ ਦੇ ਵਿਚਾਰਾਂ ਤੋਂ ਇਸ ਲੇਖ ਰਾਹੀਂ ਜਾਣ ਕਾਰੀ ਪ੍ਰਾਪਤ ਕਰਨ। 'ਸਾਜਨ'

ਆਮ ਤੌਰ ਤੇ ਭਾਰਤ ਤੇ ਖਾਸ ਕਰਕੇ ਕਲਕਤੇ ਵਿਚ ਪਸ਼ੂਆਂ ਦੇ ਨਾਲ ਜਿਹੜਾ ਵਿਵਹਾਰ ਹੁੰਦਾ ਹੈ ਮੇਰੇ ਲਈ ਬੜੇ ਦੁੱਖ ਦੀ ਗੱਲ ਹੈ। ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਕਲਕਤਾ ਦੀ ਵਧਦੀ ਹੋਈ ਆਬਾਦੀ ਦੇ ਲਈ ਦੁਧ ਦੀ ਲੋੜ ਨੂੰ ਪੂਰਾ ਕਰਨਾ ਸਮਸਿਆ ਹੈ, ਅਤੇ ਇਸ ਦੇ ਲਈ ਇਕ ਖਾਸ ਤਰਾਂ ਦੀ ਯੋਜਨਾ ਦੀ ਲੋੜ ਹੈ, ਪਰ ਦੁਖ ਦੀ ਗਲ ਇਹ ਹੈ ਕਿ ਇਸ ਵਲ ਕਿਸੇ ਨੇ ਠੀਕ ਧਿਆਨ ਨਹੀਂ ਦਿਤਾ। ਕਲਕਤੇ ਦੇ ਦਧ ਦੇ ਵਪਾਰੀ ਪੰਜਾਬ ਤੋਂ ਚੰਗੀ ਨਸਲਾਂ ਦੀ ਗਾਂਵਾਂ ਨੂੰ ਕਲਕੱਤੇ ਲਿਆਕੇ ਦੁਧ ਦੇਣ ਤਕ ਤਾਂ ਉਸਨੂੰ ਚੰਗੀ ਤਰ੍ਹਾਂ ਪਾਲਦੇ ਹਨ ਅਤੇ ਜਦੋਂ ਉਹ ਦੁਧਦੇਣਤੋਂ ਟੱਲ ਜਾਂਦੀਆਂ ਨੇ ਉਨ੍ਹਾਂਨੂੰ ਕਟਣ ਵਾਸਤੇ ਕਸਾਈਆਂ ਕੋਲ ਭੇਜ ਦੇਂਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਕਲਕਤਾ ਸ਼ਹਿਰ ਹੀ ਚੰਗੀਆਂ ਨਸਲ ਦੀ ਗਾਂਵਾਂ ਦੇ

Sri Satguru Jagjit Singh Ji Elibrary NamdhariElibrary@gmail.com

ਨਾਸ ਦਾ ਜ਼ਿਮੇਵਾਰ ਹੈ। ਇਸ ਦੇ ਇਲਾਵਾ ਕੱਲਕਤੇ ਵਿਚ ਗਾਵਾਂ ਨਾਲ ਬੜਾ ਬੁਰਾ ਵਿਵਹਾਰ ਕੀਤਾ ਜਾਂਦਾ ਹੈ, ਇਸ ਤੋਂ ਦੁਖੀ ਹੋਕੇ ਗਾਂਧੀ ਜੀ ਨੇ ਗਾਂਦਾ ਦੁਧ ਪੀਣਾ ਛੱਡ ਦਿਤਾ ਸੀ ਪਿਛੋਂ ਇਹ ਬਹੁਤ ਕਮਜ਼ੋਰ ਹੋ ਗਏ ਅਤੇ ਅਪਣੀ ਪਤਨੀ ਦੇ ਕਹਿਣ ਕਰ ਕੇ ਇਹਾਂ ਨੇ ਬਕਰੀ ਦਾ ਦੁਧ ਪੀਣਾ ਪਸੰਦ ਕੀਤਾ ਇਹ ਸਾਰੀਆਂ ਗੱਲਾਂ ਤੁਹਾਨੂੰ ਗਾਂਧੀ ਜੀ ਦੀ ਆਤਮ ਕਥਾ ਵਿਚ ਮਿਲਣਗੀਆਂ। ਪਰ ਗਾਂਈਆਂ ਦੇ ਨਾਲ ਅਜ ਵੀ ਉਹੋ ਜਿਹਾ ਬੁਰਾ ਵਿਵਹਾਰ ਹੋ ਰਿਹਾ ਹੈ।

ਦੁਧ ਦੀ ਪੋਸਠਿਕਤਾ

ਭਾਰਤ ਦੇ ਪੁਰਾਣੇ ਸਮੇ ਅਤੇ ਸੰਸਕ੍ਰਿਤ ਵਿਚ ਪਸ਼ੂਆਂ ਦੀ ਖਾਸ ਮਹਾਨਤਾ ਰਹੀ ਹੈ। ਕੇਵਲ ਦੁਧ ਤੋਂ ਬਨੀਆਂ ਚੀਜਾਂ ਹੀ ਸ਼ਾਕਾ ਹਾਰੀ ਲੋਕਾਂ ਨੂੰ ਸਰੀਰ ਦੀ ਲੋੜ ਲਈ ਪ੍ਰੋਟੀਨ ਦੇਂਦੀਆਂ ਹਨ। ਮਾਸ ਤਾਂ ਭਾਰਤ ਵਿਚ ਬਹੁਤ ਥੋੜੇ ਲੋਕ ਖਾਦੇ ਹਨ। ਇਸ ਲਈ ਦੁਧ, ਸਾਗ ਸਬਜ਼ੀ ਅਤੇ ਫਲ ਜਰੂਰੀ ਹਨ ਵਧਦੀ ਹੋਈ ਅਬਾਦੀ ਦੇ ਨਾਲ ਜਮੀਨ ਦਾ ਅਨੁਪਾਤ ਘਟਦਾ ਜਾ ਰਿਹਾ ਹੈ ਅਤੇ ਉਸੇ ਅਨੁਪਾਤ ਵਿਚ ਸ਼ਾਕਾ ਹਾਰੀ ਲੋਕ ਵਧ ਰਹੇ ਹਨ। ਮਾਨਵ ਸੰਸਕ੍ਰਿਤ ਵਿਚ ਮਾਸ ਨੂੰ ਕਦੇ ਵੀ ਉਚੀ ਥਾਂ ਨਹੀਂ ਮਿਲੀ। ਭਾਰਤ ਵਿਚ ਖੇਤੀ ਦੀ ਮੁਖਤਾ ਦੇ ਕਾਰਨ, ਪਸ਼ੂਆਂ ਦੀ ਰਖਿਆ ਹੋਣੀ ਹੀ ਚਾਹੀਦੀ ਹੈ। ਭਾਰਤ ਵਿਚ ਖੇਤੀ ਦੇ ਲਈ ਜੰਤਰਾਂ ਦਾ ਪ੍ਰਜਗ ਕੋਈ ਵਡਿਆਈ ਦੀ ਗਲ ਨਹੀਂ। ਭਾਰਤ ਵਿਚ ਖੇਤੀ ਦੇ ਕੰਮ ਵਿਚ ਜੰਤਰਾਂ ਦਾ ਪ੍ਰਯੋਗਠੀਕਨਹੀਂ ਕਿਉਂਕਿ ਇਹ ਮਨੁਖਾਂ ਦੀ ਥਾਂ ਲੈਂਦਾ ਹੈ। ਅਤੇ ਇਥੇ ਪਹਿਲਾਂ ਹੀ ਬੇਜਰੁਗਾਰੀ ਦੀ ਸਮਸਿਆ ਹੈ। ਬਲਦ ਕੇਵਲ ਹਰੀ ਜਾਂ ਸੁੱਕੀ, ਜਿਹੜੀ ਵੀ ਘਾਹ ਅਸਾਨੀ ਨਾਲ ਮਿਲ ਜਾਵੇ ਅਸਾਨੀ ਨਾਲ ਖਾਂਦੇ ਹਨ ਅਤੇ ਗੋਹੇ ਦੇ ਰੂਪ ਵਿਚ ਚੰਗੀ ਖਾਦ ਦੇਂਦੇ ਹਨ। ਜਦੋਂ ਕਿ ਟਰੈਕਟਰ ਨਾਂ ਤਾਂ ਘਾਹ ਖਾ ਸਕਦਾ ਹੈ ਅਤੇ ਨਾ ਹੀ ਖਾਦ ਦੇ ਸਕਦਾ ਹੈ। ਉਸ ਦੇ ਲਈ ਜੋ ਤੇਲ ਚਾਹੀਦਾ ਹੈ ਉਹ ਬਾਹਰ ਦੇ ਦੇਸ਼ਾਂ ਤੋਂ ਆਉਂਦਾ ਹੈ। ਇਸ ਲਈ ਅਮਰੀਕਾ ਦੀ ਨਕਲ ਕਰਨ ਤੋਂ ਕੋਈ ਲਾਭ ਨਹੀਂ। ਅਮਰੀਕਾ ਦੇ ਕੋਲ ਪ੍ਰਤੀ ਆਦਮੀ ਲਗ ਪਗ ੧੪ ਏਕੜ ਧਰਤੀ ਹੈ, ਜਦੋਂ ਕਿ ਭਾਰਤ ਦੇ ਕੋਲ ਪ੍ਰਤੀ ਆਦਮੀ ਤਿੰਨ ਚੋਥਾਈ ਏਕੜ ਧਰਤੀ ਅਤੇ ਬੰਗਾਲ ਦੇ ਲੋਕਾਂ ਕੋਲ ਇਕ ਆਦਮੀ ਪਿਛੇ ਅਧੀ ਏਕੜ ਧਰਤੀ ਹੈ। ਇਸ ਲਈ ਟਰੈਕਟਰਾਂ ਲਈ ਭਾਰਤ ਦੀ ਖੇਤੀ ਵਿਚ ਕੋਈ ਥਾਂ ਨਹੀਂ। ਅਤੇ ਉਹ ਬੈਲਾਂ ਦੀ ਥਾਂ ਨਹੀਂ ਲੈ ਸਕਦੇ।

ਇਸ ਦੇ ਇਲਾਵਾ ਪਛਮੀ ਲੋਕਾਂ ਦੀ ਤਰਾਂ ਭਾਰਤ ਕਦੇ ਵੀ ਗਊ ਮਾਸ ਨਹੀਂ ਖਾ ਸਕਦਾ, ਕਿਉਂਕਿ ਇਹ ਉਸ ਦੀ ਸੰਸਕ੍ਰਿਤੀ ਦੇ ਉਲਟ ਹੈ। ਇਸ ਦੇ ਲਈ ਗਾਂ ਬਲਦ ਅਤੇ ਦੂਜੇ ਪਸ਼ੂ ਸਾਡੇ ਲਈ ਜ਼ਰੂਰੀ ਹਨ ਅਤੇ ਉਨ੍ਹਾਂ ਦੀ ਰਖਿਆ ਕਰਨਾ ਸਾਡਾ ਫ਼ਰਜ਼ ਹੈ। ਸ਼ਾਸਨਤੇ ਵਪਾਰੀ ਜੰਤਾਂ— ਸਭ ਨੂੰ ਇਸ ਲਈ ਮਿਲਕੇ ਕੋਸ਼ਿਸ਼ ਕਰਨੀ ਚਾਹੀਦੀ ਹੈ।

ਗਊ ਹਤਿਆ ਕਨੂੰਨਨ ਬੰਦ ਹੋਣੀ ਚਾਹੀਦੀ ਹੈ। ਇਹ ਕਿਹਾ ਜਾਂਦਾ ਹੈ ਕਿ

Sri Satguru Jagjit Singh Ji Elibrary NamdhariElibrary@gmail.com

ਇਕ ਧਰਮ ਨਿਰਪੱਖ ਰਾਜ ਵਿਚ ਇਸ ਤਰਾਂ ਦਾ ਕਨੂੰਨ ਬਣਾਣਾ ਮੁਮਕਿਨ ਨਹੀਂ, ਕਿਉਂਕਿ ਭਾਰਤ ਵਖ ਵਖ ਧਰਮਾ ਵਾਲਾ ਹੈ।

ਮੈਂ ਇਸਲਾਮ ਦੇਸ਼ ਦੇ ਧਰਮ ਪੁਸਤਕਾਂ ਨੂੰ ਪੜ੍ਹਿਆ ਹੈ ਅਤੇ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਸ ਤਰਾਂ ਦੀਆਂ ਗਲਾਂ ਕਰਨਾ ਇਸਲਾਮ ਧਰਮ ਦੀ ਤਰਫੋਂ ਬੇਇਜਤੀ ਕਰਨੀ ਹੈ। ਮੈਂ ਇਸਲਾਮ ਦੀ ਤਰਫੋਂ ਇਹ ਕਹਿੰਦਾ ਹਾਂ ਅਤੇ ਮੈਨੂੰ ਯਕੀਨ ਹੈ ਕਿ ਕੋਈ ਮੁਸਲਮਾਨ ਇਸ ਬਾਰੇ ਵਿਰੋਧ ਨਹੀਂ ਕਰੇਗਾ ਕਿ ਕੁਰਾਨ ਵਿਚ ਕੋਈ ਅਜੇਹੀ ਆਇਤ ਨਹੀਂ ਹੈ, ਜਿਹੜੀ ਕਿ ਗਊ ਹਤਿਆ ਨੂੰ ਚਾਂਹਦੀ ਹੋਵੇ। ਇਹ ਗਲ ਹਿੰਦੂ ਸਾਸਤਰਾਂ ਦੇ ਅਨੁਸਾਰ ਕਹੀ ਜਾ ਸਕਦੀ ਹੈ। ਉਹ ਪਸ਼ੂ ਦੀ ਬਲੀ ਨੂੰ ਇਜਾਜਤ ਨਹੀਂ ਦੇਂਦੇ। ਹਿੰਦੂ ਅਤੇ ਮੁਸਲਮਾਨ ਓਦੋਂ ਤਕ ਸਮਝਦਾਰ ਨਹੀਂ ਕਹੇ ਜਾ ਸਕਦੇ ਜਦ ਤਕ ਕਿ ਧਰਮ ਦੇ ਨਾ ਤੇ ਕੀਤੀ ਜਾਣ ਵਾਲੀ ਪਸ਼ੂ ਹਿੰਸਾ ਨੂੰ ਨਾ ਛਡ ਦੇਣ। ਬਾਦਸ਼ਾਹ ਅਕਬਰ ਦੇ ਰਾਜ ਵਿਚ ਗਊ ਹਤਿਆ ਤੇ ਰੋਕ ਸੀ।

ਸਾਡੀ ਸਰਕਾਰ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਇਸ ਤਰਾਂ ਦਾ ਕਾਨੂੰਨ ਧਰਮ ਨਿਰਪੱਖਤਾ ਦੇ ਸਿਧਾਤਾਂ ਦੇ ਉਲਟ ਨਹੀਂ ਹੈ। ਇਸ ਲਈ ਕਾਨੂੰਨ ਦੁਆਰਾ ਗਊ ਹਤਿਆ ਜ਼ਰੂਰੀ ਬੰਦ ਹੋਣੀ ਚਾਹੀਦੀ ਹੈ।

ਪਸ਼ੂ ਪਾਲਣ ਦੇ ਵਿਗਿਆਨਕ ਢੰਗ

ਸਮਾਜ ਵਾਦ ਸਾਰੇ ਆਦਮੀਆਂ ਦੇ ਲਈ ਸਮਾਨ ਰਖਿਆ ਦਾ ਦਾਵਾ ਕਰਦਾ ਹੈ। ਪਰ ਸਮਾਜ ਵਾਦ ਦੀ ਜਿਹੜੀ ਆਪਣੀ ਧਾਰਣਾ ਹੈ, ਉਸ ਵਿਚ ਮਨੁਖਾਂ ਦੇ ਨਾਲ ਪਸ਼ੂ ਵੀ ਲੈ ਜਾਂਦੇ ਹਨ, ਕਿਉਂਕਿ ਗਊ ਸਾਡੇ ਬਾਲਕਾਂ ਦੇ ਪਾਲਨ ਪੋਸਣ ਵਿਚ ਅਪਣਾ ਦੁਧ ਪ੍ਰਦਾਨ ਕਰਦੀ ਹੈ, ਇਸ ਲਈ ਉਸ ਦਾ ਰਿਨ ਚੁਕਾਨ ਲਈ ਉਸ ਦੀ ਰਖਿਆ ਕਰਨਾ ਸਾਡਾ ਫਰਜ ਹੈ। ਗਾਂ ਨੂੰ ਆਪਣੀ ਮੌਤ ਮਰਨ ਦੇਣਾ ਚਾਹੀਦਾ ਹੈ ਅਤੇ ਮਰਨ ਦੇ ਬਾਦ ਉਸਦੇ ਸਰੀਰ ਦਾ ਉਪਯੋਗ ਦੂਜੇ ਕੰਮਾਂ ਲਈ ਕਰਨਾ ਚਾਹੀਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਨਸਲ ਦਾ ਵੀ ਸੁਧਾਰ ਹੋਣਾ ਚਾਹੀਦਾ ਹੈ, ਅਤੇ ਇਸਦੇ ਪਾਲਣ ਦੇ ਵਿਗਿਆਨਕ ਢੰਗਾਂ ਨੂੰ ਅਪਨਾਣਾ ਚਾਹੀਦਾ ਹੈ ਪਰ ਇਸ ਦੇ ਨਾਲ ਹੀ ਸਭ ਤਰਾਂ ਗਊ ਰਖਿਆ ਕਰਨੀ ਚਾਹੀਦੀ ਹੈ।

ਅਸੀਂ ਇਹ ਨਹੀਂ ਕਹਿ ਸਕਦੇ ਕਿ ਗਾਂ ਵਿਚ ਦੂਜੇ ਪਸ਼ੂਆਂ ਨਾਲ ਜ਼ਿਆਦਾ ਆਤਮ ਸ਼ਕਤੀ ਹੁੰਦੀ ਹੈ। ਜਿਥੇ ਤਕ ਆਤਮਾਂ ਦਾ ਸਵਾਲ ਹੈ ਸਾਰੇ ਜੀਅ ਇਕੋ ਤਰਾਂ ਦੇ ਹੁੰਦੇ ਹਨ। ਕਿਉਂਕਿ ਗਊ ਭਾਰਤੀਏ ਜੀਵਨ ਅਤੇ ਅਰਥ ਤੰਤਰ ਦੀ ਇਕਾਈ ਹੈ ਇਸ ਲਈ ਇਹ ਵਿਸ਼ੇਸ਼ ਕ੍ਰਿਪਾ ਦੀ ਪਾਤਰ ਹੈ।

Sri Satguru Jagjit Singh Ji Elibrary NamdhariElibrary@gmail.com

ਮੇਰਾ ਆਪਣਾ ਵਿਚਾਰ ਹੈ ਕਿ ਬਾਲਕ ਬੀਮਾਰ ਅਤੇ ਬੁਢਿਆਂ ਨੂੰ ਗਊ ਦਾ ਦੁਧ ਪਹਿਲਾਂ ਮਿਲਣਾ ਚਾਹੀਦਾ ਹੈ। ਜੇਕਰ ਮੇਰੇ ਹਥ ਵਿਚ ਕਨੂੰਨ ਹੁੰਦਾ ਤਾਂ ਮੈਂ ਸਭ ਦੁਧ ਨਾਲ ਬਣਨ ਵਾਲੀਆਂ ਮਠਿਆਈਆਂ ਤੇ ਰੋਕ ਲਾ ਦੇਂਦਾ। ਪਰ ਇਹ ਹੋ ਨਹੀਂ ਸਕਦਾ ਕਿਉਂਕਿ ਸੰਤ ਸੂਰ ਦਾਸ ਜੀ ਨੇ ਕਿਹਾ ਹੈ —

ਕਰਮਨ ਕੀ ਗਤੀ ਨਿਆਰੀ,
ਮੂਰਖ ਮੂਰਖ ਰਾਜੇ ਕੀਨੇ।
ਪੰਡਤ ਫਿਰਤ ਭਿਖਾਰੀ।

ਭਾਵ ਰਾਜ ਦੀ ਡੋਰ ਵਿਦਵਾਨ ਲੋਕਾਂ ਦੇ ਹਥ ਨਹੀਂ ਆ ਸਕਦੀ। ਤੁਹਾਡੇ ਸਾਹਮਣੇ ਮੇਰੇ ਜਿਹਾ ਵੀ ਪੰਡਿਤ ਹੈ; ਜਿਹੜਾ ਕਿਸੇ ਵੀ ਸਰਕਾਰ ਤੇ ਵਿਸ਼ਵਾਸ਼ ਨਹੀਂ ਕਰਦਾ ਅਤੇ ਨਾਂ ਉਸ ਦੀ ਪਰਵਾਹ ਕਰਦਾ ਹੈ, ਕਿਉਂਕਿ ਉਹ ਸਾਰੀਆਂ ਸਰ-ਕਾਰਾਂ ਨੂੰ ਹਟਾ ਕੇ ਸ਼ਾਸ਼ਨ ਦੇ ਡਰ ਤੋਂ ਸਵ-ਤੰਤਰ ਸਮਾਜ ਦੀ ਸਥਾਪਨਾ ਕਰਨਾ ਚਹੁੰਦਾ ਹੈ। ਜੇਕਰ ਮੇਰੇ ਹਥ ਵਿਚ ਸਰਕਾਰ ਦੀ ਵਾਗ ਡੋਰ ਹੁੰਦੀ ਤਾਂ ਮੈਂ ਮਿਠਿਆਈਆਂ ਬਣਾਨ ਵਿਚ ਦੁਧ ਦਾ ਇਸਤਰਾਂ ਪ੍ਰਯੋਗ ਨਾ ਹੋਣ ਦੇਂਦਾਂ। ਮੇਰੇ ਬੰਗਾਲੀ ਭਰਾ, ਜਿਨਾਂ ਨੂੰ ਰਸ ਗੁਲੇ ਪਿਆਰੇ ਹਨ ਮੈਨੂੰ ਖਿਮਾ ਕਰਨਗੇ।

ਮੈਨੂੰ ਲਗਦਾ ਹੈ ਕਿ ਸਾਡੇ ਜਹੇ ਗਰੀਬ ਦੇਸ਼ ਵਿਚ, ਜਿਥੇ ਕੇਵਲ ਡੇਢ ਛਟਾਂਕ ਦੁਧ ਹੀ ਇਕ ਆਦਮੀ ਦੇ ਹਿਸੇ ਆਉਂਦਾ ਹੈ, ਦੁਧ ਤੋਂ ਮਿਠਾਈਆਂ ਬਣਾਕੇ ਬਾਲਕਾਂ ਅਤੇ ਬੀਮਾਰਾਂ ਨੂੰ ਦੁਧ ਤੋਂ ਵੰਚਿਤ ਰਖਣਾ ਇਕ ਪਾਪ ਹੈ। ਇਕ ਆਦਮੀ ਦੇ ਹਿਸੇ ਆਣ ਵਾਲੇ ਡੇਢ ਛਟਾਕ ਦੁਧ ਵਿਚ ਗਊ ਮੱਝ, ਬਕਰੀ, ਬੋਤੀ ਦਾ ਦੁਧ ਤਾਂ ਸ਼ਾਮਲ ਹੈ ਹੀ, ਮੁਮਕਿਨ ਹੈ ਕਿ ਇਸ ਵਿਚ ਖੋਤੀ ਦਾ ਦੁਧ ਵੀ ਸ਼ਾਮਲ ਹੋਵੇ। ਹਰ ਸ਼ਾਕਾਹਾਰੀ ਆਦਮੀ ਨੂੰ ਘਟ ਤੋਂ ਘਟ ਅੱਧਾ ਸੇਰ ਦੁਧ ਮਿਲਣਾ ਚਾਹੀਦਾ ਹੈ। ਜੇਕਰ ਇਸਤੋਂ ਵਧ ਦੁਧ ਹੋਵੇ ਤਾਂ ਉਸਨੂੰ ਮਿਠਿਆਈ ਬਣਾਣ ਦੇ ਪ੍ਰਯੋਗ ਵਿਚ ਲਾਇਆ ਜਾ ਸਕਦਾ ਹੈ, ਇੰਗਲੈਂਡ ਵਿਚ ਹਰ ਵਿਅਕਤੀ ਨੂੰ ਲਗਭਗ ਇਕ ਸੇਰ ਦੁਧ ਮਿਲਦਾ ਹੈ, ਜਦੋਂ ਕਿ ਤਿੰਨ ਪੰਜ ਸਾਲਾ ਯੋਜਨਾਂ ਦੇ ਬਾਦ ਅਸੀਂ ਆਪਣੇ ਦੇਸ਼ ਵਿਚ ਇਕ ਬੂੰਦ ਵੀ ਦੁਧ ਦੀ ਨਹੀਂ ਵਧਾ ਸਕੇ, ਭਾਰਤ ਦੀ ਵੰਡ ਤੋਂ ਪਹਿਲਾਂ ਇਕ ਆਦਮੀ ਦੇ ਹਿਸੇ ਦੋ ਛਟਾਕ ਦੁਧ ਆਉਂਦਾ ਸੀ, ਪਰ ਹੁਣ ਦੁਧ ਵਾਲੇ ਭਾਗ ਪਾਕਿਸਤਾਨ ਵਿਚ ਜਾਨ ਕਰਕੇ ਭਾਰਤ ਵਿਚ ਦੁਧ ਦਾ ਹਿਸਾ ਬਹੁਤ ਘਟ ਹੋ ਗਿਆ ਹੈ।

ਦੁਧ ਦਾ ਘਟ ਹੋਣਾ :

ਜਿਥੇ ਤਕ ਬੰਗਾਲ ਦੀ ਗਲ ਹੈ ਉਥੇ ਇਕ ਆਦਮੀ ਦੇ ਹਿਸੇ ਇਕ ਛਟਾਂਕ ਦੁਧ ਆਉਂਦਾ ਹੈ। ਅਸਾਮ ਦੀ ਹਾਲਤ ਇਸਤੋਂ ਵੀ ਖਰਾਬ ਹੈ ਆਸਾਮ ਵਿਚ ਗਾਈਆਂ ਮੁਸ਼ਕਲ ਤੋਂ ਕੁਝ ਤੋਲੇ ਹੀ ਦੁਧ ਦੇਂਦੀਆਂ ਹਨ। ਯੋਰਪ ਦੇ ਲੋਕ ਸਾਡੀ ਤਰਾਂ ਇਹ ਗਲ ਦਾ ਢੰਡੋਰਾ ਨਹੀਂ ਪਿਟਦੇ ਕੀ ਗਊ ਵਿਚ ਤੇਤੀ ਕਰੋੜ ਦੇਵਤਾ ਵਸਦੇ ਹਨ, ਪ੍ਰੰਤੂ ਉਹ ਗਊ ਦੀ ਰਖਿਆ ਕਰਦੇ ਹਨ। ਪਸ਼ੂ ਪਾਲਨ ਦੀ ਦਸ਼ਾ ਵਿਚ ਭਾਰਤ ਨੇ ਪਛਮ ਤੋਂ ਬਹੁਤ ਕੁਛ ਸਿਖਣਾ ਹੈ ਗਾਂ ਵਿਚ ਸਭ ਦੇਵਤਿਆਂ ਦਾ ਸਥਾਨ ਮੰਨ ਕੇ ਅਸੀਂ ਪੂਜਾ ਤਾਂ ਕਰਦੇ ਹਾਂ, ਪਰ ਉਸ ਦਾ ਜਿਹੜਾ ਆਦਰ ਹੋਣਾ ਚਾਹੀਦਾ ਹੈ ਉਹ ਪੂਰੀ ਤਰ੍ਹਾਂ ਨਹੀਂ ਕਰਦੇ। ਗਾਂ ਦੀ ਅਜੇਹੀ ਪੂਜਾ ਕਰਨਾ ਉਸ ਦਾ ਸ਼ੋਸਨ ਕਰਨਾ ਹੈ ਅਤੇ ਇਸ ਤੋਂ ਕੁਝ ਲਾਭ ਨਹੀਂ ਹੋ ਸਕਦਾ।

ਮੈਂ ਕਈ ਵਾਰ ਆਖਿਆ ਹੈ ਕਿ ਪੰਜਾਬ ਤੋਂ ਕਲਕਤੇ ਦੇ ਬੁਚੜ ਖਾਨੇ ਵਿਚ ਗਾਈਆਂ ਦੇ ਆਣ

Sri Satguru Jagjit Singh Ji Elibrary NamdhariElibrary@gmail.com

ਤੇ ਕਨੂੰਨਣ ਰੋਕ ਹੋਣੀ ਚਾਹੀਦੀ ਹੈ। ਨਾਲ ਹੀ ਲੋਕਾਂ ਨੂੰ ਗਊ ਦੇ ਪਾਲਣ ਦੀ ਠੀਕ ਵਰਤੋਂ ਕਰਨੀ ਚਾਹੀਦੀ ਹੈ। ਗਊਆਂ ਦਾ ਪਾਲਣ ਵਿਗਿ-ਆਨਕ ਢੰਗ ਨਾਲ ਹੋਣਾ ਚਾਹੀਦਾ ਹੈ। ਅਜ ਸਾਡੇ ਸਾਹਮਣੇ ਇਹ ਇਕ ਮੁਖ ਸਮਸਿਆ ਹੈ। ਜੇਕਰ ਮਨੁਖ ਦੁਧ ਦੀ ਥਾਂ ਤੇ ਕੋਈ ਹੋਰ ਚੀਜ਼ ਪ੍ਰਯੋਗ ਕਰਨ ਲਗੇ ਤੇ ਬਲਦਾਂ ਦੀ ਥਾਂ ਆਪ ਕੰਮ ਕਰਨ ਲਗੇ ਤਾਂ ਹਾਲਤ ਬਦਲ ਸਕਦੀ ਹੈ ਉਸ ਹਾਲਤ ਵਿਚ ਗਊ ਦੀ ਸਾਨੂੰ ਲੋੜ ਨਹੀਂ ਰਹੇ ਗੀ ਅਤੇ ਈਸ਼ਵਰ ਦੀ ਦੁਨੀਆਂ ਵਿਚ ਵੀ ਥਾਂ ਨਹੀਂ ਰਹੇਗੀ, ਪਰ ਇਹ ਸੰਭਵ ਨਹੀ, ਗੀਤਾ ਵਿਚ ਦਿਤੇ ਹੋਏ ਸ੍ਰੀ ਕਰਿਸ਼ਨ ਦੇ ਉਪਦੇਸ਼ ਸਾਨੂੰ ਗਊ ਪੂਜਾ ਵਲ ਪ੍ਰੇਰਤ ਕਰਦੇ ਹਨ। ਸੁਕ-ਦੇਵ ਨੇ ਸਤਿਗੁਰੂ, ਗਾਂ ਅਤੇ ਮਨੁਖਾਂ ਦੇ ਵਿਚ ਈਸ਼ਵਰੀ ਪਰੇਮ ਦੀ ਪ੍ਰਸੰਸਾ ਵਿਚ ਕਈ ਗੀਤ ਗਾਏ ਹਨ। ਮਿਸਟਰ ਐਂਡਰਿਊਜ਼ ਨੇ ਇਕ ਵਾਰ ਅਜਮੇਰ ਵਿਚ ਕਿਹਾ ਸੀ ਕਿ ਈਸਾਈ ਇਸ ਗਲਾਂ ਨੂੰ ਚੰਗੀ ਤਰਾਂ ਸਮਝ ਸਕਦੇ ਹਨ ਕਿ ਈਸਾ ਮਸੀਹ ਦਾ ਜਨਮ ਖੁਰਲੀ ਵਿਚ ਹੋਇਆ ਸੀ।

ਇਕ ਵਾਰ ਇਕ ਈਸਾਈ ਮਿਤਰ ਨੇ ਤਰਕ ਕੀਤਾ ਕੀ ਗਊ ਵਿਚ ਆਤਮਾਂ ਹੁੰਦੀ ਹੈ— ਇਸ ਗਲ ਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜਦੋਂ ਮੈਂ ਉਸ ਤੋਂ ਪੁਛਿਆ ਕਿ ਤੁਸੀਂ ਈਸ਼ਵਰ ਨੂੰ ਪਰੇਮ ਰੂਪ ਮੰਨਦੇ ਹੋ ਉਸ ਨੇ ਹਾਂ ਵਿਚ ਉਤਰ ਦਿਤਾ। ਫਿਰ ਪੁਛਿਆ—ਕਿ ਪਾਲਤੂ ਜਾਨਵਰ, ਜਿਨਾਂ ਨੂੰ ਤੁਸੀਂ ਪਿਆਰ ਨਾਲ ਖਿਲਾਂਦੇ ਪਿਲਾਂਦੇ ਹੋ, ਪਿਆਰ ਦੇ ਵਿਵਹਾਰ ਨੂੰ ਮਹਿਸੂਸ ਕਰਦੇ, ਅਤੇ ਤੁਸੀਂ ਵੀ ਉਹਨਾਂ ਲਈ ਉਹ ਜਿਹਾ ਮਹਿਸੂਸ ਕਰਦੇ ਹੋ? ਉਨ੍ਹਾਂ ਨੇ ਉਤਰ ਦਿਤਾ ਪਸ਼ੂ ਅਤੇ ਮਨੁਖ ਦੋਵੇਂ ਹੀ ਪਿਆਰ ਦੀ ਗਲ ਨੂੰ ਸਮਝਦੇ ਹਨ। ਮੈਂ ਕਿਹਾ ਪ੍ਰਮਾਤਮਾ ਹੀ ਪਰੇਮ ਹੈ ਅਤੇ ਪਸ਼ੂ ਪਰੇਮ ਦੇ ਵਿਵਹਾਰ ਨੂੰ ਸਮਝਦਾ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਉਸ ਵਿਚ ਪ੍ਰਮਾਤਮਾ ਦਾ ਕੋਈ ਅੰਸ ਨਾ ਹੋਵੇ। ਗਾਂ ਦੀ ਗਲ ਨੂੰ ਛਡ ਦਿਉ ਕੀ ਤੁਸੀਂ ਪਾਲੇ ਹੋਏ ਕੁਤੇ ਦੇ ਨਾਲ ਪਿਆਰ ਨਹੀਂ ਕਰਦੇ? ਗਾਂ ਨੂੰ ਭਾਰਤੀ ਪਿਆਰ ਕਰਦੇ ਹਨ ਅਤੇ ਉਸ ਨੂੰ ਪਰੀ-ਵਾਰ ਦਾ ਇਕ ਜੀ ਸਮਝਦੇ ਹਨ। ਅਸੀਂ ਗਊ ਦੀ ਪਾਲਣਾ ਕਰਦੇ ਹਾਂ ਗਊ ਸਾਡੀ ਪਾਲਣਾ ਕਰਦੀ ਹੈ। ਇਸ ਤਰਾਂ ਇਕ ਦੂਜੇ ਨੂੰ ਪਿਆਰ ਕਰਕੇ ਅਸੀਂ ਮਨੁਖਤਾ ਨੂੰ ਉਚਾ ਕਰਦੇ ਹਾਂ।

ਸਮਾਜਕ ਨਿਚੋੜ

ਮਨੁਖਤਾ ਅਸਹਾਏ ਪਸ਼ੂਆਂ ਨੂੰ ਮਾਰਕੇ ਉਨ੍ਹਾ ਨੂੰ ਖਾਣ ਵਿਚ ਨਹੀਂ ਬਲਕਿ ਉਨ੍ਹਾਂ ਦੀ ਰਖਿਆ ਕਰਣ ਵਿਚ ਹੈ। ਮਨੁਖ ਧਰਤੀ ਦਾ ਰਾਜਾ ਇਸ ਲਈ ਮੰਨਿਆ ਗਿਆ ਹੈ ਕਿ ਉਹ ਜੀਆਂ ਦੀ ਰਖਿਆ ਕਰਦਾ ਹੈ ਨਾ ਕਿ ਉਨ੍ਹਾ ਨੂੰ ਖਾਂਦਾ ਹੈ। ਰਾਜੇ ਦਾ ਕੰਮ ਪਰਜਾ ਦੀ ਰਖਿਆ ਕਰਨਾ ਹੈ। ਮਨੁਖਾਂ ਤੇ ਜੰਗਲਾ ਦਾ ਕਨੂਨ ਲਾਗੂ ਨਹੀਂ ਹੁੰਦਾ ਜਿਥੋਂ ਦਾ ਰਾਜਾ ਸ਼ੇਰ ਦੂਜੇ ਪਸ਼ੂਆਂ ਨੂੰ ਖਾ ਜਾਂਦਾ ਹੈ। ਅਸੀਂ ਦੂਜੇ ਜੀਵਾਂ ਤੋਂ ਸੇਵਾ ਲੈਂਦੇ ਹਾਂ, ਸਾਨੂੰ ਵੀ ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ।

ਅੰਤ ਵਿਚ ਮੈਂ ਇਹ ਕਹਾਂ ਗਾਂ ਕਿ ਧਰਮ ਨਿਰਪਖ ਰਾਜ ਵਿਚ ਗਊ ਹਤਿਆ ਕਾਨੂਨਣ ਬੰਦ ਨਹੀਂ ਹੋ ਸਕਦੀ ਇਹ ਸੋਚਣਾ ਵੀ ਗਲਤ ਹੈ। ਕੀ ਅਸੀਂ ਗਊ ਦੀ ਪੂਛ ਨੂੰ ਫੜਕੇ ਆਪਨੀ ਆਤਮਾਂ ਨੂੰ ਪਵਿਤਰ ਕਰ ਸਕਦੇ ਹਾਂ। ਜਿਹੜੇ ਲੋਕ ਗਊ ਦੀ ਪੂਜਾ ਕਰਨੀ ਚਾਹੁੰਦੇ ਹਨ, ਉਨ੍ਹਾਂ ਨੂੰ ਪਸ਼ੂ ਪਾਲਣ ਦੇ ਵਿਗਿਆਨਕ ਢੰਗਾਂ ਨੂੰ ਅਪਨਾ ਕੇ ਉਨ੍ਹਾਂ ਦੀ ਨਸਲ ਵਿਚ ਸੁਧਾਰ ਕਰਨਾ ਚਾਹੀਦਾ ਹੈ। ਸਰਕਾਰ ਅਤੇ ਜਨਤਾ ਦੋਵੇਂ ਹੀ ਜੇ ਅਪਨੀ ਜੁਮੇਵਾਰੀ ਨੂੰ ਮਹਿਸੂਸ ਕਰਨ ਤਾਂ ਕਲਕਤੇ ਵਿਚ ਗਊਆਂ ਦੇ ਲਈ ਬਹੁਤ ਕੁਝ ਕੀਤਾ ਜਾ ਸਕਦਾ ਹੈ। ਕਲਕਤੇ ਵਿਚ ਚੰਗੀਆਂ ਗਊਆਂ ਦਾ ਕਤਲ ਮਨੁਖਤਾ ਦੀ ਤਰਕੀ ਵਿਚ ਇਕ ਵਡੀ ਰੁਕਾਵਟ ਹੈ।

ਅਨੁਵਾਦਕ :—

ਮਹਿੰਦਰ ਸਿੰਘ "ਰਾਣਾ"

(ਸਿਰਸਾ)

Sri Satguru Jagjit Singh Ji Elibrary NamdhariElibrary@gmail.com

ਭਾਰਤ ਦੇ ਧਨ ਮਸਲੇ ਲਈ ਗਊ ਦੀ ਜਰੂਰਤ

ਸ੍ਰੀ ਰਤਨ ਸਿੰਘ ਜੀ ਸ਼ਾਂਡਲਿਯ

ਸ੍ਰੀ ਰਤਨ ਸਿੰਘ ਜੀ ਸ਼ਾਡਲਿਯ ਬੜੇ ਮਿਲਨਸਾਰ ਮਿਠੇ ਸੁਭਾ ਦੇ ਸੁਝਵਾਨ ਮਨੁਖ ਹਨ। ਇਹਨਾਂ ਦਾ ਹਸੂ ਹਸੂ ਕਰਦਾ ਚੇਹਰਾ, ਪਿਆਰ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਔਂਦਾ ਹੈ। ਆਪ ਜੀ ਦਾ ਨਾਮਧਾਰੀ ਪੰਥ ਨਾਲ ਡੂੰਘਾ ਪਿਆਰ ਹੈ। ਆਪ ਇਸ ਵੇਲੇ ਹਿੰਦੀ ਦੇ ਮਸ਼ਹੂਰ ਅਖਬਾਰ 'ਨਵ ਭਾਰਤ ਟਾਈਮਜ਼' ਦੇ ਵਪਾਰਕ ਵਿਭਾਗ ਦੇ ਐਡੀਟਰ ਹਨ ਅਤੇ ਸਰਬਹਿੰਦ ਸਾਹਿਤ ਪ੍ਰਿਸ਼ਦ ਦੇ ਜਨਰਲ ਸਕਤਰ ਹਨ. ਗਊ-ਰਖਿਆ ਦੇ ਜਤਨ ਇਹਨਾਂ ਦੇ ਜੀਵਨ ਦਾ ਖਾਸ ਰੁਝੇਂਵਾ ਹੈ। ਪਾਠਕ ਜਨ ਇਹਨਾਂ ਦੇ ਵਿਚਾਰਾਂ ਤੋਂ ਜਾਣੂ ਹੋਣ ਲਈ ਇਹਨਾਂ ਦਾ ਲੇਖ ਪੜ੍ਹਨ। —ਸਾਜਨ

ਭਾਰਤ ਦਾ ਧਨ ਮਸਲਾ ਇਨਾਂ ਵਿਗੜਦਾ ਜਾ ਰਿਹਾ ਹੈ ਕਿ ਜੇਕਰ ਦੇਸ਼ ਦੇ ਲੀਡਰਾਂ ਨੇ ਹੁਣ ਨਾ ਸੰਭਾਲਿਆ ਤਾਂ ਭਵਿਖ ਵਿਚ ਉਹ ਦੇਸ਼ ਦੀ ਸ਼ਕਤੀ ਅਖੰਡਤਾ ਤੇ ਆਜ਼ਾਦੀ ਨੂੰ ਵੀ ਖਤਰਾ ਬਣਾ ਸਕਦੀ ਹੈ। ਜ਼ਿਆਦਾ ਦੇਰ ਤਕ ਵਿਦੇਸ਼ਾਂ ਤੋਂ ਜਰੂਰਤ ਮੁਤਾਬਿਕ ਧਨ ਮੰਗਾ ਕੇ ਕੰਮ ਨਹੀਂ ਚਲਾਇਆ ਜਾ ਸਕਦਾ, ਇਸ ਲਈ ਇਹੋ ਜਿਹੇ ਉਪਾਵਾਂ ਤੇ ਧਿਆਨ ਦੇਣਾ ਚਾਹੀਦਾ ਹੈ, ਜਿਸ ਨਾਲ ਕਿ ਇਹ ਸਮਸਿਆ ਹਲ ਹੋ ਜਾਵੇ। ਅਸਲ ਵਿਚ ਧਨ ਮਸਲੇ ਦਾ ਵਿਗੜਨ ਦਾ ਕਾਰਨ ਇਹ ਹੈ ਕਿ ਅਸੀਂ ਆਪਣੇ ਦੇਸ਼ ਦੀ ਪੂੰਜੀ ਦੀ-ਪਰਵਾਹ ਨਹੀਂ ਕੀਤੀ ਹੈ, ਵਿਦੇਸ਼ ਦੀ ਨਕਲ ਤੇ ਜ਼ਿਦ ਦੇ ਕਾਰਨ ਸਾਰੀਆਂ ਉਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸਦੇ ਕਾਰਨ ਵਿਦੇਸ਼ਾਂ ਵਿਚ ਖੁਸ਼ਹਾਲੀ ਆਈ ਹੈ, ਪਰੰਤੂ ਇਹ ਧਿਆਨ ਨਹੀਂ ਦਿਤਾ ਕਿ ਭਾਰਤ ਦੀ ਹਾਲਤ ਇਨ੍ਹਾਂ ਯੋਜਨਾਵਾਂ ਦੇ ਅਨੁਕੂਲ ਹੈ ਜਾਂ ਨਹੀਂ। ਮਿਸਾਲ ਦੇ ਤੌਰ ਤੇ ਦੇਸ਼ ਵਿਚ ਖੇਤੀ ਦੀ ਪੈਦਾਵਾਰ ਵਧਾਉਣ ਦੀ ਗਲ ਕੀਤੀ ਜਾਂਦੀ ਹੈ, ਕਿਉਂਕਿ ਖੇਤੀ ਪੈਦਾਵਾਰ ਦੇ ਬਿਨਾਂ ਉਦਯੋਗਿਕ ਜਾਂ ਹੋਰ ਕਿਸੇ ਤਰਾਂ ਦੀ ਤਰੱਕੀ ਸੰਭਵ ਨਹੀਂ।

ਪਰੰਤੂ ਖੇਤੀ ਪੈਦਾਵਾਰ ਵਧਾਉਣ ਦੇ ਆਧਾਰ ਦਾ ਪੱਖ ਕੀਤਾ ਗਿਆ ਹੈ। ਇਹ ਠੀਕ ਹੈ ਕਿ ਭਾਰਤੀਯ ਖੇਤੀ ਦੀ ਪ੍ਰਗਤੀ ਦੇ ਲਈ ਜਮੀਨ ਸੁਧਾਰ ਦੇ ਨਾਲ ਨਾਲ ਖਾਦ, ਪਾਣੀ ਅਤੇ ਚੰਗੇ ਬਲਦਾਂ ਦੀ ਵੀ ਜਰੂਰਤ ਹੈ। ਕੁਝ ਲੋਕ ਬਲਦਾਂ ਦੇ ਥਾਂ ਤੇ ਜੰਤਰਾਂ ਦੀ ਖੇਤੀ ਦੀ ਵਕਾਲਤ ਕਰਦੇ ਹਨ, ਪਰੰਤੂ ਉਹ ਭੁਲ ਜਾਂਦੇ ਹਨ ਕਿ ਇਸ ਦੇਸ਼ ਵਿਚ ਜ਼ਿਆਦਾਤਰ ਛੋਟੇ ਕਿਸਾਨ ਹਨ। ਪਹਿਲਾਂ ਤਾਂ ਵਡੇ ਵਡੇ ਟਰੈਕਟਰ ਉਨ੍ਹਾਂ ਦੀ ਤਾਕਤ ਤੋਂ ਹੀ ਬਾਹਰ ਹਨ ਅਤੇ ਜੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਇਹ ਦੇ ਵੀ ਦਿਤੇ ਜਾਣ ਤਾਂ ਵੀ ਉਨ੍ਹਾਂ ਦੀਆਂ ਜਮੀਨਾਂ ਦਾ ਖੇਤਰਫਲ ਇਨ੍ਹਾਂ ਥੋੜਾ ਹੈ ਕਿ ਟਰੈਕਟਰ ਉਨ੍ਹਾਂ ਦੇ ਕਾਬਿਲ ਨਹੀਂ ਹੋਵੇਗਾ। ਅਸੀਂ ਨਵੀਂ ਦਿਲੀ ਦੇ ਵਿਗਿਆਨ ਭਵਨ, ਖੇਤੀ ਬਾੜੀ ਭਵਨ ਅਤੇ ਯੋਜਨਾ ਭਵਨ ਦੀਆਂ ਬਿਲਡਿੰਗਾਂ ਵਿਚ ਬੈਠਕੇ ਅਮਰੀਕੀ ਜਾਂ ਰੂਸੀ ਕਿਤਾਬਾਂ ਪੜ੍ਹਕੇ ਖੇਤੀ ਯੋਜਨਾਂ ਬਨਾਉਣ ਵਾਲਿਆਂ ਦੀ ਗਲ ਨਹੀਂ ਕਰਦੇ। ਸਾਨੂੰ ਪਤਾ ਹੈ ਕਿ ਹੁਣ ਤਕ ਦੇਸ਼ ਵਿਚ ਕੁਲ ੫੦੦੦੦ ਟਰੈਕਟਰ ਕਿਸਾਨਾਂ ਕੋਲ ਪਹੁੰਚੇ ਹਨ। ਉਨ੍ਹਾਂ ਵਿਚੋਂ ਲਗਪਗ ੩੫੦੦ ਟਰੈਕਟਰ ਪੁਰਜੇ ਜਾਂ ਕਾਰੀਗਰ ਨ ਮਿਲਣ ਦੇ ਕਾਰਨ ਬੇਕਾਰ ਪਏ ਹਨ ਅਤੇ ਬਾਕੀਆਂ ਨੇ ਵੀ ਆਪਣੀ ਤਾਕਤ ਦੇ ਮੁਤਾਬਿਕ ਕੰਮ ਕੀਤਾ ਹੈ। ਇਸ ਤਰ੍ਹਾਂ ਟਰੈਕਟਰਾਂ ਤੇ ਖਰਚ ਕੀਤਾ ਗਿਆ ਧਨ ਜਾਇਆ ਹੋਇਆ। ਇਸਦੇ ਨਾਲ ਹੀ ਇਹ ਵੀ ਧਿਆਨ ਦੇਣ ਵਾਲੀ ਗਲ ਹੈ ਕਿ ਜੇ ਟਰੈਕਟਰਾਂ ਨਾਲ ਖੇਤੀ ਹੋਣ ਲਗ

Sri Satguru Jagjit Singh Ji Elibrary NamdhariElibrary@gmail.com

ਪਵੇ ਤਾਂ ਦੇਸ਼ ਵਿਚ ਲਗਭਗ ੫ ਕਰੋੜ ਬਲਦ ਬੇਕਾਰ ਹੋ ਜਾਣਗੇ।

ਜੋ ਲੋਕ ਵਿਦੇਸ਼ੀ ਸਾਹਿਤ ਪੜ੍ਹਕੇ ਭਾਰਤ ਦੀਆਂ ਯੋਜਨਾਵਾਂ ਬਣਾ ਰਹੇ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਗਾਂ ਦੁਧ ਲਈ ਪਾਲੀ ਜਾਵੇ ਅਤੇ ਬਲਦਾਂ ਦਾ ਮਾਸ ਖਾਧਾ ਜਾਵੇ। ਸਾਡੇ ਖਿਆਲ ਮੁਤਾਬਿਕ ਉਹ ਭਾਰਤ ਨੂੰ ਭੀ ਭੁਲ ਗਏ ਹਨ। ਏਥੇ ਆਦਿ ਕਾਲ ਤੋਂ ਹੀ ਵੇਦਾਂ ਵਿਚ ਲਿਖਿਆ ਗਿਆ ਹੈ ਕਿ ਗਾਂ ਮਾਤਾ ਹੈ। ਇਸਤਰ੍ਹਾਂ ਦੀ ਹਾਲਤ ਵਿਚ ਬਲਦਾਂ ਦਾ ਮਾਸ ਖਾਣ ਦੀ ਮਨਜ਼ੂਰੀ ਇਥੋਂ ਦਾ ਜਨ ਮਾਨੁਖ ਨਹੀਂ ਦੇਵੇਗਾ।

ਅਸਲ ਵਿਚ ਅਰਥਸ਼ਾਸ਼ਤਰ ਦਾ ਵਿਦਿਆਰਥੀ ਹੋਣ ਦੇ ਨਾਤੇ ਮੈਂ ਇਹ ਵੀ ਕਹਿ ਸਕਦਾ ਹਾਂ ਕਿ ਭਾਰਤ ਵਿਚ ਮਸ਼ੀਨੀ ਕੰਮ ਦੀ ਘਾਟ ਕਰਕੇ ਸਾਰੀ ਜਨ ਸੰਖਿਆ ਨੂੰ ਕੰਮ ਮਿਲਣਾ ਬੜਾ ਔਖਾ ਹੈ ਅਤੇ ਆਉਂਦੇ ੧੦੦ ਸਾਲਾਂ ਤਕ ਵੀ ਨਹੀਂ ਹੋ ਸਕੇਗਾ। ਇਸ ਲਈ ਦੇਸ਼ ਵਿਚੋਂ ਬੇਕਾਰੀ ਦੀ ਸਮਸਿਆ ਨੂੰ ਧਿਆਨ ਵਿਚ ਰਖਕੇ ਸਾਨੂੰ ਬਲਦਾ ਵਾਲੀ ਖੇਤੀ ਤੇ ਹੀ ਧਿਆਨ ਦੇਣਾ ਚਾਹੀਦਾ ਹੈ।

ਕੁਝ ਲੋਕ ਗਾਂ ਦੇ ਥਾਂ ਤੇ ਮੱਝ ਦੀ ਵਕਾਲਤ ਕਰਦੇ ਹਨ। ਅਸੀਂ ਇਥੇ ਕੁਝ ਤੁਲਨਾਤਮਕ ਅਧਿਆਯਨ ਪੇਸ਼ ਕਰਦੇ ਹਾਂ ਜਿਨ੍ਹਾਂ ਤੋਂ ਪਾਠਕ ਆਪਣੇ ਆਪ ਸਮਝ ਲੈਣਗੇ ਕਿ ਗਾਂ ਫਾਇਦੇਮੰਦ ਹੈ ਜਾਂ ਮੱਝ।

(ਗਾਂ) ੧. ਵਛੀਆਂ ਪੌਣੇ ਦੋ ਸਾਲ ਵਿਚ ਜਵਾਨ ਹੁੰਦੀਆਂ ਹਨ।

੨. ਵਛੀਆਂ ਢਾਈ ਸਾਲ ਵਿਚ ਵਿਆਹੀਆਂ ਜਾਂਦੀਆਂ ਹਨ।

੩. ਸਾਲ ਦੇ ਹਰ ਮਹੀਨੇ ਵਿਚ ਗਰਮ ਹੋਕੇ ਨਵੇਂ ਦੁਧ ਹੋ ਜਾਂਦੀਆਂ ਹਨ। ੨੪ ਤੋਂ ੩੬ ਘੰਟਿਆਂ ਤਕ ਗਰਮ ਰਹਿੰਦੀਆਂ ਹਨ, ਜਿਸ ਨਾਲ ਸਾਂਢ ਦਾ ਪ੍ਰਬੰਧ ਆਸਾਨੀ ਨਾਲ ਹੋ ਜਾਂਦਾ ਹੈ।

੪. ੨੮੬ ਦਿਨਾਂ ਵਿਚ ਵਿਆਹੀ ਜਾਂਦੀ ਹੈ।

੫. ਸਾਲ ਵਿਚ ਇਕਵਾਰ ਬਚਾ ਦੇਂਦੀ ਹੈ ਤੇ ਸਿਰਫ ੯੦ ਦਿਨ ਸੁਕੀ ਰਹਿੰਦੀ ਹੈ।

(ਮੱਝ) ੧. ਕਟੀਆਂ ਪੌਣੇ ਤਿੰਨ ਸਾਲ ਵਿਚ ਜਵਾਨ ਹੁੰਦੀਆਂ ਹਨ।

੨. ਕੱਟੀਆਂ ਸਾਢੇ ਤਿੰਨ ਸਾਲ ਵਿਚ ਵਿਆਹੀਆਂ ਜਾਂਦੀਆਂ ਹਨ।

੩. ਸਿਰਫ ਬਰਸਾਤ ਤੇ ਠੰਢ ਦੇ ਦਿਨਾਂ ਵਿਚ ਹੀ ਗਰਮ ਹੁੰਦੀਆਂ ਹਨ। ਸਿਰਫ ੧੨ ਘੰਟੇ ਤਕ ਰਹਿੰਦੀਆਂ ਹਨ ਜਿਸ ਨਾਲ ਝੋਟੇ ਦਾ ਪ੍ਰਬੰਧ ਆਸਾਨੀ ਨਾਲ ਨਹੀਂ ਹੁੰਦਾ।

੪. ੧੩੦ ਦਿਨਾਂ ਵਚ ਵਿਆਹੀ ਜਾਂਦੀਹੈ।

੫. ੧੩-੧੫ ਮਹੀਨੇ ਬਾਦ ਬੱਚਾ ਦੇਂਦੀ ਹੈ, ਇਸ ਪ੍ਰਕਾਰ ਲਗਭਗ ੧੧੬ ਦਿਨ ਤਕ ਸੁਕੀ ਰਹਿੰਦੀਆਂ ਹਨ।

ਗਾਂ ਦਾ ਦੁਧ ਮਿਠਾ, ਠੰਢਾ, ਵਾਯੂਪਿੱਤ ਤਥਾ ਕਫ਼ ਵਿਕਾਰਾਂ ਨੂੰ ਖਤਮ ਕਰਦਾ ਹੈ। ਫੇਫੜਿਆਂ ਦੇ ਲਈ ਗੁਣਕਾਰੀ ਹੈ। ਸਾਰਿਆਂ ਰੋਗਾਂ ਨੂੰ ਦੂਰ ਕਰਨ ਵਾਲਾ ਹੈ। ਮੱਝ ਦਾ ਦੁਧ ਭਾਰਾ, ਗਰਮ, ਵੀਰਜ਼ ਨੂੰ ਕਮਜ਼ੋਰ ਕਰਨ ਵਾਲਾ, ਨ ਪੱਚਣ ਵਾਲਾ, ਕਫ਼ ਅਤੇ ਹਵਾਕਾਰਕ ਹੈ।

ਦੁਧ ਦੀ ਨਜ਼ਰ ਵਿਚ ਹੇਠ ਲਿਖੇ ਅੰਕੜਿਆਂ ਤੇ ਧਿਆਨ ਦੇਣਾ ਚਾਹੀਦਾ ਹੈ।

ਵਿਗਿਆਨਕ ਵਿਸ਼ਲੇਸ਼ਨ

	ਪਾਨੀ	ਚਰਬੀ	ਸ਼ਕਰ	ਪ੍ਰੋਟੀਨ	ਖਾਰ
ਗਾਂ	੮੭.੨੦	੩.੯੦	੪.੭੫	੩.੫੦	.੭੫
ਮਾਂ	੮੮.੨੦	੩,੩੦	੬.੮੦	੨.੨੩	.੩੦
ਮੱਝ	੮੨.੬੩	੭.੬੧	੫.੭੫	੪.੧੨	.੯੦

ਇਸਤਰਾਂ ਗਾਂ ਮਨੁਖ ਦੇ ਲਈ ਬਹੁਤ ਹੀ ਫਾਇਦੇਮੰਦ ਹੈ ਅਤੇ ਖੇਤੀ ਲਈ ਬਲਦ। ਮਤਲਬ ਇਹ ਹੈ ਕਿ ਭਾਰਤ ਦੇ ਧਨ ਮਸਲੇ ਲਈ ਗਾਂ ਵੰਸ ਦੀ ਉਨੀ ਹੀ ਲੋੜ ਹੈ ਜਿੰਨੀ ਦਿਨ ਦੇ ਵਾਸਤੇ ਸੂਰਜ ਦੀ।

ਅਨੁਵਾਦਕ : ਸ੍ਰੀ ਦਲੀਪ ਸਿੰਘ ਨਾਮਧਾਰੀ
ਜਮੁਨਾ ਨਗਰ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸਨ ੧੯੬੦ ਵਿਚ ਆਪਣੇ ਸਮੇਂ ਵਿਚ ਕੀਤੀ ਗਈ ਸ੍ਰੀ ਜੀਵਨ ਨਗਰ ਵਿਖੇ ਸਰਵ ਪ੍ਰਥਮ ਪਸ਼ੂ ਪ੍ਰਦਰਸ਼ਨੀ



ਇਨਾਮ ਦੇਣ ਆਏ ਹੋਏ ਪਸ਼ੂਪਾਲਨ ਅਤੇ ਖੇਤੀ ਬਾੜੀ ਮੰਤ੍ਰੀ ਚੌ: ਸੁਰਜਮਲ ਸਰਵੋਤਮ ਗਊ ਦੇਖ ਰਹੇ ਹਨ

Sri Satguru Jagjit Singh Ji Elibrary NamdhariElibrary@gmail.com



ਸ੍ਰੀ ਜੀਵਨ ਨਗਰ ਵਿਚ ਸਨ ੧੯੬੦ ਦੀ ਪਸ਼ੂ ਪ੍ਰਦਰਸ਼ਨੀ ਸਮੇਂ ਸ੍ਰੀ ਸਤਿਗੁਰੂ ਜੀ ਚੋਧਰ ਸੂਰਜ ਮਲ ਪਸ਼ੂ-ਪਾਲਨ ਮੰਤ੍ਰੀ ਨੂੰ ਆਪਨੀਆਂ ਸਾਹੀਵਾਲ ਗਊਆ ਦਿਖਾ ਰਹੇ ਹਨ ।

ਸੰਤ ਚਤਰ ਸਿੰਘ ਜੀ ਵਡਾਣੇ ਜਿ; ਲਾਹੌਰ ਜੋ ਐਨਕ ਨਾਲ ਪੜ੍ਹਦੇ ਸਨ । ਗਊ ਦਾ ਦੁਧ ਘਿਉ ਸੇਵਨ ਕਰਨ ਕਰਕੇ ਬਿਨਾਂ ਅੰਨਕ ਤੋਂ ਪੜ੍ਹਨ ਲਗ ਪਏ ਹਨ ।

Sri Satguru Jagjit Singh Ji Elibrary NamdhariElibrary@gmail.com

ਮਾਤਾ ਅਤੇ–ਗਊ ਮਾਤਾ

ਭਾਰਤੀ ਸੰਸਕਰਿਤੀ ਅਨੁਸਾਰ ਗਊ ਨੂੰ ਮਾਤਾ ਦਾ ਦਰਜਾ ਦਿਤਾ ਗਿਆ ਹੈ ਜੋ ਸੌ ਫੀਸਦੀ ਪੂਰਾ ਉਤਰਦਾ ਹੈ। ਸਿਆਣੇ ਇਸ ਗਲ ਨੂੰ ਬੜੀ ਦ੍ਰਿੜਤਾ ਨਾਲ ਕਹਿੰਦੇ ਹਨ ਕਿ ਮਾਂ ਦੀ ਮਮਤਾ ਮਾ ਦਾ ਪਿਆਰ ਬਾਕੀ ਦੇ ਸਭ ਹਿਤੂਆਂ ਨਾਲੋਂ ਅਨਿਨ ਹੁੰਦਾ ਹੈ ਮਾਂ ਬਚੇ ਨੂੰ ਨੌ ਮਹੀਨੇ ਗਰਭ ਵਿਚ ਮਮਤਾ ਦੀ ਮਾਰੀ ਸਰੀਰ ਤੇ ਸੌ ਤਕਲੀਫ ਸਹਾਰ ਕੇ ਚੁਕੀ ਫਿਰਦੀ ਹੈ। ਜਦੋਂ ਉਸ ਵਾਸਤੇ ਖਾਣਾ ਪੀਣਾ ਸੌਣਾ ਤੁਰਨਾ ਫਿਰਨਾ ਅਸਿਹੇ ਹੁੰਦਾ ਹੈ ਤੇ ਪਤਾ ਨਹੀਂ ਹੋਰ ਕਿੰਨੇ ਕਸ਼ਟ ਸਹਿੰਦੀ ਹੈ ਪਰ ਇਨਾਂ ਕੁਝ ਹੋਣ ਦੇ ਬਾਵਜੁਦ ਮਾਂ ਨੇ ਕਦੀ ਵੀ ਬਚੇ ਦੇ ਪੇਟ ਵਿਚ ਹੋਣ ਦੀ ਤਕਲੀਫ ਮਹਿਸੂਸ ਨਹੀਂ ਕੀਤੀ, ਸਗੋਂ ਜਿਉਂ ਜਿਉਂ ਮਹੀਨਿਆਂ ਦੀ ਗਿਣਤੀ ਵਧਦੀ ਹੈ ਉਹਦੇ ਅੰਦਰ ਇਕ ਰੀਝ ਚਾ ਉਪਜਦੀ ਹੈ।

ਜਨਮ ਪਿਛੋਂ ਬਚੇ ਦੇ ਪਾਲਨ ਪੋਸਣ ਦੀ ਵਡੀ ਜਿੰਮੇਵਾਰੀ ਨੂੰ ਉਤਸ਼ਾਹ ਨਾਲ ਨਿਭਾਦੀ ਹੈ। ਆਪਣੇ ਸਰੀਰ ਦੀ ਤਾਕਤ ਸ਼ੀਰ ਦੇ ਰੂਪ ਵਿਚ ਦੇਕੇ ਬਚੇ ਨੂੰ ਬਲਵਾਨ ਬਣਾ ਕੇ ਦੋ ਸਾਲ਼ਾਂ ਪਿਛੋਂ ਉਸਨੂੰ ਕਿਸੇ ਹੋਰ ਆਸਰੇ ਤੇ ਛਡ ਦੇਂਦੀ ਹੈ।

ਇਸਤੋਂ ਅਗੇ ਮਾਂ ਆਪਣੀ ਜਿੰਮੇਵਾਰੀ ਸਿਰਫ ਪੂੰਝਣ ਸੁਆਰਣ ਦੀ ਹੀ ਸਮਝਦੀ ਹੈ ਤੇ ਮਾ ਦੀਆਂ ਆਸ ਮਾਂ ਦਾ ਪਿਆਰ ਇਹਨਾਂ ਦੋ ਸਾਲਾਂ ਦੇ ਸ਼ੀਰ ਦੇਣ ਨਾਲ ਉਮਰ ਭਰ ਲਈ ਅਨਿਖੜਵਾਂ ਬਨ ਜਾਂਦਾ ਹੈ। ਪਰ ਇਸ ਤੋਂ ਅਗੇ ਜੋ ਮਨੁਖ ਦੇ ਜੀਵਨ ਦੀ ਵਡੀ ਜਿੰਮੇਵਾਰੀ ਨੂੰ ਆਪਣੇ ਸਿਰ ਲਈਦੀ ਹੈ ਉਹ ਇਕ ਗਊ ਹੀ ਹੈ, ਜਿਸਨੂੰ ਭਾਰਤੀ ਸੰਸਕਰਿਤੀ ਦੇ ਅਧਾਰ ਤੇ ਧਾਰਮਕ ਤੇ ਆਰਥਕ ਪਖੋਂ ਮਾਂ ਦਾ ਦਰਜਾ ਦਿਤਾ ਗਿਆ ਹੈ। ਦੇਵ ਨੇਤ ਜੇਕਰ ਕਿਸੇ ਬਚੇ ਦੀ ਮਾਤਾ ਜਨਮ ਦੇਣ ਸਮੇ ਹੀ ਮਰ ਜਾਵੇ ਤਾਂ ਗਊ ਬਚੇ ਦੀ ਇਸ ਘਾਟ ਨੂੰ ਪੂਰਿਆਂ ਕਰਦੀ ਹੈ। ਜੋ ਕੇ ਕੋਈ ਹੋਰ ਪਸ਼ੂ ਨਹੀਂ ਪੂਰਿਆਂ ਕਰ ਸਕਦਾ। ਭਾਰਤ ਦੇਸ਼ ਹਰ ਇਕ ਪਖੋਂ ਗਊ ਦੇ ਸਹਾਰੇ ਤੇ ਜੀ ਰਿਹਾ ਹੈ।

ਗਊ ਦਾ ਦੁਧ :

ਇਹ ਦੁਧ ਮਾਂ ਦੇ ਦੁਧ ਜਿੰਨੀ ਤਾਕਤ ਤੇ ਤਸੀਰ ਰਖਦਾ ਹੈ। ਮਾਂ ਜਨਮ ਤੋਂ ਪਿਛੋਂ ਥੋੜੇ ਚਿਰ ਬਾਦ ਆਪਣਾ ਦੁਧ ਦੇਣਾ ਬੰਦ ਕਰਕੇ ਗਊ ਦਾ ਦੁਧ ਬਚੇ ਨੂੰ ਪਿਲਾਣਾਂ ਸ਼ੁਰੂ ਕਰ ਦਿੰਦੀ ਹੈ। ਜੋ ਮਨੁਖ ਨੂੰ ਬੁਧੀ ਤੇ ਫੁਰਤੀ ਬਖਸ਼ਦਾ ਹੈ। ਦੁਧ ਮੱਝ ਬੋਤੀ ਬਕਰੀ ਭੇਡ ਆਦਿ ਦਾ ਵੀ ਗਿਣਿਆ ਜਾਂਦਾ ਹੈ। ਪਰ ਜੋ ਗੁਣ ਗਊ ਦੇ ਦੁਧ ਤੋਂ ਪ੍ਰਾਪਤ ਹੁੰਦੇ ਹਨ ਬਾਕੀ ਦੇ ਦੁਧਾਂ ਚੋਂ ਪ੍ਰਾਪਤ ਨਹੀਂ ਹੋ ਸਕਦੇ।

Sri Satguru Jagjit Singh Ji Elibrary NamdhariElibrary@gmail.com

ਡਾਕਟਰ ਜਦੋਂ ਵੀ ਕਿਸੇ ਬਿਮਾਰ ਨੂੰ ਦੁਆਈ ਦੁਧ ਨਾਲ ਦਸਦਾ ਹੈ ਤਾਂ ਹਮੇਸ਼ਾਂ ਗਊ ਦਾ ਦੁਧ ਹੀ ਸੇਵਨ ਕਰਨ ਲਈ ਆਖਦਾ ਹੈ। ਕਦੇ ਵੀ ਮੱਝ ਜਾਂ ਹੋਰ ਕੋਈ ਦੁਧ ਪੀਣ ਵਾਸਤੇ ਨਹੀਂ ਕਹਿੰਦਾ। ਜਿਸਤੋਂ ਸਬੂਤ ਹੁੰਦਾ ਹੈ ਕਿ ਗਊ ਦਾ ਦੁਧ ਮਾਤਾ ਦੇ ਦੁਧ ਦੀ ਘਾਟ ਪੂਰੀ ਕਰ ਸਕਦਾ ਹੈ। ਸਾਡੇ ਵੇਖਣ ਵਿਚ ਆਇਆ ਹੈ ਕਿ ਸੰਤ ਚਤਰ ਸਿੰਘ ਜੀ(ਕਰੀਵਾਲਾ)ਜਿਨ੍ਹਾਂ ਦੀਤਸਵੀਰਲੇਖ ਦੇ ਸ਼ੁਰੂ ਵਿਚ ਪਾਠਕ ਵੇਖ ਰਹੇ ਹਨ, ਇਹਨਾਂ ਦੀ ੫੦ ਸਾਲ ਦੀ ਉਮਰ ਵਿਚ ਨਿਗ੍ਹਾ ਕਮਜ਼ੋਰ ਹੋ ਗਈ। ਸੰਤਾ ਨੇ ਐਨਕ ਲੁਵਾਈ, ਅਚਾਨਕ ਓਹਨਾਂ ਦੇ ਘਰੋਂ ਮੱਝ ਦਾ ਲਵੇਰਾ ਮੁਕ ਗਿਆ ਅਤੇ ਓਹਨਾਂ ਨੇ ਗਊ ਦਾ ਦੁਧ ਮਖਨ ਵਰਤਨਾ ਸ਼ੁਰੂ ਕੀਤਾ ਜਿਸ ਸਦਕਾ ਛੇ ਮਹੀਨੇ ਬਾਦ ਸੰਤਾ ਨੇ ਬਗੈਰ ਐਨਕ ਦੇ ਅਖਬਾਰ ਪੜ੍ਹਨਾ ਸ਼ੁਰੂ ਕਰ ਦਿਤਾ ਇੰਨੀ ਨਿਗ੍ਹਾ ਤੇਜ ਹੋ ਗਈ ਅਤੇ ਅਜ ਕਰੀਬ ੯੦ ਸਾਲ ਦੀ ਉਮਰ ਹੋਚੁਕੀ ਹੈ ਗਊ ਦਾ ਹੀ ਦੁਧ ਪੀਂਦੇ ਹਨ ਤੇ ਬਗੈਰ ਐਨਕ ਦੇ ਅਖਬਾਰ ਪੜ੍ਹ ਸਕਦੇ ਹਨ।

ਗਊ ਦੇ ਦੁਧ ਤੋਂ ਇਲਾਵਾ ਗਊ ਦਾ ਗੋਹਾ ਮਨੁਖ ਦੀਆਂ ਅਨੇਕਾਂ ਲੋੜਾਂ ਪੂਰੀਆਂ ਕਰਦਾ ਹੈ। ਅਜ ਦੇ ਖੋਜੀਆਂ ਦੇ ਕਢੇ ਅੰਕੜਿਆਂ ਨੇ ਇਹ ਸਿਧ ਕਰ ਦਿਤਾ ਹੈ ਕਿ ਸਿੰਧਰੀ ਦੇ ਖਾਦ ਬਨਾਣ ਵਾਲੇ ਕਾਰਖਾਨੇ ਨਾਲੋਂ ਕੁਲ ਗਊਆਂ ਨੌ-ਗੁਣਾਂ ਜ਼ਿਆਦਾ ਗੋਹੇ ਦੇ ਰੂਪ ਵਿਚ ਖਾਦ ਦੇਸ਼ ਨੂੰ ਦਿੰਦੀਆਂ ਹਨ।

ਇਕ ਗਊ ਦਾ ਗੋਹਾ ਬਾਲਨ ਦੇ ਰੂਪ ਵਿਚ ਸੱਤ ਜੀਆਂ ਦਾ ਖਾਣਾ ਤਿਆਰ ਕਰਨ ਵਾਸਤੇ ਪ੍ਰਾਪਤ ਹੁੰਦਾ ਹੈ। ਇਸ ਵੇਲੇ ਦਿਲੀ ਸ਼ਹਿਰ ਵਿਖੇ ਸੁਕੇ ਗੋਹੇ ਦੀ ਕੀਮਤ ੧੪ ਰੁਪੈ ਪ੍ਰਤੀ ਮਣ ਹੈ ਤੇ ਗਊ ਦੇ ਮੂਤਰ ਤੋਂ ਅਨੇਕ ਰੋਗ ਦੂਰ ਹੁੰਦੇ ਹਨ। ਗਊ ਦੇ ਦੁਧ ਗੋਹੇ ਤੇ ਮੂਤਰ ਬਾਰੇ ਵਿਸਥਾਰ ਵਿਚ ਇਸ ਲਈ ਨਹੀਂ ਜਾਂਦਾ ਕਿ ਇਹਨਾਂ ਗਲਾਂ ਤੇ ਇਸ ਅੰਕ ਵਿਚ ਕਈ ਥਾਂਈਂ ਖਾਸ ਚਾਨਣਾ ਪਾਇਆ ਗਿਆ ਹੈ ਜੋ ਪਾਠਕਾਂ ਲਈ ਖਾਸ ਜਾਣਕਾਰੀ ਦੇ ਯੋਗ ਹਨ।

ਧਰਮ :

ਗਊ ਨੂੰ ਜੇ ਧਾਰਮਕ ਪਖ ਤੋਂ ਵੇਖਿਆ ਜਾਵੇ ਤਾਂ ਗਊ ਨੂੰ ਮਾਤਾ ਆਖਨਾ ਸਾਡੇ ਲਈ ਕੋਈ ਹਾਸੋਹੀਣੀ ਗਲ ਨਹੀਂ, ਸਗੋਂ ਸਾਡਾ ਫਰਜ਼ ਬਣਦਾ ਹੈ ਕਿ ਗਊ ਦਾ ਮਾਂ ਤੋਂ ਵਧ ਸਤਿਕਾਰ ਕੀਤਾ ਜਾਵੇ, ਭਾਰਤ ਦੇ ਧਰਮ ਅਨੁਸਾਰ ਇਹ ਪ੍ਰਸਿਧ ਹੈ ਕਿ ਗਊ ਦੇ ਸਰੀਰ ਵਿਚ ਤੇਤੀ ਕਰੋੜ ਦੇਵਤਿਆਂ ਦਾ ਨਿਵਾਸ ਹੈ। ਹਿੰਦੂ ਪ੍ਰੰਪਰਾ ਦੇਵਤਿਆਂ ਨੂੰ ਹਮੇਸ਼ਾਂ ਮੰਨਦੀ ਆਈ ਹੈ।

ਦੇਵਤਿਆਂ ਦੀ ਪੂਜਾ ਕੀਤਿਆਂ ਸੁਖ ਸ਼ਾਂਤੀ ਮਿਲਦੀ ਹੈ ਤੇ ਇਕ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕਈ ਅਡੰਬਰ ਕਰਨੇ ਪੈਂਦੇ ਹਨ ਪਰ ਇਕ ਗਊ ਦੀ ਸੇਵਾ ਕੀਤਿਆਂ ਤੇਤੀ ਕਰੋੜ ਦੇਵਤਿਆਂ ਦੀ ਤੇ ਜੋ ਸਾਰੀ ਉਮਰ ਦੁਧ ਪਿਲਾਂਦੀ ਹੈ ਗਊ ਮਾਤਾ ਦੋਹਾਂ ਦੀ ਸੇਵਾ ਹੋ ਜਾਂਦੀ ਹੈ।ਪਰ ਮਾਂ ਦੀ ਸੇਵਾ ਕੀਤਿਆ ਕਿਸੇ ਦੇਵਤੇ ਦੀ ਸੇਵਾ ਨਹੀਂ ਹੋ ਸਕਦੀ ਭਾਰਤ ਦੋਹਿੰਦੂ ਵੇਦ ਸ਼ਾਸਤਰਾਂ ਵਿਚ ਵੇਦ, ਪੁਰਾਨ, ਗੀਤਾ, ਸਿਮਰਤੀਆਂ, ਮਹਾਂ ਭਾਰਤ, ਰਸਾਇਣ ਜਾਂ ਹੋਰ ਇਤਿਹਾਸਕਾਰ ਸਿਖਾਂ ਦੇ ਸਭਤੋਂ ਮੰਨੇ ਪ੍ਰਮੰਨੇ ਧਾਰਮਕ ਗ੍ਰੰਥ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਓਹਨਾਂ ਦੇ ਬਾਕੀ ਸਰੂਪ ਗੁਰੂਆਂ ਦੀ ਇਲਾਹੀ ਬਾਣੀ ਸ੍ਰੀ ਆਦਿ ਗ੍ਰੰਥ ਸਾਹਿਬ ਦਸਮੇਸ਼ ਪਾਤਸ਼ਾਹ ਦੇ ਦਸਮ ਗ੍ਰੰਥ ਤੇ ਕਵਿਤਾ ਦੇ ਮਨਜ਼ੂਰ ਸ਼ੁਦਾ ਇਤਿਹਾਸ ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਜਾਂ ਹੋਰ ਕਿਸੇ ਅਜਿਹੇ ਗ੍ਰੰਥ ਵਿਚ ਵੀ ਕਿਤੇ ਗਊ-ਰਖਿਆ ਦੇ ਵਿਰੁਧ ਜਾਂ ਗਊ ਮਾਰਨ ਦੇ ਸਬੰਧ ਵਿਚ ਕਿਤੇ ਵੀ ਇਕ ਲਫਜ਼ ਨਹੀਂ ਲਿਖਿਆ ਮਿਲਦਾ, ਸਗੋਂ ਗਊ ਦੀ ਰਖਿਆ ਵਾਸਤੇ ਉਚੇਚਾ ਹੁਕਮ ਲਿਖਿਆ ਮਿਲਦਾ ਹੈ ਕਈ ਥਾਂਈਂ। ਵਿਸਥਾਰ ਵਿਚ ਨਾ ਜਾਂਦਿਆਂ ਹੋਇਆ ਇਕ ਦੋ ਨਮੂਨੇ ਮਾਤਰ ਹੀ ਕਾਫੀ ਹਨ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਅਮਰਦਾਸ ਜੀ ਨੇ ਆਦਿ ਗ੍ਰੰਥ ਵਿਚ ਦਰਜ ਕੀਤਾ ਹੈ :

ਬ੍ਰਾਹਮਣ ਕੈਲੀ ਘਾਤ ਕੰਞਕਾ
ਅਣਚਾਰੀ ਕਾ ਧਾਨ ।
ਫਿਟਕ ਫਿਟਕਾ ਕੋੜੁ ਬਦੀਆ
ਸਦਾ ਸਦਾ ਅਭਿਮਾਨ ।

ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਅਗੇ ਜੋਦੜੀ ਕਰਦੇ ਹਨ :

ਮਿਟੇ ਕਸ਼ਟ ਗਊਅਨ ਛੁਟੈ ਖੇਦ ਭਾਰੀ ।

ਸਾਡੇ ਧਾਰਮਕ ਗਰੰਥ ਤੇ ਇਤਹਾਸ ਸਭ ਦੇ ਸਭ ਗਊ ਪੂਜਾ ਤੇ ਗਊ ਰਖਿਆ ਲਈ ਉਪ-ਦੇਸ਼ ਦਿੰਦੇ ਹਨ । ਜਿਨਾਂ ਨੂੰ ਮੰਨ ਕੇ ਗਊ ਦੀ ਸੇਵਾ ਕਰਨੀ ਸਾਡਾ ਮੁਖ ਧਰਮ ਬਣਦਾ ਹੈ। ਹਿੰਦੂ ਧਰਮ ਵੇਦ ਗਰੰਥਾਂ ਤੋਂ ਇਲਾਵਾ ਵੇਖੀਏ ਤਾਂ ਕ੍ਰਿਸ਼ਨ ਜੀ ਦਾ ਸਾਰਾ ਜੀਵਨ ਹੀ ਗਊਆਂ ਚਾਰ-ਦਿਆਂ ਬੀਤਿਆ ਹੈ ਤਾਂ ਹੀ ਓਹਨਾਂ ਨੂੰ ਕ੍ਰਿਸ਼ਨ ਗੋਪਾਲ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪੁਰਾਤਨ ਕਥਾਵਾਂ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਕ੍ਰਿਸ਼ਨ ਮਹਾਰਾਜ ਗਊਆਂ ਨਾਲ ਇਨਾਂ ਪਿਆਰ ਕਰਦੇ ਸਨ, ਕਿ ਉਹ ਕਦੇ ਵੀ ਗਊਨੂੰ ਨਹੀਂ ਸਨ ਝਿੜਕਦੇ ਅਤੇ ਬੰਸਰੀ ਵਜਾ ਕੇ ਗਊਆਂ ਨੂੰ ਮਸਤ ਕਰ ਦੇਂਦੇ ਸਨ। ਅਤੇ ਗਊਆਂ ਉਹਨਾਂ ਨੂੰ ਪਿਆਰ ਕਰਦੀਆਂ ਸਨ । ਕਰਿਸ਼ਨ ਜੀ ਜਿਧਰ ਵੀ ਤੁਰੇ ਜਾਂਦੇ ਗਊਆਂ ਮਗਰ ਮਗਰ ਤੁਰੀਆਂ ਫਿਰਦੀਆਂ ਸਨ ।

ਕ੍ਰਿਸ਼ਨ ਮਹਾਰਾਜ ਦੇ ਅਨਿਨ ਭਗਤ, ਸੂਰਮਾ ਅਰਜਨ ਨੂੰ ਭਾਵੇਂ ਸਾਲ ਭਰ ਬਣਬਾਸ ਰਹਿਣਾ ਪਿਆ ਪਰ ਗਊਆਂ ਦਾ ਦੁਖ ਨਾਂ ਜਰ ਸਕੇ। ਇਕ ਵਾਰ ਭੀਲ ਵਾਗੀ ਮੁੰਡਿਆਂ ਤੋਂ ਗਊਆਂ ਖੋਹ ਕੇ ਲੈਗਏ । ਮੁੰਡਿਆਂ ਨੇ ਅਰਜਨ ਨੂੰ ਦਸਿਆ ਅਰਜਨ ਨੇ ਗਊਆਂ ਦੇ ਛੁਡਾਣ ਵਾਸਤੇ ਆਪਣਾ ਗੰਡੀਵ ਧਨੁਸ਼ ਦਰੋਪਤੀ ਦੇ ਮਹਿਲ ਵਿਚੋਂ ਜਾ ਕੇ ਆਂਦਾ ਅਤੇ ਭੀਲਾ ਨੂੰ ਮਾਰਕੇ ਗਊਆਂ ਛੁਡਾਈਆਂ ਜਿਸਤੋਂ ਪੰਜਾਂ ਭਰਾਵਾਂ ਦੇ ਬਨਾਏ ਅਸੂਲ ਅਨੁਸਾਰ ਅਰਜਨ ਨੂੰ ਇਕ ਸਾਲ ਬਨਬਾਸ ਦੀ ਸਜ਼ਾ ਭੁਗਤਨੀ ਪਈ ਪਰ ਗਊਆਂ ਭੀਲਾਂ ਦੇ ਹਥ ਨਹੀਂ ਜਾਣ ਦਿਤੀਆਂ ਪਰ ਅਜ ਦਾ ਬਹੁ ਪਖ ਹਿੰਦੂ ਗਊ ਨੂੰ ਮਾਤਾ ਦਾ ਦਰਜਾ ਦੇਣ ਤੋਂ ਝਿਜਕਦਾ ਹੈ ਅਤੇ ਇਸ ਦੀ ਖਲ ਮਾਸ ਤੋਂ ਆਪਣੀਆਂ ਅਟਾਰੀਆਂ ਤੇ ਫੈਕਟਰੀਆਂ ਉਸਾਰਨੀਆਂ ਚਾਹੁੰਦਾ ਹੈ ।

ਸਿਖ ਧਰਮ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਵਿਚ ਜੀਵ ਰਖਿਆ ਦਾ ਕਈ ਥਾਂ ਉਪਦੇਸ਼ ਦਿਤਾ ਹੈ । ਤੇ ਫਿਰ ਸਿਧਾ ਲਿਖਿਆ ਹੈ।

ਫਿਰ ਗਊ ਮਾਰਨ ਵਾਲੇ ਨੂੰ ਫਿਟਕਾਰਾਂ ਪਾਈਆਂ ਹਨ । ਅਤੇ ਫਿਰ ਕਾਜ਼ੀ ਨਾਲ ਸੁਆਲ ਜੁਆਬ ਕਰਦਿਆਂ ਛਿਆਨਵੇ ਕਰੋੜ ਪਾਪ ਜਿੰਨੀ ਇਕ ਹਤਿਆ ਦਾ ਪਾਪ ਕਿਹਾ ਹੈ ਅਤੇ ਓਹਨਾਂ ਛੇ ਹਤਿਆ ਵਿਚੋਂ ਗਊ ਹਤਿਆ ਨੂੰ ਮਹਾਂ ਹਤਿਆ ਆਖਿਆ ਹੈ ਮੁਖ ਰੂਪ ਵਿਚ ਗਊ ਹਤਿਆ ਆਖਿਆ ਗਿਆ ਹੈ । ਸ੍ਰੀ ਗੁਰੂ ਹਰਿ ਗੋਬਿੰਦ ਜੀ ਗੁਰੂ ਘਰ ਦੇ ਸਚੇ ਸੇਵਕ ਬਾਬਾ ਬੁਢਾ ਜੀ ਦੇ ਸਸ-ਕਾਰ ਸਮੇ ਅਲਾਹਣੀਆ ਦਾ ਪਾਠ ਵਿਚੇ ਹੀ ਛਡਕੇ ਤੁਰਕਾਂ ਤੋਂ ਗਊ ਕਤਲ ਹੁੰਦੀ ਜਾ ਛੁਡਾਈ। ਸਿਖਾਂ ਦੇ ਪੁਛਣ ਤੇ ਕਿਹਾ ਕਿ ਪਾਠ ਜਾਂ ਸਸਕਾਰ ਦੇ ਪੁੰਨ ਨਾਲੋਂ ਗਊ ਦਾ ਮਾਰਿਆ ਜਾਣਾ ਵਡਾ ਪਾਪ ਹੈ । ਅਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਪਾਠਕ ਉਪਰ ਪੜ ਹੀ ਚੁਕੇ ਹਨ ਕਿ ਦਸਮੇਸ਼ ਜੀ ਗਊ ਦੀ ਰਖਿਆ ਵਾਸਤੇ ਕਿੰਨੀ ਪ੍ਰਬਲ ਇਛਾ ਰਖਦੇ ਸਨ । ਜਿਵੇਂ :

'ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ ।'
ਗਊ ਘਾਤ ਕਾ ਦੋਖ ਜਗ ਸਿਓਂ ਮਿਟਾਊਂ ।

ਅਨੰਦਪੁਰ ਦਾ ਕਿਲਾ ਛਡਣਾ, ਤੇ ਪ੍ਰਵਾਰ ਦੀ ਕੁਰਬਾਨੀ ਤੇ ਮਾਛੂ ਵਾੜੇ ਦੇ ਜੰਗਲਾਂ ਵਿਚ ਨੰਗੀ ਪੈਰੀਂ ਫਿਰਕੇ ਕਸ਼ਟ ਝਲਣ ਦਾ ਕਾਰਨ

Sri Satguru Jagjit Singh Ji Elibrary NamdhariElibrary@gmail.com

ਇਕੋ ਆਟੇ ਦੀ ਗਊ ਨੂੰ ਸਨਮਾਨ ਦੇਣਾ ਸੀ। ਮੇਰਾ ਇਹ ਵਿਸ਼ਾ ਨਹੀਂ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜ ਦਸ਼ਮੇਸ਼ ਪਿਤਾ ਜੀ ਨੂੰ ਮੰਨਣ ਵਾਲੇ ਤੇ ਉਹਨਾਂ ਦੇ ਸਚੇ ਸਿਖ ਕਹਾਉਣ ਵਾਲੇ ਸਿਖਾਂ ਨੇ ੭ ਸਤੰਬਰ ੧੯੬੭ ਦੇ ਗਊ ਰਖਿਆ ਅੰਦੋਲਨ ਨੂੰ ਪਖੰਡ ਦਸਿਆ ਤ ਡਟਕੇ ਅਖਬਾਰਾਂ ਰਾਹੀਂ ਵਿਰੋਧਤਾ ਵੀ ਕੀਤੀ ਤੇ ਕਿਹਾ ਕਿ ਇਹ ਗਊ ਰਖਿਆ ਵਾਸਤੇ ਨਹੀਂ ਇਹ ਰਾਜ ਗਦੀਆਂ ਵਾਸਤੇ ਅੰਦੋਲਨ ਕੀਤੇ ਜਾ ਰਹੇ ਹਨ। ਹਾਲਾਂਕਿ ਸਭ ਨੂੰ ਪਤਾ ਹੈ ਕਿ ਕਿਵੇਂ ਭਾਰਤ ਦੇ ਸਾਧੂ ਸੰਤ ਮਹਾਤਮਾ ਤੇ ਗ੍ਰਿਸਥੀ ਗਊ ਰਖਿਆ ਲਈ ਤਕਲੀਫਾਂ ਝਲਕੇ ਜਤਨ ਕਰ ਰਹੇ ਹਨ।

ਨਾਮਧਾਰੀ ਸਿੰਘ ਜੋ ਗਊਆਂ ਦੀ ਜਾਨ ਬਚਾਣ ਬਦਲੇ ਹਸ ਹਸਕੇ ਤੋਪਾਂ ਅਗੇ ਉਡੇ ਓਨ੍ਹਾਂ ਨੂੰਗੁਰੂਗੋਬਿੰਦਸਿੰਘਜੀਦੇਪੈਰੋਕਾਰਟਹਿਲਸਿੰਘਜਿ ਹੰਗ ਦੀਕਲਮ ਤੋਂ ੩੧ ਜਨਵਰੀ ੧੯੬੮ ਦੇ ਅਖਬਾਰ 'ਜਥੇਦਾਰ' ਵਿਚ ਲਿਖਿਆ ਹੈ ਕਿ "ਸਿਖ ਇਸ ਹਦ ਤਕ ਹੀ ਗਊ ਭਗਤ ਹਨ ਜਿਸ ਹਦ ਤਕ ਉਹਨਾਂ ਨੂੰ ਚੰਗੀ ਨਸਲ ਦੇ ਬਲਦਾਂ ਦੀ ਲੋੜ ਹੈ। ਅਵਾਰਾ ਤੇ ਬਿਮਾਰ ਗਊਆਂ ਦੇ ਇੱਜੜਾਂ ਨਾਲ ਓਹਨਾਂ ਨੂੰ ਕੋਈ ਪਿਆਰ ਨਹੀਂ।" ਸਿੰਘ ਤਾਂ ਅੰਗਰੇਜ਼ਾਂ ਦੇ ਵਿਰੁਧ ਸਨ ਤੇ ਇਸ ਸਮੇ ਸ੍ਰੀਮਾਨ ਬਾਬਾ ਮਦਨ ਸਿੰਘ ਜੀ ਮਾਮਾ, ਤਾਂ ਖੁਲਮ ਖੁਲ੍ਹਾ ਕਹਿ ਦਿਆ ਕਰਦੇ ਸਨ : 'ਭਰਾਵੋ ! ਗਊ ਸਾਡੀ ਮਾਤਾ ਨਹੀਂ।' ਅਜ ਭਾਵੇਂ ਕੋਈ ਕਿਸਤਰਾਂ ਕਹੇ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਮੁਖ ਕਰਤਵ ਗਊ ਗ੍ਰੀਬ ਦੀ ਰਖਿਆ ਕਰਨਾ ਹੀ ਸੀ।

ਗਊ ਤੇ ਨਾਮਧਾਰੀ :

ਨਾਮਧਾਰੀਆਂ ਦੀਆਂ ਗਊਆਂ ਦੀ ਜਾਨ ਬਚਾਣ ਵਾਸਤੇ ਕੀਤੀਆਂ ਕੁਰਬਾਨੀਆਂ ਨੂੰ ਹਿੰਦੁਸਤਾਨ ਤਾਂ ਕੀ ਦੁਨੀਆਂ ਭਰਦੇ ਲੋਕ ਵੀ ਸਿਰ ਝੁਕਾਂਦੇ ਹਨ।

ਅੰਮ੍ਰਿਤਸਰ ਕਚਿਹਰੀ ਵਿਚ ਇਕਬਾਲ ਕਰਕੇ ਬੇਦੋਸ਼ਾਂ ਨੂੰ ਛੁਡਾਕੇ ਹਸ ਹਸ ਫਾਂਸੀ ਦੇ ਰਸੇ ਚੁੰਮਣੇ, ਰਾਇਕੋਟ ਗਊਆਂ ਹਿਤ ਬਲੀਦਾਨ ਦੇਣਾ ਅਤੇ ਮਲੇਰ ਕੋਟਲ ਦੇ ਰਕੜ ਵਿਚ ਆਪਣਿਆਂ ਦੀਆਂ ਤੋਪਾਂ (ਭਾਵ ਨਾਭੇ ਪਟਿਆਲੇ ਦੇ ਰ ਜੇ) ਸਾਹਵੇਂ ਹਸ ਹਸਕੇ ਖਲੋਕੇ ਸ਼ਹੀਦੀਆਂ ਪ੍ਰਾਪਤ ਕਰਨੀਆਂ ਸਭ ਗਊ ਮਾਤਾ ਦੀ ਹੀ ਰਖਿਆ ਸੀ। ਜਿਨ੍ਹਾਂ ਨੂੰ ਤਕਕੇ ਅੰਗਰੇਜ਼ ਨੇ ਕਿਹਾ ਕਿ ਯੂਰਪ ਨੂੰ ਇਕ ਈਸਾ ਦੀ ਕੁਰਬਾਨੀ ਤੇ ਮਾਣ ਹੈ ਪਰ ਮੈਂ ਇਥੇ ਕਈ ਈਸਾ ਕੁਰਬਾਨ ਹੁੰਦੇ ਵੇਖੇ ਹਨ। ਹੋਰਤਾਂ ਹੋਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੀ ਗਊ ਗ੍ਰੀਬ ਦੇ ਗਲ ਤੋਂ ਛੁਰੀ ਹਟਾਣ ਦੀ ਅਵਾਜ਼ ਉਠਾਣ ਤੋਂ ਹੀ ਜਲਾਵਤਨ ਕੀਤੇ ਗਏ।

ਇਸਲਾਮ ਧਰਮ :

ਆਮ ਤੌਰਤੇ ਇਸ ਗਲ ਦਾ ਖਿਆਲ ਕੀਤਾ ਜਾਂਦਾ ਹੈ ਕਿ ਗਊ ਮਾਤਾ ਸਿਰਫ ਹਿੰਦੂਆਂ ਦੀ ਹੀ ਮਾਤਾ ਸਮਾਨ ਹੈ ਅਤੇ ਗਊ ਨੂੰ ਮਾਰਨਾ ਸਿਰਫ ਹਿੰਦੂ ਧਰਮ ਵਾਸਤੇ ਹੀ ਪਾਪ ਜਾਂ ਮਨਾਹੀ ਹੈ ਤੇ ਮੁਸਲਮਾਨਾਂ ਨੂੰ ਗਊ ਮਾਰਨੀ ਜਾਂ ਜੀਵ ਹਤਿਆ ਦਾ ਕੋਈ ਦੋਸ਼ ਡੰਨ ਨਹੀਂ। ਪਰ ਇਹ ਭੁਲੇਖਾ ਇਤਿਹਾਸ ਪੜ੍ਹਨ ਤੋਂ ਤੇ ਕੁਰਾਨ ਨੂੰ ਗਹੁ ਨਾਲ ਵਾਚਣ ਤੋਂ ਭਲੀ ਪਰਕਾਰਨਵਿਰਤ ਹੋਜਾਂਦਾ ਹੈ ਕਿ ਕੀ ਹਿੰਦੂ, ਕੀ ਸਿਖ, ਕੀ ਮੁਸਲਮਾਨ ਸਭ ਲਈ ਗਊ ਮਾਰਨਾ ਜਾਂ ਜੀਵ ਹਤਿਆ ਕਰਨੀ ਇਕ ਸਮਾਨ ਹੈ। ਇਸਲਾਮ ਧਰਮ ਦੇ ਪੈਗੰਬਰ ਥਾਂ ਥਾਂ ਇਸ ਗਲ ਨੂੰ ਪਰਚਾਰਦੇ ਰਹੇ ਹਨ ਕਿ ਜੀਵ ਹਤਿਆ ਕਰਨੀ ਖੁਦਾ ਦੇ ਦੇਣਦਾਰ ਹੋਣਾ ਹੈ ਤੇ ਗਊ ਵਾਸਤੇ ਓਹਨਾਂ ਦੇ ਅੰਦਰ ਕਿਹੜੀ ਥਾਂ ਸੀ। ਥਾਂ ਦੀ ਕਮੀ ਹੋਣਦੇ ਕਾਰਨ ਵਿਸਥਾਰ ਵਿਚ ਨਾ ਜਾਂਦਿਆਂ ਹੋਇਆ ਕੁਝਕੁ ਅੰਸ਼ ਹੇਠ ਦਿਤੇ ਜਾਂਦੇ ਹਨ ;

੧. ਈਸਾ ਮਸੀਹ ਜੀ ਆਪਣੇ ਪੈਰੋਕਾਰਾਂ ਨੂੰ ਹਦੈਤ ਕਰਦਿਆਂ ਫੁਰਮਾਂਦੇ ਹਨ : 'ਤੂੰ ਕਿਸੇ ਨੂੰ

Sri Satguru Jagjit Singh Ji Elibrary NamdhariElibrary@gmail.com

ਬਿਲਕੁਲ ਨਾ ਮਾਰ, ਤੂੰ ਮੇਰੇ ਕੋਲ ਪਵਿਤਰ ਮਨੁਖ ਬਣਕੇ ਰਹੋ। ਜੰਗਲਾਂ ਦੇ ਪੰਛੀਆਂ ਨੂੰ ਮਾਰਕੇ ਓਹਨਾਂ ਦਾ ਮਾਸ ਨਾ ਖਾਹ।—ਈਸਾਂ ਮਸੀਹ

੨. ਪ੍ਰਮੇਸ਼ਰ ਦਾ ਹੁਕਮ ਹੈ ਕਿ ਮੈਂ ਸਾਗ ਪਤਰ ਤੇ ਹੋਰ ਨਾਨਾ ਪਰਕਾਰ ਦੇ ਫਲ ਆਦਿ ਪਦਾਰਥ ਤੇਰੇ ਖਾਣ ਵਾਸਤੇ ਧਰਤੀ ਤੇ ਪੈਦਾ ਕੀਤੇ ਹਨ (ਨਾ ਕਿ ਮਾਸ।)

—ਜੈਨਸਿਸ ਚੈਪਟਰ ੧-੨੯

੩. ਤੇਰੇ ਵਾਸਤੇ ਲਾਜ਼ਮੀ ਹੈ, ਗਊ ਦੁਧ ਅਤੇ ਘਿਉ। ਖਬਰਦਾਰ ਉਸਦੇ ਮਾਸ ਤੋਂ।ਉਸਦਾ ਦੁਧ ਸਿਹਤਮੰਦ ਹੈ ਘਿਉ ਦੁਆ ਹੈ, ਤੇ ਮਾਸ ਬਿਮਾਰੀ ਹੈ।—ਕਿਤਾਬ ਮਸਤਰਕ

੪ ਗਊ ਸੌ ਫੀ ਸਦੀ ਮਾਤਾ ਹੈ। ਉਸਦਾ ਮਨੁਖ ਜਾਤੀ ਨਾਲ ਏਹੋ ਸਬੰਧ ਹੈ।

—ਵਾਲਟਰ,ਏ ਡਾਇਰ

੫. ਇਸਲਾਮ ਸ਼ਬਦ ਅਰਬੀ ਦੇ ਸਲਮ ਧਾਤ ਚੋਂ ਨਿਕਲਿਆ ਹੈ ਅਤੇ ਸਲਮ ਦਾ ਅਰਥ ਹੈ ਕਿਸੇ ਨੂੰ ਦੁਖ ਨਾ ਦੇਣਾ ਕੁਰਾਨ ਕਹਿੰਦਾ ਹੈ ਦਇਆ ਧਰਮ ਦਾ ਮੂਲ ਹੈ ਜਿਸ ਵਿਚ ਦਇਆ ਨਹੀਂ ਉਸ ਵਿਚ ਧਰਮ ਵੀ ਨਹੀਂ।

੬. ਹੋਰ ਕੁਰਾਨ ਵਿਚ ਲਿਖਿਆ ਹੈ ਕਿ ਖੁਦਾ ਉਸ ਉਤੇ ਦਇਆ ਕਰਦਾ ਹੈ, ਜੋ ਓਹਦੇ ਬਨਾਏ ਜਾਨਵਰਾਂ ਤੇ ਦਇਆ ਕਰਦਾ ਹੈ।

੭. ਹਜਰਤ ਮੁਹੰਮਦ ਆਪਣੀ ਪਿਆਰੀ ਇਸਤਰੀ ਆਸ਼ਿਆ ਨੂੰ ਕਹਿੰਦੇ ਹਨ ਗਊ ਦਾ ਦੁਧ ਸਰੀਰ ਦੀਸ਼ੋਭਾ ਵਧਾਂਦਾ ਹੈ ਅਤੇਦੇਹ ਦੀ ਅਰੋਗਤਾ ਵਧਾਨ ਦਾ ਵਡਾ ਸਾਧਨ ਹੈ।

ਉਤਲੇ ਪੈਗੰਬਰਾਂ ਤੇ ਕੁਰਾਨ ਦੇ ਫੁਰਮਾਨਾਂ ਤੋਂ ਪਾਠਕ ਜਾਣੂ ਹੋ ਗਏ ਹੋਣ ਗੇ ਅਤੇ ਹੇਠਾਂ ਮੁਸਲਮ ਧਰਮ ਦੇ ਨੇਤਾਵਾਂ ਦੇ ਦਿਤੇ ਫਤਵਿਆਂ ਦਾ ਨਮੂਨਾ ਪੇਸ਼ ਕਰਦੇ ਹਾਂ।

ਗਾਂ ਦੀ ਕੁਰਬਾਨੀ ਦੇਣੀਇਸਲਾਮ ਧਰਮ ਦਾ ਨਿਯਮ ਨਹੀਂ,

(ਫਤਵਾ ਹਮਾਯੂਨੀ ਭਾਗ ੧)

ਸਫ਼ਾ ੩੬੪

ਗਾਂ ਦੀ ਕੁਰਬਾਨੀ ਜਰੂਰੀ ਅਤੇ ਅਸੂਲ ਨਹੀਂ ਅਗਰ ਕੋਈ ਇਸਨੂੰ ਛਡ ਦੇਂਦਾ ਹੈ ਤਾਂ ਧਰਮ ਦੇ ਵਿਰੁਧ ਕੰਮ ਨਹੀਂ ਕਰਦਾ।

ਦਾਰਉਲ ਮੁਖਿਤਿਆਰ ਭਾਗ ੫ ਸਫਾ ੨੨੮

ਇਹਨਾਂ ਉਪਰ ਦੀਆਂ ਵਿਚਾਰਾਂ ਤੋਂ ਇਹ ਸ਼ਪਸ਼ਟ ਹੁੰਦਾ ਹੈ ਕਿ ਗਊ ਮਾਰਨਾਂ ਮੁਸਲਮਾਨੀ ਇਸਲਾਮ ਧਰਮ ਦਾ ਅਸੂਲ ਨਹੀਂ ਸਗੋਂ ਗੁਨਾਹ ਹੈ।

ਇਸ ਤੋਂ ਇੰਜ ਮਲੂਮ ਹੁੰਦਾ ਹੈ ਕਿ ਗਊ ਮਾਰਨੀ ਕਿਸੇ ਈਰਖਾਲੂ ਮਨੁਖ ਤੇ ਜਬਾਨ ਦੇ ਚਸਕੇ ਵਾਲੇ ਨੇ ਇਸਲਾਮ ਧਰਮ ਵਿਚ ਗਊ ਕਤਲ ਕਰਨੀ ਚਾਲੂ ਕਰ ਦਿਤੀ ਹੈ ਅਤੇ ਬਾਕੀ ਜੋ ਪੰਜਾਬ ਵਿਚ ਬੁਚੜ ਖਾਨੇ ਖੋਹਲੇ ਅਤੇ ਗਊ ਕਸ਼ੀ ਨੂੰ ਪਰਚਾਰਨਾਂ ਇਹ ਇਕ ਅੰਗ੍ਰੇਜ਼ ਦੀ ਹਿੰਦੂ ਮੁਸਲਮਾਨ ਨੂੰ ਪਾੜਕੇ ਆਪਣਾ ਰਾਜ ਕਰਨ ਦੀ ਚਾਲਸੀ। ਨਹੀਂ ਤਾਂ ਪਹਿਲਾਂ ਅਕਬਰ ਬਾਦਸ਼ਾਹ ਦੇ ਰਾਜ ਵਿਚ ਗਊ ਕਤਲ ਕਰਨ ਵਾਲੇ ਨੂੰ ਬੰਦਾ ਕਤਲ ਕਰਨ ਵਾਲੇ ਦੀ ਸਜਾ ਦਿਤੀ ਜਾਂਦੀ ਸੀ।

ਜੇਕਰ ਅਸੀਂ ਧਰਮ ਦੇ ਨਾਲ ਨਾਲ ਭਾਵਨਾਂ ਤੇ ਪੁੰਨ ਪਾਪ ਨੂੰ ਵੇਖੀਏ ਵਿਚਾਰੀਏ ਤਾਂ ਇਤਹਾਸ ਵਿਚੋਂ ਅਨੇਕਾਂ ਕਥਾਵਾਂ ਮਿਲਦੀਆਂ ਹਨ, ਜਿਨਾਂ ਤੋਂ ਗਊ ਸੇਵਾ ਕਰਨ ਵਾਲੇ ਨੂੰ ਸੁਵਰਗ ਦਾ ਸੁਖ ਮਿਲਿਆ। ਪਰ ਇਥੇ ਅਖੀਂ ਵੇਖੀ ਤੇ ਆਪ ਕੰਨੀ ਸੁਣੀ ਗਲ ਦਾ ਜਿਕਰ ਕਰਦੇ ਹਾਂ ਜਿਲਾ ਲੁਧਿਆਣਾ ਦੇ ਪਿੰਡ ਰਾਈਆਂ ਭੈਣੀ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ।

ਓਥੋਂ ਦੇ ਡੇਰੇ ਦੇ (ਮਹੰਤ) ਬਾਬਾ ਮਨਸਾ ਰਾਮ ਨੂੰ ਹਥਾਂ ਤੇ ਕੋਹੜ ਚਲ ਗਿਆ। ਤਾਂ ਬਾਬਾ ਜੀ ਨੇ ਗਊਆਂ ਦੀ ਹਥੀਂ ਸੇਵਾ ਕਰਨੀ ਅਰੰਭ

Sri Satguru Jagjit Singh Ji Elibrary NamdhariElibrary@gmail.com

ਦਿਤੀ ਗਊਆਂ ਚਾਰਦਿਆਂ ਹਮੇਸ਼ਾ ਪਲੇ ਨਾਲ ਮੋੜਦੇ ਅਤੇ ਕਦੇ ਵੀ ਕਿਸੇ ਗਊ ਨੂੰ ਝਿੜਕ ਨਹੀਂ ਸਨ ਦਿੰਦੇ। ਇਸਤਰਾਂ ਕਰਨ ਨਾਲ ਬਾਬਾ ਜੀ ਦੇ ਕੋਹੜ ਵਾਲੇ ਹਥ ਥੋੜੇ ਹੀ ਸਮੇਂ ਵਿਚ ਬਗੈਰ ਦੁਆਈ ਕਰਨ ਦੇ ਠੀਕ ਹੋ ਗਏ।

ਆਰਥਕ

ਅਜ ਦੇ ਸਮੇਂ ਮੁਤਾਬਕ ਧਰਮ ਦੀ ਭਾਵਨਾਂ ਤੋਂ ਛੁਟ ਜੇ ਘੋਖਿਆ ਜਾਵੇ ਤਾਂ ਵੀ ਸਾਨੂੰ ਗਊ ਦੀ ਰਖਿਆ ਕਰਨੀ ਤੇ ਗਊ ਦੀ ਸੰਭਾਲ ਕਰਨੀ ਜਰੂਰੀ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਇਥੋਂ ਦੇ ਵਸਣ ਵਾਲੇ ੮੦ ਫੀ ਸਦੀ ਖੇਤੀ ਕਰਦੇ ਹਨ। ਜਿਸਤੋਂ ਆਪ ਆਪਣੇ ਤੇ ਬਾਕੀ ਦੇਸ਼ ਵਾਸੀਆਂ ਦੇ ਪੇਟ ਭਰਨ ਲਈ ਅਨਾਜ ਪੈਦਾ ਕਰਦੇ ਹਨ ਜਿਸ ਲਈ ੮੦ ਫੀ ਸਦੀ ਕਾਸ਼ਤ ਕਾਰਾਂ ਨੂੰ ਬਲਦਾਂ ਦੀ ਜਰੂਰਤ ਹੈ ਜੋ ਗਊ ਦੀ ਸੇਵਾ ਸੰਭਾਲ ਤੋਂ ਪ੍ਰਾਪਤ ਹੋ ਸਕਦੇ ਹਨ।

ਜੇ ਇਓਂ ਕਹਿ ਲਈਏ ਕਿ ਖੇਤੀ ਦਾ ਕੰਮ ਮਸ਼ੀਨਰੀ ਸੰਦ ਟਰੈਕਟਰ ਆਦਿ ਦੇ ਸਕਦੇ ਹਨ। ਤਾਂ ਵੀ ਇਹ ਸਕੀਮ ਅੰਨ ਦੀ ਉਪਜ ਨਹੀਂ ਵਧਾ ਸਕਦੀ। ਕਿਉਂਕਿ ਹਿੰਦੁਸਤਾਨ ਦੇ ਵਸਣ ਵਾਲੀ ਜਨਤਾ ਕੋਲ ਏਨੀ ਖੁਲੀ ਜਮੀਨ ਨਹੀਂ ਜਿਸ ਵਿਚ ਟਰੈਕਟਰ ਚਲ ਸਕਣ। ਅਤੇ ਦੂਸਰੀ ਜੋ ਵਡੀ ਦਿਕਤ ਹੈ ਕਿ ਗਰੀਬ ਕਿਸਾਨ ਟਰੈਕਟਰ ਵਗੈਰਾ ਖਰੀਦ ਹੀ ਨਹੀਂ ਸਕਦੇ। ਜਿਸ ਸਦਕਾ ਓਹਨਾਂ ਦਾ ਬਲਦਾਂ ਬਗੈਰ ਗੁਜਾਰਾ ਨਹੀਂ ਹੋ ਸਕਦਾ।

ਗਊ ਰਖਿਆ ਦੇ ਮਸਲੇ ਤੇ ਜਦੋਂ ਕੋਈ ਮੰਗ ਉਠਦੀ ਹੈ ਤਾਂ ਕਈ ਲੋਕ ਇਹ ਕਹਿੰਦੇ ਹਨ ਕਿ ਜੇ ਦੇਸ ਵਿਚ ਗਊਆਂ ਵਧਦੀਆਂ ਗਈਆਂ ਤਾਂ ਦੇਸ਼ ਕੰਗਾਲ ਹੋ ਜਾਵੇਗਾ। ਇਹ ਸੋਚਣ ਵਾਲਿਆਂ ਨੂੰ ਜਰਾ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਕਿ ਗਊ ਜਿਨੀ ਖੁਰਾਕ ਖਾਂਦੀ ਹੈ ਉਸ ਕੀਮਤ ਤੋਂ ਕਈ ਗੁਣਾ ਵਧ ਦੁਧ ਖਾਦ ਤੇ ਬਲਦ ਦੇਂਦੀ ਹੈ ਜਿਨਾਂ ਨਾਲ ਸਾਡਾ ਕੰਗਾਲ ਹੋਣ ਤੋਂ ਬਚਾ ਹੋ ਸਕਦਾ ਹੈ। ਨਾਲ ਹੀ ਇਹ ਵੀ ਯਾਦ ਰਹੇ ਕਿ ਦੁਧ ਪੀਣ ਨਾਲ ਸਾਨੂੰ ਓਨੇ ਅੰਨ ਦੀ ਵੀ ਲੋੜ ਨਾ ਪਏਗੀ ਜਿੰਨੀ ਰੁਖਾ ਅੰਨ ਖਾਣ ਨਾਲ ਜੇ ਨਿਰਾ ਆਰਥਕ ਨਜ਼ਰੀਏ ਨਾਲ ਵੇਖਦੇ ਹਾਂ ਤਾਂ ਗਊ ਰਖਿਆ ਵਿਚ ਸਾਨੂੰ ਕੋਈ ਗੁਣਾ ਫੈਦਾ ਹੈ ਜਿਵੇਂ ਅਸੀਂ ਉਪਰ ਦਸ ਆਏ ਹਾਂ ਕਿ ਰੂਲ [illegible] ਖਾਦ ਬਨਾਣ ਵਾਲੇ ਕਾਰਖਾਨਿਆਂ ਦੀ ਖਾਦ ਦੀ ਕੀਮਤ ਨਾਲੋਂ ਜ਼ਿਆਦਾ ਮੁਲ ਦਾ ਹੈ। ਅਤੇ ਜੋ ਲੋਕ ਕਹਿੰਦੇ ਹਨ ਕੇ ਜੇ ਗਊਆਂ ਨਾ ਮਾਰੀਆਂ ਜਾਣ ਤਾਂ ਦੇਸ਼ ਵਿਚ ਗਊਆਂ ਹੀ ਗਊਆਂ ਹੋ ਜਾਣਗੀਆਂ। ਓਹਨਾਂ ਦੀ ਜਾਣ ਕਾਰੀ ਵਾਸਤੇ ਅਸੀਂ ਆਪਣੇ ਦੇਸ਼ ਭਾਰਤ ਨੂੰ ਅਮਰੀਕਾ ਤੇ ਯੂਰਪ ਨਾਲ ਤੁਲਨਾ ਦੇਂਦੇ ਹਾਂ। ਜਿੰਨਾਂ ਦੇਸ਼ਾਂ ਨੂੰ ਅਸੀਂ ਭਾਰਤੀ ਧਰਮ ਤੋਂ ਦੂਰ ਰਹਿਣ ਵਾਲੇ ਗਊ ਦੇ ਵਿਰੋਧੀ ਗਿਣਦੇ ਹਾਂ ਉਹਨਾ ਦੇਸ਼ਾਂ ਵਿਚ ਆਦਮੀ ਪ੍ਰਤੀ ਗਊਆਂ ਕਿੰਨੀਆਂ ਹਨ ਅਤੇ ਭਾਰਤ ਵਿਚ ਇਕ ਆਦਮੀ ਦੇ ਹਿਸੇ ਕਿੰਨੀਆਂ ਗਊਆਂ ਔਂਦੀਆਂ ਹਨ।

ਇਹ ਵੇਰਵਾ ਪੰਜਾਬ ਵੈਟਰਨਰੀ,ਜਰਨਲ ੧੯੨੩ ਵਿਚ ਪ੍ਰਕਾਸ਼ਤ ਹੋਇਆ ਸੀ ਜੋ ਹੇਠਾਂ ਦਿਤਾ ਜਾਂਦਾ ਹੈ।

ਉਤਰੀ ਅਮਰੀਕਾ ਵਿਚ ਇਕ ਆਦਮੀ ਦੇ ਹਿਸਾਬ ਤੇ ੪ ਗਾਈਂ ਹਨ ਅਤੇ ਦਖਣੀ ਅਮਰੀਕਾ ਤੇ ਯੂਰਪ ਵਿਚ ਦੋ ਆਦਮੀਆਂ ਤੇ ਔਸਤਨ ੯ ਗਾਈਂ ਹਨ ਅਤੇ ਇਸਦੇ ਮੁਕਾਬਲੇ ਗਊ ਦੇ ਹਾਮੀ ਭਾਰਤ ਦੇਸ਼ ਵਿਚ ੯ ਆਦਮੀਆਂ ਪ੍ਰਤੀ ਇਕ ਗਾਂ ਹੈ। ਅਤੇ ਜੋ ਭਾਰਤ ਵਿਚ ਪਸ਼ੂਆਂ ਵਾਸਤੇ ਚਾਰੇ ਵਾਲੀ ਜ਼ਮੀਨ ਹੈ। ਉਹ ਪੰਜਾਬ ਪੰਜਾਬ ਵਿਚ ੪ ਪਰਸਿੰਟ ਹੈ ਅਤੇ ਸਮੁਚੇ ਭਾਰਤ ਵਿਚ ਚਾਰੇ ਵਾਲੀ ਜ਼ਮੀਨ ੧[illegible] ਪਰਸਿੰਟ ਹੈ ਇਸ ਤੋਂ ਸਾਫ਼ ਪਤਾ ਲਗ ਜਾਂਦਾ ਹੈਕਿ ਭਾਰਤਵਿਚ ਗਊਆਂ ਕਿੰਨੀਆਂ ਹਨ ਅਤੇ ਇਹਨਾ ਦੇ ਚਾਰੇ

Sri Satguru Jagjit Singh Ji Elibrary NamdhariElibrary@gmail.com

ਵਾਲੀ ਕਿੰਨੀ ਜਮੀਨ ਹੈ ਤੇ ਇਹਨਾਂ ਦੇ ਵਧ ਜਾਣ ਦਾ ਕਿੰਨਾ ਕੁ ਡਰ ਹੈ। ਅਜ ਸਾਡੇ ਦੇਸ਼ ਵਿਚ ਦੁਧ ਦੀ ਘਾਟ ਹੋਣ ਕਾਰਨ ਹੀ ਸਾਨੂੰ ਆਪਣਾ ਧਨ ਬਾਹਰ ਦੇਕੇ ਬਾਹਰੋਂ ਡਬਿਆਂ ਦਾ ਦੁਧ ਮੰਗਾਣਾ ਪੈਂਦਾ ਹੈ ਜਿਸ ਵਿਚ ਗਊ ਦੇ ਦੁਧ ਜਿੰਨੀ ਤਾਕਤ ਤੇ ਗੁਣ ਵੀ ਨਹੀਂ ਹੁੰਦੇ।

ਧਿਆਨ ਨਾਲ ਸੋਚੀਏ ਤਾ ਪਤਾ ਲਗਦਾ ਹੈ ਕਿ ਗਊ ਨਸਲ ਦਾ ਦਿਨੋ ਦਿਨ ਖਤਮ ਹੋਣਾ ਸਾਡੇ ਦੇਸ਼ ਨੂੰ ਕਿੰਨਾ ਕੰਗਾਲ ਬਣਾ ਰਿਹਾ ਹੈ।

ਪਹਿਲਾਂ ਗਊਆਂ ਦੇ ਕਤਲ ਹੋਣ ਨਾਲ ਸਾਨੂੰ ਵਡੀ ਘਾਟ ਦੁਧ ਦੀ ਪੈ ਰਹੀ ਹੈ। ਸਾਡੇ ਭਾਰਤੀ ਬਚੇ ਦੁਧ ਦੀ ਚੁਲੀ ਨੂੰ ਤਰਸ ਰਹੇ ਹਨ। ਬੰਬਈ ਕਲਕਤੇ ਤੇ ਮਦਰਾਸ ਦੇ ਬੁਚੜਖਾਨੇ ਚੰਗੀ ਨਸਲ ਦੀਆਂ ਰੋਜ਼ਾਨਾ ਹਜ਼ਾਰਾਂ ਗਊਆਂ ਨੂੰ ਮਾਰਕੇ ਭਾਰਤ ਦੀ ਅਣਖੀ ਬਲਵਾਨ ਨਸਲ ਨੂੰ ਖਤਮ ਕਰ ਰਹੇ ਹਨ।

ਬੰਬਈ ਆਰ. ਏ. ਕਲੋਨੀ ਵਿਚ ਇਕ ਡੇਹਰੀ ਹੈ। ਜਿਸ ਵਿਚ ਲਵੇਰੀਆਂ ਗਊਆਂ ਦੇ ਵਛੇ ੯੦ ਪਰਸੈਂਟ ਮਾਸ ਤੇ ਖੱਲ ਵਾਸਤੇ ਮਾਰੇ ਜਾਂਦੇ ਹਨ। ਜੇ ਇਸੇਤਰਾਂ ਗਊ–ਵੰਸ਼ ਖਤਮ ਹੁੰਦੀ ਰਹੀ ਤਾਂ ਸਾਡਾ ਖੇਤੀ ਪਰਧਾਨ ਦੇਸ਼ ਖਤਮ ਹੋ ਜਾਵੇਗਾ।

ਸਾਡੀ ਸਰਕਾਰ ਇਹ ਉਜਰ ਕਰਦੀ ਹੈ ਜੇ ਗਊ ਮਾਰਨੀ ਬੰਦ ਕੀਤੀ ਜਾਇ ਤਾਂ ਸਾਨੂੰ ਬਾਹਰਲਾ ਬਦੇਸ਼ਾਂ ਦਾ ਸਿਕਾ ਨਹੀਂ ਮਿਲਦਾ ਜੋ ਗਊ ਦਾ ਮਾਸ ਚੰਮ ਤੇ ਹੱਡੀਆਂ ਦੇ ਕੇ ਪ੍ਰਾਪਤ ਕੀਤਾ ਜਾਂਦਾ ਹੈ। ਪਰ ਸਰਕਾਰ ਨੇ ਇਹ ਕਦੇ ਨਹੀ ਸੋਚਿਆ ਕਿ ਪਹਿਲੇ ਅਸਾਂ ਬੁਚੜ ਖਾਨੇ ਵਾਸਤੇ ਜੋ ਮਸ਼ਨੀਰੀ ਖਰੀਦੀ ਉਹ ਸਾਨੂੰ ਬਦੇਸ਼ੀ ਕਰਜ਼ਾ ਲੈਣਾ ਪਿਆ ਅਤੇ ਫਿਰ ਗਊ ਦੀ ਖਲ ਤੋਂ ਜੋ ਬਦੇਸ਼ੋਂ ਸਿਕਾ ਮਿਲਦਾ ਹੈ ਓਹੋ ਓਸੇ ਚੰਮ ਦੇ ਪਰਸ ਸੂਟ ਕੇਸਾਂ ਤੇ ਹਡੀਆਂ ਦੀਆਂ ਬਣੀਆਂ ਚੀਜ਼ਾਂ ਲੈਣ ਵਿਚ ਚਲਾ ਜਾਂਦਾ ਹੈ ਅਤੇ ਉਲਟਾ ਸਗੋਂ ਹੋਰ ਕਰਜ਼ਾ ਲੈਣਾ ਪੈਂਦਾ ਹੈ।

ਜੋ ਮਸ਼ੀਨਰੀ ਖਾਦ ਤੇ ਹੋਰ ਅਜਿਹੀਆਂ ਚੀਜ਼ਾਂ ਗੁਆਂਡੀ ਦੇਸ਼ਾਂ ਤੋਂ ਲੈਣ ਦੀਲੋੜ ਪੈਂਦ ਹੈ ਇਹ, ਸਭ ਗਊ ਦੇ ਕਤਲ ਹੋਣ ਤੋਂ ਪੈ ਰਹੀ ਹੈ ਜੇ ਸਰਕਾਰ ਗਊ ਹਤਿਆ ਤੇ ਪਾਬੰਦੀ ਲਾ ਦੇਵੇ ਤਾਂ ਨਿਸਚੇ ਸਾਡੀ ਮੁਥਾਜੀ ਮੁਕ ਸਕਦੀ ਹੈ ਤੇ ਸਾਡਾ ਦੇਸ਼ ਖੁਸ਼ਹਾਲੀ ਦਾ ਮੂੰਹ ਵੇਖ ਸਕਦਾ ਹੈ। ਪਰ ਅਜ ਸਾਡੀ ਸਰਕਾਰ ਗਊ ਦੇ ਗਲ ਤੋਂ ਛੁਰੀ ਹਟਾਣ ਲਈ ਸੋਚ ਹੀ ਨਹੀ ਰਹੀ ਬਲਕੇ ਵਿਰੋਧਤਾ ਕਰ ਰਹੀ ਹੈ ਜਿਸ ਸਦਕਾ ਚੰਗੀ ਨਸਲਦੀਆਂ ਗਊਆਂ ਦਿਨ ਬਦਿਨ ਖਤਮ ਹੋ ਰਹੀਆਂ ਹਨ। ਅਤੇ ਭਾਰਤ ਵਿਚੋ ਧਰਮ ਦੀ ਭਾਵਨਾਂ ਉਡ ਰਹੀ ਹੈ।

ਅਜ ਨਵੀਂ ਰੋਸ਼ਨੀ ਦੇ ਵਿਦਿਆਰਥੀ ਇਸ ਹਨੇਰੇ ਵਿਚ ਹਨ ਕਿ ਗਊ ਨਾਲ ਸਾਡਾ ਧਰਮ ਦੇ ਪਖੋਂ ਕੋਈ ਸਬੰਧ ਨਹੀਂ ਅਤੇ ਆਰਥਕ ਪਖ ਤੋਂ ਸਾਨੂੰ ਕਮਜ਼ੋਰ ਕਰ ਰਹੀ ਹੈ ਇਸ ਵਿਚ ਵਿਦਿ-ਆਰਥੀਆਂ ਦਾ ਕੋਈ ਕਸੂਰ ਨਹੀਂ। ਇਹ ਸਭ ਸਰਕਾਰ ਦਾ ਕਸੂਰ ਹੈ। ਅਜ ਸਕੂਲਾਂ ਵਿਚ ਕਦੇ ਕੋਈ ਧਰਮ ਦੀ ਜਾਣਕਾਰੀ ਲਈ ਕੋਈ ਪੀਰਡ ਨਹੀਂ ਲਗਾ। ਕਦੀ ਕਿਸੇ ਨੂੰ ਮਾਸ ਖਾਣ ਦੇ ਔਗੁਣਾਂ ਬਾਰੇ ਨਹੀਂ ਦਸਿਆ ਗਿਆ ਅਜਿਹੀਆਂ ਕਿਤਾਬਾਂ ਪੜ੍ਹਾਈਆਂ ਜਾ ਰਹੀਆਂ ਹਨ ਜਿੰਨਾਂ ਵਿਚ ਮੱਛੀ ਅੰਡੇ ਖਾਣ ਲਈ ਪ੍ਰੇਰਨਾ ਮਿਲਦੀ ਹੈ। ਜਿਸ ਤੋਂ ਬਚਿਆਂ ਦੀ ਬੁਧੀ ਹੀ ਰਾਕਸ਼ ਬੁਧੀ ਹੋਈ ਜਾਂਦੀ ਹੈ। ਓਹਨਾਂ ਦੇ ਅੰਦਰੋਂ ਕੁਕਰਮਾਂ ਵਾਸਤੇ ਖਾਹਿਸ਼ ਉਪਜਦੀ ਹੈ। ਮਾਸ ਅੰਡੇ ਦੀ ਗਰਮੀ ਓਹਨਾਂ ਨੂੰ ਬਦਕਾਰ ਬੇ-ਇਖਲਾਕ ਕਰ ਦਿੰਦੀ ਹੈ। ਸਾਡੇ ਦੇਸ਼ ਵਿਚ ਇਸੇ ਕਾਰਨ ਆਚਰਨ ਹੀਨਤਾ ਧੋਖਾ ਫਰੇਬ ਤੇ ਇਕ ਦੂਜੇ ਨੂੰ ਹਜ਼ਮ ਕਰਨ ਦੀ ਰੁਚੀ ਵਧ ਰਹੀ ਹੈ। ਜੇ ਸਰਕਾਰ ਨੇ ਸਕੂਲਾਂ ਕਾਲਜਾਂ ਵਿਚ ਪੜ੍ਹਾਈ ਦਾ ਪਰਬੰਧ ਨਾ ਕੀਤਾ ਤਾਂ ਧਰਮ ਪੁਜਾਰੀ ਦੇਸ਼ ਚੋਂ ਧਰਮ ਦੀ ਭਾਵਨਾ ਖਤਮ

Sri Satguru Jagjit Singh Ji Elibrary NamdhariElibrary@gmail.com

ਹੋ ਜਾਵੇਗੀ ਜਿਸ ਸਦਕਾ ਸਾਡੀ ਪੁਰਾਤਨ ਭਾਰਤੀ ਸੰਸਕ੍ਰਿਤੀ ਖਤਮ ਹੋ ਜਾਵੇਗੀ। ਸਾਡੇ ਪੀਰਾਂ ਤੇ ਅਵਤਾਰਾਂ ਵੇਦਾਂ ਗ੍ਰੰਥਾਂ ਦੇ ਉਪਦੇਸ਼ਾਂ ਦਾ ਖਿਆਲ ਨਹੀਂ ਆ ਸਕਦਾ।

ਅਜ ਦੇ ਤੇਜ਼ ਰਫਤਾਰ ਤੁਰਦੇ ਜ਼ਮਾਨੇ ਦੇ ਨਾਲ ਤੁਰਨ ਲਈ ਆਪਨੇ ਦੇਸ਼ ਨੂੰ ਉਨਤ ਕਰਨ ਦੀ ਲੋੜ ਹੈ। ਸਾਡੇ ਦੇਸ਼ ਨੂੰ ਬਿਗਾਨੀਆਂ ਬਹੂਹਾਂ ਦੀ ਹਿਰਸ ਛਡਕੇ ਆਪਣੇ ਪੈਰੀ ਖਲੋਣ ਦੀ ਭਾਰੀ ਜਰੂਰਤ ਹੈ। ਪਰ ਇਹ ਸਭ ਕੁਝ ਕਿਵੇਂ ਹੋ ਸਕਦਾ ਹੈ? ਇਸਦਾ ਇਕ ਹੀ ਹਲ ਹੈ ਕਿ ਗਊ ਕਤਲਾਮ ਤੇ ਪਾਬੰਦੀ ਲਾਈ ਜਾਵੇ ਅਤੇ ਇਸਦੀ ਚੰਗੀ ਨਸਲ ਬਣਾਕੇ ਇਸਦੇ ਬਚਿਆਂ ਦੀ ਹਿੰਮਤ ਤੋਂ ਅੰਨ ਦੇ ਭੰਡਾਰ ਭਰੇ ਜਾਣ ਅਤੇ ਜਨਨੀ ਮਾਤਾ ਦੀ ਘਾਟ ਪੂਰੀ ਕਰਨ ਵਾਲੀ ਗਊ ਮਾਤਾ ਦੇ ਦੁਧ ਤੋਂ ਦੇਸ਼ ਦੇ ਕਰੋੜਾਂ ਬਚਿਆਂ ਨੂੰ ਬਲਵਾਨ ਬਣਾਇਆ ਜਾਵੇ ਅਤੇ ਧਰਮ ਦੀ ਭਾਵਨਾਂ ਨੂੰ ਪ੍ਰਬਲ ਕੀਤਾ ਜਾਵੇ।

—ਸੰਪਾਦਕ—

ਗਊ ਦੀ ਸ਼ਾਨ ਦੇ ਰਾਖੇ

[ਸਰਧਾ ਸਿੰਘ ਨਿਮਾਣਾ ਕਰੀਵਾਲਾ.

ਜਿਨਾ ਗਊ ਨਿਮਾਣੀ ਦੀ ਕਰੀ ਸੇਵਾ, ਨਾਮ ਜਗ 'ਚੋ ਉਜਲ ਕਰਾ ਗਏਨੇ।
ਦੇਸ ਛਡ ਪਰਦੇਸ ਦੇ ਦੁਖ ਝਲੇ, ਛੁਰੀ ਗਊ ਦੇ ਗਲੋਂ ਹਟਾ ਗਏ ਨੇ।

ਬੁਚੜ ਮਾਰ ਸਰੋਵਰ ਦਾ ਅਦਬ ਕੀਤਾ, ਗਊਆਂ ਬਦੀਆਂ ਆਪਛਡਾ ਗਏ ਨੇ।
ਜਿੰਦਾ ਰਹਿਣ ਗੇ ਸਦਾ ਜਹਾਨ ਉਤੇ, ਉਚੇ ਸੁਚੇ ਸ਼ਹੀਦ ਸਦਾ ਗਏ ਨੇ।

ਏਸੇ ਤਰਾਂ ਭਗਵਾਨ ਕ੍ਰਿਸ਼ਨ ਜੀ ਵੀ, ਬਿੰਦਰਾ ਬਨ ਚ ਰਾਸ ਰਚਾ ਗਏ ਨੇ।
ਬੜਾ ਗਊਆਂ ਦੇ ਨਾਲ ਪਿਆਰ ਕੀਤਾ, ਦੁਧ ਚੁੰਘ ਕੇ ਬੰਸੀ ਵਜਾ ਗਏ ਨੇ।

ਮੇਰੇ ਸ਼ੈਨ ਸ਼ਾਹ ਦੋ ਜਹਾਨ ਵਾਲੀ, ਗੁਰੂ ਪ੍ਰਤਾਪ ਪ੍ਰਤਾਪ ਵਧਾ ਗਏ ਨੇ।
ਮੇਲੇ ਗਊ ਸਮੇਲਨ ਅਨੇਕ ਕਰਕੇ, ਗਊਆਂ ਪਾਲੋ ਇਹ ਸਬਕ ਸਿਖਾ ਗਏਨੇ।

ਏਨਾ ਪਿਆਰ ਸਤਕਾਰ ਪ੍ਰਤਾਪ ਗੁਰਦਾ, ਸ਼ਾਨ ਗਊ ਦੀ ਉਚੀ ਕਰਾ ਗਏ ਨੇ।
ਕੰਨੀ ਸੁਣੀ ਜਿਥੇ ਗਊ ਕਤਲ ਹੁੰਦੀ, ਮਾਇਆ ਦੇਕੇ ਮਰਨੋ ਬਚਾ ਗਏ ਨੇ।

ਅਜ ਕਲ ਵੀ ਓਨਾ ਦੀ ਸ਼ਾਨ ਵਿਚ, ਓਸੇ ਗਲ ਤੇ ਪੂਰਨੇ ਪਾਈ ਜਾਂਦੇ।
ਪਿਆਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਵਿਚ ਦੇਸ ਪ੍ਰਦੇਸ ਸਮਝਾਈ ਜਾਂਦੇ।

ਕਤਲ ਹੁੰਦੀਆਂ ਗਊਆਂ ਛਡਾਈ ਜਾਂਦੇ ਸੇਵਾ ਦਾਰਾਂ ਤੋਂ ਸੇਵਾ ਕਰਾਈ ਜਾਂਦੇ।
ਘਰ ਘਰ ਪੈਗਾਮ ਪੁਚਾਈ ਜਾਂਦੇ, ਗਊਆਂ ਪਾਲਣ ਦਾ ਹੁਕਮ ਸੁਨਾਈ ਜਾਂਦੇ।

ਗੁਰੂ ਰਾਮ ਸਿੰਘ ਹਰੀ ਪ੍ਰਤਾਪ ਗੁਰ ਦਾ, ਝੰਡਾ ਦੇਸ ਪਰਦੇਸ ਲੈਰਾਈ ਜਾਂਦੇ।
ਪਾਲੋ ਗਊ ਨਿਮਾਨਿਆਂ ਬਚਿਆਂ ਨੂੰ, ਕੋਨੇ ਕੋਨੇ ਸੁਨੇਹਾ ਪੁਚਾਈ ਜਾਂਦੇ।

Sri Satguru Jagjit Singh Ji Elibrary NamdhariElibrary@gmail.com

ਗਊ ਰਖਿਆ — ਕਿਉਂ ਤੇ ਕਿਵੇਂ

ਸ੍ਰੀ ਜਯੰਤੀ ਲਾਲ ਜੀ ਮਾਨਕਰ

ਸ੍ਰੀ ਜਯੰਤੀ ਲਾਲ ਜੀ ਮਾਨਕਰ ਦੇਸ਼ ਦੇ ਓਹਨਾਂ ਭਲੇ ਮਨੁਖਾਂ ਚੋਂ ਇਕ ਹਨ ਜੋ ਕਿਸੇ ਦੀ ਪੀੜ ਨੂੰ ਆਪਣੀ ਮਹਿਸੂਸ ਕਰਦੇ ਹਨ। ਆਪਜੀ ਨੇ ਸੰਸਾਰ ਭਲਾਈਹਿਤ ਬੰਬਈ ਵਿਖੇ ਇਕ ਜੀਵ ਦਇਆ ਮੰਡਲੀ ਸਥਾਪਤ ਕੀਤੀ ਹੈ ਜੋ ਮਜ਼ਲੂਮ ਜਾਨਵਰਾਂ ਗਊਆਂ ਤੇ ਗ੍ਰੀਬ ਲੋਕਾਂ ਦੀ ਸਹਾਇਤਾ ਵਾਸਤੇ ਦਿਨ ਰਾਤ ਲਗਣ ਨਾਲ ਕੰਮ ਕਰ ਰਹੀ ਹੈ ਸ੍ਰੀ ਮਾਨਕਰ ਜੀ ਇਸ ਸੰਸਥਾ ਦੇ ਮੋਢੀ ਹਨ। ਦੇਸ਼ ਵਿਚ ਕਿਸੇ ਕੋਨੇ ਵਿਚ ਮਾਰੂ ਕਾਲ ਜਾਂ ਹੜ ਖੁਸ਼ਹਾਲੀਆਂ ਨੂੰ ਹੜਪ ਕਰ ਲਵੇ ਤਾਂ ਇਹ ਓਥੇ ਫੌਰਨ ਪਹੁੰਚ ਕੇ ਓਹਨਾਂ ਦੁਖੀ ਲੋਕਾਂ ਦੀ ਤਕਲੀਫ ਦੇ ਭਿਆਲ ਬਣ ਕੇ ਓਹਨਾ ਨੂੰ ਸੁਖ ਪਹੁੰਚਾਉਣ ਦੇ ਜਤਨਾਂ ਵਿਚ ਜੁਟ ਜਾਂਦੇ ਹਨ ਤੇ ਯਥਾ ਯੋਗ ਫੰਡ ਇਕੱਠੇ ਕਰਕੇ ਓਹਨਾਂ ਦੀ ਸਹੈਤਾ ਕਰਦੇ ਹਨ। ਗਊ ਰਖਿਆ ਵਾਸਤੇ ਇਹਨਾਂ ਅੰਦਰ ਪ੍ਰਬਲ ਭਾਵਨਾ ਹੈ। ਤੇ ਹਮੇਸ਼ਾ ਗਊ ਬਧ ਬੰਦ ਕਰਨ ਹਿਤ ਸ੍ਰਕਾਰ ਤੇ ਜਨਤਾ ਨੂੰ ਪ੍ਰੇਰਦੇ ਹਨ ਪਾਠਕ ਗਊ ਰਖਿਆ ਦੀ ਜਾਣ ਕਾਰੀ ਵਾਸਤੇ ਮਾਨਕਰ ਜੀ ਦੇ ਇਸ ਲੇਖ ਨੂੰ ਪੜ੍ਹ ਕੇ ਲਾਭ ਪ੍ਰਾਪਤ ਕਰਨ। ਸਾਜਨ.

ਗਾਂ ਦੀ ਰਖਿਆ ਤੇ ਵਿਕਾਸ ਦਾ ਪ੍ਰਸ਼ਨ ਆਰਥਕ ਅਤੇ ਧਾਰਮਿਕ ਦ੍ਰਿਸ਼ਟੀ ਨਜ਼ਰ ਵਿਚ ਮਹਾਨ ਰਾਸ਼ਟਰੀ ਮਹੱਤਵ ਰਖਦਾ ਹੈ। ਏਸੇ ਲਈ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਇਸ ਨੂੰ ਰਾਜਨੀਤਿਕ ਸਵਤੰਤਰਤਾ ਤੋਂ ਵੀ ਅਧਿਕ ਮਹੱਤਵ ਪੂਰਨ ਮੰਨਿਆ ਸੀ। ਵੈਦਿਕ ਕਾਲ ਤੋਂ ਹੁਣ ਤਕ ਗਊ ਭਾਰਤੀ ਸੰਸਕ੍ਰਿਤ ਦੀ ਨਿਸ਼ਾਨੀ ਮੰਨੀ ਗਈ ਹੈ ਅਤੇ ਇਹ ਇਸ ਲਈ ਕਿ ਦੇਸ਼ ਸੰਗਠਨ ਅਤੇ ਆਰਥਿਕ ਢਾਂਚਾ ਉਸਤੇ ਨਿਰਭਰ ਰਿਹਾ ਹੈ। ਭਾਰਤ ਦੀ ਕੇਵਲ ਹਿੰਦੂ ਜੰਤਾ ਨੇ ਹੀ ਨਹੀਂ, ਪਾਰਸੀ, ਜੈਨ ਅਤੇ ਦੂਜੇ ਧਰਮ ਵਾਲਿਆਂ ਨੇ ਵੀ ਗਾਂ ਦਾ ਸਨਮਾਨ ਕੀਤਾ ਹੈ। ਧਾਰਮਿਕ ਸੰਸਕ੍ਰਿਤ, ਆਰਥਿਕ, ਰਾਸ਼ਟਰੀ ਦ੍ਰਿਸ਼ਟੀ ਤੋਂ ਮਹੱਤਵ ਪੂਰਨ ਹੋਣ ਦੇ ਕਾਰਨ ਹੀ ਗਾਂ ਨੂੰ ਕਤਲ ਦੀ ਆਗਿਆ ਨਹੀਂ ਦਿਤੀ ਗਈ। ਮੁਸਲਮ—ਸ਼ਾਸ਼ਕ ਕਾਲ ਵਿਚ ਵੀ ਗਾਂ ਦੀ ਇਜ਼ਤ ਕੀਤੀ ਜਾਂਦੀ ਸੀ।

ਹਿੰਦੂ ਸਿਧਾਤਾਂ ਦੇ ਅਨੁਸਾਰ ਮਨੁਖ ਦੇ ਆਤਮਿਕ ਅਤੇ ਭੌਤਿਕ ਵਿਕਾਸ ਦੇ ਲਈ ਜੀਵਨ

Sri Satguru Jagjit Singh Ji Elibrary NamdhariElibrary@gmail.com

ਦਾ ਕਾਰਜ ਕਰਮ ਧਰਮ, ਅਰਥ, ਕਾਮ ਅਤੇ ਮੋਕਸ਼ ਤੇ ਅਧਾਰਿਤ ਹੈ। ਇਸ ਵਿਚ ਵੀ ਧਰਮ ਨੂੰ ਮੁਖ ਅਤੇ ਅਰਥ, ਕਾਮ ਅਤੇ ਮੋਕਸ਼ ਨੂੰ ਸਾਧਨ ਮੰਨਿਆ ਗਿਆ ਹੈ। ਇਸ ਲਈ ਧਾਰਮਿਕ ਨੂੰ ਚੋਟ ਪੁਚਾਏ ਬਿਨਾਂ ਹੀ ਇਹਨਾ ਕਰਨਾ ਚਾਹੀਦਾ ਹੈ ਅਤੇ ਗਾਂ ਨੂੰ ਨਾ ਕਟਣ ਦੇਣਾ ਰਾਸ਼ਟਰ ਅਤੇ ਰਾਸ਼ਟਰੀ ਸਰਕਾਰ ਕਰਤਵ ਹੈ। ਸ੍ਰੀ ਜੈ ਪ੍ਰਕਾਸ਼ ਨਰੈਣ ਨੇ ਕਲਕਤਾ ਵਿਚ ੧੮ ਜੁਲਾਈ ੧੯੫੬ ਨੂੰ ਦਿਤੇ ਗਏ ਆਪਣੇ ਭਾਸ਼ਣ ਵਿਚ ਠੀਕ ਹੀ ਕਿਹਾ ਸੀ ਕਿ: "ਗਊ ਹਤਿਆ ਬੰਦ ਕਰਨ ਦਾ ਪ੍ਰਸ਼ਨ ਆਮ ਤੌਰ ਤੇ ਧਾਰਮਿਕ ਪੱਖ ਵਲੋਂ ਪ੍ਰਸਤਿਤ ਕੀਤਾ ਜਾਂਦਾ ਹੈ। ਜਿਹੜੇ ਲੋਕ ਇਸਨੂੰ ਇਸ ਨਜ਼ਰ ਨਾਲ ਨਹੀਂ ਵੇਖਦੇ ਉਹ ਇਸ ਸਭਿਤਾ ਯੁਗ ਵਿਚ ਇਸਨੂੰ ਸੰਕੁਚਿਤ ਸਮਯਾਏ ਵਾਦੀ ਦਸਕੇ ਇਸਦੀ ਉਪੇਕਸ਼ਾ ਕਰਦੇ ਹਨ। ਪਰ ਧਾਰਮਿਕ ਭਾਵਨਾਵਾਂ ਦੀ ਉਪੇਕਸ਼ਾ ਕਰਨਾਂ ਕਿਵੇਂ ਵੀ ਚੰਗੀ ਗਲ ਨਹੀਂ। ਉਸਦਾ ਦੂਜੇ ਧਰਮ ਵਾਲਿਆਂ ਦੁਆਰਾ ਹੀ ਨਹੀਂ ਬਲਕਿ ਕਾਨੂੰਨ ਦੁਆਰਾ ਵੀ ਆਦਰ ਕੀਤਾ ਜਾਣਾ ਚਾਹੀਦਾ ਹੈ।"

ਧਰਮ ਨਿਰਪੇਖ ਰਾਜ ਵਿਚ ਸਭ ਧਰਮ ਮੰਨਣ ਵਾਲਿਆਂ ਦੀਆਂ ਭਾਵਨਾਵਾਂ ਦਾ ਆਦਰ ਕੀਤਾ ਜਾਣਾ ਚਾਹੀਦਾ ਹੈ।

ਸਚ ਤਾਂ ਇਹ ਹੈ ਕਿ ਕਿਸੇ ਵੀ ਧਰਮ ਇਥੇ ਤਕ ਕਿ ਇਸਲਾਮ ਵਿਚ ਵੀ ਗਊ-ਹਤਿਆ ਨੂੰ ਧਾਰਮਿਕ ਅਧਿਕਾਰ ਨਹੀਂ ਦਸਿਆ ਗਿਆ। ਭਾਰਤ ਦੇ ਬਹੁਤੇ ਮੁਸਲਮ-ਸ਼ਾਸ਼ਕਾਂ ਨੇ ਆਪਣੇ ਰਾਜ ਵਿਚ ਗਊ-ਹਤਿਆ ਤੇ ਰੋਕ ਲਾ ਰਖੀ ਸੀ। ਮੁਹੰਮਦ ਹਨੀਫ ਕੁਰੇਸੀ ਵਗੈਰਾ ਬਨਾਮ, ਬਿਹਾਰ ਰਾਜ ਦੇ ਮੁਆਮਲੇ ਵਿਚ ਸੁਪਰੀਮ ਕੋਰਟ ਦੇ ਵਿਦਵਾਨ ਜਜਾਂ ਨੇ ਵੀ ਆਪਣੇ ਨਿਰਨੇ ਵਿਚ ਇਸਦੀ ਪੁਸ਼ਟੀ ਕੀਤੀ। ਇਸ ਲਈ ਧਰਮ ਵਾਲੀਆਂ ਭਾਵਨਾਵਾਂ ਨੂੰ ਚੋਟ ਪੁਚਾਏ ਬਿਨਾਂ ਗਊ-ਹਤਿਆ ਬੰਦ ਕੀਤੀ ਜਾ ਸਕਦੀ ਹੈ।

ਕਾਨੂੰਨੀ ਅਤੇ ਵਿਧਾਨਿਕ ਦ੍ਰਿਸ਼ਟੀ ਕੋਣ :

ਆਜ਼ਾਦੀ ਦੇ ਬਾਦ ਜਦੋਂ ਭਾਰਤ ਦਾ ਸੰਵਿਧਾਨ ਬਣਾਇਆ ਜਾ ਰਿਹਾ ਸੀ ਤਾਂ ਗਊ ਹਤਿਆ ਬੰਦ ਕਰਨ ਦੀ ਦੇਸ਼ ਦੀ ਮੰਗ ਨੂੰ ਧਿਆਨ ਵਿਚ ਰਖਕੇ ਖੇਤੀ ਮੰਤਰੀ ਡਾ: ਰਾਜਿੰਦਰ ਪ੍ਰਸ਼ਾਦ ਨੇ ਨਵੰਬਰ ੧੯੪੭ ਵਿਚ ਪਸ਼ੂ ਸੰਰਵਧਨ ਅਤੇ ਵਿਕਾਸ ਦੇ ਪ੍ਰਸ਼ਨ ਤੇ ਵਿਚਾਰ ਕਰਨ ਲਈ ਇਕ ਖਾਸ ਸਮਿਤੀ ਦੀ ਸਥਾਪਨਾ ਕੀਤੀ। ਇਸ ਵਿਚ ਤਿੰਨ ਹੇਠ ਲਿਖੀਆਂ ਸਿਫਾਰਸ਼ਾਂ ਮੰਨਣ :

(ਕ) ੧੪ ਵਰ੍ਹਿਆਂ ਤੋਂ ਅਧਿਕ ਉਮਰ ਵਾਲੇ ਪਸ਼ੂ ਜਿਹੜੇ ਕੰਮ ਕਰਨ ਅਤੇ ਬਚੇ ਦੇਣ ਦੇ ਯੋਗ ਹੋਣ।

(ਖ) ਕਿਸੇ ਵੀ ਉਮਰ ਦੇ ਉਹ ਪਸ਼ੂ ਜਿਹੜੇ ਚੋਟ ਜਾਂ ਅਪਾਹਜ ਹੋਣ ਦੇ ਕਾਰਨ ਕੰਮ ਕਰਨ ਅਤੇ ਬਚੇ ਪੈਦਾ ਨਾ ਕਰ ਸਕਣ।

੩. ਪਸ਼ੂ-ਹਤਿਆ ਨੂੰ ਬੰਦ ਕਰਨ ਦਾ ਕਾਨੂੰਨ ਬਣਾਇਆ ਜਾਵੇ ਅਤੇ ਉਸਨੂੰ ਛੇਤੀ ਤੋਂ ਛੇਤੀ ਕਾਨੂੰਨ ਬਨਣ ਦੇ ਬਾਦ ਦੋ ਸਾਲਾਂ ਅੰਦਰ ੨ ਪ੍ਰਯੋਗ ਵਿਚ ਲਾਣਾ ਚਾਹੀਦਾ ਹੈ। ਇਸ ਸਮੇ ਵਿਚ ਬੇਕਾਰ ਪਸ਼ੂਆਂ ਦੇ ਚਾਰਾ ਖਾਣ ਦੀ

ਸਮਸਿਆ ਦਾ ਹਲ ਕੀਤਾ ਜਾਵੇ।

ਡਾ: ਰਾਜਿੰਦਰ ਪ੍ਰਸ਼ਾਦ ਦੇ ਬਾਦ ਸ੍ਰੀ ਜੈ ਰਾਮ ਦਾਸ ਦੌਲਤ ਰਾਮ ਖੇਤੀ ਬਾੜੀ ਮੰਤਰੀ ਬਨੇ ਉਹਨਾਂ ਨੇ ੨੪ ਮਾਰਚ ੧੯੪੯ ਸੰਸਦ ਵਿਚ ਐਲਾਨ

Sri Satguru Jagjit Singh Ji Elibrary NamdhariElibrary@gmail.com

ਕੀਤਾ ਕਿ ਸਰਕਾਰ ਨੇ ਸੰਮਤੀ ਦੀਆਂ ਪਹਿਲੀਆਂ ਦੋ ਸਿਫਾਰਸ਼ਾਂ ਸਵੀਕਾਰ ਕਰ ਲਈਆ ਹਨ ਤੀਜੀ ਸਿਫਾਰਸ਼ ਦੇ ਪ੍ਰਬੰਧ ਵਿਚ ਭਾਰਤ ਸਰਕਾਰ ਬਹੁਤ ਵਿਸਤਾਰ ਨਾਲ ਵਿਚਾਰ ਕਰਨਾ ਚਾਹੁੰਦੀ ਹੈ। ਪਰੰਤੂ ਸਰਕਾਰ ਦੀਆਂ ਇਹਨਾਂ ਸਿਫਾਰਸ਼ਾਂ ਨੂੰ ਸਵੀਕਾਰ ਕਰ ਲੈਣ ਦਾ ਨਿਸਚਾ ਕਰ ਲਿਆ ਹੈ ਅਤੇ ਓਹਨਾਂ ਨੂੰ ਅਮਲ ਵਿਚ ਲਿਔਣ ਵਾਸਤੇ ਠੀਕ ਕਾਰਵਾਈ ਕਰੇਗੀ। ਪਿਛੋਂ ਸਰਕਾਰ ਨੇ ਸੰਵਿਧਾਨ ਵਿਚ ਧਾਰਾ ੪੮ ਬਣਾ ਕੇ ਤੀਜੀ ਸਿਫਾਰਸ ਵੀ ਸਵੀਕਾਰ ਕਰਲਈ। ਇਸ ਪਰਕਾਰ ਗਊ ਹਤਿਆ ਤੇ ਪੂਰੀ ਪਾਬੰਦੀ ਲਾਈ ਜਾ ਸਕਦੀ ਹੈ ਅਤੇ ਇਸਦੇ ਵਾਸਤੇ ਕਾਨੂੰਨੀ ਦਸ਼ਾ ਉਸਦੇ ਪਖ ਵਿਚ ਹੈ। ਬਾਦ ਵਿਚ ਮੰਤਰੀ ਮੰਡਲ ਨੇ ਧਾਰਾ ੪੮ ਦਾ ਅਰਥ ਕਢਣ ਵਿਚ ਭਰਮ ਪਾ ਦਿਤਾ ਜਿਸ ਕਰਕੇ ਰਾਜ ਸਰਕਾਰਾਂ ਨੇ ਉਸਨੂੰ ਠੀਕ ਰੂਪ ਵਿਚ ਨਹੀਂ ਸਮਝਿਆ। ਤਾਂ ਵੀ ਬਿਹਾਰ, ਮਧ-ਪ੍ਰਦੇਸ਼, ਅਤੇ ਉਤਰ ਪ੍ਰਦੇਸ਼ ਨੇ ਇਸ ਧਾਰਾ ੪੮ ਦੇ ਅਨੁਸਾਰ ਗਊ-ਹਤਿਆ ਬੰਦ ਕਰਨ ਵਾਲੇ ਕਾਨੂੰਨ ਬਣਾ ਦਿਤੇ। ਇਧਰ ਭਾਰਤ ਸਰਕਾਰ ਨੇ ਖੇਤੀ ਬਾੜੀ ਵਿਭਾਗ ਨੇ ਇਕ ਪਤਰ ਸੰ੦ ਐਫ ੦ ੧੩ ੧-੪੯੦-ਐਲ ਦਿਨਾਂਕ ੨੦ ਦਸੰਬਰ ੧੯੫੦ ਨੂੰ ਜਾਰੀ ਕਰਕੇ ਰਾਜ ਸਰਕਾਰਾਂ ਨੂੰ ਸਲਾਹ ਦਿਤੀ ਇਹ ਸੰਵਿਧਾਨ ਦੇ ਧਾਰਾ ੪੮ ਦਾ ਗਲਤ ਅਰਥ ਕਢਕੇ ਗਊ ਹਤਿਆ ਤੇ ਪਾਬੰਦੀ ਲਗਾਣ ਦੀ ਨੀਤੀ ਨੂੰ ਅਗੇ ਨਾ ਵਧਾਉਣ। ਸੰਸਦ ਵਿਚ ਜਦੋਂ ਸਵਰਗਵਾਸੀ ਪੰਡਤ ਠਾਕੁਰ ਦਾਸ ਭਾਰਗਵ ਨੇ ਇਹ ਪ੍ਰਸ਼ਨ ਉਠਾਇਆ ਤਾਂ ਇਹ ਆਖਿਆ ਗਿਆ ਕਿ ਉਸ ਪਤਰ ਨੂੰ ਵਾਪਸ ਲੈ ਲਿਆ ਗਿਆ ਹੈ।

ਅਧੂਰੇ ਕਾਨੂੰਨ

ਸੰਮਤੀ ਦੀਆਂ ਉਪਰਲੀਆਂ ਦੋ ਸਿਫਾਰਸ਼ਾਂ ਦੇ ਅਨੁਸਾਰ ਬੰਬਈ, ਪਛਮੀ ਬੰਗਾਲ, ਮਦਰਾਸ, ਆਂਧਰਾ, ਉੜੀਸਾ, ਅਤੇ ਹੋਰ ਰਾਜਾਂ ਨੇ ਪਸ਼ੂ ਬਧ ਰੋਕਨ ਵਾਲੇ ਕਾਨੂੰਨ ਤਾਂ ਬਣਾਇ ਪਰੰਤੂ ਓਹਨਾਂ ਤੋਂ ਕੋਈ ਲਾਭ ਨਾ ਹੋਇਆ। ਪੰਜਾਬ, ਗੁਜਰਾਤ ਅਤੇ ਉਤਰ ਪ੍ਰਦੇਸ਼ ਦੇ ਪਸ਼ੂ ਪਾਲਨ ਵਾਲੇ ਭਾਗ, ਤੋਂ ਕਲਕਤਾ, ਬੰਬਈ ਅਤੇ ਹੋਰ ਸ਼ਹਿਰਾਂ ਨੂੰ ਗਊਆਂ ਭੇਜੀਆਂ ਜਾਂਦੀਆਂ ਰਹੀਆਂ, ਜਿਥੇ ਓਹਨਾਂ ਦੇ ਬਚਿਆਂ ਦੀ ਲਾਪ੍ਰਵਾਹੀ ਹੋਣ ਕਰਕੇ ਮੌਤ ਹੋ ਜਾਂਦੀ ਹੈ, ਅਤੇ ਦੁਧ ਸੁਕ ਜਾਣ ਪਿਛੋਂ ਗਊਆਂ ਨੂੰ ਬੁਚੜਖਾਨੇ ਭੇਜ ਦਿਤਾ ਜਾਂਦਾ ਹੈ। ਇਸਦਾ ਕਾਰਨ ਇਹ ਸੀ ਕਿ ਇਹ ਕਾਨੂੰਨ ਅਧੂਰੇ ਸਨ। ਦੂਜੇ ਪਾਸੇ ਮਧ ਪ੍ਰਦੇਸ਼, ਬਿਹਾਰ, ਅਤੇ ਉਤਰ ਪ੍ਰਦੇਸ਼ ਦੀਆਂ ਸਰਕਾਰਾਂ ਨੇ ਓਥੇ ਗਊ ਹਤਿਆ ਤੇ ਪੂਰੀ ਪਾਬੰਦੀ ਲਗਾਉਣ ਵਾਲੇ ਪੂਰੇ ਕਾਨੂੰਨ ਬਣਾ ਦਿਤੇ। ਇਹਨਾ ਕਾਨੂੰਨਾ ਦਾ ਸੁਪਰੀਮ ਕੋਟ ਵਿਚ ਕਸਾਈਆਂ ਨੇ ਵਿਰੋਧ ਕੀਤਾ। ਜਦੋਂ ੨੩-ਦਸੰਬਰ ੧੯੬੦ ਨੂੰ ਓਥੇ ਇਹ ਨਿਰਨਾ ਕੀਤਾ ਗਿਆ ਕਿ ਗਊਆਂ ਅਤੇ ਵਛਿਆਂ ਦੀ ਹਤਿਆ ਤੇ ਪੂਰੀ ਪਾਬੰਦੀ ਹੈ ਪਰੰਤੂ ਸਾਨਾਂ ਅਤੇ ਬਲਦਾਂ ਦੀ ਹਤਿਆ ਧਾਰਾ ੪੮ ਦੇ ਅਧੀਨ ਕੇਵਲ ਉਚਿਤ ਹਦ ਤਕ ਹੀ ਰੋਕਿਆ ਜਾ ਸਕਦਾ ਹੈ।

ਧਾਰਾ ੪੮ ਦੇ ਸਬੰਧ ਵਿਚ ਜਦੋਂ ਸਵੀਧਾਨ ਨਿਰਮਾਤਾਵਾਂ ਦੀਆਂ ਇਛਾਵਾਂ ਅਤੇ ਭਾਵਨਾਵਾਂ ਨੂੰ ਸਮਝਨ ਦਾ ਯਤਨ ਕੀਤਾ ਜਾਏ ਤਾਂ ਇਹ ਸਪਸ਼ਟ ਹੈ ਕਿ ਗਊ ਦੇ ਅੰਤਰ ਗਤ ਉਸਦਾ ਪ੍ਰਵਾਰ ਸਮਿਲਤ ਹੈਅਤੇ ਵਛਿਆਂ ਦਾ ਖਾਸ ਕਰਕੇ ਉਲੇਕ ਕਰ ਦਿਤਾ ਗਿਆ ਹੈ। ਕਿਉਂਕਿ ਉਹ ਵਡੇ ਹੋਣਤੋਂ ਪਹਿਲਾਂ ਨਾਂ ਤਾਂ ਬਲਦ ਹੁੰਦੇ ਹਨ, ਤੇ ਨਾ ਸਾਨ ਹੀ। ਅਥਵਾ ਇਸ ਧਾਰਾ ਦਾ ਮਕਸਦ ਗਊ ਅਤੇ ਉਸਦੇ ਪ੍ਰਵਾਰ ਨੂੰ ਪੂਰਨ ਰਖਿਆ ਮਿਲਨੀ ਹੈ। ਹੋਰ ਸ਼ਬਦ ਦਾ ਅਰਥ ਮਝ ਤੋਂ ਹੈ ਬਲਦ ਤੋਂ ਨਹੀਂ। ਇਸ ਕਰਕੇ ਜਦੋਂ ਅਧੂਰੇ ਕਾਨੂੰਨ ਗਊ ਹਤਿਆ ਰੋਕਣ ਵਿਚ ਅਸਫਲ ਰਹੇ ਹਨ, ਤਾਂ ਪੂਰਨ ਪਾਬੰਦੀ ਲਾਗੂ ਕਰਨ ਵਾਲੇ ਕਾਨੂੰਨ ਬਣਾਇ ਜਾਣੇ ਚਾਹੀਦੇ ਹਨ।

Sri Satguru Jagjit Singh Ji Elibrary NamdhariElibrary@gmail.com

ਜਿਥੋਂ ਤਕ ਇਸ ਔਕੜ ਦਾ ਸੁਆਲ ਹੈ ਕਿ ਗਊ ਹਤਿਆ ਰਾਜ ਦਾ ਵਿਸ਼ਾ ਹੈ, ਅਥਵਾ ਕੇਂਦਰ ਨੂੰ, ਉਸ ਨੂੰ ਰੋਕਣ ਵਾਸਤੇ ਕਾਨੂੰਨ ਬਨਾਉਣ ਦਾ ਅਧਿਕਾਰ ਨਹੀਂ, ਇਹ ਵੇਖਣਾ ਹੈ ਕਿ ਜਦੋਂ ਅਨੇਕ ਰਾਜ ਅਜਿਹੇ ਰਾਸ਼ਟਰੀ ਮਹਤਵ ਦੇ ਪ੍ਰਸ਼ਨ ਤੇ ਕਾਨੂੰਨ ਬਨਾਉਣ ਵਿਚ ਅਸਫਲ ਰਹੇ ਹਨ, ਤਾਂ ਕਾਨੂੰਨ ਦੇ ਅਭਾਵ ਵਿਚ ਧਾਰਾ ੪੮ ਦਾ ਮਤਲਬ ਕਿਸ ਪਰਕਾਰ ਪੂਰਾ ਹੋਵੇਗਾ। ਸੰਵੀਧਾਨ ਦੀ ਧਾਰਾ ੨੫੨ ਅਜਿਹੀਆਂ ਹਾਲਤਾਂ ਵਿਚ ਸੰਸਦ ਨੂੰ ਕੇਂਦਰੀ ਕਾਨੂੰਨ ਬਨਾਉਣ ਦਾ ਅਧਿਕਾਰ ਦੇਂਦੀ ਹੈ ਜੋ ਰਾਜਾਂ ਵਿਚ ਲਾਗੂ ਹੋ ਸਕਦਾ ਹੈ। ਜੇ ਰਾਜ ਦੇਸ਼ ਆਤਮਕ ਸਿਧਾਤਾਂ ਨੂੰ ਅਮਲ ਵਿਚ ਲਿਆਉਣ ਦਾ ਕੰਮ ਪੂਰਾ ਨਹੀਂ ਕਰਦੇ ਤਾਂ ਕੇਂਦਰੀ ਸਰਕਾਰ ਦਾ ਫਰਜ ਹੈ ਕਿ ਉਹ ਓਹਨਾ ਤੋਂ ਪੂਰਾ ਕਰਾਵੇ ਅਤੇ ਉਹ ਅਸਫਲ ਰਹੇ ਤਾਂ ਸੰਸਦ ਨੂੰ ਕੇਂਦਰੀ ਕਾਨੂੰਨ ਬਣਾ ਦੇਣਾ ਚਾਹੀਦਾ ਹੈ।

ਪਸ਼ੂਆਂ ਦਾ ਆਰਥਕ ਮਹਤਵ

ਗਊ ਹਤਿਆ ਕਰਨ ਵਾਸਤੇ ਮਾਹਿਰ ਖਾਸ ਕਰਕੇ ਇਹ ਦਲੀਲ ਦੇਂਦੇ ਹਨ, ਕਿ ਭਾਰਤ ਵਿਚ ਹਾਨੀ ਕਾਰਨ ਅਤੇ ਅੰਨ ਉਪਾਦਕ ਪਸ਼ੂ ਬਹੁਤ ਜਿਆਦਾ ਹਨ। ਇਹ ਤਰਕੀ ਪਛਮੀਂ ਵਿਚਾਰ ਧਾਰਾ ਤੇ ਅਧਾਰਤ ਹੈ। ਪਛਮੀ ਦੇਸ਼ਾਂ ਵਿਚ ਪਸ਼ੂਆਂ ਦਾ ਉਪਯੋਗ ਭਾਰਤ ਦੇ ਮੁਕਾਬਲਾ ਭਿੰਨ ਹੈ, ਕਿਉਂ ਕਿ ਓਥੇ ਭੂਗੋਲਕ ਜਲ ਵਾਯੂ ਦੀ ਅਤੇ ਆਰਥਕ ਅਵਸਥਾ ਦੂਜੇ ਢੰਗ ਦੀ ਹੈ। ਜੇਹੜੀ ਪਛਮੀਂ ਦੇਸ਼ ਉਦਯੋਗਕ ਦ੍ਰਿਸ਼ਟੀ ਨਾਲ ਅਗੇ ਵਧੇ ਹੋਏ ਹਨ। ਓਥੇ ਪਸ਼ੂ ਪਾਲਨ ਅਧਾਰ ਦੁਧ ਅਤੇ ਮਾਸ ਦੀ ਵਿਵਸਥਾ ਹੈ। ਭਾਰਤ ਵਰਗੇ ਖੇਤੀ ਵਾੜੀ ਪ੍ਰਧਾਨ ਦੇਸ਼ 'ਚ ਪਸ਼ੂਆਂ ਦਾ ਮਹਤਵ ਦੁਧ, ਸ਼ਕਤੀ, ਖਾਦ ਤੇ ਆਵਾਜਾਈ ਦੀ ਦਿਰਸ਼ਟੀ ਤੋਂ ਹੈ। ਇਸਦੇ ਵਾਸਤੇ ਜੇ ਭਾਰਤ ਵਿਚ ਵੀ ਦੁਧ, ਅਤੇ ਮਾਸ ਦੀ ਦ੍ਰਿਸ਼ਟੀ ਤੋਂ ਹੀ ਗਿਣਿਆਂ ਜਾਇ ਤਾਂ ਬੜਾ ਘਾਤਕ ਹੋਵੇ ਗਾ। ਪਛਮੀਂ ਗਿਆਨ ਦੇ ਜਿਹੜੇ ਮਾਹਿਰ ਭਾਰਤ ਵਿਚ ਅੰਨ-ਉਤਪਾਦਕ ਅਤ ਹਾਨੀ ਕਾਰਨ ਪਸ਼ੂਆਂ ਦੀ ਪ੍ਰਚੁਰਤਾ ਦਸਦੇ ਹਨ ਓਹਨਾਂ ਦੇ ਮਤ ਨਿਰਅਧਾਰ ਹੈ। ਇਸ ਸਬੰਧ ਵਿਚ ਸਰਕਾਰੀ ਅੰਕੜੇ ਵਿਸ਼ਵਾਸ਼ ਯੋਗ ਨਹੀਂ ਹਨ। ਤਾਂ ਵੀ ਓਹਨਾ ਦੇ ਅਧਾਰ ਤੇ ਵਿਚਾਰ ਕਰਨ ਦਾ ਨਤੀਜਾ ਵੇਖੋਂ ੧੯੬੧ ਦੀ ਪਸ਼ੂ ਗਿਣਤੀ ਦੇ ਅਨੁਸਾਰ ਦੇਸ਼ ਵਿਚ ਗਊ ਵੰਸ਼ ਦੀ ਸੰਖਿਆ ਇਸ ਪਰਕਾਰ ਹੈ।

੧੯੬੧ ਦੀ ਗਿਣਤੀ ਦੇ ਅਨੁਸਾਰ ਦੇਸ਼ ਵਿਚ ਗਊਆਂ ਦੀ ਗਿਣਤੀ ਇਸ ਤਰਾਂ ਹੈ—

	ਗਊ ਵੰਸ	ਸੰਖਿਆ ੧੯੬੧	ਸੰਖਿਆ ੧੯੫੬	ਹਰ ਸਾਲ ਘਾਟਾ
੧.	ਪ੍ਰਜਨਨ ਵਾਸਤੇ	੩੭੭,੬੦੭	੪੩੭,੧੮੬	ਨਫੀ ੧੩.੬
੨.	ਪ੍ਰਜਨਨ ਕੰਮ ਵਾਸਤੇ	੧੯,੧੮,੦੭੯		
੩.	ਕੇਵਲ ਕੰਮ ਵਾਲੇ	੬੮,੬੦੭,੬੧੪	੬੨,੪੭੫੨੮੬	ਵਾਧਾ ੯.੮
੪.	ਹੋਰ	੧,੫੨੦,੦੫੫	੧,੯੫੫,੩੦੭	ਨਫੀ ੨੨.੩
	ਜੋਗ	੭੨,੪੭੭,੩੫੫	੬੪,੮੬੭,੭੭੯	ਵਾਧਾ ੧੧.੭
	ਮਾਦਾ ਗਊ ਵੰਸ ਤਿੰਨ ਸਾਲ ਤੋਂ ਉਪਰ ਉਮਰ ਬਚੇ ਪੈਦਾ ਕਰਨ ਵਾਲੀਆਂ			
੧.	ਦੁਧ ਦੇਂਦੀਆਂ	੨੦,੬੨੧,੦੮੦	੨੦੦੯੫੩੩੪	ਵਾਧਾ ੩.੧
੨.	ਫੰਡਰ	੩੦,੨੯੪,੫੩੦	੨੭.੧੫੨,੯੩੫	,, ੧੧.੬
੩.	ਕੰਮ ਵਾਲੀਆਂ	੨,੧੭੭,੧੬੯	੧,੮੩੭,੧੯੬	,, ੧੮.੫

Sri Satguru Jagjit Singh Ji Elibrary NamdhariElibrary@gmail.com

੪. ਹੋਰ	੧,੧੩੦,੬੮੦	੮੦੭੭੪੨	,, ੪੦.੦
ਯੋਗ	੫੪,੩੨੩,੪੫੯	੪੯,੮੯੩,੨੦੭	,, ੮.੮
ਛੋਟੇ ਵਛੇ ਵਛੀਆਂ	੪੮,੮੭੧,੦੨੭	੪੩,੮੦੩,੪੩੮	,, ੧੧.੬
ਕੁਲ ਗਊ ਵੰਸ	੧੭੫,੬੭੧,੮੪੧	੧੫੮,੬੫੦,੬੨੪	,, ੧੦.੭

ਇਹਨਾਂ ਅੰਕੜਿਆਂ ਦੀ ਪਰੀਖਿਆ ਕਰਨ ਤੋਂ ਪਤਾ ਲਗਦਾ ਹੈ ਕਿ ਹੋਰ ਅਗੇ (ੳ) (੪) ਤਥਾ (ਅ) (੩) ਦੇ ਮੁਤਾਬਕ ਜਿਹੜੇ ਪਸ਼ੂਆਂ ਦੀ ਗਿਣਤੀ ਦਿਤੀ ਗਈ ਹੈ ਉਹ ਦੁਧ ਦੇਣ, ਭਾਰ ਢੋਣ ਅਤੇ ਬਚੇ ਪੈਦਾ ਕਰਨ ਵਾਸਤੇ ਉਪਯੋਗੀ ਨਹੀਂ ਇਸ ਪਰਕਾਰ ਇਹਨਾ ਅਨ ਉਪਯੋਗੀ ਪਸ਼ੂਆਂ ਦੀ ਗਿਣਤੀ ੨੬. ੫੦. ੬੩੫ ਹੈ ਜੋਹੜੀ ਕੁਲ ਪਸ਼ੂ ਸੰਖਿਆ ਦੇ ੨ ਫੀਸਦੀ ਤੋਂ ਵੀ ਘਟ ਹੈ ਇਹ ਪਸ਼ੂ ਆਪਣੇ ਜੀਵਨ ਕਾਲ ਵਿਚ ਗੋਹਿ ਦੀ ਖਾਦ ਤੇ ਆਪਣੀ ਮੌਤੇ ਮਰਣ ਪਿਛੋਂ ਚਮੜਾ ਅਤੇ ਹਡੀਆਂ ਦਿੰਦੇ ਹਨ। ਇਹਨਾਂ ਪਸ਼ੂਆਂ ਦੇ ਸਬੰਧ ਵਿਚ ਮਹਿਰਾਂ ਨੇ ਜੋਹੜੇ ਅਨ-ਮਾਨ ਲਾਇ ਹਨ, ਉਹ ਬੜੇ ਜੁਗਤੀ ਪੂਰਨ ਅਤੇ ਠੀਕ ਹਨ, ਤਥਾਤਥਹੀਨਹਨ। ਸਰਕਾਰੀ ਕਰਮ-ਚਾਰੀਆਂ ਵਿਚ ਆਖਿਆ ਜਾਂਦਾਹੈ ਲਗ ਪਗ ੫੦ ਫੀਸਦੀ ਭਾਰਤੀ ਗਊਆਂ ੨ ਪੌਂਡ ਤੋਂ ਵੀ ਘਟ ਦੁਧ ਦੇਣਕਾਰਨਹਾਨੀਕਰਕ ਹਨ ਇਹਗਲ ਬੜੀ ਦੁਖਦਾਈ ਹੈ। ਕੇਵਲ ਦੁਧਦੇ ਅਧਾਰ ਤੇ ਗਊਤੋਂ ਹੋਣ ਵਾਲੇ ਲਾਭ ਹਾਨ ਦਾ ਹਿਸਾਬ ਲਾਉਣਾ ਭਾਰਤ ਖੇਤੀ ਵਾੜੀ ਵਿਵਸਥਾ ਤੇ ਅਗਿਆਨਤਾ ਪਰਗਟ ਕਰਨਾ ਹੈ। ਅਸਲ ਵਿਚ ਗਊ ਅਤੇ ਬਲਦ ਸਾਡੀ ਖੇਤੀ ਵਾੜੀ ਦੀ ਰੀੜ ਦੀ ਹਡੀ ਹਨ। ਸ਼ਾਹੀ ਖੇਤੀ ਵਾੜੀ ਅਯੋਗ ਦੇ ਮਤ ਵਿਚ ਭਾਰਤ ਵਿਚ ਲਗ ਪਗ ੩੫ ਕਰੋੜ ਏਕੜ ਭੂਮੀਂ ਵਿਚ ਖੇਤੀ ਕਰਨ ਵਾਸਤੇ ੮. ੨੦. ਕਰੋੜ ਬਲਦਾਂ ਦੀ ਲੋੜ ਹੈ, ਜਦੋਂ ਕਿ ੧੯੬੧ ਦੀ ਪਸ਼ੂ ਗਿਣਤੀ ਦੇ ਅਨੁਸਾਰ ਦੇਸ਼ ਵਿਚ ਮੁਸ਼ਕਲ ਨਾਲ ੭ ਕਰੋੜ ਬਲਦ ਹੀ ਸਨ। ਇਸ ਪਰਕਾਰ ਦੇਸ਼ ਵਿਚ ੧-ਕਰੋੜ ਤੋਂ ਵਧ ਬਲਦਾਂ ਦੀ ਕਮੀਂ ਹੈ। ਹਰ ਸਾਲ ਉਪਯੋਗੀ ਬਲਦਾਂ ਦੇ ਮਾਰੇ ਜਾਣ ਨਾਲ ਇਹ ਘਾਟ ਲਗਾ ਤਾਰ ਵਧਦੀ ਜਾ ਰਹੀ ਹੈ। ਇਹ ਘਾਟ ਸਾਰੀਆਂ ਗਾਈਆਂ ਤੋਂ ਵੀ ਵਛੇ ਪੈਦਾ ਕਰਕੇ ਨਹੀਂ ਪੂਰੀ ਕੀਤੀ ਜਾ ਸਕਦੀ।

ਮਾਹਿਰਾਂ ਦਾ ਭਰਮ :

ਮਾਹਿਰ ਕਹਿੰਦੇ ਹਨ ਕਿ ਪ੍ਰਤੀ ਦਿਨ ੨੧ ਪੌਂਡ ਤੋਂ ਘਟ ਦੁਧ ਦੇਣ ਵਾਲੀਆਂ ਗਊਆਂ ਲਾਭਦਾਇਕ ਨਹੀਂ ਹੁੰਦੀਆਂ ਅਤੇ ਇਸ ਵਾਸਤੇ ਓਹਨਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਪ੍ਰੰਤੂ ਜੇ ਇਸਤਰਾਂ ਕੀਤਾ ਜਾਇ ਤਾਂ ਸਾਡੇ ਦੇਸ਼ ਦੀਆਂ ੯੦ ਫੀ ਸਦੀ ਗਊਆਂ ਅਤੇ ੪੭ ਲਖ ਟਨ ਵਿਚੋਂ ੭੦ ਲਖ ਟਨ ਹਰ ਸਾਲ ਹੋਣ ਵਾਲਾ ਦੁਧ ਸਮਾਪਤ ਹੋ ਜਾਇਗਾ। ਭਾਰ ਢੋਣ ਵਾਲੀ ਦ੍ਰਿਸ਼ਟੀ ਤੋਂ ਭਾਵੇਂ ਸਾਡੇ ਇਥੇ ਬਲਦਾਂ ਦੀ ਦਸ਼ਾ ਸੰਤੋਸ਼–ਜਨਕ ਨਹੀਂ ਹੈ; ਤਾਂ ਵੀ ਇਹਨਾਂ ਬਲਦਾਂ ਤੋਂ ਲਗਭਗ ੪ ਹਜਾਰ ਕਰੋੜ ਹਾਸ ਪਾਵਰ (ਅਸ਼ਵ ਸਕਤੀ) ਮਿਲਦੀ ਹੈ ਅਤੇ ਕੋਈ ਵਾਧੂ ਪੂੰਜੀ ਵੀ ਨਹੀਂ ਲਾਉਣੀ ਪੈਂਦੀ। ਇਹਨਾਂ ਬਲਦਾ ਦੀ ਥਾਂ ੪੦ ਲਖ ਟਰੈਕਟਰ ਲੈ ਸਕਦੇ ਹਨ ਜਿੰਨਾਂ ਵਾਸਤੇ ਬਹੁਤ ਵਡੀ ਪੂੰਜੀ ਲਾਉਣੀ ਪਵੇਗੀ। ਭਾਰਤ ਦੇ ਕਿਸਾਨ ਦੇ ਪਾਸ ੫ ਤੋਂ ਲਾਕੇ ੧੦ ਏਕੜ ਤਕ ਧਰਤੀ ਹੈ ਜਿਸ ਵਿਚ ਨਾ ਤਾਂ ਟਰੈਕਟਰ ਚਲਾਉਣਾ ਹੀ ਲਾਭਦਾਇਕ ਹੋਵੇਗਾ ਅਤੇ ਨਾ ਹੀ ਉਹ ਟਰੈਕਟਰ ਖਰੀਦ ਹੀ ਸਕੇਗਾ। ਬਲਦਾਂ ਦੀ ਵਰਤੋਂ ਕਰਕੇ ਕਰੋੜਾਂ ਰੁਪਿਆ ਦੀ ਪੂੰਜੀ ਬਚੌਣ ਉਪਰੰਤ ੫੦੦੦) ਅਸ਼ਵਸ਼ਕਤੀ ਉਤਪੰਨ ਕਰਨ ਵਾਸਤੇ ੨ ਸੌ ੪੩ ਕਰੋੜ ਰੁਪੈ ਦੇ ਪਟਰੋਲ ਅਤੇ ਡੀਜ਼ਲ ਤੇਲ ਦੀ ਵੀ ਚਿੰਤਾ ਨਹੀਂ ਕਰਨੀ ਪੈਂਦੀ। ਜੇ ਬਲਦਾਂ ਤੋਂ ਪ੍ਰਾਪਤ ਹੋਣ ਵਾਲੀ ਸ਼ਕਤੀ ਦਾ

Sri Satguru Jagjit Singh Ji Elibrary NamdhariElibrary@gmail.com

ਰੁਇਆਂ ਵਿਚ ਅੰਦਾਜ਼ਾ ਲਗਾਇਆ ਜਾਇ ਤਾਂ ਇਹ ਲਗਭਗ ੧੨ ਸੌ ਕਰੋੜ ਰੁਪੈ ਵਾਰਸ਼ਕ ਬਹਿੰਦੀ ਹੈ।

ਦੇਸ਼ ਵਿਚ ਜਿੰਨੇ ਦੁਧ ਦਾ ਉਤਪਾਦਨ ਹੁੰਦਾ ਹੈ ਇਸਦਾ ਲਗਭਗ ੪੩ ਫੀਸਦੀ ਗਊਆਂ ਤੋਂ ਓਹਨਾ ਦੇ ਦੁਧ ਤਥਾ ਉਤਪਾਦਨਾਂ ਦੇ ਰੂਪ ਵਿਚਪ੍ਰਾਪਤਹੁੰਦਾਹੈ। ਸਰਕਾਰੀ ਰਿਤੇਦਸਿਆਗਿਆ ਹੈ ਦੁਧ ਦੇਣ ਵਾਲਆਂ੨,੦੭,੨੧,੦੦੮ਗਊਆਂ ਤੋਂ ੧੦੧,੧੦ ਲਖ ਟਨ ਦੁਧ ਪ੍ਰਤੀ ਵਰਸ਼ ਪ੍ਰਾਪਤ ਹੁੰਦਾ ਹੈ ਜਦੋਂ ਕਿ ਦੁਧ ਦੇਣ ਵਾਲੀਆਂ ੧,੨੧,-੮੦੦੦੦ ਮਝਾਂ ੧੨੪,੮੦ ਲਖ ਟਨ ਦੁਧ ਪ੍ਰਤੀ ਵਰਸ਼ ਦਿੰਦੀਆਂ ਹਨ ਇਸ ਪਰਕਾਰ ਦੋਨਾਂ ਦੇ ਦੁਧ ਤੋਂ ਰਾਸ਼ਟਰੀ ਆਦਮਨ ੬੫,੪੦ ਲਖ ਰੁਪੈ ਦੀ ਪ੍ਰਾਪਤੀ ਹੁੰਦੀ ਹੈ। ਇਸਤੋਂ ਬਿਨਾਂ ਪਸ਼ੂ ਸਾਨੂੰ ੨੨,੭੨,੨੨,੦੦੦ ਰੁਪੈ ਮੁਲ ਦੀ ਗੋਹੇ ਦੀ ਖਾਦ ਦਿੰਦੇ ਹਨ ਜਿਸਵਿਚ ਅਧਾ ਗੋਹਾ ਬਾਲਣ ਦੇ ਰੂਪ ਵਿਚ ਸਾੜ ਲਿਆ ਜਾਂਦਾ ਹੈ। ਅਨੁਮਾਨ ਹੈ ਕਿ ਲਗਪਗ ੪੦੦੦ ਕਰੋੜ ਪੌਂਡ ਵਿਚੋਂ ੪੦ ਕਰੋੜ ਪੌਂਡ ਨਾਈਟਰੋਜਨ, ੨੦੦ ਕਰੋੜ ਪੌਂਡ ਫਾਸਫੋਰਸ, ੪੦੦ ਕਰੋੜ ਪੌਂਡ ਪੋਟੇਸ਼ੀਅਮ ਹੁੰਦਾ ਹੈ। ਸਿੰਦਰੀ ਦੇ ਪੂਰਵਕ ਕਾਰਖਾਨੇ ਵਿਚ ਸਾਨੂੰ ਸਾਲ ਵਿਚ ਜਿਨੇ ਉਰਵਰਕ ਮਿਲਦੇ ਹਨ ਓਹਨਾਂ ਨਾਲੋਂ ਇਹ ਨੌ-ਗੁਣਾ ਹੁੰਦੇ ਹਨ ਫਿਰ ਇਹਨਾਂ ਨੂੰ ਪ੍ਰਾਪਤ ਕਰਨ ਵਾਸਤੇ ਤਾਂ ਕਰੋੜਾਂ ਰੁਇਆਂ ਦੀ ਪੂੰਜੀ ਲਗਾਉਣੀ ਪੈਂਦੀ ਹੈ ਤੇ ਇਹਨਾ ਆਵਰਤਕ ਵੀ ਕਰਨਾ ਪੈਂਦਾ ਹੈ।

ਆਪਣੀ ਮੌਤ ਕਰਨ ਪਿਛੋਂ ਵੀ ਪਸ਼ੂ ਸਾਨੂੰ ੧੫੮੧ ਲਖ ਰੁਪੈ ਦਾ ਚਮੜਾ ਅਤੇ ੧੩੮ ਲਖ ਰੁਪੈ ਦੀਆਂ ਹਡੀਆ ਹਰ ਸਾਲ ਦਿੰਦੇ ਹਨ ਇਹਨਾਂ ਦੇ ਪਿੰਜਰਾਂ ਤੋਂ ਹੋਰ ਵਸਤੂਆਂ ਤਿਆਰ ਕਰਨ ਦੇ ਤਜਰਬੇ ਹੋ ਰਹੇ ਹਨ। ਇਹ ਸਫਲ ਹੋ ਗਏ ਤਾਂ ਓਹਨਾਂ ਦੇ ਮਰਨ ਪਿਛੋਂ ਹੋਰ ਬਹੁਤ ਆਮਦਨੀ ਹੋਣ ਲਗੇਗੀ। ਭਾਰਤ ਵਰਗੇ ਖੇਤੀ ਬਾੜੀ ਪ੍ਰਧਾਨ ਦੇਸ਼ ਵਿਚ ੭੦ ਫੀ ਸਦੀ ਜੰਤਾ ਦਾ ਖੇਤੀ ਵਾੜੀ ਤੇ ਨਿਰਭਰ ਰਹਿਣਾ ਸੁਭਾਵਕ ਹੈ। ਸਰਕਾਰੀ ਅੰਕੜਿਆਂ ਦੇ ਅਨੁਸਾਰ ਦੇਸ਼ ਦੇ ਲਗਪਗ ੧੯ ਸੌ ੧੯੮੪ ਲਖ ਕਰਮਚਾਰੀਆਂ ਵਿਚੋਂ ੯੯੫ ਲਖ ਖੇਤੀ ਵਾੜੀ ਵਿਚ ਲਗੇ ਹੋਇ ਹਨ। ਇਸਦੇ ਇਲਾਵਾ ੩੧੫ ਲਖ ਖੇਤੀ ਵਾੜੀ ਮਜ਼ਦੂਰੀ ਵਿਚ ਲਗੇ ਹਨ। ਜੇ ਖੇਤੀ ਵਾੜੀ ਵਿਚ ਮਸ਼ੀਨਰੀ ਵਰਤੀ ਗਈ ਤਾਂ ਕਿਸਾਨਾਂ ਤਥਾ ਖੇਤੀ ਵਾੜੀ ਵਿਚ ਭਿਆਨਕ ਬੇਕਾਰੀ ਫੈਲ ਜਾਵੇਗੀ।

ਰਾਸ਼ਟਰੀ ਆਮਦਨੀ ਦਾ ਅਧਿਕ ਅੰਸ਼ ਪਸ਼ੂਆਂ ਤੋਂ

ਪਸ਼ੂਆਂ ਦੀ ਵਰਤਮਾਨ ਅਵਸਥਾ ਵਿਚ ਵੀ ਸਾਨੂੰ ਜੋ ਆਰਥਕ ਲਾਭ ਹੋ ਰਿਹਾ ਹੈ ਉਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਡੀ ਰਾਸ਼ਟਰੀ ਆਮਦਨੀ ਦਾ ਅਧਿਕ ਅੰਸ਼ ਪ੍ਰਾਪਤ ਹੁੰਦਾ ਹੈ। ਇਸ ਕਰਕੇ ਵੀ ਓਹਨਾਂ ਦੀ ਰਖਿਆ ਬਹੁਤ ਜਰੂਰੀ ਹੈ। ਆਰਥਕ ਲਾਭ ਦੇ ਅੰਕੜੇ ਸੰਖੇਪ ਵਿਚ ਇਸਤਰਾਂ ਹਨ :

ਵਸਤੂ	ਮੁਲ ਲਖ ਰੁਪਿਆਂ ਵਿਚ
(੧) ਦੁਧ ਅਤੇ ਦੁਧ ਉਤਪਾਦਨ	੬੬,੪੬੦
(੨) ਗੋਹਾ	੨੨,੭੨੨
(੩) ਚਮੜਾ	੧੫੦੧
(੪) ਹਡੀਆਂ	੧੩੮
(੫) ਪਸ਼ੂ ਸ਼ਕਤੀ	੧,੨੦,੦੦੦
(੬) ਪਸ਼ੂ ਪ੍ਰੀਵਹਿਣ	੧੦,੭੦੦
(੭) ਕੰਮਦੀਆਂਸੰਭਾਵਨਾਵਾਂ੧੩੧ਲਖ ਵਿਅਕਤੀ	

ਉਪਰ ਕੀਤੇ ਗਏ ਵੇਰਵੇ ਤੋਂ ਇਹਸਪਸ਼ਟ ਹੈ ਕਿ ਨਿਮਨ ਸੁਝਾਵਾਂ ਨੂੰ ਜੇ ਈਮਾਨਦਾਰੀ ਨਾਲ ਅਮਲ ਵਿਚ ਲਿਆਂਦਾ ਜਾਵੇ ਤਾਂ ਪਸ਼ੂਆਂ ਅਤੇ ਖੇਤੀ–ਬਾੜੀ ਦੀਆਂ ਸਮਸਿਆਵਾਂ ਸੰਤੋਸ਼ ਜਨਕ ਰੂਪ ਨਾਲ ਹਲ ਹੋ ਜਾਣਗੀਆਂ :

(੧) ਕੇਂਦਰੀ ਕਾਨੂੰਨ ਦੁਆਰਾ ਗਊਆਂ, ਬਲਦ, ਸਾਹਨ ਅਤੇ ਵਛਿਆਂ ਤੇ ਆਖਰੀ ਪਾਬੰਦੀ

Sri Satguru Jagjit Singh Ji Elibrary NamdhariElibrary@gmail.com

ਲਗਾ ਦਿਤੀ ਜਾਇ ਅਤੇ ਹਰ ਇਕ ਰਾਜ ਵਿਚ ਇਸਨੂੰ ਪਕੇ ਰੂਪ ਨਾਲ ਲਾਗੂ ਕੀਤਾ ਜਾਇ।

(੨) ਸ਼ਹਿਰੀ ਤਥਾ ਪੇਂਡੂ ਭਾਗਾਂ ਵਿਚ ਗ੍ਰਾਮ ਪੰਚਾਇਤਾਂ ਦੁਆਰਾ ਪਸ਼ੂਆਂ ਨੂੰ ਲਾਈਸੈਂਸ ਦੇਣ ਦੀ ਪਰਨਾਲੀਚਾਲੂਕੀਤੀ ਜਾਇ ਤੇ ਹਰ ਇਕ ਪਸ਼ੂ ਹਰ ਵਰਸ਼ ਨਾਮ ਮਾਤਰ ਦਾ ਸ਼ੁਲਕ ਲਿਆ ਜਾਇ।

(੩) ਲਾਭ ਅਤੇ ਧਰਮਾ ਵਾਸਤੇ ਇਕ ਕਾਨੂੰਨੀ ਸੰਸਥਾਨ ਬਣਾਇਆ ਜਾਇ ਅਤੇ ਹਾਨੀਕਾਰਕ ਪਸ਼ੂਆਂ ਨੂੰ ਸੁਧਾਰਿਆ ਜਾਇ ਤਥਾ ਅਨਉਤਪਾਦਕ ਪਸ਼ੂਆਂ ਦਾ ਪਾਲਨ ਕੀਤਾ ਜਾਇ।

(੪)ਪਿੰਡਾਂ ਵਿਚ ਅੰਨ ਉਤਪਾਦਕ ਪਸ਼ੂਅ ਰਖਨ ਦੇ ਕੇਂਦਰ ਖੋਲੇ ਜਾਣ ਅਤੇ ਜਿਲੇ ਵਿਚ ਗਊ ਸਦਨ ਸਥਾਪਤ ਕੀਤੇ ਜਾਣ ਜਿਥੇ ਚੰਮ ਗੋਹੇ ਦੀ ਗੈਸ ਬਨਾਉਣ ਅਤੇ ਮੁਰਦਾ ਪਸ਼ੂਆਂ ਚੋਂ ਲਾਭਦਾਇਕ ਵਸਤੂਆਂ ਬਨਾਉਣ ਦੇ ਕਾਰਖਾਨੇ ਹੋਣ।

ਕਿਸਾਨਾਂ ਅਤੇ ਪਸ਼ੂ-ਪਾਲਕਾਂ ਵਿਚ ਸਾਧੂਆਂ ਤਥਾ ਹੋਰ ਗੈਰ ਸਰਕਾਰੀ ਸੰਗਠਨਾ ਦੁਆਰਾ ਪਰਚਾਰ ਕਰਨ ਦੀ ਯੋਜਨਾ ਬਣਾਈ ਜਾਏ।

ਵੰਨਗੀਆਂ

ਭੁਖੇ ਵਿਲਕਦਿਆਂ ਦੀਆਂ ਚੀਕਾਂ ਸੁਣ ਸੁਣ ਦਿਲ ਘਬਰਾਵੇ।
ਇਕ ਰੋਟੀ ਦੇ ਟੁਕੜੇ ਨੂੰ ਕੋਈ ਸਹਿਕ ਸਹਿਕ ਮਰ ਜਾਵੇ।
ਕਾਲ ਕਟੇ ਖੁਸ਼ਹਾਲੀ ਵਰਤੇ ਸੋਚ ਸੋਚ ਹਲ ਲਭਾ:
ਗਊ ਬਚ ਜਾਏ ਤਾਂ ਇਸ ਭਾਰਤ ਦਾ ਧਨ ਧਰਮ ਬਚ ਜਾਵੇ।
—ਸੁਰਜੀਤ ਸਿੰਘ 'ਰਾਗੀ'

ਦੁਧ ਗਊ ਦਾ ਪੀ ਕੇ ਬਣ ਜਾਂ ਮੈਂ ਅਣਖੀ ਪਰਵਾਨਾ।
ਦੇਸ਼ ਮੇਰੇ ਵਲ ਤਕ ਨਾ ਸਕੇ ਕੋਈ ਜ਼ਾਲਮ ਜਰਵਾਣਾ।
ਜਣਨੀ ਮਾਂ ਗਊ ਦੇਸ਼ ਦੀ ਧਰਤੀ ਮੇਰੇ ਲਈ ਤਿੰਨੇ ਸਮ:
ਜੀ ਜਾਣਾਂ ਮੈਂ ਇਹਨਾਂ ਬਦਲੇ ਮਰ ਇਹਨਾਂ ਲਈ ਜਾਣਾਂ।
—ਜਸਵੰਤ ਸਿੰਘ 'ਜੋਸ਼'

ਮੈਂ ਚਾਹੁੰਦਾ ਹਾਂ ਹਰ ਘਰ ਦੇ ਵਿਚ ਗਊ ਲਵੇਰੀ ਹੋਵੇ।
ਮੈਂ ਚਾਹੁੰਦਾ ਹਾਂ ਹਰ ਮਨੁਖ ਦੀ ਸਿਹਤ ਚੰਗੇਰੀ ਹੋਵੇ।
ਮੈਂ ਚਾਹੁੰਦਾ ਹਰ ਪਾਸੇ ਛਣਕਣ ਬਲਦਾਂ ਗਲ ਘੁੰਗਰਾਲਾਂ:—
ਮੈਂ ਚਾਹੁੰਦਾ ਹਾਂ ਦੇਸ਼ ਮੇਰੇ ਵਿਚ ਉਪਜ ਵਧੇਰੀ ਹੋਵੇ।
—ਕਾਕਾ ਗੁਰਦਿਆਲ ਸਿੰਘ

Sri Satguru Jagjit Singh Ji Elibrary NamdhariElibrary@gmail.com

ਵਾਇਸ ਰਾਇ ਦਾ ਬਿਆਨ

ਸਰਦਾਰ ਦਾਤਾਰ ਸਿੰਘ ਜੀ

ਬਹੁਤ ਸਾਲਾਂ ਦੀ ਗਲ ਹੈ ਕਿ ਜਦੋਂ ਸਰਜੇਮਜ਼ ਗ੍ਰਿਰਕ ਫਾਈਨੈਂਸ ਅਤੇ ਸਰ ਜਗਿੰਦਰ ਸਿੰਘ, ।ਐਗਰੀ, ਕਲਚਰ, ਵਾਇਸਰਾਇ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਸਨ, ਉਸ ਸਮੇਂ ਸਰ ਜੇਮਜ਼ ਗਿਰਕ ਦੇ ਜੋਰ ਦੇਣ ਤੇ ਸਰ ਜੁਗਿੰਦਰ ਸਿੰਘ ਨੇ ਐਗਜ਼ੈਕਟਿਵ ਕੌਸਲ ਵਿਚ ਮੈਬਰਸ਼ਿਪ ਦੇ ਬਰਖਿਲਫ ਇਹ ਮਾਮਲਾ ਪੇਸ਼ ਕੀਤਾ ਕਿ ਹਿੰਦੁਸਤਾਨ ਵਿਚ ਨਿਕਾਂਰਾਪਸ਼ੂਆ ਦੀ ਗਿਣਤੀ ਬਹੁਤ ਜ਼ਿਆਦਾ ਹੈ।ਇਸਲਈ ਗਊ ਹਤਿਆ ਦੀ ਅਮ ਇਜਾਜਤ ਦੇ ਦੇਣੀ ਚਾਹੀਦੀ ਹੈ। ਜਦੋਂ ਇਹ ਮਾਮਲਾ ਐਗਜੈਕਟਿਵ ਕੌਸਲ ਵਿਚ ਪੇਸ਼ ਹੋਇਆ ਤਾਂ ਵਾਇਸਰਾਇ ਨੇ ਆਖਿਆ ਕਿ ਜੇ ਮਤਾ ਮਨਜ਼ੂਰ ਕਰ ਲਿਆ ਤਾਂ ਸਾਡੇ ਵਾਸਤੇ ਹਿੰਦੁਸਤਾਨ ਵਿਚ ਰਹਿਨਾ ਮੁਸ਼ਕਲ ਹੋ ਜਾਇਗਾ। ਇਸ ਵਾਸਤੇ ਇਹ ਸੁਆਲ ਨਾ ਮਨਜ਼ੂਰ ਕੀਤਾ ਜਾਵੇ।

Sri Satguru Jagjit Singh Ji Elibrary NamdhariElibrary@gmail.com

ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ

ਸ੍ਰੀ ਮੇਹਰ ਸਿੰਘ ਜੀ ਕਾਹਨ ਪੁਰ

ਗਊ ਤੇ ਬ੍ਰਹਮਣ ਇਹ ਦੋ ਨਾਮ ਭਾਰਤੀ ਸੰਸਕ੍ਰਿਤੀ ਵਿਚ ਵਿਸ਼ੇਸ਼ ਮਹਤਵ ਵਾਲੇ ਨੇ। ਅਪਣੀ ਸਾਧਾਰਨ ਗਲ ਬਾਤ ਵਿਚ ਭੀ ਅਸੀਂ ਕਈ ਵਾਰ ਗਊ ਤੇ ਬ੍ਰਹ-ਮਣ ਦਾ ਨਾਮ ਇਕਠਾ ਹੀ ਲੈਂਦੇ ਹਾਂ ਅਤੇ ਗੁਰਬਾਣੀ ਵਿਚ ਕਈ ਜਗ੍ਹਾ ਤੇ ਇਹ ਦੋਵੇਂ ਇਕਠੇ ਹੀ ਆਏ ਨੇ:—

ਗਊ ਬ੍ਰਿਾਹਮਨ ਕਉ ਕਰੁਲਵਹ ਗੋਬਰਿ ਤਰਣੁ ਨ ਜਾਈ। ਬ੍ਰਾਹਮ ਕੈਲੀ ਘਾਤੁ ਕੰਞਕਾ ਅਨਚਾਰੀ ਕਾ ਧਾਨੁ। ਬ੍ਰਾਹਮਣ ਤੇ ਕੈਲੀ (ਗਊ) ਇਹਨਾ ਦੋਹਾਂ ਦਾ ਨਾਮ ਇਕਠਾ ਇਸੇ ਵਾਸਤੇ ਹੀ ਹੈ, ਕਿ ਇਹਨਾਂ ਦੋਹਾਂ ਤੋਂ ਬਿਨਾ ਮਨੁਸ਼ ਜਨਮ ਦਾ ਲੱਕਸ਼ ਸਿਧ ਨਹੀਂ ਹੋ ਸਕਦਾ। ਪਰਮਾਰਥ ਦੇ ਸੁਧਾਰ ਲਈ ਅਤੇ ਅਧਿਆਤਮਕ ਉਨਤੀ ਲਈ ਗਿਆਨ ਦੇ ਇਕ ਮਾਤਰ ਸਾਧਨ ਬ੍ਰਾਹਮਣ, ਦੀ ਸ਼ਰਨ ਜਾਣਾ ਪੈਂਦਾ ਹੈ।, ਬ੍ਰਾਹਮਣ ਦਾ ਮਤਲਬ ਹੈ, ਸੰਤ ਜਾਂ ਗੁਰੂ

ਬਰਾਹਮੁ ਬਿੰਦੈ ਸੋ ਬਾਰਹਮਣ ਹੋਇ। ਕਹੁ ਕਬੀਰ ਜੋ ਬਰਹਮੁ ਬਿਚਾਰੈ॥ ਸੋ ਬ੍ਰਾਹਮਣ ਕਹੀਅਤ ਹੈ ਹਮਾਰੈ॥ ਸਤਿਗੁਰ ਪਾਧੇ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋਈ ਇਸੇ ਤਰਾਂ ਗਊ ਤੋਂ ਬਗੈਰ ਭੌਤਕ ਲਾਭ ਨਹੀਂ ਹੋ ਸਕਦਾ। ਗੁਰੂ ਦਵਾਰਾ ਆਤਮ ਤ੍ਰਿਸ਼ਨਾ ਸ਼ਾਂਤ ਹੋਂਦੀ ਏ ਤੇ ਗਊ ਦ੍ਵਾਰੀ ਸਰੀਰਕ ਤ੍ਰਿਸ਼ਨਾ ਨੂੰ ਸ਼ਾਂਤੀ ਦੇਂਦਾ ਹੈ।

ਭਾਰਤ ਦੀ ਪ੍ਰਾਚੀਨ ਸਭਅਤਾ ਵਿਚ ਗਊ ਦਾ ਅਸਥਾਨ ਬਹੁਤ ਉਚਾ ਹੈ। ਵੇਦਾਂ ਵਿਚ ਇਸ ਨੂੰ 'ਅਧਨਿਯਾ, ਦਸਿਆ ਹੈ, ਅਥਰਵ ਵੇਦ ਵਿਚ ਪੂਰਾ 'ਗਊ ਸੂਕਤ, ਹੈ। ਉਪਨਿਸ਼ਦਾਂ ਵਿਚ ਗਊ ਮਹਿਮਾਂ ਹੈ, ਮਹਾਂ-ਭਾਰਤ ਵਿਚ ਅਧਿਆਏ ਦੇ ਅਧਿਆਏ ਗਊ ਮਹਿਮਾਂ ਬਾਰੇ ਨੇ। ਰਮਾਇਣ, ਪੁਰਾਨ ਸਿਮ੍ਰਿਤੀਆਂ ਆਦਿ ਵਿਚ ਗਊ ਦਾ ਮਹਾ-ਤਮ ਭਰਪੂਰ ਹੈ, ਗਊ ਨੂੰ 'ਸੁਰਭੀ, ਕਾਮ-ਧੇਨ 'ਅਰਚਯਾ' ਯਾ ਪੂਜਯਾ ਅਤੇ ਸਰਵ-ਦੇਵ ਪੂਜਾ ਆਦਿਕ ਨਾਵਾਂ ਨਾਲ ਸਤਿਕਾ-ਰਿਆ ਗਿਆ ਹੈ।

ਮਹਾਂ ਭਾਰਤ ਦੇ ਅਨੁਸ਼ਾਸਨ ੮੩ ਦੇ ਸਲੋਕ ੧੮-੧੯ ਵਿਚ ਲਿਖਿਆ ਹੈ, ਕਿ ਗਊਆਂ ਦੁਧ ਤੇ ਘਿਓ ਨਾਲ ਪਰਜਾ ਦਾ ਪਾਲਨ ਕਰਦੀਆਂ ਨੇ ਤੇ ਇਹਨਾਂ ਦੀ ਸੰਤਾਨ 'ਬੈਲ' ਭੀ ਖੇਤੀ ਵਿਚ ਸਹਾਇਤਾ ਕਰਦੇ ਨੇ ਓਹ ਹੀ ਕਈ ਪਰਕਾਰ ਦੇ ਧਾਨ ਅਤੇ ਬੀਜ ਉਤਪੰਨ ਕਰਦੇ ਨੇ ਜਿਨਾਂ ਨਾਲ ਯੱਗ ਹੋਂਦੇ ਨੇ ਤੇ ਦੇਵਤਿਆਂ ਔਰ ਪਿਤਰਾਂ ਦੀ ਤ੍ਰਿਪਤੀ ਹੋਂਦੀ ਏ। ਭਾਵ ਇਹ ਕਿ ਗਊ ਧਨਅਰਥ ਤੇ ਧਰਮ ਦੋਨਾਂ ਦਾ ਹੀ ਪਰਬਲ

Sri Satguru Jagjit Singh Ji Elibrary NamdhariElibrary@gmail.com

ਪੋਸ਼ਕ ਹੈ।ਅਰਥ ਨਾਲ ਮੋਕਸ਼ ਮਿਲਦਾ ਹੈ ਇਸਤਰਾਂ ਗਊ ਤੋਂ ਧਰਮ ਅਰਥ ਕਾਮ ਤੇ ਮੋਖਸ਼ਚਾਰੇ ਪਦਾਰਥਾਂਦੀ ਪ੍ਰਾਪਤੀ ਹੁੰਦੀ ਦਸੀ ਗਈ ਹੈ।

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ:

ਗਾਂਈ ਰੰਗ ਬਰੰਗ ਬਹੁ ਦੁਧ ਉਜਲ ਵਰਨਾ । ਦੁਧੋਂ ਦਹੀਂ ਜਮਾਈਏ ਕਰ ਨਿਹਚਲ ਧਰਨਾ । ਦਹੀਂ ਵਿਲੋਇ ਅਲੋਇ ਕੈਛਾਹ ਮਖਨ ਕਰਨਾ । ਮਖਨ ਤਾਏ ਔਟਾਇਕੇ ਘਿਓ ਨਿਰਮਲ ਕਰਨਾ । ਘਿਓ ਤੇ ਹੋਵਨ ਹੋਮ ਜੱਗ ਸਭ ਕਾਰਜ ਸਰਨਾ।

ਸਾਰੇ ਹੀ ਕਾਰਜਸਵਾਰ ਦੇਨ ਵਾਲੀ ਗਊ ਦੀ ਮਹਾਨਤਾ ਨੂੰ ਭਾਰਤ ਤੇ ਬਾਹਰ ਦੂਜੇ ਦੇਸ਼ਾਂ ਦੇ ਸਿਆਣਿਆ ਨੇ ਭੀ ਅਨੁਭਵ ਕੀਤਾ ਹੈ। ਉਹਨਾਂ ਦਾ ਦ੍ਰਿਸ਼ਟੀ ਕੋਨ ਧਾਰ-ਮਿਕ ਨਹੀਂ ਪਰ ਭੌਤਕ ਦ੍ਰਿਸ਼ਟੀ ਕੋਨ ਨਾਲ ਭੀ ਉਹਨਾ ਗਊ ਨੂੰ ਵਡਿਆਈ ਦਿਤੀ ਹੈ।

ਅਮਰੀਕਾ ਦੇ ਇਕ ਗਵਰਨਰ ਮੇਲ-ਕਮ-ਆਰ-ਵੈਟਰਸਨ ਦੇ ਅਨੁਸਾਰ 'ਗਊ ਬਿਨਾ ਤਾਜ ਦੇ ਮਹਾਰਾਨੀ ਏ। ਉਸ ਦਾ ਰਾਜ ਸਾਰੀ ਪ੍ਰਿਥਵੀ ਤੇ ਹੈ। ਸੇਵਾ ਉਸ ਦਾ ਵਿਰਦ ਹੈ ਤੇ ਉਹ ਜੋ ਕੁਝ ਲੈਂਦੀ ਹੈ, ਸੌ ਗੁਣਾ ਕਰਕੇ ਦੇਂਦੀ ਹੈ।

ਅਮਰੀਕਾ-ਇੰਗਲੈਂਡ ਆਦਿ ਉਹ ਦੇਸ਼ ਜਿਨਾਂ ਨੂੰ ਅਸੀਂ ਉਨਤ ਦੇਸ਼ ਮਨਦੇ ਹਾਂ ਉਹਨਾਂ ਦੇਸ਼ਾ ਦੇ ਲੋਗਾਂ ਦੇ ਦਿਲਾਂ ਵਿਚ ਗਊ ਦੇ ਦੁਧ ਦੀ ਕੀਮਤ ਬਹੁਤ ਜਿਆਦਾ ਹੈ। ਕਲਕਤੇ ਵਿਚ ਕਿਸੇ ਵਿਹਾਰ ਦੇ ਸਿਲਸਿਲੇ ਵਿਚ ਇਕ ਫਰਮ ਦੇ ਅੰਗ੍ਰੇਜ਼ ਮੈਨੇਜਰ ਨਾਲ ਮੇਰਾ ਮੇਲ ਜੋਲ ਸੀ। ਇਕ ਦਿਨ ਉਸ ਨੇ ਮੈਨੂੰ ਪੁਛਿਆ ਕਿ 'ਤੁਸੀਂ' ਦੁਧ ਦਾ ਕੀ ਪਰਬੰਧ ਕੀਤਾ ਹੋਇਆ ਹੈ ? ਮੈਂ ਕਿਹਾ ਕਿ ਨੌਕਰ ਨੂੰ ਭੇਜ ਕਿ ਸਾਹਮਨੇ ਚੁਆ ਕੇ ਮਝ ਦਾ ਦਧ ਲੈਂਦੇ ਹਾਂ। ਇਕ ਰੁਪੈ ਸੇਰ ਮਿਲਦਾ ਹੈ। ਤਾਂ ਉਸ ਅੰਗਰੇਜ ਨੇ ਦਸਿਆ ਕਿ ਅਸੀ ਤਾਂ ਗਊ ਦਾ ਦੁਧ ਪੀਂਦੇ ਹਾਂ ਤੇ ਦੋ ਰੁਪੈ ਸੇਰ ਲੈਂਦੇ ਹਾਂ ।ਮੱਝ ਦਾ ਦੁਧ ਜੇ ਸਾਨੂੰ ਚਾਰ ਆਨੇ ਸੇਰ ਭੀ ਮਿਲੇ ਤਾਂ ਵੀ ਨਹੀਂ ਪੀਣਾ ਚਾਂਹਦੇ। ਮੈਂ ਪੁਛਿਆ ਕਿ ਇਹ ਸਿਰਫ ਤੇਰਾ ਨਿਜੀ ਵਿਚਾਰ ਹੈ ਜਾਂ ਤੇਰੀ ਸਾਰੀ ਕੌਮ ਦਾ ? ਤਾਂ ਉਸ ਉਤਰ ਦਿਤਾ ਸਾਡੀ ਸਾਰੀ ਕੌਮ ਦਾ ਹੀ ਇਹ ਵਿਸ਼ਵਾਸ ਹੈਕਿ ਜਿਸ ਨੂੰ ਬੁਧੀ ਤੋਂ ਕੰਮ ਲੈਣ ਦੀ ਲੋੜ ਏਉਹ ਤਾਂ ਗਊ ਦਾ ਦੁਧ ਹੀ ਪੀਵੇ ਅਤੇ ਜਿਸ ਨੇ ਭੈਂਸੇਂ ਵਾਂਗੂ ਸਰੀਰਕ ਮਿਹ-ਨਤ ਹੀ ਕਰਨੀ ਹੈ ਅਤੇ ਮੋਟਾ ਔਰ ਢਿਲੜ ਬਣਨਾ ਹੈ, ਉਹ ਭਾਂਵੇਂ ਮੱਝ ਦਾ ਦੁਧ ਪੀਵੇ ਇਸ ਤੋਂ ਪਤਾ ਲਗਾ ਕਿ ਉਹਨਾਂ ਦਾ ਇਹ ਵਿਸ਼ਵਾਸ਼ ਹੈ ਕਿ "ਗਊ ਜੋ ਕੁਝ ਲੈਂਦੀ ਹੈ ਸੌ ਗੁਣਾ ਕਰਕੇ ਵਾਪਸ ਦੇਂਦੀ ਹੈ।" ਉਕਾ ਹੀ ਠੀਕ ਹੈ। ਚਾਹ ਪੀਣ ਵਾਲਿਆਂ ਵਾਸਤੇ ਭਾਵੇਂ ਇਹ ਠੀਕ ਨਾ ਹੋਵੇ।

ਅਮਰੀਕਾਦੇਸਟੇਟ ਡੇਰੀ ਕਮਿਸ਼ਨਰ "ਈ-ਜੀ-ਵੈਨੇਚ" ਨੇ ਲਿਖਿਆ ਹੈ "ਗਊ ਮਨੁਖ ਦੀ ਸਰਬ ਸਰੇਸ਼ਟ ਹਿਤੈਸ਼ੀ ਏ। ਉਹ ਸਾਡੇ ਇਕ ਮਿਤਰ ਰੂਪ ਵਿਚ ਹੈ

Sri Satguru Jagjit Singh Ji Elibrary NamdhariElibrary@gmail.com

ਜਿਸ ਕੋਲੋਂ ਕਦੀ ਕੋਈ ਅਪਰਾਧ ਨਹੀਂ ਹੋਯਾ। ਜੋ ਸਾਡੀ ਪਾਈ ਪਾਈ ਚੁਕਾ ਦੇਂਦੀ ਏ ਤੇ ਸਾਡੇ ਦੇਸ਼ ਦੀ ਰਖਸ਼ਾ ਕਰਦੀ ਏ।

ਅਮਰੀਕਾ ਦੇ "ਵਾਲਟਰ-ਏ-ਡ ਮਰ ਨੇ ਅਪਨੀ ਪੁਸਤਕ .... ਵਿਚ ਲਿਖਿਆ ਹੈ "ਗਊ ਨਾਲੋਂ ਵਧ ਕੇ ਹੋਰ ਕੋਈ ਭੀ ਪਸ਼ੂ ਮਨੁਖ ਦਾ ਮਿਤਰ ਨਹੀਂ। ਅਤੇ ਨਾ ਹੀ ਕੋਈ ਇਸ ਜੇਹ ਮਧੁਰ ਸੁਭਾਵ ਵਾਲਾ ਹੈ। ਇਸਦੇ ਵਿਚ ਸੌ ਫ਼ੀ ਸਦੀ ਮਾਤਰਤਵ ਹੈ ਅਤੇ ਇਸ ਦਾ ਮਨੁਸ਼ ਜਾਤੀ ਨਾਲ ਏਹੋ ਮਾਤਾ ਵਾਲਾ ਰਿਸ਼ਤਾ ਹੈ।"

ਭਾਰਤ ਵਿਚ ਤਾਂ ਗਊ ਨੂੰ ਮਾਤਾ ਆਖਦੇ ਹੀ ਹਨ ਪਰ ਗਊ ਵਿਚ ਸਚ ਮੁਚ ਹੀ ਮਾਂ ਵਾਲਾ ਗੁਣ ਹੋਣ ਕਰਕੇ ਹੋਰ ਦੇਸ਼ ਵਾਲੇ ਭੀ ਕਿਸੇ ਨਾ ਕਿਸੇ ਰੂਪ ਵਿਚ ਇਸ ਨੂੰ ਮਾਂ ਕਹਿਨ ਤੋਂ ਬਿਨਾਂ ਬਚ ਨਹੀਂ ਸਕਦੇ। ਜੇ ਕਿਸੇ ਦੁਧ ਪੀਂਦੇ ਬਚੇ ਦੀ ਮਾਂ ਮਰ ਜਾਏ ਤਾਂ ਉਸ ਦਾ ਭਵਿਸ਼ ਇਕ ਵਾਰੀ ਅੰਧੇਰਾ ਹੋ ਜਾਂਦਾ ਹੈ ਅਤੇ ਏਸ ਹਨੇਰੇ ਵਿਚ ਜੇ ਕੋਈ ਚਾਨਣ ਦੀ ਕਿਰਨ ਹੋਂਦੀ ਹੈ ਤਾਂ ਉਹ ਕੇਵਲ "ਗਊ" ਹੈ। ਇਸ ਤਰਾਂ ਗਊ ਹੀ ਮਾਂ ਦਾ ਅਸਥਾਨ ਲੈਂਦੀ ਹੈ ਹੋਰ ਨਹੀਂ ਲੈ ਸਕਦਾ।

ਦੁਧ ਦੇਣ ਨੂੰ ਤਾਂ ਹੋਰ ਜਾਨਵਰ ਮੱਝ ਬਕਰੀ ਆਦਿ ਕਈ ਜਾਨਵਰ ਦੁਧ ਦੇਂਦੇ ਹਨ ਪਰ ਗਊ ਦੇ ਦੁਧ ਦਾ ਮੁਕਾਬਲਾ ਕੋਈ ਭੀ ਨਹੀਂ ਕਰ ਸਕਦਾ। ਇਕ ਵਾਰੀ ਸਵ-ਰਗਵਾਸੀ ਸ੍ਰੀ ਮਦਨ ਮੋਹਨ ਮਾਲਵੀਯ ਜੀ ਨੂੰ ਜੋ ਭਾਰਤ ਦੇ ਮਹਾਨ ਵਯਕਤੀਆਂ ਵਿਚੋਂ ਸਨ ਕਿਸੇ ਨੇ ਪੁਛਿਆ ਕਿ ਦੁਧ ਕਿਸ ਜਾਨਵਰ ਦਾ ਸਭ ਤੋਂ ਚੰਗਾ ਹੁੰਦਾ ਹੈ ਤਾਂ ਝਟ ਬੋਲ ਪਏ ਕਿ 'ਮੱਝ ਦਾ'। ਮਾਲਵੀਯ ਜੀ ਦਾ ਇਹ ਉਤਰ ਸੁਣ ਕੇ ਪ੍ਰਸ਼ਨ ਕਰਨ ਵਾਲਾ ਬੜਾ ਹੀ ਹੈਰਾਨ ਹੋ ਕੇ ਪੁਛਨ ਲਗਾ ਕਿ ਮਹਾਰਾਜ ਗਊ ਦੇ ਦੁਧ ਬਾਰੇ ਤੁਹਾਡਾ ਕੀ ਵਿਚਾਰ ਹੈ? ਤਾਂ ਮਦਨ ਮੋਹਨ ਜੀ ਮਲਾਵੀਯ ਨੇ ਕਿਹਾ ਕਿ ਭਈ ਗਊ ਦਾ ਦੁਧ ਤੇ ਅੰਮ੍ਰਿਤ ਹੈ ਇਸ ਦਾ ਮੁਕਾਬਲਾ ਹੋਰ ਦੁਧਾਂ ਨਾਲ ਮੈਂ ਨਹੀਂ ਕਰ ਸਕਦਾ ਨਾ ਹੀ ਕਿਸੇ ਹੋਰ ਨੂੰ ਕਰਨਾ ਚਾਹੀਦਾ ਹੈ।

ਗੁਰੂ ਬਾਣੀ ਵਿਚ ਭੀ ਦੁਧ ਨੂੰ ਅੰਮ੍ਰਿਤ ਹੀ ਆਖਿਆ ਗਿਆ ਹੈ। 'ਪਸ਼ੂ ਮਿਲਹਿਚੰਗਿਆਈਆ ਖੜਖਾਵਹਿ ਅੰਮ੍ਰਿਤ ਦੇਹਿ' ਅਤੇ ਭਾਈ ਗੁਰਦਾਸ ਜੀ ਫਰਮਾਂਦੇ ਨੇ:-

ਸਬਦ ਸੁਰਤਿ ਹੀਨ
ਪਸ਼ੂਆਂ ਪਵਿਤਰ ਦੇਹ
ਖੜ ਖਾਏ ਅੰਮ੍ਰਿਤ
ਪਰਵਾਰ ਕੋ ਸੁਆਉ ਹੈ॥
ਗੋਬਰ ਗੋਮੂਤਰ ਸੂਤ੍ਰ
ਪਰਮ ਪਵਿਤਰ ਭਏ
ਮਾਨਸ ਦੇਹੀ ਨਿਖਿਧ
ਅੰਮ੍ਰਿਤ ਅਪਿਆਉਹੈ।

ਗਊ ਘਾਹ ਖਾ ਕੇ ਅੰਮ੍ਰਿਤ ਦੁਧ ਦੇਂਦੀ ਹੈ ਤੇ ਇਸ ਦਾ ਗੋਬਰ ਗੋਮੂਤਰ ਭੀ ਭਾਰਤੀ ਸਭਯਤਾ ਵਿਚ ਪਰਮ ਪਵਿਤਰ ਹੀ ਮੰਨਿਆ ਜਾਂਦਾ ਹੈ ਪਰ ਮਾਨਸ ਦੇਹੀ ਤਾਂ "ਅੰਨ ਦੇਵਤਾ ਪਾਣੀ ਦੇਵਤਾ ਬੈਸੰਤਰ ਦੇਵਤਾ ਲੂਣ, ਪੰਜਵਾਂ ਪਾਇਆ ਘ੍ਰਿਤੁ, ਤਾਂ ਹੋਯਾ ਪਾਕ ਪਵਿਤ। ਪਾਪੀ ਸਿਉ ਤਨ ਗਡੀਐ ਥੁਕਾਂ ਪਈਆ ਤਿਤ।" ਦੇ ਅਨੁਸਾਰ ਅੰਮ੍ਰਿਤ ਪਦਾਰਥ ਖਾ ਕੇ ਇਸ ਨਾਂ ਨੂੰ ਗੰਦਾ ਕਰ ਦੇਂਦਾ ਹੈ। ਇਸ

Sri Satguru Jagjit Singh Ji Elibrary NamdhariElibrary@gmail.com

ਵਾਸਤੇ ਮਨੁਖ ਦੇਹੀ ਨਾਮ ਤੋਂ ਬਿਨਾਂ ਨਿਖਿਦ ਆਖੀ ਗਈ ਹੈ। ਸ੍ਰੀ ਕਬੀਰ ਜੀ ਨੇ ਤਾਂ ਇਕ ਹੋਰ ਦ੍ਰਿਸ਼ਟੀ ਕੋਨ ਤੋਂ ਭੀ ਪਸ਼ੂਆਂ ਨੂੰ ਮਨੁਖ ਨਾਲੋਂ ਚੰਗਾ ਮੰਨਿਆਂ ਹੈ "ਨਰੂ ਮਰੈ ਨਰੁ ਕਾਮਿ ਨ ਆਵੈ। ਪਸੂ ਮਰੈ ਦਸ ਕਾਜ ਸਵਾਰੇ॥" ਇਸ ਤਰਾਂ ਗਊ ਮਰ ਕੇ ਭੀ ਲਾਭ ਹੀ ਦੇਂਦੀ ਹੈ। ਇਸ ਦਾ ਚਮੜਾ ਹੱਡੀ ਆਦਿ ਸਭ ਕੰਮ ਔਂਦਾ ਹੈ।

ਵਿਦੇਸ਼ੀ ਭੌਤਕ ਵਾਦੀਆਂ ਅਤੇ "ਭਖ ਅਭੱਖ ਸਭ ਖਾਹਿ" ਵਾਲਿਆਂ ਨੇ ਗਊ ਮਰਨ ਤੋਂ ਲਾਭ ਲੈਣ ਵਾਸਤੇ ਗਊ ਨੂੰ ਮਾਰਨਾ ਹੀ ਅਰੰਭ ਕਰ ਦਿਤਾ ਇਸ ਦਾ ਮਾਸ ਖਾਨ ਲਗ ਪਏ ਤੇ ਖੱਲ ਹੱਡੀਆਂ ਤੋ ਨਫਾ ਕਮਾਨ ਲਗ ਪਏ। ਅਤੇ ਜਦੋਂ ਇਹ ਵਿਦੇਸ਼ੀ ਭਾਰਤ ਵਿਚ ਆਏ ਤਾਂ ਉਹ ਇਹ ਬੀਮਾਰੀ ਭਾਰਤ ਵਿਚ ਭੀ ਨਾਲ ਹੀ ਲੈ ਆਏ। ਭਾਰਤ ਵਿਚ ਭੀ ਗਊ ਦਾ ਬਧ ਹੋਣਾ ਸ਼ੁਰੂ ਹੋ ਗਿਆ। 'ਤੁਰਕ' ਲੋਕ ਗਊ ਨੂੰ ਮਾਰਨ ਵਿਚ ਸੰਕੋਚ ਨਹੀਂ ਸੀ ਕਰਦੇ ਅਤੇ ਇਸ ਉਪਕਾਰੀ ਜਾਨਵਰ ਨੂੰ ਬੇਦਰੇਗੀ ਨਾਲ ਕਤਲ ਕਰਨ ਲਗ ਪਏ। ਇਸੇ ਜ਼ੁਲਮ ਨੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੀਨ ਹਿਤਕਾਰੀ ਹਿਰਦੇ ਨੂੰ ਅੰਦੋਲਤ ਕੀਤਾ ਤੇ ਉਹ ਅਕਾਲ ਪੁਰਖ ਅਗੇ ਅਰਦਾਸ ਕਰਨ ਲਗੇ :—

"ਯਹੀ ਦੇਹਿ ਆਗਿਆ ਤੁਰਕਨ ਗਹਿ ਖਪਾਉ। ਗਊ ਘਾਤ ਕਾ ਦੋਖ ਜਗ ਸਿਉ ਮਿਟਾਊ। ਯਹੀ ਆਸ ਪੂਰਨ ਕਰੋ ਤੁਮ ਹਮਾਰੀ। ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ॥"

ਦਸਵੇਂ ਦਾਤਸ਼ਾਹ ਨੇ 'ਗਊ ਘਾਤ' ਨੂੰ ਭਾਰੀ ਦੁਖ ਮੰਨਿਆ ਤੇ ਜਿਸ ਨੂੰ ਦੂਰ ਕਰਨ ਵਾਸਤੇ ਤੁਰਕ ਹਕੂਮਤ ਨੂੰ ਜੜੋਂ ਉਖਾੜ ਦੇਨ ਲਈ ਸਭ ਕੁਝ ਹੀ ਨਿਛਾਵਰ ਕਰ ਦਿਤਾ ਅਤੇ ਇਕ ਦਿਨ ਆ ਗਿਆ ਕਿ ਪੰਜਾਬ ਵਿਚ ਸਿਖ ਰਾਜ ਕਾਇਮ ਹੋ ਗਿਆ ਤੇ ਇਥੇ ਗਊ ਦੇ ਗਲ ਤੇ ਛੁਰੀ ਚਲਨੀ ਬੰਦ ਹੋ ਗਈ। ਪਰ ਦੁਰਭਾਗ ਵਸ ਥੋੜੇ ਸਾਲਾਂ ਬਾਦ ਹੀ ਸਿਖ ਰਾਜ ਸਮਾਪਤ ਹੋ ਗਿਆ ਤੇ ਹਕੂਮਤ ਅੰਗਰੇਜ਼ਾਂ ਦੇ ਹਥ ਆ ਗਈ ਜਿਨਾਂ ਨੇ 'ਗਊ ਬਧ' ਨੂੰ ਹੋਰ ਭੀ ਵਧਾਇਆ ਅਤੇ ਗਊ ਦੇ ਗਲ ਤੇ ਛੁਰੀ ਪੂਰੇ ਹਿੰਦੁਸਤਾਨ ਵਿਚ ਬੜੀ ਬੇ ਕਿਰਕੀ ਨਾਲ ਚਲਣ ਲਗ ਪਈ। ਗੁਰੂ ਨਾਨਕ ਦੇ ਬਾਹਰਵੇਂ ਜਾਮੇਂ "ਸਤਿਗੁਰੂ ਰਾਮ ਸਿੰਘ ਜੀ ਦੇ ਹਿਰਦੇ ਨੇ ਫਿਰ ਇਸ 'ਭਾਰੀ ਖੇਦ ਨੂੰ ਅਨੁਭਵ ਕੀਤਾ ਤੇ ਇਸਨੂੰ ਦੂਰ ਕਰਨ ਵਾਸਤੇ ਅੰਗਰੇਜ਼ਾਂ ਨੂੰ ਸਮੁੰਦਰੋਂ ਪਾਰ ਭੇਜ ਦੇਨ ਲਈ ਪਰਯਤਨ ਅਰੰਭ ਦਿਤੇ। ਇਸ ਮਨੋਰਥ ਨੂੰ ਸਿਧ ਕਰਨ ਹਿਤ ਅਨੇਕਾਂ ਹੀ ਕੂਕੇ ਸਿਖ ਸ਼ਹੀਦ ਹੋ ਗਏ। ਕਈ ਤੋਪਾਂ ਅਗੇ ਉਡਾਏ ਗਏ। ਕਈਆਂ ਨੂੰ ਫਾਂਸੀ ਲਗਾ ਦਿਤਾ ਗਿਆ ਤੇ ਸਤਿਗੁਰੂ ਜੀ ਨੂੰ ਪਰਦੇਸ ਦੇ ਦੁਖ ਸਹਿਣੇ ਪਏ। ਇਸ ਤੋਂ ਬਾਹਦ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ ਤੇ ਫਿਰ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕਢ ਦੇਣ ਦੇ ਅੰਦੋਲਨ ਨੂੰ ਜਾਰੀ ਰਖਿਆ ਤੇ ਉਹ ਦਿਨ ਆ ਹੀ ਗਿਆ ਕਿ ਅੰਗ-

Sri Satguru Jagjit Singh Ji Elibrary NamdhariElibrary@gmail.com

ਰੇ ਭਾਰਤ ਵਿਚੋਂ ਨਿਕਲ ਗਏ ਅਤੇ ਭਾਰਤ ਦੀ ਹਕੂਮਤ ਭਾਰਤੀਆਂ ਦੇ ਹਥ ਆ ਗਈ। ਪਰ ਭਾਰਤ ਦੀ ਬਦ ਕਿਸਮਤੀ ਪਤਾ ਨਹੀਂ ਕਿਸ ਹੱਦ ਤਕ ਹੈ ਕਿ ਤੁਰਕਾਂ ਤੇ ਅੰਗਰੇਜ਼ਾਂ ਦੀ ਕਈ ਸੌ ਸਾਲਾਂ ਦੀ ਹਕੂਮਤ ਨੇ ਭਾਰਤੀ ਸਭਯਤਾ ਨੂੰ ਏਨਾ ਮੈਲਾ ਕਰ ਦਿਤਾ ਹੈ ਕਿ ਹੁਣ ਭਾਰਤ ਵਿਚ ਭਾਰਤੀ ਰਾਜ ਨੂੰ ਭੀ ਲਗ ਪਗ ੨੦ ਸਾਲ ਹੋ ਗਏ ਨੇ ਪਰ ਅਜੇ ਤਕ 'ਗਊ ਘਾਤ ਵਾਲਾ 'ਭਾਰੀਖੇਦ' ਦੂਰ ਨਹੀਂ ਕੀਤਾ ਗਿਆ। ਸ਼ਾਇਦ ਇਸਦਾ ਕਾਰਨ ਇਹ ਹੈ ਕਿ ਹਕੂਮਤ ਜਿਨਾਂ ਲੋਗਾਂ ਨੇ ਸੰਭਾਲੀ ਹੈ ਉਨ੍ਹਾਂ ਦੀ ਸਭਿਅਤਾ ਉਤੇ ਪੱਛਮੀ ਸਭਿਅਤਾ ਦੀ ਛਾਪ ਕਾਫ਼ੀ ਗਹਿਰੀ ਲਗ ਗਈ ਹੈ ਜਿਸ ਕਰਕੇ ਉਹ ਇਸ 'ਭਾਰੀ ਖਦ' ਨੂੰ ਅਨੁਭਵ ਹਾਂ ਨਹੀਂ ਕਰਦ। ਅਤੇ ਜਾਂ ਫਿਰ ਜਿਵੇਂ ਟਿੱਡੀ ਦਲ ਆਕੇ ਖੇਤਾਂ ਦਾ ਸਤਿਆਨਾਸ ਕਰਕੇ ਉਡ ਜਾਂਦਾ ਹੈ ਤੇ ਪਿਛੇ ਅਪਨਾ 'ਬਚ' (ਬਚ ਅੰਡੇ) ਛੱਡ ਜਾਂਦਾ ਹੈ ਜੋ ਬਾਦ ਵਿਚ ਭੀ ਨੁਕਸਾਨ ਕਰਦੇ ਰਹਿੰਦੇ ਨੇ ਇਸੇ ਤਰਾਂ ਹੀ ਵਿਦੇਸ਼ੀ ਟਿੱਡੀ ਦਲ ਭਾਰਤੀ ਸਭਯਤਾ ਦੇ ਖੇਤ ਨੂੰ ਖਾਕੇ ਉਡ ਗਿਆ ਹੈ ਤੇ ਪਿਛ ਅਪਨੇ ਬਚੇ ਅੰਡੇ ਛਡ ਗਿਆ ਹੈ ਜੋ ਅਜੇ ਭੀ ਨੁਕਸਾਨ ਕਰ ਰਹੇ ਨੇ।

ਇਸ ਵਾਸਤੇ 'ਗਊ ਘਾਤ' ਦੇ 'ਭਾਰੀ ਖੇਦ ਨੂੰ ਦੂਰ ਕਰਨ ਵਾਸਤੇ ਸਾਨੂੰ ਅਜੇ ਭੀ ਪਰਯਤਨਸ਼ੀਲ ਰਹਿਨਾ ਪੈ ਰਿਹਾ ਹੈ ਅਤੇ ਸਾਡਾ ਕਰਤਵਯ ਹੈ ਕਿ ਅਸੀਂ ਤਾਂ ਹੀ ਭਾਰਤੀ ਅਖਵੌਨ ਦੇ ਹਕ ਦਾਰ ਹੋਵਾਂਗੇ ਜੇ ਭਾਰਤ ਵਿਚੋਂ 'ਗਊ ਘਾਤ' ਉਕਾ ਹੀ ਬੰਦ ਹੋ ਜਾਵੇਗਾ।

ਸਵਰਗੀਯ ਡਾ: ਸ਼ਿਆਮ ਪ੍ਰਸ਼ਾਦ ਮੁਕਰ ਜੀ ਨੇ ਕਿਹਾ ਸੀ। 'ਦੈਵ ਕੀ ਕੈਸੀ ਵਿਚਿਤ੍ਰ ਗਤੀ ਹੈ ਕਿ ਜਿਸ ਦੇਸ਼ ਕਾ ਤੀਨ ਚੌਥਾਈ ਜਨ-ਸਮਾਜ ਗਊ ਕੋ ਮਾਤਾ ਕਹਿ ਕਰ ਪੂਜਤਾ ਹੈ ਵਹਾਂ ਤੋ ਗਊ ਵੰਸ ਕਾ ਦਿਨ ਦਿਨ ਨਾਸ਼ ਹੋ ਰਹਾ ਹੈ ਔਰ ਜਹਾਂ ਕੇ ਲੋਗ ਗਊ ਕਾ ਮਾਂਸ ਖਾਤੇ ਹੈਂ ਵਹਾਂ ਵੁਹ ਫਲੇ ਫੂਲੇ। ਗਊ ਕੇ ਹਿਤ ਔਰ ਸੁਖ ਮੇਂ ਹੀ ਹਿੰਦੋਸਤਾਨ ਦੀ ਇਸ ਮਹਾਨ ਜਨਤਾ ਕਾ ਹਿਤ, ਸੁਖ, ਅਰੋਗਯ ਔਰ ਸਮ੍ਰਿਧੀ ਹੈ।'

ਭਾਰਤ ਵਿਚ ਗਊ ਨੂੰ ਕਤਲ ਹੋਣ ਤੋਂ ਬਿਨਾ ਹੋਰ ਭੀ ਕਸ਼ਟ ਹੈਨ ਜੋ ਕਿ ਇਸਦੀ ਨਸਲ ਸੁਧਾਰ ਵਲੋਂ ਅਵੇਸਲੇ ਹੋ ਗਏ ਨੇ ਅਤੇ ਇਸ ਦੀ ਉਚਿਤ ਸੇਵਾ ਭੀ ਨਹੀਂ ਕਰਦੇ। ਇਸੇ ਵਾਸਤੇ ਹੀ ਸਾਡੇ ਅਜ ਦੇ ਸਤਿਗੁਰੂ ਜੀ ਮਹਾਰਾਜ ਸਤਿਗੁਰੂ ਜਗਜੀਤ ਸਿੰਘ ਜੀ ਗਊ ਬਧ ਬੰਦ ਕਰਾਨ ਦੇ ਨਾਲ ਨਾਲ ਗਊ ਦੀ ਨਸਲ ਸੁਧਾਰਨ ਵਾਸਤੇ ਅਤੇ ਉਸ ਦੀ ਉਚਿਤ ਸੇਵਾ ਕਰਨ ਵਾਸਤੇ ਬੜੇ ਜੋਰਦਾਰ ਢੰਗਾਂ ਨਾਲ ਭਾਰਤੀਆਂ ਨੂੰ ਪਰੇਰਨਾ ਦੇ ਰਹੇ ਹਨ ਅਤੇ ਉਹ ਅਪਣੇ ਪੁਰਾਣੇ ਦ੍ਰਿੜ ਸੰਕਲਪ 'ਮਿਟੇ ਕਸ਼ਟ ਗਊਅਨ ਛੁਟੈ,ਖੇਦ ਭਾਰੀ' ਦੀ ਸਿੱਧੀ ਵਾਸਤੇ ਪਰਯਤਨ ਸ਼ੀਲ ਨੇ।

Sri Satgu[redacted]jit Singh Ji Elibrary [redacted]@gmail.com

ਇਕ ਇਤਿਹਾਸਕ ਕਹਾਣੀ ਦੋ ਉਪਕਾਰ

ਸ੍ਰੀ ਸੰਤੋਖ ਸਿੰਘ ਜੀ "ਸਾਜਨ"

ਹੈਂ ! ਆਹ ਲਹੂ ਦੀਆਂ ਛਿਟਾਂ ਨੇ ? ਆਹ ਹਡੀ ਵੀ ਪਈ ਏ, ਤੇ ਆਹ ਬੋਟੀ ਮਾਸ ਦੀ ਬੋਟੀ ! ਇਹ ਕੀ ਏ, ਪ੍ਰਕਰਮਾ ਵਿਚ ਹਡੀਆਂ ਮਾਸ ਕਿਥੋਂ ਆ ਗਿਆ ਏ ? ਸ੍ਰ: ਭਗਵਾਨ ਸਿੰਘ ਨੇ ਹੈਰਾਨੀ ਨਾਲ ਆਖਿਆ।

ਕੀ ਤੁਹਾਨੂੰ ਨਹੀਂ ਪਤਾ ਹਿੰਦੂ ਧਰਮ ਤਾਂ ਖਤਮ ਸਮਝੋ, ਅੰਮ੍ਰਿਤਸਰ ਦੇ ਵਸਨੀਕ ਸਰਦਾਰ ਲਹਿਣਾ ਸਿੰਘ ਨੇ ਕਿਹਾ।

ਕਿਉਂ ?

ਕਿਉਂ ?ਕੀ ਸੰਤ ਭਗਵਾਨ ਸਿੰਘ ਜੀ ਆਹ ਪ੍ਰਕਰਮਾਂ ਦੇ ਕੋਲ ਹੀ ਬਿਲਿਆਂ ਨੇ ਬੁਚੜਖਾਨਾ ਖੋਹਲਿਆ ਹੋਇਆ ਹੈ। ਜਿਥੇ ਵਿਸ਼ਵ ਦੀ ਮਾਂ ਹਿੰਦੂ ਧਰਮ ਦੀ ਜੜ੍ਹ ਗਊ ਮਾਤਾ ਨੂੰ ਬਿਨਾਂ ਸੰਗ ਸ਼ੰਕੇ ਦੇ ਕਤਲ ਕੀਤਾ ਜਾਂਦਾ ਹੈ। ਮੁਸਲਮਾਨ ਟੋਕਰਿਆਂ ਵਿਚ ਗਊ ਦਾ ਮਾਸ ਪਾਕੇ ਖੁਲ੍ਹੇ ਦਿਲ ਬਜਾਰਾਂ ਵਿਚ ਵੇਚਦੇ ਫਿਰਦੇ ਹਨ। ਕੋਈ ਇਹਨਾਂ ਨੂੰ ਵਰਜਦਾ ਹਟਕਦਾ ਨਹੀਂ, ਹਿੰਦੂ ਵਿਚਾਰੇ ਡਰਦੇ ਕੁਸਕਦੇ ਨਹੀਂ, ਸਰਕਾਰ ਕੋਲ ਫ਼ਰਿਆਦ ਕਰੋ ਤਾਂ ਵੀ ਕੋਈ ਅਫਸਰ ਨਹੀਂ ਸੁਣਦਾ। ਕਈ ਵਾਰ ਨਿਕੇ ਨਿਕੇ ਫਸਾਦ ਵੀ ਹੋ ਚੁਕੇ ਹਨ ਪਰ ਉਲਟਾ ਸਗੋਂ ਅੰਗਰੇਜ਼ ਅਫਸਰਾਂ ਨੇ ਗਊ ਮਾਰਨ ਵਾਲਿਆਂ ਦਾ ਹੀ ਪਖ ਪੂਰਿਆ ਹੈ, ਜਿਸ ਸਦਕਾ ਹਿੰਦੂ ਧਰਮ ਦੇ ਵਿਰੋਧੀ ਮੁਸਲਮਾਨਾ ਦਾ ਦਿਲ ਵਧ ਗਿਆ ਹੈ। ਕੋਈ ਵਾਹ ਨਹੀਂ ਜਾਂਦੀ, ਸਾਡੀ ਤਾਂ ਜਾਨ ਕੁੰਦਲ ਆਈ ਹੋਈ ਹੈ। ਆਹ ਅੰਮ੍ਰਿਤ ਸਰੋਵਰ ਜਿਥੇ ਆਣਕੇ ਇਸ਼ਨਾਨ ਕੀਤਿਆਂ ਮਹਾ ਪਾਪੀਆਂ ਦੇ ਪਾਪ ਦੂਰ ਹੁੰਦੇ ਹਨ, ਦੁਖੀਆਂ ਦੇ ਦੁਖ ਨਿਵਾਰਨ ਵਾਲੀ ਦੁਖ ਭੰਜਨੀ ਬੇਰ ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿਤਰ ਅਸਥਾਨ ਕਾਵਾਂ ਇੱਲਾਂ ਨੇ ਗਊ ਦੇ ਮਾਸ ਦੀਆਂ ਬੋਟੀਆਂ ਸੁਟ ਸੁਟਕੇ ਸਭ ਪਲੀਤ ਕਰ ਦਿਤੇ ਹਨ। ਜਿਹੜੇ ਅੰਮ੍ਰਿਤ ਸਰੋਵਰ ਵਿਚੋਂ ਕਲਿਆਨ ਵਾਸਤੇ ਸ਼ਰਧਾ ਨਾਲ ਦੋ ਘੁਟਾਂ ਜਲ ਦੀਆਂ ਅੰਮ੍ਰਿਤ ਸਮਝਕੇ ਭਰੀਂਦੀਆਂ ਸਨ, ਅਜ ਉਸ ਵਿਚੋਂ ਗਊ ਦੀ ਰੱਤ ਨਜ਼ਰ ਆਉਂਦੀ ਹੈ।

ਅਗਲੇ ਦਿਨ ਦੀ ਗਲ ਏ ਸਰਦਾਰ ਦੇਵਾ ਸਿੰਘ ਔਰੰਗਾਬਾਦ ਵਾਲੇ ਨੇ ਦਰਬਾਰ ਸਾਹਿਬ ਅਤੇ ਦੁਖ ਦੇ ਮਾਰੇ ਗਾਂ ਦਾ ਹਡ ਲਿਜ੍ਹਾ ਧਰਿਆ ਸੀ, ਪਰ ਕੋਈ ਕੁਸਕਿਆ ਤਕ ਨਹੀਂ। ਸਭ ਵਿਚੋ ਵਿਚ ਸੜਦੇ ਭੁਜਦੇ ਪੈ ਨੇ, ਪਰ ਕੋਈ ਅੰਗਰੇਜ਼ ਤੋਂ ਡਰਦਾ ਚੂੰ ਚਰਾਂ ਨਹੀਂ ਕਰਦਾ। ਸੰਤ ਭਗਵਾਨ ਸਿੰਘ ਜੀ ਇਹ ਕੋਈ ਸਾਡਾ ਜਿਊਣ ਏ, ਇਸ ਨਾਲੋਂ ਤਾਂ ਮਰ ਜਾਣਾ ਸੌ ਗੁਣਾਂ ਬਿਹਤਰ ਹੈ। ਸਾਡੇ ਕੋਲ ਹੁੰਦਿਆਂ ਸਾਡੀਆਂ ਅਖਾਂ ਸਾਹਵੇਂ ਗਊਆਂ ਕਤਲ ਹੁੰਦੀਆਂ ਹਨ। ਪਤਾ ਨਹੀਂ ਸਾਡੇ ਅੰਦਰੋਂ ਹਿੰਦੂ ਧਰਮ ਦੀ ਅੰਸ ਉਡਦੀ ਜਾ ਰਹੀ ਹੈ। ਕੀ ਇਹ ਬੇ-ਜ਼ਬਾਨ ਮਜ਼ਲੂਮ ਗਊਆਂ ਨੂੰ ਮਰਨ ਤੋ ਬਚਾਣ ਵਾਲਾ ਕੋਈ ਨਹੀਂ ਰਿਹਾ। ਕੀ ਕਰੀਏ ਅਖਾਂ ਸਾਹਵੇਂ ਇਨ੍ਹਾਂ ਜ਼ੁਲਮ ਹੁੰਦਾ ਸਹਾਰਿਆ ਨਹੀਂ ਜਾਂਦਾ। ਹਿੰਦੂ ਜਾਂ ਹੋਰ ਸਿਖ ਹੀਲਾ ਨਹੀਂ ਕਰਦੇ,ਗਊਆਂ ਦਿਨ ਰਾਤ ਬੇਦੋਸ਼ੀਆਂ ਕੋਹੀਂਦੀਆਂ ਹੈਨ। ਇਹ ਸਭ ਵੇਖਕੇ ਦਿਲ ਬਾਹਰ ਨੂੰ ਆਉਂਦਾ ਹੈ, ਸੰਤ ਲਹਿਣਾ ਸਿੰਘ ਨੇ ਦੁਖੀ ਹਿਰਦੇ ਦੀ ਸਾਰੀ ਵਾਰਤਾ ਕਹਿ ਸੁਣਾਈ।

ਇਥੇ ਸੰਤ ਬੀਹਲਾ ਸਿੰਘ ਨਾਰਲੀਵਾਲਾ ਵੀ ਆਇਆ ਹੋਇਆ ਹੈ ਅਤੇ ਬਾਕੀ ਗਲ ਸੰਤ ਲਹਿਣਾ ਸਿੰਘ ਦੇ ਕੰਨ ਵਿਚ ਸੰਤ ਭਗਵਾਨ ਸਿੰਘ ਜੀ ਨੇ ਆਖੀ।

੧. ਲਛਮਣ ਸਿੰਘ ਜੀ ਪਿੰਡ ਚਾਹਲ।
੨. ਹਾਕਮ ਸਿੰਘ ਜੀ ਪਿੰਡ ਮੌੜੇ।
੩. ਲਹਿਣਾ ਸਿੰਘ ਜੀ ਪਿੰਡ ਲੋਪੋਕੇ।
੪. ਝੰਡਾ ਸਿੰਘ ਜੀ ਪਿੰਡ ਠਠੇ।

Sri Satguru Jagjit Singh Ji Elibrary NamdhariElibrary@gmail.com

੫. ਭਗਵਾਨ ਸਿੰਘ ਜੀ 'ਅੜਬੰਗੀ'ਮਰਹਾਣਾ
੬. ਫਤਹਿ ਸਿੰਘ ਜੀ ਸ਼ਹਿਰ ਅੰਮ੍ਰਿਤਸਰ।
੭, ਲਹਿਣਾ ਸਿੰਘ ਜੀ ਸ਼ਹਿਰ ਅੰਮ੍ਰਿਤਸਰ।
੮. ਬੀਹਲਾ ਸਿੰਘ ਜੀ ਪਿੰਡ ਨਾਰਲੀ।

ਚੰਗਾ ਭਈ ਕਿਸੇ ਨੇ ਭੁਲਣਾ ਨਹੀਂ, ਲਹਿਣਾ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਘਰੋਂ ਉਠਦਿਆਂ ਉਪ੍ਰੋਕਤ ਸਾਰੇ ਸਿੰਘਾ ਨੇ ਇਕ ਦੂਜੇ ਨੂੰ ਕਿਹਾ।

ਹੁਣ ਤਾਂ ਖਲਾਂ ਵੀ ਚੰਗੀਆਂ ਵਿਕਣ ਲਗ ਪਈਆਂ ਹਨ ਅਤੇ ਮਾਸ ਵੇਚਣ ਤੋਂ ਵੀ ਹੁਣ ਕੋਈ ਹਿੰਦੂ ਨਹੀਂ ਕੁਸਕਦਾ, ਆਪਣੇ ਚੰਗੇ ਪੈਸੇ ਵਟੇ ਜਾਂਦੇ ਹਨ। ਅਜ ਸਵੇਰੇ ਇਹਨਾਂ ਸਾਰੀਆਂ ਗਊਆਂ ਨੂੰ ਮਾਰਕੇ ਚੰਗੇ ਪੈਸੇ ਕਮਾਵਾਂਗੇ, ਸ਼ਾਦੀ ਨੇ ਆਪਣੇ ਛੇ ਬੁਚੜ ਸਾਥੀਆਂ ਨੂੰ ਆਖਿਆ।

੧੪ ਤੇ ੧੫ ਹਾੜ ਦੀ ਵਿਚਾਲੀ ਰਾਤ ਸੀ, ਰਾਤ ਦੀ ਸਿਆਹੀ ਬੁਚੜਾਂ ਦਾ ਕਾਲ ਬਣੀ ਹੋਈ ਸੀ, ਦਿਨੇ ਉਠਕੇ ਗਊਆਂ ਨੂੰ ਕਤਲ ਕਰਕੇ ਚੰਗੇ ਪੈਸੇ ਕਮਾਉਣ ਦੀ ਆਸ ਨਾਲ ੭ ਕਸਾਈ ਸੌਂ ਚੁਕੇ ਸਨ।

ਔਹ ਲੌ ਤਲਵਾਰਾਂ, ਤੁਸੀਂ ਜੇ ਭਲਾ ਕਰਨ ਵਾਸਤੇ ਤੁਲੇ ਹੋਏ ਹੋ ਤਾਂ ਏਨੀ ਸੇਵਾ ਤੇ ਮੈਂ ਵੀ ਕਰ ਸਕਦਾ ਹਾਂ ਸਿਪਾਹੀ ਲਾਲ ਸਿੰਘ ਨੇ ਤਲਵਾਰਾਂ ਫੜਾਦਿਆਂ ਆਖਿਆ।

ਪਹਿਲਾਂ ਗਊਆਂ ਦੇ ਰਸੇ ਖੋਹਲ ਦਿਉ ਅਤੇ ਫਿਰ ਬੁਚੜਾਂ ਨਾਲ ਸਮਝ ਲਵਾਂਗੇ, ਸਰਦਾਰ ਬੀਹਲਾ ਸਿੰਘ ਨੇ ਕਿਹਾ।

ਗਊਆਂ ਦੇ ਰਸੇ ਖੁਲ੍ਹ ਗਏ ਅਤੇ ਉਹ ਦਰਵਾਜੇ ਤੋਂ ਬਾਹਰ ਨਿਕਲ ਰਹੀਆਂ ਪਰਤ ਕੇ ਵੇਖਦੀਆਂ ਸਿੰਘਾ ਨੂੰ ਸ਼ੁਭ ਅਸੀਸਾ ਦੇ ਰਹੀਆਂ ਸਨ।

੧੫ ਹਾੜ ਦਾ ਦਿਨ ਚੜ੍ਹਦਿਆਂ ਹੀ ਸਰਕਾਰੀ ਕਚਿਹਰੀਆਂ ਵਿਚ ਤਾਰਾਂ ਖੜਕ ਗਈਆਂ। ਗਲੀਂ ਮੁਹੱਲੇ ਦੀ ਹਰ ਨੁਕਰ ਤੇ ਜੁੜੇ ਲੋਕੀਂ ਬੁਚੜਾਂ ਦੀਆਂ ਹੀ ਗਲਾਂ ਕਰਦੇ। ਕੋਈ ਆਖਦਾ ਸਾਰੇ ਹੀ ਬੁਚੜ ਕਿਸੇ ਨੇ ਵਢ ਦਿਤੇ ਹਨ ਅਤੇ ਕੋਈ ਜਾਣਕਾਰ ਵੇਰਵੇ ਨਾਲ ਦਸਦਾ। ਨਹੀਂ ਭਾਈ ਮੈਂ ਪੂਰਾ ਪਤਾ ਕੀਤਾ ਹੈ, ਪੀਰਾ ਜਿਉਣਾ ਅਮਾਮੀ ਤੇ ਸ਼ਾਦੀ ਇਹ ਚਾਰੇ ਮਰ ਗਏ ਹਨ ਅਤੇ ਇਲਾਹੀ ਬਖਸ਼, ਕਰਮ ਦੀਨ ਤੇ ਖੀਵਾ ਸਖਤ ਫਟੜ ਹੋਏ ਪਏ ਹਨ। ਗਊਆਂ ਜੋ ਰਾਤੀਂ ਮਾਰਨ ਵਾਸਤੇ ਆਂਦੀਆਂ ਸਨ ਸਭ ਬਚ ਗਈਆਂ ਹਨ। ਕਿਸੇ ਨੇ ਚੰਗਾ ਹੀ ਕੀਤਾ ਹੈ, ਇਹਨਾਂ ਪਾਪੀਆਂ ਨੇ ਵੀ ਅੱਤ ਚਾਈਂ ਹੋਈ ਸੀ। ਨਿਮਾਣੀਆਂ ਗਊਆਂ ਨੂੰ ਰੋਜ਼ ਕਤਲ ਕਰਦੇ ਸਨ। ਇਹ ਇਸੇ ਹੀ ਵਾਹੇ ਜੋਗੇ ਸਨ। ਪਾਪ ਦੀ ਬੇੜੀ ਭਰਕੇ ਹੀ ਡੁਬਦੀ ਹੈ: 'ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ।'

ਇਹ ਇਨ੍ਹਾਂ ਜ਼ੁਲਮ ਕਰਦੇ ਸਨ ਤਾਂ ਇਹਨਾਂ ਨਾਲ ਵੀ ਤਾਂ ਇਕ ਦਿਨ ਇਉਂ ਹੀ ਹੋਣੀ ਚਾਹੀਦੀ ਸੀ, ਲੋਕੀਂ ਆਪੋ ਧਾਪ ਟੋਲੀਆਂ ਬਣ ਬਣਕੇ ਗਲਾਂ ਕਰੀ ਜਾਂਦੇ। ਬੁਚੜਾਂ ਦੇ ਮਾਰਨ ਦਾ ਕੋਈ ਕਿਸੇ ਨੂੰ ਪਤਾ ਨਹੀਂ ਸੀ ਕਿ ਇਹ ਕਾਰਾ ਕਿਸ ਕੀਤਾ ਹੈ।

ਜਦੋਂ ਇਨਸਾਨ ਨਾਲ ਉਹ ਘਟਨਾ ਵਾਪਰ ਜਾਵੇ ਜਿਸਦੀ ਉਸਨੂੰ ਕਦੇ ਸੁਪਨੇ ਵਿਚ ਵੀ ਸੋਚ ਨਾ ਫੁਰੀ ਹੋਏ ਤਾਂ ਉਸਦਾ ਸਰੀਰ ਪਾਰੇ ਦੀ ਤਰਾਂ ਡੋਲਦਾ ਹੈ ਅਤੇ ਸੋਚਦਾ ਘੋੜਾ ਸੜਕ ਦੇ ਮੀਲ ਪਥਰ ਦੀ ਤਰਾਂ ਅਹਿਲ ਹੋ ਜਾਂਦਾ ਹੈ। ਅੰਗਰੇਜ਼ ਸਰਕਾਰ ਨੂੰ ਸਿਰ ਤੋਂ ਲਾ ਪੈਰਾਂ ਤਕ ਮੁੜ੍ਹਕਾ ਚੋ ਰਿਹਾ ਸੀ। ਉਸਨੂੰ ਧਰਤੀ ਅਸਮਾਨ ਦੇ ਪੁੜ ਮਿਲਦੇ ਨਜ਼ਰ ਆ ਰਹੇ ਸਨ। ਬ੍ਰਿਟਿਸ਼ ਸਰਕਾਰ ਨੂੰ ਲੰਡਨ ਦਾ ਤਖਤ ਹਿਲਦਾ ਜਾਪ ਰਿਹਾ ਸੀ। ਅੰਗਰੇਜ਼ ਇਹ ਜਾਣ ਚੁਕੇ ਸਨ ਕਿ ਹਿੰਦੁਸਤਾਨ ਵਿਚੋਂ ਅਣਖੀ ਖ਼ੂਨ ਖਤਮ ਹੋ ਚੁਕਾ ਹੈ: 'ਪਾੜੋ ਤੇ ਰਾਜ ਕਰੋ' ਦੇ ਜ਼ਹਿਰੀਲੇ ਟੀਕੇ ਨੇ ਸਭ ਦੇ ਖ਼ੂਨ ਦੀ ਲਾਲੀ ਨੂੰ ਪੂਣੀ ਬਣਾ ਦਿਤਾ ਹੈ।

ਬਾਜ ਪਿੰਜਰੇ ਵਿਚ ਪਿਆਂ ਤਾਂ ਬੇਸ਼ਕ ਖੰਭ ਹਿਲਾਣ ਤੋਂ ਬਿਨਾਂ ਹੀ ਬੈਠਾ ਰਹੇ ਪਰ ਜਦੋਂ ਉਸਨੂੰ ਕਿਤੇ ਪਿੰਜਰੇ ਚੋਂ ਬਾਹਰ ਨਿਕਲਣ ਦਾਸਮਾ ਮਿਲ ਜਾਵੇ ਤਾਂ ਪਹਿਲੀ ਝਪਟ ਨਾਲ ਹੀ ਘੁਗੀ ਨੂੰ ਖੰਭ ਖੰਭ ਕਰ ਦਿੰਦਾ ਹੈ। ਸਮੇ ਦੇ ਭਾਰ ਨੇ ਖ਼ੂਨ ਨੂੰ ਜੇ ਬਰਫ ਬਣਾ ਦਿਤਾ ਹੋਵੇ ਤਾਂ ਜਦੋਂ ਉਸ

Sri Satguru Jagjit Singh Ji Elibrary NamdhariElibrary@gmail.com

ਬੰਦ ਨਾਲ ਅਣਖ ਦੀ ਹਵਾੜ ਛੂਹ ਜਾਵੇ ਤਾਂ ਖ਼ੂਨ ਪੰਘਰ ਕੇ ਸਤਿਲੁਜ ਦੇ ਵਹਿਣ ਦਾ ਰੂਪ ਧਾਰ ਲੈਂਦਾ ਹੈ।

ਇਸੇਤਰਾਂ ਕਿਸੇ ਅਣਖੀ ਹਥ ਨੇ ਥੇ-ਔਫ ਸੁਤੇ ਬੁਚੜਾਂ ਦੀ ਸੜਾ ਵਹ੍ਰਿਟ ਦਿਤੀ ਸੀ।

ਜਦੋਂ ਕਿਸੇ ਦਾ ਬਣਿਆ ਹੋਇਆ ਭਰ ਭਜ ਜਾਵੇ ਤਾਂ ਉਹ ਫਿਰ ਆਪਣਾ ਵਿਕਾਰ ਕਾਇਮ ਕਰਨ ਲਈ ਕਈ ਪਾਪੜ ਵੇਲਦਾ ਹੈ।

ਬੁਚੜਾਂ ਦੇ ਮਰ ਜਾਣ ਦਾ ਅੰਗਰੇਜ਼ ਸਰਕਾਰ ਨੂੰ ਕੋਈ ਖਾਸ ਦੁਖ ਨਹੀਂ ਸੀ। ਉਸਨੂੰ ਤਾਂ ਆਪਣਾ ਰਾਜ ਖੁਸ ਜਾਣ ਦਾ ਪਾਲਾ ਮਾਰ ਰਿਹਾ ਸੀ। ਅੰਮ੍ਰਿਤਸਰ ਦੀ ਪੁਲੀਸ ਨੇ ਮੁਜਰਮਾਂ ਦੀ ਸੂਹ ਕਢਣ ਲਈ ਪੰਜਾਬ ਦੇ ਮਸ਼ਹੂਰ ਸੂਹੀਏ ਮਿਸਟਰ ਕਰਿਸਟੀ ਨੂੰ ਸਦ ਲਿਆ।

ਮੁਲਜਮ ਸਨ ਜਾਂ ਹਵਾਈ ਫਰਿਸਤੇ ਜਿਨ੍ਹਾਂ ਦੀ ਸੂਹ ਕਿਤੋਂ ਵੀ ਨਾ ਮਿਲਦੀ।

ਆਖਰ ਮਿਸਟਰ ਕਰਿਸਟੀ ਨੇ ਆਪਣਾ ਟੋਹਰ ਅਤੇ ਸਰਕਾਰ ਦਾ ਦਬਦਬਾ ਬਨਾਣ ਵਾਸਤੇ ਹੀਰੇ ਭਾਟੜੇ ਨੂੰ ਪਕੜ ਲਿਆ ਅਤੇ ਸਪੈਸ਼ਲ ਸਟਾਫ ਵਾਲੇ ਕਮਰੇ ਵਿਚ ਲਿਜ਼ਾਕੇ ਖ਼ੂਬ ਛਿਤਰੌਲ ਫੇਰੀ।

ਮੈਂ ਕਲੇ ਨੇ ਥੋੜੇ ਮਾਰੇ ਨੇ, ਮੇਰੇ ਨਾਲ ਤਾਂ ਅਹੀਆ ਬਦਮਾਸ਼ ਸੀ, ਮਾਰ ਤੋਂ ਡਰਦਿਆਂ ਹੀਰੇ ਭਾਟੜੇ ਨੇ ਆਖ ਦਿਤਾ। ਬਸ ਫਿਰ ਆਹ ਏ ਬਦਮਾਸ਼ ਦੀ ਭੁਗਤ ਸੰਵਾਰੀ ਤਾਂ ਉਸ ਸੇਠ ਜੈਰਾਮ ਦਾ ਨਾ ਲਿਆ ਅਤੇ ਦੋਵੇਂ ਵਾਇਦਾ ਮੁਆਫ ਗਵਾਹ ਬਣ ਗਏ।

ਸੇਠ ਜੀ ਬੁਚੜਾਂ ਨੂੰ ਤੁਸਾਂ ਮਾਰਿਆ ਹੈ ਪੁਲੀਸ ਅਵਸਰ ਨੇ ਪੁਛਿਆ?

ਨਹੀਂ ਸਰਕਾਰ ਮੈਨੂੰ ਤਾਂ ਪਤਾ ਵੀ ਨਹੀਂ। ਫੜ ਲਵੋ ਅਤੇ ਇਸਨੂੰ ਮੂਧਿਆਂ ਪਾਕੇ ਖ਼ੂਬ ਇਹਦੇ ਦੁਤੜਾਂ ਦੀ ਕੁਟਾਈ ਕਰੋ, ਅਫਸਰ ਨੇ ਸਿਪਾਹੀਆਂ ਨੂੰ ਹੁਕਮ ਦਿਤਾ।

ਪਰ ਸੇਠ ਜੈ ਰਾਮ ਇਕਬਾਲੀ ਹੋਣ ਦਾ ਨਾ ਹੀ ਨਹੀਂ ਸੀ ਲੈਂਦਾ ਕਿਉਂਕਿ ਮੌਤ ਦ ਪਰਛਾਵਾਂ ਨਜ਼ਦੀਕ ਹੀ ਦਿਖਾਈ ਦੇ ਰਿਹਾ ਸੀ।

ਜਨਾਬ ਸੇਠ ਤਾਂ ਨਹੀਂ ਮੰਨਦਾ, ਸਿਪਾਹੀਆਂ ਨੇ ਥਕ ਕੇ ਆਖਿਆ।

ਕਿਉਂ ਨਹੀਂ ਮੰਨਦਾ, ਜ਼ਰੂਰ ਮਨਾਣਾ ਹੈ, ਨਹੀਂ ਤਾਂ ਅੰਗਰੇਜ਼ੀ ਰਾਜ ਖਤਮ ਹੋਇਆ ਸਮਝੋ। ਉਸਨੂੰ ਵਿਸ਼ਟੇ ਦੀ ਧੂਣੀ ਦਿਉ ਅਤੇ ਡੰਡੇ ਨੂੰ ਲਾਲ ਮਿਰਚਾਂ ਲਾਕੇ ਇਹਦੀ ਗੁਦਾ ਵਿਚ ਦਿਉ। ਅਫਸਰ ਨੇ ਕੜਕ ਕੇ ਹੁਕਮ ਦਿਤਾ।

ਬਸ ਹੁਕਮ ਦੀ ਪਾਲਨਾ ਕੀਤੀ ਗਈ, ਸੇਠ ਜੈ ਰਾਮ ਨੇ ਨਿਤ ਦੀ ਮਾਰ ਕੁਟਾਈ ਦੇ ਕਸ਼ਟ ਨਾਲੋਂ ਇਕ ਦਿਨ ਹੀ ਮਰ ਜਾਣਾ ਚੰਗਾ ਸਮਝਕੇ ਆਖਰ ਇਕਬਾਲ ਕਰ ਲਿਆ ਤੇ ਉਹ ਵੀ ਵਾਇਦਾ ਮੁਆਫ ਗਵਾਹ ਬਣ ਗਿਆ।

ਸ੍ਰੀ ਭੈਣੀ ਸਾਹਿਬ ਦੀ ਧਰਤੀ ਦੀ ਪਾਵਣ ਖਾਕ ਨੂੰ ਮਥੇ ਤੇ ਲਾ ਸਰਦਾਰ ਬੀਹਲਾ ਸਿੰਘ ਨੇ ਆਪਣੇ ਧੰਨ ਭਾਗ ਸਮਝੇ। ਰਾਮਸਰ ਵਿਚੋਂ ਦੋ ਘੁਟਾਂ ਜਲ ਦੀਆਂ ਲੈਕੇ ਛਕੀਆਂ। ਬੰਹੜਾਂ ਬਲੇ ਸਜੇ ਦੇਵਤਿਆਂ ਦੇ ਮੰਡਲ ਵਿਚ ਪ੍ਰਿਥੀ ਇਲਾਹਾ ਜੋਤ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦੀਦਾਰ ਕਰਕੇ ਅਖਾਂ ਨੂੰ ਤ੍ਰਿਪਤੀ ਹੋਈ। ਦਿਲ ਵਿਚ ਬ੍ਰਿਹਾਂ ਦੀ ਬਲਦੀ ਅੱਗ ਨੂੰ ਸ਼ਾਂਤੀ ਮਿਲੀ। ਅਕਾਲ ਪੁਰਖ ਦੇ ਚਰਨ ਪਰਸ ਕੇ ਬੀਹਲਾ ਸਿੰਘ ਨੇ ਆਪਣੇ ਆਪਨੂੰ ਸੁਭਾਗਾ ਸਮਝਿਆ।

ਅੰਮ੍ਰਿਤਸਰ ਵਾਲੇ ਬੁਚੜਾਂ ਨੂੰ ਬੀਹਲਾ ਸਿੰਘ ਪਤਾ ਹਈ ਕਿਸ ਮਾਰਿਆ ਹੈ, ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ।

ਗਰੀਬ ਨਿਵਾਜ਼ ਜੀ, ਬੁਚੜਾਂ ਨੂੰ ਅਸਾਂ ਕਤਲ ਕੀਤਾ ਹੈ। ਪਰ ਸਰਕਾਰ ਨੇ ਹੋਰ ੧੨ ਆਦਮੀਆਂਤੇਝੂਠਾ ਮੁਕਦਮਾ ਚਲਾਕੇਫਾਂਸੀਦਾ ਹੁਕਮ ਸੁਨਾ ਦਿਤਾ ਹੈ। ਬੀਹਲਾ ਸਿੰਘ ਨੇ ਸਿਰ ਨੀਵਾਂ ਕਰੀ ਖਲੋਤਿਆ ਅਰਜ਼ ਗੁਜ਼ਾਰੀ।

ਕੀ ਅੰਮ੍ਰਿਤਸਰ ਵਾਲੇ ਬੁਚੜਾਂ ਨੂੰ ਮਾਰਕੇ ਤੁਸਾਂ ਗਊਆਂ ਛੁਡਾਈਆਂ ਹਨ?

ਹਾਂ, ਗ੍ਰੀਬ ਨਿਵਾਜ਼ ਜੀ!

ਵਾਹ ਤੁਹਾਡੇ ਸਿਖੋ! ਬੁਚੜ ਤੁਸਾਂ ਮਾਰੇ

Sri Satguru Jagjit Singh Ji Elibrary NamdhariElibrary@gmail.com

ਹੋਨ, ਗਊਆਂ ਤੁਸਾਂ ਛੁਡਾਈਆਂ ਹਨ ਅਤੇ ਸਜ਼ਾ ਕਿਸੇ ਹੋਰਨਾਂ ਬੇ-ਦੋਸ਼ਿਆਂ ਨੂੰ ਮਿਲ ਰਹੀ ਹੈ। ਕੀ ਇਹ ਠੀਕ ਹੈ? ਕਿਸਾਨ ਆਪਣੇ ਖੇਤ ਨੂੰ ਵਾਹੁੰਦਾ ਹੈ ਬੀਜਦਾ ਹੈ, ਪਾਣੀ ਦੇਂਦਾ ਹੈ, ਗੋਡੀ ਕਰਦਾ ਹੈ, ਤਾਂ ਫਸਲ ਤਿਆਰ ਹੁੰਦੀ ਹੈ, ਫਿਰ ਉਸਨੂੰ ਵਢਦਾ ਹੈ, ਗਾਹ ਕੇ ਬੋਹਲ ਬਣਾਂਦਾ ਹੈ, ਤਾਂ ਏਨੀ ਮੇਹਨਤ ਕਰਕੇ ਬੋਹਲ ਉਹ ਕਿਸੇ ਹੋਰ ਨੂੰ ਚੁਕਣ ਦੇਂਦਾ ਹੈ?

ਨਹੀਂ, ਸਚੇ ਪਾਤਸ਼ਾਹ ਜੀ।

ਤਾਂ ਫਿਰ ਤੁਸੀਂ ਆਪਣੀ ਕੀਤੀ ਕਾਰਦਾ ਬੋਹਲ ਕਿਸੇ ਹੋਰ ਨੂੰ ਸੌਂਪ ਰਹੇ ਹੋ। ਇਹ ਕਿਵੇਂ ਠੀਕ ਹੈ।

ਜਾਓ ਜਾਕੇ ਆਪਣੀ ਕਿਰਤ ਦਾ ਫਲ ਸੰਭਾਲੋ ਅਤੇ ਜੋ ਬੇ-ਦੋਸ਼ ਤੁਹਾਡੇ ਥਾਂ ਫਸੇ ਹੋਏ ਹਨ ਓਹਨਾ ਨੂੰ ਜਾਕੇ ਛੁਡਾਵੋ ਅਤੇ ਆਪਣੇ ਕੀਤੇ ਕੰਮ ਦਾ ਇਕਬਾਲ ਕਰੋ, ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ।

ਜਿਵੇਂ ਕਿਸੇ ਤਪਸਵੀ ਦੇ ਮੂੰਹ ਤੇ ਭਗਤੀ ਪੂਰੀ ਹੋ ਜਾਣ ਤੇ ਜਲਾਲ ਟਪਕਦਾ ਹੈ ਹੁਕਮ ਸੁਣਕੇ ਸਿੰਘਾਂ ਦੇ ਮੁਖੜੇ ਤੇ ਲਾਲੀ ਆਗਈ ਅਤੇ ਚਾ ਨਾਲ ਦਿਲ ਭਰ ਗਿਆ ਜਿਵੇਂ ਕਿਸੇ ਕੰਗਾਲ ਨੂੰ ਖਜ਼ਾਨਾ ਮਿਲ ਗਿਆ ਹੋਵੇ।

ਪ੍ਰੀਤਮ ਦੇ ਚਰਨਾਂ ਤੇ ਸਿਰ ਝੁਕਾ ਸਰਦਾਰ ਬੀਹਲਾ ਸਿੰਘ ਜੀ ਸਾਥੀਆਂ ਸਮੇਤ ਲੁਡੀਆਂ ਮਾਰਦੇ ਅੰਮ੍ਰਿਤਸਰ ਨੂੰ ਤੁਰ ਪਏ।

ਜਨਾਬ ਇਹ ਤੁਸਾਂ ਮੁਜਰਮ ਬੇ-ਦੋਸੇ ਪਕੜੇ ਹੋਏ ਹਨ। ਗਊਆਂ ਛੁਡਾਕੇ ਬੁਚੜਾਂ ਨੂੰਮਾਰਨ ਵਾਲੇ ਅਸੀਂ ਤੁਹਾਡੇ ਸਾਹਮਣੇ ਖਲੋਤੇ ਹਾਂ। ਇਹਨਾਂ ਬੇ-ਗੁਨਾਹ ਨੂੰ ਛਡਕੇ ਸਾਨੂੰ ਪਕੜ ਲਵੋ। ਸਰਦਾਰ ਬੀਹਲਾ ਸਿੰਘ ਨੇ ਗਰਜ਼ ਕੇ ਆਖਿਆ:

ਨਹੀਂ, ਐਸਾ ਕਦੀ ਨਹੀਂ ਹੋ ਸਕਦਾ, ਇਕ ਮੁਜਰਮ ਉਸ ਅਦਾਲਤ ਵਿਚ ਆਪਣੇ ਜੁਰਮ ਦਾ ਇਕਬਾਲ ਕਰੇ ਜਿਥੇ ਸੱਚ ਬੋਲਣ ਵਾਲੇ ਨੂੰ ਮੌਤ ਦੀ ਸਜ਼ਾ ਮਿਲਣੀ ਹੈ। ਜਾਉ ਤੁਸੀਂ ਦੋਸ਼ੀ ਨਹੀਂ। ਮਜਸਟਰੇਟ ਨੇ ਕਿਹਾ।

ਕਿਉਂ ਜਨਾਬ ਅਸੀਂ ਦੋਸ਼ੀ ਕਿਉਂ ਨਹੀਂ?

ਮੈਂ ਅਜ ਤਕ ਐਸਾ ਮਨੁਖ ਕੋਈ ਨਹੀਂ ਵੇਖਿਆ। ਜੋ ਆਪ ਮੌਤ ਮੂੰਹ ਆਕੇ ਦੂਸਰੇ ਨੂੰ ਕਾਲ ਦੇ ਜਬਾੜਿਆਂ ਵਿਚੋਂ ਬਚਾ ਲਵੇ। ਸਗੋਂ ਇਜੇਹੇ ਹਜ਼ਾਰਾਂ ਵੇਖੇ ਹਨ ਜੋ ਕਚਹਿਰੀ ਵਿਚ ਦੋਸ਼ੀ ਹੁੰਦੇ ਹੋਏ ਵੀ ਝੂਠੀਆਂ ਸਹੁੰਵਾਂ ਖਾਕੇ ਜਾਨ ਬਚੌਂਦੇ ਹਨ।

ਇਹ ਠੀਕ ਹੈ! ਪਰ ਸਾਰੇ ਇਕੋ ਜਹੇ ਨਹੀਂ ਹੁੰਦੇ। ਪਰ ਅਸਾਂ ਦੋਸ਼ੀ ਹਾਂ। ਲੋਕੀਂ ਮੌਤ ਤੋਂ ਡਰਦੇ ਹਨ ਪਰ ਸਾਨੂੰ ਮੌਤ ਨਾਲ ਪਿਆਰ ਹੈ। ਸਾਡੀ ਪਾਕ ਪਵਿਤਰ ਬਾਣੀ ਵਿਚ ਲਿਖਿਆ ਹੈ:
'ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ।'

ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਪਰਸੇ ਹਨ। ਜਿਸ ਸਦਕਾ ਸਾਡਾ ਜਨਮ ਮਰਨ ਦਾ ਬੰਧਨ ਟੁਟ ਚੁਕਾ ਹੈ। ਸਾਡੇ ਲਈ ਜੀਊਣਾ ਅਤੇ ਮਰਨਾ ਇਕ ਸਮਾਨ ਹੈ। ਅਸਾਂ ਖੰਡੇ ਦਾ ਅੰਮ੍ਰਿਤ ਛਕਿਆ ਹੈ ਜਿਥੋਂ ਅਣਖ ਦੇ ਜੀਵਨ ਦਾ ਤੇ ਕਿਸੇ ਬਦਲੇ ਮਰਨ ਦੀ ਗੁੜ੍ਹਤੀ ਮਿਲਦੀ ਹੈ।

ਜਿਥੋਂ ਸਚ ਬੋਲਣ ਦਾ ਉਪਦੇਸ਼ ਮਿਲਦਾ ਹੈ।

ਅਸਾਂ ਉਸ ਸਕੂਲ ਚੋਂ ਵਿਦਿਆ ਪ੍ਰਾਪਤ ਕੀਤੀ ਹੈ ਜਿਥੋਂ ਦਾ ਗਊ ਗ੍ਰੀਬ ਦੀ ਰਖਿਆ ਲਈ ਮਰਨਾ ਪਹਿਲਾਂ ਸਬਕ ਹੈ। ਇਸ ਲਈ ਸਾਨੂੰ ਮੌਤ ਦਾ ਕੋਈ ਡਰ ਨਹੀਂ। ਤੂੰ ਇਹਨਾਂ ਬੇ-ਦੋਸ਼ਿਆਂ ਨੂੰ ਛਡਕੇ ਸਾਨੂੰ ਸਜ਼ਾ ਦੇਹ। ਸਰਦਾਰ ਬੀਹਲਾ ਸਿੰਘ ਜੀ ਹਸਦਿਆਂ ਕਿਹਾ।

ਮੈਨੂੰ ਪਤਾ ਹੈ ਤੁਸੀਂ ਇਹਨਾਂ ਤੇ ਤਰਸ ਕਰਕੇ ਇਹਨਾਂ ਦੀ ਜਾਨ ਬਚਾ ਰਹੇ ਹੋ ਪਰ ਅਸਲ ਦੋਸ਼ੀ ਤੁਸੀਂ ਨਹੀਂ ਇਹ ਹਨ। ਨਾਲੇ ਸਾਡੇ ਮੁਕਦਮੇ ਦੀ ਫਾਈਲ ਪੂਰੀ ਹੋ ਚੁਕੀ ਹੈ, ਕਾਨੂੰਨ ਤੁਹਾਨੂੰ ਦੋਸ਼ੀ ਨਹੀਂ ਮੰਨ ਸਕਦਾ। ਮਜਸਟਰੇਟ ਨੇ ਧੜਕਦੇ ਦਿਲ ਨਾਲ ਆਖਿਆ।

ਕੀ ਭਰਾਵਾਂ ਭਰਾਵਾਂ ਨੂੰ ਪਾੜਕੇ ਰਾਜ ਕਰਨਾ ਹੀ ਤੁਹਾਡਾ ਕਾਨੂੰਨ ਹੈ? ਕੀ ਬੇਦੋਸ ਗਊਆਂ

Sri Satguru Jagjit Singh Ji Elibrary NamdhariElibrary@gmail.com

ਦੇ ਗਲ ਤੇ ਛੁਰੀ ਚਲਾਣੀ ਹੀ ਤੁਹਾਡਾ ਕਾਨੂੰਨ ਹੈ? ਅਤੇ ਬੇਗੁਨਾਹ ਨੂੰ ਫਾਂਸੀ ਦੇਣਾ ਹੀ ਤੁਹਾਡਾ ਕਾਨੂੰਨ ਹੈ? ਕੀ ਤੁਹਾਡਾ ਕਾਨੂੰਨ ਤੇ ਇਨਸਾਫ ਸਾਨੂੰ ਦੋਸ਼ੀਆਂ ਨੂੰ ਬੇਦੋਸ਼ ਕਹਿੰਦਾ ਹੈ। ਤਾਂ ਸਾਡੇ **ਹਥਿਆਰ** ਵੇਖ ਲੈ, ਜਿਨਾਂ ਨਾਲ ਅਸਾਂ ਪਾਪੀਆਂ ਨੂੰ ਝਟਕਾਇਆ ਹੈ। ਤਾਂ ਸਿੰਘਾ ਨੇ ਦਬੇ ਹੋਏ ਹਥਿਆਰ ਲਿਆਕੇ ਪੇਸ਼ ਕਰ ਦਿਤੇ।

ਮਿਜਸਟਰੇਟ ਦੀ ਘੁਸਾਉ ਕਰਨ ਤੋਂ ਜਦੋਂ ਕੋਈ ਪੇਸ਼ ਨਾ ਗਈ ਤਾਂ ੩੧ ਅਗਸਤ ੧੮੭੧ ਨੂੰ ੧. ਸ੍ਰ: ਬੀਹਲਾ ਸਿੰਘ ਨਾਰਲੀ। ੨. ਸਰਦਾਰ ਹਾਕਮ ਸਿੰਘ ਪਿੰਡ ਮੌੜੇ। ੩. ਸ੍ਰ. ਲਹਿਣਾ ਸਿੰਘ ਅੰਮ੍ਰਿਤਸਰ। ੪. ਸਰਦਾਰ ਫਤਹਿ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੂੰ ਫਾਂਸੀ ਦਾ ਹੁਕਮ ਸੁਣਾ ਦਿਤਾ।

ਧੰਨ ਸਤਿਗੁਰੂ ਰਾਮ ਸਿੰਘ ਜੀ! ਧੰਨ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਜਿੰਨਾਂ ਨੇ ਪਹਿਲੇ ਗਊਆਂ ਦੀਆਂ ਜਾਨਾਂ ਬਚਾਈਆਂ ਅਤੇ ਹੁਣ ਸਾਨੂੰ ਸਭ ਕਾਨੂੰਨ ਤੋੜਕੇ ਮੌਤ ਦੇ ਮੂੰਹੋਂ ਛੁਡਾਇਆ ਹੈ। ਦੁਨੀਆਂ ਵਿਚ ਅਜਿਹਾ ਕੌਣ ਹੈ ਜੋ ਕਿਸੇ ਦੀ ਥਾਂ ਤੇ ਆਪਣੀ ਜਾਨ ਦੇਵੇ, ੧੨ ਬੇਦੋਸ਼ੇ ਘਰਾਂ ਨੂੰ ਜਾਂ ਦੇਸ਼ਿਘਾਂ ਦਾ ਜਸ ਕਰ ਰਹੇ ਸਨ।

ਇਹਨਾਂ ਦੋਸ਼ੀਆਂ ਨੂੰ ਓਥੇ ਫਾਂਸੀ ਲਾਇਆ ਜਾਵੇ ਜਿਥੇ ਸਾਰੀ ਪਬਲਕ ਇਹਨਾਂ ਨੂੰ ਵੇਖ ਸਕੇ, ਅਤੇ ਅਗੋਂ ਕੋਈ ਅਜਿਹਾ ਕਰਨ ਦਾ ਹੀਆ ਨਾ ਕਰ ਸਕੇ।

ਹਛਾ ਜਨਾਬ ਆਖਕੇ ਪੁਲਸੀਏ ਨੇ ਸਿਰ ਝੁਕਾਇਆ।

ਅਜ ਰਾਮਬਾਗ ਦੀ ਵਡੀ ਬੋਹੜ ਨਾਲ ਚੰਮ ਦੀ ਤੰਦੀ ਲਟਕ ਰਹੀ ਸੀ। ਬਾਹਰੇ ਦੀ ਖਲਕਤ ਵਤਨ ਦੇ ਆਸ਼ਕਾਂ ਨੂੰ ਫਾਂਸੀ ਤੇ ਝੂਟੇ ਲੈਂਦਿਆਂ ਨੂੰ ਵੇਖਣ ਵਾਸਤੇ ਢੁਕੀ ਹੋਈ ਸੀ।

ਅੰਮ੍ਰਿਤਸਰ ਦੇ ਸਰੋਵਰ ਚੋਂ ਇਸ਼ਨਾਨ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਲਾਡਲੇ ਬੀਰਾਂ ਨੇ ਅਰਦਾਸ ਕੀਤੀ: 'ਬੁਰੇ ਭਲੇ ਹਮ ਥਾਰੇ!' ਅਖਾਂ ਵਿਚ ਓੜਕਾਂ ਦੀ ਮਸਤੀ ਸੀ, ਮੁਖੜੇ ਦਾ ਨੂਰ ਸੂਰਜਦੀਆਂ ਰਿਸ਼ਮਾਂ ਨੂੰ ਮਾਤ ਪਾ ਰਿਹਾ ਸੀ। ਭਾਰਤ ਦੇ ਸਚੇ ਸਪੂਤਾਂ ਦਾ ਹਾਸਾ ਮਸੂਮ ਕਲੀ ਨੂੰ ਖਿੜਨ ਦੀ ਜਾਚ ਦਸ ਰਿਹਾਸੀ।

ਚਲੋ ਖਾਲਸਾ ਜੀ ਫਾਂਸੀ ਦਾ ਵਕਤ ਹੋ ਰਿਹਾ ਹੈ, ਕਿਸੇ ਸਿਪਾਹੀ ਨੇ ਆਖਿਆ।

ਠਾਕਰ ਤੁਮ ਸਰਨਾਈ ਆਇਆ
ਉਤਰਿ ਗਇਆ ਮੇਰੇ ਮਨ ਕा ਸੰਸਾ
ਜਬ ਤੇਰਾ ਦਰਸ਼ਨ ਪਾਇਆ

ਢੋਲਕੀ ਦੀ ਅਵਾਜ ਅਕਾਸ਼ ਨੂੰ ਚੁੰਮ ਰਹੀ ਸੀ ਸਿੰਘ ਮਸਤ ਹਾਥੀ ਦੀ ਚਾਲ ਚਲਦੇ ਸ਼ਬਦ ਪੜ੍ਹਦੇ ਬੋਹੜ ਕੋਲ ਆਨ ਪਹੁੰਚੇ।

ਕੋਈ ਤੁਹਾਡੀ ਆਖਰੀ ਖਾਹਿਸ਼ ਹੈ ਤਾਂ ਦਸੋ ਪੂਰੀ ਕੀਤੀ ਜਾਵੇ। ਅੰਗਰੇਜ ਅਫਸਰ ਨੇ ਪੁਛਿਆ?

ਹਾਂ ਸਾਡੀ ਆਖਰੀ ਖਾਹਿਸ਼ ਹੈ।

ਕੀ? ਅਫਸਰ ਨੇ ਅਧੀਨਗੀ ਨਾਲ ਕਿਹਾ।

ਇਕ ਤਾਂ ਤਖਤੇ ਤਾਜ ਤੇ ਚੜਨ ਲਗਿਆਂ ਸਾਡੇਨਾਲ ਕੋਈ ਭੰਗੀਨਾ ਛੂਹੇ ਅਤੇ ਦੂਸਰੀਜੋ ਮੌਤ ਰਾਣੀ ਨੇ ਸਾਡੇ ਵਾਸਤੇਹਾਰ ਤਿਆਰ ਕੀਤਾਹੈ ਉਹ ਚੰਮ ਦੀ ਤੰਦੀ ਹੈ। ਉਸਦੇ ਥਾਂ ਰੇਸ਼ਮ ਦਾ ਰਸ ਤਿਆਰ ਕੀਤਾ ਜਾਵੇ। ਇਹਸਾਡੀਅੰਤਮ ਸਧਰ ਹੈ।

ਬਹੁਤ ਹਛਾ, ਆਖਕੇ ਬਿਲੇ ਨੇ ਰੇਸ਼ਮ ਦਾ ਰਸਾ ਲਿਆਉਣ ਦਾ ਹੁਕਮ ਦਿਤਾ।

ਲੋਕ ਵਤਨ ਦੇ ਆਸ਼ਕਾਂ ਨੂੰ ਮੌਤ ਲਾੜੀ ਨੂੰ ਹਸ ਹਸ ਵਰਦਿਆਂ ਵੇਖਣ ਆਢੂ ਹੋਇ ਸਨ। ਸਰਦਾਰ ਬੀਹਲਾ ਸਿੰਘ ਨੇ ਬੋਹੜ ਨਾਲ ਲਟਕਦੇ ਰੇਸ਼ਮੀ ਰਸੇ ਨੂੰ ਚੁੰਮਿਆ ਅਤੇ ਮਸਤ ਸੁਰ ਵਿਚ ਗਾਇਆ!

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਅਨੰਦੁ। ਮਰਨੇ ਹੀਤੇ ਪਾਈਐ ਪੂਰਨ ਪਰਮਾ ਨੰਦੁ ਅਤੇ ਖੁਸ਼ੀ ਖੁਸ਼ੀ ਰਸਾ ਗਲ ਵਿਚ ਪਾ ਲਿਆ ਜਿਵੇਂ ਸੁਹਾਗਣ ਆਪਣੇ ਪ੍ਰੀਤਮ ਦੇ ਗਲ ਵਿਚ ਸਧਰਾਂ ਦਾ ਹਾਰ ਪਾ ਰਹੀ ਹੋਵੇ। ਇਉਂ ਚਾਰੇ ਸਿੰਘ ਮੌਤ ਨੂੰ ਮਸ਼ਕਰੀਆ ਕਰਦੇ ਦੇਸ ਅਜ਼ਾਦੀ ਤੇ ਗਊ ਮਾਤਾ ਦੀ ਜਾਨ ਲਈ ਜਾਨਾ ਵਾਰ ਗਏ

Sri Satguru Jagjit Singh Ji Elibrary NamdhariElibrary@gmail.com

ਭਾਰਤ ਵਿਚ ਬਲਦਾਂ ਦੀ ਲੋੜ

ਸ੍ਰੀ ਮਾਨ ਪਰਨੇਰਕਰ ਜੀ

ਕਿਸੇ ਵੀ ਚੰਗੇ ਸੰਗਠਤ ਸਮਾਜ ਲਈ ਇਹ ਜਰੂਰੀ ਹੈ, ਕਿ ਉਸ ਦੇ ਹਰ ਇਕ ਪ੍ਰਾਣੀ ਮਾਤਰ ਦੇ ਜੀਵਨ ਦੀਆਂ ਬੁਨਿਆਦੀ ਜਰੂਰਤਾਂ, ਰਹਿਣ ਲਈ ਘਰ ਤਨ ਢਕਣ ਲਈ ਕਪੜਾ ਅਤੇ ਸਰੀਰ ਦੀ ਪਾਲਣਾ ਲਈ ਮਨ ਭਾਉਂਦਾ ਅੰਨ ਪ੍ਰਾਪਤ ਹੋਵੇ ਅਤੇ ਉਸ ਨੂੰ ਆਪਣੀ ਸਹਿਤ ਦੁਆਰਾ ਪ੍ਰਾਪਤ ਕਰਨ ਦਾ ਹਕ ਹੋਵੇ ਦੂਜਿਆਂ ਦੀ ਦਇਆ ਤੇ ਜਿਊਣ ਵਾਲਿਆਂ ਦਾ ਸਨਮਾਨ ਨਹੀਂ ਹੁੰਦਾ ਅਤੇ ਨਾ ਹੀ ਆਤਮ ਵਿਸ਼ਵਾਸ਼ ਦ੍ਰਿੜ ਹੁੰਦਾ ਹੈ।

ਕੁਝ ਸਾਲ ਪਹਿਲਾਂ ਭਾਰਤ ਅੰਨ ਦੇ ਮਸਲੇ ਵਿਚ ਨਾ ਕੇਵਲ ਆਤਮ ਨਿਰਭਰ ਹੀ ਸੀ ਪ੍ਰੰਤੂ ਖੇਤੀ ਦੁਆਰਾ ਪੈਦਾ ਹੋਣ ਵਾਲੀਆਂ ਚੀਜ਼ਾਂ ਬਾਹਰ ਭੇਜਦਾ ਸੀ। ਬਾਲਕਟ ਰੈਲੀ ਆਦਿ ਕਿੰਨੀਆਂ ਹੀ ਅਜਿਹੀਆਂ ਕੰਪਨੀਆਂ ਭਾਰਤ ਵਿਚੋਂ ਮਾਲ ਖਰੀਦ ਕੇ ਦੂਜਿਆਂ ਦੇਸ਼ਾਂ ਨੂੰ ਭੇਜਦੀਆਂ ਸਨ। ਚੰਗਾ ਚੋਖਾ ਬਪਾਰ ਚਲਦਾ ਸੀ ਓਦੋਂ ਸਾਡਾ ਦੇਸ਼ ਪਰਅਧੀਨ ਸੀ ਅਜ ਸਾਨੂੰ ਅਜ਼ਾਦੀ ਮਿਲਿਆਂ ਕਰੀਬ ਵੀਹ ਸਾਲ ਹੋ ਗਏ ਹਨ ਹੁਣ ਅਸੀਂ ਅਨਾਜ ਬਾਹਰ ਨਹੀਂ ਭੇਜਦੇ ਪ੍ਰੰਤੂ ਵਧ ਤੋਂ ਵਧ ਮਾਤਰਾ ਵਿਚ ਬਾਹਰੋਂ ਮੰਗਾਦੇ ਹਾਂ ਅਤੇ ਅੰਨ ਲਈ ਦੂਜਿਆਂ ਦੇ ਮੁਹਤਾਜ ਹਾਂ ਆਪਣੀ ਪਰਤਿਸ਼ਟਾ ਅਤੇ ਘਨ ਉਸ ਲਈ ਬਰਬਾਦ ਕਰਦੇ ਹਾਂ ਪਰ ਫਿਰ ਵੀ ਕਾਲ ਤੇ ਮਹਿੰਗਾਈ ਦਾ ਸਾਹਮਣਾ ਕਰਨਾ ਪੈਂਦਾ ਹੈ ਇਹ ਬੜੀ ਦਰਦ ਨਾਕ ਦਸ਼ਾ ਹੈ। ਬਹਿਸ ਵਿਚ ਪੈਣ ਦੀ ਲੋੜ ਨਹੀਂ ਪ੍ਰੰਤੂ ਇਹ ਸਚ ਹੈ ਕਿ ਇਹਦਾ ਪ੍ਰਭਾਵ ਸਾਡੀਆਂ ਵਿਕਾਸ ਯੋਜਜਨਾਵਾਂ ਤੇ ਵੀ ਪੈਂਦਾ ਹੈ ਤੇ ਸਾਡੀ ਉਨਤੀ ਰੁਕਦੀ ਹੈ।

ਕਰੀਬ ੪੦ ਸਾਲ ਪਹਿਲਾਂ ਲੇਖਕ ਕ੍ਰਿਸ਼ ਔਜਾਰ ਖਰੀਦਣ ਲਈ ਇਕ ਵਡੀ ਫ਼ਰਮ ਵਿਚ ਗਿਆ ਫਰਮ ਦਾ ਮੁਖ ਕੰਮ ਯੂਰਪੀਨ ਦੇਸ਼ਾਂ ਨੂੰ ਅਨਾਜ ਭੇਜਨਾ ਸੀ ਫਰਮ ਦੇ ਪਰਬੰਧਕ ਤੋਂ ਪੁਛਿਆ ਗਿਆ ਓਹਨਾਂ ਨੂੰ ਔਜਾਰ ਆਦਿ ਵੇਚਣ ਦੇ ਝੰਜਟ ਵਿਚ ਕਿਉਂ ਰਹਿਣਾ ਪੈਂਦਾ ਹੈ। ਓਹਦੀ ਦਲੀਲ ਵਿਚ ਦੋ ਮਹਤਵ ਪੂਰਨ ਗਲਾਂ ਸਨ ਭਾਰਤ ਵਿਚ ਛੋਟੇ ਛੋਟੇ ਕਿਸਾਨ ਹਨ, ਕੁਟੰਬ ਪੂਰਤੀ ਤੋਂ ਇਲਾਵਾ ਜੋ ਅਨਾਜ ਬਚਦਾ ਏ ਉਹੋ ਉਹ ਵੇਚਦੇ ਹਨ, ਉਹ ਕੰਮ ਕਈ ਦਲਾਲਾਂ ਦੁਆਰਾ ਹੁੰਦਾ ਹੈ ਜਿਸ ਨਾਲ ਖਰਚ ਵਧਦਾ ਹੈ। ਯੰਤਰ ਦਾ ਪਰਸਾਰ ਕਰਨ ਨਾਲ ਖੇਤੀ ਵਡੇ ਕਿਸਾਨਾ ਦੇ ਹਥ ਜਾਇਗੀ, ਇਕ ਹੀ ਜਗਾ ਜ਼ਿਆਦਾ ਉਤਪਾਦਨ ਹੋਵੇਗਾ। ਇਸ ਤਰਾਂ ਖਰੀ-ਦਨ ਵਿਚ ਅਸਾਨੀ ਹੋਵੇਗੀ। ਦੂਜੀ ਦਲੀਲ ਸੀ ਕਿ ਛੋਟੇ ਕਿਸਾਨ ਹੋਣ ਦੇ ਨਾਤੇ ਉਹ ਸੁਤੰਤਰ ਹੁੰਦੇ ਹਨ ਅਤੇ ਆਪਣੀਆਂ ਜ਼ਰੂਰਤਾਂ ਖੁਦ ਪੂਰੀਆਂ ਕਰ ਲੈਂਦੇ ਹਨ। ਜੀਵਨ ਨਿਰਬਾਹ ਘਟ ਸਾਧਨਾਂ ਨਾਲ ਚਲਦਾ ਹੈ ਇਸ ਲਈ ਓਹਨਾਂ ਤੇ ਭਰੋਸਾ ਘਟ ਰਖਿਆ ਜਾ ਸਕਦਾ ਹੈ। ਵਡੇ ਕਿਸਾਨ ਧਨ ਕਮਾਈ ਵਲ ਧਿਆਨ ਦੇਣਗੇ, ਜੀਵਨ ਪਧਰ ਵਧਾਣ ਦੀ ਕੋਸ਼ਸ਼ ਹੋਵੇਗੀ। ਓਹਨਾਂ ਨੂੰ ਬੰਧਨ ਵਿਚ ਰਖਣਾ ਬਹੁਤਾ ਚੰਗਾ ਨਹੀਂ ਹੋਵੇਗਾ ਆਰਥਕ ਤਥਾ ਰਾਜਨੀਤਕ ਦੋਹਨਾਂ ਪਰ ਪਰ ਨਾ ਲੀਆਂਦੀ ਸਾਧਨਾ ਇਸ ਯੰਤਰੀ ਕਰਨ ਦਾ ਮਨੋਰਥ ਹੈ।

ਭਾਰਤ ਦੀਅਬਾਦੀ ਹੁਣਕਰੀਬ ੫੦ ਕਰੋੜ ਤਕ ਪਹੁੰਚ ਗਈ ਹੈ, ਜਿਧੇ ਵਿਚੋਂ ਕਰੀਬ ੮੦

Sri Satguru [redacted] Singh Ji Elibrary [redacted]@gmail.com

ਪਰਤੀਸ਼ਤ ਖੇਤੀ ਜਾਂ ਉਸ ਨਾਲ ਸਬੰਧਤਕੰਮਾਂਵਿਚ ਲਗੇ ਹੋਇ ਹਨ, ਵੈਸੇ ਇਹ ਮੰਨਿਆਂ ਜਾਂਦਾ ਹੈ ਕਿ ਅਜ ਦੇਸ਼ ਵਿਚ ਤਿੰਨ ਪੰਚ ਵਰਸ਼ੀ ਯੋਜਨਾਂਵਾਂ ਤੋਂ ਇਲਾਵਾ ਵੀ ੬੫ ਲਖ ਬੇਕਾਰ ਹਨ। ਚੌਥੀ ਪੰਚ ਵਰਸ਼ੀ ਯੋਜਨਾਂ ਦੇ ਅੰਤ ਤਕ ਇਹ ਗਿਣਤੀ ਇਕ ਕਰੋੜ ੪੦ ਲਖ ਤਕ ਪੰਹੁਚ ਜਾਣ ਦੀ ਸੰਭਾਵਨਾ ਹੈ। ਐਸੀ ਹਾਲਤ ਵਿਚ ਖੇਤੀ ਦਾ ਯੰਤਰ ਕਰਨ ਕਰਕੇ ਦੇਸ ਵਿਚ ਬੇਕਾਰੀ ਦਾ ਵਧਾਣਾ ਕਿਥੋਂ ਤਕ ਉਚਿਤ ਹੋਵੇ ਅਤੇ ਇਸਦਾ ਵਿਕਾਸ ਕਰਨਾ ਹੀ ਹੈ।

ਭਾਰਤ ਵਿਚ ਖੇਤੀ ਦਾ ਇਕ ਢਾਂਚਾ ਜਿਹਾ ਬਣਿਆ ਹੋਇਆ ਹੈ। ਬਹੁਤ ਪ੍ਰਵਾਰਾਂ ਕੋਲ ੧੦ ਏਕੜ ਤੋਂ ਘਟ ਜ਼ਮੀਨ ਹੈ ਜਿਨਾਂ ਦੇ ਕਬਜੇ ਵਿਚ ਡੇਢ ਜਾਂ ਦੋ ਏਕੜ ਜ਼ਮੀਨ ਹੈ ਉਹ ਖੁਦ ਆਪਣੀ ਮੇਹਨਤ ਤੇ ਹੀ ਨਿਰਭਰ ਰਹਿੰਦੇ ਹਨ ਅਤੇ ਲੋੜ ਪੈਣ ਤੇ ਪੜੋਸੀਆਂ ਨੂੰ ਆਪਣੇ ਬਲਦਾਂ ਰਾਹੀਂ ਸਹੈਤਾ ਦੇਂਦੇ ਹਨ। ੨੫ ਏਕੜ ਤਕ ਖੇਤੀ ਕਰਨ ਵਾਲਾ ਕਿਸਾਨ ਬਲਦਾਂ ਦੇ ਭਰੋਸੇ ਤੇ ਨਿਰਭਰ ਹੈ ਵਡੇ ਕਿਸਾਨ ਹੁਣ ਯੰਤਰਾਂ ਵਲ ਝੁਕਣ ਲਗ ਪੈ ਹਨ।

ਦੇਸ਼ ਨੂੰ ਜੇ ਆਤਮ ਨਿਰਭਰ ਬਨਣਾ ਹੈ ਤਾਂ ਤੇਜੀ ਨਾਲ ਵਧਣ ਵਾਲੀ ਅਬਾਦੀ ਅਨੁਸਾਰ ਉਤਪਾਦਨ ਵੀ ਵਧਾਣਾ ਹੋਵੇਗਾ। ਇਹ ਮੰਨਣਾ ਪਵੇਗਾ ਕਿ ਸਾਡਾ ਫੀ ਏਕੜ ਉਤਪਾਦਨ ਦੂਜੇ ਦੇਸ਼ਾਂ ਦੀ ਤੁਲਨਾ ਤੋਂ ਬਹੁਤ ਘਟ ਹੈ,ਪਰ ਬਹੁਤੀਆਂ ਥਾਵਾਂ ਵਿਚ ਕੀਤੇ ਗਏ ਪ੍ਰਯੋਗਾਂ ਦੁਆਰਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਅਜ ਦੀ ਪ੍ਰਸਥਿਤੀ ਵਿਚ ਵੀ ਉਤਪਾਦਨ ਵਧਾਣ ਦੀ ਕਾਫੀ ਗੁੰਜਾਇਸ਼ ਹੈ। ਹੁਣ ਤੇ ਸਿੰਚਾਈ ਖਾਦ ਉਨਤ ਬੀਜ ਆਦਿ ਵੀ ਜ਼ਿਆਦਾ ਮਾਤਰਾ ਵਿਚ ਮਿਲ ਰਹੇ ਹਨ। ਖੇਤੀ ਵਿਚ ਮੇਹਨਤ ਦਾ ਇਕ ਖਾਸ ਸਥਾਨ ਰਿਹਾ ਹੈ। ਫਸਲ ਤਿਆਰ ਕਰਨ ਦੇ ਅਨੇਕ ਕੰਮ ਜਿਵੇਂ ਜੋਣਾ, ਬੀਜਨਾ, ਪਾਣੀ ਦੇਣਾ, ਨਿਦੀਨ ਕਢਣਾ, ਵਢਣਾਂ, ਗਾਹਣਾਂ, ਇਹਨਾਂ ਸਭ ਕੰਮਾਂ ਲਈ ਸਖਤ ਕਮਾਈ ਦੀ ਜਰੂਰਤ ਹੁੰਦੀ ਹੈ। ਫਸਲ ਤਿਆਰ ਹੋ ਜਾਣ ਤੇ ਉਸਨੂੰ ਬਜ਼ਾਰ ਵਿਚ ਪਹੁੰਚਾਣ ਲਈ ਵੀ ਮੇਹਨਤ ਚਾਹੀਦੀ ਹੈ। ਮਨੁਖ ਨੇ ਆਪਣੇ ਹਥਾਂ ਨਾਲ ਕੰਮ ਕਰਨਾ ਸ਼ੁਰੂ ਕੀਤਾ ਕੰਮ ਵਧਣ ਤੇ ਪਸ਼ੂਆਂ ਦੀ ਮਦਦ ਲਈ, ਅਨੁਭਵ ਨਾਲ ਵੇਖਿਆ ਹੈ ਕਿ ਇਹਨਾਂ ਪਸ਼ੂਆ ਵਿਚੋਂ ਬਲਦ ਸਭ ਤੋਂ ਜ਼ਿਆਦਾ ਕੰਮ ਕਰਨ ਵਾਲਾ ਹੈ।

ਖਣਿਜ ਕੋਲਾ ਤੇਲ ਆਦਿ ਦਾ ਉਪਯੋਗ ਕਰਨਾ ਸ਼ੁਰੂ ਕੀਤਾ। ਉਨਤ-ਸ਼ੀਲ ਦੇਸ਼ਾਂ ਲਈ ਇਹਨਾਂ ਸਭ ਸ਼ਕਤੀਆਂ ਦਾ ਉਚਿਤ ਭਾਸ਼ਾ ਵਿਚ ਵਰਨਣ ਕਰਨਾ ਲਾਭਦਾਇਕ ਹੋਵੇਗਾ।

ਮਨੁਖ ਕੇਵਲ ਰੋਟੀ ਤੇ ਹੀ ਨਹੀਂ ਜਿਉਂਦਾ ਸਗੋਂ ਉਸ ਵਿਚ ਜੀਵਨ ਦੀਆਂ ਅਨੇਕ ਭਾਵਨਾਵਾਂ ਹੁੰਦੀਆਂ ਹਨ, ਗੋ-ਪ੍ਰਾਣੀ ਦੀ ਮਹਾਨਤਾ ਵੇਖਕੇ ਓਹਨੂੰ ਚੰਗੀ ਅਗਵਾਈ ਦੇਣ ਦੀ ਜ਼ਿਮੇਵਾਰੀ ਲਈ ਭਾਰਤੀ ਕਿਸਾਨਾ ਨੂੰ ਤੇ ਗਊ—ਵੰਸ਼ ਨੂੰ ਆਪਣੇ ਕੁਟੰਬ ਵਿਚ ਸਥਾਨ ਦਿਤਾ। ਉਸਦੀ ਖੁਸ਼ਹਾਲੀ ਦਾ ਸੰਕਲਪ ਕੀਤਾ, ਪ੍ਰੰਤੂ ਇਹ ਨਿਸ਼ਾਨਾ ਵੀ ਉਸਨੇ ਮੰਨਿਆ ਕਿ ਉਪਯੋਗਤਾ ਬਿਨਾਂ ਕਿਸੇ ਪ੍ਰਾਣੀ ਦੀ ਰਖਸ਼ਾ ਨਹੀਂ ਕੀਤੀ ਜਾ ਸਕਦੀ। ਬਲਦ ਕੰਮ ਨਹੀਂ ਕਰਦਾ ਬੇਕਾਰ ਹੋ ਜਾਂਦਾ ਹੈ ਤੇ ਫਿਰ ਭਾਵਨਾ ਨਾਲ ਹੀ ਪਾਲਿਆ ਜਾ ਸਕਦਾ ਹੈ,ਭਾਰਤੀ ਜੀਵਨ ਵਿਚ ਬਲਦਾਂ ਦੀ ਬੇਕਾਰੀ ਹੀ ਸਮਸਿਆ ਪੈਦਾ ਕਰੇਗੀ ਤੇਓਹਨਾਂ ਦਾ ਨਿਰਾਦਰ ਹੋਣ ਲਗੇਗਾ। ਅੰਤ ਅਜਿਹੀ ਸਥਿਤੀ ਆ ਜਾਇਗੀ ਕਿ ਲੋਕ ਗਊ ਪਸ਼ੂ ਦਾ ਉਪਯੋਗ ਖਾਣ ਲਈ ਕਰਨ ਵਿਚਮਜ਼ਬੂਰ ਹੋ ਜਾਣਗੇ। ਜਿੰਨਾਂ ਭਾਵਨਾਵਾਂ ਨੂੰ ਦੇਸ਼ ਵਿਚ ਇੰਨੀ ਉਚੀ ਜਗ੍ਹਾ ਮਿਲੀ ਹੈ ਉਹ ਸਭ ਖਤਮ ਹੋ ਜਾਣਗੀਆਂ।

ਕੀ ਬਲਦਾਂ ਦੁਆਰਾ ਖੇਤੀ ਕਰਨੀ ਲਾਭ-ਦਾਇਕ ਨਹੀਂ ਹੁੰਦੀ? ਕਿੰਨੇ ਹੀ ਉਦਾਹਰਨ ਦਿਤੇ ਜਾ ਸਕਦੇ ਹਨ ਕਿ ਕੇਵਲ ਬਲਦਾਂ ਦੇ ਭਰੋਸੇ ਹੀ ਭਾਰਤੀ ਕਿਸਾਨ ਬਹੁਤ ਉਤਮ ਖੇਤੀ ਕੀਤੀ ਹੈ, ਉਤਪਾਦਨ ਦਾ ਰੀਕਾਰਡ ਤੋੜਿਆ ਹੈ। ਕੁਛ ਲੋਕ ਮੰਨਦੇ ਹਨ ਕਿ ਚੰਗੇ ਬਲਦ ਅਤੇ ਠੀਕ ਸਾਧਨ ਮਿਲਨ ਨਾਲ ਬਲਦਾਂ ਨਾਲ ਖੇਤੀ ਕਰਨਾਂ ਯੰਤਰਾਂ

Sri Satguru Jagjit Singh Ji Elibrary NamdhariElibrary@gmail.com

ਦੀ ਬਜਾਇ ਲਾਭਦਾਇਕ ਹੁੰਦੀ ਹੈ। ਬਲਦਾਂ ਦਾ ਕੰਮ ਤੇ ਮੇਹਨਤ ਕਰਨ ਦਾ ਹੈ,ਕਿਸਾਨ ਦੀ ਮੇਹਨਤ ਬਚਾਨ ਦਾ ਹੈ। ਲਗਾਤਾਰ ਘੰਟਿਆਂ ਬਧੀ ਉਹ ਕੰਮ ਕਰ ਸਕਦਾ ਹੈ ਪਰ ਜ਼ਰੂਰਤ ਪੈਣ ਤੇ ਕੁਝ ਸਮੇ ਲਈ ਉਹ ਇਕਦਮ ਬਹੁਤ ਤਾਕਤ ਲਗਾ ਦਿੰਦਾ ਹੈ। ਇਹ ਗੁਣ ਯੰਤਰਾਂ ਤੋਂ ਨਹੀਂ ਪ੍ਰਾਪਤ ਹੁੰਦਾ। ਕਿਸਾਨ ਇਕ ਹੀ ਬਲਦਾਂ ਦੀ ਜੋੜੀ ਨਾਲ ਕਈ ਕੰਮ ਲੈ ਸਕਦਾ ਹੈ। ਬਲਦ ਦੀ ਮਹਾਨਤਾ ਇਸ ਵਿਚ ਵੀ ਹੈ ਕਿ ਉਹ ਆਪਣੀ ਜੀਵਨ ਪੁਸ਼ਟੀ ਲਈ ਖੇਤੀ ਵਿਚ ਹੋਣ ਵਾਲੇ ਘਾਹ ਪਠੇ ਤੋਂ ਹੀ ਨਿਰਭਰ ਰਹਿੰਦਾ ਹੈ। ਇਹਦੇ ਲਈ ਕਿਸੇ ਹੋਰ ਖਾਸ ਮੇਹਨਤ ਦੀ ਲੋੜ ਨਹੀਂ ਹੁੰਦੀ। ਇਨਾਂ ਹੀ ਨਹੀਂ ਜੋ ਭੋਜਨ ਬਲਦ ਕਰਦਾ ਹੈ, ਉਸਦਾ ਕੁਝ ਹਿਸਾ ਆਪਣੇ ਸਰੀਰ ਦੀ ਪੁਸ਼ਟੀ ਕਰਨ ਬਾਹਦ ਬਾਕੀ ਮਲ ਮੂਤਰ ਦੇ ਰੂਪ ਵਿਚ ਦੇ ਦਿੰਦਾ ਹੈ ਜਿਸ ਨਾਲ ਜਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ ਇਸ ਮਲ ਮੂਤਰ ਦਾ ਕਿੰਨਾ ਵਡਾ ਸਥਾਨ ਹੈ। ਇਹ ਕਿਸਾਨ ਭਲੀਭਾਂਤ ਜਾਣਦਾ ਹੈ। ਦੂਜੇ ਪਾਸੇ ਯੰਤਰਾਂ ਤੋਂ ਖਾਦ ਤਾਂ ਨਹੀਂ ਮਿਲਦੀ ਸਗੋਂ ਕੁਝ ਮਾਹਿਰ ਮੰਨਣ ਲਗ ਪੈ ਹਨ ਕਿ ਇੰਜਨ ਵਿਚੋਂ ਨਿਕਲੀ ਗੈਸ ਨਾਲ ਹਵਾ ਖਰਾਬ ਹੁੰਦੀ ਹੈ ਜੋ ਮਨੁਖ ਲਈ ਹਾਨੀਕਾਰਕ ਸਿਧ ਹੁੰਦੀ ਹੈ।ਬਲਦ ਅਤੇ ਯੰਤਰਾਂ ਦੀ ਤੁਲਨਾ ਕਰਦਿਆਂ ਸਮੇ ਹਲਕੇ ਕਿਸਮ ਦੇ ਬਲਦ ਅਤੇ ਉਨਤ ਸਾਧਨਾਂ ਦੀ ਤੁਲਨਾ ਨਵੀਨਤਮ ਸਾਧਨ–ਸਪੰਨ ਯੰਤਰਾਂ ਨਾਲ ਕੀਤੀ ਜਾਂਦੀ ਹੈ।

ਇਹ ਮੰਨਣਾ ਪਵੇਗਾ ਕਿ ਬਲਦ ਤਥਾ ਸਾਧਨ ਦੋਹਾਂ ਦੇ ਵਿਕਾਸ ਵਲ ਅਸਾਂ ਧਿਆਨ ਨਹੀਂ ਦਿਤਾ। ਅਜ ਵੀ ਉਹ ਓਸੇ ਪੁਰਾਣੇ ਲਕੜੀ ਦੇ ਛੋਟੇ ਜਿਹੇ ਹੱਲ ਤੇ ਚੂੰ ਚੂੰ ਕਰਦੇ ਰਹਿਣ ਵਾਲੇ ਗਡੇ ਵਰਤਦੇ ਹਨ। ਇਹ ਗਲਤ ਨਹੀਂ ਹੋਵੇਗਾ। ਸਾਧਨਾਂ ਵਿਚ ਸੁਧਾਰ ਕਰਨ ਨਾਲ ਹੀ ਬਲਦ ਦੀ ਸ਼ਕਤੀ ਤਿਗਣੀ ਜਾਂ ਚੌਗਣੀ ਹੋ ਸਕਦੀ ਹੈ ਇਸ ਨਾਲ ਸਭ ਕੰਮ ਸਫਲਤਾ ਨਾਲ ਪੂਰੇ ਕੀਤੇ ਜਾ ਸਕਦੇ ਹਨ।

ਦੇਸ਼ ਵਿਚ ਫੈਲੇ ਹੋਏ ਅਨੇਕ ਨਸਲਾਂ ਅਤੇ ਇਕ ਹੀ ਨਸਲ ਦੇ ਉਤਮ ਬਲਦਾਂ ਨਾਲ ਤੁਲਨਾ ਕਰਨ ਤੇ ਬਲਦ ਦੀ ਸ਼ਕਤੀ ਦਾ ਵਿਕਾਸ ਕੀਤਾ ਜਾ ਸਕਦਾ ਹੈ ਇਸਦਾ ਅੰਦਾਜ਼ਾ ਅਸੀਂ ਆਪ ਲਗਾ ਸਕਦੇ ਹਾਂ।

ਦੇਸ਼ ਦੀ ਪ੍ਰੰਪਰਾ ਵੇਖਦਿਆਂ ਹੋਇਆਂ ਇਹ ਨਿਸਚਤ ਰੂਪ ਨਾਲ ਕਿਹਾ ਜਾ ਸਕਦਾ ਹੈ ਕਿ ਔਣ ਵਾਲੇ ਕਿੰਨਿਆਂ ਹੀ ਵਰਸ਼ਾਂ ਤਕ ਭਾਰਤ ਦੀ ਖੇਤੀ ਬਲਦਾਂ ਤੇ ਹੀ ਨਿਰਭਰ ਰਹੇਗੀ ਅਤੇ ਉਸਦੀ ਉਨਤੀ ਦੇ ਨਾਲ ਨਾਕੇਵਲ ਖੇਤੀ ਸਗੋਂ ਭਾਰਤ ਦਾ ਜਨ ਜੀਵਨ ਵੀ ਜੁੜਿਆ ਰਹੇਗਾ। ਜਦੋਂ ਤਕ ਅਸੀਂ ਆਪਣੇ ਦੁਧ ਘਿਉ ਦੀ ਜਰੂਰਤ ਲਈ ਗਊ ਪਾਲਾਂਗੇ ਤਦ ਤਕ ਬਲਦ ਪੈਦਾ ਹੋਣਗੇ ਹੀ। ਇਸ ਸਬੰਧ ਵਿਚ ਇਸ ਗਲ ਵਲ ਧਿਆਨ ਦੇਣਾ ਜਰੂਰੀ ਦਿਖਾਈ ਦਿੰਦਾ ਹੈ।

ਸਮਾਜ ਵਿਚ ਇਹ ਗਲ ਫੈਲ ਰਹੀ ਹੈ ਕਿ ਵਿਕਸਤ ਕਿਸਾਨ ਓਹੋ ਹੀ ਹੈ ਜਿਸ ਕੋਲ ਯੰਤਰ ਸਮਗਰੀ ਹੈ। ਜੋ ਖੇਤੀ ਵਿਚ ਅਧਿਕ ਧਨ ਤਥਾ ਸਾਧਨ ਬਣਾ ਸਕਦਾ ਹੈ ਅਤੇ ਜਿਸ ਕੋਲ ਇਹ ਸਾਧਨ ਨਹੀਂ ਉਹ ਆਪਣੇ ਆਪਨੂੰ ਹਲਕਾ ਮੰਨਣ ਲਗਾ ਹੈ, ਖੇਤੀ ਦੇ ਵਿਕਾਸ ਵਿਚ ਪੂਰਾ ਧਿਆਨ ਨਹੀਂ ਦਿੰਦਾ ਅਤੇ ਦੂਸਰਾ ਕੰਮ ਢੂੰਢਦਾ ਹੈ। ਨਾ-ਮਿਲਨ ਤੇ ਨਿਰਾਸ਼ ਹੁੰਦਾ ਹੈ। ਸਾਧਨ ਸਪੰਨ ਕਿਸਾਨ ਓਹਨਾਂ ਫਸਲਾ ਨੂੰ ਹੀ ਉਪਜਾਇਗਾ ਜਿਹਨਾਂ ਵਿਚ ਉਸਨੂੰ ਬਹੁਤਾ ਧਨ ਮਿਲੇ। ਨਤੀਜੇ ਦੇ ਤੌਰਤੇ ਅੰਨ ਦਾ ਉਤਪਾਦਨ ਘਟ ਹੋਵੇਗਾ ਅਤੇ ਗ਼੍ਰੀਬਾਂ ਦੀਆਂ ਤਕਲੀਫਾਂ ਵਧਣਗੀਆਂ।

Sri Satguru Jagjit Singh Ji Elibrary NamdhariElibrary@gmail.com

ਗਊ ਰਖਸ਼ਾ

ਬਹਾਲ ਸਿੰਘ ਜੀ ਸੇਵਾਦਾਰ

ਜਿਸਤ੍ਰਾਂ ਦੁਨੀਆਂ ਭਰਦੇ ਅਮਨ ਸੰਗ੍ਰਾਮੀਆਂ ਨੇ ਪ੍ਰਿੰਦਿਆਂ ਵਿਚੋਂ ਘੁਗੀ ਨੂੰ ਅਮਨ ਦੇ ਝੰਡੇ ਤੇ ਸਨਮਾਨ ਦਿਤਾ ਹੈ ਤਿਵੇਂ ਹੀ ਗਊ ਨੂੰ ਚਰਿੰਦਿਆਂ ਵਿਚੋਂ ਆਰਥਕ ਪਖੋਂ ਸਭਤੋਂ ਗੁਣਕਾਰੀ ਤੇ ਉਤਮ ਜਾਣਕੇ ਸਾਡੇ ਵਡੇ ਬਜ਼ੁਰਗਾਂ ਤੇ ਗੁਰੂ ਅਵਤਾਰਾਂ ਨੇ ਇਸਦੀ ਸਲਾਹੁਤਾ ਕੀਤੀ ਹੈ ਤੇ ਧਾਰਮਕ ਗ੍ਰੰਥਾਂ ਵਿਚ ਇਸਦੀ ਉਪਮਾ ਕੀਤੀ ਹੈ। ਇਨਸਾਨ ਦੀ ਸੇਹਤ ਵਾਸਤੇ ਗਾਂ ਦਾ ਦੁਧ ਸਭਤੋਂ ਚੰਗਾ ਪਦਾਰਥ ਹੈ ਤੇ ਪੈਦਾਵਾਰ ਵਾਸਤੇ ਬੈਲ ਬਹੁਤ ਚੰਗਾ ਕੰਮ ਦੇਂਦੇ ਹੈਨ ਤੇ ਜਦ ਮਰ ਜਾਵੇ ਤਾਂ ਇਸਦਾ ਚਮੜਾ ਹਡੀ ਸਿੰਗ ਬਹੁਤ ਕੀਮਤੀ ਚੀਜ਼ਾਂ ਪੈਦਾ ਕਰਦੇ ਹੈਨ। ਇਸਦਾ ਗੋਹਾ-ਮੂਤਰ ਵੀ ਬਹੁਤ ਕੰਮ ਆਉਂਦਾ ਹੈ, ਇਸ ਕਰਕੇ ਸਾਡੇ ਬਜ਼ੁਰਗ ਇਸਦੀ ਪੂਜਾ ਤੇ ਸੰਭਾਲ ਕਰਦੇ ਸਨ ਇਸਦੀ ਸੌਂਹ ਤੇ ਇਤਬਾਰ ਕੀਤਾ ਜਾਂਦਾ ਸੀ। ਪਰ ਕੁਝ ਸਮੇ ਤੋਂ ਕਈ ਸਵਾਰਥੀ ਲੋਕ ਆਪਨੇ ਰਾਜਸੀ ਮੰਤਵਾਂ ਲਈ ਗਊ ਦੇ ਨਾਮ ਨੂੰ ਵਰਤਕੇ ਆਪਣਾ ਜਾਤੀ ਲਾਭ ਪ੍ਰਾਪਤ ਕਰਦੇ ਰਹੇ ਹਨ। ਜਿਸਤਰਾਂ ਕਿ ਪੰਜਵੇਂ ਗੁਰੂ ਸਾਹਿਬਾਂ ਨੂੰ ਅੱਤ ਦੀਆਂ ਸਖਤੀਆਂ ਦੇਣ ਮਗਰੋਂ ਚੰਦੂ ਲਾਲ ਸਰਕਾਰੀ ਏਜੰਟ ਨੇ ਗਊ ਦਾ ਕੱਚਾ ਚਮੜਾ ਲਿਆਂਦਾ ਜਿਸਨੂੰ ਵੇਖਕੇ ਗੁਰੂ ਸਾਹਿਬਾਂ ਨੇ ਆਪਣੀ ਦੇਹ ਦਾ ਉਹਲਾ ਕੀਤਾ ਸੀ ਫਿਰ ਕਿਲਾ ਅਨੰਦਪੁਰ ਖਾਲੀ ਕਰਵਾਣ ਲਈ ਪਹਾੜੀ ਰਾਜਿਆਂ ਨੇ ਦਸਮ ਗੁਰੂ ਪਾਸ ਗਊ ਦੀ ਸੌਂਹ ਦਿਤੀ ਤੇ ਇਸ ਨਾਮ ਤੇ ਧੋਖਾ ਕੀਤਾ ਜਿਸ ਨਾਲ ਗੁਰੂ ਪ੍ਰਵਾਰ ਤੇ ਸਿਖਾਂ ਨੂੰ ਬੇਅੰਤ ਕੁਰ-ਬਾਨੀਆਂ ਦੇਣੀਆਂ ਪਈਆਂ। ਫਿਰ ਜਦ ਹਿੰਦ ਵਿਚ ਅੰਗਰੇਜ਼ ਰਾਜ ਹੋਇਆ ਤਾਂ ਉਹਨੇ ਹਿੰਦੀਆਂ ਨੂੰ ਆਪਸ ਵਿਚ ਪਾੜਕੇ ਰਖਣ ਲਈ ਗਊ-ਬਧ ਕਰਨ ਦਾ ਕਾਨੂੰਨ ੫ ਮਈ ੧੮੪੯ ਨੂੰ ਲਾਗੂ ਕਰ ਦਿਤਾ ਜਿਸਨੂੰ ਵਰਤਕੇ ਮੁਸਲਮਾਨ ਤੇ ਅੰਗਰੇਜ਼ ਗਊਆਂ ਮਾਰਨ ਲਗੇ ਤੇ ਹਰ ਜਗ੍ਹਾ ਉਨ੍ਹਾਂ ਨੇ ਬੁਚੜਖਾਨੇ ਬਣਾ ਲਏ, ਇਸਤਰਾਂ ਉਨ੍ਹਾਂ ਨੇ ਹਿੰਦੀਆਂ ਦੇ ਦਿਲਾਂ ਵਿਚ ਇਕ ਦੂਜੇ ਲਈ ਨਫਰਤ ਦੇ ਬੀਜ ਬੀਜ ਦਿਤੇ ਤੇ ਹਰ ਜਗ੍ਹਾ ਗਊ—ਘਾਤ ਤੋਂ ਹਿੰਦੀਆਂ ਵਿਚ ਖੂਨ ਖਰਾਬੇ ਹੋਣ ਲਗੇ ਏਹ ਕਾਨੂੰਨ ਅੰਗਰੇਜ਼ ਸਾਮਰਾਜ ਦੀ ਇਕ ਸਿਆਸੀ ਚਾਲ ਸੀ ਜਿਸਨੂੰ ਰੋਕਣ ਤੇ ਬੰਦ ਕਰਵਾਣ ਲਈ ਸਾਡੇ ਮਹਾਨ ਆਗੂ ਤੇ ਨੀਤੀਵਾਨ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਮਝ ਲਿਆ ਸੀ ਉਨ੍ਹਾਂ ਨੇ ਅੰਗਰੇਜ਼ ਸਾਮਰਾਜ ਦੇ ਬਣੇ ਨਾਜ਼ਾਇਜ਼ ਕਾਨੂੰਨਾਂ ਦੀ ਮੁਖਾਲਫਤ ਸ਼ੁਰੂ ਕਰ ਦਿਤੀ ਤੇ ਨਾਮਿਲਵਰਤੋਂ ਦੀ ਲਹਿਰ ਚਲਾ ਦਿਤੀ ਜੋ ਹਿੰਦੀਆਂ ਵਿਚ ਬਹੁਤ ਮਕਬੂਲ ਹੋਈ ਸਭਤੋਂ ਪਹਿਲਾਂ ਨਾਮਧਾਰੀ ਸਿੰਘਾਂ ਨੇ ਗਊ-ਬਧ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜੈਸਾ ਕਿ ਅੰਮ੍ਰਿਤਸਰ, ਮਲੇਰ ਕੋਟਲੇ, ਰਾਇਕੋਟ ਦੇ ਬੁਚੜਖਾਨਿਆਂ ਤੇ ਹਥਿਆਰ ਬੰਦ ਬਗਾਵਤ ਕਰਕੇ ਸ਼ਹਾਦਤਾਂ ਪਾਈਆਂ। ਇਸਤਰਾਂ ਇਸ ਗਊ ਬਧ ਦੇ ਭੈੜੇ ਕਾਨੂੰਨ ਨੂੰ ਰੋਕਨ ਲਈ ਜਦੋ—ਜਹਿਦ ਸ਼ੁਰੂ ਕੀਤੀ ਹੁਣ ਸਾਡੇ ਮੁਲਕ ਹਿੰਦ ਵਿਚੋਂ ਗੋਰੇ

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਤਾਂ ਚਲੇ ਗਏ ਹਨ ਪਰ ਏਥੇ ਹੁਣ ਉਨ੍ਹਾਂ ਦੀ ਸਰਬਰਾਈ ਕਾਲੇ ਅੰਗਰੇਜ਼ ਭਾਵ ਕਾਂਗਰਸ ਸਰਕਾਰ ਜੋ ਉਨ੍ਹਾਂ ਦੇ ਵੇਲੇ ਦੇ ਬਣੇ ਕਾਨੂੰਨ ਗਊ–ਬਧ ਵਗੈਰਾ ਵਰਤ ਰਹੀ ਹੈ ਅਜ ਕਾਇਮ ਹੈ।

ਹੁਣ ਵੀ ਜਦ ਗਊ ਬੰਧ ਕਾਨੂੰਨ ਤੋੜਨ ਦੀਆਂ ਜੰਤਕ ਲੈਹਰਾਂ ਚਲਦੀਆਂ ਹੈਨ ਤਾਂ ਕਾਂਗ-ਰਸ ਸਰਕਾਰ ਕਾਨੂੰਨ ਦਾ ਡੰਡਾ ਵਰਤਕੇ ਕੁਚਲ ਦੇਂਦੀ ਹੈ ਤੇ ਅੰਗਰੇਜ਼ ਵਾਂਗ ਹੀ ਪਾੜੋ ਤੇ ਰਾਜ ਕਰੋ ਦੀ ਪਾਲੀਸੀ ਵਰਤ ਰਹੀ ਹੈ ਤੇ ਇਸ ਕਾਨੂੰਨ ਗਊ ਬੱਧ ਨੂੰ ਜਿਉਂ ਕਾ ਤਿਉਂ ਕਾਇਮ ਰਖ ਰਹੀ ਹੈ ਜਦੋ ਕੇ ਇਸ ਕਾਨੂੰਨ ਦੇ ਖਿਲਾਫ ਹੈ ਜੰਤਾ ਵਲੋਂ ਕਾਫੀ ਜ਼ੋਰ ਦਿਤਾ ਜਾ ਚੁਕਿਆ ਹੈ ਲੋਕਾਂ ਵਿਚ ਇਸ ਭੈੜੇ ਪ੍ਰਬੰਧ ਵਾਲੀ ਤੇ ਅੰਗਰੇਜ਼ ਸਾਮਰਾਜ ਦੇ ਨਕਸ਼ੇ ਕਦਮਾਂ ਤੇ ਚਲਨ ਵਾਲੀ ਕਾਂਗ੍ਰਸ ਸਰ-ਕਾਰ ਦੇ ਖਲਾਫ ਕਾਫੀ ਰੋਹ ਪਾਇਆ ਜਾਂਦਾ ਹੈ ਤੇ ਲੋਕ ਇਸਦੀਆਂ ਨੀਤੀਆਂ ਤੋਂ ਕਾਫੀ ਤੰਗ ਆ ਕੇ ਇਸ ਸਰਕਾਰ ਨੂੰ ਬਦਲਣ ਲਈ ਲੋਕ ਲਹਿਰਾਂ ਰਾਹੀਂ ਜੱਦੋ ਜੈਂਦ ਹੋ ਰਹੇ ਹੈਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਕ ਵਾਰ ਭੈਣੀ ਸਾਹਿਬ ਦੇ ਹੋਲੇ ਤੇ ਸੰਗਤ ਵਿਚ ਬਚਨ ਕੀਤਾ ਸੀ ਕਿ ਜਿਨਾ ਚਿਰ ਗਊ ਗ੍ਰੀਬ ਦੇ ਗਲ ਤੋਂ ਛੁਰੀ ਚਲਣੀ ਬੰਦ ਨਹੀਂ ਹੁੰਦੀ ਉਨਾਂ ਚਿਰ ਅਸੀਂ ਚੈਨ ਨਾਲ ਨਹੀਂ ਬੈਠਾਂਗੇ। ਅਜ ਅਸੀਂ ਵੇਖਦੇ ਹਾਂ ਕਿ ਗਊ ਗ੍ਰੀਬ ਦੇ ਗਲ ਤੇ ਛੁਰੀ ਅਗੇ ਨਾਲੋਂ ਵੀ ਤੇਜ ਚਲ ਰਹੀ ਹੈ।

ਅੰਗਰੇਜ਼ ਵਾਂਗ ਅਜ ਵੀ ਸਰਕਾਰ ਆਪਨੇ ਖਿਲਾਫ ਉਠੀਆਂ ਜੰਤਕ ਲਹਿਰਾਂ ਨੂੰ ਦਬਾਣ ਲਈ ਆਪਣੇ ਏਜੰਟਾਂ ਰਾਹੀਂ ਗਊ ਦੇ ਨਾਮ ਤੇ ਲੋਕਾਂ ਵਿਚ ਭੜਕਾਊ ਕਾਰਵਾਈਆਂ ਕਰਵਾ ਰਹੀ ਹੈ। ਜਿਸ ਤਰਾਂ ਕਿ ਥੋੜੇ ਦਿਨ ਹੋਇ ਇਕ ਖ਼ਬਰ ਜ਼ਿੰਦੀ ਰਸਾਲਾ ਗੋਧਨ ਵਿਚ ਛਪੀ ਸੀ ਤੇ ਇਕ ਤਸਵੀਰ ਗਾਂ ਦੀ ਜੀਭ ਕਟਣ ਤੇ ਸਿੰਗ ਤੋੜਨ ਦੀ ਪੈਹਿਲੇ ਸਫੇ ਤੇ ਦਿਤੀ ਗਈ ਸੀ ਕਸ਼-ਮੀਰ ਵਿਚੋਂ ਇਸੇ ਤਰਾਂ ਦੀ ਫਿਰ ਇਕ ਖਬਰ ਅਜੀਤ ਵਿਚ ਛਪੀ ਸੀ ਕਿ ਕਿਸੇ ਨੇ ਗਊ ਕਤਲ ਕਰ ਦਿਤੀ।

ਗਊ ਦਾ ਮਾਸ ਸਿਰ ਤੇ ਮਾਸ ਟੋਕਰੇ ਵਿਚ ਰਖਕੇ ਰੱਖਕੇ ਜਲੂਸ ਕਢਿਆ ਤੇ ਭੜਕਾਊ ਨਾਹਰੇ ਲਵਾਏ ਗਏ। ਇਸ ਤਰਾਂ ਅੰਗਰੇਜ਼ ਸਮਾਜ ਵੇਲੇ ਵੀ ਗਊ ਦੇ ਮਸਲੇ ਤੇ ਬੇ-ਬਸ ਗ੍ਰੀਬ ਜੰਤਾ ਮਰਵਾਈ ਜਾਂਦੀ ਰਹੀ ਹੈ ਤੇ ਹੁਣ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂਕਿ ਲੋਕ ਏਕੇ ਨੂੰ ਤੋੜਿਆ ਜਾਵੇ ਲੋਕਾਂ ਨੂੰ ਇਨ੍ਹਾਂ ਦੀਆਂ ਕੁਚਾਲਾਂ ਤੋਂ ਹੁਸ਼ਿਆਰ ਰਹਿਣਾ ਚਾਹੀਦਾ ਹੈ, ਅਜ ਜਦੋਂ ਕਿ ਸਾਡੇ ਦੇਸ਼ ਵਿਚ ਬਹੁਤ ਸਾਰੇ ਮੁਸਲਮਾਨ ਗਊ ਦੀ ਰਖਿਆ ਕਰਨ ਲਗ ਪਏ ਹਨ। ਜਿਸਤਰਾਂ ਕਿ ਸਤਿਗੁਰੂ ਜਗਜੀਤ ਸਿੰਘਜੀ ਪਾਸ ਇਕ ਮੁਸਲਮਾਨ ਖੈਰਦੀਨ ਮਲੇਰ ਕੋਟਲੇ ਵਾਲੇ ਨੇ ਦਸਿਆ ਕਿ ਗਊ ਰਖਸ਼ਾ ਕਰਨ ਤੇ ਹੀ ਮੇਰੀ 'ਜਾਨ ੧੯੪੭ ਦੇ ਫਸਾਦਾਂ ਵਿਚ ਬਚੀ ਸੀ।

ਅਜ ਗਊ-ਬਧ ਦੇ ਕਾਨੂੰਨ ਦੀ ਆੜ ਨਾਲ ਕਰੋੜਾਂ ਰੁਪੈ ਦੀਆਂ ਗਊ ਖੱਲਾਂ ਦੀ ਤਿਜਾਰਤ ਹੁੰਦੀ ਹੈ ਤੇ ਸਰਮਾਏਦਾਰੀ ਪੱਖ ਕਰਕੇ ਗੌਰਮਿੰਟ ਚੰਗੀਆ ਕੰਮ ਦੀਆਂ ਗਾਈਆਂ ਮਰਵਾ ਰਹੀ ਹੈ। ਨਾਮਧਾਰੀ ਪੰਥ ਦੇ ਸਿਰਤਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਛੋਟੇ ਭਰਾਤਾ ਮਹਾਰਾਜ ਬੀਰ ਸਿੰਘ ਜੀ ਨੇ ਇਸਤਰਾਂ ਕਈ ਕਤਲ ਹੋਣ ਵਾਲੀਆਂ ਗਾਈਆ ਕਲਕਤੇ ਤੋਂ ਛੁਡਾਕੇ ਲਿਆਂਦੀਆਂ ਹਨ ਜੋ ਇਸ ਵੇਲੇ ਸ੍ਰੀ ਜੀਵਨ ਨਗਰ ਵਿਚ ਹਨ ਅਤੇ ਚੰਗਾ ਦੁਧ ਦੇ ਰਹੀਆ ਹਨ–ਉਨ੍ਹਾਂ ਵਿਚੋਂ ਇਕ ਵੀ ਨਕਾਰਾ ਨਹੀਂ ਨਿਕਲੀ।

Sri Satguru Jagjit Singh Ji Elibrary NamdhariElibrary@gmail.com

ਆਪਣੀ ਵਲੋਂ

'ਸਤਿਜੁਗ' ਦੇ ਪਾਠਕਾਂ ਨੂੰ 'ਸਤਿਜੁਗ' ਵਲੋਂ ਹਰ ਸਾਲ ਇਕ ਜਾਂ ਦੋ ਵਿਸ਼ੇਸ਼ ਅੰਕ ਸਮਰਪਤ ਹੁੰਦੇ ਹਨ। ਸਾਨੂੰ ਇਸ ਗਲ ਦੀ ਅਤਿਅੰਤ ਖੁਸ਼ੀ ਹੈ ਕਿ ਅਸੀਂ ਇਸ ਸਾਲ ੨੦੨੪ ਵਿਚ ਆਪਣੇ ਸੁਹਿਰਦ ਪਾਠਕਾਂ ਨੂੰ ਦੂਜਾ ਵਿਸ਼ੇਸ਼ ਅੰਕ ਭੇਟਾ ਕਰ ਰਹੇ ਹਾਂ।

ਪਹਿਲਾ "ਯੁਵਕ–ਅੰਕ" ੧੫ ਹਾੜ ੨੦੨੪ ਨੂੰ ਤੇ ਦੂਸਰਾ ਹੁਣ ਤੁਹਾਡੇ ਹੱਥਾਂ ਵਿਚਹੈ, "ਗਊ–ਅੰਕ !"

ਧਨਵਾਦ :

ਹਿਰਦੇ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ, ਜਿਨ੍ਹਾਂ ਦੀ ਅਪਾਰ ਕਿਰਪਾ ਦੁਆਰਾ 'ਸਤਿਜੁਗ' ਪਾਠਕਾਂ ਦੀ ਸੇਵਾ ਕਰ ਰਿਹਾ ਹੈ। ਓਹਨਾਂ ਦਾ ਧਨਵਾਦ ਕਰਨ ਲਈ ਤਾਂ ਮੇਰੇ ਕੋਲ ਇਜੇਹੇ ਸ਼ਬਦ ਹੀ ਨਹੀਂ ਹਨ, ਜਿਨ੍ਹਾਂ ਨਾਲ ਓਹਨਾਂ ਦੇ ਜਸ ਦੀ ਵਿਆਖਿਆ ਕਰ ਸਕਾਂ। ਓਹਨਾਂ ਦੀ ਨੂਰ ਝਲਕ ਹੀ ਆਬੇ-ਹਯਾਤ ਹੈ।

ਮਹਾਰਾਜ ਬੀਰ ਸਿੰਘ ਜੀ ਜਿਹਨਾਂ ਨੇ ਇਸ ਅੰਕ ਵਾਸਤੇ ਅਕਹਿ ਜਤਨ ਕਰਕੇ ਇਸਦੀ ਤਿਆਰੀ ਕਰਵਾਈ ਆਪਣੇ ਰੁਝੇਵਿਆਂ ਭਰੇ ਟਾਈਮ ਦੀ ਪਰਵਾਹ ਨਾ ਕਰਦਿਆਂ ਹੋਇਆਂ ਤੇ ਸੁਖ ਅਰਾਮ ਨੂੰ ਤੁਛ ਜਾਣਕੇ ਲਿਖਾਰੀਆਂ ਪਾਸੋਂ ਲੇਖ ਇਕਠੇ ਕੀਤੇ ਅਤੇ ਪ੍ਰੈਸ ਵਿਚ ਰਾਤ ਦੇ ਗਿਆਰਾਂ ਗਿਆਰਾਂ ਵਜੇ ਤਕ ਕੰਮ ਕਰਨ ਵਾਲਿਆਂ ਕੋਲ ਬੈਠਕੇ ਓਹਨਾਂ ਨੂੰ ਸ਼ਾਬਾਸ਼ ਤੇ ਉਤਸ਼ਾਹ ਦੇਕੇ ਇਸਨੂੰ ਸਿਰੇ ਚੜ੍ਹਾਇਆ।

ਲਿਖਾਰੀ ਸਜਨਾਂ ਦਾ ਲਖ ਲਖ ਵਾਰ ਸ਼ੁਕਰ ਗੁਜ਼ਾਰ ਹਾਂ, ਜਿਨ੍ਹਾਂ ਨੇ ਆਪਣੇ ਕੀਮਤੀ ਟਾਈਮ ਨੂੰ ਖਰਚ ਕਰਕੇ ਸਾਡੀ ਬੇਨਤੀ ਨੂੰ ਪਰਵਾਨ ਕਰਦਿਆਂ ਆਪਣੇ ਵਿਚਾਰ ਪਾਠਕਾਂ ਤਕ ਸਾਡੇ ਰਾਹੀਂ ਪਹੁੰਚਾਏ ਹਨ। ਜਿਨ੍ਹਾਂ ਤੋਂ ਆਮ ਜਨਤਾ ਤੇ ਭਾਰਤ ਸਰਕਾਰ ਭਲੀ ਪਰਕਾਰ ਲਾਭ ਉਠਾ ਸਕਦੀ ਹੈ ਤੇ ਦੇਸ਼ ਦੇ ਗਊ–ਧਨ ਨੂੰ ਬਚਾਉਣ ਦਾ ਉਪਾਅ ਹੋ ਸਕਦਾ ਹੈ।

ਪ੍ਰੈਸ ਸਟਾਫ :

ਇਸ ਅੰਕ ਨੂੰ ਤਿਆਰ ਕਰਨ ਵਾਲੇ ਪ੍ਰੈਸ ਸਟਾਫ ਦਾ ਖਾਸ ਕਰਕੇ ਧਨਵਾਦੀ ਹਾਂ, ਜਿਨ੍ਹਾਂ ਨੇ ਚੌਵੀ ਘੰਟਿਆਂ ਦੇ ਤਿੰਨ ਹਿਸੇ ਮੇਹਨਤ ਤੇ ਲਗਨ ਨਾਲ ਕੰਮ ਕਰਕੇ ਕੰਮ ਸਿਰੇ ਚੜ੍ਹਾਇਆ। ਸੇਠ ਹਜ਼ੂਰ ਸਿੰਘ ਜੀ 'ਚੰਦ੍ਰਹਾਂਸ' ਸੰਤ ਕਰਮ ਸਿੰਘ ਜੀ ਜੋਗੀ ਨੇ ਫਰਮਿਆਂ ਦੀ ਭੰਨ ਭਨਾਈ ਨੂੰ ਨਾਲ ਦੀ ਨਾਲ ਸੰਭਾਲ ਕੇ ਸਲਾਹੁਣ ਯੋਗ ਕੰਮ ਕੀਤਾ। ਮਸ਼ੀਨਮੈਨ ਸ੍ਰੀ ਲਖਬੀਰ ਸਿੰਘ ਜੀ, ਸ੍ਰੀ ਸੁਰਜੀਤ ਸਿੰਘ ਨੇ ਦਿਨ ਰਾਤ ਇਕ ਕੀਤੀ ਰਖਿਆ, ਇਹਨਾਂ ਨੇ ਨਾ ਹੀ ਆਪ ਅਰਾਮ ਕੀਤਾ ਹੈ ਅਤੇ ਨਾ ਹੀ

Sri Satguru Jagjit Singh Ji Elibrary NamdhariElibrary@gmail.com

ਮਸ਼ੀਨ ਨੂੰ ਦਮ ਲੈਣ ਦਿਤਾ ਹੈ । ਅੰਕ ਦੀ ਛਪਾਈ ਦਾ ਭਾਰੀ ਪੰਡ ਨੂੰ ਹੌਲਾ ਕਰਕੇ ਹੀ ਸਾਹ ਲਿਆ।

ਸ੍ਰੀ ਹਜ਼ਾਰਾ ਸਿੰਘ ਜੀ ਪਿੰਡ ਭੰਗੂਰ ਤੇ ਸ੍ਰੀ ਨਰਿੰਦਰ ਸਿੰਘ ਜੀ ਨੇ ਕੰਪੋਜ਼ ਦੇ ਕੰਮ ਨੂੰ ਪੂਰੀ ਜਿਮੇਂਵਾਰੀ ਤੇ ਉਤਸ਼ਾਹ ਨਾਲ ਨਿਭਾਇਆ। ਇਹਨਾਂ ਦੀ ਮਦਦ ਵਾਸਤੇ ਸ੍ਰੀ ਬਲਕਾਰ ਸਿੰਘ ਜੀ ਨਥੌੜਾ ਅਤੇ ਸ੍ਰੀ ਅਜੀਤ ਸਿੰਘ ਜੀ ਥੇੜ ਵਾਲਿਆ ਨੇ ਦਰਸ਼ਨ ਦੇਕੇ ਕੰਮ ਨੂੰ ਸੁਖਲਿਆਂ ਕੀਤਾ, ਜੋ ਖਾਸ ਕਰਕੇ ਧਨਵਾਦ ਦੇ ਪਾਤਰ ਹਨ ਫੋਰਮੈਨ ਸ੍ਰੀ ਪ੍ਰਮਜੀਤ ਸਿੰਘ ਜੀ ਨੇ ਹੈਡਿੰਗ ਬਣਾਨ ਵਿਚ ਕਮਾਲ ਵਿਖਾਇਆ ਹੈ । ਨਿਕੀਆਂ ਨਿਕੀਆਂ ਮਲਾਂਘਾਂ ਵਾਲੇ ਕਾਕਾ ਗੁਰਦਿਆਲ ਸਿੰਘ ਨੇ ਸਾਰੇ ਸਟਾਫ ਨੂੰ ਲੰਗਰ ਵਲੋਂ ਸੰਤੁਸ਼ਟ ਰਖਿਆ ਅਤੇ ਹੋਰ ਭੱਜ ਦੌੜ ਦੇ ਕੰਮ ਅੱਖ-ਪਲਕਾਰੇ ਵਿਚ ਕੀਤੇ । ਇਕ ਹੋਰ ਵਿਅਕਤੀ ਵੀ ਹੈ ਜਿਸ ਦੇ ਸਹਿਯੋਗ ਨਾਲ ਸਾਰੇ ਸਾਥੀਆਂ ਨੇ ਗਿਣਵੇਂ ੧੮ ਦਿਨਵਿਚ ਅੰਕ ਨੂੰ ਸਿਰੇ ਚਾੜ੍ਹਿਆ ਇਹ ਨੇ ਦਰਸ਼ਨ ਸਿੰਘ ਜੀ ਇੰਜਨ ਵਾਲੇ ਜਿਨ੍ਹਾ ਅਧੀ ਅਧੀ ਰਾਤ ਤਕ ਬਿਜਲੀ ਦਾ ਚਾਨਣ ਦੇਕੇ ਸਹਾਇਤਾ ਕੀਤੀ। ਇਹਨਾਂ ਸਾਰੇ ਸਜਨਾਂ ਦਾ ਮੈਂ ਇਹਨਾਂ ਥੋੜੇ ਜਿਹੇ ਸ਼ਬਦਾਂ ਨਾਲ ਰਿਣ ਨਹੀਂ ਚੁਕਾ ਸਕਦਾ, ਪਰ ਪਾਠਕ ਇਹਨਾਂ ਦੀ ਮੇਹਨਤ ਦੇ ਫਲ ਤੋਂ ਇਸ ਅੰਕ ਦੁਆਰਾ ਲਾਭ ਪ੍ਰਾਪਤ ਕਰਕੇ ਮੇਰਾ ਕਰਜ਼ਾ ਚੁਕੌਣਗੇ। ਮੈਂ ਦੁਬਾਰਾ ਸਾਰੇ ਸਟਾਫ ਦਾ ਸਚੇ ਦਿਲੋਂ ਧਨਵਾਦੀ ਹਾਂ। ਸ੍ਰੀ ਵਰਿਆਮ ਸਿੰਘ ਜੀ ਸੱਵਰ ਜਿਨ੍ਹਾਂ ਨੇ ਤਸਵੀਰਾਂ ਵਾਸਤੇ ਮੇਹਨਤ ਕਰਕੇ ਅੰਕ ਨੂੰ ਰੂਪ ਚਾੜ੍ਹਿਆ ਹੈ, ਖਾਸ ਕਰਕੇ ਧਨਵਾਦ ਦੇ ਯੋਗ ਹਨ।

ਤ੍ਰੁਟੀਆਂ ਦੀ ਖਿਮਾਂ :

ਭਾਵੇਂ ਕਿੰਨੀ ਵੀ ਮੇਹਨਤ ਤੇ ਧਿਆਨ ਦਿਤਾ ਜਾਵੇ ਪਰ ਇੰਨੇ ਵਡੇ ਕੰਮ ਵਿਚ ਅਨੇਕ ਹੀ ਤ੍ਰੁਟੀਆਂ ਤੇ ਗਲਤੀਆਂ ਰਹਿ ਹੀ ਜਾਂਦੀਆਂ ਹਨ, ਪਾਠਕ ਮੇਰੀ ਅਯੋਗਤਾ ਤੇ ਬੇ-ਵਸੀ ਨੂੰ ਮੁਖ ਰਖਕੇ ਖਿਮਾ ਕਰਨਗੇ। ਸਾਡੇ ਕੋਲ ਕਈ ਲੇਖ ਸਿਆਣੇ ਲਿਖਾਰੀਆਂ ਦੇ ਸਮੇ ਦੀ ਮਜਬੂਰੀ ਕਰਕੇ ਰਹਿ ਗਏ ਹਨ ਜੋ ਪਾਠਕਾਂ ਤਕ ਨਹੀਂ ਪਹੁੰਚ ਸਕੇ ਜਿਵੇਂ ਸੂਬਾ ਮੀਹਾਂ ਸਿੰਘ ਜੀ ਜਥੇਦਾਰ ਦਲੀਪ ਸਿੰਘ ਜੀ, ਸੰਤ ਗੁਰਬਖਸ਼ ਸਿੰਘ ਜੀ, ਡਾ: ਬਾਵਾ ਮਦਨ ਸਿੰਘ ਜੀ, ਬੀਬੀ ਲੀਲ੍ਹਾਵੰਤੀ ਜੀ, ਸੰਤ ਹਰਬੰਸ ਸਿੰਘ ਜੀ ਭ੍ਰਮਰਾ ਆਦਿ ਮੈਂ ਇਹਨਾਂ ਲਿਖਾਰੀ ਅਤੇ ਪਾਠਕਾਂ ਤੋਂ ਸਨਿਮਰ ਖਿਮਾਂ ਮੰਗਦਾ ਹਾਂ, ਉਮੀਦ ਹੈ ਮੁਆਫ ਕਰਨਗੇ।

ਆਪਣੇ ਵਲੋਂ ਕੋਸ਼ਿਸ਼ ਕੀਤੀ ਗਈ ਹੈ, ਇਸ ਅੰਕ ਵਿਚ ਔਣ ਵਾਲੇ ਲਿਖਾਰੀਆਂ ਬਾਰੇ ਸੰਖੇਪ ਜਾਣਕਾਰੀ ਦਿਤੀ ਜਾਣਦੀ, ਪਰ ਕਈ ਸਜਣ ਮੇਰੀ ਅਗਿਆਨਤਾ ਸਦਕਾ ਰਹਿ ਗਏ ਹਨ ਜਿਨ੍ਹਾ ਬਾਰੇ ਮੈਂ ਕੁਝ ਨਹੀਂ ਦਸ ਸਕਿਆ। ਸੋ ਖਿਮਾਂ ਕਰਨਗੇ।

ਕੁਝ ਹੋਰ :

ਕਈ ਲੇਖ ਅਜਿਹੇ ਵੀ ਸਾਡੇ ਪਾਸ ਪਹੁੰਚੇ ਹਨ ਜੋ ਲੇਖਕਾਂ ਵਲੋਂ ਹਿੰਦੀ ਵਿਚ ਲਿਖਕੇ ਭੇਜੇ ਗਏ ਸਨ, ਕਿਉਂ ਕੇ ਉਹ ਸਜਨ ਪੰਜਾਬੀ ਇਨੀ ਚੰਗੀ ਤਰਾਂ ਨਹੀਂ ਸਨ ਲਿਖ ਸਕਦੇ। ਇਸ ਲਈ ਉਨਹਾਂ ਦੇ ਲੇਖਾਂ ਦਾ ਹਿੰਦੀ ਵਿਚੋਂ ਪੰਜਬੀ ਵਿਚ ਅਨੁਵਾਦ ਕਰਕੇ ਸ੍ਰੀ ਮਹਿੰਦਰ ਸਿੰਘ ਜੀ ਰਾਣਾ, ਅਤੇ ਬੂਟਾ ਸਿੰਘ 'ਕੰਵਲ' ਨੇ ਸਾਡੀ ਕਾਫੀ ਮਦਦ ਕੀਤੀ ਹੈ।

ਇਹ ਅੰਕ ਕੇਹੋ ਜਿਹਾ ਹੈ, ਇਹ ਅਸੀਂ ਨਹੀਂ ਕਹਿ ਸਕਦੇ, ਪਰ ਇਸਦਾ ਸਹੀ ਨਿਰਨਾ ਪਾਠਕਾਂ ਦੇ ਦ੍ਰਿਸ਼ਟੀ ਕੋਣ ਤੋ ਲਗ ਸਕਦਾ ਹੈ। ਜੋ ਸਜਨ ਆਪਣੀ ਰਾਇ ਲਿਖਣ ਗੇ. ਉਹਨਾਂ ਤੋਂ ਸਾਰੇ ਪਾਠਕਾਂ ਨੂੰ ਅਖਬਾਰ ਰਾਹੀਂ ਜਾਣਕਾਰੀ ਕਰੌਣ ਦੀ ਕੋਸ਼ਿਸ਼ ਕਰਾਂਗਾ ਅਤੇ ਪਾਠਕਾਂ ਦੇ ਹੋਰ ਚੰਗੇ ਸੁਝਾਵਾਂ ਦਾ ਧਨਵਾਦ ਕਰਾਂਗਾ।

ਅਖੀਰ ਤੇ ਗਊ—ਅੰਕ ਦੇ ਪ੍ਰਕਾਸ਼ਤ ਕਰਨ ਲਈ ਸਹਿਯੋਗ ਦੇਣ ਵਾਲੇ ਸਮੁਚੇ ਸਜਨਾਂ ਦਾ ਹਾਰਦਿਕ ਧਨਵਾਦੀ ਹਾਂ।

—ਸੰਤੋਖ ਸਿੰਘ 'ਸਾਜਨ'

Sri Satguru Jagjit Singh Ji Elibrary NamdhariElibrary@gmail.com

ਗਊ ਮਾਂ!

—ਬੀਬੀ ਜਗੀਰ ਕੌਰ 'ਮੰਜੂ'

ਗਊ–ਹਤਿਆ ਜਿਹਾ ਨਾ ਪਾਪ ਕੋਈ, ਰਤਾ ਦਿਲ ਦੇ ਵਿਚ ਵਿਚਾਰ ਵੇਖੋ!
ਦੁਖੀ ਦਿਲ ਦੀ ਆਹ ਨਾ ਜਾਏ ਖਾਲੀ, ਝਾਤੀ ਆਤਮਾ ਦੇ ਤਕ ਮਾਰ ਵੇਖੋ!
ਗਊ–ਕਾਤਲਾਂ ਦਾ ਭਲਾ ਕਿਤੇ ਨਾ ਹੀ, ਬੇੜਾ ਡੁਬਦਾ ਅੱਧ ਵਿਚਕਾਰ ਵੇਖੋ!
ਬਣਕੇ ਪੁਤ ਜੋ ਮਾਂ ਨੂੰ ਦਏ ਧੋਖਾ, ਪੁਤਾਂ ਵਿਚੋਂ ਉਹ ਪੁਤ ਬਦਕਾਰ ਵੇਖੋ!
ਗਊ ਮਾਂ ਦੀ ਦੇਣ ਨੂੰ ਭੁਲ ਕੇ ਤੇ, ਲਗੀ ਹੋਰ ਹੀ ਕੂੜੇ ਖਿਆਲ ਦੁਨੀਆਂ!
ਹੱਥ ਰੰਗ ਕੇ ਗਊ ਦੀ ਰੱਤ ਅੰਦਰ, ਕਰਕੇ ਦਸਦੀ ਪਈ ਕਮਾਲ ਦੁਨੀਆਂ!
ਦੋਸ਼ ਕੋਈ ਨਾ ਇਸ ਗਰੀਬਣੀ ਦਾ, ਹੋਈ ਪਾਪ ਦੀ ਹੀ ਭਾਈਵਾਲ ਦੁਨੀਆਂ!
ਅੰਨ੍ਹੀ ਰੱਯਤ ਨੂੰ ਕੌਣ ਸਮਝਾਣ ਵਾਲਾ, ਹੋਈ ਸਾਂਭਣੀ ਅਜ ਮੁਹਾਲ ਦੁਨੀਆਂ।
ਇਹਦੇ ਜਾਇਆਂ ਦੀ ਕਿਰਤ ਦਾ ਫਲ਼ ਹੀ ਤਾਂ, ਵਾਂਗ ਬਚਿਆਂ ਅਸਾਂ ਨੂੰ ਪਾਲਦਾ ਏ!
ਜ਼ਿਮੀ ਅਸਾਂ ਦੀ ਸੋਨਾ ਬਨਾਈ ਇਹਨੇ, ਗੁਣ ਕਿਸੇ ਚ, ਨਾ ਇਹਦੇ ਨਾਲ ਦਾ ਏ!
ਇਹਦੀ ਅੰਦਰਲੀ ਸੁੰਦਰਤਾ ਤਕ ਵੇਖੋ, ਰਤਾ ਨਹੀਂ ਅਹਿਸਾਨ ਦਿਖਾਲਦਾ ਏ!
ਔਪਰ ਮਰਕੇ ਵੀ ਪੈਰੀਂ ਆ ਪਵੇ ਸਾਡੀ, ਵਖਤ ਐਸੇ ਇਹ ਅਸਾਂ ਲਈ ਜਾਲਦਾ ਏ!
ਸਚੇ ਪਾਤਸ਼ਾਹ ਇਹੋ ਅਰਦਾਸ ਸਾਡੀ, ਹੱਦ ਜ਼ੁਲਮ ਦੀ ਹੁਣ ਮੁਕਾਈ ਜਾਵੇ!
ਹਰ ਇਕ ਨੂੰ ਹੱਕ ਜਿਊਣ ਦਾ ਏ, ਨਿਗਾਹ ਇਸ ਦੇ ਵਲ ਵੀ ਪਾਈ ਜਾਵੇ!
ਜਿਹੜੇ ਪਾਪੀ ਨੇ ਜ਼ੁਲਮ ਤੇ ਕਹਿਰ ਕਰਦੇ, ਛੁਰੀ ਉਨ੍ਹਾਂ ਦੇ ਹਥੋਂ ਛੁਡਾਈ ਜਾਵੇ!
ਰਿਜਕ ਦਾਤੇ ਨੇ ਇਸਦੇ ਪੁਤ ਸਾਡੇ, ਫਾਂਸੀ ਮੌਤ ਦੀ ਇਨ੍ਹਾਂ ਦੀ ਲਾਹੀ ਜਾਵੇ!

ਰੁਬਾਈ!

ਇਹ ਇਕ ਗੁੰਚਾ ਜਿਸ ਵਿਚ ਮਿਲੀਆਂ ਵੰਨ ਵੰਨ ਦੀਆਂ ਖ਼ੁਸ਼ਬੋਆਂ!
ਸੂਝ ਧਰਮ ਦੀ, ਹਲ ਆਰਥਕ ਦਾ, ਦਰਦ, ਤਜਰਬੇ ਲੋਆਂ!
ਪਾਲਕ ਮਾਂ ਦਾ ਪਿਆਰ ਅਨੋਖਾ ਲਭੇ ਹਰ ਪਤੀ ਚੋਂ:—
ਗਊ—ਰਖਸ਼ਾ ਦੇ ਹਿਤੂਆਂ ਨੂੰ ਮੈਂ ਲਖ ਰੀਝਾਂ ਸੰਗ ਢੋਆਂ!

—ਸੰਤੋਖ ਸਿੰਘ 'ਸਾਜਨ'

Re3d. NO. D. 339/57 Regd. NO. P./9

Sri Satguru Jagjit Singh Ji Elibrary NamdhariElibrary@gmail.com

2048 1948
1991
57

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com